# ਇਤਿਹਾਸ ਸਾਖੀਆਂ

ਰਤਨ ਸਿੰਘ

# ਵਿਚਾਰ-ਸਾਂਝਾਂ

# ਵਿਚਾਰ-ਸਾਂਝਾਂ

ਰਤਨ ਸਿੰਘ
ਲਫਬਰਾ, ਇੰਗਲੈਂਡ

1996
ਪ੍ਰੋਫੈਸਰ ਸਾਹਿਬ ਸਿੰਘ ਗੁਰਮਤਿ ਟਰੱਸਟ
34, ਅਰਬਨ ਐਸਟੇਟ, ਫੇਜ਼ 1
ਪਟਿਆਲਾ-147002

# VICHAR SANJHAN (PUNJABI)

by

**Rattan Singh**

**2 Raymond Avenue Loughborough**

**Leicestershire, England U.K.**

**1996**

**ਕਾਪੀਆਂ : 750**

**ਮੁੱਲ : 125-00**

ਡਾ. ਗੁਰਚਰਨ ਸਿੰਘ, ਸਕੱਤਰ ਪ੍ਰੋਫੈਸਰ ਸਾਹਿਬ ਸਿੰਘ ਟਰੱਸਟ ਪਟਿਆਲਾ ਨੇ ਪਰਕਾਸ਼ਿਤ ਕੀਤੀ।

# ਸਮਰਪਣ

ਵਾਹਿਗੁਰੂ ਅਤੇ ਸਤਿਗੁਰੂ ਦੇ ਪਿਆਰੇ ਉਨ੍ਹਾਂ ਬਜ਼ੁਰਗਾਂ ਅਤੇ ਹਮ-ਰਾਹੀਆਂ ਨੂੰ ਜਿਨ੍ਹਾਂ ਦਾ ਸਦਕਾ ਮੈਨੂੰ ਗੁਰਸਿੱਖੀ ਦੇ ਮਾਰਗ ਤੇ ਚੱਲਣ ਦੀ ਜਾਚ ਸਿਖਣ ਲਈ ਉਤਸਾਹ ਮਿਲ ਰਿਹਾ ਹੈ।

# ਧੰਨਵਾਦ

ਉਨਾਂ ਹਮਰਾਹੀਆਂ ਦਾ ਜਿਨ੍ਹਾਂ ਨੇ ਮੈਨੂੰ ਇਸ ਪੁਸਤਕ "ਵਿਚਾਰ ਸਾਂਝਾ" ਵਿਚਲੇ ਲੇਖ ਲਿਖਣ ਲਈ ਅਤੇ ਪੁਸਤਕ ਦੀ ਸ਼ਕਲ ਵਿਚ ਛਪਵਾਉਣ ਲਈ ਉਤਸਾਹਿਤ ਵੀ ਕੀਤਾ, ਨਾਲੇ ਇਸ ਨੂੰ ਸੰਪਾਦਿਤ ਵੀ ਕੀਤਾ।

*ਮਈ, 1996*

ਰਤਨ ਸਿੰਘ

# ਤਤਕਰਾ


1. ਆਦਿਕਾ

| | | | |
|---|---|---|---|
| ਅਸੀਸ | : | ਭਾਈ ਮਨਜੀਤ ਸਿੰਘ | ix |
| ਅਰੰਭਿਕਾ | : | ਗੁਰਚਰਨ ਸਿੰਘ | xi |
| ਦੋ ਸ਼ਬਦ | : | ਅਵਤਾਰ ਸਿੰਘ | xiii |
| ਭੂਮਿਕਾ | : | ਬਲਕਾਰ ਸਿੰਘ | xv |

2. ਆਰਸੀ — 1-27
   - (ੳ) ਜੀਵਨ ਝਲਕ — — 3
   - (ਅ) ਮਿੱਠੀਆਂ ਯਾਦਾਂ ਪ੍ਰੋ. ਸਾਹਿਬ ਸਿੰਘ ਦੀਆਂ 13

3. ਗੁਰ ਦਰਸ਼ਨ — 29-92
   - (ੳ) ਗੁਰੂ ਅਮਰਦਾਸ — — 31
   - (ਅ) ਅਦੁਤੀ ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ 43
   - (ੲ) ਗੁਰੂ ਤੇਗ ਬਹਾਦਰ ਸਾਹਿਬ — 59
   - (ਸ) ਗੁਰੂ ਗੋਬਿੰਦ ਸਿੰਘ ਜੀ ਦੇ ਤੀਰ 80
   - (ਹ) ਦਸਮੇਸ਼ ਪਿਤਾ ਦੇ ਦਿਲੀ ਤ੍ਰੰਗ — 90

4. ਗੁਰੂ ਗ੍ਰੰਥ ਸਾਹਿਬ ਪ੍ਰੀਚਯ — 93-163
   - (ੳ) ਭਗਤ ਬਾਣੀ ਤੇ ਉਸ ਦੇ ਰਚਯਿਤਾ ਭਗਤ 95
   - (ਅ) ਰਾਗ ਮਾਲਾ — — 152

5. ਗੁਰਮਤਿ ਸਾਹਿਤ — 165-182
   - (ੳ) ਸੌ ਸਾਖੀ ਅਤੇ ਕੁਝ ਨੁਕਤੇ — 167
   - (ਅ) ਕਲਕੀ ਅਵਤਾਰ ਤੇ 'ਸੌ ਸਾਖੀ' — 173
   - (ੲ) ਸੌ ਸਾਖੀ (ਰਤਨਮਾਲਾ) ਸਾਖੀ ਪੋਥੀ ਅਤੇ 'ਸੁਹੇਵਾ' 181

6. ਸਿੱਖ ਸਿਧਾਂਤ — 183-283
   - (ੳ) ਸ਼ਬਦ ਗੁਰੂ — — 185
   - (ਅ) ਮਾਲਾ ਰਾਹੀਂ ਸਿਮਰਨ — — 207
   - (ੲ) ਸਾਧ ਸੰਤ — — 216
   - (ਸ) ਸੰਤਾਂ ਦੇ ਚੋਜ — — 221

(ਹ) ਸੇਲ੍ਹੀ ਟੋਪੀ ਤੇ 'ਸਾਬਤ ਸੂਰਤਿ ਦਸਤਾਰ. ਸਿਰਾ' 227
(ਕ) 'ਅੰਮ੍ਰਿਤ' ਸੰਬੰਧੀ ਕੁਝ ਭੁਲੇਖਿਆਂ ਤੇ ਸੰਖੇਪ ਵਿਚਾਰ 235
(ਖ) ਕੇਸਕੀ — — 242
(ਗ) ਗੁਰਮਤਿ ਤੇ ਸੰਗੀਤ — — 248
(ਘ) ਕੀ ਬੀਬੀਆ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਸਕਦੀਆਂ ਹਨ ? — — 260
(ਙ) ਕੌਮਾਂ ਅੰਗ ਨਹੀਂ ਹੁੰਦੀਆਂ — 265

**7. ਅੰਦਰ ਝਾਤ** **287-312**
(ੳ) ਇਹ ਕਾਹਦੀਆਂ ਪ੍ਰੀਤਾਂ ਨੇ — 290
(ਅ) Our auspicious Baisakhi and a little Heart-Searching — — 293
(ੲ) ਨੀਲ ਬਸਤ੍ਰ ਲੇ ਕਪੜੇ ਪਹਿਰੇ — 298
(ਸ) ਮੇਰੀ ਵੀ ਸੁਣੋ — — 304

**8. ਕੁਝ ਹੋਰ** **313-319**
(ੳ) ਦਰਸ਼ਨ ਦਾਸੀਆਂ ਦਾ ਕੋਝਾ ਪ੍ਰਚਾਰ — 315
(ਅ) ਗੀਤ ਗਾਂਦੇ ਬਾਲਾਂ ਵਲੋਂ ਜੰਗਬਾਜ਼ਾਂ ਨੂੰ ਤਾੜਨਾ 318

**9. ਮਨ ਤ੍ਰੰਗ** **319-328**
(ੳ) ਸੁਣਿ ਪ੍ਰੀਤਮ — — 321
(ਅ) ਸ਼ਹੁ ਸਾਗਰ — — 323
(ੲ) ਪ੍ਰੀਤ — — 323
(ਸ) ਰਬੀ ਸੱਦੇ — — 323
(ਹ) ਝੱਖੜ — — 323
(ਕ) ਜ਼ਾਲਮ — — 324
(ਖ) ਮਿਠ ਬੋਲਣ — — 324
(ਗ) ਯੋਧੇ ਦੀ ਅਰਥੀ ਘਰ ਲੈ ਆਏ — 324
Home They Brought Her Warrior Dead. 325
(ਘ) ਮਨ ਮੇਰੇ ਭੂਲੇ — — 325
(ਙ) ਬਸੰਤ ਰੁਤ ਪੰਜਾਬ ਦੀ — — 327

# ਅਸੀਸ

ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਅੱਜ ਸਿਖ ਪਰਿਵਾਰ ਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ ਹੈ। ਸ਼ਾਇਦ ਹੀ ਦੁਨੀਆਂ ਦਾ ਕੋਈ ਕੋਨਾ ਐਸਾ ਹੋਵੇ ਜਿਥੇ ਗੁਰੂ ਦੇ ਸਿਖਾਂ ਨੇ ਜਾ ਕੇ ਆਪਣੀ ਨਿਵੇਕਲੀ ਸਖਸ਼ੀਅਤ ਦੀ ਆਭਾ ਦਾ ਪ੍ਰਕਾਸ਼ਨ ਨ ਕੀਤਾ ਹੋਵੇ। ਮਿਹਨਤੀ ਹੋਣ ਕਰਕੇ ਹਰ ਤਰ੍ਹਾਂ ਦੇ ਵਾਤਾਵਰਨ ਵਿਚ ਆਪਣੇ ਆਪ ਨੂੰ ਢਾਲ ਲੈਣ ਵਾਲੇ ਸੁਭਾ ਦੇ ਮਾਲਕ ਗੁਰੂ ਦੇ ਲਾਡਲਿਆਂ ਨੇ, ਹਰ ਥਾਂ ਉਪਰ ਆਪਣੀ ਹੋਂਦ ਨੂੰ ਮਹੱਤਵਪੂਰਨ ਬਣਾਇਆ ਹੋਇਆ ਹੈ ਅਤੇ ਗੁਰਮਤਿ ਦੇ ਸੁਨੇਹੇ ਨੂੰ ਪਰਚਾਰੇ ਜਾਣ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੋਇਆ ਹੈ।

ਸ. ਰਤਨ ਸਿੰਘ ਜੀ ਇਕ ਇਹੋ ਜਿਹੀ ਵਿਕਸਿਤ ਸਿਖ ਸਖਸ਼ੀਅਤ ਦੇ ਮਾਲਕ ਹਨ, ਜਿਨ੍ਹਾਂ ਨੇ ਵੀਹਵੀਂ ਸਦੀ ਦੇ ਆਰੰਭਲੇ ਦਹਾਕਿਆਂ ਵਿਚ ਪ੍ਰਦੇਸਾਂ ਵਿਚ ਪ੍ਰੋ. ਸਾਹਿਬ ਸਿੰਘ ਵਰਗੇ ਗੁਰਸਿਖਾਂ ਦੀ ਮਾਣੀ ਭਰਪੂਰ ਸੰਗਤ ਸਦਕਾ, ਆਪਣੇ ਵਿਰਸੇ ਨਾਲ ਜੁੜੇ ਰਹੇ। ਜਦੋਂ ਵੀ ਉਥੇ ਆਪਣੇ ਗੁਰਸਿਖ ਭਰਾਵਾਂ ਨੂੰ ਗੁਰਮਤਿ ਦੀ ਮੂਲ ਭਾਵਨਾ ਤੋਂ ਲਾਂਭੇ ਜਾਂਦਾ ਵੇਖਿਆ ਤਾਂ ਉਨ੍ਹਾਂ ਨੂੰ ਆਪਣੀਆਂ ਲਿਖਤਾਂ ਤੇ ਭਾਸ਼ਣਾਂ ਰਾਹੀਂ ਸਹੀ ਸੇਧ ਪਰਦਾਨ ਕਰਕੇ ਗੁਰ ਸੇਵਾ ਕਰਦੇ ਰਹੇ।

'ਵਿਚਾਰ ਸਾਂਝਾਂ' ਆਪ ਜੀ ਦੀਆਂ ਅਜਿਹੀਆਂ ਲਿਖਤਾਂ ਦਾ ਹੀ ਸੰਗ੍ਰਹਿ ਹੈ, ਜਿਸ ਵਿਚ ਉਨ੍ਹਾਂ ਨੇ ਆਪਣੇ ਵਿਦੇਸ਼ਾਂ ਵਿਚ ਰਹਿੰਦੇ ਲੰਬੇ ਸਮੇਂ ਵਿਚ, ਪ੍ਰਾਪਤ ਅਨੁਭਵ, ਗੁਰ ਉਪਦੇਸ਼ ਅਤੇ ਗੁਰ ਸਿਧਾਂਤਾਂ ਦੀ ਵਿਆਖਿਆ ਕਰਦੀਆਂ ਰਚਨਾਵਾਂ ਸ਼ਾਮਲ ਹਨ। ਇਨ੍ਹਾਂ ਵਿਚੋਂ ਸਾਨੂੰ ਵਿਦੇਸ਼ਾਂ ਵਿਚ ਪ੍ਰਫੁਲਤ ਹੁੰਦੇ ਸਿਖ ਸਮਾਜ ਦੇ ਵੀ ਦਰਸ਼ਨ ਹੁੰਦੇ ਹਨ ਤੇ ਉਸ ਪੀੜਾ ਦਾ ਵੀ ਪਤਾ ਲਗਦਾ ਹੈ ਜੋ ਗੁਰਸਿਖੀ ਪ੍ਰੇਮ ਵਾਲੇ ਗੁਰੂ ਨਾਲ ਜੁੜੇ ਜੀਵੜੇ ਸਿਖੀ ਨੂੰ ਮੂਲ ਮਾਰਗ ਤੋਂ ਪਰ੍ਹਾਂ ਗਏ ਵੇਖਕੇ ਹੰਢਾਉਂਦੇ ਹਨ। ਇੰਞ ਇਹ ਪੁਸਤਕ ਇਕ ਤਰ੍ਹਾਂ ਨਾਲ ਉਭਰ ਰਹੇ ਵਿਸ਼ਵ ਸਿਖ ਭਾਈਚਾਰੇ ਨਾਲ ਸਾਡੀ ਇਕ ਸਾਂਝ ਹੈ। ਇਹ ਸਾਂਝ ਕੌਮੀ ਘੇਰੇ ਵਿਚ ਵੀ ਅਤੇ ਬਾਹਰ ਵੀ ਲੋੜੀਂਦੇ ਸੰਬਾਦ ਦਾ ਆਧਾਰ ਬਣਾਈ ਜਾ ਸਕਦੀ ਹੈ।

ਮੈਂ ਇਸ ਦਾ ਸੁਆਗਤ ਕਰਦਾ ਹਾਂ। ਸਤਿਗੁਰੂ ਦੇ ਚਰਨਾਂ ਵਿਚ

ਅਰਦਾਸ ਕਰਦਾ ਹਾਂ ਕਿ ਸ. ਰਤਨ ਸਿੰਘ ਵਰਗੇ ਗੁਰਸਿਖਾਂ ਨੂੰ ਸਤਿਗੁਰੂ ਬਲ ਬਖਸ਼ਣ ਤਾਂ ਕਿ ਉਹ ਗੁਰਮਤਿ ਦੇ ਮਾਰਗ ਨੂੰ ਵਿਦੇਸ਼ਾਂ ਅੰਦਰ ਸਹੀ ਸਰੂਪ ਵਿਚ ਪਰਕਾਸ਼ ਕਰਕੇ, ਸਾਂਝੇ ਮਾਨਵ ਭਾਈਚਾਰੇ ਦੀ ਸਥਾਪਨਾ ਵਿਚ ਆਪਣਾ ਯੋਗਦਾਨ ਪਾਉਂਦੇ ਰਹਿਣ। ਇਹੀ ਸਰਬੱਤ ਦੇ ਭਲੇ ਦੀ ਭਾਵਨਾ ਹੈ ਜਿਸ ਵਾਸਤੇ ਸਿਖ ਰੋਜ਼ਾਨਾ ਅਰਦਾਸ ਰਾਹੀਂ ਯਾਚਨਾ ਕਰਦਾ ਹੈ।

ਗੁਲਾਮ ਗੁਰੂ ਦਾ,
*ਮਨਜੀਤ ਸਿੰਘ*
ਜਥੇਦਾਰ

ਅਕਾਲ ਤਖਤ ਸਾਹਿਬ,
ਸ੍ਰੀ ਅੰਮ੍ਰਿਤਸਰ
*ਮਈ, 1996*

# ਅਰੰਭਿਕਾ

ਪ੍ਰੋਫੈਸਰ ਸਾਹਿਬ ਸਿੰਘ ਜੀ 20ਵੀਂ ਸਦੀਂ ਦੇ ਮੁੱਢਲੇ ਅੱਧ ਵਿਚ ਸਿਰਕੱਢ ਸਿਖ ਸਖਸ਼ੀਅਤ ਹੋ ਚੁੱਕੇ ਹਨ। ਉਨਾਂ ਨੇ ਉਮਰ ਭਰ ਇਕ ਲਗਨ, ਸਿਰੜ ਤੇ ਸਿਦਕ ਨਾਲ ਗੁਰਬਾਣੀ ਦੀ ਖੋਜ, ਪ੍ਰਚਾਰ ਤੇ ਪ੍ਰਸਾਰ ਦਾ ਕੰਮ ਕੀਤਾ। ਵਿਆਕਰਣ ਨੂੰ ਲਾਗੂ ਕਰਕੇ ਗੁਰੂ ਗਰੰਥ ਸਾਹਿਬ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (10 ਜਿਲਦਾਂ ) ਵਿਚ ਕੀਤਾ ਟੀਕਾ, ਗੁਰਬਾਣੀ ਦੀ ਵਿਆਖਿਆ ਲਈ ਇਕ ਚਾਨਣ ਮੁਨਾਰਾ ਹੈ। ਇਸ ਤਰਾਂ ਪ੍ਰੋਫੈਸਰ ਸਾਹਿਬ ਸਿੰਘ ਆਪਣੇ ਯੋਗਦਾਨ ਕਰਕੇ ਸੰਸਥਾ ਹੋ ਗਏ ਹਨ ਅਤੇ ਅਕਾਦਮਿਕ ਸ਼ਬਦਾਵਲੀ ਵਿਚ ਸਿੱਖ ਧਰਮ ਵਿਗਿਆਨੀ (Theologian) ਦਾ ਰੁਤਬਾ ਹਾਸਲ ਕਰ ਗਏ ਹਨ।

ਉਨਾਂ ਦੀ ਯਾਦ ਨੂੰ ਸਮਰਪਿਤ ਅਤੇ ਉਨਾਂ ਵਲੋਂ ਛੋਹੇ ਗਏ ਗੁਰਮਤਿ ਦੇ ਅਧਿਐਨ ਲਈ ਸਰੋਤ ਸਾਹਿਤ ਦੀ ਤਿਆਰੀ ਲਈ, 1993 ਵਿਚ ਪ੍ਰੋਫੈਸਰ ਸਾਹਿਬ ਸਿੰਘ ਗੁਰਮਤਿ ਟਰਸਟ ਦੀ ਸਥਾਪਨਾ ਉਨ੍ਹਾਂ ਦੇ ਵਿਦਿਆਰਥੀਆਂ ਤੇ ਪ੍ਰਸ਼ੰਸ਼ਕਾਂ ਵਲੋਂ ਕੀਤੀ ਗਈ ਸੀ। ਇਸਦਾ ਉਦੇਸ਼, ਅਨੁਕ੍ਰਮਣਿਕਾ (Concordance), ਸ਼ਬਦ ਕੋਸ਼ ਤੇ ਹੋਰ ਗੁਰਮਤਿ ਸਬੰਧੀ ਹਵਾਲਾ ਪੁਸਤਕਾਂ ਦੀ ਤਿਆਰੀ, ਸਿੱਖ ਰਹਿਤ ਮਰਯਾਦਾ ਬਾਰੇ ਪੁਸਤਕਾਂ ਦਾ ਸੰਪਾਦਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਰਤੀ ਅਤੇ ਵਿਸ਼ਵ ਦੀਆਂ ਭਾਸ਼ਾਵਾਂ ਵਿਚ ਅਨੁਵਾਦ, ਗੁਰਮਤਿ ਸਿਖਿਆਵਾਂ ਅਤੇ ਪਰੰਪਰਾਵਾਂ ਬਾਰੇ ਸਾਹਿਤ ਸਿਰਜਣ ਅਤੇ ਹੋਰ ਗੁਰਮਤਿ ਦੇ ਮੂਲ ਗ੍ਰੰਥਾਂ ਦੇ ਸੁਨੇਹੇ ਅਤੇ ਪ੍ਰਚਾਰ ਤੇ ਪ੍ਰਸਾਰ ਲਈ ਸਾਹਿਤ ਆਦਿ ਦੀ ਤਿਆਰੀ ਨੂੰ ਰੱਖਿਆ ਗਿਆ ਸੀ। ਇਹ ਫੈਸਲਾ ਵੀ ਕੀਤਾ ਗਿਆ ਕਿ ਵਿਸ਼ਵ ਭਰ ਵਿਚੋਂ ਪੈਟਰਨ ਬਣਾ ਕੇ ਟਰਸਟ ਦੀ ਮੂਲ ਰਾਸ਼ੀ ਇਕੱਠੀ ਕੀਤੀ ਜਾਵੇ, ਜਿਸ ਤੋਂ ਪ੍ਰਾਪਤ ਸੂਦ ਦੇ 80% ਹਿੱਸੇ ਨਾਲ ਖੋਜ ਸਹਾਇਕ ਰੱਖਕੇ ਕੰਮ ਸ਼ੁਰੂ ਕਰਵਾਇਆ ਜਾਵੇ ਅਤੇ 20% ਵਿਆਜ ਨੂੰ ਮੂਲਧਨ ਵਿਚ ਜਮ੍ਹਾਂ ਕਰਵਾਇਆ ਜਾਵੇ ਤਾਂ ਜੋ ਭਵਿੱਖਤੀ (Inflamatory Trends) ਸਦਕਾ ਵੱਧਦੇ ਖਰਚ ਨੂੰ ਪੂਰਾ ਕੀਤਾ ਜਾ ਸਕੇ। ਸਤਿਗੁਰੂ ਦੀ ਬਖਸ਼ਿਸ਼ ਨਾਲ ਹੁਣ ਤੱਕ 3 ਲੱਖ ਦੇ ਕਰੀਬ ਮੂਲ ਰਾਸ਼ੀ (Corpus Money) ਇਕੱਠੀ ਹੋ ਚੁੱਕੀ ਹੈ। ਦੋ ਸਹਾਇਕ, ਟਰੱਸਟ ਵਲੋਂ ਸ਼ੁਰੂ ਕੀਤੇ ਹੋਏ ਪ੍ਰਾਜੈਕਟਾਂ ਤੇ ਕੰਮ ਕਰ ਰਹੇ

ਹਨ। ਇਹ ਜਾਣਕਾਰੀ ਇਸ ਲਈ ਦਿਤੀ ਹੈ ਤਾਂ ਕਿ ਸ. ਰਤਨ ਸਿੰਘ ਬਾਰੇ ਦੱਸਿਆ ਜਾ ਸਕੇ ਕਿ ਉਨਾਂ ਦੀ ਸ਼ਖਸੀਅਤ ਜਿਸ ਵਿਅਕਤੀ ਵਿਸ਼ੇਸ਼ ਅਤੇ ਵਿਦਵਾਨ ਦੇ ਪ੍ਰਭਾਵ ਨਾਲ ਸੰਵਰੀ ਹੋਈ ਸੀ, ਉਹ ਪ੍ਰੋ. ਸਾਹਿਬ ਸਿੰਘ ਹੀ ਸਨ। ਟਰਸਟ ਵਲੋਂ ਹੁਣ ਤੱਕ ਪੰਜ ਪੁਸਤਕਾਂ ਛਾਪੀਆਂ ਜਾ ਚੁੱਕੀਆਂ ਹਨ। ਪੰਜ ਛਪਾਈ ਅਧੀਨ ਹਨ ਅਤੇ ਨੌਂ ਤਿਆਰੀ ਅਧੀਨ ਹਨ।

'ਵਿਚਾਰ ਸਾਂਝਾਂ' ਟਰਸਟ ਵਲੋਂ ਪਾਠਕਾਂ ਨੂੰ ਛੇਵੀਂ ਭੇਟ ਹੈ। ਟਰਸਟ ਨੂੰ ਸੁਹਿਰਦ ਪਾਠਕਾਂ ਵਲੋਂ ਮਿਲੇ ਭਰਪੂਰ ਹੁੰਗਾਰੇ ਦਾ ਮਾਣ ਹੈ।

*ਗੁਰਚਰਨ ਸਿੰਘ (ਡਾ.)*
ਸਕੱਤਰ
ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ

34 ਅਰਬਨ ਅਸਟੇਟ
ਫੇਜ਼-1, ਪਟਿਆਲਾ
*ਮਈ, 1996*

# ਦੋ ਸ਼ਬਦ

ਮੈਂ ਸ. ਰਤਨ ਸਿੰਘ ਨੂੰ 1980 ਤੋਂ ਜਾਣਦਾ ਹਾਂ ਅਤੇ ਪਿਛਲੇ ਸੋਲਾਂ ਸਾਲਾਂ ਵਿਚ ਉਹ ਮੇਰੀ ਰੂਹ ਦੇ ਲਗਾਤਾਰ ਨੇੜੇ ਹੁੰਦੇ ਚਲੇ ਗਏ ਹਨ। ਇਸ ਵੇਲੇ ਮੈਨੂੰ ਇਹ ਲਗਦਾ ਹੀ ਨਹੀਂ ਕਿ ਮੈਂ ਉਨ੍ਹਾਂ ਨੂੰ ਕਦੇ ਨਿਸਚਤ ਸਮੇਂ ਤੇ ਮਿਲਿਆ ਸੀ ਕਿਉਂਕਿ ਮੈਨੂੰ ਤਾਂ ਇਉਂ ਲਗਦਾ ਹੈ ਕਿ ਮੈਂ ਤਾਂ ਕਦੇ ਉਨ੍ਹਾਂ ਤੋਂ ਵਿਛੜਿਆ ਹੀ ਨਹੀਂ ਸੀ। ਇੰਗਲੈਂਡ ਵਿਚ ਪੁਸਤਕਾਂ ਪੜ੍ਹਣ ਦਾ ਵਿਹਲ ਮੁਸ਼ਕਲ ਨਾਲ ਹੀ ਮਿਲਦਾ ਹੈ। ਇਸ ਹਾਲਤ ਵਿਚ ਜਿਸਨੂੰ ਸ. ਰਤਨ ਸਿੰਘ ਵਰਗਾ ਚਲਦਾ ਫਿਰਦਾ ਸਿਖ਼ ਹਵਾਲਾ ਕੋਸ਼ ਮਿਲ ਜਾਵੇ, ਉਸ ਨਾਲੋਂ ਵੱਧ ਭਾਗਾਂ ਵਾਲਾ ਕੋਈ ਕੀ ਹੋ ਸਕਦਾ ਹੈ ? ਗੁਰੂ ਦੀ ਮਿਹਰ ਨਾਲ ਹੀ ਸ. ਰਤਨ ਸਿੰਘ ਵਰਗੇ ਬਜ਼ੁਰਗ ਦਾ ਸਾਥ ਪ੍ਰਾਪਤ ਹੁੰਦਾ ਹੈ ਅਤੇ ਮੈਂ ਉਸ ਮਿਹਰ ਦਾ ਭਾਗੀ ਹਾਂ। ਉਹ ਖੇਤਰ ਤਾਂ ਧੰਨ ਹੋ ਗਿਆ, ਜਿਥੇ ਸਰਦਾਰ ਸਾਹਿਬ ਵਰਗਾ ਗੁਰਸਿਖ ਜਿਊੜਾ ਬੱਚਿਆਂ ਨੂੰ ਕੀਰਤਨ ਸਿਖਾਂਦਾ ਹੈ ਅਤੇ ਬਾਣੀ ਦੇ ਅਰਥ ਬੋਧ ਕਰਵਾਉਂਦਾ ਹੈ। ਗੁਰੂ ਅੱਗੇ ਅਰਦਾਸ ਤਾਂ ਇਹੀ ਹੈ ਕਿ ਥਾਂ ਥਾਂ ਤੇ ਸਰਦਾਰ ਸਾਹਿਬ ਵਰਗੀ ਮਿਸ਼ਨਰੀ ਭਾਵਨਾ ਵਾਲੇ ਅਤੇ ਬੋਧਿਕ ਸਪਸ਼ਟਤਾ ਵਾਲੇ ਸਿਖਾਂ ਦੀ ਫਸਲ ਲਹਿਲਹਾਉਣੀ ਚਾਹੀਦੀ ਹੈ। ਗੁਰੂ ਇਨ੍ਹਾਂ ਨੂੰ ਲੰਬੀ ਉਮਰ ਬਖਸ਼ਿਸ਼ ਕਰਨ। ਮੈਨੂੰ ਤਾਂ ਕਈ ਵਾਰ ਸਰਦਾਰ ਸਾਹਿਬ ਦੀ ਧੀ ਡਾ. ਬਲਦੇਵ ਕੌਰ ਅਤੇ ਡਾਕਟਰ ਪੁੱਤਰ ਨਾਲ ਈਰਖਾ ਹੋਣ ਲਗ ਪੈਂਦੀ ਹੈ। ਇਹ ਸੱਚ ਹੈ ਕਿ ਸ. ਰਤਨ ਸਿੰਘ ਵਰਗੇ ਗੁਰਸਿਖ ਦੀ ਔਲਾਦ ਹੋਣਾ ਕਿੰਨੇ ਫ਼ਖਰ ਵਾਲੀ ਗੱਲ ਹੈ। ਸਰਦਾਰ ਜੀ ਨੇ ਆਪਣੇ ਅੰਦਰ ਵਸੀ ਹੋਈ ਸਿਖ-ਖੁਸ਼ਬੂ ਤੋਂ ਕਦੇ ਕਿਸੇ ਨੂੰ ਮਹਿਰੂਮ ਨਹੀਂ ਰਖਿਆ। ਏਸੇ ਲਈ ਉਹ ਨਿਰਸੰਦੇਹ ਸਾਰੇ ਸੰਗੀਆਂ ਸਾਥੀਆਂ ਲਈ ਗੁਰ-ਭਾਈ ਵੀ ਹਨ ਅਤੇ ਪਿਤਰੀ ਨਮੂਨਾ (father figure) ਵੀ ਹਨ। ਅਸਲ ਵਿਚ ਉਨ੍ਹਾਂ ਨੇ ਪਿਤਾਪਨ ਦੀ ਸਮਾਜਿਕ ਸੀਮਾਂ ਨੂੰ ਵੀ ਛੜੱਪ ਲਿਆ ਹੈ ਅਤੇ ਇਸ ਵੇਲੇ ਉਹ ਗੁਰੂ ਪੁੱਤਰਾਂ ਲਈ ਪੰਥਕ ਦ੍ਰਿਸ਼ਟੀ ਤੋਂ ਸੰਭਾਲਕੇ ਰਖਣ ਵਾਲੇ ਬਜ਼ੁਰਗ ਹੋ ਗਏ ਹਨ। ਮੈਂ ਤੇ ਮੇਰੇ ਵਰਗੇ ਬਹੁਤ ਸਾਰੇ ਗੁਰਸਿਖ ਸ. ਰਤਨ ਸਿੰਘ ਦੀ ਪਾਰਦਰਸ਼ੀ ਸਖਸ਼ੀਅਤ ਦੇ ਕਾਇਲ ਹਨ। ਵਤਨੋਂ ਦੂਰ ਬੇਗਾਨੀ ਧਰਤੀ ਉਤੇ ਸਥਾਪਤ ਗੁਰਸਥਾਨਾਂ ਵਿਚ ਸਰਦਾਰ ਜੀ ਕਥਾ, ਕੀਰਤਨ ਅਤੇ ਲੈਕਚਰ ਕਰਨ ਦੀ ਭੂਮਿਕਾ ਜਿਸ ਸਹਜ ਨਾਲ

ਨਿਭਾਉਂਦੇ ਆ ਰਹੇ ਹਨ, ਉਸ ਨਾਲ ਉਹ, ਸਿਖ ਸਮਾਜ ਦੀਆਂ ਧਾਰਮਿਕ ਲੋੜ-ਪੂਰਤੀਆਂ ਨਾਲ ਇਕਮਿਕ ਹੋ ਗਏ ਹਨ। ਉਨ੍ਹਾਂ ਨੇ ਗੁਰਦੁਆਰਿਆਂ ਵਿਚ ਗੁਰਬਾਣੀ ਵਿਆਕਰਣ ਅਤੇ ਸ਼ੁਧ ਪਾਠ ਪ੍ਰਤੀ ਚੇਤਨਾ ਨੂੰ ਲਗਾਤਾਰ ਉਜਾਗਰ ਕੀਤਾ ਹੈ। ਮੇਰੇ ਘਰ ਵਿਚ ਪੁਸਤਕ ਸਭਿਆਚਾਰ (Book culture) ਦਾ ਜੋ ਕਿਣਕਾ ਮਾਤਰ ਪ੍ਰਾਪਤ ਹੈ, ਉਸ ਪਿਛੇ ਵੀ ਸਰਦਾਰ ਸਾਹਿਬ ਦੀ ਪ੍ਰੇਰਨਾ ਹੀ ਕੰਮ ਕਰ ਰਹੀ ਕਹਿਣੀ ਚਾਹੀਦੀ ਹੈ। ਮੈਂ ਉਨ੍ਹਾਂ ਦੀ ਪੁਸਤਕ "ਵਿਚਾਰ ਸਾਂਝਾਂ" ਦਾ ਸੁਆਗਤ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸ. ਰਤਨ ਸਿੰਘ ਜੀ ਦੇ ਸਿਖ ਅਨੁਭਵ ਤਕ ਇਸ ਪੁਸਤਕ ਰਾਹੀਂ ਹੁਣ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਵੀ ਪਹੁੰਚਿਆ ਜਾ ਸਕੇਗਾ। ਸਰਦਾਰ ਸਾਹਿਬ ਪਹਿਲਾਂ ਹੀ ਵਰੋਸਾਈ ਹੋਈ ਸਿਖ ਚੇਤਨਾ ਦੇ ਮਾਲਕ ਹਨ ਅਤੇ ਇਸ ਪੁਸਤਕ ਰਾਹੀਂ ਉਨ੍ਹਾਂ ਨੇ ਆਪਣੇ ਗੁਰਭਾਈਆਂ ਨਾਲ ਪੱਕੀ ਸਾਂਝ ਪਾ ਲਈ ਹੈ। ਗੁਰੂ ਜੀ ਉਨ੍ਹਾਂ ਦੀ ਰੀਸ ਕਰਨ ਦੀ ਦ੍ਰਿੜ੍ਹਤਾ ਮੈਨੂੰ ਵੀ ਬਖਸ਼ਿਸ਼ ਕਰਨ, ਅਜਿਹੀ ਮੇਰੀ ਇੱਛਾ ਵੀ ਹੈ ਅਤੇ ਅਰਦਾਸ ਵੀ ਹੈ। ਪ੍ਰੋ. ਸਾਹਿਬ ਸਿੰਘ ਟਰੱਸਟ ਵਲੋਂ ਇਸ ਪੁਸਤਕ ਨੂੰ ਛਾਪਣ ਵਿਚ ਡਾ. ਗੁਰਚਰਨ ਸਿੰਘ, ਡਾ. ਹਜ਼ਾਰਾ ਸਿੰਘ ਅਤੇ ਡਾ. ਬਲਕਾਰ ਸਿੰਘ ਵਲੋਂ ਨਿਭਾਈ ਗਈ ਭੂਮਿਕਾ ਦੀ ਮੈਂ ਸ਼ਲਾਘਾ ਕਰਦਾ ਹਾਂ।

ਮੈਂਬਰ ਕਾਰਜਕਾਰਨੀ — *ਅਵਤਾਰ ਸਿੰਘ*

ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ — ਬਰਮਿੰਘਮ ਮਈ, 1996

# ਭੂਮਿਕਾ

ਸਿਖ ਵਾਸਤੇ ਗੁਰਬਾਣੀ ਹੀ ਗੁਰੂ ਹੈ ਅਤੇ ਇਸ ਨਾਲ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਸਿਖ, ਜਿੰਨਾਂ ਜੀਵਨ ਪੰਧ ਗੁਰਬਾਣੀ ਦੀ ਰੋਸ਼ਨੀ ਵਿਚ ਤਹਿ ਕਰਦਾ ਹੈ, ਉਹੀ ਲੇਖੇ ਲਗਿਆ ਜੀਵਨ ਸਮਝਿਆ ਜਾਣਾ ਚਾਹੀਦਾ ਹੈ। ਇਹੋ ਜਿਹੇ ਲੇਖੇ ਲਗੇ ਹੋਏ ਸਿਖਾਂ ਦੀ ਗਿਣਤੀ ਦਿਨੋ ਦਿਨ ਘਟਦੀ ਜਾ ਰਹੀ ਹੈ, ਭਾਵੇਂ ਸਿਖਾਂ ਦੀ ਵਸੋਂ ਦਿਨੋ ਦਿਨ ਵਧਦੀ ਜਾ ਰਹੀ ਹੈ। ਨੌਬਤ ਇਹ ਆਉਣ ਵਾਲੀ ਹੋ ਗਈ ਹੈ ਕਿ ਦੀਦਾਰੀ ਸਿੰਘਾਂ ਦੇ ਦਰਸ਼ਨ ਸੰਸਥਾਵਾਂ ਤਕ ਸੀਮਿਤ ਹੁੰਦੇ ਜਾ ਰਹੇ ਹਨ। ਇਸ ਤਰ੍ਹਾਂ ਸੰਸਥਾਵੀ ਸਿੱਖਾਂ ਦੀ ਇਕ ਸ਼੍ਰੇਣੀ ਪੈਦਾ ਹੋ ਚਲੀ ਹੈ, ਜਿਸ ਨਾਲ "ਮੈਂ ਗੁਰੂ ਦਾ ਹਾਂ" ਦੀ ਥਾਂ ਤੇ "ਗੁਰੂ ਮੇਰਾ ਹੈ" ਦੀ ਸੁਰ ਪ੍ਰਧਾਨ ਹੁੰਦੀ ਜਾ ਰਹੀ ਹੈ। ਇਹ ਰਸਤਾ ਸਿਖ ਚੇਤਨਾ ਵਲ ਨਹੀਂ ਜਾਂਦਾ ਕਿਉਂਕਿ ਇਸ ਸਥਿਤੀ ਦੀ ਪ੍ਰਧਾਨ ਸੁਰ ਖੜੋਤ ਹੈ। ਸਿਟਾ ਇਹ ਨਿਕਲਿਆ ਹੈ ਕਿ ਸਿਖ ਸੰਸਥਾਵਾਂ ਹੌਲੀ ਹੌਲੀ ਸ਼ਬਦ-ਸੰਸਥਾਵਾਂ ਤੋਂ ਦੂਰ ਹੋਣ ਲਗ ਪਈਆਂ ਹਨ ਅਤੇ ਦੇਹਧਾਰੀ ਸੁਰ ਸਿਖ ਸੰਸਥਾਵਾਂ ਵਿਚ ਵੀ ਪ੍ਰਧਾਨ ਹੁੰਦੀ ਜਾ ਰਹੀ ਹੈ। ਇਹੋ ਜਿਹੀ ਹਾਲਤ ਵਿਚ ਵੀ ਜੇ ਗੁਰਸਿਖਾਂ ਦੀ ਭਾਲ ਕਰਣੀ ਹੋਵੇ ਤਾਂ ਬੋਲ ਬਾਣੀ ਅਤੇ ਕਾਰ ਵਿਹਾਰ ਦੇ ਪਖੋਂ ਅਜਿਹੇ ਸਿਖਾਂ ਦੀ ਭਾਲ ਹੀ ਕਰਣੀ ਪਵੇਗੀ, ਜਿਹੜੇ ਬੋਲ ਅਤੇ ਵਿਹਾਰ ਨੂੰ ਜੇ ਬਿਲਕੁਲ ਇਕਸੁਰ ਨਹੀਂ ਵੀ ਕਰ ਸਕੇ ਤਾਂ ਵੀ ਨੇੜੇ ਰਖਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਸ. ਰਤਨ ਸਿੰਘ ਮੇਰੇ ਨਜ਼ਦੀਕ ਇਹੋ ਜਿਹੇ ਗੁਣਾਂ ਦੇ ਮਾਲਕ ਸਿਖ ਹਨ, ਜਿਨ੍ਹਾਂ ਦੀ ਪਾਲ ਦੁਰਲੱਭ ਹੁੰਦੀ ਜਾ ਰਹੀ ਹੈ। ਉਨ੍ਹਾਂ ਨਾਲ ਮੇਰੀ ਜਾਣ-ਪਛਾਣ ਪ੍ਰੋ. ਸਾਹਿਬ ਸਿੰਘ ਟਰਸਟ ਦੀ ਸਥਾਪਨਾ ਨਾਲ ਹੋਈ ਸੀ। ਇਹ ਟਰਸਟ ਭਾਵੇਂ ਪਟਿਆਲਾ ਕੇਂਦਰਤ ਹੈ ਪਰ ਇਸ ਦੇ ਮੈਂਬਰ ਇੰਗਲੈਂਡ ਤੋਂ ਵੀ ਹਨ। ਪ੍ਰੋ. ਸਾਹਿਬ ਸਿੰਘ ਟਰਸਟ ਵਿਚ ਸ. ਰਤਨ ਸਿੰਘ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ ਕਿਉਂਕਿ ਉਨ੍ਹਾਂ ਨੇ ਇਸ ਟਰਸਟ ਲਈ ਲੋੜੀਂਦੇ ਆਰਥਿਕ ਆਧਾਰ ਸਿਰਜਣ ਵਿਚ ਕੇਂਦਰੀ ਭੂਮਿਕਾ ਨਿਭਾਈ ਹੈ। ਅਸਲ ਵਿਚ ਇਹ ਟਰਸਟ ਪ੍ਰੋ. ਸਾਹਿਬ ਸਿੰਘ ਦੇ ਵਿਦਿਆਰਥੀਆਂ ਵਲੋਂ ਰਲ ਮਿਲਕੇ 1983 ਵਿਚ ਕਾਇਮ ਕੀਤਾ ਗਿਆ ਸੀ। ਇਸ ਤਰ੍ਹਾਂ ਸ. ਰਤਨ ਸਿੰਘ ਮੇਰੇ ਵਾਂਗ ਪ੍ਰੋ. ਸਾਹਿਬ ਸਿੰਘ ਦੇ ਵਿਦਿਆਰਥੀ ਹਨ। ਪ੍ਰੋ. ਸਾਹਿਬ ਸਿੰਘ ਦੇ ਵਿਦਿਆਰਥੀਆਂ ਦੀ ਪਛਾਣ ਇਸ ਗਲ ਤੋਂ ਵੀ ਹੋ ਜਾਂਦੀ ਹੈ ਕਿ ਉਹ

ਗੁਰਬਾਣੀ ਦੇ ਅਰਥ ਵਿਆਕਰਣਕ ਨੇਮਾਂ ਦੀ ਰੌਸ਼ਨੀ ਵਿਚ ਸਮਝਣ/ਸਮਝਾਣ ਕੀ ਕੋਸ਼ਿਸ਼ ਕਰਦੇ ਹਨ। ਇਸ ਨਾਲ ਇਹ ਗਲ ਸਥਾਪਤ ਹੋ ਜਾਂਦੀ ਹੈ ਕਿ ਗੁਰਬਾਣੀ ਦੇ ਅਰਥ ਤਾਂ ਇਕ ਹੀ ਹੋ ਸਕਦੇ ਹਨ। ਇਹ ਗਲ ਵਖਰੀ ਹੈ ਕਿ ਇਕ ਅਰਥਾਂ ਬਾਰੇ ਰਾਇ ਦਾ ਇਖਤਲਾਫ ਵੀ ਹੋਵੇ। ਜਦੋਂ ਵਿਆਕਰਣ ਨੂੰ ਧਿਆਨ ਵਿਚ ਨਹੀਂ ਰਖਿਆ ਜਾਂਦਾ ਸੀ, ਉਦੋਂ ਇਕ ਤੁਕ ਦੇ ਕਈ ਕਈ ਅਰਥ ਕੀਤੇ ਜਾਂਦੇ ਸਨ। ਇਸ ਨੂੰ ਆਧਾਰ ਬਨਾਕੇ ਸ. ਰਤਨ ਸਿੰਘ ਵਲੋਂ ਕੀਤੀਆਂ ਗਈਆਂ ਟਿਪਣੀਆਂ ਇਸ ਪੁਸਤਕ 'ਵਿਚਾਰ ਸਾਂਝਾਂ' ਦਾ ਆਧਾਰ ਹਨ। ਗੁਰਬਾਣੀ ਨੂੰ ਨਿਖੇੜਕੇ ਪੜ੍ਹ ਸਕਣ ਵਿਚੋਂ ਵੀ ਅਰਥ ਭਿੰਨਤਾ ਕਾਇਮ ਹੋਈ ਹੈ। ਉਦਾਹਰਣ ਵਜੋਂ "ਗਿਲਝ ਨ" ਅਤੇ 'ਗਿਲਝਨ (ਦੇਹੀ ਗਿਲਝਨ ਖਾਈ) ਜਾਂ 'ਕੈਸਰਿ' ਅਤੇ 'ਕੈ ਸਰਿ' (ਵਣ ਕੈ ਸਰਿ ਲੁਹਾਰੁ) ਪੜਣ ਨਾਲ ਅਰਥ ਬਦਲ ਜਾਣਗੇ। ਸ. ਰਤਨ ਸਿੰਘ ਨੇ ਇਹ ਜੁਗਤਿ ਪ੍ਰੋ. ਸਾਹਿਬ ਸਿੰਘ ਜੀ ਤੋਂ ਖਾਲਸਾ ਕਾਲਜ ਵਿਖੇ ਵਿਦਿਆਰਥੀ ਜੀਵਨ ਵਿਚ ਹੀ ਸਿਖ ਲਈ ਸੀ। ਪਿਛੋਂ ਇਸ ਨੂੰ ਪਰਪੱਕ ਕਰਣ ਲਈ ਲੋੜੀਂਦੀ ਮਿਹਨਤ ਵੀ ਕਰਦੇ ਰਹੇ ਹਨ। ਜਿਹੜੀ ਬਿਬੇਕੀ ਪਹੁੰਚ ਸ. ਰਤਨ ਸਿੰਘ ਨੇ ਪ੍ਰੋ. ਸਾਹਿਬ ਸਿੰਘ ਕੋਲੋਂ ਸਿਖੀ ਸੀ, ਉਸ ਨਾਲ ਉਹ ਜ਼ਿੰਦਗੀ ਭਰ ਨਿਭਦੇ ਰਹੇ ਹਨ। ਇਸ ਦਾ ਵਿਸਥਾਰ ਉਨ੍ਹਾਂ ਨੇ ਪੁਸਤਕ 'ਵੀਚਾਰ ਸਾਂਝਾਂ' ਦੇ ਮੁਢ ਵਿਚ ਦੇ ਦਿਤਾ ਹੈ।

ਸਿਖੀ ਸੌਖੀ ਨਹੀਂ ਹੈ ਕਿਉਂਕਿ ਸਿਖ ਨੇ ਆਪਣੇ ਅੰਦਰ ਕਮਜ਼ੋਰੀਆਂ ਦੀ ਥਾਂ ਗੁਣ ਅਤੇ ਨਿੱਜ ਦੀ ਥਾਂ ਸਰਬੱਤ ਦੀ ਸੇਵਾ ਦਾ ਅਹਿਸਾਸ ਪੈਦਾ ਕਰਨਾ ਹੁੰਦਾ ਹੈ। ਨਿਜ ਹਿਤ ਮਾਨਵ ਸਿਰਜਤ ਹਨ ਅਤੇ ਸਮਰਪਿਤ ਸੇਵਾ ਪਰਮਾਤਮ ਗੁਣ ਹੈ। ਜਿਹੜਾ ਇਸ ਚੇਤਨਾ ਨੂੰ ਗ੍ਰਹਿਣ ਕਰਨ ਵਿਚ ਸਫਲ ਹੋ ਜਾਂਦਾ ਹੈ, ਉਸ ਲਈ ਬਾਣੀ ਵਿਚ 'ਜਨ' ਸ਼ਬਦ ਵਰਤਿਆ ਹੋਇਆ ਹੈ। ਗੁਰਮਤਿ ਚਿੰਤਨ ਵਿਚ ਘਾਲ ਕਮਾਈ ਤੋਂ ਬਿਨਾਂ ਪ੍ਰਾਪਤ ਹੁੰਦੀ ਸਫਲਤਾ ਨੂੰ ਮਾਨਤਾ ਨਹੀਂ ਦਿਤੀ ਗਈ। ਏਸੇ ਲਈ ਘਾਲ ਕਮਾਈ ਨੂੰ ਤਪੱਸਵੀ ਜੁਗਤਿ ਨਾਲੋਂ ਤੋੜ ਕੇ ਸ਼ਬਦ-ਜੁਗਤਿ ਨਾਲ ਜੋੜਿਆ ਗਿਆ ਹੈ। ਇਸ ਨਾਲ ਸਬੰਧਤ ਸੋਝੀ ਵਾਸਤੇ ਸਿਖ ਨੂੰ ਸ਼ਬਦ ਗੁਰੂ ਦੇ ਲੜ ਲਾਇਆ ਗਿਆ ਹੈ। ਮਹਾਂਪੁਰਖ ਹੋਣ ਦਾ ਭਰਮ ਪਾਲੇ ਬਿਨਾਂ ਵੀ ਸ਼ਬਦ ਗੁਰੂ ਨਾਲ ਜੁੜਿਆ ਜਾ ਸਕਦਾ ਹੈ। ਸਫਲ ਗ੍ਰਹਿਸਥੀ ਨੂੰ ਸਿਖ ਦੀ ਪ੍ਰਾਪਤੀ ਮੰਨਿਆ ਗਿਆ ਹੈ। ਸ. ਰਤਨ ਸਿੰਘ ਨੇ ਵਿਸ਼ਵਾਸ਼ ਅਤੇ ਵਿਵਹਾਰ ਨੂੰ ਏਸੇ ਹੀ ਰੰਗ ਵਿਚ ਜੀਵਿਆ ਹੈ। ਏਸੇ ਕਰਕੇ ਉਨ੍ਹਾਂ ਦੇ ਜੀਵਨ ਵਿਚੋਂ ਸਫਲ ਸਿਖ ਦੇ ਦੀਦਾਰੇ ਕੀਤੇ ਜਾ ਸਕਦੇ ਹਨ। ਉਸ ਦੇ ਬੱਚੇ ਸਫਲ ਗ੍ਰਹਿਸਥੀ ਸਿਖ ਹਨ ਅਤੇ ਗੁਰੂ ਦੀ ਮਿਹਰ ਹੀ ਹੈ ਕਿ ਪੋਤਰੇ ਦੋਹਤਰੇ ਵੀ ਇੰਗਲੈਂਡ ਵਰਗੀ ਧਰਤੀ ਉਤੇ ਸਿਖ ਸਰੂਪ ਵਿਚ ਹਨ। ਇਸ ਵਾਸਤੇ ਰੋਲ ਮਾਡਲ ਦੀ ਭੂਮਿਕਾ ਸ. ਰਤਨ ਸਿੰਘ ਨੇ ਪਹਿਲਾਂ ਪਰਿਵਾਰ ਵਿਚ ਨਿਭਾਈ ਹੈ ਅਤੇ ਇਸ ਪੁਸਤਕ ਰਾਹੀਂ ਪੰਥਕ ਚੇਤਨਾਂ ਵਜੋਂ ਰੋਲ ਮਾਡਲ ਹੋਣ

ਦਾ ਸਬੂਤ ਦੇ ਦਿਤਾ ਹੈ । ਉਹ ਆਪ ਸਾਰੀ ਉਮਰ ਨਿਰੰਤਰ ਗੁਰਦੁਆਰੇ ਜਾਂਦੇ ਰਹੇ ਹਨ, ਕੀਰਤਨ ਕਰਦੇ ਹਨ ਅਤੇ ਗੁਰਬਾਣੀ ਨੂੰ ਅੰਗ ਸੰਗ ਪਰਵਾਨ ਕਰਕੇ ਵਿਚਰਦੇ ਰਹੇ ਹਨ । ਔਲਾਦ ਨੇ ਉਨ੍ਹਾਂ ਨੂੰ ਝੂਠਾ ਨਹੀਂ ਪੈਣ ਦਿਤਾ । ਸ. ਰਤਨ ਸਿੰਘ ਨੇ ਇਹ ਸੇਵਾ ਕਰਜ-ਮੁਕਤ ਹੋਣ ਦੀ ਸਕੀਮ ਅਧੀਨ ਹੀ ਨਹੀਂ ਨਿਭਾਈ, ਸਗੋਂ ਸਿਖ ਪਰਿਵਾਰ ਦੇ ਬਜ਼ੁਰਗ ਵਾਂਗ ਸੇਵਕੀ-ਸ਼ਾਨ ਨਾਲ ਸਿਰੇ ਲਾਈ ਹੈ । ਇਸ ਦੇ ਬਾਵਜੂਦ ਸਰਦਾਰ ਜੀ ਨੂੰ "ਮਹਾਂਪੁਰਖ" ਹੋਣ ਦੇ ਭਰਮ ਨੇ ਕਦੇ ਨਹੀਂ ਸਤਾਇਆ । ਇਸ ਦੀ ਗਵਾਹੀ ਉਹ ਸਾਰੇ ਲੋਕ ਭਰ ਸਕਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਨੇੜਿਉਂ ਹੋਕੇ ਤੱਕਿਆ ਹੈ । ਅੱਜ ਵੀ ਉਹ ਇਹੀ ਦੁਹਰਾਂਦੇ ਹਨ ਕਿ ਸਫਲਤਾ ਗੁਰੂ ਦੀ ਬਖਸ਼ਿਸ਼ ਹੈ ਵਰਨਾਂ ਅਸਫਲਤਾ ਨੇ ਤਾਂ ਸਿਖਾਂ ਨੂੰ ਸਾਰਿਆਂ ਪਾਸਿਆਂ ਤੋਂ ਘੇਰ ਰਖਿਆ ਹੈ । ਗੁਰੂ ਰਾਮਦਾਸ ਜੀ ਦਾ ਇਹ ਵਾਕ ਉਨ੍ਹਾਂ ਨੇ ਉਵੇਂ ਹੀ ਓਟ ਆਸਰਾ ਪਰਵਾਨ ਕੀਤਾ ਹੋਇਆ ਹੈ, ਜਿਵੇਂ ਪ੍ਰੋ. ਸਾਹਿਬ ਸਿੰਘ ਜੀ ਆਪਣੇ ਹਵਾਲੇ ਨਾਲ ਆਪਣੇ ਵਿਦਿਆਰਥੀਆਂ ਨੂੰ ਦਸਿਆ ਕਰਦੇ ਸਨ:

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*

ਦੁਨੀਆਂ ਦੇ ਸਿਆਣੇ ਬੰਦੇ ਜਦੋਂ ਜ਼ਿੰਦਗੀ ਦੇ ਸੱਚ ਨੂੰ ਬਿਆਨ ਕਰਦੇ ਹਨ ਤਾਂ ਕਾਮੂ ਦੇ ਸ਼ਬਦਾਂ ਵਿਚ ਇਹ ਪਰਵਾਨ ਕਰ ਲੈਂਦੇ ਹਨ ਕਿ ਜੇ ਮਨੁਖ ਅਸਲੇ ਜਾਂ ਸਤਿ ਕੇਂਦਰ ਨਾਲ ਨਹੀਂ ਜੁੜਿਆ ਹੋਇਆ ਤਾਂ ਉਸਨੂੰ ਠੀਕ ਅਤੇ ਗਲਤ ਵਿਚਕਾਰ ਚੋਣ ਕਰਣ ਦੀ ਸਮਸਿਆ ਬਣੀ ਰਹਿੰਦੀ ਹੈ । ਵਿਸ਼ਵਾਸ਼ ਦੀ ਪੱਧਰ ਤੇ ਤਾਂ ਠੀਕ ਅਤੇ ਗਲਤ ਵਿਚ ਚੋਣ ਕਰਣ ਦੀ ਸਮਸਿਆ ਪੈਦਾ ਹੀ ਘਟ ਹੁੰਦੀ ਹੈ, ਪਰ ਅਮਲ ਵਿਚ ਵਿਅਕਤੀ ਅਕਸਰ ਝੂਠ ਨੂੰ ਸੱਚ ਸਮਝਣ ਦਾ ਸ਼ਿਕਾਰ ਹੋ ਹੀ ਜਾਂਦਾ ਹੈ । ਇਸ ਦੇ ਆਧਾਰ ਉਤੇ ਇਹ ਕਿਹਾ ਜਾ ਸਕਦਾ ਹੈ ਕਿ ਜਦੋਂ ਤਕ ਮਾਨਵ, ਸਤਿ-ਕੇਂਦਰ ਨਾਲ ਚੇਤੰਨ ਪੱਧਰ ਤੇ ਰਿਸ਼ਤਾ ਸਥਾਪਤ ਨਹੀਂ ਕਰਦਾ, ਉਦੋਂ ਤਕ ਕਥਨੀ ਤੇ ਕਰਣੀ ਦੇ ਤਨਾਉ ਤੋਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ । ਸ. ਰਤਨ ਸਿੰਘ ਅਜਿਹੇ ਖੁਸ਼ਕਿਸਮਤ ਗੁਰਸਿਖਾਂ ਵਿਚੋਂ ਹਨ ਜਿਹੜੇ ਚੇਤੰਨ ਰੂਪ ਵਿਚ ਵੀ ਅਤੇ ਅਮਲੀ ਜੀਵਨ ਵਿਚ ਵੀ ਗੁਰੂ ਵਾਲੇ ਸਨ ਅਤੇ ਅੱਜ ਵੀ ਗੁਰੂ ਵਾਲੇ ਹਨ । ਲੇਖਕ ਦੀ ਮਾਤਾ ਜੀ ਨੇ 1915 ਵਿਚ ਅੰਮ੍ਰਿਤ ਛਕਿਆ ਸੀ । ਮਾਂ ਦੀ ਛਾਂ ਵਿਚ ਪਲਦੀ ਸਿਖੀ ਦਾ ਨਮੂਨਾ ਸ. ਰਤਨ ਸਿੰਘ ਦੇ ਪਰਿਵਾਰ ਵਿਚ ਅੱਜ ਵੀ ਨਜ਼ਰ ਆਉਂਦਾ ਹੈ । ਉਨ੍ਹਾਂ ਦਾ ਇਹ ਸਿਖੀ ਸਿਦਕ ਖੂਬ ਨਿਭਿਆ ਹੈ ਕਿਉਂਕਿ ਉਨ੍ਹਾਂ ਦੀ ਔਲਾਦ ਨੇ ਵੀ ਉਨ੍ਹਾਂ ਨੂੰ ਦਗ਼ਾ ਨਹੀਂ ਦਿਤਾ । ਉਹ ਆਪਣਾ ਘਰ ਠੀਕ ਕਰਕੇ ਬਾਹਰ ਹੋਰਨਾਂ ਨੂੰ ਸਮਝਾਉਣ ਨਿਕਲੇ ਹਨ ਅਤੇ ਏਸੇ ਕਰਕੇ ਅੱਜ ਦੇ ਦਿਨ ਤਕ ਗੁਰੂ, ਗੁਰ ਸੰਗਤ ਅਤੇ ਗੁਰੂ ਖਾਲਸਾ ਪੰਥ ਦੇ ਸਨਮੁਖ ਵੀ ਹਨ ਅਤੇ ਸੁਰਖਰੂ ਵੀ ਹਨ ।

ਅਜਿਹੇ ਰੋਲ ਮਾਡਲ ਗੁਰਸਿਖ ਦੀ ਰੀਸ ਕਰਨੀ ਹੋਵੇ ਤਾਂ "ਵਿਚਾਰ ਸਾਂਝਾਂ" ਪੁਸਤਕ ਸਹਾਇਤਾ ਕਰ ਸਕਦੀ ਹੈ।

ਸ. ਰਤਨ ਸਿੰਘ ਨੇ ਆਪਣੇ ਜੀਵਨ ਦਾ ਵਿਸਥਾਰ ਪੁਸਤਕ ਦੇ ਪਹਿਲੇ ਕਾਂਡ "ਜੀਵਨ ਝਲਕਾਂ" ਵਿਚ ਦੇ ਦਿਤਾ ਹੈ। ਲੇਖਕ ਨੇ ਇਸ ਪੁਸਤਕ ਰਾਹੀਂ ਸਾਦਗੀ ਅਤੇ ਦ੍ਰਿੜ੍ਹਤਾ ਵਾਲੀ ਸ਼ੈਲੀ ਵਿਚ ਸਿਖ ਨੂੰ ਨਿੱਤ ਦਰਪੇਸ਼ ਸਮਸਿਆਵਾਂ ਦਾ ਸੰਖੇਪ ਪਰ ਸਪਸ਼ਟ ਬਿਆਨ ਕੀਤਾ ਹੋਇਆ ਹੈ। ਸਮੱਸਿਆਵਾਂ ਦੇ ਸਨਮੁੱਖ ਕਰਕੇ ਸਿੱਖ ਨੂੰ ਸ਼ਰਮਿੰਦਗੀ ਵਲ ਧਕਣ ਦੇ ਫੈਸ਼ਨ ਨਾਲੋਂ ਪਾਸੇ ਹਟਕੇ, ਸਮਸਿਆਵਾਂ ਦਾ ਹੱਲ ਗੁਰਬਾਣੀ ਵਿਚੋਂ ਲਭਿਆ ਹੈ ਅਤੇ ਲਭੇ ਜਾਣ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਵੀ ਕੀਤਾ ਹੋਇਆ ਹੈ। ਇਸ ਨਾਲ ਇਹ ਤੱਥ ਸਾਹਮਣੇ ਆ ਗਿਆ ਹੈ ਕਿ ਸਹਜ ਪ੍ਰਗਟਾਵੇ ਵਿਚ ਦਿਆਨਤਦਾਰੀ ਦਾ ਬੋਲਬਾਲਾ ਹੋਣ ਕਰਕੇ ਉਲਾਰ ਦੀਆਂ ਸੰਭਾਵਨਾਵਾਂ ਘਟ ਜਾਂਦੀਆਂ ਹਨ। ਲੇਖਕ ਨੇ ਜਿਸ ਤਰ੍ਹਾਂ ਭਗਤ ਬਾਣੀ ਬਾਰੇ ਗਿਆਨੀ ਗੁਰਦਿਤ ਸਿੰਘ ਦੀ ਪੁਸਤਕ ਨੂੰ ਆਧਾਰ ਬਨਾਕੇ ਚਰਚਾ ਕੀਤੀ ਹੋਈ ਹੈ, ਉਸ ਨਾਲ ਅਧਿਆਪਕ-ਰਿਣ ਵੀ ਉਤਰ ਗਿਆ ਹੈ ਅਤੇ ਵਿਦਿਆਰਥੀ ਵਲੋਂ ਅਧਿਆਪਕ ਲਈ ਸੰਭਵ ਸ਼ਰਧਾਂਜਲੀ ਦਾ ਪ੍ਰਸੰਗ ਵੀ ਸਥਾਪਤ ਹੋ ਗਿਆ ਹੈ। ਇਸ ਵਿਚਾਰ ਚਰਚਾ ਦੇ ਆਧਾਰ ਉਤੇ ਲੰਬਾ ਲੇਖ "ਭਗਤ ਬਾਣੀ ਦੇ ਰਚਯਤਾ" ਪੁਸਤਕ ਦਾ ਵਿਸ਼ੇਸ਼ ਲੇਖ ਆਖਿਆ ਜਾ ਸਕਦਾ ਹੈ ਕਿਉਂਕਿ ਇਸ ਨਾਲ ਲੇਖਕ ਦੀ ਅਕਾਦਮਿਕ ਪਹੁੰਚ ਦਾ ਪਤਾ ਵੀ ਲਗ ਜਾਂਦਾ ਹੈ ਅਤੇ ਗੁਰਮਤਿ ਸਾਹਿਤ ਵਿਚ ਬਿਨਾਂ ਮਿਹਨਤ ਤੋਂ ਸ਼ੁਹਰਤ ਹਾਸਲ ਕਰਣ ਵਾਲੀ ਅਕਾਦਮਿਕਤਾ ਵੀ ਸਾਹਮਣੇ ਆ ਜਾਂਦੀ ਹੈ। ਸ. ਰਤਨ ਸਿੰਘ ਬਰੀਕ ਨੀਝ ਦੇ ਮਾਲਕ ਹਨ ਅਤੇ ਗਲ ਕਹਿਣ ਤੋਂ ਪਹਿਲਾਂ ਤਥ ਇਕਤਰ ਕਰਣ ਲਈ ਲੋੜੀਂਦੀ ਮਿਹਨਤ ਕਰਦੇ ਹਨ। ਉਹ ਇਸ ਤਰ੍ਹਾਂ ਵਧੀਆਂ ਮਿਸ਼ਨਰੀ ਹਨ ਅਤੇ ਸਿਖ ਤੋਂ ਇਹੋ ਜਿਹੇ ਮਿਸ਼ਨਰੀ ਹੋਣ ਦੀ ਹੀ ਆਸ ਕੀਤੀ ਜਾਣੀ ਚਾਹੀਦੀ ਹੈ। ਸਿਖ ਜਗਤ ਵਿਚ ਸੰਤ-ਸੰਸਥਾਵਾਂ ਨੇ ਸ਼ਬਦ-ਗੁਰੂ ਦੇ ਸਿਧਾਂਤ ਨੂੰ ਖੋਰਾ ਲਾਉਣ ਵਿਚ ਜੋ ਭੂਮਿਕਾ ਨਿਭਾਈ ਹੈ, ਉਸ ਬਾਰੇ ਵੀ ਨਿਸ਼ੰਗ ਹੋਕੇ ਟਿਪਣੀਆਂ ਲੇਖਕ ਨੇ ਇਸ ਪੁਸਤਕ ਵਿਚ ਕੀਤੀਆਂ ਹੋਈਆਂ ਹਨ। ਸਿਖ ਪਰਚਾਰਕਾਂ ਨੂੰ ਲੋੜੀਂਦੀ ਨੈਤਿਕ ਜ਼ੁੰਮੇਵਾਰੀ ਪ੍ਰਤੀ ਚੇਤੰਨ ਕਰਦਿਆਂ, ਧਾਰਮਿਕ ਸੇਵਾ ਨੂੰ ਪਦਾਰਥਕ ਸਾਧਨ ਵਜੋਂ ਵਰਤਣ ਤੋਂ ਗੁਰੇਜ਼ ਕਰਣ ਲਈ ਵੀ ਆਖਿਆ ਹੋਇਆ ਹੈ। ਸਿਖ ਸਾਹਿਤ ਵਿਚ "ਸੌ ਸਾਖੀ" ਦੀ ਆੜ ਵਿਚ ਪਰਵੇਸ਼ ਕਰ ਰਹੀ ਸਿਖ-ਵਿਰੋਧੀ ਬਿਰਤੀ ਦਾ ਜ਼ਿਕਰ ਵੀ ਕਰ ਦਿਤਾ ਗਿਆ ਹੈ। ਇਥੋਂ ਤਕ ਕਿ ਪੰਜ ਕਕਾਰਾਂ ਵਿਚ ਕੇਸਾਂ ਦੀ ਥਾਂ ਕੇਸਕੀ ਦੇ ਪਰਵੇਸ਼ ਦਾ ਲੇਖਾ ਜੋਖਾ ਵੀ ਕੀਤਾ ਹੋਇਆ ਹੈ। ਇਹ ਸਾਰਾ ਕੁਝ ਕਰਦੇ ਵਕਤ, ਇਸ ਗਲ ਦਾ ਖਿਆਲ ਰਖਿਆ ਗਿਆ ਹੈ ਕਿ ਕੋਈ ਵੀ ਦਲੀਲ ਬਾਣੀ ਦੀ ਮੂਲ ਭਾਵਨਾ

ਦਾ ਵਿਰੋਧ ਨ ਕਰਦੀ ਹੋਵੇ । ਗੁਰੂ ਖਾਲਸਾ ਪੰਥ ਅਤੇ ਸਿਖ ਸੰਸਥਾਵਾਂ ਨੂੰ ਖੋਰਾ ਲਾਉਣ ਵਾਲੀਆਂ ਗਲਾਂ ਜੋ ਦੇਖਣ ਨੂੰ ਠੀਕ ਵੀ ਲਗਦੀਆਂ ਹੋਣ ਤਾਂ ਵੀ ਉਨ੍ਹਾਂ ਬਾਰੇ ਫਿਰ ਤੋਂ ਵੀਚਾਰ ਕਰਕੇ ਗੁਰਮਤਿ ਪ੍ਰਸੰਗ ਅਨੁਸਾਰ ਸਮਝਣ ਸਮਝਾਉਣ ਉਤੇ ਵਾਰ ਵਾਰ ਜ਼ੋਰ ਦਿਤਾ ਹੋਇਆ ਹੈ । ਇਸ ਨਾਲ ਇਹ ਨੁਕਤੇ ਸਾਹਮਣੇ ਆ ਗਏ ਹਨ ਕਿ ਸਿਖ ਨੂੰ ਆਪਣੀਆਂ ਪਰੰਪਰਾਵਾਂ ਤਕ ਪਹੁੰਚਣ ਲਈ ਸ਼ਬਦ ਗੁਰੂ ਦਾ ਪੱਲਾ ਹਥੋਂ ਬਿਲਕੁਲ ਨਹੀਂ ਛਡਣਾ ਚਾਹੀਦਾ । ਸ਼ਬਦ-ਗੁਰੂ ਦੇ ਮਾਰਗ ਤੇ ਨਿਰੰਤਰ ਚਲਦੇ ਰਹਿਣ ਨਾਲ ਹੀ ਧਰਮ ਦੇ ਅੰਤਰਗਤ ਧਾਰਮਿਕ ਮੁਹਾਵਰੇ ਵਿਚ ਧਾਰਮਿਕ ਭੇਖ ਵਾਲੇ ਚਲਾਕ ਲੋਕਾਂ ਦੀਆਂ ਸ਼ੋਸ਼ਣੀ ਚਾਲਾਂ ਤੋਂ ਬਚਿਆ ਜਾ ਸਕਦਾ ਹੈ । ਪੁਸਤਕ "ਵੀਚਾਰ ਸਾਂਝਾਂ" ਰਾਹੀਂ ਲੇਖਕ ਨੇ ਸਿਖ ਚੇਤਨਾ ਨਾਲ ਸਬੰਧਤ ਸਰੋਕਾਰਾਂ ਦੀ ਨਿਸ਼ਾਨਦੇਹੀ ਏਨੇ ਪੰਨਿਆਂ ਵਿਚ ਜਿੰਨੀ ਕੁ ਸੰਭਵ ਸੀ, ਕਰ ਦਿਤੀ ਹੈ । ਲੇਖਕ ਦੀ ਪਾਰਖੂ ਪਹੁੰਚ ਵਿਚ ਲੇਖਕ ਦਾ ਕਵੀ ਦਿਲ ਵੀ ਸ਼ਾਮਲ ਹੈ । ਕਵਿਤਾਵਾਂ ਭਾਵੇਂ ਸਿਖੀ ਦਾ ਗੁਣ ਗਾਇਣ ਦੇ ਚਾਅ ਦਾ ਹੀ ਪ੍ਰਗਟਾਵਾ ਹਨ ਪਰ ਉਨ੍ਹਾਂ ਵਿਚਲੀ ਕਾਵਿਕ ਉਡਾਣ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਲੇਖਕ ਦੀਆਂ ਸਿਖੀ ਧਾਰਨਾਵਾਂ ਵਿਚ ਖੜੋਤ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ ।

ਇਸ ਪੁਸਤਕ ਨੂੰ ਅੱਠ ਹਿੱਸਿਆ ਵਿਚ ਵੰਡ ਲਿਆ ਗਿਆ ਹੈ ਅਤੇ ਇਨ੍ਹਾਂ ਅੱਠ ਪਰਤਾਂ ਨਾਲ ਸਿਖ ਸਿਧਾਂਤ ਅਤੇ ਸਿਖ ਪਰੰਪਰਾ ਦਾ ਜਿਵੇਂ ਬਖਾਨ ਹੋ ਗਿਆ ਹੈ, ਉਸ ਨੂੰ ਅਕਾਦਮਿਕ ਭਾਸ਼ਾ ਵਿਚ ਧਰਮ ਵਿਗਿਆਨ (Theology) ਦੀ ਕੋਟੀ ਵਿਚ ਰਖਿਆ ਜਾ ਸਕਦਾ ਹੈ । ਸਭ ਤੋਂ ਪਹਿਲਾਂ ਉਹ "ਆਰਸੀ" ਹੈ, ਜਿਸ ਵਿਚੋਂ ਲੇਖਕ ਅੰਦਰ ਹੋਏ ਸਿਖੀ ਦੇ ਵਿਕਾਸ ਨੂੰ ਵੇਖਿਆ ਜਾ ਸਕਦਾ ਹੈ । ਫਿਰ "ਗੁਰੂ ਦਰਸ਼ਨ" ਦੀ ਗਲ ਕੀਤੀ ਹੋਈ ਹੈ । ਇਸ ਵਿਚ ਚਾਰ ਗੁਰੂ ਸਾਹਿਬਾਨ ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਿਕਰ ਕਰ ਦਿਤਾ ਗਿਆ ਹੈ । ਗੁਰਬਾਣੀ ਦੇ ਰੰਗ ਤੋਂ ਮਹਿਰੂਮ ਇਤਿਹਾਸਕਾਰਾਂ ਵਲੋਂ ਵਿਸਥਾਰ ਵਿਚ ਦਿਤੀ ਤੱਥ-ਸੰਪੰਨਤਾ ਸਾਹਮਣੇ, ਲੇਖਕ ਦੇ ਇਹ ਛੋਟੇ ਛੋਟੇ ਸਾਦਾ ਲੇਖ ਮੈਨੂੰ ਪਿਆਰੇ ਵੀ ਲਗੇ ਹਨ ਅਤੇ ਮਹੱਤਵਪੂਰਨ ਵੀ ਨਜ਼ਰ ਆਏ ਹਨ । ਤੀਜੇ ਨੰਬਰ ਤੇ ਸ਼ਬਦ-ਗੁਰੂ ਦੀ ਵਿਸਥਾਰ ਵਿਚ ਗਲ ਕੀਤੀ ਗਈ ਹੈ । ਚੌਥੇ ਨੰਬਰ ਤੇ ਗੁਰਮਤਿ ਸਾਹਿਤ ਵਿਚੋਂ 'ਸੌ ਸਾਖੀ' ਕਲਕੀ ਅਵਤਾਰ ਅਤੇ ਸਾਖੀ ਪੋਥੀ ਰਾਹੀਂ ਸਿਖਾਂ ਅੰਦਰ ਪਾਏ ਗਏ ਭਰਮ ਭੁਲੇਖਿਆਂ ਦਾ ਗੁਰਮਤਿ ਪ੍ਰਸੰਗ ਸਥਾਪਤ ਕਰ ਦਿਤਾ ਗਿਆ ਹੈ । ਪੰਜਵੇਂ ਨੰਬਰ ਉਤੇ ਮੂਲ ਸਿਖ ਸਿਧਾਂਤਾਂ ਦੀ ਗਲ ਕਰਦਿਆਂ, ਸਿਧਾਂਤਾਂ ਨੂੰ ਖੋਰਾ ਲਾਉਣ ਲਈ ਸਿਖ ਭੇਖ ਵਿਚ ਹੋ ਰਹੇ ਯਤਨਾਂ ਨੂੰ ਬੜੇ ਸੁੰਦਰ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ । ਆਤਮ ਚੀਨਣ ਦਾ ਪ੍ਰਸੰਗ ਸੱਤ ਨੰਬਰ ਤੇ ਪ੍ਰਸਤੁਤ ਕੀਤਾ ਗਿਆ ਹੈ ।

ਅਠਵੇਂ ਨੰਬਰ ਤੇ ਕਵੀ ਰਤਨ ਸਿੰਘ ਦੀਆਂ ਮਨ ਤ੍ਰੰਗਾਂ ਨੂੰ ਵਿਚਾਰ ਸਾਂਝ ਦਾ ਹਿੱਸਾ ਬਣਾਇਆ ਗਿਆ ਹੈ। ਪੁਸਤਕ ਵਿਚ ਤੱਥ ਪ੍ਰਸਤੁਤੀ ਵੇਲੇ ਜੋ ਦਿਆਨਤਦਾਰੀ ਲੇਖਕ ਵਲੋਂ ਵਰਤੀ ਗਈ ਹੈ, ਉਸ ਨਾਲ ਸਿਖੀ ਦਾ ਸੁਹਿਰਦ ਅਤੇ ਬਿਬੇਕੀ ਪ੍ਰਸੰਗ ਸਥਾਪ੍ਰਤ ਹੋ ਗਿਆ ਹੈ। ਲੇਖਕ ਦੀ ਅਤ੍ਰੇੜੀ ਸਿਖ ਸ਼ਰਧਾ ਅਤੇ ਅਕਾਦਮਿਕ ਮੁਹਾਵਰਾ ਇਕਸੁਰ ਹੋ ਕੇ ਲਿਖਤ-ਪ੍ਰਭਾਵ ਨੂੰ ਨਰੋਆ ਬਣਾਉਂਦੇ ਹਨ। ਮੇਰਾ ਵਿਸ਼ਵਾਸ਼ ਹੈ ਕਿ ਇਹ ਪੁਸਤਕ ਸਿਖ ਅਹਿਸਾਸ ਤਕ ਪਹੁੰਚਣ ਲਈ ਸਹਾਈ ਹੋ ਸਕਦੀ ਹੈ। ਮੈਨੂੰ ਇਸ ਪੁਸਤਕ ਦੇ ਪਰੂਫ ਪੜ੍ਹਦਿਆਂ ਜੋ ਸੰਤੁਸ਼ਟਤਾ ਪ੍ਰਾਪਤ ਹੋਈ ਹੈ, ਉਸ ਦਾ ਅਹਿਸਾਸ ਪੁਸਤਕ ਨੂੰ ਪੜ੍ਹਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਜਗਿਆਸੂ-ਪਾਠਕ ਤੋਂ ਲੈਕੇ ਬੌਧਿਕ ਮਾਨਸਿਕਤਾ ਵਾਲੇ ਵਿਦਿਆਰਥੀ ਅਤੇ ਵਿਦਵਾਨ ਤਕ ਨੂੰ ਸਰਚਾਣ ਦੀ ਸਮਰਥਾ, ਇਸ ਪੁਸਤਕ "ਵਿਚਾਰ ਸਾਂਝਾਂ" ਵਿਚ ਕਾਇਮ ਹੈ। ਮੈਂ ਲੇਖਕ ਦੀ ਮਿਹਨਤ ਦੀ ਸ਼ਲਾਘਾ ਕਰਦਾ ਹੋਇਆ, ਰੋਲ ਮਾਡਲ ਸਿਖ ਸ. ਰਤਨ ਸਿੰਘ ਨੂੰ ਲਿਖਤੀ ਗੁਰਮਤਿ ਸਾਹਿਤ ਵਿਚ ਇਸ ਪੁਸਤਕ ਨਾਲ ਵਾਧਾ ਕਰਣ ਵਾਸਤੇ ਵਧਾਈ ਦੇਂਦਾ ਹਾਂ।

*ਬਲਕਾਰ ਸਿੰਘ*
ਪ੍ਰੋਫੈਸਰ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
*ਮਈ, 1996*

# ਆਰਸੀ


ਜੀਵਨ ਝਲਕ — I

ਪ੍ਰੋਫੈਸਰ ਸਾਹਿਬ ਸਿੰਘ ਦੀਆਂ ਮਿਠੀਆਂ ਯਾਦਾਂ — II

# ਜੀਵਨ ਝਲਕ

ਜ਼ਿਲਾ ਜਲੰਧਰ ਵਿਚ, ਆਦਮਪੁਰ ਦੇ ਲਾਗੇ ਸਾਡਾ ਪਿੰਡ ਹੈ ਦਿਆਨਤਪੁਰ। ਤਕਰੀਬਨ 275 ਕੁ ਸਾਲ ਹੋਏ, ਡਮੇਲੀ ਤੋਂ, ਜੋ ਫ਼ਗਵਾੜੇ ਦੇ ਨੇੜੇ ਹੈ, ਸਾਡੇ ਦੋ ਬਜ਼ੁਰਗਾਂ (ਨਿੱਝਰ ਜੱਟ ਭਰਾਵਾਂ) ਨੇ ਇਹ ਪਿੰਡ ਵਸਾਇਆ ਸੀ। ਇਹਨਾਂ ਵਿੱਚ ਸਾਡਾ ਬਜ਼ੁਰਗ ਬਾਬਾ ਗੋਲਾ ਸੀ। ਉਸ ਦੇ ਤਿੰਨ ਪੁਤਰਾਂ ਵਿੱਚੋਂ ਬਾਬਾ ਕੇਸਰ ਨਾਲ ਸਾਡਾ ਸੰਬੰਧ ਸੀ। ਉਸ ਦੇ ਪੁੱਤਰ ਗਹਿਣਾ ਦੇ ਦੋ ਪੁੱਤਰਾਂ ਵਿਚੋਂ ਮੇਰਾ ਪੜਦਾਦਾ ਬਾਬਾ ਰਾਮ ਸਿੰਘ ਸੀ। ਉਹ ਵੇਦਾਂਤੀ ਵੀ ਸੀ। ਉਸ ਦੀ ਪੰਜਾਬੀ ਵਿਚ ਲਿਖੀ ਹੋਈ, ਇਕ ਹੱਥ ਲਿਖਤ ਕਾਪੀ ਮੈਂ ਛੋਟੀ ਉਮਰ ਵਿਚ ਦੇਖੀ ਸੀ। ਉਦੋਂ ਮੈਨੂੰ ਪੰਜਾਬੀ ਪੜ੍ਹਨੀ ਨਹੀਂ ਸੀ ਆਉਂਦੀ ਤੇ ਨਾ ਹੀ ਹੱਥ ਲਿਖਤਾਂ ਦੇ ਪੜ੍ਹਨ ਬਾਰੇ ਕੋਈ ਚੇਤਨਾ ਸੀ। ਪਿਛੋਂ ਪਤਾ ਨਹੀਂ ਉਹ ਕਿਥੇ ਗਈ। 1917 ਵਿਚ ਬਾਬਾ ਜੀ ਚੜ੍ਹਾਈ ਕਰ ਗਏ।

ਉਹਨਾਂ ਦੇ ਦੋ ਪੁੱਤਰਾਂ ਵਿਚੋਂ ਮੇਰੇ ਪਿਤਾ ਜੀ ਸਰਦਾਰ ਨਾਹਰ ਸਿੰਘ ਜੀ ਸਨ, ਜਿਨ੍ਹਾਂ ਦਾ ਜਨਮ 1878 ਈਸਵੀ ਵਿਚ ਹੋਇਆ ਮਾਤਾ ਪ੍ਰੇਮ ਕੌਰ ਦੀ ਕੁੱਖੋਂ। ਉਹਨਾਂ ਦਾ ਵਿਆਹ 1904 ਵਿਚ ਮੇਰੀ ਮਾਤਾ ਲਛਮਨ ਕੌਰ ਨਾਲ ਹੋਇਆ। ਮੇਰੇ ਮਾਤਾ ਜੀ ਦਾ ਜਨਮ 1884 ਈ. ਵਿਚ ਅਤੋਵਾਲ ਪਿੰਡ, (ਜ਼ਿਲਾ ਹੋਸ਼ਿਆਰਪੁਰ) ਵਿਚ ਹੋਇਆ। ਉਹਨਾਂ 1915 ਵਿਚ ਅੰਮ੍ਰਿਤ ਛਕਿਆ। ਉਨ੍ਹਾਂ ਦੀ ਸੰਤਾਨ ਕਰਤਾਰ ਕੌਰ, ਰਤਨ ਸਿੰਘ, ਜੋਗਿੰਦਰ ਕੌਰ ਤੇ ਹਰਬੰਤ ਸਿੰਘ ਹੈ। ਮੇਰਾ ਜਨਮ ਆਪਣੇ ਨਾਨਕੀਂ (ਅਤੋਵਾਲ) 15.11.1912 ਨੂੰ ਹੋਇਆ।

ਮੇਰਾ ਵਿਆਹ 9.12.1931 ਨੂੰ ਸ੍ਰੀਮਤੀ ਜਸਵੰਤ ਕੌਰ ਨਾਲ ਹੋਇਆ ਜੋ ਮੰਢਾਲੀ ਪਿੰਡ, ਜ਼ਿਲਾ ਜਲੰਧਰ ਤੋਂ ਸੀ। ਉਸਦਾ ਜਨਮ 4.2.1917 ਵਿਚ ਹੋਇਆ ਸੀ। ਸਾਡੇ ਚਾਰ ਬੱਚੇ ਭਗਵੰਤ ਸਿੰਘ, ਬਲਦੇਵ ਕੌਰ, ਗੁਰਮੀਤ ਸਿੰਘ ਤੇ ਬਲਬੀਰ ਸਿੰਘ ਹਨ। ਜਿਨ੍ਹਾਂ ਵਿਚੋਂ ਪਿਛਲੇ ਤਿੰਨ ਡਾਕਟਰ ਹਨ। ਬਲਬੀਰ ਸਿੰਘ ਦੀ ਪਤਨੀ, ਰਵਿੰਦਰ ਕੌਰ ਵੀ ਡਾਕਟਰ ਹੈ। ਸਾਡੇ ਬੱਚੇ ਐਲਡੋਰੈਟ ਸ਼ਹਿਰ, ਕੇਨੀਆਂ ਦੇ ਜੰਮਪਲ ਹਨ।

ਮੇਰੇ ਪਿਤਾ ਜੀ ਨੇ ਪੰਦਰਾਂ ਸਾਲ ਦੀ ਉਮਰ ਵਿਚ ਅੰਮ੍ਰਿਤ ਛਕਿਆ ਸੀ, ਉਹ 1900 ਈ. ਵਿਚ ਰਸਾਲੇ ਵਿਚ ਭਰਤੀ ਹੋ ਗਏ ਸਨ ਅਤੇ ਪਹਿਲੇ ਸੰਸਾਰ ਯੁੱਧ ਵਿਚ ਫ਼ਰਾਂਸ ਗਏ ਸਨ। ਉਥੇ ਬਰਫ਼ ਨਾਲ ਉਨ੍ਹਾਂ ਦੇ ਪੈਰ ਗਲ ਗਏ। ਇਸ ਲਈ ਉਨ੍ਹਾਂ ਨੇ ਪੈਨਸ਼ਨ ਲੈ ਲਈ ਸੀ। ਉਸ ਵੇਲੇ ਉਹ ਨਾਇਕ

ਲਾਂਸਰ ਸਨ। 1916 ਵਿਚ ਆਪਣੇ ਪਿੰਡ ਆ ਗਏ ਤੇ ਗਰਮੀ ਨਾਲ ਉਨ੍ਹਾਂ ਦੇ ਪੈਰ ਠੀਕ ਹੋ ਗਏ ਸਨ।

ਪਹਿਲਿਆਂ ਦਾ ਤਾਂ ਪਤਾ ਨਹੀਂ ਪਰ ਮੈਂ ਆਪਣੇ ਪੜਦਾਦੇ ਰਾਮ ਸਿੰਘ ਤੋਂ ਸਾਰੇ ਬਜ਼ੁਰਗ ਦੇਖੇ ਹੋਏ ਹਨ। ਸਾਰੇ ਸਿੱਖੀ ਬਾਣੇ ਵਿਚ ਸਨ। ਮੇਰੇ ਪਿਤਾ ਜੀ ਵੀ ਸ਼ਰਾਬ ਆਦਿਕ ਕੋਈ ਅਮਲ ਨਹੀਂ ਸਨ ਕਰਦੇ। ਨਿਤਨੇਮ ਸਮੇਤ ਉਨ੍ਹਾਂ ਦੇ ਆਸਾ ਦੀ ਵਾਰ ਤੇ ਸੁਖਮਨੀ ਸਾਹਿਬ ਯਾਦ ਸਨ। ਵਾਜੇ ਨਾਲ ਇਕੱਲੇ ਹੀ ਆਸਾ ਦੀ ਵਾਰ ਲਗਾਉਂਦੇ ਸਨ। ਤੜਕੇ ਹੀ ਉਚੀ ਉਚੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਨ। ਇਨ੍ਹਾਂ ਗੁਣਾਂ ਦਾ ਮੇਰੇ ਤੇ ਵੀ ਚੰਗਾ ਪ੍ਰਭਾਵ ਪਿਆ।

ਜਦ 1921 ਵਿਚ ਸਾਡੇ ਪਿੰਡ ਗੁਰਦੁਆਰਾ ਬਣਨਾ ਸ਼ੁਰੂ ਹੋਇਆ ਤਾਂ ਮੇਰੇ ਪਿਤਾ ਜੀ ਨੇ ਸਾਡੇ ਪਿੰਡ ਵਿਚੋਂ ਬਾਰ ਵਿਚ ਵੱਸਦੇ ਸਿੰਘਾਂ ਪਾਸ ਜਾ ਕੇ ਗੁਰਦੁਆਰੇ ਲਈ ਉਗਰਾਹੀ ਕਰਕੇ ਲਿਆਂਦੀ ਸੀ।

ਮੈਨੂੰ ਬਚਪਨ ਤੋਂ ਹੀ ਗੁਰਦੁਆਰੇ ਜਾਣ ਦਾ ਤੇ ਕੀਰਤਨ ਵਿਚ ਹਿੱਸਾ ਲੈਣ ਦਾ ਸ਼ੌਕ ਸੀ। ਮੈਂ ਹਰ ਇਕ ਦੀਵਾਨ ਵਿਚ ਹਾਜ਼ਰੀ ਲੁਆਂਦਾ ਸਾਂ। ਅਸੀਂ ਆਪਣੇ ਘਰ ਦੇ ਤੇ ਟੱਬਰ ਦੇ ਨਿਆਣੇ 'ਗੁਰਦੁਆਰਾ-ਗੁਰਦੁਆਰਾ' ਖੇਲਦੇ ਸੀ। ਕਿਸੇ ਕਿਤਾਬ ਨੂੰ ਗੁਰੂ ਗ੍ਰੰਥ ਸਾਹਿਬ ਮੰਨ ਲੈਂਦੇ ਸੀ। ਗੁੱਡੀਆਂ ਦੇ ਪਟੋਲਿਆਂ ਨੂੰ ਰੁਮਾਲੇ, ਪੱਖੀ ਨੂੰ ਚੌਰੀ ਤੇ ਭੈਣ ਦੀਆਂ ਚੁੰਨੀਆਂ ਨੂੰ ਚਾਨਣੀ ਬਣਾ ਲੈਂਦੇ ਸੀ। ਕਿਸੇ ਪਾਣੀ ਦੇ ਢੋਲ ਨੂੰ ਢੋਲਕੀ ਤੇ ਇਕ ਹੋਰ ਕਿਤਾਬ ਨੂੰ ਵਾਜੇ ਵਾਂਗ ਵਜਾਂਦੇ ਸੀ। ਕੜਾਹ ਪ੍ਰਸ਼ਾਦ ਦੀ ਥਾਂ ਰੁੱਤ ਅਨੁਸਾਰ ਉਬਾਲੇ ਹੋਏ ਗੰਢੇ, ਗੁੜ ਜਾਂ ਜਾਮਨਾਂ ਵੰਡੀਆਂ ਜਾਂਦੀਆਂ ਸਨ। ਪਿਛੋਂ ਇਹ ਖੇਲ ਥੋੜਾ ਬਦਲਕੇ ਸਾਡੇ ਬੱਚੇ ਵੀ ਕੇਨੀਆ ਵੀ ਵਿਚ ਖੇਲਦੇ ਰਹੇ ਹਨ।

ਉਦੋਂ ਮੈਂ ਗੁਰਬਾਣੀ ਦੀਆਂ ਤੁਕਾਂ ਗ਼ਲਤ ਹੀ ਪੜ੍ਹਦਾ ਸਾਂ। 'ਸਚੁ ਸਾਹੁ ਹਮਾਰਾ ਤੂੰ ਧਣੀ' ਨੂੰ ਮੈਂ 'ਸੱਚ ਸ਼ਾਹ ਹਮਾਰਾ ਧੂਤਨੀ' ਉਚਾਰਦਾ ਸੀ ਅਤੇ ਖਿਆਲ ਕਰਦਾ ਸੀ ਕਿ ਧੂਤਨੀ ਦਾ ਕੀ ਮਤਲਬ ਹੋਇਆ ? 'ਪਸ਼ੂ ਪਰੇਤ ਮੁਕਤ ਕੋ ਤਾਰੇ' ਪੜ੍ਹਦਾ ਸਾਂ। ਮੇਰੀਆਂ ਇਹ ਗ਼ਲਤੀਆਂ ਮੇਰੇ ਪਿਤਾ ਜੀ ਨੇ ਸੁਧਾਰੀਆਂ ਸਨ।

ਸੱਤ ਕੁ ਸਾਲ ਦੀ ਉਮਰ ਵਿਚ ਮੈਂ ਇਕ ਦਿਨ ਬਾਹਰੋਂ ਆਇਆ ਤਾਂ ਸਾਡੇ ਘਰ ਦਸਵੇਂ ਪਾਤਸ਼ਾਹ ਦੀ ਤਸਵੀਰ ਸੀ ਜਿਸ ਤੇ ਗਰਦ ਪਈ ਹੋਈ ਸੀ। ਘਰ ਉਸ ਵੇਲੇ ਕੋਈ ਹੋਰ ਨਹੀਂ ਸੀ। ਮੈਂ ਉੱਚੀਆਂ ਬਾਹਾਂ ਕਰਕੇ ਉੱਚੀ ਉੱਚੀ ਲੈਕਚਰ ਦੇਣਾ ਸ਼ੁਰੂ ਕੀਤਾ, "ਖਾਲਸਾ ਜੀ, ਅਸੀਂ ਕਿੰਨੇ ਬੇਵਕੂਫ ਹਾਂ ਕਿ ਗੁਰੂ ਸਾਹਿਬ ਦੀਆਂ ਤਸਵੀਰਾਂ ਤਾਂ ਆਪਣੇ ਘਰੀਂ ਲਾ ਲੈਂਦੇ ਹਾਂ ਪਰ ਉਪਰ ਪਈ ਗਰਦ ਨਹੀਂ ਝਾੜਦੇ।" ਜਦ ਨੂੰ ਮੇਰੇ ਮਾਤਾ ਜੀ ਆ ਗਏ ਤੇ ਕਹਿਣ ਲਗੇ, "ਵੇ ! ਇਹ ਤੂੰ ਕੀ ਕਰਦਾ ਹੈਂ?" ਮੈਂ ਸ਼ਰਮਿੰਦਾ ਹੋ ਗਿਆ। ਇਹ ਸਮਝੋ ਮੇਰਾ ਪਹਿਲਾ ਲੈਕਚਰ ਸੀ ਅਤੇ ਮੇਰੀਆਂ ਤਰਕਸ਼ੀਲ ਰੁਚੀਆਂ ਦਾ ਬਚਪਨ।

ਦੂਜੀ ਜਮਾਤ ਵਿਚ ਸਾਡੀ ਉਰਦੂ ਦੀ ਕਿਤਾਬ ਵਿਚ ਇਕ ਸਬਕ ਸੀ 'ਪੰਡਿਤ ਜ਼ੀ ਕੀ ਬਹਿਲੀ'। ਉਸ ਵਿਚ ਲਿਖਿਆ ਸੀ, "ਬਹਿਲੀ ਜਾ ਰਹੀ ਹੈ। ਅੰਦਰ ਪੰਡਿਤ ਜੀ ਮਹਾਰਾਜ ਬੈਠੇ ਹੈਂ"। ਪੰਡਿਤ ਜੀ ਦੀ ਤਸਵੀਰ ਰੰਗੀਨ ਸੀ। ਮੈਨੂੰ ਇਹ ਤਾਂ ਸਮਝ ਨਹੀਂ ਸੀ ਕਿ ਪੰਡਿਤ ਕੌਣ ਹੁੰਦਾ ਹੈ ? ਆਪਣੇ ਪਿਤਾ ਜੀ ਨੂੰ ਕਿਹਾ, ਇਹ ਕਿਤਾਬ ਕਿੰਨੀ ਗਲਤ ਹੈ। ਇਨਾ ਗੁਰੂ ਜੀ ਮਹਾਰਾਜ ਨੂੰ ਪੰਡਤ ਜੀ ਮਹਾਰਾਜ ਲਿਖਿਆ ਹੈ ਤੇ ਨਾਲੇ ਤਸਵੀਰ ਵਿਚ ਦਾੜ੍ਹੀ ਮੁੱਛਾਂ ਵੀ ਨਹੀਂ ਲਾਈਆਂ। ਪੱਗ ਵੀ ਸਿੱਖਾਂ ਵਾਲੀ ਨਹੀਂ ਹੈ। ਨਾਲੇ ਧੋਤੀ ਵੀ ਲਾਈ ਹੋਈ ਹੈ।" ਮੇਰੇ ਪਿਤਾ ਜੀ ਨੇ ਦੱਸਿਆ ਕਿ ਇਹ ਤਸਵੀਰ ਗੁਰੂ ਜੀ ਦੀ ਨਹੀਂ ਹੈ, ਸਕੂਲ ਵਿਚ ਪੜ੍ਹਾਉਣ ਜਾ ਰਹੇ ਹਿੰਦੂ ਟੀਚਰ ਦੀ ਹੈ।

ਸਾਡੇ ਪਿੰਡ ਦੇ ਲਾਗੇ ਸੰਤ ਭਾਗ ਸਿੰਘ ਜੀ ਦਾ ਡੇਰਾ ਸੀ। ਅਸੀਂ ਕਈ ਮੁੰਡੇ ਰਲਕੇ ਕਦੀ ਕਦੀ ਉਨ੍ਹਾਂ ਦੇ ਡੇਰੇ ਜਾਂਦੇ ਸਾਂ। ਆਉਂਦੇ ਜਾਂਦੇ ਰਾਹ ਵਿਚ ਢੋਲਕੀ ਨਾਲ ਜੋਟੀਆਂ ਦੇ ਸ਼ਬਦ ਪੜ੍ਹਦੇ ਸਾਂ। ਛੋਟੀ ਢੋਲਕੀ ਇਕ ਮੁੰਡੇ ਦੇ ਬਾਪ ਨੇ ਅੰਮ੍ਰਿਤਸਰ ਤੋਂ ਲਿਆਂਦੀ ਸੀ।

ਮੈਨੂੰ ਇਕ ਹੋਰ ਗੱਲ ਯਾਦ ਆ ਗਈ। ਇਕ ਵਾਰ ਮੈਂ ਰੁੱਸ ਕੇ ਕੋਠੇ ਤੇ ਚੜ੍ਹ ਗਿਆ ਤੇ ਰੋਟੀ ਖਾਣ ਲਈ ਵੀ ਥੱਲੇ ਨਾ ਆਇਆ। ਜਦ ਮੇਰੇ ਪਿਤਾ ਜੀ ਮੈਨੂੰ ਮਨਾਉਣ ਆਏ ਤਾਂ ਮੈਂ ਅਗੋਂ "ਰੁਖੀ ਸੁਖੀ ਖਾਇ ਕੈ ...... "ਵਾਲਾ ਫ਼ਰੀਦ ਜੀ ਦਾ ਸ਼ਲੋਕ ਪੜ੍ਹ ਦਿੱਤਾ। ਉਹ ਹੱਸ ਪਏ ਤੇ ਮਨਾਕੇ ਮੈਨੂੰ ਲੈ ਗਏ।

ਅਸੀਂ 'ਬਾਬਾ ਦੀਪ ਸਿੰਘ' ਦੀ ਵੀ ਖੇਡ ਖੇਡਿਆ ਕਰਦੇ ਸਾਂ। 'ਬਾਬਾ ਦੀਪ ਸਿੰਘ' ਉਹੀ ਮੁੰਡੇ ਬਣਿਆਂ ਕਰਦੇ ਸਨ ਜਿਨ੍ਹਾਂ ਦੇ ਪੱਗ, ਕਮੀਜ਼ ਤੇ ਕਛਿਹਰਾ ਹੋਵੇ। ਹੱਥ ਵਿਚ ਕਪਾਹ ਦੀ ਛਿਟੀ ਦੀ ਤਲਵਾਰ ਲੈ ਕੇ 'ਦੁਸ਼ਟਾਂ' ਨੂੰ ਮਾਰਦੇ ਸਨ। ਖੱਬੇ ਹੱਥ ਤੇ ਫ਼ਰਜ਼ੀ ਤੌਰ ਤੇ ਸੀਸ ਰੱਖਦੇ ਸਨ। 'ਦੁਸ਼ਟ' ਡਿੱਗ ਡਿੱਗ ਕੇ ਮਰੀ ਜਾਂਦੇ ਸਨ। ਜੋ 'ਬਾਬਾ ਦੀਪ ਸਿੰਘ' ਬਣਦਾ ਸੀ ਉਹ ਪੱਗ ਦਾ ਪਿਛਲਾ ਲੜ ਖਿਲਾਰ ਕੇ ਗਰਦਨ ਢੱਕ ਲੈਂਦਾ ਸੀ।

1919 ਵਿਚ ਮੈਨੂੰ ਡਿਸਟ੍ਰਿਕ ਬੋਰਡ ਪ੍ਰਾਇਮਰੀ ਸਕੂਲ, ਮਸਾਣੀਆਂ ਵਿਚ ਦਾਖ਼ਿਲ ਕਰਵਾਇਆ ਗਿਆ। ਉਸ ਵੇਲੇ ਭਾਵੇਂ ਮੈਂ ਸੱਤ ਸਾਲਾਂ ਦਾ ਸੀ, ਮੇਰੀ ਉਮਰ ਛੇ ਸਾਲ ਲਿਖਾਈ ਗਈ ਤਾਂ ਕਿ ਵਜ਼ੀਫ਼ਾ ਮਿਲ ਸਕੇ, ਜੋ ਅਠਵੀਂ ਜਮਾਤ ਤਾਈਂ ਮਿਲਦਾ ਰਿਹਾ।

ਪੰਜਵੀਂ ਜਮਾਤ ਵਿਚ ਮੈਨੂੰ ਖ਼ਾਲਸਾ ਹਾਈ ਸਕੂਲ, ਕਾਲਰਾ ਵਿਚ ਦਾਖ਼ਿਲ ਕਰਾਇਆ ਗਿਆ। ਉਥੇ ਮੈਨੂੰ ਅਠਵੀਂ ਦੇ ਅੰਤ ਵਿਚ ਵਰਨੈਕੂਲਰ ਫਾਈਨਲ ਪਾਸ ਕਰਨ ਸਦਕਾ ਫਿਰ ਦੋ ਸਾਲ ਲਈ ਮਾਸਿਕ ਵਜ਼ੀਫ਼ਾ ਮਿਲਦਾ ਰਿਹਾ। ਸਕੂਲ ਵਿਚ ਗੁਰਪੁਰਬਾਂ ਤੇ ਸਾਡਾ ਤਿੰਨ ਮੁੰਡਿਆਂ ਦਾ ਜੱਥਾ ਸ਼ਬਦ ਪੜ੍ਹਿਆ ਕਰਦਾ ਸੀ, ਜਿਸ ਦੀ ਸਾਨੂੰ ਟਰੇਨਿੰਗ ਦਿੱਤੀ ਜਾਂਦੀ ਸੀ। ਸਿੱਧੀਆਂ ਧਾਰਨਾਂ ਦੇ ਅਸੈਂਬਲੀ ਵਿਚ ਵੀ ਸ਼ਬਦ ਪੜ੍ਹਦੇ ਸੀ। ਕਵਿਤਾਵਾਂ ਵੀ ਕਈ ਵਾਰ ਗਾਉਂਦੇ ਸੀ

ਤੇ ਲੇਖ ਵੀ ਕਈ ਵਾਰ ਪੜ੍ਹਦੇ ਸੀ, ਕਈ ਵਾਰ ਇਨਾਮ ਵੀ ਮਿਲਦੇ ਸਨ। ਕਾਲਰੇ ਦਾਖ਼ਲ ਹੋਕੇ ਮੈਨੂੰ ਪਹਿਲਾਂ ਪੰਜਾਬੀ ਚੰਗੀ ਤਰ੍ਹਾਂ ਨਹੀਂ ਸੀ ਆਉਂਦੀ। ਸਤਵੀਂ ਵਿਚ ਸਾਨੂੰ ਪੰਜਾਬੀ ਪੜ੍ਹਾਉਣ ਵਾਲੇ ਇਕ ਗਿਆਨੀ ਜੀ ਬਹੁਤ ਸਖ਼ਤ ਸਨ। ਉਨ੍ਹਾਂ ਤੋਂ ਡਰਦਿਆਂ, ਗਰਮੀਆਂ ਦੀਆਂ ਡੇਢ ਮਹੀਨੇ ਦੀਆਂ ਛੁੱਟੀਆਂ ਵਿਚ ਮੈਂ ਆਪ ਹੀ ਕਰਤਾਰ ਸਿੰਘ ਕਲਾਸਵਾਲੀਏ ਦਾ ਬੈਂਤਾਂ ਵਿਚ ਲਿਖਿਆਂ ਹੋਇਆ 'ਬੰਦਾ ਬਹਾਦਰ' ਪੜ੍ਹਿਆ ਅਤੇ ਮੈਨੂੰ ਪੰਜਾਬੀ ਬਹੁਤ ਸੁਹਣੀ ਆ ਗਈ। ਉਨੀਂ ਦਿਨੀਂ ਮੈਂ ਬੜਾ ਹੈਰਾਨ ਹੁੰਦਾ ਸਾਂ ਕਿ ਗੁਰਬਾਣੀ ਵਿਚ 'ਲਾਵਾਂ' ਦੀ ਥਾਂ 'ਦੁਲਾਵਾਂ' ਕਿਉ ਲਾਈਆ ਜਾਂਦੀਆਂ ਹਨ ਤੇ ਸ਼ਬਦ ਦੇ ਪਿਛਲੇ ਅੱਖਰ ਨੂੰ 'ਿ' ਤੇ '-' ਕਿਉਂ ਬੋਲਿਆ ਜਾਂਦਾ ਹੈ ਅਤੇ ਕਈ ਸ਼ਬਦਾਂ ਨੂੰ ਹਿੰਦੀ ਵਾਂਗ ਕਿਉਂ ਬੋਲਿਆ ਜਾਂਦਾ ਹੈ।

ਮੈਂ ਦਸਵੀਂ ਵਿਚ ਸਾਂ। ਸਾਡੇ ਸਕੂਲ 'ਅਖੰਡ ਪਾਠ' ਹੋ ਰਿਹਾ ਸੀ। ਪਾਠੀ ਸਿੰਘ ਉਠਣਾ ਚਾਹੁੰਦਾ ਸੀ। ਉਸਦੇ ਥਾਂ ਬੈਠਣ ਵਾਲਾ ਹੋਰ ਕੋਈ ਨਹੀਂ ਸੀ। ਗਿਆਨੀ ਜੀ ਕਲਾਸ ਵਿਚੋਂ ਮੈਨੂੰ ਲੈ ਗਏ ਤੇ ਮੱਲੋ ਮੱਲੀ ਮੈਨੂੰ ਪਾਠ ਕਰਨ ਲਾ ਦਿੱਤਾ। ਮੈਂ ਕਿਹਾ ਵੀ ਕਿ ਮੈਂ ਕਦੇ ਅਖੰਡ ਪਾਠ ਵਿਚ ਸ਼ਾਮਲ ਨਹੀਂ ਹੋਇਆ। ਕਹਿਣ ਲਗੇ, "ਤੂੰ ਫ਼ਿਕਰ ਨਾ ਕਰ। 'ਸੋਰਠ ਰਾਗ' ਹੈ, ਇਹ ਸੁਖਾਲਾ ਹੀ ਪਾਠ ਹੈ।" ਸੱਚੀਂ ਮੁਚੀਂ ਪਾਠ ਸੁਖਾਲਾ ਹੀ ਨਿਕਲਿਆ ਤੇ ਮੈਂ ਕੁਝ ਚਿਰ ਪਾਠ ਕੀਤਾ। ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਪਦਛੇਦ ਵਾਲੇ ਨਹੀਂ ਸਨ ਹੁੰਦੇ।

1928 ਵਿਚ ਮੈਂ ਇਕ ਦਿਨ ਆਪਣੇ ਪਿੰਡ ਦੇ ਰਵਿਦਾਸੀਏ ਸਿੰਘਾਂ ਦੇ ਘਰ ਜਾ ਕੇ ਪਾਠ ਦੇ ਭੋਗ ਤੇ ਕੜਾਹ ਪ੍ਰਸ਼ਾਦ ਲੈ ਲਿਆ। ਵਿਰੋਧੀ ਲੋਕਾਂ ਨੇ ਮੇਰੇ ਮਾਂ-ਬਾਪ ਨੂੰ ਬਾਈਕਾਟ ਕਰਨ ਦੀਆਂ ਧਮਕੀਆਂ ਦਿੱਤੀਆਂ। ਮੈਨੂੰ ਬਿਰਧਾਂ ਦੀ ਸੰਗਤ ਦਾ ਸ਼ੌਕ ਸੀ। ਉਹਨੀ ਦਿਨੀ ਮੈਂ ਮਾਸਿਕ ਪੱਤਰ ਫੁਲਵਾੜੀ ਤੇ ਪ੍ਰੀਤਮ ਮੰਗਵਾਇਆ ਕਰਦਾ ਸੀ ਤੇ ਸਕੂਲ ਦੇ ਗਿਆਨੀ ਜੀ ਨੂੰ ਵੀ ਪੜ੍ਹਨ ਲਈ ਦਿੰਦਾ ਸੀ। ਮੈਂ ਫੁਲਵਾੜੀ ਦੇ ਛੂਤ ਤੋੜਕ ਅੰਕ ਅਤੇ ਸ੍ਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪਾਈ ਹੋਈ ਪੁਸਤਕ ਗੁਰਮਤ ਤੇ ਛੂਤ-ਛਾਤ ਵਿਚੋਂ ਲੇਖ ਪੜ੍ਹ ਪੜ੍ਹ ਕੇ ਬਿਰਧਾ ਤੇ ਸਿਆਣੇ ਬੰਦਿਆਂ ਨੂੰ ਸੁਣਾਏ ਤੇ ਇਸ ਤਰ੍ਹਾਂ ਸਾਰਾ ਵਿਰੋਧ ਸ਼ਾਂਤ ਹੋ ਗਿਆ। ਬਲਕਿ ਚੁਮਾਰਾਂ ਨੂੰ ਵੀ ਗੁਰਦੁਵਾਰੇ ਦੇ ਅੰਦਰ ਬੈਠਕੇ ਕੜ੍ਹਾਹ ਪ੍ਰਸ਼ਾਦ ਲੈਣ ਦੀ ਆਗਿਆ ਮਿਲ ਗਈ।

ਇਵੇਂ ਹੀ ਇਕ ਵਾਰ 1929 ਦੇ ਸ਼ੁਰੂ ਵਿਚ ਸਾਡੇ ਇਕ ਕੁੜਮਾਈ ਦੀ ਰਸਮ ਵਿਚ, ਪਿੰਡ ਦੇ ਸ਼ਬਦੀ ਜਥੇ ਦੇ ਮੈਂਬਰ ਇਕ ਘੁਮਾਰਾਂ ਦੇ ਮੁੰਡੇ, ਦੇ ਸੰਗਤ ਵਿਚ ਬੈਠਣ ਤੇ ਜੱਟਾਂ ਨੇ ਇਤਰਾਜ਼ ਕੀਤਾ। ਉਹ ਵਿਚਾਰਾ ਉਠਕੇ ਚਲਾ ਗਿਆ। ਪਰੋਟੈਸਟ ਵਜੋਂ ਮੈਂ ਵੀ ਉਠਕੇ ਚਲਾ ਗਿਆ। ਪਿਛੋਂ ਮੁੰਡੇ ਦੀ ਦਾਦੀ ਨੇ ਮੈਨੂੰ ਕਿਹਾ, ਤੂੰ ਉਠਕੇ ਚਲਾ ਗਿਆ ? ਅਸੀਂ ਵੀ ਤੇਰੇ ਵਿਆਹ ਵਿਚ ਸ਼ਾਮਲ ਨਹੀ ਹੋਣਾ। ਮੈ ਕਿਹਾ, ਬਜੁਰਗਾਂ ਦੀ ਤਾਂ ਹਮੇਸ਼ਾਂ ਲੋੜ ਹੈ। ਜੇ ਕਿਸੇ ਖਾਸ ਕਾਰਣ ਕਰਕੇ

ਤੁਸੀ ਨਾ ਆਏ ਤਾਂ ਠੀਕ ਹੈ ਜੇ ਸਿਰਫ ਮੈਥੋਂ ਬਦਲਾ ਲੈਣ ਲਈ ਹੀ ਨਾ ਆਉਣਾ ਹੋਇਆ ਤਾਂ ਬੇਸ਼ਕ ਨਾ ਆਇਓ, ਮੇਰਾ ਵਿਆਹ ਤਾਂ ਫਿਰ ਵੀ ਹੋ ਜਾਵੇਗਾ।

ਮੈਂ 1929 ਵਿਚ ਖ਼ਾਲਸਾ ਕਾਲਜ, ਅਮ੍ਰਿਤਸਰ ਦਾਖਿਲ ਹੋਇਆ। ਸਰਦਾਰ ਤੇਜਾ ਸਿੰਘ ਜੀ ਅਕਰਪੁਰੀ, ਜਥੇਦਾਰ ਅਕਾਲ ਤਖ਼ਤ, ਮੈਨੂੰ ਮਾਸਟ਼ਰ ਤਾਰਾ ਸਿੰਘ ਜੀ ਦੇ ਭਰਾ ਪ੍ਰੋਫੈਸਰ ਨਿਰੰਜਨ ਸਿੰਘ ਜੀ ਪਾਸ ਲੈ ਗਏ। ਜਿੰਨ੍ਹਾਂ ਨੇ ਅਗੋਂ ਮੈਨੂੰ ਪ੍ਰਿੰਸੀਪਲ ਬਿਸ਼ਨ ਸਿੰਘ ਜੀ ਪਾਸ ਲਿਜਾ ਕੇ ਦਾਖ਼ਲ ਕਰਵਾਇਆ। ਕਾਲਜ ਵਿਚ ਪ੍ਰੋਫੈਸਰ ਤੇਜਾ ਸਿੰਘ ਜੀ ਰੋਜ਼ ਸਵੇਰੇ ਗੁਰਦੁਵਾਰੇ ਵਿਚ ਕਥਾ ਕਰਿਆ ਕਰਦੇ ਸਨ। ਪੰਜ ਛੇ ਮੁੰਡੇ ਹੀ ਉਨ੍ਹਾਂ ਨੂੰ ਸੁਣਿਆ ਕਰਦੇ ਸਨ, ਜਿੰਨ੍ਹਾਂ ਵਿਚੋਂ ਇਕ ਮੈਂ ਵੀ ਸਾਂ, ਇਸ ਕਰਕੇ ਪ੍ਰੋਫੈਸਰ ਤੇਜਾ ਸਿੰਘ ਜੀ ਨਾਲ ਮੇਰੇ ਬਹੁਤ ਚੰਗੇ ਸੰਬੰਧ ਸਨ।

ਇਕ ਦਿਨ 1931 ਦੀਆਂ ਗਰਮੀਆਂ ਵਿਚ ਮੈਂ ਛੋਟੇ ਸ਼ਿਮਲੇ ਸੜਕ ਤੇ ਜਾ ਰਿਹਾ ਸਾਂ। ਅਗੋਂ ਭਾਈ ਕਾਨ੍ਹ ਸਿੰਘ ਜੀ ਨਾਭਾ ਰਿਕਸ਼ੇ ਵਿਚ ਆ ਰਹੇ ਸਨ। ਅਸੀਂ ਇਕ ਦੂਜੇ ਵਲ ਦੇਖਿਆ। ਜਦ ਮੈਂ ਉਨ੍ਹਾਂ ਪਾਸੋਂ ਲੰਘਣ ਲਗਾ ਤਾਂ ਉਨ੍ਹਾਂ ਰਿਕਸ਼ਾ ਖੜਾ ਕਰਕੇ ਮੈਨੂੰ ਫਤਹਿ ਬੁਲਾਈ ਅਤੇ ਕਿਹਾ, ਕਾਕਾ, ਇਕ ਦੂਜੇ ਨੂੰ ਫ਼ਤਹਿ ਬੁਲਾਈ ਦੀ ਹੈ। ਇਸ ਵਿਚ ਬੰਦੇ ਦਾ ਕੁਝ ਘਟ ਨਹੀ ਜਾਂਦਾ। ਮੈਂ ਬੜਾ ਸ਼ਰਮਿੰਦਾ ਹੋਇਆ ਤੇ ਉਨ੍ਹਾਂ ਤੋਂ ਮੁਆਫੀ ਮੰਗੀ। ਪਿਛੋਂ ਉਹ ਮੇਰੇ ਵਾਕਿਫ ਹੋ ਗਏ। ਇਕ ਦਿਨ ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਕਰਵਾਉਣ। ਕਹਿਣ ਲਗੇ ਮੇਰੇ ਪਾਸ ਜ਼ਿਆਦਾ ਵਿਹਲ ਨਹੀ। ਤੂੰ ਕਿਸੇ ਹੋਰ ਵਿਦਵਾਨ ਪਾਸੋਂ ਅਰਥ ਕਰ ਲੈ। ਜੇ ਫਿਰ ਵੀ ਤੇਰੀਆ ਕੋਈ ਮੁਸ਼ਕਲਾਂ ਹੋਣ ਤਾਂ ਤੂੰ ਨਾਲ ਨਾਲ ਨੋਟ ਕਰਦਾ ਰਹੀਂ। ਫਿਰ ਦੋ ਕੁ ਮਹੀਨੇ ਸਮਾਂ ਦੇ ਕੇ ਤੇਰੀਆਂ ਮੁਸ਼ਕਿਲਾਂ ਹੱਲ ਕਰ ਦਿਆਂਗੇ। ਪਿਛੋਂ ਜਦ ਮੈਂ ਪ੍ਰੋਫੈਸਰ ਸਾਹਿਬ ਸਿੰਘ ਜੀ ਤੋਂ ਅਰਥ ਪੜ੍ਹੇ ਤਾਂ ਮੈਨੂੰ ਸਮਝ ਲਗੀ ਕਿ ਪ੍ਰੋਫੈਸਰ ਸਾਹਿਬ ਸਿੰਘ ਜੀ ਨੂੰ ਤਾਂ ਉਨ੍ਹਾਂ ਨਾਲੋਂ ਜਿਆਦਾ ਗਿਆਨ ਸੀ ਅਤੇ ਮੇਰੀਆਂ ਮੁਸ਼ਕਿਲਾ ਰਹੀਆਂ ਹੀ ਨਾ।

ਪ੍ਰੋਫੈਸਰ ਸਾਹਿਬ ਸਿੰਘ ਜੀ ਤੋਂ ਅਰਥ ਪੜ੍ਹਨ ਦੇ ਦੌਰਾਨ ਇਕ ਸਮੇਂ ਮੇਰਾ ਭਾਈ ਕਾਨ੍ਹ ਸਿੰਘ ਜੀ ਨਾਲ ਫਿਰ ਮੇਲ ਹੋਇਆ। ਉਨ੍ਹਾਂ ਭੈਰਉ ਕਬੀਰ ਜੀ ਦੇ ਸ਼ਬਦ ਵਿਚੋਂ ਤੁਕ 'ਖਾਈ ਕੋਟੁ ਨ ਪਰਲ ਪਗਾਰਾ' ਨੂੰ ਪੜ੍ਹਨ ਲਈ ਤੇ ਫਿਰ ਉਸ ਦਾ ਅਰਥ ਕਰਨ ਲਈ ਕਿਹਾ। ਜਦ ਮੈਂ ਤੁਕ ਦਾ ਠੀਕ ਪਾਠ ਕੀਤਾ ਤੇ ਠੀਕ ਅਰਥ ਕੀਤੇ ਤਾਂ ਬੜੇ ਖੁਸ਼ ਹੋਏ ਅਤੇ ਕਹਿਣ ਲੱਗੇ ਤੂੰ ਬੜੇ ਵਿਦਵਾਨ ਦੇ ਲੜ ਲਗਾ ਹੈਂ। ਵਾਹਿਗੁਰੂ ਤੈਨੂੰ ਸਫ਼ਲਤਾ ਬਖ਼ਸ਼ੇ।

ਅੰਮ੍ਰਿਤ ਵੀ ਮੈਂ 1931 ਦੀਆਂ ਗਰਮੀਆਂ ਵਿਚ ਸ਼ਿਮਲੇ ਛਕਿਆ ਸੀ। ਪਰ ਮੈਨੂੰ ਨਿਤਨੇਮ ਦੀਆਂ ਬਾਣੀਆਂ ਪਹਿਲਾਂ ਹੀ ਯਾਦ ਸਨ ਅਤੇ ਮੈਂ ਸ਼ਰਾਬ ਜਾਂ ਮਾਸ ਨਹੀਂ ਵਰਤਿਆ ਸੀ। ਮੈਨੂੰ ਕੁਦਰਤੀ ਹੀ ਇਹਨਾਂ ਚੀਜ਼ਾਂ ਤੋਂ ਨਫ਼ਰਤ ਹੈ।

ਸੋਹਿਲਾ ਮੈਂ 1921 ਵਿਚ ਯਾਦ ਕੀਤਾ ਸੀ। ਅੱਠ ਦਿਨਾਂ ਵਿਚ ਮੈਂ ਜਾਪ

ਸਾਹਿਬ 1929 ਵਿਚ ਯਾਦ ਕੀਤਾ। 1929 ਵਿਚ ਹੀ ਇਕ ਦਿਨ ਵਿਚ ਅਨੰਦ ਸਾਹਿਬ ਅਤੇ ਇਕੋ ਹੀ ਦਿਨ ਵਿਚ 1932 ਵਿਚ ਆਸਾ ਦੀ ਵਾਰ ਯਾਦ ਕੀਤੀ। ਉਸੇ ਸਾਲ ਛੇ ਦਿਨਾਂ ਵਿਚ ਸੁਖਮਨੀ ਸਾਹਿਬ ਯਾਦ ਕੀਤਾ। ਅਕਾਲ ਉਸਤਤ ਵਿਚੋਂ ਕੁਝ ਬਾਣੀ, ਦਸਵੇਂ ਪਾਤਸ਼ਾਹ ਦੇ 32 ਸਵੱਈਏ ਅਤੇ ਸ਼ਬਦ ਪਾਤਸ਼ਾਹੀ ਦੱਸਵੀਂ 1984-1985 ਵਿਚ ਯਾਦ ਕੀਤੇ। ਬਾਕੀ ਬਾਣੀਆਂ ਪਾਠ ਕਰਦਿਆਂ ਹੀ ਯਾਦ ਹੋ ਗਈਆਂ ਸਨ। ਯਾਦ ਸ਼ਕਤੀ ਵਾਹਿਗੁਰੂ ਨੇ ਚੰਗੀ ਬਖ਼ਸ਼ੀ ਹੈ। ਮੈਂ ਸਾਰੀਆਂ ਯਾਦ ਕੀਤੀਆਂ ਹੋਈਆਂ ਬਾਣੀਆਂ ਦਾ ਰੋਜ਼ ਸਾਢੇ ਤਿੰਨ ਘੰਟਿਆਂ ਵਿਚ ਪਾਠ ਕਰਦਾ ਹਾਂ।

ਮੇਰੀ ਪਤਨੀ ਨੇ ਵੀ ਵਿਆਹ ਤੋਂ ਪਹਿਲਾਂ 1931 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕਿਆ ਸੀ।

ਮੈਂ ਪ੍ਰੋਫੈਸਰ ਸਾਹਿਬ ਸਿੰਘ ਜੀ ਤੋਂ 1934-35 ਵਿਚ ਗੁਰਬਾਣੀ ਦੇ ਅਰਥ ਪੜ੍ਹੇ ਅਤੇ ਸ਼ਹੀਦ ਸਿਖ ਮਿਸ਼ਨਰੀ ਕੌਲਿਜ ਦੇ ਸੰਗੀਤ ਟੀਚਰ, ਰਾਗੀ ਆਤਮਾ ਸਿੰਘ ਜੀ ਤੋਂ ਹਰਮੋਨੀਅਮ ਨਾਲ ਕੀਰਤਨ ਕਰਨਾ ਸਿਖਿਆ। ਇਸ ਤੋਂ ਪਹਿਲਾਂ ਮੈਂ ਕੁਝ ਚਿਰ ਸੰਤਾਂ ਤੇ ਭੇਖੀਆਂ ਦੇ ਤਜਰਬੇ ਕਰਦਾ ਰਿਹਾ। ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਹੀ ਮੈਨੂੰ ਰਾਗੀ ਹੋਰਾਂ ਪਾਸ ਆਪ ਲਿਜਾ ਕੇ ਪ੍ਰੇਰਨਾ ਦਿੱਤੀ। ਮੈਂ 22 ਰਾਗਾਂ ਦੇ 143 ਸ਼ਬਦ ਸਿੱਖੇ।

1937 ਵਿਚ ਚਾਰ ਮਹੀਨੇ ਮੈਂ ਘਰ ਪੜ੍ਹਕੇ ਗਿਆਨੀ ਪਾਸ ਕੀਤੀ ਅਤੇ ਯੂਨੀਵਰਸਿਟੀ ਵਿਚੋਂ ਚੌਥੇ ਨੰਬਰ ਤੇ ਰਿਹਾ। ਫ਼ਰਵਰੀ 1939 ਨੂੰ ਮੈਂ ਤੇ ਮੇਰੀ ਪਤਨੀ ਦਾਰੁੱਸਲਾਮ ਪਹੁੰਚੇ ਜਿਥੇ ਕਿ ਮੈਨੂੰ ਸਿੱਖ ਗਰਲਜ਼ ਸਕੂਲ ਦਾ ਪ੍ਰਿੰਸੀਪਲ ਲਾਇਆ ਗਿਆ ਅਤੇ ਨਾਲ ਹੀ ਗੁਰਦੁਆਰੇ ਵਿਚ ਗ੍ਰੰਥੀ ਲਾਇਆ ਗਿਆ। ਗੁਰਦੁਆਰੇ ਵਿਚ ਮੇਰੀ ਡੀਊਟੀ ਕੀਰਤਨ, ਕਥਾ ਜਾਂ ਵਿਆਖਿਆਨ ਕਰਨ ਦੀ ਹੀ ਸੀ, ਹਫ਼ਤਾ ਵਾਰੀ ਦੀਵਾਨਾਂ ਵਿਚ।

ਇਕ ਦਿਨ ਮੈਂ ਦੀਵਾਨ ਵਿਚ ਰਹਿਤ ਬਾਰੇ ਦੱਸਿਆ ਤਾਂ ਸਕੱਤਰ ਨੇ ਆਪਣਾ ਸੈਕਰੇਟਰੀ ਪੁਣੇ ਦਾ ਰੋਹਬ ਮੇਰੇ ਤੇ ਪਾਉਣਾ ਚਾਹਿਆ। ਪਰ ਮੈਂ ਕਿਉਂਕਿ ਠੀਕ ਸਾਂ ਇਸ ਲਈ ਉਸ ਤੋਂ ਮੁਆਫ਼ੀ ਮੰਗਵਾਈ। ਇਕ ਦਾੜੀ-ਰੰਗੇ ਕਮੇਟੀ ਮੈਂਬਰ ਨੇ C.I.D. ਵਿਚ ਮੇਰੀ ਝੂਠੀ ਰੀਪੋਰਟ ਕਰ ਦਿੱਤੀ ਕਿ ਇਹ ਕੌਮਿਊਨਿਸ਼ਟ ਹੈ। ਉਹ ਰੀਪੋਰਟ ਵੀ ਨਾਕਾਮਯਾਬ ਰਹੀ।

ਮੇਰੇ ਖ਼ਿਆਲ ਕਮੇਟੀ ਵਾਲਿਆਂ ਨਾਲ ਨਾ ਰਲੇ, ਇਸ ਕਰਕੇ ਮੈਂ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸਵਾ ਸਾਲ ਦੀ ਨੌਕਰੀ ਪਿਛੋਂ ਹੀ। ਹਾਲਾਂ ਕਿ ਮੇਰਾ ਕੌਨਟ੍ਰੈਕਟ ਤਿੰਨ ਸਾਲਾਂ ਦਾ ਸੀ। ਅਸੀਂ ਭਾਰਤ ਵਾਪਿਸ ਜਾਣਾ ਚਾਹੁੰਦੇ ਸੀ ਪਰ ਇਕ ਦੋ ਮਿੱਤਰਾਂ ਨੇ ਸਾਨੂੰ ਨਾ ਜਾਣ ਦੀ ਪ੍ਰੇਰਨਾ ਦਿੱਤੀ ਅਤੇ ਅਸੀਂ 12 ਜੂਨ, 1940 ਵਿਚ ਕੇਨੀਆ ਦੇ ਸ਼ਹਿਰ ਐਲਡੋਰੈਂਟ ਪੁੱਜ ਗਏ। ਉਥੇ ਇੰਡੀਅਨ ਗਰਲਜ਼ ਸਕੂਲ ਵਿਚ ਮੈਨੂੰ ਪ੍ਰਿੰਸੀਪਲ ਲਾਇਆ ਗਿਆ ਅਤੇ ਮੇਰੀ ਪਤਨੀ ਨੂੰ ਟੀਚਰ ,ਉਹ

ਭਾਵੇਂ ਮਿਡਲ ਪਾਸ ਹੀ ਸੀ। ਉਨ੍ਹਾਂ ਦੇ ਪਿੰਡ ਦੇ ਲਾਗੇ ਦੁਸਾਂਝ ਕਲਾਂ ਵਿਚ ਹੀ ਸਕੂਲ ਸੀ, ਤੇ ਸੀ ਵੀ ਅਠਵੀਂ ਤਾਈਂ ਹੀ। ਉਸਨੇ ਪਿਛੋਂ ਗਿਆਨੀ ਵੀ ਪਾਸ ਕੀਤੀ 1938 ਵਿਚ। ਉਸ ਸਕੂਲ ਵਿਚ ਅਸੀਂ ਛੇ ਮਹੀਨੇ ਪੜ੍ਹਾਇਆ।

ਉਸ ਦੇ ਪਿਛੋਂ ਮੈਨੂੰ ਨੌਕਰੀ ਮਿਲ ਗਈ 1941 ਵਿੱਚ। ਮੈਂ ਗੌਰਮਿੰਟ ਏਸ਼ੀਅਨ ਸਕੂਲ ਵਿਚ ਪੜ੍ਹਾਉਣ ਲਗ ਪਿਆ। 1951 ਵਿਚ ਉਸ ਸਕੂਲ ਦੇ ਬੱਚਿਆਂ ਦੀ ਗਿਣਤੀ 1100 ਹੋ ਗਈ। ਟੀਚਰ 34 ਸਨ। ਇਸ ਕਰਕੇ ਸਕੂਲ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਵਿਚ ਸਪਲਿਟ ਹੋ ਗਿਆ। ਮੈਂ ਸੈਂਤੀ ਸਾਲਾਂ ਦੀ ਗੌਰਮਿੰਟ ਤੇ ਪ੍ਰਾਇਵੇਟ ਸਰਵਿਸ ਵਿਚ ਅੱਠ ਸਾਲ ਵਾਇਸ ਪ੍ਰਿੰਸੀਪਲ ਰਿਹਾ ਅਤੇ ਛੇ ਮਹੀਨੇ ਐਕਟਿੰਗ ਪ੍ਰਿੰਸੀਪਲ ਵੀ। ਮੈਂ ਪ੍ਰਿੰਸੀਪਲ ਦੋ ਸਾਲ ਰਿਹਾ। ਗੌਰਮਿੰਟ ਸਰਵਿਸ ਵਿਚ ਮੈਂ ਅਠਾਈ ਸਾਲ ਐਲਡੋਰੈਂਟ ਹੀ ਰਿਹਾ ਅਤੇ 1968 ਦੇ ਅੰਤ ਵਿਚ ਰਿਟਾਇਰ ਹੋ ਗਿਆ ਬ੍ਰਿਟਿਸ਼ ਗੌਰਮਿੰਟ ਪੈਨਸ਼ਨ ਤੇ। ਮੈਂ ਕਦੇ ਕਿਸੇ ਨੂੰ ਵੱਢੀ ਨਹੀਂ ਸੀ ਦਿੱਤੀ ਤੇ ਨਾ ਕਿਸੇ ਤੋਂ ਲਈ ਸੀ। ਮੈਂ ਨਾ ਹੀ ਕਦੇ ਪ੍ਰਾਈਵੇਟ ਟੀਊਸ਼ਨਾਂ ਕੀਤੀਆਂ ਸਨ ਹਾਲਾਂ ਕਿ ਕਈ ਟੀਚਰ ਤਨਖਾਹ ਜਿੰਨੀ ਜਾਂ ਦੁਗਣੀ ਕਮਾਈ ਟੀਊਸ਼ਨਾ ਨਾਲ ਕਰ ਲੈਂਦੇ ਸਨ।

ਮੈਂ ਕੋਈ ਮਕਾਨ ਨਹੀਂ ਬਣਾਇਆ। ਕੋਈ ਜਾਇਦਾਦ ਨਹੀਂ ਖ਼ਰੀਦੀ। ਆਪਣੇ ਬੱਚਿਆਂ ਤੇ ਉਨ੍ਹਾਂ ਦੀ ਪੜ੍ਹਾਈ ਨੂੰ ਹੀ ਮਕਾਨ ਤੇ ਜਾਇਦਾਦ ਸਮਝਿਆ।

ਕੀਨੀਆ ਵਿਚ ਪੜ੍ਹਾਉਂਦਿਆਂ ਮੈਂ ਕਲਾਸ ਵਿਚ ਵੀ ਸਿੱਖ ਧਰਮ ਬਾਰੇ ਦੱਸਦਾ ਰਹਿੰਦਾ ਸਾਂ। ਗੁਰਦੁਆਰੇ ਵੀ ਹਰ ਹਫ਼ਤੇ ਆਸਾ ਦੀ ਵਾਰ ਅਤੇ ਕੀਰਤਨ, ਕਥਾ ਜਾਂ ਵਿਆਖਿਆਨ ਕਰਿਆ ਕਰਦਾ ਸਾਂ। ਸਿੱਖ ਧਰਮ ਬਾਰੇ ਕਲਾਸ ਵਿਚ ਦੱਸਣ ਕਰਕੇ ਮੇਰੇ ਵਿਰੋਧੀਆਂ ਨੇ ਮੇਰੀ ਰੀਪੋਰਟ ਕਰ ਦਿੱਤੀ ਕਿ ਇਹ ਸਿੱਖਾਂ ਵਿਚ ਫੁੱਟ ਪੁਆਉਂਦਾ ਹੈ, ਇਸ ਲਈ ਇਸਨੂੰ ਬਦਲਕੇ ਹੋਰ ਕਿਤੇ ਭੇਜ ਦਿੱਤਾ ਜਾਵੇ। ਪਰ ਸਾਡੇ ਡਿਪਾਰਟਮੈਂਟ ਨੇ ਉਨ੍ਹਾਂ ਦੀ ਸ਼ਿਕਾਇਤ ਰੱਦ ਕਰ ਦਿੱਤੀ।

ਮੈਂ ਲੋੜਵੰਦਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਅਰਥ ਅਤੇ ਕੀਰਤਨ ਵੀ ਸਿਖਾਉਂਦਾ ਸਾਂ। ਇਹ ਸਭ ਕੁਝ ਮੈਂ ਵਲੈਤ ਆ ਕੇ ਵੀ ਚਾਲੂ ਰੱਖਿਆ। ਬਲਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਬਚਿਤ੍ਰ ਨਾਟਕ ਵੀ ਪੜ੍ਹਾਇਆ। ਮੈਂ ਜੋ ਕੁਝ ਵੀ ਕੀਤਾ ਬਿਨਾਂ ਪੈਸਿਆਂ ਤੋਂ ਕੀਤਾ। ਸਿਰੋਪਾ ਜਾਂ ਪੈਸੇ ਲੈਣ ਦੀ ਆਦਤ ਨਹੀਂ ਪਾਈ। ਨਾ ਹੀ ਕਿਸੇ ਗੁਰਦੁਆਰੇ ਦੀ ਕਮੇਟੀ ਵਿਚ ਫਸਿਆ।

ਸਾਡੇ ਦੋ ਬੱਚੇ India ਪੜ੍ਹਦੇ ਸਨ ਹਾਲਾਂ, ਸੋ ਮੈਨੂੰ Crates Secondary School, Nakuri, Oswal Secondary School, Nariobi ਅਤੇ Arya Secondary School, Nairobi ਵਿਚ ਮਈ 1975 ਤਾਈਂ ਕੰਮ ਕਰਨਾ ਪਿਆ। ਇਹ ਸਾਰੇ ਪ੍ਰਾਇਵੇਟ ਸਕੂਲ ਸਨ। ਗੁਰਦੁਆਰਾ ਜੂਜਾ ਰੋਡ ਨੈਰੋਬੀ ਵਿਚ ਚਲ ਰਹੀਆਂ ਪੰਜਾਬੀ ਕਲਾਸਾਂ ਦੇ ਵੱਡੀ ਉਮਰ ਦੇ ਬੱਚਿਆਂ ਨੂੰ ਮੁਫ਼ਤ ਪੰਜਾਬੀ

ਪੜ੍ਹਾਈ।

ਗੌਰਮਿੰਟ ਸਰਵਿਸ ਕਰਦਿਆਂ ਅਸੀਂ 1959 ਵਿਚ ਇੰਡੀਆ ਢਾਈ ਸਾਲ ਛੁੱਟੀ ਕੱਟੀ। ਉਸੇ ਦੌਰਾਨ 1959 ਵਿਚ ਮੇਰੇ ਮਾਤਾ ਜੀ ਦਾ ਦਿਹਾਂਤ ਹੋ ਗਿਆ। 1961 ਵਿਚ ਮੈਂ ਗੌਰਮਿੰਟ ਟਰੇਨਿੰਗ ਕਾਲਜ ਜਲੰਧਰ ਤੋਂ ਬੀ.ਟੀ.ਕੀਤੀ।

ਐਲਡੋਰੈੱਟ ਦੇ ਰਾਮਗੜ੍ਹੀਆਂ ਗੁਰਦੁਆਰੇ ਵਿਚ ਹਰੀਜਨਾਂ ਨੂੰ ਬੈਠਕੇ ਪ੍ਰਸ਼ਾਦ ਲੈਣ ਦੀ ਮਨਾਹੀ ਸੀ। ਮੈਂ 1940 ਤੋਂ 1947 ਤੱਕ ਪ੍ਰਬੰਧਕਾਂ ਨੂੰ ਪ੍ਰੇਰਨ ਦੀ ਕੋਸ਼ਿਸ਼ ਕੀਤੀ ਕਿ ਉਹ ਇਸ ਤਰ੍ਹਾਂ ਵਿਤਕਰਾ ਨਾ ਕਰਨ ਪਰ ਮੇਰੀ ਕਿਸੇ ਨੇ ਨਾ ਮੰਨੀ। 1947 ਵਿਚ ਪਰਧਾਨ ਠੇਕੇਦਾਰ ਗੱਜਣ ਸਿੰਘ ਨੇ ਤਾਂ ਇਥੋਂ ਤਕ ਵੀ ਕਿਹਾ, "ਜੀ, ਗੱਲ ਤਾਂ ਤੁਹਾਡੀ ਠੀਕ ਹੈ। ਅਸੀਂ ਤਾਂ ਮੰਨਣ ਨੂੰ ਤਿਆਰ ਹਾਂ ਪਰ ਸਾਡੀਆਂ ਤੀਵੀਆਂ ਨਹੀਂ ਮੰਨਦੀਆਂ। ਜੇ ਅਸੀਂ ਤੁਹਾਡਾ ਕਿਹਾ ਮੰਨੀਏ ਤਾਂ ਉਹ ਗੁੱਸੇ ਹੋ ਜਾਣਗੀਆਂ।" ਮੈਂ ਉੱਤਰ ਦਿੱਤਾ, "ਇਸ ਦਾ ਮਤਲਬ ਤਾਂ ਇਹ ਹੋਇਆ ਕਿ ਗੁਰੂ ਜੀ ਤੁਹਾਡੇ ਗੁਰੂ ਨਹੀਂ, ਤੁਹਾਡੀਆਂ ਤੀਵੀਆਂ ਤੁਹਾਡੇ ਗੁਰੂ ਹਨ।" ਜਦ ਨੂੰ ਭਾਰਤ ਦਾ ਸਵਤੰਤ੍ਰਤਾ ਦਿਵਸ 15 ਅਗਸਤ 1947 ਆ ਗਿਆ। ਖੁਸ਼ੀ ਵਿਚ ਸ਼ਹਿਰ ਦੇ ਸਾਰੇ ਸਿੱਖ, ਹਿੰਦੂ, ਮੁਸਲਮਾਨ ਤੇ ਗੁਜਰਾਤੀਆਂ ਨੇ ਗੁਰਦੁਆਰੇ ਲੰਗਰ ਛੱਕਣਾ ਸੀ। ਮੈਂ ਹਰੀਜਨਾਂ ਨੂੰ ਕਿਹਾ, "ਅੱਜ ਖੁਸ਼ੀ ਦਾ ਦਿਨ ਹੈ। ਤੁਸੀਂ ਆਪਣੇ ਆਪ ਪੰਗਤਾਂ ਵਿਚ ਪਰਸ਼ਾਦੇ ਵਰਤਾਉਣ ਲਗ ਜਾਇਉ। ਅੱਜ ਤੁਹਾਨੂੰ ਕਿਸੇ ਨੇ ਕੁਝ ਨਹੀਂ ਕਹਿਣਾ।" ਉਨ੍ਹਾਂ ਮੇਰੀ ਗੱਲ ਮੰਨ ਲਈ। ਕਿਸੇ ਨੇ ਉਨ੍ਹਾਂ ਨੂੰ ਕੁਝ ਨਹੀਂ ਸੀ ਕਿਹਾ।" ਉਨ੍ਹਾਂ ਨੂੰ ਗੁਰਦੁਆਰੇ ਦੇ ਅੰਦਰ ਬੈਠਕੇ ਕੜਾਹ ਪ੍ਰਸ਼ਾਦ ਲੈਣ ਦੀ ਖੁੱਲ੍ਹ ਵੀ ਹੋ ਗਈ।

1951 ਵਿਚ ਭਾਰਤ ਦੀ ਕੌਮੀ ਭਾਸ਼ਾ ਹਿੰਦੀ ਬਣ ਗਈ, ਤਾਂ ਐਲਡੋਰੈੱਟ ਵਿਚ ਹਿੰਦੀ ਯੂਨੀਅਨ ਵਲੋਂ ਚਲਦੀਆਂ ਕਲਾਸਾਂ ਵਿਚ 'ਵਰਧਾ' ਦਾ 'ਹਿੰਦੀ ਪ੍ਰਵੇਸ਼' ਅਤੇ 'ਹਿੰਦੀ ਪ੍ਰਿਚੈ' 1952 ਵਿਚ ਪਾਸ ਕੀਤਾ। ਦੋਹਾਂ ਵਿਚ ਫ਼ਸਟ ਕਲਾਸ ਫ਼ਸਟ ਰਿਹਾ ਆਪਣੇ ਸ਼ਹਿਰ ਵਿਚੋਂ। ਇਸ ਦਾ ਸਟੈਂਡਰਡ ਪੰਜਾਬ ਦੇ ਇੰਟਰਮੀਡੀਏਟ ਜਿੰਨਾ ਹੈ। ਹਿੰਦੂ ਵਿਦਿਆਰਥੀ ਜਿਹੜੇ ਕਹਿੰਦੇ ਸਨ ਕਿ ਸਿੱਖ ਕੀ ਤੇ ਹਿੰਦੀ ਕੀ, ਉਹ ਵੀ ਹੈਰਾਨ ਤੇ ਸ਼ਰਮਿੰਦਾ ਹੋ ਗਏ। ਮੈਂ ਉਨ੍ਹਾਂ ਨੂੰ ਕਿਹਾ ਕਿ ਹਿੰਦੀ ਹਿੰਦੂਆਂ ਨੇ ਰਿਜ਼ਰਵ ਤਾਂ ਨਹੀਂ ਕਰਵਾਈ ਹੋਈ।

ਮੈਂ ਬੀ.ਏ. ਸਟੈਂਡਰਡ ਦੀ ਹਿੰਦੀ ਵੀ ਕਰਨੀ ਚਾਹੁੰਦਾ ਸਾਂ ਪਰ ਸਮਾਂ ਨਾ ਮਿਲਿਆ। ਸਗੋਂ ਉਹਨਾਂ ਨੇ ਹਿੰਦੀ ਪ੍ਰੀਚੈ ਦੀਆਂ ਕਲਾਸਾਂ ਲੈਣ ਲਈ ਮੈਨੂੰ ਹੀ ਮੁਫ਼ਤ ਸੇਵਾ ਤੇ ਲਾ ਲਿਆ।

ਇਕ ਸਾਲ ਇੰਡੀਆ ਕੱਟ ਕੇ ਵੀਹ ਮਈ 1976 ਵਿਚ ਅਸੀਂ ਇੰਗਲੈਂਡ ਆ ਗਏ। ਨੌਂ ਜਨਵਰੀ 1985 ਤਾਈਂ ਅਸੀਂ ਵੌਰਿਕ (Warwick) ਸ਼ਹਿਰ ਵਿਚ ਰਹਿੰਦੇ ਰਹੇ। ਇਸ ਦੇਸ਼ ਵਿਚ ਵੌਰਿਕ ਵਿਚ ਸਾਡੇ ਘਰ ਦੇ ਪਾਸ ਇਕ ਪਲਾਸਟਿਕ ਫੈਕਟਰੀ ਸੀ। ਮੈਨੂੰ ਕਿਹਾ ਗਿਆ ਕਿ ਪੰਜਾਹ ਪਾਊਂਡ ਉਥੇ ਦੇ

ਫੋਰਮੈਨ ਨੂੰ ਵੱਢੀ ਦੇ ਦੇਵਾਂ ਤੇ ਉਹ ਮੈਨੂੰ ਕੰਮ ਤੇ ਲਾ ਲਵੇਗਾ। ਵੱਡੀ ਉਮਰ ਦਾ ਵੀ ਖ਼ਿਆਲ ਨਹੀਂ ਰੱਖੇਗਾ। ਮੈਂ ਇਹੀ ਉੱਤਰ ਦਿੱਤਾ, "ਨਾ ਮੈਂ ਵੱਢੀ ਦੇਣੀ ਹੈ ਤੇ ਨਾ ਮੈਂ ਨੌਕਰੀ ਕਰਨੀ ਹੈ।"

ਸਾਡੇ ਵੌਰਿਕ ਰਹਿੰਦਿਆਂ ਹੀ ਇੰਡੀਆ ਵਿਚ ਮੇਰੇ ਪਿਤਾ ਜੀ ਸੌ ਸਾਲ ਉਮਰ ਭੋਗ ਕੇ 1978 ਵਿਚ ਸਰੀਰ ਛੱਡ ਗਏ। 1985 ਤੋਂ ਲੈ ਕੇ ਹੁਣ ਤਾਈਂ ਅਸੀਂ ਇਥੇ ਲਫ਼ਬਰਾ (Laughborough) ਸ਼ਹਿਰ ਵਿਚ ਹਾਂ। ਚੌਹਾਂ ਵਿਚੋਂ ਤਿੰਨ ਬੱਚੇ ਇਸੇ ਸ਼ਹਿਰ ਵਿਚ ਹਨ। ਇਕ ਗਰੇਵਜ਼ੈਂਡ ਜੋ ਕੈਂਟ ਵਿਚ ਹੈ, ਵਿਚ ਰਹਿੰਦਾ ਹੈ।

ਮੇਰੀ ਪਤਨੀ ਦੇ ਵੀ ਨਿਤਨੇਮ ਦੀਆਂ ਸਾਰੀਆਂ ਬਾਣੀਆਂ ਤੇ ਸੁਖਮਨੀ ਸਾਹਿਬ ਯਾਦ ਸੀ। ਉਹ ਰੋਜ਼ ਨਿਤਨੇਮ ਦਾ ਤੇ ਦੋ ਪਾਠ ਸੁਖਮਨੀ ਸਾਹਿਬ ਦੇ ਕਰਦੀ ਸੀ। ਉਸਨੂੰ ਉਮਰ ਦੇ ਆਖ਼ਰੀ ਢਾਈ ਸਾਲਾਂ ਵਿਚ Motor Nervous Disease ਹੋ ਗਈ ਜਿਸ ਨਾਲ ਉਸਦੇ ਪੱਠੇ ਕਮਜ਼ੋਰ ਹੋਣ ਲਗ ਪਏ। ਇਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ। ਅਖ਼ੀਰਲੇ ਅੱਠ ਮਹੀਨੇ ਉਸਦੀ ਸਿਹਤ ਜ਼ਿਆਦਾ ਢਿੱਲੀ ਹੋਣ ਕਰਕੇ ਉਸਨੂੰ ਹਰ ਕੰਮ ਵਿਚ ਮੱਦਦ ਦੀ ਲੋੜ ਪੈਂਦੀ ਸੀ ਜੋ ਸਾਰੇ ਪਰਿਵਾਰ ਨੇ ਦਿੱਤੀ। ਉਹ ਆਖ਼ਰੀ ਦਿਨ ਤਾਈਂ ਹੋਸ਼ ਵਿਚ ਰਹੀ ਤੇ ਨਿਤਨੇਮ ਕਰਦੀ ਰਹੀ।

ਆਪਣੇ ਜੀਵਨ ਵਿਚ ਉਹ ਲੋੜਵੰਦ ਬੱਚੇ ਤੇ ਤੀਵੀਆਂ ਨੂੰ ਪੰਜਾਬੀ, ਕਟਾਈ, ਸਿਲਾਈ ਤੇ ਬੁਣਾਈ ਸਿਖਾਉਂਦੀ ਰਹੀ। ਜਦ ਅਸੀਂ ਵੌਰਿਕ ਰਹਿੰਦੇ ਸੀ ਤਾਂ ਮੇਰੀ ਪਤਨੀ ਨੇ ਲਫ਼ਬਰਾ ਦੇ ਗੁਰਦੁਆਰੇ ਲਈ ਇਸਤ੍ਰੀ ਸਤਿਸੰਗ ਵਿਚੋਂ ਤੇ ਘਰੋ ਘਰੀ ਉਗਰਾਹੀ ਕਰਕੇ ਸੱਤ ਸੌ ਪਾਊਂਡ ਇਕੱਠਾ ਕਰਕੇ ਭੇਜੇ।

ਉਸਨੇ ਪਹਿਲੀ ਅਗਸਤ 1994 ਵਿਚ ਸਾਢੇ 78 ਸਾਲਾਂ ਦੀ ਉਮਰ ਵਿਚ ਚੜ੍ਹਾਈ ਕੀਤੀ। ਸਾਰਾ ਪਰਵਾਰ ਉਸਦੇ ਪਾਸ ਸੀ। ਉਹ ਚਾਰ ਘੰਟੇ ਬੇਹੋਸ਼ ਰਹੀ। ਮੈਂ ਆਪਣੀ ਪਤਨੀ ਦੀਆਂ ਅਸਤੀਆਂ ਨੂੰ ਪਤਾਲਪੁਰੀ ਲਿਜਾਣ ਦੀ ਮਨਮੱਤ ਨਹੀਂ ਕੀਤੀ। ਸ਼ਮਸ਼ਾਨ ਭੂਮੀ ਦੇ ਪ੍ਰਬੰਧਕ ਦੀ ਆਗਿਆ ਨਾਲ ਉਥੇ ਹੀ ਇਕ ਰੁੱਖ ਦੇ ਮੁੱਢ ਦੇ ਆਲੇ ਦੁਆਲੇ ਛੱਡੀ ਹੋਈ ਜ਼ਮੀਨ ਉੱਤੇ ਖਿਲਾਰ ਦਿੱਤੀਆਂ।

ਸੰਪਰਕ ਵਿਚ ਆਉਣ ਵਾਲੇ ਦੋਹਤਿਆਂ, ਪੋਤੀ ਤੇ ਪੋਤਿਆਂ ਨੂੰ ਵੀ ਕੀਰਤਨ ਦਾ ਸ਼ੌਕ ਹੈ। ਸਾਰੇ ਪੰਜਾਬੀ ਲਿਖ ਪੜ੍ਹ ਲੈਂਦੇ ਹਨ ਤੇ ਮੇਰੇ ਕੋਲੋਂ ਵਾਜੇ ਨਾਲ ਕੀਰਤਨ ਸਿਖਦੇ ਹਨ। ਵਾਹਿਗੁਰੂ ਕਰੇ ਕਿ ਇਹ ਸਿੱਖੀ ਦਾ ਸਿਲਸਿਲਾ ਮੇਰੇ ਪਿਛੋਂ ਵੀ ਜਾਰੀ ਰਹੇ।

ਜਿਹੜੇ ਮੈਂ ਥੋੜੇ ਜਿਹੇ ਲੇਖ ਲਿਖੇ ਹਨ ਉਹ ਸਮੇਂ ਸਿਰ ਬਰਮਿੰਘਮ ਤੋਂ ਸ. ਅਵਤਾਰ ਸਿੰਘ ਤੇ ਸ. ਮਦਨ ਸਿੰਘ, ਵੌਰਿਕ ਤੋਂ ਸ. ਹਰਪਾਲ ਸਿੰਘ, ਕੋਵੈਂਟਰੀ ਤੋਂ ਸ. ਚੰਨਣ ਸਿੰਘ 'ਚੰਨ', ਲੰਡਨ ਤੋਂ ਸ. ਤੇਜਾ ਸਿੰਘ ਤੇ ਸ. ਬਲਬੀਰ ਸਿੰਘ ਅਤੇ ਨੈਰੋਬੀ ਤੋਂ ਸ. ਗੁਰਚਰਨ ਸਿੰਘ ਤੇ ਸ. ਸੋਹਣ ਸਿੰਘ ਆਦਿਕ ਦੀ ਪ੍ਰੇਰਨਾ

ਨਾਲ ਹੀ ਲਿਖੇ ਸਨ। ਪ੍ਰੋ. ਹਰਭਜਨ ਸਿੰਘ ਹੋਰਾਂ ਵੱਲੋਂ ਵੀ ਪ੍ਰੇਰਨਾ ਸੀ ਕਿਤਾਬੀ ਸ਼ਕਲ ਦੇਣ ਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਚੋਣਵੀਂ ਬਾਣੀ ਪਦਛੇਦ, ਬਿਸ੍ਰਾਮ ਚਿੰਨ੍ਹ ਅਤੇ ਲੋੜੀਂਦੀਆਂ ਟੂਕਾਂ ਸਮੇਤ ਲਿਖੀ ਹੈ। ਉਸ ਦੀ ਪ੍ਰੇਰਨਾ ਮੈਨੂੰ ਆਪਣੇ ਵਲੋਂ ਹੀ ਸੀ।

ਮੇਰੀ ਬੜੀ ਇੱਛਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਛੇ ਕੁ ਸਾਲ ਲਾ ਕੇ ਲਿਖਾਂ। ਉਸ ਲਈ ਤਿਆਰੀ ਵੀ ਪੂਰੀ ਸੀ, ਪਰ ਨਿਗ੍ਹਾ ਦੀ ਕਮਜ਼ੋਰੀ ਕਰਕੇ ਇਹ ਕੰਮ ਨਹੀਂ ਹੋ ਸਕਦਾ।

*'ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ! ਖਿਲਾਵਨਹਾਰੋ ਜਾਨੈ॥'*

*੨੮ ਮਈ, ੧੯੯੫*

ਫਿੱਕਾ ਬੋਲਣ

ਫਿੱਕਾ ਬੋਲਣ ਜਾਣ ਦੇ, ਸਭ ਹੀ ਜਗ ਮੰਦਾ।
ਫਿੱਕਾ ਤਨ ਨੂੰ ਕਰੇ, ਕਰੇ ਮਨ ਨੂੰ ਗੰਦਾ।
ਗੰਦਾ ਮਨ ਨੂੰ ਕਰੇ ਯਾਰ ! ਇਹ ਸੋਭ ਗੁਆਵੇ।
ਫਿਕਾ, ਫਿਕੀ ਆਖ, ਮੂੰਹ ਵਿਚ ਥੁੱਕ ਪਾਵੇ।
ਕਹੇ 'ਰਤਨ' ਫਿਕ-ਬੋਲ, ਮਨਾਂ ਵਿਚ ਪਾਟਕ ਪਾਉਂਦਾ।
ਇਸਦਾ ਪ੍ਰੇਮੀ-ਮੂੜ੍ਹ, ਸਭਸ ਦਾ ਦਿਲ ਦੁਖਾਉਂਦਾ।

*1937*

# ਪ੍ਰੋਫੈਸਰ ਸਾਹਿਬ ਸਿੰਘ ਦੀਆਂ ਮਿਠੀਆਂ ਯਾਦਾਂ

ਸੰਨ 1929 ਵਿਚ ਮੈਂ ਖ਼ਾਲਸਾ ਕਾਲਜ, ਅੰਮ੍ਰਿਤਸਰ ਦਾਖ਼ਿਲ ਹੋਇਆ ਐਫ਼. ਐਸ. ਸੀ. ਵਿਚ। ਮੈਂ ਪਟਿਆਲਾ ਹੋਸਟਲ ਵਿਚ ਰਹਿੰਦਾ ਸਾਂ। ਓਸੇ ਸਾਲ ਪ੍ਰੋਫੈਸਰ ਸਾਹਿਬ ਸਿੰਘ ਜੀ ਉਸ ਕੌਲਿਜ ਵਿਚ ਆਏ ਅਤੇ ਸਾਡੇ ਹੋਸਟਲ ਦੇ ਅਸਿਸਟੈਂਟ ਵਾਰਡਨ ਲੱਗੇ। ਸਾਨੂੰ ਪੰਜਾਬੀ ਤੇ ਧਰਮ-ਵਿਦਿਆ ਵੀ ਉਹੀ ਪੜ੍ਹਾਂਦੇ ਸਨ।

ਸੰਨ 1931 ਵਿਚ ਉਹਨਾਂ ਮੈਨੂੰ ਕਿਹਾ, "ਰਤਨ ਸਿੰਘ ਜੀ, ਜੇ ਤੁਹਾਡੇ ਵਾਲੀ ਲਗਨ ਵਾਲੇ ਕੁਝ ਵਿਦਿਆਰਥੀ ਮੈਥੋਂ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਅਰਥ ਪੜ੍ਹਣ ਤਾਂ ਗੁਰਬਾਣੀ ਵਿਆਕਰਣ ਅਨੁਸਾਰ ਅਰਥ ਕਰਨ ਦੀ ਮਰਯਾਦਾ ਗੁਰਸਿੱਖਾਂ ਵਿਚ ਚਲਾਉਣ ਲਈ ਬੜੀ ਮਦਦ ਮਿਲੇ।" ਮੈਂ ਉੱਤਰ ਦਿੱਤਾ, "ਸਰਦਾਰ ਜੀ, ਮੈਂ ਤਾਂ ਤਿਆਰ ਹਾਂ।" ਸੋ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਸੰਚੀਆਂ ਵੀ ਉਨ੍ਹਾਂ ਦੀ ਆਗਿਆ ਅਨੁਸਾਰ ਇੰਟਰ-ਲੀਫ਼ ਕਰਵਾ ਲਈਆਂ।

ਪਰ ਹਾਲਾਤ ਐਸੇ ਹੋ ਗਏ ਕਿ ਮੈਂ ਗੁਰਸਿੱਖੀ ਦੀ ਭਾਲ ਵਿਚ ਕੁਝ ਪਾਖੰਡੀ ਸੰਤਾਂ ਦੀ ਤਥਾ ਕਥਿਤ ਸੰਗਤ ਦੇ ਤਲਖ ਤਜਰਬੇ ਕਰਨ ਲਗ ਪਿਆ। ਨਿਰਾਸ਼ ਹੋ ਕੇ ਮੈ ਸੰਨ 1934 ਵਿਚ ਸਰਦਾਰ ਜੀ ਨੂੰ ਚਿੱਠੀ ਲਿਖੀ ਅਤੇ ਉਨ੍ਹਾਂ ਨੂੰ ਪੁਰਾਣੀ ਗੱਲ ਯਾਦ ਕਰਵਾਈ। ਉਨ੍ਹਾਂ ਉੱਤਰ ਦਿੱਤਾ, "ਵਾਹਿਗੁਰੂ ਦਾ ਸ਼ੁਕਰ ਹੈ ਕਿ ਤੁਸੀਂ ਮੁੜ ਸਿੱਧੇ ਰਸਤੇ ਪੈ ਗਏ ਹੋ। ਝੱਟ ਪੱਟ ਆ ਜਾਓ।"

ਨਤੀਜੇ ਵਜੋਂ ਮੈਂ ਅੰਮ੍ਰਿਤਸਰ ਪੁੱਜ ਗਿਆ। ਗਿਆਨੀ ਸ਼ੰਕਰ ਸਿੰਘ ਜੀ, ਜੋ ਕਦੀ ਖ਼ਾਲਸਾ ਕਾਲਜ ਵਿਚ, Physics Department ਵਿਚ Laboratory Assistant ਸਨ, ਦੀ ਕੁਟੀਆ ਵਿਚ ਰਿਹਾਇਸ਼ ਦਾ ਪ੍ਰਬੰਧ ਕਰ ਲਿਆ। ਰੋਟੀ ਦਾ ਪ੍ਰਬੰਧ ਇਕ ਮਿਤਰ ਸ. ਭਗਤ ਸਿੰਘ ਰਾਟੌਲ ਦੇ ਖ਼ਰਚ ਤੇ ਬਾਬਾ ਸੋਹਣ ਸਿੰਘ ਦੇ ਹੋਟਲ ਤੇ ਕੀਤਾ ਅਤੇ ਅਰਥ ਸ਼ੁਰੂ ਕੀਤੇ। 9 ਅਗਸਤ, 1934 ਤੋਂ 8 ਅਗਸਤ 1935 ਤਾਈਂ ਪੂਰਾ ਇਕ ਸਾਲ ਰੋਜ਼ ਬਿਨਾਂ ਨਾਗਾ ਸਰਦਾਰ ਜੀ ਤੋਂ ਇਕ ਇਕ ਘੰਟਾ ਅਰਥ ਸਿੱਖੇ। ਭਾਵੇਂ ਗਿਆਨੀ ਸ਼ੰਕਰ ਸਿੰਘ ਜੀ ਨੂੰ ਵਿਆਕਰਣ ਦਾ ਸ਼ੌਕ ਬਿਲਕੁਲ ਨਹੀਂ ਸੀ ਪਰ ਮੇਰਾ ਸਾਥ ਦੇਣ ਲਈ ਤੇ ਸਾਧਾਰਣ ਤੌਰ ਤੇ ਅਰਥਾਂ ਦੀ ਸਮਝ ਪ੍ਰਾਪਤ ਕਰਨ ਲਈ ਉਹ ਵੀ ਮੇਰੇ ਨਾਲ ਰੋਜ਼ ਜਾਂਦੇ ਸਨ, ਸਰਦਾਰ ਜੀ ਦੇ ਘਰ। ਗਿਆਨੀ ਜੀ ਨੇ ਨਾ ਹੀ ਸੰਚੀਆਂ inter leaf ਕਰਵਾਈਆਂ ਅਤੇ

ਨਾ ਹੀ ਕੋਈ ਅਰਥ ਲਿਖੇ।

ਪੜ੍ਹਾਈ ਚਾਲੂ ਕਰਨ ਤੋਂ ਪਿਛੋਂ ਇਕ ਦਿਨ ਸਰਦਾਰ ਜੀ ਨੇ ਮੈਨੂੰ ਕਿਹਾ, "ਰਤਨ ਸਿੰਘ ਜੀ, ਕੀਰਤਨ ਕਰਨਾ ਵੀ ਸਿੱਖ ਲਵੋ, ਤੁਹਾਡੀ ਆਵਾਜ਼ ਚੰਗੀ ਹੈ।" ਮੈਂ ਉੱਤਰ ਦਿੱਤਾ, "ਮੈਂ ਕਾਲਜ ਵਿਚ ਪੜ੍ਹਦਿਆਂ ਰਾਗੀ ਨੱਥਾ ਸਿੰਘ ਜੀ ਤੋਂ ਕੀਰਤਨ ਨਾ ਸਿਖਿਆ, ਜਦੋਂ ਕਿ ਇਸ ਕੰਮ ਲਈ ਫ਼ੀਸ ਵੀ ਦੋ ਰੁਪਏ ਮਹੀਨਾ ਸੀ, ਹੁਣ ਕਿਸ ਤੋਂ ਸਿੱਖਾਂ ?" ਉਹਨਾਂ ਕਿਹਾ, "ਇਹ ਗੱਲ ਮੇਰੇ ਤੇ ਛੱਡੋ।" ਇਹ ਕਹਿ ਕੇ ਓਸੇ ਵੇਲੇ ਮੈਨੂੰ ਸ਼ਹੀਦ ਸਿੱਖ ਮਿਸ਼ਨਰੀ ਕੌਲਿਜ ਦੇ ਸੰਗੀਤ ਅਧਿਆਪਕ ਸ. ਆਤਮਾ ਸਿੰਘ ਜੀ ਪਾਸ ਲੈ ਗਏ ਅਤੇ ਉਨ੍ਹਾਂ ਨੂੰ ਕਿਹਾ, "ਗਿਆਨੀ ਜੀ, ਇਹ ਸ. ਰਤਨ ਸਿੰਘ ਮੇਰਾ ਆਪਣਾ ਬੰਦਾ ਹੈ, ਇਸ ਨੂੰ ਕੀਰਤਨ ਸਿਖਾਵੋ।" ਗਿਆਨੀ ਜੀ ਨੇ ਉੱਤਰ ਦਿੱਤਾ, "ਗੋਲੀ ਕਿਹਦੀ ਤੇ ਗਹਿਣੇ ਕਿਹਦੇ !" ਸਰਦਾਰ ਜੀ ਮਖ਼ੌਲ ਨਾਲ ਕਹਿਣ ਲੱਗੇ, "ਤੁਹਾਨੂੰ ਅਸੀਂ ਟੀਊਸ਼ਨ ਫ਼ੀ ਕੋਈ ਨਹੀਂ ਦੇਣੀ।" ਗਿਆਨੀ ਜੀ ਨੇ ਹੱਸ ਕੇ ਉੱਤਰ ਦਿੱਤਾ, "ਫ਼ੀਸ ਲੈਣੀ ਹੈ ਤਾਂ ਤੁਹਾਡੇ ਤੋਂ ਹੀ ਲੈਣੀ ਹੈ ?"

ਓਸੇ ਦਿਨ ਹੀ ਗਿਆਨੀ ਜੀ ਨੇ ਮੈਨੂੰ ਭੈਰਉ ਦੀ ਸਰਗਮ ਸਿੱਖਾ ਦਿੱਤੀ, ਦੂਜੇ ਦਿਨ ਇਕ ਸ਼ਬਦ ਦੀ ਅਸਥਾਈ ਅਤੇ ਤੀਜੇ ਦਿਨ ਅੰਤ੍ਰਾ। ਫਿਰ ਤਾਂ ਇਕੋ ਹੀ ਦਿਨ ਵਿਚ ਅਸਥਾਈ ਤੇ ਅੰਤ੍ਰਾ ਸਿਖਾਉਣ ਲਗ ਪਏ। ਪਹਿਲਾ ਸ਼ਬਦ ਸੁਣ ਕੇ ਅਗਲਾ ਸਿਖਾ ਦੇਣਾ। ਪਰ ਉਹ ਮੈਨੂੰ ਨੋਟੇਸ਼ਨ ਕੋਈ ਨਹੀਂ ਸੀ ਲਿਖਾਉਂਦੇ। ਗਿਆਨੀ ਸ਼ੰਕਰ ਸਿੰਘ ਜੀ ਨੇ ਇਕ ਨਵਾਂ ਹਰਮੋਨਿਅਮ ਖ਼ਰੀਦ ਲਿਆ, ਜਿਸ ਨਾਲ ਮੈਂ ਵੀ ਪ੍ਰੈਕਟਿਸ ਕਰਦਾ ਤੇ ਗਿਆਨੀ ਜੀ ਵੀ ਮੈਥੋਂ ਕੋਈ ਸ਼ਬਦ ਸਿਖਣ ਦੀ ਕੋਸ਼ਿਸ਼ ਕਰਦੇ। ਉਨ੍ਹਾਂ ਦੀ ਆਵਾਜ਼ ਤਾਂ ਠੀਕ ਸੀ ਪਰ ਜ਼ੋਰ ਲਾਉਣ ਤੇ ਵੀ ਉਨ੍ਹਾਂ ਨੂੰ ਸੁਰ-ਤਾਲ ਦੀ ਸਮਝ ਨਾ ਆਈ। ਖ਼ੈਰ !

ਭੈਰਉ, ਭੈਰਵੀ ਤੇ ਆਸਾ ਦੇ ਸ਼ਬਦ ਮੈਂ ਸਿੱਖ ਲਏ। ਖ਼ਿਆਲ ਆਇਆ ਕਿ ਇਹ ਸ਼ਬਦ ਯਾਦ ਕਿਵੇਂ ਰਹਿਣਗੇ। ਕੀਰਤਨ ਤੇ ਰਾਗ ਦੀਆਂ ਕਿਤਾਬਾਂ ਖ਼ਰੀਦ ਕੇ ਉਨ੍ਹਾਂ ਤੋਂ ਨੋਟੇਸ਼ਨ ਬਾਰੇ ਸਮਝਣ ਦੀ ਕੋਸ਼ਿਸ਼ ਕੀਤੀ। ਜਦ ਨੂੰ ਆਸਾਵਰੀ ਤੇ ਬਿਲਾਵਲ ਦੇ ਸ਼ਬਦ ਵੀ ਸਿੱਖ ਲਏ। ਅੰਤ ਨੂੰ ਸਾਰੰਗ ਦੇ ਸ਼ਬਦ ਆਰੰਭ ਕਰਨ ਲੱਗਿਆਂ ਮੈਂ ਆਪ ਹੀ ਨੋਟੇਸ਼ਨ ਸ਼ੁਰੂ ਕੀਤੀ। ਰੱਖੀ ਆਪਣੇ ਮਤਲਬ ਲਈ ਸਾਦਾ ਸੀ। ਰਾਗੀਆਂ ਵਾਂਗ ਤਾਲਾਂ ਦੇ 'ਤਾਲਾਂ ਦੇ 'ਤਾਲੀ' ਆਦਿਕ ਦੀਆਂ ਨਿਸ਼ਾਨੀਆਂ ਨਾ ਪਾਈਆਂ। ਜਦ ਗਿਆਨੀ ਆਤਮਾ ਸਿੰਘ ਜੀ ਨੂੰ ਸਾਰੰਗ ਦੇ ਸ਼ਬਦ ਦੀ ਨੋਟੇਸ਼ਨ ਦਿਖਾਈ ਤਾਂ ਬਹੁਤ ਖ਼ੁਸ਼ ਹੋਏ।

ਕਦੀ ਮੈਂ ਕੀਰਤਨ ਸਿਖਣ ਨਹੀਂ ਸਾਂ ਜਾ ਸਕਦਾ, ਕਿਸੇ ਦਿਨ ਗਿਆਨੀ ਜੀ ਦਾ ਵਿਹਲ ਨਹੀਂ ਸੀ ਲਗਦਾ। ਉਨ੍ਹਾਂ ਨੂੰ ਟੀ.ਬੀ. ਵੀ ਸੀ। ਮਿਸ਼ਨਰੀ ਕਾਲਜ ਦੇ ਕਈ ਵਿਦਿਆਰਥੀਆਂ ਨੇ ਮੈਨੂੰ ਕਿਹਾ, "ਗਿਆਨੀ ਜੀ ਕੋਲ ਨਾ ਬੈਠਿਆ ਕਰੋ। ਇਨ੍ਹਾਂ ਦੇ ਥੁੱਕ ਨਾਲ ਲਹੂ ਆਉਂਦਾ ਹੈ, ਤੁਹਾਨੂੰ ਵੀ ਬਿਮਾਰੀ ਲੱਗ ਜਾਵੇਗੀ।" ਪਰ ਮੈਂ ਉਨ੍ਹਾਂ ਦੀ ਗੱਲ ਨਾ ਮੰਨੀ ਅਤੇ ਕਿਹਾ, "ਮੈਨੂੰ ਨਹੀਂ ਲੱਗ ਸਕਦੀ, ਜੇ ਲਗ

ਵੀ ਗਈ ਤਾਂ ਦੇਖ ਲਵਾਂਗੇ। ਪਹਿਲਾਂ ਹੀ ਕਿਉਂ ਡਰਾਂ ਅਤੇ ਕੀਰਤਨ ਨਾ ਸਿੱਖਾਂ ?"

ਸਾਰੇ ਸਾਲ ਵਿਚ ਉਨ੍ਹਾਂ ਤੋਂ ਮੈਂ ਪੰਜ ਮਹੀਨੇ ਕੀਰਤਨ ਸਿਖਿਆ 22 ਰਾਗਾਂ ਦੇ 143 ਸ਼ਬਦ ਸਿੱਖੇ। ਜਦ ਨੂੰ ਮੇਰਾ ਅਰਥ ਕਰਨ ਦਾ ਸਮਾਂ ਮੁੱਕ ਗਿਆ ਅਤੇ ਮੈਂ ਅੰਮ੍ਰਿਤਸਰ ਛੱਡ ਦਿੱਤਾ। ਗਿਆਨੀ ਜੀ ਨੇ ਕਿਹਾ, "ਜੋ ਕੁਝ ਮੈਨੂੰ ਆਉਂਦਾ ਹੈ, ਉਹ ਮੈਂ ਤੁਹਾਨੂੰ ਸਿੱਖਾ ਦਿੱਤਾ ਹੈ, ਹੋਰ ਮੇਰੇ ਪਾਸ ਕੁਝ ਹੈ ਨਹੀਂ। ਜਿੰਨਾਂ ਕੁਝ ਤੁਸੀਂ ਮੈਥੋਂ ਸਿਖ ਲਿਆ ਹੈ, ਮਿਸ਼ਨਰੀ ਕਾਲਜ ਦੇ ਵਿਦਿਆਰਥੀ ਤਾਂ ਦੋਹ ਸਾਲਾਂ ਵਿਚ ਵੀ ਨਹੀਂ ਸਿੱਖ ਸਕਦੇ। ਕਿਸੇ ਨੂੰ ਸ਼ੌਂਕ ਹੀ ਨਹੀਂ।"

ਇਕ ਵਾਰੀ ਖੰਨੇ ਵਾਲੇ ਮੇਰੇ ਦੋਸਤ ਸ. ਪ੍ਰੀਤਮ ਸਿੰਘ ਨੇ ਦਸਿਆ ਕਿ ਉਸਨੇ ਪ੍ਰੋਫੈਸਰ ਸਾਹਿਬ ਸਿੰਘ ਜੀ ਨੂੰ ਬੇਨਤੀ ਕੀਤੀ ਸੀ ਕਿ ਉਹ ਉਸਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਸਿਖਾਉਣ, ਪਰ ਉਹ ਨਾ ਮੰਨੇ। ਪ੍ਰੋ. ਸਾਹਿਬ ਸਿੰਘ ਹੋਰਾਂ ਤੋਂ ਅਰਥ ਕਰਨ ਦੇ ਦੌਰਾਨ ਕਈ ਗੱਲਾਂ ਆਪਸ ਵਿਚ ਹੁੰਦੀਆਂ ਸਨ। ਕਦੀਂ ਉਹ ਆਪਣੇ ਘਰ ਤੋਂ ਬਾਹਰ ਦਰੱਖ਼ਤਾਂ ਦੀ ਛਾਵੇਂ ਬੈਠ ਕੇ ਪੜ੍ਹਾਉਂਦੇ ਸਨ, ਕਦੀਂ ਆਪਣੀ ਬੈਠਕ ਵਿਚ ਤੇ ਕਦੇ ਨਾਭ੍ਹਾ ਹੋਸਟਲ ਦੀ ਉਪਰਲੀ ਛੱਤ ਦੇ ਕਿਸੇ ਕਮਰੇ ਵਿਚ। ਇਕ ਦਿਨ ਆਪਣੇ ਬਾਰੇ ਮੈਨੂੰ ਉਨਾਂ ਦੱਸਿਆ, "ਮੇਰੀ ਪਹਿਲੀ ਪਤਨੀ ਦੇ ਚਲਾਣਾ ਕਰਨ ਦੇ ਪਿਛੋਂ ਮੇਰਾ ਵਿਆਹ ਅੰਮ੍ਰਿਤਸਰ ਦੀ ਇਕ ਲੱਖਪਤੀ ਵਿਧਵਾ ਨਾਲ ਹੋਣ ਦੀ ਗੱਲ ਤੁਰੀ। ਪਰ ਉਸ ਇਸਤ੍ਰੀ ਦੇ ਭਰਾ ਨੇ ਪੈਸੇ ਦੇ ਲਾਲਚ ਵਿਚ ਉਸਨੂੰ ਜਾਨੋਂ ਮਾਰ ਦਿਤਾ। ਇਹ ਵੀ ਵਾਹਿਗੁਰੂ ਦੇ ਖੇਲ ਹਨ। ਜੇ ਮੇਰਾ ਵਿਆਹ ਉਸ ਇਸਤ੍ਰੀ ਨਾਲ ਹੋ ਜਾਂਦਾ ਤਾਂ ਹੋ ਸਕਦਾ ਹੈ ਕਿ ਜੋ ਮਿਹਨਤ ਮੈਂ ਗੁਰਬਾਣੀ ਦੀ ਖੋਜ ਵਿਚ ਕਰ ਰਿਹਾ ਹਾਂ ਉਹ ਨਾ ਹੋ ਸਕਦੀ ਅਤੇ ਮੈਂ ਪੈਸੇ ਵਿਚ ਹੀ ਮਸਤ ਹੋ ਜਾਂਦਾ।" ਉਨ੍ਹਾਂ ਮੈਨੂੰ ਮਾਸਿਕ ਰਸਾਲਾ 'ਅੰਮ੍ਰਿਤ' ਵਿਚੋਂ ਇਕ ਕਹਾਣੀ ਪੜ੍ਹਕੇ ਸੁਣਾਈ ਜੋ ਉਨ੍ਹਾਂ ਵਲੋਂ ਲਿਖੀ ਹੋਈ ਸੀ। ਉਸ ਵਿਚ ਉਪਰਲੀ ਘਟਨਾ ਬਾਰੇ ਲਿਖਿਆ ਹੋਇਆ ਸੀ। ਉਨ੍ਹਾਂ ਮੈਨੂੰ ਦੱਸਿਆ ਕਿ, "ਇਹ ਮੇਰੀ ਆਪ-ਬੀਤੀ ਹੈ।" ਉਹਨਾਂ ਮੈਨੂੰ 'ਅੰਮ੍ਰਿਤ ਦੀਆਂ ਸਾਰੇ ਅੰਕਾਂ ਦੀਆਂ ਫ਼ਾਇਲਾਂ ਦਿੱਤੀਆਂ। ਨਾਲੇ ਆਪਣੇ ਵਲੋਂ ਗੁਰਪੁਰਬਾਂ ਤੇ ਦਿੱਤੇ ਹੋਏ ਵਿਆਖਿਆਨਾਂ ਦੇ ਨੋਟਸ ਦਿੱਤੇ। ਮੈਂ ਉਹ ਆਪਣੇ ਲਈ, ਉਹਨਾਂ ਦੇ ਕਹਿਣ ਤੇ ਕੋਪੀ ਕਰ ਲਏ।

ਇਕ ਦਿਨ ਗਰਮੀਆਂ ਦੇ ਦਿਨੀਂ ਕਹਿਣ ਲਗੇ, "ਸ਼ਹਿਰ ਵਿਚ ਨਾਮਧਾਰੀਆਂ ਦਾ ਜਥਾ ਆਇਆ ਹੋਇਆ ਹੈ ਚਲੋ ਉਨ੍ਹਾਂ ਦਾ ਕੀਰਤਨ ਸੁਣੀਏ।" ਉਹਨਾਂ ਨੂੰ ਨਾਮਧਾਰੀਆਂ ਦਾ ਕੀਰਤਨ ਸੁਣਨ ਦਾ ਬਹੁਤ ਸ਼ੌਕ ਸੀ। ਅਸੀਂ ਜਾ ਕੇ ਕੀਰਤਨ ਸੁਣਨ ਲਗੇ। ਸੰਗਤ ਵਿਚ ਨਾਮਧਾਰੀਆਂ ਦੇ ਬਾਬਾ ਪਰਤਾਪ ਸਿੰਘ ਜੀ ਵੀ ਸਨ। ਜਦ ਨੂੰ ਇਕ ਲੰਮਾ ਆਦਮੀ ਉਠੱਕੇ ਕੀਰਤਨ ਕਰਨ ਲੱਗਾ ਅਤੇ ਨੱਚਦਾ ਨੱਚਦਾ ਬੀਬੀਆਂ ਉੱਤੇ ਡਿੱਗ ਪਿਆ। ਸਾਡੇ ਆਲੇ ਦੁਆਲੇ ਬੈਠੇ ਕਈ ਪ੍ਰੇਮੀ ਹੌਲੀ ਹੌਲੀ ਉਸਨੂੰ ਬੁਰਾ ਭਲਾ ਕਹਿਣ ਲੱਗ ਪਏ। ਸਰਦਾਰ

ਜੀ ਕਹਿਣ ਲਗੇ, "ਚਲੋ ਹੁਣ ਚਲੀਏ। ਬਥੇਰਾ ਕੀਰਤਨ ਸੁਣ ਲਿਆ।"

ਉਹਨਾਂ ਮੈਨੂੰ ਇਹ ਵੀ ਦੱਸਿਆ ਸੀ ਕਿ ਭਸੌੜੀਏ ਬਾਬੂ ਤੇਜਾ ਸਿੰਘ ਹੋਰੀਂ ਇਕ ਐਸੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨਾ ਚਾਹੁੰਦੇ ਸਨ ਜਿਸ ਵਿਚ ਭੱਟਾਂ ਦੀ ਬਾਣੀ ਨਾ ਹੋਵੇ। ਜ਼ਾਹਿਰ ਇਹ ਕਰਨਾ ਸੀ ਕਿ ਇਹ ਉਨ੍ਹਾਂ ਨੂੰ ਪੁਰਾਣੀ ਲਿੱਖਤ ਮਿਲੀ ਹੈ ਅਤੇ ਇਸ ਅਨੁਸਾਰ ਭੱਟਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚੋਂ ਕੱਢ ਦੇਣੀ ਚਾਹੀਦੀ ਹੈ। ਬਾਬੂ ਹੋਰਾਂ ਦਾ ਪੁੱਤਰ ਡਾਕਟਰ ਰਣ ਸਿੰਘ, ਪ੍ਰੋਫੈਸਰ ਜੀ ਦਾ ਦੋਸਤ ਸੀ। ਉਸਨੇ ਇਹ ਗੱਲ ਸਰਦਾਰ ਜੀ ਨੂੰ ਦੱਸ ਦਿੱਤੀ। ਇਹ ਗੱਲ ਸਾਰੇ ਪੰਥ ਵਿਚ ਉੜ ਗਈ ਤੇ ਭਸੌੜੀਏ ਉਹ ਬੀੜ ਤਿਆਰ ਕਰਨ ਤੋਂ ਅਸਮਰਥ ਹੋ ਗਏ।

ਇਕ ਦਿਨ ਉਨ੍ਹਾਂ ਦੱਸਿਆ ਕਿ ਕਿਸੇ ਬੰਦੇ ਨੇ ਦੋ ਤਿੰਨ ਵਾਰ ਉਨ੍ਹਾਂ ਪਾਸ ਆ ਕੇ ਉਨ੍ਹਾਂ ਨੂੰ ਪ੍ਰੇਰਿਆ ਕਿ ਉਹ ਉਸ ਨੂੰ ਉਨ੍ਹਾਂ ਵਲੋਂ ਲਿਖਿਆ ਹੋਇਆ 'ਗੁਰਬਾਣੀ ਵਿਆਕਰਣ' ਦਾ ਖਰੜਾ, ਜੋ ਉਨ੍ਹਾਂ 1932 ਵਿਚ ਖ਼ਤਮ ਕੀਤਾ ਸੀ, ਦੇ ਦੇਣ। ਉਸ ਕਿਹਾ ਕਿ ਉਹ ਖਰੜਾ ਭਾਈ ਵੀਰ ਸਿੰਘ ਜੀ ਦੇਖਣਾ ਚਾਹੁੰਦੇ ਹਨ ਤੇ ਨਾਲੇ ਉਹ ਕੋਈ ਸੁਝਾਓ ਵੀ ਦੇਣਗੇ। ਪਰ ਪ੍ਰੋਫੈਸਰ ਹੋਰਾਂ ਦੇ ਦੋਸਤ ਡਾਕਟਰ ਰਣ ਸਿੰਘ ਨੇ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਖ਼ਬਰਦਾਰ ਕੀਤਾ ਹੋਇਆ ਸੀ ਕਿ ਕਿਸੇ ਨੂੰ ਆਪਣਾ ਖਰੜਾ ਜਾਂ ਕੋਈ ਵੀ ਲਿੱਖਤ ਨਹੀਂ ਦੇਣੀ। ਇਸ ਲਈ ਪ੍ਰੋਫ਼ੈਸਰ ਹੋਰੀਂ ਉਸ ਬੰਦੇ ਦੀ ਗੱਲ ਨਾ ਮੰਨੇ।

ਉਨ੍ਹਾਂ ਪਾਸੋਂ ਪੜ੍ਹਨ ਦੇ ਦੌਰਾਨ ਇਕ ਉਨ੍ਹਾਂ ਵੱਲੋਂ ਛੱਪਣ ਵਾਲੀ ਪੁਸਤਕ 'ਰੱਬੀ ਸੱਦਾ' ਦਾ ਖਰੜਾ ਜੋ ਰੱਫ਼ ਕਾਗਜ਼ਾਂ ਦੇ ਟੋਟਿਆਂ ਤੇ ਲਿਖਿਆ ਹੋਇਆ ਸੀ, ਮੈਨੂੰ ਦਿੱਤਾ ਤੇ ਕਿਹਾ, "ਇਸਨੂੰ ਸੁਹਣੇ ਕਾਗ਼ਜ਼ ਤੇ ਚੰਗੀ ਤਰ੍ਹਾਂ ਲਿਖ ਦੇਹ।" ਕਈ ਵਾਰ ਉਹ ਇਸ ਤਰ੍ਹਾਂ ਮੈਥੋਂ ਲਿਖਾ ਲੈਂਦੇ ਸਨ।

ਪੜ੍ਹਾਉਂਦਿਆਂ ਇਕ ਦਿਨ ਮੈਨੂੰ ਕਿਹਾ, "ਜਿਹੜੀ ਗੱਲ ਮੇਰੇ ਇਕ ਵਾਰ ਕਹਿਆਂ ਤੇਰੀ ਸਮਝ ਵਿਚ ਆ ਜਾਂਦੀ ਹੈ ਤੇ ਤੂੰ ਯਾਦ ਰੱਖਦਾ ਹੈਂ, ਉਸਨੂੰ ਆਮ ਲੋਕ ਮੇਰੇ ਦੱਸ ਵਾਰੀਂ ਕਿਹਾਂ ਸਮਝਦੇ ਤੇ ਯਾਦ ਕਰਦੇ ਹਨ।"

ਅਰਥਾਂ ਦੀ ਸਮਾਪਤੀ ਤੇ ਅਸੀਂ ਭੋਗ ਕਾਲਜ ਦੇ ਗੁਰਦੁਆਰੇ ਵਿਚ ਪ੍ਰਾਈਵੇਟ ਤੌਰ ਤੇ ਪਾਇਆ। ਸ਼ਲੋਕ ਵੀ ਪ੍ਰੋਫ਼ੈਸਰ ਜੀ ਨੇ ਪੜ੍ਹੇ ਅਤੇ ਅਰਦਾਸ ਵੀ ਉਨ੍ਹਾਂ ਹੀ ਕੀਤੀ। ਉਨ੍ਹਾਂ 'ਰਾਗ ਮਾਲਾ' ਨਹੀਂ ਸੀ ਪੜ੍ਹੀ।

ਉਹਨਾਂ ਮੈਨੂੰ ਕਿਹਾ, "ਜਦ ਤਾਈਂ ਮੇਰੇ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਛੱਪ ਨਹੀਂ ਜਾਣ ਉਦੋਂ ਤਾਈਂ ਜਿਹੜੇ ਅਰਥ ਤੂੰ ਆਪਣੀਆਂ ਸੈਂਚੀਆਂ ਵਿਚ ਲਿਖੇ ਹਨ ਕਿਸੇ ਨੂੰ ਨਹੀਂ ਦੇਣੇ ਅਤੇ ਕਿਸੇ ਨੂੰ ਨਹੀਂ ਦਿਖਾਉਣੇ। ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਮੇਰੀ ਸਾਰੀ ਕੀਤੀ ਮਿਹਨਤ ਕੋਈ ਹੋਰ ਚੁਰਾ ਲਵੇ।"

ਉਹਨਾਂ ਮੈਨੂੰ ਇਹ ਵੀ ਕਿਹਾ ਕਿ, "ਜੇ ਕਦੀਂ ਫੇਰ ਸਮਾਂ ਮਿਲੇ ਤਾਂ ਮੇਰੇ ਪਾਸੋਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਅਰਥ ਵੀ ਜ਼ਰੂਰ ਪੜ੍ਹ

ਲੈਣੇ।" ਪਰ ਫਿਰ ਸਮਾਂ ਹੀ ਨਾ ਮਿਲਿਆ।

1937 ਵਿਚ ਮੈਂ ਗਿਆਨੀ ਕਲਾਸ ਵੀ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਪਾਸ ਕੀਤੀ ਸੀ। ਜਦ ਮੈਂ 1938 ਵਿਚ 'ਅਕਾਲੀ' ਅਖ਼ਬਾਰ ਵਿਚੋਂ ਇਸ਼ਤਿਹਾਰ ਪੜ੍ਹਕੇ (ਦਾਰੁ ਸੱਲਾਮ) (Dar-e-slam) ਦੀ ਨੌਕਰੀ ਲਈ ਅਰਜ਼ੀ ਲਿਖੀ ਤਾਂ ਉਸ ਵਿਚ ਮੈਂ ਇਹ ਵੀ ਲਿਖਿਆ ਕਿ ਮੈਂ ਪ੍ਰੋ. ਸਾਹਿਬ ਸਿੰਘ ਹੋਰਾਂ ਤੋਂ ਗੁਰਬਾਣੀ ਦੇ ਅਰਥ ਸਿੱਖੇ ਹੋਏ ਹਨ। ਉਨ੍ਹਾਂ ਇਹ ਗੱਲ ਚਿੱਠੀ ਰਾਹੀਂ ਪ੍ਰੋਫ਼ੈਸਰ ਹੋਰਾਂ ਤੋਂ ਪੁੱਛੀ। ਉੱਤਰ ਵਿਚ ਸਰਦਾਰ ਜੀ ਨੇ ਮੇਰੀ ਬੜੀ ਸਿਫ਼ਤ ਕੀਤੀ। ਸਿੱਟੇ ਦੇ ਤੌਰ ਤੇ 60 ਉਮੀਦਵਾਰਾਂ ਵਿਚੋਂ ਉਨ੍ਹਾਂ ਮੈਨੂੰ ਹੀ ਨੌਕਰੀ ਦਿਤੀ। ਇਸ ਤਰ੍ਹਾਂ ਮੇਰੇ ਤੇ ਮੇਰੀ ਪਤਨੀ ਦੇ ਅਫ਼ਰੀਕਾ ਜਾਣ ਦੇ ਕਾਰਨਾਂ ਵਿਚੋਂ ਸਭ ਤੋਂ ਵੱਡਾ ਕਾਰਨ ਪ੍ਰੋਫ਼ੈਸਰ ਜੀ ਦੀ ਸਿਫ਼ਾਰਸ਼ ਸੀ।

1934-35 ਵਿਚ ਪ੍ਰੋਫ਼ੈਸਰ ਹੋਰਾਂ ਨੇ ਮੈਨੂੰ ਦੱਸਿਆ ਕਿ ਜਦ 1931 ਵਿਚ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਏਲਾਨ ਕੀਤਾ ਸੀ ਕਿ ਜੇ ਕੋਈ ਸਭ ਤੋਂ ਚੰਗੀ 'ਗੁਰਬਾਣੀ ਵਿਆਕਰਣ' ਲਿਖੇ ਤਾਂ ਉਸਨੂੰ 1000 ਰੁਪਏ ਇਨਾਮ ਦਿੱਤਾ ਜਾਵੇਗਾ। ਉਦੋਂ ਉਨ੍ਹਾਂ ਤੋਂ ਬਗ਼ੈਰ ਮਾਸਟਰ ਕਰਮ ਸਿੰਘ ਜੀ ਗੰਗਾਵਾਲਾ ਅਤੇ ਪੰਡਿਤ ਕਰਤਾਰ ਸਿੰਘ ਸੀ ਦਾਖਾ ਨੇ ਵੀ ਆਪੋ ਆਪਣੇ ਤੌਰ ਤੇ ਗੁਰਬਾਣੀ ਵਿਆਕਰਣ ਲਿਖੀ ਸੀ।

ਪਿਛੋਂ 1938 ਵਿਚ ਤਿੰਨੇ ਖਰੜੇ ਕਮੇਟੀ ਨੂੰ ਪੇਸ਼ ਕੀਤੇ ਗਏ ਸਨ। ਜਿੰਨਾਂ ਨੇ ਇਕ ਐਡਹੌਕ ਕਮੇਟੀ ਬਣਾਕੇ ਸਾਰਿਆਂ ਖਰੜਿਆਂ ਤੇ ਵਿਚਾਰ ਕਰਵਾਈ ਸੀ। ਨਤੀਜੇ ਦੇ ਤੌਰ ਤੇ ਪ੍ਰੋਫ਼ੈਸਰ ਜੀ ਦਾ ਖਰੜਾ ਸਭ ਤੋਂ ਚੰਗਾ ਮੰਨਿਆ ਗਿਆ ਸੀ। ਪਿਛੋਂ ਦੂਜੇ ਦੋਹਾਂ ਉਮੀਦਵਾਰਾਂ ਨੇ ਆਪੋ ਆਪਣੇ ਵਿਆਕਰਣ ਛਪਵਾਏ ਨਹੀਂ।

1949 ਵਿਚ ਹੀ 'ਸ਼ਲੋਕ ਭਗਤ ਕਬੀਰ' ਲਿਖਣ ਤੋਂ ਪਿਛੋਂ ਮੈਨੂੰ ਪ੍ਰੋਫ਼ੈਸਰ ਹੋਰਾਂ ਅਫ਼ਰੀਕਾ ਵਿਚ ਲਿਖਿਆ, "ਮੈਨੂੰ ਤੁਸੀਂ ਕਬੀਰ ਦੇ ਸ਼ਲੋਕਾਂ ਬਾਰੇ ਆਪਣੀ ਰਾਏ ਲਿੱਖ ਭੇਜੋ। ਮੈਂ ਕਦੀ ਕਦੀ ਉਸਨੂੰ ਇਸ਼ਤਿਹਾਰ ਦੇ ਤੌਰ ਤੇ ਵਰਤਾਂਗਾ।" ਮੈਂ ਉਨ੍ਹਾਂ ਨੂੰ ਆਪਣੇ ਵਿਚਾਰ ਪ੍ਰਾਈਵੇਟ ਤੌਰ ਤੇ ਤਾਂ ਲਿਖ ਭੇਜੇ ਪਰ ਨਾਲ ਹੀ ਇਹ ਵੀ ਲਿਖਿਆ, "ਇਹ ਕੋਈ ਰਾਏ ਨਹੀਂ ਹੈ। ਮੈਂ ਤਾਂ ਤੁਹਾਡਾ ਸ਼ਾਗਿਰਦ ਹਾਂ। ਮੈਂ ਤੁਹਾਡੀ ਪੁਸਤਕ ਬਾਰੇ ਕੀ ਰਾਏ ਦੇ ਸਕਦਾ ਹਾਂ। ਇਸ ਲਈ ਇਹ ਰਾਏ ਵਰਤੀ ਨਾ ਜਾਵੇ।"

ਹੁਣ ਮੈਂ ਉਨ੍ਹਾਂ ਦੀਆਂ ਚਿੱਠੀਆਂ ਵਿਚੋਂ ਹਵਾਲੇ ਦਿੰਦਾ ਹਾਂ, ਜਿੰਨਾਂ ਵਿਚੋਂ ਉਨ੍ਹਾਂ ਦੀ ਹਸਤੀ ਦੀਆਂ ਝਲਕਾਂ ਵੀ ਪੈਂਦੀਆਂ ਹਨ ਅਤੇ ਮੇਰਾ ਉਹਨਾਂ ਦੇ ਨਿਕਟ ਹੋਣ ਦਾ ਵੀ ਸਬੂਤ ਮਿਲਦਾ ਹੈ।

ਇਕ ਵਾਰ 1949 ਵਿਚ ਮੈਂ ਕੇਨੀਆ ਤੋਂ ਉਨ੍ਹਾਂ ਨੂੰ ਲਿਖਿਆ ਕਿ ਕਿਵੇਂ ਉਥੇ ਦੇ ਸਿੱਖ ਧਾਰਮਿਕ ਤੌਰ ਤੇ ਨਿੱਘਰ ਰਹੇ ਸਨ। ਜਵਾਬ ਵਿਚ ਪ੍ਰੋਫ਼ੈਸਰ ਹੋਰਾਂ ਲਿਖਿਆ, "ਸਿੱਖ ਕੌਮ ਦੀ ਇਥੇ ਭੀ ਉਹੀ ਹਾਲਤ ਹੈ ਜੋ ਉਧਰ ਦਸ ਰਹੇ

ਹੋ। ਕਈ ਵਾਰ ਦਿਲ ਨੂੰ ਸੱਟ ਵਜਦੀ ਹੈ। ਕੋਈ ਧਰਮ ਪ੍ਰਚਾਰ ਨਿਸ਼ਾਨ-ਮਾਤ੍ਰ ਭੀ ਨਹੀਂ ਰਿਹਾ। ਵਿਚਾਰੇ ਸਿੱਖ ਭੀ ਕੀ ਕਰਨ ? ਇਥੇ ਪਿੰਡਾਂ ਵਿਚ ਨਿਰੀ ਅਨਪੜ੍ਹਤਾ ਹੀ ਅਨਪੜ੍ਹਤਾ ਹੈ। ਪੰਜਾਬ ਹੁਣ ਸਰਹੱਦੀ ਸੂਬਾ ਬਣਨ ਕਰਕੇ ਸਗੋਂ ਵਧੀਕ ਨਿੱਘਰ ਰਿਹਾ ਹੈ। ਆਚਰਣ ਵੀ ਛੇਤੀ ਡਿੱਗਦਾ ਜਾ ਰਿਹਾ ਹੈ।"

1949 ਵਿਚ ਹੀ ਉਨ੍ਹਾਂ ਇਕ ਹੋਰ ਚਿੱਠੀ ਵਿਚ ਮੈਨੂੰ ਲਿਖਿਆ, "ਤੁਹਾਨੂੰ ਇਕ ਚਿੱਠੀ ਲਿਖੀ ਸੀ ਚਾਰ ਪੰਜ ਦਿਨ ਲਾ ਕੇ, ਪਰ ਗੁਆਚ ਗਈ। ਬਥੇਰੀ ਭਾਲ ਕੀਤੀ ਹੈ, ਮਿਲਦੀ ਨਹੀਂ। ਹੁਣ ਉਤਨੀ ਵਿਹਲ ਨਹੀਂ ਕਿ ਮੁੜ ਸਭ ਕੁਝ ਲਿਖਾਂ। ਮੈਂ ਭੀ 'ਪ੍ਰੀਤ ਲੜੀ' ਤੇ 'ਬਾਲ ਸੰਦੇਸ਼' ਮੰਗਾਉਂਦਾ ਹਾਂ। ਪਰ ਮੇਰਾ ਆਸਰਾ ਪਰਨਾ ਗੁਰੂ ਨਾਨਕ ਪਾਤਸ਼ਾਹ ਹੀ ਹੈ।"

ਮੈਂ ਉਨ੍ਹਾਂ ਨੂੰ ਲਿਖਿਆ ਕਿ ਮੈਂ ਕਿਸੇ ਦੁਕਾਨਦਾਰ ਤੋਂ 1000 ਰੁਪਏ ਦੀਆਂ ਪੰਜਾਬੀ ਕਿਤਾਬਾਂ ਮੰਗਵਾ ਰਿਹਾ ਹਾਂ। ਉਨ੍ਹਾਂ ਉੱਤਰ ਵਿਚ ਲਿਖਿਆ ਕਿ, "ਦੁਕਾਨਦਾਰ ਤੋਂ ਨਾ ਮੰਗਵਾਓ। ਮੈਨੂੰ ਪੈਸੇ ਭੇਜ ਦਿਓ। ਹੌਲੀ ਹੌਲੀ ਕਰਕੇ ਮੈਂ ਸਾਰੀਆਂ ਭੇਜ ਦਿਆਂਗਾ।" ਇਸ ਤਰ੍ਹਾਂ ਹੀ ਹੋਇਆ। ਇਕ ਵਾਰੀ ਛਿਅਰਟਾ ਸਾਹਿਬ ਤੋਂ ਮੇਰੇ ਵਾਸਤੇ ਕੋਈ ਕਿਤਾਬ ਲੈਣ ਗਏ। ਗਰਮੀ ਬਹੁਤ ਸੀ। ਕਿਤਾਬ ਤਾਂ ਨਾ ਮਿਲੀ ਪਰ ਤਾਪ ਨਾਲ ਮੇਲੇ ਹੋ ਗਏ। ਘਰ ਆਕੇ ਚਾਰ ਦਿਨ ਬੁਖ਼ਾਰ ਨਾਲ ਪਏ ਰਹੇ।

ਉਨ੍ਹਾਂ 1947 ਦੀ ਹਾਲਤ ਮੈਨੂੰ ਇਸ ਤਰ੍ਹਾਂ ਲਿਖੀ, "1947 ਵਿਚ ਇਥੇ ਪਰਲੋ ਆਈ ਪਈ ਸੀ। ਤਦੋਂ ਮਰਨਾ, ਕਤਲ ਹੋਣਾ ਕੋਈ ਵੱਡੀ ਗੱਲ ਨਹੀਂ ਸੀ। ਮਨੁੱਖ ਕੁੱਤਿਆਂ ਨਾਲੋਂ ਸਸਤੇ ਹੋਏ ਪਏ ਸਨ। ਉਨੀਂ ਦਿਨੀਂ ਮੈਨੂੰ ਸ਼ਹਿਰ ਤਿੰਨ ਚਾਰ ਵਾਰ ਜਾਣਾ ਪਿਆ ਸੀ। ਪਰ ਡਰ ਬਹੁਤ ਲਗਦਾ ਸੀ। ਸਾਡੇ ਕਾਲਜ ਦੇ ਤਿੰਨ ਸੱਜਣ ਮਾਰੇ ਗਏ ਸਨ।"

1950 ਵਿਚ ਉਹ ਕੁਝ ਨਿਰਾਸ਼ ਹੋ ਗਏ ਸਨ। ਉਨ੍ਹਾਂ ਲਿਖਿਆ, "ਅੱਜਕਲ੍ਹ ਲਿਖਣ ਪੜ੍ਹਨ ਦਾ ਕੋਈ ਵਾਧੂ ਕੰਮ ਮੈਂ ਨਹੀਂ ਕਰ ਰਿਹਾ। ਇਸ ਦੀ ਕਿਤੇ ਲੋੜ ਨਹੀਂ ਦਿੱਸਦੀ। ਅੱਠ ਮਹੀਨਿਆਂ ਵਿਚ 'ਸ਼ਲੋਕ ਕਬੀਰ ਜੀ' ਦੀਆਂ ਸਿਰਫ਼ 50 ਕਾਪੀਆਂ ਵਿਕੀਆਂ ਹਨ। 'ਭਗਤ ਬਾਣੀ ਸਟੀਕ' ਛਾਪਣ ਦਾ ਹੌਸਲਾ ਮੈਂ ਨਹੀਂ ਕਰ ਸਕਦਾ। ਇਤਨਾ ਰੁਪਇਆ ਅਜਾਈਂ ਗੁਆਣ ਵਾਲੀ ਗੱਲ ਹੈ। ਨੌਂ ਮਹੀਨੇ ਇਸ਼ਤਿਹਾਰ ਨਾਲ ਸਿਰਫ਼ ਪੰਜ ਬੰਦਿਆਂ ਨੇ ਖ਼ਰੀਦਣ ਦੀ ਹਾਂ ਕੀਤੀ ਹੈ। ਫਿਰ ਕਿਉਂ ਨ ਦਿਮਾਗ਼ ਨੂੰ ਆਰਾਮ ਹੀ ਦਿੱਤਾ ਜਾਏ ?"

ਇਕ ਵਾਰ ਮੈਂ ਉਨ੍ਹਾਂ ਨੂੰ ਲਿਖਿਆ ਸੀ ਕਿ ਸੰਗ੍ਰਾਂਦ ਆਦਿਕ ਨਾ ਮਨਾਉਣ ਕਰਕੇ ਮੈਨੂੰ ਲੋਕ ਕੌਮਿਉਨਿਸਟ ਕਹਿੰਦੇ ਸਨ। ਉਹਨਾਂ ਉੱਤਰ ਵਿਚ ਲਿਖਿਆ, "ਸੰਗ੍ਰਾਂਦ ਆਦਿਕ ਤੋਂ ਮੈਨੂੰ ਵੀ ਇਥੇ ਨਾਸਤਕ ਕਿਹਾ ਜਾਂਦਾ ਹੈ। ਕਿਸੇ ਨਾਲ ਬਹਿਸਣ ਦੀ ਲੋੜ ਨਹੀਂ। ਧਰਮ ਅਸਥਾਨ ਅਖ਼ੀਰ ਆਮਦਨ ਲਈ ਦੁਕਾਨਾਂ ਬਣ ਜਾਂਦੇ ਹਨ। ਇਤਰਾਜ਼ ਕਰਨ ਵਾਲਿਆਂ ਨੂੰ ਕੌਮਿਉਨਿਸਟ ਆਦਿਕ ਨਾਮ ਦੇ ਕੇ

ਜੇਲ੍ਹਾਂ ਵਿਚ ਬੰਦ ਕਰਕੇ ਧਰਮ ਦੀ ਸੇਵਾ ਕਰੀਦੀ ਹੈ। ਸੋ ਇਸ ਰਾਹੇ ਸੰਭਲ ਕੇ ਤੁਰਨ ਦੀ ਲੋੜ ਹੁੰਦੀ ਹੈ। 'ਧਰਮੀ' ਲੋਕ ਬਹੁਤ ਹੀ 'ਦਇਆਵਾਨ' ਹੁੰਦੇ ਹਨ।"

ਮੈਂ ਉਹਨਾਂ ਨੂੰ ਲਿਖਿਆ ਕਿ ਮੈਕਾਲਫ ਦਾ The Sikh Religion' ਭੇਜਣ। ਉਨ੍ਹਾਂ ਉੱਤਰ ਦਿੱਤਾ, ਮੈਕਾਲਫ ਦਾ ਸੈੱਟ ਨਹੀਂ ਮਿਲਦਾ। ਮੈਂ ਇਸਦੇ ਹੱਕ ਵਿਚ ਵੀ ਨਹੀਂ ਹਾਂ। ਪੁਰਾਣੇ ਅਸਿੱਖ ਖ਼ਿਆਲਾਂ ਦਾ ਪ੍ਰਚਾਰ ਜੋ ਪੁਰਾਣੇ ਸਿੱਖ-ਨੁਮਾ ਹਿੰਦੂਆਂ ਨੇ ਹੁਣ ਤੱਕ ਕੀਤਾ ਹੈ, ਉਸ ਵਿਚ ਦਰਜ ਹੈ। ਰੁਪਇਆ ਜ਼ਾਇਆ ਕਰਨ ਵਾਲੀ ਹੀ ਗੱਲ ਹੈ।"

ਮੈਂ ਇੰਡੀਆ ਦੇ ਭਰਿਸ਼ਟਾਚਾਰ ਬਾਰੇ ਜਦ ਇਕ ਵਾਰ ਲਿਖਿਆ ਤਾਂ ਉਨ੍ਹਾਂ ਨੇ ਵਿਅੰਗਮਈ ਢੰਗ ਨਾਲ ਉੱਤਰ ਦੇਣ ਵਿਚ ਕਮਾਲ ਕਰ ਦਿੱਤਾ, "ਯੂਨੀਵਰਸਟੀ ਤੋਂ ਜਵਾਬ ਮਿਲਣਾ ਪਹਿਲੇ ਭੀ ਕੋਈ ਸੌਖੀ ਖੇਡ ਨਹੀਂ ਸੀ। ਪਰ ਤੁਸੀਂ ਭਾਰਤ ਤੋਂ ਬਾਹਰ ਬੈਠੇ ਸਾਡਾ ਕਿਉਂ ਬੁਰਾ ਤੱਕਦੇ ਹੋ, ਕਿ ਅੰਗ੍ਰੇਜ਼ ਦਾ ਗ਼ੁਲਾਮ ਭਾਰਤ ਚੰਗਾ ਸੀ। ਹੁਣ ਆਪਣਾ ਵਤਨ ਹੈ, ਆਪਣੀਆਂ ਹੀ ਗੱਡੀਆਂ ਹਨ ਤੇ ਆਪਣੇ ਹੀ ਬੰਦੇ ਹਨ। ਜੇ ਨਿੱਤ ਟੱਕਰਾਂ ਲੱਗ ਕੇ ਸਾਡੇ ਮਰਦੇ ਹਨ ਤਾਂ ਕਿਸੇ ਨੂੰ ਕੀ ? ਕੋਈ ਬਦੇਸ਼ੀ ਥੋੜੇ ਮਰਦੇ ਨੇ ? ਆਪਣੇ ਹੀ ਦਫ਼ਤਰ ਹਨ। ਜੇ ਛੇਤੀਂ ਉੱਤਰ ਨਾ ਦਿਆਂਗੇ ਤਾਂ ਕਿਸੇ ਬਦੇਸ਼ੀ ਦਾ ਤਾਂ ਅਸੀਂ ਕੁਝ ਨਹੀਂ ਵਿਗਾੜਦੇ। ਅਸਾਂ ਕਿਤੇ ਜਹਾਜ਼ੇ ਤਾਂ ਨਹੀਂ ਚੜ੍ਹਨਾ। ਇਸ ਸਾਲ ਨਾ ਸਹੀ ਤਾਂ ਅਗਲੇ ਸਹੀ। ਉੱਤਰ ਮਿਲਿਆਂ ਕਿਹੜਾ ਕਿਸੇ ਗ਼ਰੀਬ ਨੇ ਡਿਪਟੀ ਬਣ ਜਾਣਾ ਹੈ। ਉਹ ਬਖ਼ਸ਼ਿਸ਼ਾਂ ਤਾਂ ਧੰਨਵਾਨਾਂ ਲਈ ਹਨ। ਰੱਬ ਵੀ ਉਨ੍ਹਾਂ ਦਾ ਹੀ ਹੈ, ਲੋਕ ਕਿਉਂ ਸੜਨ ?"

1950 ਦੇ ਹੜ੍ਹਾਂ ਬਾਰੇ ਮੈਨੂੰ ਉਨ੍ਹਾਂ ਲਿਖਿਆ, "ਫ਼ਸਲੀ 'ਹਮਦਰਦ' ਭੀ ਕਈ ਜੰਮ ਪਏ ਹਨ। ਦੌਰੇ ਕਰ ਰਹੇ ਹਨ ਤੇ ਦਵਾਈਆਂ ਵੰਡਦੇ ਹਨ। ਉਤੋਂ ਅਪ੍ਰੈਲ ਵਿਚ ਜੁ ਆਈਆਂ ਚੋਣਾਂ। 'ਹਮਦਰਦੀ' ਕਿਉਂ ਨਾ ਕਰਨ ?" ਉਹਨਾਂ ਇਹ ਵੀ ਲਿਖਿਆ, "ਲੋਕ ਕਾਂਗਰਸ ਤੋਂ ਮੂੰਹ ਮੋੜ ਰਹੇ ਹਨ। ਇਹ ਵੀ ਦੇਸ਼ ਦੀ ਬਦਕਿਸਮਤੀ ਹੈ।" ਫਿਰ ਉਹਨਾਂ ਮੈਨੂੰ ਪੁੱਛਿਆ, "ਕੀ ਚੜ੍ਹਦੇ ਦੀ ਵਾ ਦੀ ਠੰਡ ਉਥੇ ਨਹੀਂ ਅਪੜਦੀ ?" ਉਹਨਾਂ ਦਾ ਭਾਵ Communism ਤੋਂ ਸੀ।

ਇਕ ਵਾਰ ਮੈਂ ਉਹਨਾਂ ਨੂੰ ਭਾਈ ਵੀਰ ਸਿੰਘ ਵਲੋਂ ਛਪਵਾਇਆ ਹੋਇਆ 'ਸੂਰਜ ਪ੍ਰਕਾਸ਼' ਤੇ 'ਨਾਨਕ ਪ੍ਰਕਾਸ਼' ਮੈਨੂੰ ਭੇਜਣ ਲਈ ਕਿਹਾ। ਪਰ ਉਹਨਾਂ ਨਾ ਭੇਜਿਆ ਤੇ ਕਹਿਣ ਲਗੇ, "ਉਹਨਾਂ ਵਿਚ ਨਿਰਾ ਹਿੰਦੂ ਧਰਮ ਦਾ ਪਰਚਾਰ ਹੈ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਇਹੋ ਜੇਹੀਆਂ ਪੁਸਤਕਾਂ ਪੜ੍ਹਨ ਤੇ ਆਪਣਾ ਵਕਤ ਨਸ਼ਟ ਕਰੋ।"

ਉਹਨਾਂ ਦੀ ਇਹ ਵੀ ਇੱਛਾ ਸੀ ਕਿ ਮੈਂ ਉਨ੍ਹਾਂ ਨੂੰ ਹਰ ਮਹੀਨੇ ਚਿੱਠੀ ਲਿਖਿਆਂ ਕਰਾਂ। "ਹੋਰ ਨਹੀਂ ਤਾਂ ਭਾਵੇਂ ਗੱਪ ਸ਼ੱਪ ਦੀ ਹੀ ਸਹੀ।"

ਮੈਂ 1951 ਵਿਚ ਆਪਣੇ ਇਕ ਵਿਦਿਆਰਥੀ ਕੁਲਵੰਤ ਸਿੰਘ ਨੂੰ ਖਾਲਸਾ ਕਾਲਜ ਵਿਚ ਦਾਖ਼ਲ ਹੋਣ ਲਈ ਇੰਡੀਆ ਭੇਜਿਆ ਅਤੇ ਪ੍ਰੋਫੈਸਰ ਹੋਰਾਂ ਨੂੰ

ਉਸਦੀ ਮੱਦਦ ਕਰਨ ਬਾਰੇ ਦਸਤੀ ਚਿੱਠੀ ਭੇਜੀ। ਉਨ੍ਹਾਂ ਉਸ ਦੀ ਪੂਰੀ ਮੱਦਦ ਕੀਤੀ। ਕੁਲਵੰਤ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ,'ਤੁਸੀ ਗਰਮੀ ਦੀਆਂ ਛੁੱਟੀਆਂ ਵਿਚ ਸਾਡੇ ਪਾਸ ਕੇਨੀਆ ਆਇਓ। ਮੇਰੇ ਮਾਪੇ 8,000 ਫੁੱਟ ਉੱਚੀ ਜਗ੍ਹਾ ਤੇ ਰਹਿੰਦੇ ਹਨ। ਬੜੀ ਠੰਡੀ ਥਾਂ ਹੈ। ਤੁਹਾਡੀ ਸਿਹਤ ਠੀਕ ਰਹੇਗੀ। ਪਰ ਪ੍ਰੋਫੈਸਰ ਜੀ ਨੇ ਕਿਹਾ, 'ਕਾਕਾ, ਸਾਰਾ ਟੱਬਰ ਜਾ ਨਹੀਂ ਸਕਦਾ। ਮੈ ਇਕਲਾ ਕਿਉ ਜਾਵਾਂ? ਜੇ ਉਹ ਸਾਰੇ ਧੁੱਪ ਸਹਿ ਸਕਦੇ ਹਨ ਤਾਂ ਮੈ ਨਹੀ ਸਹਿ ਸਕਦਾ?'

12 ਜੁਲਾਈ 1952 ਵਿਚ ਉਹ ਖਾਲਸਾ ਕਾਲਜ ਤੋ ਰਿਟਾਇਰ ਹੋ ਗਏ ਸਨ। 1953 ਵਿਚ ਉਨ੍ਹਾਂ ਆਪਣੀ ਨੌਕਰੀ ਬਾਰੇ ਇਉਂ ਲਿਖਿਆ, 'ਮੈਨੂੰ ਹਾਲਾਂ ਨੌਕਰੀ ਦੀ ਲੋੜ ਹੈ। ਜੇ ਰੁਜ਼ਗਾਰ ਮਿਲ ਜਾਵੇ ਤਾਂ ਚੰਗਾ ਹੈ ਪਰ ਮੈ ਇਸ ਦੀ ਖਾਤਰ ਦੌੜ ਭੱਜ ਨਹੀ ਕਰਨੀ। ਲੋਕਾਂ ਦੇ ਪਿੱਛੇ ਪਿੱਛੇ ਭੱਜਣ ਵਿਚ ਬਹੁਤ ਖੁਆਰੀ ਹੁੰਦੀ ਹੈ। ਅਜੇ ਸਿੱਖ ਮਿਸ਼ਨਰੀ ਕਾਲਜ ਦੇ ਖੁਲ੍ਹਣ ਦਾ ਕੋਈ ਪਤਾ ਨਹੀ। ਪੰਥ ਧੜਿਆਂ ਵਿਚ ਵੰਡਿਆ ਹੋਇਆ ਹੈ। ਹੁਣ ਹਰੇਕ ਗੱਲ ਧੜੇ ਦੇ ਨਿਸ਼ਾਨੇ ਤੋਂ ਵੇਖੀ ਜਾ ਰਹੀ ਹੈ। ਚਾਹਣ ਦੀ ਗੱਲ ਨਹੀਂ।'

*ਮਨ- ਤਾਂਘਾਂ ਜੇ ਘੋੜੇ ਥੀਵਨਿ,*

*ਨੰਗ ਭੀ ਹੋਵਨ ਸ਼ਾਹ ਅਸਵਾਰ।----*

ਮੈਂ ਰਾਗ ਦਾ ਅਭਿਆਸ ਕਰਦਾ ਹਾਂ 3 ਘੰਟੇ ਰੋਜ਼। ਰੂਸੀ ਬੋਲੀ ਭੀ ਸਿੱਖ ਰਿਹਾ ਹਾਂ। ਜੇ ਕ੍ਰਾਲਜ ਨਾ ਖੁਲ੍ਹਾ, ਤਾਂ ਅਗਲੇ ਸਾਲ ਰੂਸੀ ਜਮਾਤ ਖੋਲ੍ਹਣ ਦਾ ਜਤਨ ਕਰਾਂਗਾਂ। ਜੋ ਮਿਲੇਗਾ ਸੋ ਹੀ ਸਹੀ। ਮੇਰਾ ਖ਼ਿਆਲ ਹੈ ਕਿ ਸਾਲ ਤੱਕ ਪੜ੍ਹਾਣ ਜੋਗਾ ਹੋ ਜਾਵਾਂਗਾ।'

ਮੇਰੇ ਪੁੱਛੇ ਤੇ April 1954 ਵਿਚ ਉਹਨਾ ਲਿਖਿਆ ਕਿ, 'ਰਾਗ ਦਾ ਅਭਿਆਸ ਚਿਰ ਹੋਇਆ ਮੁੱਕ ਗਿਆ ਸੀ। ਰੂਸੀ ਬੋਲੀ ਭੀ ਰਹਿ ਗਈ। ਇਸ ਉਮਰੇ ਬਹੁਤੀ ਮਿਹਨਤ ਨਹੀਂ ਹੋ ਸਕੀ।'

1956 ਵਿਚ ਉਨ੍ਹਾਂ ਲਿਖਿਆ,' ਮੈਂ ਚਾਹੁੰਦਾ ਹਾਂ ਕਿ ਟਾਪੂਆਂ ਦੇ ਵੀਰ ਆਪਣੇ ਵਲੋਂ ਕੋਈ Graduate ਵਿਦਿਆਰਥੀ ਭੇਜ ਦੇਣ ਜੋ ਉਨ੍ਹਾਂ ਦੇ ਵਜ਼ੀਫੇ ਤੇ ਇਥੇ ਦੋ ਸਾਲ ਲਾ ਕੇ ਫਿਰ ਟਾਪੂਆਂ ਵਿਚ ਜਾਣ ਅਤੇ ਸਿੱਖ ਧਰਮ ਦਾ ਪਰਚਾਰ ਕਰਨ। ਉਨ੍ਹਾਂ ਪਰਚਾਰ ਬਾਰੇ ਇਕ ਲੰਬੀ ਚੌੜੀ ਚਿੱਠੀ ਲਿਖੀ ਜਿਹੜੀ ਸਾਰੀ ਦਰਜ ਕਰਨੀ ਬਣਦੀ ਹੈ। ਉਨ੍ਹਾਂ ਲਿਖਿਆ,'ਦੁਨੀਆਂ ਭੇਖ ਦੇ ਪਿੱਛੇ ਬਹੁਤ ਦੌੜਦੀ ਹੈ। ਮੈਂ ਤਾਂ ਪੰਥਕ ਭਲਾਈ ਸਾਹਮਣੇ ਰੱਖ ਕੇ ਇਕ ਸਾਦਾ ਜੇਹੀ ਤਜਵੀਜ਼ ਪੇਸ਼ ਕੀਤੀ ਹੈ। ਇਸ ਵਿਚ ਕਿਸੇ ਜਥੇ ਨੂੰ ਹਜ਼ਾਰਾਂ-ਲੱਖਾਂ ਰੁਪਇਆ ਦੀ ਕੁਰਬਾਨੀ ਕਰਨ ਦੀ ਭੀ ਲੋੜ ਨਹੀ ਸੀ ਪੈਣੀ। ਜਿਹੜੇ ਸਜਣ ਜਾਂ ਜਥੇਦਾਰ ਲੱਖਾਂ ਰੁਪਏ ਦਾਨ ਕਰਦੇ ਹਨ ਤੇ ਕਰ ਸਕਦੇ ਹਨ ਉਹਨਾਂ ਵਾਸਤੇ ਇਹ ਮੁਸ਼ਕਿਲ ਨਹੀਂ ਕਿ ਇਕ ਦੋ ਵਿਦਿਆਰਥੀਆਂ ਦਾ ਦੋ ਸਾਲਾ ਦਾ ਵਜ਼ੀਫ਼ਾ 840 ਰੁਪਏ ਦੇ ਦੇਣ। ਫ਼ਿਰ ਦੇਣਾ ਵੀ ਉਸ ਪੰਥਕ ਸ਼੍ਰੋਮਣੀ ਜਥੇ ਨੂੰ ਹੈ ਜਿਥੇ ਕਿਸੇ ਕਿਸਮ ਦੇ ਖੁਰਦ ਬੁਰਦ ਦਾ

ਕੋਈ ਸ਼ੱਕ ਨਹੀਂ ਪੈ ਸਕਦਾ। ਇਥੇ ਨਵਾਂ ਕੰਮ ਚਲਾਣ ਦੀਆਂ ਆਸਾਂ ਭੀ ਨਹੀਂ ਦਿੱਤੀਆਂ ਜਾ ਰਹੀਆਂ। ਕੰਮ ਅੱਗੇ ਹੀ ਚਲ ਰਿਹਾ ਹੈ। Africa ਵਿਚ ਅਨੇਕਾਂ ਸਿੰਘ-ਸਭਾਵਾਂ ਹਨ, ਚਾਰ ਵਜ਼ੀਫੇ ਕੋਈ ਵੱਡੀ ਗੱਲ ਨਹੀ ਹੈ। ਰਤਾ ਕੁ ਉਦਮ ਕਰੋ। ਇਹ ਦ੍ਰਿਸ਼ਟੀ-ਕੋਨ ਪੇਸ਼ ਕਰੋ। ਸਫ਼ਲਤਾ ਅਸੰਭਵ ਨਹੀਂ ਹੈ। ਕੇਂਦਰ ਵਿਚ ਤਾਕਤ ਪੰਥ ਵਲੋਂ ਹੀ ਆ ਸਕਦੀ ਹੈ। ਜੇ ਪੰਥ ਹੱਥ ਸੰਕੋਚਵਾਂ ਰੱਖੇ ਤਾਂ ਕੇਂਦਰ ਵਿਚ ਤਾਕਤ ਕਿਥੋਂ ਆਵੇ? ਗੁਰਬਾਣੀ ਦੀ ਵਾਕਫੀਅਤ ਤੇ ਪਰਚਾਰ ਦਾ ਪ੍ਰਬੰਧ ਪੱਕੇ ਪੈਰਾਂ ਤੇ ਕਰਨਾ, ਇਕ ਬੜੀ ਨਿੱਗਰ ਸੇਵਾ ਹੈ। ਜਿਹੜਾ ਉਦਾਰ ਪੰਥ ਭੀੜ ਪਈ ਤੇ ਲੱਖਾਂ ਰੁਪਏ ਭੇਜ ਸਕਦਾ ਹੈ ਉਹ ਇਸ ਨਿੱਗਰ ਕੰਮ ਵਲੋਂ ਕਦੇ ਸੰਕੋਚ ਨਹੀਂ ਕਰੇਗਾ। ਰਤਾ ਉਦਮ ਕਰੋਗੇ ਤਾਂ ਸਫ਼ਲਤਾ ਜ਼ਰੂਰ ਹੋਵੇਗੀ।

ਆਪਣੀ ਨੌਕਰੀ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਲਿਖਿਆ,' ਜੇ ਨਵੀਂ ਜਮਾਤ ਹੋ ਗਈ ਤਾਂ ਮੈਨੂੰ ਸ਼ਾਇਦ ਦੋ ਸਾਲ ਹੋਰ ਇਥੇ ਟਿਕੇ ਰਹਿਣ ਦਾ ਮੌਕਾ ਮਿਲ ਜਾਵੇ। ਉਂਜ ਸ. ਗੰਗਾ ਸਿੰਘ ਜੀ ਦਿਨ ਰਾਤ ਸਿਰ ਤੋੜ ਜਤਨ ਕਰਦੇ ਸੁਣੇ ਜਾ ਰਹੇ ਹਨ ਕਿ ਮੈਨੂੰ ਕੱਢਕੇ ਉਨ੍ਹਾਂ ਨੂੰ ਰੱਖਿਆ ਜਾਏ।

ਐਲਡੋਰੈਟ ਸਾਡੇ ਸਕੂਲ ਵਿਚ ਇਕ ਸਿੱਖ ਟੀਚਰ ਸੀ। ਜਿਸ ਦੀ ਤਨਖਾਹ 950 ਸ਼ਲਿੰਗ ਮਹੀਨਾ ਸੀ। ਉਸਨੇ ਮੈਨੂੰ ਕਿਹਾ, 'ਮੈਂ ਆਪਣੇ ਖ਼ਰਚੇ ਤੇ ਦੋ ਸਾਲ ਮਿਸ਼ਨਰੀ ਕਾਲਜ ਜਾ ਕੇ ਸਿੱਖਿਆ ਪ੍ਰਾਪਤ ਕਰਨੀ ਚਾਹੁੰਦਾ ਹਾਂ।' ਮੈਂ ਕਿਹਾ ਕਿ ਉਹ ਨੌਕਰੀ ਕਿਉਂ ਛੱਡ ਰਿਹਾ ਹੈ। ਕਹਿਣ ਲੱਗਾ, ਨੌਕਰੀ ਦੀ ਕੀ ਪਰਵਾਹ ਹੈ? ਹੋਰ ਮਿਲ ਜਾਵੇਗੀ। ਤੁਸੀ ਮੇਰੇ ਬਾਰੇ ਪ੍ਰੋਫੈਸਰ ਸਾਹਿਬ ਸਿੰਘ ਹੋਰਾਂ ਨੂੰ ਲਿਖੋ।' ਮੈਂ ਇਉਂ ਹੀ ਕੀਤਾ। ਉਨ੍ਹਾਂ ਨੇ ਪਰਚਾਰ ਤੇ ਪਰਚਾਰਕਾਂ ਬਾਰੇ ਵਿਚਾਰ ਲਿਖੇ। ਚਿੱਠੀ ਇਸ ਤਰ੍ਹਾਂ ਸੀ:

ਸਰਦਾਰ----- ਜੀ ਦੀ ਕੁਰਬਾਨੀ ਬਹੁਤ ਹੀ ਸ਼ਲਾਘਾ ਯੋਗ ਹੈ। ਅਜੇਹੇ ਸਿਦਕ ਵਾਲੇ ਤੇ ਲਗਨ ਵਾਲੇ ਬਹੁਤ ਹੀ ਘੱਟ ਮਿਲ ਸਕਦੇ ਹਨ। ਕੋਈ ਵਿਰਲੇ ਹੀ,ਪਰ ਇਤਨੀ ਭਾਰੀ ਕੁਰਬਾਨੀ ਕਰਨ ਦੀ ਲੋੜ ਤਦੋਂ ਹੀ ਪੈ ਸਕਦੀ ਹੈ, ਜਦੋਂ ਨਿਸ਼ਾਨੇ ਤੇ ਅਪੜਨ ਲਈ ਹੋਰ ਕੋਈ ਰਸਤਾ ਨ ਹੋਵੇ। ਗੁਰਮਿਤ ਦੀ ਵਿਦਿਆ ਵਿਚ ਯੋਗਤਾ ਹਾਸਲ ਕਰਨ ਵਾਲੇ ਦੇ ਸਾਹਮਣੇ ਇਹ ਨਿਸ਼ਾਨਾ ਕਦੇ ਨਹੀਂ ਰੱਖਣਾ ਚਾਹੀਦਾ ਕਿ ਉਹ ਨਿਰਾ ਜਗਤ ਨੂੰ ਸੁਣਾਂਦਾ ਫਿਰੇ। ਅਜੇਹੇ ਨਿਸ਼ਾਨੇ ਵਾਲਾ ਮਨੁੱਖ ਸਿਰਫ਼ ਲੈਕਚਰ ਜ਼ਬਾਨੀ ਯਾਦ ਕਰਨ ਤੱਕ ਹੀ ਟਿਕਿਆ ਰਹਿ ਜਾਏਗਾ। ਇਥੇ ਤਾਂ 'ਪ੍ਰਥਮੇ ਮਨੁ ਪਰਬੋਧੈ ਅਪਣਾ, ਪਾਛੈ ਅਵਰ ਰੀਝਾਵੈ।' ਪਰਚਾਰਕ ਨੇ ਗੁਰਬਾਣੀ ਵਾਸਤੇ ਇਸ਼ਕ ਪੈਦਾ ਕਰਨਾ ਹੈ। ਦਿਨ ਰਾਤ ਗੁਰਬਾਣੀ ਪੜ੍ਹਨ ਤੇ ਜ਼ੁਬਾਨੀ ਯਾਦ ਕਰਨ ਦੇ ਕੰਮ ਨੂੰ ਕਦੇ ਵਿਸਾਰਨਾ ਨਹੀਂ। ਜੇ ਉਹ ਇਥੇ ਆਉਣ ਤਾਂ ਭੀ ਉਹਨਾਂ ਨੂੰ ਇਸੇ ਰਾਹੇ ਤੁਰਨਾ ਪਏਗਾ। ਮੈਂ ਪਿਛਲੇ ਦੋ ਸਾਲਾਂ ਵਿਚ ਆਪਣੇ ਵਿਦਿਆਰਥੀਆਂ ਉਤੇ ਜ਼ੋਰ ਜ਼ਿਆਦਾ ਇਹੀ ਪਾਂਦਾ ਰਿਹਾ ਹਾਂ। ਜੇ ਸਰਦਾਰ ਜੀ ਨੂੰ ਉਥੇ ਬੈਠਿਆਂ guidance ਮਿਲਦੀ ਜਾਏ, ਤਾਂ ਇਹ ਮਿਹਨਤ

ਉਹ ਉਥੇ ਹੀ ਕਰ ਸਕਣਗੇ, ਤੇ ਕਰਨੀ ਪਏਗੀ। ਉਹਨਾਂ ਲੇਖਾ ਕਰਕੇ ਵੇਖ ਲਿਆ ਹੋਵੇਗਾ ਕਿ ਦੋ ਸਾਲਾਂ ਵਿਚ ਉਹਨਾ ਨੂੰ ੧੫,੦੦੦ ਦੀ ਵੱਡੀ ਰਕਮ ਛਡਣੀ ਪਏਗੀ। ਇਸ ਦੇ ਇਲਾਵਾ ੬,੦੦੦ ਦੋ ਸਾਲਾਂ ਵਿਚ ਪੱਲਿਓਂ ਖਰਚਣਾ ਪਏਗਾ। ੨੧,੦੦੦ ਦੀ ਕੁਰਬਾਨੀ ਨਿੱਕੀ ਜਿਹੀ ਗੱਲ ਨਹੀਂ ਹੈ। ਉਹਨਾਂ ਦਾ ਕੰਮ ਉਥੇ ਬੈਠਿਆਂ ਸ਼ਾਇਦ ੧੦੦੦ ਦੇ ਅੰਦਰ ਅੰਦਰ ਹੀ ਹੋ ਜਾਏ। ਰੋਜ਼ੀ ਵੀ ਵੈਸੀ ਦੀ ਵੈਸੀ ਬਣੀ ਰਹੇਗੀ ਤੇ ਉਹੀ ਪੜ੍ਹਾਈ ਕਰ ਲੈਣਗੇ ਜਿਹੜੀ ਇਥੇ ਆ ਕੇ ਕਰਨੀ ਹੈ। ਸਗੋਂ ਇਥੇ ਆਉਣ ਵਿਚ ਇਕ ਹੋਰ ਖ਼ਤਰਾ ਭੀ ਹੈ। ਹੁਕਮ ਹੈ—" ਕਬੀਰ ਜੈਸੀ ਉਪਜੈ ਪੇੜ ਤੇ ਤੈਸੀ ਨਿਬਹੈ ਓੜਿ। ਹੀਰਾ ਕਿਸ ਦਾ ਬਾਪੁਰਾ, ਪੁਜਹਿ ਨ ਰਤਨ ਕਰੋੜਿ॥" ਜਿੰਨ੍ਹਾ ਵਿਚ ਰਲਕੇ ਉਹਨਾਂ ਇਥੇ ਆ ਕੇ ਪੜ੍ਹਨਾ ਹੈ, ਉਹਨਾਂ ਵਿਚ ਇਸ ਕੁਰਬਾਨੀ ਦਾ ਸ਼ਾਇਦ ਰੰਚਕ ਹਿੱਸਾ ਭੀ ਨਾ ਮਿਲੇ। ਸ਼ਾਇਦ ਉਨ੍ਹਾਂ ਨੂੰ ਆਪਣੇ ਅਧਿਆਪਕ ਵਿਚ ਭੀ ਇਹ ਉੱਚਤਾ ਨਾ ਦਿਸੇ। 'ਦੀਵੇ ਹੇਠ ਹਨੇਰਾ' ਇਕ ਪ੍ਰਸਿੱਧ ਅਖਾਣ ਹੈ। ਉਸ ਵੇਲੇ ਪਛਤਾਵਾ ਆਉਣਾ ਕੁਦਰਤੀ ਗੱਲ ਹੈ। ਫਿਰ ਦੋ ਚਾਰ ਦਿਨਾਂ ਦੀ ਗੱਲ ਨਹੀਂ ਹੈ। ਦੋ ਸਾਲ ਇਥੇ ਗੁਜ਼ਾਰਨੇ ਹੋਣਗੇ। ਜੇ ਚਿੱਤ ਉਕਤਾ ਗਿਆ, ਤਾਂ ਨਾ ਇਧਰ ਦੇ ਰਹੇ, ਨ ਉਧਰ ਦੇ।

ਮੇਰੀ ਇਹ ਤਜਵੀਜ਼ ਹੈ ਕਿ ਉਹ ੧ ਮਈ ਤੋਂ ਉਥੇ ਹੀ ਪੜ੍ਹਾਈ ਜਾਰੀ ਕਰ ਦੇਣ। ਮੈਂ ਡਾਕ ਦੀ ਰਾਹੀਂ ਕਥਾ, ਲੈਕਚਰ, ਇਥੋਂ ਭੇਜਦਾ ਰਹਾਂਗਾ। ਇਹ ਸਾਰਾ ਖ਼ਰਚ ਉਨ੍ਹਾਂ ਨੂੰ ਹੀ ਕਰਨਾ ਪਏਗਾ। ਹਰੇਕ ਚੀਜ਼ ਉਹਨਾ ਨੂੰ ਟਾਇਪ ਕੀਤੀ ਹੋਈ ਭੇਜੀ ਜਾਏਗੀ। ਇਹ ਖ਼ਰਚ ਭੀ ਉਨ੍ਹਾਂ ਦੇ ਸਿਰ ਤੇ ਹੀ ਪਏਗਾ। ਪਹਿਲਾਂ ਉਹਨਾਂ ਨੂੰ ਮੇਰੀ ਹਿਦਾਇਤ ਅਨੁਸਾਰ ਮੇਰੀਆਂ ਕਿਤਾਬਾਂ ਪੜ੍ਹਨੀਆਂ ਪੈਣਗੀਆਂ, ਫਿਰ ਗੁਰਮਤਿ ਬਾਰੇ ਹੋਰ ਸੱਜਣਾਂ ਦੀਆਂ ਕਿਤਾਬਾਂ ਇਥੋਂ ਭੇਜਦਾ ਰਹਾਂਗਾ। ਮਜ਼ਮੂਨ ਬਾਰੇ ਬਹੁਤ ਸਾਰੇ ਸ਼ਬਦ ਜ਼ੁਬਾਨੀ ਯਾਦ ਕਰਨੇ ਮੇਰਾ ਖ਼ਾਸ ਪ੍ਰੋਗ੍ਰਾਮ ਹੈ। ਇਹ ਮਿਹਨਤ ਕਰਨੀ ਅਤਿ ਜ਼ਰੂਰੀ ਹੈ। ਗੁਰਬਾਣੀ ਤੋਂ ਸੱਖਣੇ ਪਰਚਾਰਕ ਮੇਰੇ ਖਿਆਲ ਅਨੁਸਾਰ ਪੰਥ ਦਾ ਬਹੁਤ ਕੁਝ ਨਹੀਂ ਸਵਾਰ ਰਹੇ। ਬਾਣੀ ਦਾ ਇਸ਼ਕ ਆਪਣੇ ਅੰਦਰ ਪੈਦਾ ਕਰੋ, ਫਿਰ ਹੀ ਦੂਜਿਆਂ ਦੇ ਅੰਦਰ ਪੈਦਾ ਕਰ ਸਕੋਗੇ।

ਸਰਦਾਰ ਹੋਰਾਂ ਨੂੰ ਮੈਂ ਨਹੀਂ ਜਾਣਦਾ ਪਹਿਚਾਣਦਾ। ਤੁਸੀਂ ਹੀ ਉਨ੍ਹਾਂ ਨੂੰ ਸਮਝਾ ਦਿਓ ਕਿ ਮੈਂ ਉਨ੍ਹਾਂ ਦੇ ਜ਼ਾਤੀ ਭਲੇ ਨੂੰ ਮੁੱਖ ਰੱਖਕੇ ਇਹ ਤਜਵੀਜ਼ ਲਿਖ ਰਿਹਾ ਹਾਂ। ਚਿੱਠੀ ਪਤ੍ਰ ਹਵਾਈ ਡਾਕ ਵਿਚ ਹੀ ਹੋ ਸਕਿਆ ਕਰੇਗਾ ਤਾਂ ਕਿ ਸਮਾਂ ਜ਼ਾਇਆ ਨਾ ਹੋਵੇ।

ਸਭ ਤੋਂ ਪਹਿਲਾਂ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਛੋਟੇ ਆਕਾਰ ਦੀਆਂ inter-leaf ਕੀਤੀਆਂ ਸੰਚੀਆਂ ਦੀ ਲੋੜ ਪਏਗੀ। ਇਸ ਤੋਂ ਬਿਨਾਂ ਕੋਈ ਕੰਮ ਨਹੀਂ ਸਰੇਗਾ।

ਹੁਣ ਮੈਂ ਉਨ੍ਹਾਂ ਅੱਗੇ ਇਕ ਹੋਰ ਤਜਵੀਜ਼ ਰੱਖਦਾ ਹਾਂ, ਮੈਨੂੰ ਹੁਣੇ ਹੀ ਫੁਰੀ ਹੈ। ਜਿਹੜਾ ਸੱਜਣ ੨੧,੦੦੦ ਦੀ ਕੁਰਬਾਨੀ ਆਪਣੇ ਖੱਬੇ ਹੱਥ ਦਾ ਕੰਮ

ਸਮਝਦਾ ਹੈ, ਉਸ ਦੇ ਅੱਗੇ ਇਹ ਤਜਵੀਜ਼ ਪੇਸ਼ ਕਰਨੀ ਮਾੜੀ ਗੱਲ ਨਹੀਂ। ਪਰ ਜ਼ਰੂਰੀ ਨਹੀਂ ਕਿ ਉਹ ਮਜਬੂਰ ਹੋ ਕੇ ਮੰਨਣ।

"ਬੱਧਾ ਚੱਟੀ ਜੋ ਭਰੇ, ਨਾ ਗੁਣ ਨਾ ਉਪਕਾਰ"। ਤਜਵੀਜ਼ ਇਹ ਹੈ ਕਿ ਉਹ ਇਕ matric ਪਾਸ ਵਿਦਿਆਰਥੀ ਵਾਸਤੇ ਇਕ ਵਜ਼ੀਫ਼ੇ ਦੀ ਦੋ ਸਾਲਾਂ ਦੀ ਰਕਮ ਕਮੇਟੀ ਨੂੰ ਦਾਨ ਕਰਨ। ਉਹਨਾਂ ਦੇ ਨਾਮ ਤੇ ਉਹ ਵਜ਼ੀਫ਼ਾ ਦਿੱਤਾ ਜਾਏਗਾ।

ਤੁਹਾਨੂੰ ਭੀ ਤਾਂ ਗੁਰੂ ਪਾਤਿਸ਼ਾਹ ਨੇ ਰੰਗ ਲਾਏ ਹੋਏ ਹਨ। ਤੁਸੀਂ ਭੀ ਕਿਉਂ ਨ ਇਕ ਵਜ਼ੀਫ਼ਾ ਦਿਓ? ਰਕਮ 840 ਰੁਪਏ ਹੈ। ਹੰਭਲਾ ਮਾਰੋ। ਆਪ ਅੱਗੇ ਲੱਗਿਆਂ ਹੀ ਦੂਜੇ ਵੀਰਾਂ ਨੂੰ ਪ੍ਰੇਰ ਸਕੋਗੇ। ਵਕਤ ਥੋੜਾ ਹੈ। ਸਰਦਾਰ ਹੋਰਾਂ ਉਤੇ ਜੋ ਅਸਰ ਮੇਰੀਆਂ ਤਜਵੀਜ਼ਾਂ ਦਾ ਪਿਆ ਹੈ, ਉਹ ਸਾਰਾ ਵੇਰਵੇ ਨਾਲ ਲਿਖਣਾ। ਮੈਨੂੰ ਯਕੀਨ ਹੈ ਕਿ regular guidance ਹੇਠ ਉਹ ਦੋ ਸਾਲਾਂ ਦੇ ਅੰਦਰ ਅੰਦਰ ਗੁਰਮਤਿ ਅਤੇ ਗੁਰਬਾਣੀ ਬਾਰੇ ਉੱਚੇ ਦਰਜ਼ੇ ਦੀ ਵਾਕਫ਼ੀਅਤ ਹਾਸਲ ਕਰ ਲੈਣਗੇ। ਅਗਾਂਹ ਇਸ ਰਾਹੇ ਜਿਉਂ ਜਿਉਂ ਤੁਰਨਗੇ ਅਜਬ ਸਰੂਰ ਮਹਿਸੂਸ ਕਰਨਗੇ।"

ਪ੍ਰੋਫ਼ੈਸਰ ਹੋਰਾਂ ਦੀ ਚਿੱਠੀ ਪੜ੍ਹ ਸੁਣਕੇ ਉਹ ਸੱਜਣ ਸ਼ਾਂਤ ਹੋ ਗਿਆ। ਮੁੜ ਉਸਨੇ ਇਹ ਗੱਲ ਹੀ ਨਹੀਂ ਤੋਰੀ ਅਤੇ ਨਾ 840 ਰੁਪਏ ਕਿਸੇ ਵਿਦਿਆਰਥੀ ਦੀ ਮਦਦ ਲਈ ਭੇਜੇ। ਪਿਛੋਂ ਉਸ ਦੇ ਨਿਕਟ ਵਾਸੀਆਂ ਤੋਂ ਪਤਾ ਲਗਾ ਕਿ ਇਹ ਸਾਰਾ ਉਸਨੇ ਨਾਟਕ ਹੀ ਰਚਿਆ ਸੀ। ਅਸਲ ਗੱਲ ਇਹ ਸੀ ਕਿ ਉਸਦੇ ਘਰ ਪਹਿਲਾ ਨਵਾਂ ਬਾਲਕ ਪੈਦਾ ਹੋਇਆ। ਉਹ ਚਾਹੁੰਦਾ ਸੀ ਕਿ ਉਸਦੇ ਅਮੀਰ ਸਹੁਰੇ ਉਸ ਬੱਚੇ ਦੇ ਹੱਥੀਂ ਸੋਨੇ ਦੇ ਦੋ ਕੰਗਨ ਪਾਉਣ। ਪਰ ਉਹ ਮੰਨਦੇ ਨਹੀਂ ਸਨ। ਇਸ ਨਾਟਕ ਦੀ ਕਥਾ ਤੋਂ ਡਰਦੇ ਸਹੁਰਿਆਂ ਨੇ ਬੱਚੇ ਦੇ ਕੰਗਨ ਪਾ ਦਿੱਤੇ ਅਤੇ ਪਰਚਾਰਕ ਬਣਨ ਦਾ ਕੋਰਸ ਖ਼ਤਮ ਹੋ ਗਿਆ।

ਇਕ ਵਾਰ ਪ੍ਰੋਫ਼ੈਸਰ ਹੋਰਾਂ ਮੈਨੂੰ ਕਿਹਾ ਕਿ, "ਕਿਉਂਕਿ ਤੁਹਾਡੀ ਪੰਜਾਂਬੀ ਐਨੀ ਚੰਗੀ ਹੈ, ਤੁਸੀਂ ਆਸਾਨੀ ਨਾਲ ਪੰਜਾਬੀ ਦਾ M.A. ਕਰ ਸਕਦੇ ਹੋ।" ਮੈਂ ਉੱਤਰ ਦਿੱਤਾ ਕਿ, "ਵਿਹਲ ਹੀ ਨਹੀਂ ਹੈ।"

ਪੰਥਕ ਪਰਚਾਰ ਬਾਰੇ ਫਿਰ ਉਹਨਾਂ ਮਾਰਚ 1956 ਵਿਚ ਲਿਖਿਆ, "ਟਾਪੂਆਂ ਵਿਚ ਮਾਇਆ ਦੀ ਥੁੜ ਨਹੀਂ ਹੈ। ਟਾਪੂਆਂ ਵਿਚ ਬੈਠੇ ਵੀਰ ਪਰਚਾਰ-ਲਗਨ ਵਿਚ ਪੱਕੇ ਹਨ। ਹੁਣ ਤੱਕ ਸਿਰਫ਼ ਇਸ ਪਾਸੇ ਵਲ ਧਿਆਨ ਨਹੀਂ ਪਿਆ ਸੀ। ਅਸਾਂ ਇਥੇ B.A. ਨੂੰ 60 ਰੁਪਏ ਤੇ Matric ਨੂੰ 35 ਰੁਪਏ ਵਜ਼ੀਫ਼ਾ ਦੇਣਾ ਪਰਵਾਨ ਕੀਤਾ ਹੈ। ਪਰ ਹੋ ਸਕਦਾ ਹੈ ਕਿ ਟਾਪੂਆਂ ਤੋਂ ਭੇਜੇ ਜਾਣ ਵਾਲੇ ਸੱਜਣਾਂ ਨੂੰ ਇਹ ਰਕਮ ਬਹੁਤ ਥੋੜੀ ਜਾਪੇ। ਸੋ ਇਹ ਜ਼ਰੂਰੀ ਨਹੀਂ ਕਿ ਤੁਸੀਂ ਇਸ ਰਕਮ ਤੋਂ ਅਗਾਂਹ ਨ ਵਧੋ। ਸਥਾਨਕ ਲੋੜ ਅਨੁਸਾਰ ਤੁਸੀਂ ਇਹ ਵਧਾ ਸਕਦੇ ਹੋ। ਅਸੀਂ ਇਥੇ ਵਿਦਿਆਰਥੀਆਂ ਦੀ ਵਿਦਿਅਕ ਯੋਗਤਾ ਘਟ ਤੋਂ ਘਟ Matric, II Divison ਰੱਖੀ ਹੈ। ਪਰ ਟਾਪੂ-ਨਿਵਾਸੀ ਵੀਰ ਇਸ ਵਿਚ ਵੀ

ਅਦਲਾ ਬਦਲੀ ਕਰ ਸਕਦੇ ਹਨ। ਹਾਂ ਦੇਖਣਾ ਜ਼ਰੂਰੀ ਹੈ ਕਿ ਵਿਦਿਆਰਥੀ ਸੂਝ ਬੂਝ ਵਾਲਾ ਹੋਵੇ ਜੋ ਜਮਾਤ ਵਿਚ ਚਲ ਸਕੇ ਅਤੇ ਜਿਸਨੂੰ ਗੁਰਬਾਣੀ ਦਾ ਸ਼ੌਕ ਹੋਵੇ। ਆਖ਼ਰ ਪਰਚਾਰ ਕਰਨਾ ਹੈ ਗੁਰਬਾਣੀ ਦਾ। ਨਿਰੀਆਂ ਫੋਕੀਆਂ ਗੱਲਾਂ ਵਿਚੋਂ ਨਿੱਗਰ ਲਾਭ ਕੀਹ ਹੋਵੇਗਾ ? "

ਉਸੇ ਸੱਜਣ ਦੇ ਇੰਡਿਆ ਨਾ ਜਾਣ ਬਾਰੇ ਹਾਲਾਂ ਮੈਂ ਸੋਚ ਹੀ ਰਿਹਾ ਸੀ ਕਿ ਇਕ ਪ੍ਰੋਫ਼ੈਸਰ ਹੋਰਾਂ ਦਾ ਹੋਰ ਖ਼ਤ ਆ ਗਿਆ। ਉਹਨਾ ਲਿਖਿਆ, "ਕੀ ਉਸ ਸੱਜਣ ਨੇ ਡਾਕ ਦੀ ਰਾਹੀਂ ਪੜ੍ਹਨ ਦਾ ਖ਼ਿਆਲ ਪੱਕਾ ਨਹੀਂ ਕੀਤਾ? ਉਹਨਾਂ ਨੂੰ ਕਹੋ ਕਿ ਜੇ ਸ਼ੌਕ ਹੈ ਤਾਂ ਉਹ ਕੌਡੀਆਂ ਦੇ ਮੁੱਲ ਹੀ ਬੜੀ ਵਾਕਫ਼ੀ ਹਾਸਲ ਕਰ ਸਕਣਗੇ। ਉਥੇ ਬੈਠੇ ਪਰਚਾਰਕ ਭੀ ਬਣ ਜਾਣਗੇ। ਪਰ ਮੈਂ ਕੋਈ ਜਾਲ ਨਹੀਂ ਖਿਲਾਰ ਰਿਹਾ। ਕੋਈ ਪੰਛੀ ਫ਼ਸਾਣ ਦੀ ਮੈਨੂੰ ਲੋੜ ਨਹੀਂ ਹੈ। ਦੂਰ ਦੇਸ਼ਾਂ ਵਿਚ ਬੈਠੇ ਜਿਸ ਕਿਸੇ ਵੀਰ ਨੂੰ ਗੁਰਮਤਿ ਦੀ ਵਾਕਫ਼ੀ ਦੀ ਤਾਂਘ ਹੈ ਉਸ ਨੂੰ ਸਭ ਤੋਂ ਪਹਿਲਾਂ ਮੇਰੀਆਂ ਕਿਤਾਬਾਂ ਪੜ੍ਹਨੀਆਂ ਪੈਣਗੀਆਂ। ਹੋਰ ਕਿਸੇ ਨੇ scientific ਲੀਹਾਂ ਉੱਤੇ ਲਿਖਿਆ ਕੁਝ ਨਹੀਂ। ਜੇ ਇਸ ਵਿਚ ਕਿਸੇ ਨੂੰ ਮੇਰੀ ਕੋਈ ਵਪਾਰਕ ਚਾਲਾਕੀ ਦਿੱਸੇ ਤਾਂ ਉਹ ਬੇਸ਼ੱਕ ਇਸ ਚਾਲ ਵਿਚ ਨਾ ਫ਼ਸੇ।"

ਉਹਨਾਂ ਫਿਰ ਲਿਖਿਆ ਮੈਨੂੰ ਪ੍ਰੇਰਨਾ ਕਰਦੇ ਹੋਏ।" ਮੈਨੂੰ ਲਗਨ ਸੀ ਕਿ ਕੰਮ ਤਾਂ ਕਰਨਾਂ ਹੀ ਹੈ ਕਿਉ ਨਾ ਕਮੇਟੀ ਦੇ ਰੱਖੇ ਹੋਏ ਵਿਦਿਆਰਥੀਆਂ ਨਾਲੋਂ ਇਕ ਦੋ ਵਧੀਕ ਭੀ ਮਿਲ ਜਾਣ। ਦੋ ਤਾਂ ਮਿਲ ਭੀ ਚੁੱਕੇ ਹਨ। ਹੁਣ ਤੁਹਾਨੂੰ ਉਡੀਕ ਰਿਹਾ ਹਾਂ। ਜੇ ਤੁਸੀਂ ਸਲਾਹ ਹਟਾ ਭੀ ਲਵੋ ਤਾਂ ਭੀ ਮੈਨੂੰ ਰਤਾ ਭਰ ਅਫ਼ਸੋਸ ਨਹੀਂ, ਕੋਈ ਗਿਲਾ ਨਹੀਂ, ਕਮੇਟੀ ਨੇ ਦੱਸ ਰੱਖੇ ਹਨ। ਇਤਨੇ ਹੀ ਸਹੀ। ਪਰ ਜੇ ਤੁਸੀਂ ਮੇਰੀ ਪ੍ਰੇਰਨਾ ਤੇ 840 ਰੁਪਏ ਦੇਣ ਦਾ ਹੰਭਲਾ ਮਾਰਨਾ ਹੀ ਹੈ ਤਾਂ ਛੇਤੀ ਕਰੋ। ਵਕਤ ਲੰਘਦਾ ਜਾ ਰਿਹਾ ਹੈ।"

ਸੰਤਾਂ ਦੇ ਡੇਰਿਆਂ ਵਿਚਲੇ ਪ੍ਰਚਾਰ ਬਾਰੇ ਉਨ੍ਹਾਂ ਲਿਖਿਆ, "ਪਰ ਮੈਂ ਮਹਿਸੂਸ ਕਰ ਰਿਹਾ ਹਾਂ ਕਿ ਸੰਤਾਂ ਦੇ ਡੇਰਿਆਂ ਵਿਚ ਗੁਰਬਾਣੀ ਦਾ ਪਰਚਾਰ ਸਾਡੇ ਉਦਮਾਂ ਨਾਲੋਂ ਬਹੁਤ ਵਧੀਕ ਹੈ। ਲੋਕ ਆਪਣੇ ਆਪ ਡੇਰਿਆਂ ਦੇ ਸੰਤਾਂ ਨੂੰ ਤਕੜੀਆਂ ਭੇਟਾਂ ਕਰ ਜਾਂਦੇ ਹਨ। ਸੰਤਾਂ ਨੂੰ ਕਿਤੋਂ ਤਨਖਾਹਾਂ ਦੀ ਲੋੜ ਨਹੀਂ ਪੈਂਦੀ। ਲੋਕਾਂ ਦੀ ਸ਼ਰਧਾ ਦਾ ਡੇਰਿਆਂ ਉੱਤੇ ਨੁਕਸ ਇਹ ਹੈ ਕਿ ਗੁਰਮਤਿ ਦੇ ਥਾਂ ਵੇਦਾਂਤ ਮੱਤ ਦਾ ਪਰਚਾਰ ਹੁੰਦਾ ਹੈ। ਮੈਂ ਪਰ ਤੁਹਾਡੇ ਵਜ਼ੀਫੇ ਤੇ ਇਕ ਡੇਰੇ ਦਾ ਵਿਦਿਆਰਥੀ ਦਾਖ਼ਲ ਕਰਨਾ ਚਾਹੁੰਦਾ ਹਾਂ।"

ਮੈਂ ਸਰਦਾਰ ਹੋਰਾਂ ਨੂੰ ੧੪੦ ਰੁਪਏ ਭੇਜ ਦਿੱਤੇ। ਉਹ ਵਜ਼ੀਫ਼ਾ, ਦੋ ਸਾਲਾਂ ਦੀ ਪੜ੍ਹਾਈ ਦਾ, ਇਕ ਅਛੂਤ ਯਤੀਮ ਲੜਕੇ ਅਜਾਇਬ ਸਿੰਘ ਨੂੰ ਦਿੱਤਾ ਗਿਆ। "ਉਸਨੂੰ ਮਾਤਾ ਨਿਕਲ ਕੇ ਨਜ਼ਰ ਕਮਜ਼ੋਰ ਕਰ ਗਈ ਸੀ। ਇਕ ਅੱਖ ਵਿਚ ਚਿੱਟਾ ਭੀ ਪੈ ਗਿਆ ਸੀ। ਮੈਂ ਤੁਹਾਡੀ ਰਕਮ ਵਿਚੋਂ ਉਸਨੂੰ ਐਨਕ ਲੈ ਦੇਣ ਦਾ ਸੰਕਲਪ ਕੀਤਾ ਹੋਇਆ ਹੈ। ਪਰ ਤੁਹਾਡੀ ਪਰਵਾਨਗੀ ਤੋਂ ਬਿਨਾਂ ਨਹੀਂ ਕਰ ਸਕਦਾ।"

ਉਹ ਮੁੰਡਾ ਯੂ. ਪੀ. ਤੋਂ ਸੀ। ਮੈਂ ਤਾਂ ਪਰਵਾਨਗੀ ਦੇਣੀ ਹੀ ਸੀ।

ਮੈਂ ਪ੍ਰੋਫੈਸਰ ਸਾਹਿਬ ਨੂੰ ਲਿਖਿਆ, "ਮੈਂ ਪੈਸੇ ਆਪਣਾ ਫ਼ਰਜ਼ ਸਮਝ ਕੇ ਤੁਹਾਨੂੰ ਭੇਜੇ ਹਨ। ਗੁਰਦੁਆਰਾ ਪਰਬੰਧਕ ਕਮੇਟੀ ਨੂੰ ਨਹੀਂ ਭੇਜੇ। ਮੈਨੂੰ ਕੋਈ ਰਸੀਦ ਨਾ ਭੇਜਿਓ।" ਪਰ ਉਨ੍ਹਾਂ ਫਿਰ ਭੀ ਕਮੇਟੀ ਵਲੋਂ ਕੱਟੀ ਹੋਈ ਰਸੀਦ ਭੇਜ ਦਿੱਤੀ। ਮੇਰੇ ਗਿਲ੍ਹਾ ਕਰਨ ਤੇ ਉਨ੍ਹਾਂ ਕਿਹਾ, "ਪੈਸੇ ਤਾਂ ਕਮੇਟੀ ਨੂੰ ਦੇਣੇ ਹੀ ਸਨ। ਮੈਂ ਆਪਣੇ ਨਾਂ ਤੇ ਦੇ ਨਹੀਂ ਸੀ ਸਕਦਾ। ਤੁਹਾਡੇ ਨਾਂ ਤੇ ਹੀ ਦੇਣੇ ਸਨ। ਕਮੇਟੀ ਨੇ ਰਸੀਦ ਵੀ ਕੱਟਣੀ ਸੀ। ਇਸ ਵਿਚ ਤੁਹਾਨੂੰ ਗਿਲ੍ਹਾ ਕਾਹਦਾ ? "

ਉਹਨਾਂ ਫਰਵਰੀ, 57 ਵਿਚ ਮੈਨੂੰ ਲਿਖਿਆ, "ਮੈਨੂੰ ਬ੍ਰਿੰਦਾਬਨ ਵਿਚ ਨਵੀਂ ਯੂਨੀਵਰਸਿਟੀ ਵਿਚ 400 ਰੁਪਏ ਦੀ ਥਾਂ ਮਿਲ ਰਹੀ ਹੈ। ਪਰ ਮੈਂ ਜਾਣਾ ਪਸੰਦ ਨਹੀਂ ਕਰਦਾ। ਇਥੇ 200 ਰੁਪਏ ਮਿਲਦੇ ਹਨ। ਹੁਣ ਰੁਲਣ ਤੇ ਜੀ ਨਹੀਂ ਕਰਦਾ।"

ਖ਼ਾਲਸਾ ਕਾਲਜ ਛੱਡਕੇ ਉਨ੍ਹਾਂ ਨੂੰ ਹੋਰ ਨੌਕਰੀ ਕਰਨ ਦੇ ਕਾਰਨਾਂ ਵਿਚੋਂ ਇਕ ਕਾਰਨ ਬੱਚਿਆਂ ਦੀ ਪੜ੍ਹਾਈ ਵੀ ਸੀ, ਜਿਸ ਖ਼ਾਤਰ ਉਨ੍ਹਾਂ ਕਿਸੇ ਸਮੇਂ ਆਪਣੇ ਗੁੱਜਰਾਂ ਵਾਲੇ ਵਾਲਾ ਪਲੌਟ ਵੀ ਵੇਚ ਦਿੱਤਾ ਸੀ ਅਤੇ ਪਿਛੋ ਕੋਈ ਆਪਣਾ ਘਰ ਬਣਾਉਣ ਦੀ ਹਿੰਮਤ ਨਹੀਂ ਸੀ ਹੋ ਸਕੀ।

1959 ਦੇ ਸ਼ੁਰੂ ਵਿਚ ਅਸੀਂ ਇੰਡਿਆ ਛੁੱਟੀ ਗਏ। ਪਰਵਾਰ ਸਮੇਤ ਅਸੀਂ ਉਨ੍ਹਾਂ ਨੂੰ ਮਿਲਣ ਗਏ। ਉਹਨਾਂ ਸਾਡੀ ਬੜੀ ਸੇਵਾ ਕੀਤੀ। ਮੈਂ ਉਹਨਾਂ ਨੂੰ ਕਿਹਾ ਕਿ, "ਇੰਡਿਆ ਆ ਕੇ ਮੈਂ ਮੂਲ ਮੰਤ੍ਰ ਦੀ ਸਹੀ ਥਾਂ ਬਾਰੇ ਬੜੀ ਚਰਚਾ ਸੁਣ ਰਿਹਾ ਹਾਂ। ਇਸ ਬਾਰੇ ਮੈਨੂੰ ਸਮਝਾਓ।" ਉਹਨਾਂ ਕਾਗ਼ਜ਼-ਪੈੱਨ ਲੈ ਕੇ ਤੇ ਲਿਖਕੇ ਮੈਨੂੰ ਪੂਰੀ ਤਰ੍ਹਾਂ ਸਮਝਾਇਆ। ਕਈ ਸਾਲਾਂ ਪਿਛੋਂ ਉਨ੍ਹਾਂ ਇਸ ਵਿਸ਼ੇ ਤੇ ਇਕ 18 ਸਫ਼ਿਆਂ ਦਾ ਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ ਦੀ ਦਸਵੀਂ ਪੋਥੀ ਤੇ ਅੰਤ ਵਿਚ ਲਿਖਿਆ। ਉਸ ਦਿਨ ਉਨ੍ਹਾਂ ਦੀ ਸਿਹਤ ਮੈਨੂੰ ਢਿੱਲੀ ਜਾਪਦੀ ਸੀ, ਪਰ ਫੇਰ ਵੀ ਉਹ ਹੱਠ ਕਰਕੇ ਸਾਨੂੰ ਸੜਕ ਤਾਈਂ ਛੱਡਣ ਗਏ, ਜਿਹੜੀ ਉਨ੍ਹਾਂ ਦੇ ਘਰ ਤੋਂ ਦੋ ਫਰਲਾਂਗ ਤੇ ਸੀ। ਪਿਛੋਂ ਉਨ੍ਹਾਂ ਮੈਨੂੰ ਲਿਖਿਆ, "ਮੈਨੂੰ ਅਫ਼ਸੋਸ ਹੈ ਕਿ ਉਸ ਦਿਨ ਮੈਂ ਤੁਹਾਡੀ ਕੋਈ ਸੇਵਾ ਨਾ ਕਰ ਸਕਿਆ। ਨਾ ਹੀ ਤੁਹਾਨੂੰ ਬੇਨਤੀ ਕਰ ਸਕਿਆ ਕਿ ਸਾਡੇ ਪਾਸ ਇਕ ਦੋ ਦਿਨ ਟਿਕੋ।" ਉਸ ਦਿਨ ਉਹ ਐਨੇ ਢਿੱਲੇ ਹੋ ਗਏ ਕਿ ਡਾਕਟਰ ਬੁਲਾਉਣਾ ਪਿਆ ਤੇ ਉਹਨਾਂ ਨੂੰ ਤਿੰਨ ਦਿਨ ਛੁੱਟੀ ਕਰਨੀ ਪਈ।

ਜਿਸ ਵਿਦਿਆਰਥੀ ਨੂੰ ਮੈਂ ਵਜ਼ੀਫ਼ਾ ਭੇਜਿਆਂ ਸੀ ਉਸ ਬਾਰੇ ਉਨ੍ਹਾਂ ਦੇ ਨਵਬੰਰ 1959 ਦੀ ਚਿੱਠੀ ਤੋਂ ਪਤਾ ਲਗਾ ਕਿ ਉਹ Ambala ਦੇ "ਮੰਜੀ ਸਾਹਿਬ" ਗੁਰਦੁਆਰੇ ਵਿਚ ਗ੍ਰੰਥੀ ਸੀ ਉਸ ਵੇਲੇ।

ਇਕ ਵਾਰ ਮੈਂ 1956 ਦੀ ਨਵੰਬਰ ਵਿਚ ਉਨ੍ਹਾਂ ਨੂੰ ਲਿਖਿਆ ਕਿ ਕਿਵੇਂ ਬੇਰੁਜ਼ਗਾਰੀ ਦੇ ਸਮੇਂ ਉਨ੍ਹਾਂ ਮੇਰੀ ਸਿਫ਼ਾਰਸ਼ ਕੀਤੀ ਤੇ ਮੈਂ 1939 ਵਿਚ ਅਫ਼ਰੀਕਾ ਚਲਾ ਗਿਆ। ਨਾਲੇ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੈਂ ਚਾਹੁੰਦਾ ਹਾਂ ਉਨ੍ਹਾਂ ਲਈ

ਇਕ ਗਰਮ ਸੂਟ ਭੇਜਾਂ। ਉਨ੍ਹਾਂ ਜਵਾਬ ਵਿਚ ਲਿਖਿਆ, "ਹਮ ਰੁਲਤੇ ਫਿਰਤੇ" ਵਾਲੀ ਹਾਲਤ ਤਾਂ ਮੇਰੀ ਵੇਖਣ ਵਾਲੀ ਸੀ। ਜਿਸ ਦੇ ਸਿਰ ਉੱਤੇ ਮਾਪੇ ਹੋਣ ਉਸਨੇ ਕੀ ਰੁਲਣਾ ਹੋਇਆ? ਫਿਰ ਤੁਹਾਨੂੰ ਤਾਂ ਗੁਰੂ ਪਾਤਸ਼ਾਹ ਨੇ ਆਪ ਹੀ ਬਾਹੋਂ ਫੜਕੇ ਅਫ਼ਰੀਕਾ ਨੂੰ ਤੋਰ ਦਿੱਤਾ ਸੀ। ਮੈਨੂੰ ਤਾਂ ਸ਼ਾਇਦ ਪਤਾ ਵੀ ਨਹੀਂ ਸੀ। ਭਲਾ, ਜੇ ਕੋਈ ਨਿੱਕੀ ਮੋਟੀ ਸਲਾਹ ਦਿੱਤੀ ਵੀ ਹੋਵੇ ਤਾਂ ਭੀ ਉਸ ਦਾ ਇਤਨਾ ਮੁੱਲ ਨਹੀਂ ਪੈ ਸਕਦਾ। ਮੈਨੂੰ ਲਾਲਚ ਵਿਚ ਨਾ ਫ਼ਸਣ ਦਿਓ। ਮਾਇਆ ਬੜੀ ਚਲਾਕ ਹੈ। ਇਹ ਕਈ ਵੇਸ ਧਾਰਦੀ ਹੈ। ਤੁਹਾਡੇ ਭਾਗਾਂ ਨੂੰ ਅਜੇ ਤੁਹਾਡੇ ਪਿਤਾ ਜੀ ਜੀਊਂਦੇ ਹਨ। ਸੇਵਾ ਦੀ ਰੀਝ ਉਥੇ ਪੂਰੀ ਕਰੋ। ਮੈਨੂੰ ਖ਼ੁਸ਼ੀ ਹੋਈ ਹੈ ਤੁਹਾਡਾ ਪਿਆਰ ਭਰਿਆ ਹਿਰਦਾ ਦੇਖਕੇ। ਰੇਸ਼ਮੀ ਚੁੰਨੀਆਂ ਦੀ ਖੇਚਲ ਤੁਸੀਂ ਅੱਗੇ ਹੀ ਕਰ ਚੁੱਕੇ ਹੋ। ਗੁਰੂ ਪਾਤਸ਼ਾਹ ਤੁਹਾਨੂੰ ਭਾਗ ਲਾਈ ਰੱਖਣ। ਹਰ ਰੋਜ਼ ਅਰਦਾਸ ਕਰਿਆ ਕਰੋ। ਇਹੀ ਹੈ ਬਰਕਤਾਂ ਦਾ ਭੰਡਾਰ।

ਵੇਖੋ ਪਤਾ ਨਹੀਂ ਕਦੋਂ ਮਨੁੱਖ ਮਾਇਆ ਦਾ ਠੇਡਾ ਖਾ ਜਾਏ। ਕੋਈ ਮਾਣ ਨਹੀਂ ਕੀਤਾ ਜਾ ਸਕਦਾ। ਜੋ ਸ਼ਰਧਾ ਤੁਹਾਡੇ ਦਿੱਲ ਵਿਚ ਅੱਜ ਮੇਰੇ ਵਾਸਤੇ ਹੈ? ਕੀਹ ਪਤਾ। ਮੈਂ ਕਿਥੇ ਠੇਡਾ ਖਾ ਜਾਵਾਂ। ਤੇ ਉਹ ਸਾਰੀ ਸ਼ਰਧਾ ਨਫ਼ਰਤ ਵਿਚ ਬਦਲ ਜਾਏ। ਸੌਖਾ ਰਾਹ ਇਹ ਹੈ ਕਿ ਕਿਸੇ ਇਕ ਨੂੰ ਆਪਣੀ ਜ਼ਿੰਦਗੀ ਵਾਸਤੇ 'ਨਮੂਨਾ' ਨਾ ਬਣਾਈਏ। ਸਭ ਚੰਗੇ ਹਨ, ਕੋਈ ਮਾੜਾ ਨਹੀਂ। ਕੀ ਇਸ ਦੇਸ਼ ਵਿਚ ਕੋਈ ਚੀਜ਼ ਨਹੀਂ ਜੋ ਅਸੀਂ ਤੁਹਾਨੂੰ ਭੇਟ ਕਰੀਏ? ਪਿਆਰ ਦੁਵੱਲੀ ਚਾਹੀਦਾ ਹੈ।"

ਪ੍ਰੋਫ਼ੈਸਰ ਹੋਰਾਂ ਨਾਲ ਮੇਰੇ ਸੰਬੰਧ ਹੋਣ ਕਰਕੇ ਮੇਰੇ ਪਿਤਾ ਜੀ ਜਦ ਇਕ ਦੋ ਵਾਰੀਂ ਅੰਮ੍ਰਿਤਸਰ ਗਏ ਤਾਂ ਪ੍ਰੋਫ਼ੈਸਰ ਹੋਰਾਂ ਪਾਸ ਹੀ ਰਹਿੰਦੇ ਰਹੇ।

ਇਕ ਵਾਰ ਉਨ੍ਹਾਂ ਮੈਨੂੰ ਦੱਸਿਆ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਛਪਵਾਉਣਾ ਚਾਹੁੰਦੇ ਹਨ, ਪਰ ਉਨ੍ਹਾਂ ਪਾਸ ਲੋੜੀਂਦੀ ਮਾਇਆ ਨਹੀਂ ਸੀ। ਸਿਰਫ਼ ੨੦,੦੦੦ ਰੁ. ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਆਪਣਾ ਫ਼ਰਜ਼ ਸਮਝ ਕੇ ਆਪਣੀ ਸਾਰੀ ਬੱਚਤ ੧੦,੦੦੦ ਰੁਪਏ (15000 ਸ਼ਲਿੰਗ) ਉਨ੍ਹਾਂ ਨੂੰ ਦੇਣ ਲਈ ਤਿਆਰ ਸਾਂ, ਇਸ ਸ਼ਰਤ ਤੇ ਕਿ ਉਹ ਕੋਈ ਕਰਜ਼ ਜਾਂ ਉਧਾਰ ਨਹੀਂ ਹੋਵੇਗਾ। ਪਰ ਉਹ ਕਹਿਣ ਲਗੇ, "ਤੁਸੀਂ ਰਹਿਣ ਹੀ ਦਿਉ ਕਿਉਂਕਿ ਤੁਹਾਡਾ ੧੦,੦੦੦ ਲੈ ਕੇ ਵੀ ਮੇਰਾ ਕੰਮ ਨਹੀਂ ਸਰ ਸਕਦਾ ਕਿਉਂਕਿ ਲੋੜ ਤਾਂ ਘੱਟੋ ਘੱਟ ੭੦,੦੦੦ ਰੁਪਏ ਦੀ ਹੈ।"

ਇਕ ਵਾਰ ਉਹਨਾਂ ਇਹ ਵੀ ਲਿਖਿਆ, "ਗੁਰਮੁਖ ਪਿਆਰੇ ਪ੍ਰਿੰਸੀਪਲ ਗੰਗਾ ਸਿੰਘ ਜੀ ਮੇਰੇ ਪਿੱਛੇ ਉਂਝ ਤਾਂ ਬੜੇ ਹੱਥ ਧੋ ਕੇ ਪਏ ਰਹੇ ਹਨ। 'ਜਥੇਦਾਰਾਂ' ਵਿਚ ਰੱਜ ਕੇ ਵਿਸ ਖਿਲਾਰ ਗਏ ਹੋਏ ਹਨ। ਪਰ ਕੋਈ ਅਜਬ ਗੱਲ ਨਹੀਂ ਕਿ ਮੈਂ ਦੋ ਸਾਲ ਟਿਕਿਆ ਰਹਾਂ। ਗੰਗਾ ਸਿੰਘ ਜੀ ਵਾਸਤੇ ਇਥੇ chance ਘੱਟ ਹੀ ਦਿਸਦਾ ਹੈ। ਉਨ੍ਹਾਂ ਦੀ ਅਮਰੀਕਾ ਵਾਲੀ ਗੁਰਮੁੱਖਤਾ ਉਨ੍ਹਾਂ ਦੇ ਰਸਤੇ ਵਿਚ ਰੁਕਾਵਟ ਬਣੀ ਪਈ ਹੈ। ਪਰ ਨਿਸਚਾ ਰਖੋ ਕਿ ਮੈਂ ਉਸਦੇ ਇਥੇ ਲਏ ਜਾਣ ਜਾਂ

ਨ ਲਏ ਜਾਣ ਬਾਰੇ ਕੋਈ ਰਤਾ ਭੀ ਉੱਦਮ ਨਹੀਂ ਕਰਦਾ। ਆਪਣੇ ਪੁਰਾਣੇ ਸੁਭਾਅ ਅਨੁਸਾਰ ਮੈਂ ਕਿਤੇ ਕੋਈ ਸਾਂਝ ਨਹੀਂ ਬਣਾਈ, ਕਦੇ ਕਿਸੇ ਨੂੰ ਨਹੀਂ ਮਿਲਦਾ। ਕਾਫ਼ੀ ਨੌਕਰੀ ਕਰ ਲਈ ਹੈ। ਜੇ chance ਮਿਲਿਆ ਰਿਹਾ ਤਾਂ ਵਾਹ ਵਾਹ, ਨਹੀਂ ਤਾਂ ਫਿਰ ਭੀ ਵਾਹ ਵਾਹ। ਕਈ ਗੱਲਾਂ ਉਹ ਚਿੱਠੀ ਵਿਚ ਲਿਖ ਕੇ ਇਹ ਹਿਦਾਇਤ ਕਰ ਦਿੰਦੇ ਸਨ ਕਿ ਇਹ private ਜਾਂ confidential ਹੈ।

ਸਿਹਤ ਦੀ ਖ਼ਰਾਬੀ ਕਰਕੇ ਪ੍ਰੋਫੈਸਰ ਹੋਰਾਂ ਨੌਕਰੀ ਛੱਡ ਦਿੱਤੀ ਸੀ। ਪਰ ਫਿਰ ਹਾਲਾਤ ਦੀ ਮਜਬੂਰੀ ਕਰਕੇ ਉਹਨਾਂ ਅਸਤੀਫ਼ਾ ਵਾਪਿਸ ਲੈ ਲਿਆ ਜੋ ਕਮੇਟੀ ਨੇ ਮੰਨ ਲਿਆ ਤੇ ਉਹ ਫਿਰ ਨੌਕਰੀ ਤੇ ਲੱਗ ਗਏ।

ਜਦ 1961 ਵਿਚ ਮੈਂ B.T.ਕਰ ਰਿਹਾ ਸਾਂ ਤਾਂ ਪ੍ਰੋਫ਼ੈਸਰ ਜੀ ਨੇ ਮੈਨੂੰ ਇਹ ਲਿਖਿਆ, "ਗੁਰੂ ਪਾਤਸ਼ਾਹ ਮਿਹਰ ਕਰਨ। ਤੁਹਾਡੀ ਮਿਹਨਤ ਸਫ਼ਲ ਹੋਵੇ। ਅਰਦਾਸ ਜ਼ਰੂਰ ਕਰਦੇ ਰਿਹਾ ਕਰੋ..................

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ।*

1972 ਦੀ ਅਗਸਤ ਵਿਚ ਅਸੀਂ ਤਿੰਨ ਹਫ਼ਤੇ ਦੀ ਛੁੱਟੀ ਹਵਾਈ ਰਸਤੇ ਇੰਡਿਆ ਆਏ। ਅਸੀਂ ਉਨ੍ਹਾਂ ਨੂੰ ਮਿਲਣ ਗਏ। ਉਸ ਵੇਲੇ ਡਾ. ਦਲਜੀਤ ਸਿੰਘ ਦਾ ਹੁਣ ਵਾਲਾ ਮਕਾਨ ਬਣ ਰਿਹਾ ਸੀ ਤੇ ਸਾਰਾ ਪਰਵਾਰ ਖ਼ਾਲਸਾ ਕਾਲਜ ਦੇ ਲਾਗੇ ਇਕ ਕਿਰਾਏ ਦੇ ਮਕਾਨ ਵਿਚ ਰਹਿ ਰਹੇ ਸਨ, ਜਿਸ ਦਾ ਵਿਹੜਾ ਬੜਾ ਖੁੱਲ੍ਹਾ ਸੀ। ਮੇਨ-ਗੇਟ ਬੰਦ ਸੀ। ਜਦ ਅਸੀਂ ਜਾ ਕੇ ਗੇਟ ਖੜਕਾਇਆ ਤਾ ਬੀਬੀ ਸਵਰਨ ਕੌਰ ਨੇ ਸਾਨੂੰ ਦੂਰੋਂ ਵਰਾਂਡੇ ਵਿਚੋਂ ਦੇਖਿਆ। ਪ੍ਰੋਫੈਸਰ ਹੋਰੀਂ ਬੈਂਚ ਤੇ ਬੈਠੇ ਸਨ। ਬੀਬੀ ਨੇ ਉਨ੍ਹਾਂ ਨੂੰ ਕਿਹਾ ਕਿ, "ਰਤਨ ਸਿੰਘ ਹੋਰੀਂ ਆਏ ਹਨ।" ਬਿਮਾਰੀ ਦੀ ਸ਼ਕਲ ਵਿਚ ਉਹ ਲੜਖੜਾਂਦੇ ਹੋਏ ਵਿਹੜੇ ਵਿਚੀਂ ਮੇਨ-ਗੇਟ ਤੇ ਆ ਗਏ। ਜੱਫੀ ਪਾ ਕੇ ਮਿਲੇ। ਫਿਰ ਹੌਲੀ ਹੌਲੀ ਅਸੀਂ ਉਨ੍ਹਾਂ ਨੂੰ ਵਾਪਿਸ ਵਰਾਂਡੇ ਵਿਚ ਲਿਜਾਕੇ ਬਿਠਾ ਦਿੱਤਾ। ਮੈਂ ਪੁਛਿਆ,"ਇਹ ਕੀ ਭਾਣਾ ਹੈ?" ਉੱਤਰ ਵਿਚ ਸਿਰਫ਼ ਐਨਾ ਕਹਿ ਸਕੇ, "ਮੈਨੂੰ ਸਮਝ ਨਹੀਂ।" ਫਿਰ ਬੀਬੀ ਸਵਰਨ ਕੌਰ ਨੇ ਉਨ੍ਹਾਂ ਦਾ ਸਿਰ ਝੱਸਣਾ ਸ਼ੁਰੂ ਕਰ ਦਿੱਤਾ। ਅਸੀਂ ਥੋਹੜਾ ਚਿਰ ਬੈਠਕੇ ਆ ਗਏ। ਘਰ ਹੋਰ ਟੱਬਰ ਦਾ ਕੋਈ ਜੀਅ ਉਸ ਵੇਲੇ ਨਹੀਂ ਸੀ।

1976 ਵਿਚ ਵਿਲਾਇਤ ਆਉਣ ਤੋਂ ਪਹਿਲਾਂ ਅਸੀਂ ਪ੍ਰੋਫੈਸਰ ਹੋਰਾਂ ਨੂੰ ਮਿਲਣ ਗਏ। ਉਸ ਵੇਲੇ ਤਾਂ ਉਹ ਬਿਲਕੁਲ ਬੋਲ ਨਹੀਂ ਸਨ ਸਕਦੇ। ਡਾਕਟਰ ਦਲਜੀਤ ਸਿੰਘ ਵਾਲੇ ਮਕਾਨ ਵਿਚ ਸਨ। ਮਾਤਾ ਰਤਨ ਕੌਰ ਜੀ ਉਨ੍ਹਾਂ ਪਾਸ ਸਨ। ਹੋਰ ਕੋਈ ਘਰ ਨਹੀਂ ਸੀ। ਜਦ ਮਾਤਾ ਜੀ ਨੇ ਉਨ੍ਹਾਂ ਨੂੰ ਦੱਸਿਆ ਤਾਂ ਉਨ੍ਹਾਂ ਨੇ ਇਸ਼ਾਰੇ ਨਾਲ ਕਿਹਾ ਕਿ ਉਨ੍ਹਾਂ ਨੂੰ ਬਿਠਾ ਦਿੱਤਾ ਜਾਵੇ। ਮੈਂ ਹੱਥ ਜੋੜ ਕੇ ਫ਼ਤਹਿ ਬੁਲਾਈ। ਉਹ ਕਈ ਚਿਰ ਮੇਰੇ ਦੋਵੇਂ ਹੱਥ ਆਪਣੇ ਦੋਹਾਂ ਹੱਥਾਂ ਵਿਚ ਘੁੱਟਕੇ ਬੈਠੇ ਰਹੇ। ਫਿਰ ਉਨ੍ਹਾਂ ਇਸ਼ਾਰਾ ਕੀਤਾ ਕਿ ਉਨ੍ਹਾਂ ਨੂੰ ਲੰਮਾ ਪਾ ਦਿੱਤਾ ਜਾਏ, ਥੋੜਾ ਚਿਰ ਬੈਠ ਕੇ ਅਸੀਂ ਆ ਗਏ। ਇਹ ਉਹਨਾਂ ਨਾਲ ਸਾਡੀ ਆਖ਼ਰੀ ਮੁਲਾਕਾਤ ਸੀ।

ਜਦ 1977 ਵਿਚ ਪ੍ਰੋਫੈਸਰ ਜੀ ਦਾ ਦਿਹਾਂਤ ਹੋਇਆ ਤਾਂ ਡਾ. ਦਲਜੀਤ ਸਿੰਘ ਨੇ ਮੈਨੂੰ ਇਹ ਸ਼ੋਕ ਮਈ ਖ਼ਬਰ ਲਿਖੀ :-

"With sad heart I wish to inform you that my father Prof. Sahib Singh ji passed away on 29th October. Since you were very close to him and he often remembered you, I thought it my duty to inform you.--------"

ਇਸ ਚਿੱਠੀ ਤੋਂ ਵੀ ਪਤਾ ਲਗਦਾ ਹੈ ਕਿ ਡਾਕਟਰ ਹੋਰਾਂ ਨੂੰ ਵੀ ਪਤਾ ਸੀ ਕਿ ਮੈਂ ਪ੍ਰੋਫ਼ੈਸਰ ਹੋਰਾਂ ਦੇ ਕਿੰਨਾਂ ਨੇੜੇ ਸਾਂ ਅਤੇ ਉਹ ਹਮੇਸ਼ਾਂ ਮੈਨੂੰ ਯਾਦ ਕਰਦੇ ਰਹਿੰਦੇ ਸਨ।

ਪਿਆਰੇ ਸਾਹਿਬ! ਤੂੰ ਸਤਿਗੁਰ ਨਾਲ ਸੱਚੀ ਪ੍ਰੀਤਿ ਨਿਭਾਈ।
ਵਿਆਕਰਣ ਅਨੁਸਾਰ ਤੂੰ ਬਾਣੀ-ਅਰਥਾਂ-ਰੀਤਿ ਚਲਾਈ।
ਤਨ ਦੇ ਖੀਨ ਹੋਇਆਂ ਵੀ ਜਾਰੀ ਰੱਖੀ ਸਤਿਗੁਰ-ਸੇਵਾ।
ਹੁਣ ਵੀ ਸਤਿਗੁਰ-ਸੇਵਾ ਖ਼ਾਤਿਰ ਤੂੰ ਹੈ ਉਡਾਰੀ ਲਾਈ!

ਜਦ 1921 ਦੇ ਅਖ਼ੀਰ ਵਿਚ ਸਰਦਾਰ ਅਵਤਾਰ ਸਿੰਘ ਜੀ, ਬਰਮਿੰਘਮ ਵਾਲੇ, ਇੰਡਿਆ ਗਏ, ਤਾਂ ਉਹ ਅਮ੍ਰਿਤਸਰ ਵੀ ਗਏ ਤੇ ਉਨ੍ਹਾਂ ਨੇ ਮੇਰੇ ਲੇਖ 'ਸ੍ਰੀ ਗੁਰੂ ਗ੍ਰੰਥ ਜੀ ਵਿਚਲੀ ਭਗਤ ਬਾਣੀ ਤੇ ਉਸ ਦੇ ਰਚਯਿਤਾ ਭਗਤ' ਦਾ ਖਰੜਾ ਡਾਕਟਰ ਦਲਜੀਤ ਸਿੰਘ ਹੋਰਾਂ ਨੂੰ ਦਿੱਤਾ। ਉਹਨਾਂ ਉਹ ਪੜ੍ਹਕੇ ਜਨਵਰੀ, 92 ਵਿਚ ਮੈਨੂੰ ਇਹ ਲਿਖਿਆ, *"ਮੈਂ ਆਪ ਜੀ ਦੇ ਸਾਰੇ ਲੇਖ ਪੜ੍ਹ ਲਏ ਹਨ। ਜਿਸ ਬਰੀਕੀ ਦੇ ਨਾਲ ਆਪ ਜੀ ਨੇ ਭਾਪਾ ਜੀ ਦੀਆਂ ਲਿਖਤਾਂ ਅਤੇ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਹੋਇਆ ਹੈ, ਮੈਨੂੰ ਇਹ ਲਿਖਦਿਆਂ ਕੋਈ ਸੰਕੋਚ ਨਹੀਂ ਹੁੰਦਾ ਕਿ ਆਪ ਹੀ ਸਹੀ ਮਹਿਨਿਆਂ ਵਿਚ ਉਨ੍ਹਾਂ ਦੇ ਵਾਰਿਸ ਹੋ। ਮੈਂ ਤਾਂ ਆਪਣੀ ਲਾਇਨ ਵਿਚ ਫਸਿਆ ਹੋਇਆ ਹਾਂ, ਆਪ ਜੋ ਸਮਝੋ ਕਰਦੇ ਜਾਵੋ। ਸੱਚ ਉਤੇ ਪਰਦਾ ਨਹੀਂ ਪਾਇਆ ਜਾ ਸਕਦਾ।.....................ਆਪ ਦਾ ਬੱਚਾ, ਦਲਜੀਤ ਸਿੰਘ।"*

ਮੈਂ ਪ੍ਰੋਫ਼ੈਸਰ ਸਾਹਿਬ ਸਿੰਘ ਹੋਰਾਂ ਦਾ ਸ਼ਾਗਿਰਦ ਸੀ ਤੇ ਉਨ੍ਹਾਂ ਦਾ ਵੱਡਾ ਸਪੁਤ੍ਰ, ਕੁਲਵੰਤ ਸਿੰਘ, ਮੇਰਾ ਜਮਾਤੀ ਸੀ। ਮੇਰੇ ਬੱਚੇ ਪ੍ਰੋਫ਼ੈਸਰ ਹੋਰਾਂ ਦੇ ਸਭ ਤੋਂ ਛੋਟੇ ਸਪੁਤ੍ਰ ਡਾਕਟਰ ਦਲਜੀਤ ਸਿੰਘ ਦੇ ਸ਼ਾਗਿਰਦ ਸਨ। ਜਦੋਂ ਉਹ ਅੰਮ੍ਰਿਤਸਰ ਸਨ ਤਾ ਮੇਰੀ ਸਪੁਤ੍ਰੀ ਡਾਕਟਰ ਬਲਦੇਵ ਕੌਰ ਉਨ੍ਹਾਂ ਪਾਸੋਂ ਪੜ੍ਹੀ ਅਤੇ ਜਦ ਉਹ ਪਟਿਆਲਾ ਚਲੇ ਗਏ ਤਾਂ ਮੇਰਾ ਸਪੁਤ੍ਰ ਡਾਕਟਰ ਗੁਰਮੀਤ ਸਿੰਘ ਉਨ੍ਹਾਂ ਤੋਂ ਪੜ੍ਹਿਆ।

*28 ਮਈ 1995*

# ਗੁਰ ਦਰਸ਼ਨ

(ੳ) ਗੁਰੂ ਅਮਰ ਦਾਸ

(ਅ) ਅਦੁਤੀ ਸ਼ਹੀਦ ਗੁਰੂ ਅਰਜਨ ਦੇਵ

(ੲ) ਗੁਰੂ ਤੇਗ ਬਹਾਦਰ

(ਸ) ਗੁਰੂ ਗੋਬਿੰਦ ਸਿੰਘ ਜੀ ਦੇ ਤੀਰ

(ਹ) ਦਸ਼ਮੇਸ਼ ਪਿਤਾ ਦੇ ਦਿਲੀ-ਤ੍ਰੰਗ

# ਸ੍ਰੀ ਗੁਰੂ ਅਮਰਦਾਸ ਜੀ

***ਗੁਰਿਆਈ :***

ਉਮਰ ਇਕਤਾਲੀ ਵਰ੍ਹੇ ਤੋਂ ਅਮਰ ਬਾਬਾ ਹਰ ਵਰ੍ਹੇ
ਜਾਂਦਾ ਰਿਹਾ ਹਰਿਦੁਆਰ ਨੂੰ ਪੂਰੇ ਹੀ ਇੱਕੀ ਸੀ ਵਰ੍ਹੇ।
ਪੰਡਿਤ ਨੇ ਯਾਦ ਕਰਾਇਆ ਜਾਂ ਸਾਧੂ ਟੋਣਾ ਲਾਇਆ,
ਬਾਬੇ ਅਮਰ ਨੇ ਜਾਣਿਆ, ਗੁਰ ਧਾਰਨਾ ਹੀ ਠਾਣਿਆ।
ਬੀਬੀ ਅਮਰੋ ਪੜ੍ਹ ਰਹੀ, ਨਾਨਕ ਦੀ ਬਾਣੀ ਪੜ੍ਹ ਰਹੀ,
ਵੇਲਾ ਸੀ ਅੰਮ੍ਰਿਤ ਆਇਆ, ਉਸ 'ਕਰਣੀ ਕਾਗਦੁ' ਗਾਇਆ।
ਬਾਣੀ ਦੀ ਵੱਜੀ ਚੋਟ ਜਦ, ਬਾਬੇ ਅਮਰ ਦੇ ਦਿਲ ਤੇ ਜਦ,
ਓਸੇ ਹੀ ਦਿਨ ਉਹ ਆਇਆ, ਅੰਗਦ ਜੀ ਚਰਨੀਂ ਲਾਇਆ।
ਬਾਬਾ ਜੀ ਛਾਹਠ ਕੁ ਸਾਲ ਦਾ ਪਰ ਸੇਵ ਸਤਿਗੁਰ ਘਾਲਦਾ।
ਬਾਰਾਂ ਵਰ੍ਹੇ ਇਉਂ ਬੀਤ ਗਏ, ਉਹ ਪਿਆਰ-ਸਿਖਰਾਂ ਛੂਹ ਗਏ।
ਲੈ ਕੇ ਜਾਂ ਗਾਗਰ ਆ ਰਿਹਾ, ਇਕ ਰਾਤ ਠੇਡਾ ਖਾ ਗਿਆ,
ਖੱਡੀ 'ਚ ਬਾਬਾ ਡਿਗ ਪਿਆ, ਜੁਲਹੇ ਨੂੰ ਜੁਲਹੀ ਇਉਂ ਕਿਹਾ :
"ਇਹ ਖੜਕਾ ਅਮਰੂ ਕਰ ਰਿਹਾ ! ਅਮਰੂ ਨਿਥਾਵਾਂ ਮਰ ਰਿਹਾ।"
ਬੋਲੀ ਜੁਲਾਹੀ ਦੀ ਜਦੋਂ ਅੰਗਦ ਗੁਰੂ ਨੂੰ ਅਪੱੜੀ,
ਉਨ੍ਹਾਂ ਗੁਰਤਾ ਦੇ ਕੇ ਬਾਬੇ ਨੂੰ, ਪੰਦਰਾਂ ਸੌ ਬਾਵਨ ਸੰਨ'ਚ,
ਮੁੱਖੋਂ ਇਹ ਆਖ ਸੁਣਾਇਆ : "ਕਰ ਹੋਸ਼, ਦੁਨੀਆਂ ਝੱਲੀਏ !
ਇਉਂ ਨਹੀਂ ਕਹੀਦਾ, ਮੱਨੀਏ: ਹੁੰਦਾ ਨਿਥਾਵਾਂ ਓਹ ਹੈ,
ਕੱਚੇ ਜੋ ਆਸਰ ਭਾਲਦਾ। ਜਿਸ ਆਸ ਗੁਰ ਕਰਤਾਰ ਦੀ,
ਪੱਕੀ ਜਿਦ੍ਹੀ ਇਹ ਟੇਕ ਹੈ, ਉਹ ਤਾਂ ਹੈ ਸਭ ਦਾ ਆਸਰਾ,
ਸੋ ਅਮਰ ਦਾਸ ਨਿਥਾਵਿਆਂ ਦਾ ਥਾਂ ਨਿਸ਼ਚੈ ਹੀ ਸਦਾ!"

***ਬੀਬੀ ਭਾਨੀ ਜੀ ਦਾ ਵਿਆਹ :***

ਭਾਈ ਜੇਠਾ ਮਾਪਿਆਂ ਦਾ ਇੱਕੋ ਪੁੱਤ ਯਤੀਮ ਸੀ
ਨਾ ਕੋਈ ਮਲਕੀਅਤ ਹੀ ਸੀ, ਨਾ ਕੋਈ ਧਨ ਦੌਲਤ ਹੀ ਸੀ।
ਪਰ ਸੀ ਸੁਨੱਖਾ, ਸਿਹਤਮੰਦ, ਗੁਣਵੰਤ ਤੇ ਪਤਿਵੰਤ ਸੀ,
ਮਿਠ-ਬੋਲੜਾ ਤੇ ਸਾਹਸੀ, ਆਚਰਣ-ਸ਼ੀਲ, ਜਵਾਨ ਸੀ।
ਸਤਿਗੁਰ ਇਹ ਸਿਫ਼ਤਾਂ ਦੇਖੀਆਂ ਸੋ ਬੀਬੀ ਭਾਨੀ ਦਾ ਵਿਆਹ

ਪੰਦਰਾਂ ਸੋ ਤਰਪਣ ਸੰਨ ਵਿੱਚ ਕੀਤਾ ਉਦੇ ਹੀ ਨਾਲ ਚਾ
ਤੇ ਹੋਰ ਮਾਪਿਆਂ ਕਈ ਸਦਾ ਸਤਿਗੁਰ ਨੇ ਪਾਏ ਪੂਰਨੇ।

***ਗੁਰਿਆਈ ਦਾ ਦਾਅਵਾ-ਦਾਤੂ ਜੀ***

ਦਾਤੂ ਸੀ ਛੋਟਾ ਸਾਹਿਬਜ਼ਾਦਾ ਸਤਿਗੁਰੂ ਅੰਗਦ ਜੀ ਦਾ।
ਉਮਰਾ ਸੀ ਉੱਨੀ ਸਾਲ ਦੀ, ਤੇ ਹੈ ਸੀ ਡਾਢਾ ਅੱਥਰਾ।
ਇੱਛਾ ਸੀ ਉਸ ਨੂੰ ਗੁਰੂਪਨਿ ਦੀ, ਨਾਲੇ ਚੁਕ ਗੋਂਦੇ ਦੀ ਵੀ,
ਨਾਲੇ ਸੀ ਹੋਰ੍ਹਾਂ ਖਤਰੀਆਂ ਦੀ ਤੇ ਬ੍ਰਾਹਮਣ-ਜਗਤ ਦੀ।
ਸੰਨ ਪੰਦਰਾਂ ਸੌ ਛੱਪਨ ਦੇ ਵਿਚ ਨਗਰੀ'ਚ ਗੋਇੰਦਵਾਲ ਦੀ
ਲੱਗਾ ਹੋਇਆ ਦੀਵਾਨ ਸੀ, ਸਤਿਗੁਰ ਸਤੱਤਰ ਸਾਲ ਦੇ
ਬੈਠੇ ਹੋਏ ਚੌਕੀ ਤੇ ਸਨ। ਦਾਤੂ ਜੀ ਪਿੱਛੋਂ ਆਇ ਕੇ
ਲਕ ਲੱਤ ਮਾਰੀ ਜੋਰ ਦੀ। ਸਤਿਗੁਰ ਜੀ ਥੱਲੇ ਡਿਗ ਪਏ,
ਦਾਤੂ ਜੀ ਗੱਦੀ ਬਹਿ ਗਏ। ਸੰਭਲ ਕੇ ਸਤਿਗੁਰ ਪੈਰ ਦਾਤੂ
ਜੀ ਦਾ ਘੁੱਟਣ ਲਗ ਪਏ, ਮੰਗੀ ਖਿਮਾ ਕਿ ਮੇਰੇ ਖਰ੍ਹਵੇ ਹੱਡਾਂ ਨਾ'
ਤੁਹਾਡੇ ਨਰਮ ਇਸ ਪੈਰ ਨੂੰ ਲੱਗੀ ਜ਼ਰੂਰ ਹੀ ਸੱਟ ਹੈ।
ਫ਼ਿਰ ਸਤਿਗੁਰੂ ਜੀ ਰਾਤ ਵੇਲੇ ਉਠ ਕੇ ਗੁਪਤੀ ਤੌਰ ਤੇ,
ਜਾ ਬਾਰ੍ਹ ਬਾਸਰਕੇ ਦੇ ਇਕ ਕੋਠੇ ਦੇ ਵਿੱਚ, ਜੋ ਸੁੰਨਾ ਸੀ,
ਆਸਣ ਜਮਾਏ ਆਪਣੇ ਕਿ ਦਾਤੂ ਦਾ ਕੁਝ ਬਣ ਸਕੇ !
ਪਰ ਕੀ ਗੁਰੂ ਦੇ ਸਿੱਖ ਸਨ ਇਸ ਧਕੱੜੇ ਨੂੰ ਸਹਿ ਸਕੇ?
ਨਹੀਂ ! ਨਹੀਂ ! ਕਿਸੇ ਵੀ ਸਿੱਖ ਜਾਂ ਦਾਤੂ ਨੂੰ ਲਾਇਆ ਮੂੰਹ ਨਾ,
ਉਹ ਕੱਖੋਂ ਹੌਲਾ ਹੋਇ ਕੇ ਫਿਰ ਮੁੜ ਖਡੂਰੇ ਜਾ ਰਿਹਾ;
ਤੇ ਸਤਿਗੁਰੂ ਨੂੰ ਗੁਰਸਿਖਾਂ ਨੇ ਜਾ ਕੇ ਹੈ ਸੀ ਭਾਲਿਆ।

***ਦੋਖੀਆਂ ਵਲੋਂ ਅਕਬਰ ਪਾਸ ਸ਼ਕਾਇਤ***

ਸੰਨ ਪੰਦਰਾਂ ਸੋ ਸਤਵੰਜਾ ਵਿਚ ਅਕਬਰ ਸੀ ਵਿਚ ਲਾਹੌਰ ਦੇ,
ਸੀ ਉਮਰ ਉਸ ਦੀ ਸਾਲ ਪੰਦਰਾਂ ਤੇ ਉਦ੍ਹਾ ਸੀ ਸਰ-ਪ੍ਰਸਤ
ਉਸ ਦਾ ਹੀ ਮਾਮਾ ਖ਼ਾਨ ਬੈਰਮ, ਜੋ ਉਦ੍ਹਾ ਉਸਤਾਦ ਵੀ।
ਗੋਂਦੇ ਤੇ ਬ੍ਰਾਹਮਣ ਖਤਰੀਆਂ ਜਾਂ ਕਾਮਯਾਬੀ ਨਾਂ ਹੋਈ
ਦਾਤੂ ਨੂੰ ਗੁਰ ਬਨਵਾਣ ਵਿਚ, ਤਾਂ ਨਾਲ ਆਪਣੇ ਕਰ ਲਏ
ਕੁਝ ਹਿੰਦੂ ਦਰਬਾਰੀ ਉਨ੍ਹਾਂ ਤੇ ਕੰਨ ਅਕਬਰ ਦੇ ਭਰੇ;
ਕੀਤੀ ਸ਼ਕਾਇਤ ਗੁਰ ਵਿਰੁੱਧ। ਅਕਬਰ ਨੇ ਬੁਲਾਵਾ ਭੇਜਿਆ
ਸਤਿਗੁਰ ਨੂੰ ਗੋਇੰਦਵਾਲ ਤੋਂ, ਸੀ ਉਮਰ ' ਠੱਤਰ ਤੋਂ ਵੀ ਵੱਧ
ਉਸ ਵੇਲੇ ਸਤਿਗੁਰ ਦੇਵ ਦੀ। ਅਪਣੀ ਥਾਵੇਂ ਸਤਿਗੁਰਾਂ ਨੇ
ਭਾਈ ਜੇਠਾ ਭੇਜਿਆ। ਉਮਰਾਂ ਸੀ ਤੇਈ ਸਾਲ ਦੀ
ਪਰ ਗੁਰੂ ਜੀ ਦੀ ਸੀ ਦਇਆ। ਭਾਈ ਜੇਠੇ ਪੇਸ਼ ਕੀਤਾ

ਸਤਿਗੁਰੂ-ਮਤ ਇਸ ਤਰ੍ਹਾਂ, ਨਾਲੇ ਅਕਬਰ ਖ਼ੁਸ਼ ਹੋਇਆ,
ਨਾਲੇ ਉਸ ਦਾ ਮਾਮਾ ਜਾਨ। ਸ਼ਹਿਨਸ਼ਾਹ ਦੀ ਗੁਰ-ਵਿਰੋਧੀ
ਨਾ ਤਸੱਲੀ ਕਰ ਸਕੇ, ਹੌਲੇ ਹੋ ਕੇ ਮੁੜ ਉਹ ਆਏ
ਆਪਣਾ ਮੂੰਹ ਲੈ ਕੇ। ਅਕਬਰ ਨੂੰ ਕੀਤੀ ਪ੍ਰੇਰਨਾ
ਸਤਿਗੁਰ ਵਲੋਂ ਜੇਠਾ ਜੀ ਨੇ ਸ਼ਾਹੀ ਵਸੀਲੇ ਵਰਤਣੇ ਦੀ
ਤਾਂ ਕਿ 'ਰਸਮੇ ਸਤੀ' ਨੂੰ ਰੋਕਣ ਦੇ ਵਿਚ ਹੋਵੇ ਮਦਦ ;
ਨਾਲੇ ਹਿੰਦੂ ਯਾਤ੍ਰੀਆਂ ਤੋਂ ਲੈਣਾ ਬੰਦ ਹੋਇ ਯਾਤ੍ਰਾ-ਟੈਕਸ।
ਦੋਖੀ ਤਾਂ ਸਿਖ-ਧਰਮ ਨੂੰ ਹਾਨੀ ਪੁਚਾਣੇ ਲਈ ਗਏ
ਪਰ ਖੁਲ੍ਹ-ਦਿਲੀ ਦੇਖੋ ਗੁਰਾਂ, ਜੋ ਸਭ ਦਾ ਭਲਾ ਲੋਚਦੇ।

***ਸਤਿਗੁਰੂ ਜੀ ਕੁਰਖੇਤ ਗਏ***

ਹਿੰਦੂ-ਤੀਰਥ-ਯਾਤ੍ਰਾ ਕੀਤੀ ਗੁਰੂ ਨਾਨਕ ਨੇ ਸੀ
ਪਰ ਅਪਣਾ ਮਤ ਦਰਸਾਣ ਲਈ ਤੇ ਸਭ ਦਾ ਭਰਮ ਮਿਟਾਣ ਲਈ।
ਅੰਗਦ ਗੁਰੂ ਦੇ ਲੜ ਲਗਣ ਤੋਂ ਪਹਿਲਾਂ ਸਤਿਗੁਰ ਅਮਰਦਾਸ
ਹਰਿ-ਦਵਾਰਾਦਿ ਤੀਰਥੀਂ ਜਾਂਦੇ ਰਹੇ ਸੀ ਇੱਕੀ ਸਾਲ।
ਸੰਨ ਪੰਦਰਾਂ ਸੌ ਅਠਾਵਨ ਵਿਚ ਵੀ ਸਤਿਗੁਰ ਅਮਰ ਦਾਸ
ਗਏ ਸਨ ਕੁਰਖੇਤ, ਜਮਨਾ, ਫਿਰ ਗਏ ਸਨ ਹਰਿਦੁਆਰ।
ਇਸ ਦਫ਼ਾ ਪਰ ਮਿਸ਼ਨ ਉਨ੍ਹਾਂ ਹੈ ਸੀ ਨਾਨਕ ਵਾਲੜ੍ਹਾ,
ਭਾਈ ਜੇਠਾ ਵਰਗੇ ਮੁੱਖੀ ਸਿੱਖ ਵੀ ਸਨ ਨਾਲ ਹੀ।
ਅਕਬਰ ਨੇ ਕੀਤਾ ਫ਼ੈਸਲਾ ਕਿ ਹਿੰਦੂ ਜੋ ਸਤਿਗੁਰ ਦੇ ਨਾਲ
ਜਾਵਣਗੇ ਹਿੰਦੂ-ਤੀਰਥੀ, ਉਨ੍ਹਾਂ ਤੋਂ ਯਾਤ੍ਰ-ਕਰ ਕੋਈ
ਹਰ-ਗਿਜ਼ ਨਾ ਲੀਤਾ ਜਾਇਗਾ। ਸਤਿਗੁਰੂ ਜੀ ਪਾਸੋਂ ਇਹ ਕਰ
ਲਿਆ ਨਹੀਂ ਸੀ ਜਾਵਣਾ ਕਿਉਂਕਿ ਸੀ ਮਤ ਸਤਿਗੁਰੂ ਦਾ
ਹਿੰਦੂ-ਮਤ ਤੋਂ ਵੱਖਰਾ; ਨਾਲੇ ਨ ਬਣ ਕੇ ਯਾਤ੍ਰੀ
ਉਹ ਜਾ ਰਹੇ ਸੀ ਤੀਰਥੀਂ। ਹਿੰਦੂ ਜਨਤਾ ਨੂੰ ਪਤਾ
ਲੱਗਾ ਜਾਂ ਇਸ ਇਅਲਾਨ ਦਾ। ਬਹੁਤੀ ਜਨਤਾ ਸਤਿਗੁਰੂ ਦੇ
ਨਾਲ ਗਈ ਸਭ ਤੀਰਥੀਂ । ਸੰਨ ਪੰਦਰਾਂ ਸੌ ਤ੍ਰੇਹਠ
ਵਿੱਚ ਅਕਬਰ ਬਾਦਸ਼ਾਹ ਵੱਲ ਮਥੁਰਾ ਜਾਂ ਗਿਆ,
ਸਮਾਂ ਸੀ ਹਿੰਦੂ ਪੁਰਬ ਦਾ। ਲੈ ਰਹੇ ਸਨ ਯਾਤ੍ਰਾ-ਕਰ
ਸਭ ਹਿੰਦੂਆਂ ਤੋਂ ਗੋਲਕੀ, ਅਕਬਰ ਨੂੰ ਚੇਤਾ ਆਇਆ
ਜੋ ਸਤਿਗੁਰਾਂ ਨੇ ਸੀ ਕਿਹਾ। ਓਥੇ ਹੀ ਉਸਨੇ ਹੁਕਮ ਜਾਰੀ
ਕਰ ਦਿਤਾ ਕਿ ਅੱਗੇ ਤੋਂ ਏਸ ਕਰ ਨੂੰ ਬੰਦ ਕੀਤਾ
ਜਾਏ ਸਾਰੇ ਰਾਜ ਵਿਚ। ਸਿੱਖ ਧਰਮ ਦੇ ਦੋਖੀਆਂ ਨੇ
ਪਿੱਛੋਂ ਟਪਲੇ ਲਾ ਦਿਤੇ ਕਿ ਸਮੇਂ ਪੁਰਬ ਅਭੀਚ ਦੇ

ਸਤਿਗੁਰ ਵੀ ਨ੍ਹਾਵਣ ਤੀਰਥੀਂ ਸਨ ਗਏ ਹੋਰ੍ਹਾਂ ਨਾਲ ਹੀ,
ਸੋ ਸਿੱਖਾਂ ਨੂੰ ਵੀ ਚਾਹੀਏ ਕਿ ਤੀਰਥੀ ਜਾਇਆ ਕਰਨ।
ਸਿੱਖਾਂ ਨੂੰ ਇਸ ਟਪਲੇ ਤੋਂ ਵਰਜਣ ਲਈ ਗੁਰ ਰਾਮਦਾਸ
ਛੰਤ ਲਿਖਿਆ ਇੱਕ ਪਿੱਛੋਂ ਵਿਚ ਤੁਖਾਰੀ ਰਾਗ ਦੇ,
ਜਿਸ ਵਿਚ ਇਹ ਦਸਿਆ ਹੈ ਕਿ ਸਤਿਗੁਰ-ਦਰਸ਼ ਹੀ ਹੈ
ਅਸਲ ਵਿਚ, ਨ੍ਹਾਵਣ ਜੋ ਪੁਰਬ ਅਭੀਚ ਦਾ।

### *ਬਾਉਲੀ ਦੀ ਲੋੜ*

ਗੋਇੰਦਵਾਲ ਦੇ ਵਿਚ ਇਕੋ ਸਾਂਝਾ ਖੂਹ ਸੀ ਸਭ ਲਈ,
ਸਿੱਖ ਵੀ ਉਥੋਂ ਹੀ ਪਾਣੀ ਭਰਦੇ ਸਨ ਲੰਗਰ ਲਈ।
ਛੇ ਸਤ ਵਰ੍ਹੇ ਤਾਂ ਕੰਮ ਹੈ ਸੀ ਇੰਵ ਹੀ ਚਲਦਾ ਰਿਹਾ,
ਫਿਰ ਵਿਰੋਧੀ ਬਾਮ੍ਹਣਾਂ ਤੇ ਖਤਰੀਆਂ ਕੀਤੀ ਸਲਾਹ।
ਤਪੇ ਦੀ ਵੀ ਉਨ੍ਹਾਂ ਨੂੰ ਸੀ ਹੱਲਾ-ਸ਼ੇਰੀ ਅੰਦਰੋਂ,
ਬਾਹਰੋਂ ਤਾਂ ਜੋ ਤਪਾ ਸੀ ਪਰ ਸੀ ਪਾਪੀ ਅੰਦਰੋਂ।
ਸਾਰਿਆਂ ਨੇ ਰਲ ਕੇ ਖੋਜੇ-ਮੁੰਡਿਆਂ ਚਮਲਾਇਆ।
ਮਾਰ ਢੀਮਾਂ ਘੜੇ ਸਿੱਖਾਂ ਦੇ ਉਹ ਭੰਨਣ ਲਗ ਪਏ;
ਸਤਿਗੁਰਾਂ ਉਪਦੇਸ਼ ਦਿੱਤਾ ਪਰ ਉਹ ਮੁੰਡੇ ਨਾ ਟਲੇ।
ਘੜਿਆਂ ਥਾਵੇਂ ਗਾਗਰਾਂ ਜਾਂ ਸਿਖ ਵਰਤਣ ਲਗ ਪਏ,
ਢੀਮਾਂ ਥਾਵੇਂ ਪੱਥਰਾਂ ਨੂੰ ਮੁੰਡੇ ਵਰਤਣ ਲਗ ਪਏ।
ਕਈ ਮਹੀਨੇ ਛੇੜ-ਖਾਨੀ ਇਉਂ ਸੀ ਚਲਦੀ ਹੀ ਰਹੀ
ਸਿੱਖਾਂ ਦੀ ਜੀਰਾਂਦ ਸਚ ਦੇ ਸੱਚੇ 'ਚ ਢਲਦੀ ਰਹੀ।
ਤਾਂ ਹੀ ਪੰਦਰਾਂ ਸੌ ਉਨਾਹਠ ਸੰਨ ਵਿਚ ਸਤਿਗੁਰੂ ਨੂੰ
ਕੰਮ ਬਾਉਲੀ ਪੁੱਟਣੇ ਦਾ ਕਰਨਾ ਸ਼ੁਰੂ ਹੀ ਪਿਆ।

### *ਬਾਉਲੀ ਦੀ ਸੇਵਾ ਤੇ ਭਾਈ ਜੇਠਾ ਜੀ*

ਬਣ ਰਹੀ ਸੀ ਬਾਉਲੀ ਤਾਂ ਭਾਈ ਜੇਠਾ, ਹੋਰ੍ਹਾਂ ਵਾਂਗ,
ਢੋ ਰਹੇ ਸੀ ਅਪਣੇ ਸਿਰ ਤੇ ਚੂਨੇ-ਗਾਰੇ-ਟੋਕਰੀ।
ਭਾਈਚਾਰੇ ਵਾਲੇ ਕੁਝ ਲਾਹੌਰ ਦੇ ਸੀ ਜਾ ਰਹੇ
ਨ੍ਹਾਉਣੇ, ਲਈ ਤੀਰਥੀਂ, ਤੇ ਠਹਿਰੇ ਆ ਗੋਇੰਦਵਾਲ।
ਦੇਖਿਆ ਜਾਂ ਭਾਈ ਜੇਠੇ ਨੂੰ ਉਨ੍ਹਾਂ ਇਸ ਹਾਲ ਵਿਚ,
ਕਹਿਣੇ ਲੱਗੇ: "ਨੱਕ ਸਾਡਾ ਤੂੰ ਵਢਾ ਹੈ ਛਡਿਓ !
ਸਹੁਰੇ-ਘਰ ਦੀ ਟੋਕਰੀ ਤੂੰ ਜੇਕਰਾਂ ਢੋਣੀ ਹੀ ਸੀ,
ਸੌਖਿਆਂ ਹੀ ਮਿਲ ਸਕੇ ਇਹ ਕੰਮ ਤਾਂ ਲਾਹੌਰ ਵੀ! "
ਗੁਰ ਅਮਰਦਾਸ ਦੇ ਪਾਸ ਜਾਂ ਕੀਤੀ ਸ਼ਕਾਇਤ ਵੀ ਉਨ੍ਹਾਂ
ਤਾਂ ਭਾਈ ਜੇਠਾ ਢਹਿ ਪਏ ਗੁਰ ਚਰਨੀਂ ਤੇ ਕੀਤੀ ਅਰਜ਼ :

"ਪਾਤਸ਼ਾਹ! ਇਹ ਭੋਲੇ ਹਨ, ਨਹੀਂ ਜਾਣਦੇ, ਕੀ ਬੋਲਦੇ !
ਤੂੰ ਇਨ੍ਹਾਂ ਨੂੰ ਬਖ਼ਸ਼ ਦੇਹ ! ਭਾਵੇਂ ਇਹ ਖਰ੍ਹਵਾ ਬੋਲਦੇ।"
ਭਾਈ ਜੇਠੇ ਦੀ ਉਮਰ ਸੀ ਸਾਲ ਪੱਚੀ ਉਸ ਸਮੇਂ
ਜਦ ਕਿ ਬੰਦਾ ਡੋਲ ਸਕਦਾ ਹੈ ਜ਼ਰਾ ਭਰ ਚੋਭ ਨਾਲ,
ਪਰ ਸੀ ਸ਼ਰਧਾ ਧੰਨ ਉਨ੍ਹਾਂ ਦੀ ਆਪਣੇ ਗੁਰਦੇਵ ਤੇ,
ਡੋਲਣਾ ਸੀ ਕੀ ਉਨ੍ਹਾਂ ਭਾਵੇਂ ਸੀ ਪਰਬਤ ਡੋਲਦੇ!

**ਬਾਉਲੀ ਦਾ ਕੜ—ਮਾਣਕਚੰਦ :**

ਬਾਉਲੀ-ਪੁਟਾਈ ਦੇ ਪਿਛੋਂ ਕੜ ਨਹੀਂ ਸੀ ਉਸ ਦਾ ਟੁੱਟਦਾ,
ਸਤਿਗੁਰ ਕਿਹਾ : "ਇਕ ਤਿੱਖੀ ਵੱਡੀ ਛੈਣੀ ਨੂੰ ਜੇ ਮਾਰ'
ਥੋੜ੍ਹੇ ਨਾਲ ਸੱਟਾਂ ਗੱਡੀਏ, ਹਾਂ, ਕੜ ਦੇ ਵਿਚ ਜਾ ਗੱਡੀਏ।
ਤਾਂ ਕੜ ਤਾਂ ਜਾਸੀ ਟੁੱਟ ਪਰ ਖ਼ਤਰੇ ਦੀ ਹੈ ਸੰਭਾਵਨਾ।
ਸੁੰਮ ਹੇਠੋਂ ਤੇਜ਼ ਐਨੇ ਜ਼ੋਰ ਨਾ' ਜਦ ਨਿਕਲੇਗਾ,
ਚੋਂਭਾ ਬਾਉਲੀ, ਵਿੱਚੋਂ ਨਿਕਲਣ ਨੂੰ ਜ਼ਰਾ ਜੇ ਢਿੱਲਸੀ,
ਹੋ ਇਹ ਸਕਦੈ, ਵਿਚ ਪਾਣੀ ਡੁੱਬ ਹੀ ਓਹ ਜਾਵਸੈ ! "
ਇੱਕ ਮਾਣਕ ਚੰਦ ਗਭਰੂ ਸਿੱਖਾਂ ਵਿੱਚੋਂ ਨਿਤਰਿਆ,
ਮਾਂ ਦਾ ਇੱਕੋ-ਲਿੱਤਰਾ ਉਹ ਪੁੱਤ ਹੈ ਸੀ ਲਾਡਲਾ।
ਉਹ ਹੈ ਸੀ ਖਤਰੀ ਪਥਰੀਆਂ, ਤੇ ਪਿੰਡ ਵੈਰੋਵਾਲ ਸੀ,
ਗੁਰੂ ਚਰਨਾਂ ਦਾ ਸੀ ਭੌਰਾ, ਸਿਦਕ ਵਿੱਚ ਕਮਾਲ ਸੀ !
ਕੜ ਤਾਂ ਦਿੱਤਾ ਤੋੜ ਉਸ ਪਰ ਆਪ ਵਿੱਚੇ ਡੁਬ ਗਿਆ।
ਦੇਖ ਉਸ ਦੀ ਵਿਧਵਾ ਮਾਂ ਨੇ ਧਾਹਾਂ ਉੱਚੀ ਮਾਰੀਆਂ,
ਸਾਰੀ ਸੰਗਤ ਸਹਿਮ ਕੇ ਪਥਰਾਂ ਦੇ ਵਾਕੂ ਹੋ ਗਈ।
ਸਤਿਗੁਰ ਨੇ ਦਿੱਤਾ ਹੌਸਲਾ, ਕੀਤੇ ਜਤਨ ਸਭ ਸੰਗਤਾਂ
ਬੇਸੁਰਤ ਗਭਰੂ ਦਾ ਤਨ ਪਾਣੀ ਉਤੇ ਤਰ ਆਇਆ।
ਢਿਡ ਵਿੱਚੋਂ ਪਾਣੀ ਕਢਿਆ, ਸੁਰਤਾਂ ਮੋੜਾ ਪਾਇਆ,
ਵੇਂਹਦਿਆਂ ਹੀ ਗੁਰ-ਮਿਹਰ ਨਾ' ਗਭਰੂ ਰਾਜ਼ੀ ਹੋਇਆ।
ਗੁਰ-ਪੰਧ ਤੇ ਤੁਰਨੇ ਲਈ ਉਸ ਪੂਰਨਾ ਸੀ ਪਾਇਆ
ਤੇ ਸੇਵਾ ਜਨਤਾ ਦੇ ਲਈ ਉਸ ਆਪਾ ਘੋਲ ਘੁਮਾਇਆ।
ਅਪਣਾ ਜੀਵਨ ਗੁਰੂ ਤੋਂ ਜੋ ਕਰ ਨਿਛਾਵਰ ਦੇਂਵਦਾ,
ਧਰਮ-ਪਰਚਰ ਦਾ ਵਸੀਲਾ ਫਿਰ ਬਣੇ ਜੀਵਨ ਉਦ੍ਹਾ।
ਗੁਰੂ ਜੀ ਮਾਣਕ ਨੂੰ ਦਿੱਤਾ ਨਾਉਂ ਸੀ 'ਮਰ-ਜੀਵੜਾ',
'ਮੰਜੀ' ਬਖਸ਼ੀ ਓਸ ਨੂੰ ਫਿਰ ਧਰਮ-ਪਰਚਰ ਦੇ ਲਈ।
ਬਾਉਲੀ ਦੀਆਂ ਚੌਰਾਸੀ ਪੌੜਾਂ ਨੇ ਗੁਰੂ ਦੇ ਸਿੱਖਾਂ ਵਿਚ
ਚੌਰਾਸੀ ਲਖ ਜੂਨਾਂ ਵਾਲਾ ਖ਼ਿਆਲ ਜੋ ਹੈ, ਭਰ ਦਿਤਾ,

ਹਾਂ ਸਹਿਜੇ ਸਹਿਜੇ ਭਰ ਦਿਤਾ।

*ਮਨੁੱਖਤਾ ਦੀ ਕਦਰ—ਭਾਈ ਪ੍ਰੇਮਾ*

ਖਾਈ ਪਿੰਡ, ਲਾਹੌਰ ਦਾ ਪ੍ਰੇਮਾ ਸੀ ਇਕ, ਖਤਰੇਟਾ ਸੀ,
ਸ਼ਾਹ ਪਿਉ ਸੀ ਉਸ ਦਾ ਮਰ ਗਿਆ, ਪ੍ਰੇਮਾ ਅਜੇ ਅਲੂੱੜ ਹੀ ਸੀ।
ਮੰਦੇ ਭਾਗੀਂ ਜਾ ਪਿਆ ਉਹ ਖੋਟੇ ਵਹਿਣਾ ਵਿੱਚ ਸੀ,
ਵਿਚ ਵਿਕਾਰਾਂ ਡੁੱਬਾ ਐਸਾ, ਪਿਉ ਦਾ ਧਨ ਸਭ ਹਜ਼ਮ ਸੀ।
ਤਨ ਨੂੰ ਸੀ ਐਨਾ ਗਾਲਿਆਂ ਆਖ਼ਿਰ ਨੂੰ ਕੋੜ੍ਹ ਉਸ ਹੋ ਗਿਆ,
ਯਾਰ ਸਾਰੇ ਰਫੂ ਚੱਕਰ, ਡਾਢਾ ਆਤੁਰ ਹੋ ਗਿਆ।
ਅੰਤ ਖੁਲ੍ਹੀ ਉਸ ਦੀ ਕਿਸਮਤ, ਨਾਲ ਸੰਗਤ ਦੇ ਜਥੇ
ਗੋਂਦਵਾਲ ਆ ਅਪੜਿਆ, ਜਿੱਥੇ ਸੀ ਨੀਉਂਦੇ ਸਭ ਮਥੇ।
ਪਛੁਤਾਇਆ ਮੰਦ ਕਰਤੂਤ ਤੋਂ, ਸਤਿਗੁਰ ਦਾ ਹਿਰਦਾ ਪੰਘਰਿਆ
ਰੋਗ ਉਸਦਾ ਕੱਟਿਆ, ਤੇ ਨਾਉਂ 'ਮੁਰਾਰੀ' ਬਖ਼ਸ਼ਿਆ।
ਫਿਰ ਕਿਹਾ ਸਤਿਗੁਰ ਨੇ : "ਕੋਈ ਇਸ ਨੂੰ ਅਪਣੀ ਧੀ ਦਿਓ!"
ਸ਼ੀਹੇਂ ਉੱਪਲ ਖੱਤਰੀ ਕਹਿਆ : "ਹੇ ਸਤਿਗੁਰ! ਜਿਉਂ ਕਹੋ!"
ਪਰ ਨਾ ਉਸ ਦੀ ਵਹੁਟੀ ਮੰਨੇ, ਉਸ ਕਿਹਾ : "ਹੇ ਸਤਿਗੁਰੂ!
ਧੀ ਮੈਂ ਦੇਵਾਂ ਓਸ ਨੂੰ ਹੀ, ਜਿਸ ਦੀ ਕੁਲ ਦਾ ਹੋਇ ਪਤਾ!"
ਗੁਰ ਕਿਹਾ: "ਬਸ! ਸਮਝ ਲੈ, ਸਾਡਾ ਹੀ ਪ੍ਰੇਮਾ ਪੁੱਤ ਹੈ!
ਇਹੀ ਇਸ ਦੀ ਖ਼ਾਨਦਾਨੀ! ਇਹੀ ਇਸ ਦੀ ਕੁੱਲ ਹੈ!"
ਮਾਨੁੱਖਤਾ ਦੀ ਕਦਰ ਦੀ ਇਹ ਬੇ-ਮਿਸਾਲ ਮਿਸਾਲ ਸੀ!
ਪ੍ਰੇਮੇ ਦੀ ਸ਼ਾਦੀ ਹੋ ਗਈ, ਉਸ ਤੇ ਗੁਰੂ ਨਿਹਾਲ ਸੀ!
ਨਾਉਂ ਮੱਥੋ ਸੀ ਉਦ੍ਹਾ, ਜਿਸ ਕੰਨਿਆ ਦੇ ਜਾਗੇ ਭਾਗ,
ਜਿਸ ਨੂੰ ਮਿਲਿਆ ਸਤਿਗੁਰੂ ਦਾ ਬਖ਼ਸ਼ਿਆ ਹੋਇਆ ਸੁਹਾਗ;
ਸਮਾਂ ਆਇਆ ਜੋੜੇ ਨੂੰ 'ਮੰਜੀ' ਬਖ਼ਸ਼ੀ ਸਤਿਗੁਰਾਂ
ਪਾਇਆ ਜਗ ਵਿਚ ਇੱਨ੍ਹਾਂ ਨੇ 'ਮੱਥੋ-ਮੁਰਾਰੀ' ਸਾਂਝਾ ਨਾਂ।

*ਗੁਰੂ ਦਾ ਲੰਗਰ-ਜੱਗ*

ਲੰਗਰ ਚਲਾਇਆ ਗੁਰੂ ਨਾਨਕ ਪਹਿਲਾਂ ਪੁਰ ਕਰਤਾਰ ਸੀ,
ਵਿਚ ਖਡੂਰੇ ਉਨ੍ਹਾਂ ਲੀਹਾਂ ਤੇ ਹੀ ਅੰਗਦ ਸਤਿਗੁਰੂ
ਖੋਲ੍ਹਿਆ ਲੰਗਰ ਤਾਂ ਦੋਖੀ ਡੰਗ ਲੱਗੇ ਮਾਰਨੇ।
ਘਿਓ ਵਾਲੀ ਖੀਰ ਬਣਦੀ ਸੀ ਸਦਾ ਲੰਗਰ ਦੇ ਵਿਚ,
ਮਾਤਾ ਖੀਵੀ-ਸੇਵ ਸਦਕਾ ਜਾਂਦਾ ਹਰ ਇੱਕ ਰੱਜ ਕੇ।
ਗੁਰ-ਸ਼ਬਦ-ਲੰਗਰ ਵੀ ਚਲਦਾ ਦਿਨੇ ਰਾਤੀ ਸਦ ਸਦਾ,
ਰਸ ਜਿਦ੍ਹਾ ਸਦ ਮਿੱਠੜਾ। ਅਮਰਦਾਸ ਸਤਿਗੁਰ ਦੇ ਲੰਗਰ
ਵਿੱਚ ਵੀ ਇਹ ਰੀਤ ਸੀ। ਘਿਉ, ਮੈਦਾ, ਖੰਡ ਵਰਤਣ;

ਰੋਜ਼ ਦੀ ਹੀ ਰੀਤ ਸੀ। ਨੀਵੇ ਉੱਚੇ ਦਾ ਫ਼ਰਕ
ਮੇਟਣ ਲਈ ਸਤਿਗੁਰ ਜੀ ਨੇ ਨਿਯਮ ਇਹ ਸੀ ਬੰਨ੍ਹਿਆ ਕਿ
ਦਰਸ ਓਨ੍ਹਾਂ ਦਾ ਉਹੀ ਕਰ ਸਕੇਗਾ ਜੋ ਕਿ ਪਹਿਲਾਂ
ਰੋਟੀ ਲੰਗਰ ਖਾਇਗਾ। ਮਾਝੇ ਦੇ ਵਿਚ ਪਿੰਡ ਨਰੋਲੀ
ਦਾ ਸੀ ਵੈਸ਼ਨਣ ਮਾਈਦਾਸ, ਵਿਚ ਪੰਗਤ ਰੋਟੀ ਖਾਣੋਂ
ਪਹਿਲਾਂ ਉਸ ਕੀਤਾ ਸੰਕੋਚ। ਪਰ ਜਦੋਂ ਉਸ ਕੀਤੀ ਅਨੁਭਵ
ਆਪਣੀ ਕਮਜ਼ੋਰੀ ਇਹ, ਭਰਮ ਉਸਨੇ ਸਭ ਮਿਟਾਏ,
ਬਣ ਗਿਆ ਉਹ ਸਿਦਕੀ ਸਿਖ। ਸਿੱਟੇ ਵੱਜੋਂ ਸਤਿਗੁਰੂ ਨੇ
ਮੰਜੀਆਂ ਥਾਪਣ ਸਮੇਂ ਬਾਈਆਂ ਵਿੱਚੋਂ ਇੱਕ ਮੰਜੀ
ਬਖ਼ਸ਼ੀ ਮਾਈਦਾਸ ਨੂੰ। ਬਾਉਲੀ ਬਣਨ ਦੀ ਵਿਚ ਖ਼ੁਸ਼ੀ
ਤੇ ਪਾਜ ਖੋਲ੍ਹਣ ਦੋਖੀਆਂ ਯੱਗ ਸਤਿਗੁਰ ਜੀ ਨੇ ਕੀਤਾ;
ਸਭ ਨੂੰ ਸੱਦਾ ਭੇਜਿਆ। ਨਿੰਦਿਆ ਗੁਰ-ਘਰ ਦੀ ਕਰਨਾ
ਨਿੱਤ ਕੰਮ ਸੀ ਤਪੇ ਦਾ, ਬਾਹਰੋਂ ਤਾਂ ਉਹ ਤਿਆਗੀ,
ਅੰਦਰੋਂ ਪਰ ਲਾਲਚੀ। ਮੁਹਰ ਇਕ ਇਕ ਉੱਚ ਜ਼ਾਤੀ
ਵਾਲਿਆਂ ਨੂੰ ਦੇਣ ਦਾ ਪਰਬੰਧ ਸਤਿਗੁਰ ਕਰ ਦਿਤਾ
ਲਾਲਚ ਉਨ੍ਹਾਂ ਨੂੰ ਦੇਣ ਦਾ। ਦੱਛਣਾ ਦੇ ਲਾਲਚੀ
ਬ੍ਰਾਹਮਣ ਤਾਂ ਆਏ ਦੌੜ ਕੇ, ਸੱਦਾ ਉਚੇਚਾ ਭੇਜਿਆਂ ਵੀ
ਆਇਆ ਨਾ ਉਹ ਤਪਾ। ਲੋਭ ਲਾਲਚ ਦੀ ਛੁਰੀ
ਉਸ ਦੇ ਸੀ ਅੰਦਰ ਚਲ ਰਹੀ ਦੱਛਣਾਂ ਨੂੰ ਕਿਵੇਂ ਛੱਡੇ,
ਇਹ ਸੀ ਚਿੰਤਾ ਹੋ ਰਹੀ! ਆਪ ਤਾਂ ਆਇਆ ਨ ਜੋਗੀ,
ਚੋਰੀ-ਛਿੱਪੀ ਪੁੱਤ ਨੂੰ ਭੇਜ ਦਿੱਤਾ ਗੁਰੂ-ਦਰ ਤੇ ਦੱਛਣਾ ਲਈ,
ਖਾਣ ਲਈ। ਨਗਰ-ਪੰਚਾਂ ਨੇ ਤਪੇ ਦੀ ਡਿੱਠੀ ਜਾਂ ਕਰਤੂਤ ਇਹ,
ਬੜਾ ਹਾਸਾ ਮੱਚਿਆ, ਸਮਝੇ ਉਹ ਅਸਲੀ ਗੱਲ ਨੂੰ।
ਦੰਦ-ਕਥਾ ਤੇ ਈਰਖਾ ਜੋ ਸਤਿਗੁਰੂ ਜੀ ਦੇ ਵਿਰੁੱਧ
ਖੜੀ ਕੀਤੀ ਗਈ ਸੀ, ਉਹ ਖ਼ਤਮ ਹੋਈ ਇਸ ਤਰ੍ਹਾਂ।
ਪੰਦਰਾਂ ਸੌ ਸਠ ਸੰਨ ਅੰਤ' ਚ ਅਕਬਰ ਜਾਂ 'ਠਾਰਾਂ ਸਾਲ ਦਾ,
ਆ ਰਿਹਾ ਸੀ ਉਹ ਲਾਹੌਰੋਂ, ਸੀ ਉਹ ਦਿੱਲੀ ਜਾ ਰਿਹਾ।
ਉਸ ਨੇ ਕੀਤੇ ਗੁਰੂ-ਦਰਸ਼ਨ ਪਰ ਗੁਰੂ-ਲੰਗਰ'ਚ ਜਾ
ਪਰਸ਼ਾਦ ਛਕਿਆ ਵਿੱਚ ਪੰਗਤ ਪਹਿਲਾਂ ਉਸ ਸਭ ਦੀ ਤਰ੍ਹਾਂ।
ਐਨਾ ਅਕਬਰ ਖ਼ੁਸ਼ ਹੋਇਆ ਕਿ ਗੁਰੂ-ਲੰਗਰ ਲਈ
ਦੇਣੀ ਉਸ ਜਾਗੀਰ ਚਾਹੀ ਪਰ ਗੁਰਾਂ ਆਦਰ ਸਹਿਤ
ਇਨਕਾਰ ਕੀਤਾ ਤੇ ਕਿਹਾ : "ਹੇ ਸ਼ਹਿਨਸ਼ਾਹ! ਧੰਨਵਾਦ ਹੈ!
ਸਭ ਸਿਖਾਂ ਦੇ ਨਾਲ ਉੱਦਮ ਹੀ ਇਹ ਚਲਦਾ ਸੋਭਦਾ!"

ਇਸ ਲਈ ਅਕਬਰ ਨੇ ਬੀਬੀ ਭਾਨੀ ਜੀ ਦੇ ਨਾਮ ਹੀ
ਪਰਗਣੇ ਝੱਬਾਲ ਦੀ ਜਾਗੀਰ ਪੱਕੀ ਲਿਖ ਦਿਤੀ।

***ਬਾਈ ਮੰਜੀਆਂ :***

ਅਪਣੀ ਪਹਿਲੀ ਵਿਚ ਉਦਾਸੀ ਗੁਰੂ ਨਾਨਕ ਦੇਵ ਨੇ
ਕਈ ਪਰਚਾਰਕ ਸੀ ਥਾਪੇ ਧਰਮ-ਪਰਚਰ ਦੇ ਲਈ।
ਉਹ ਸੀ ਬਹਿੰਦੇ ਮੰਜੀਆਂ ਤੇ, ਕਰਦੇ ਜਦ ਪਰਚਾਰ ਸੀ
ਤਾਂ ਕਿ ਉਹ ਰਖ ਸਕਦੇ ਅਪਣੀ ਨਿਗ੍ਹਾ ਸਭ ਦੇ ਉੱਪਰੇ।
ਸਿੱਖ-ਬੋਲੀ ਵਿਚ ਇਸ ਨੂੰ 'ਮੰਜੀ-ਬਖ਼ਸ਼ਣ' ਆਖਦੇ।
ਗੁਰ ਹੀ ਮੰਜੀ ਬਖ਼ਸ਼ਦਾ ਸੀ, ਜਿਸ ਨੂੰ ਸਮਝੇ ਯੋਗ ਉਹ।
ਬਾਉਲੀ ਬਣਨੇ ਦੇ ਪਿੱਛੋਂ ਗੁਰੂ ਅਮਰਦਾਸ ਨੇ
ਸਿਖ-ਇਲਾਕੇ ਨੂੰ ਸੀ ਵੰਡਿਆ ਹਿੱਸਿਆਂ ਬਾਈਆਂ ਦੇ ਵਿਚ,
ਤੇ ਥਾਪੇ ਸੀ ਹਰ ਇੱਕ ਵਿਚ ਪਰਚਾਰ ਕਰਨੇ ਵਾਲ਼ੜੇ।
ਤਦ ਹੀ ਅਸੀਂ ਕਹਿੰਦੇ ਹਾਂ ਕਿ ਸੀ ਗੁਰੂ ਨੇ ਬਖ਼ਸ਼ੀਆਂ,
ਸੀ ਬਾਈ ਮੰਜੀਆਂ ਬਖ਼ਸ਼ੀਆਂ ਗੁਰ ਸਿੱਖੀ ਦੇ ਪਰਚਾਰ ਲਈ।
ਇੱਕ ਬ੍ਰਾਹਮਣ ਪਿੰਡ ਮੰਦਰ ਦਾ ਜ਼ਿਲਾ ਲਾਹੌਰ ਵਿਚ
ਸਿੱਖ ਬਣਿਆ ਸਤਿਗੁਰੂ ਦਾ, ਨਾਮ ਪੈ ਗਿਆ ਸਚਨ-ਸਚ।
ਹਰੀਪੁਰ ਦਾ ਰਾਜਾ ਆਇਆ, ਭਾਈ ਸਾਵਣਮੱਲ ਨਾ',
ਜਦ ਸੀ ਗੋਇੰਦਵਾਲ ਵਿਚ ਸਤਿਗੁਰ ਦੇ ਦਰਸ਼ਨ ਕਰਨ ਲਈ,
ਤਦ ਉਦ੍ਹੀ ਇਕ ਰਾਣੀ ਨੇ ਸੀ ਪਰਦਾ ਕੀਤਾ ਗੁਰਾਂ ਤੋਂ,
ਤਾਂ ਸਤਿਗੁਰਾਂ ਫ਼ਰਮਾਇਆ: “ਕਮਲੀਏ! ਨਹੀਂ ਪਰਦਾ ਸੋਂਹਦਾ
ਸਤਿਗੁਰੂ-ਦਰਬਾਰ ਵਿਚ! ” ਤਦ ਉਹ ਪਾਗਲ ਹੋ ਗਈ,
ਤੇ ਰਾਜਾ ਉਸ ਨੂੰ ਛਡ ਗਿਆ ਸੀ ਵਿੱਚੇ ਗੋਇੰਦਵਾਲ ਦੇ।
ਸਤਿਗੁਰਾਂ, ਆਰੋਗ ਕੀਤੀ, ਮਿਹਰ ਨਾ' ਆਰੋਗ ਕੀਤੀ,
ਨਾਲੇ ਉਸ ਦੀ ਸ਼ਾਦੀ ਵੀ ਨਾਲ ਸੱਚਨ-ਸੱਚ ਕੀਤੀ,
ਨਾਲ ਬਖ਼ਸ਼ੀ ਮੰਜੀ ਵੀ ਸੀ ਸਤਿਗੁਰਾਂ ਇਸ ਜੋੜੇ ਨੂੰ
ਲਾਲੋ, ਸੁਭੱਰਵਾਲ ਖਤਰੀ ਸੀ ਜੋ ਡੱਲੇ ਪਿੰਡ ਦਾ,
ਸੀ ਉਹ ਉੱਘਾ ਵੈਦ ਤੇ ਤੇਈਏ ਦਾ ਮਾਹਿਰ ਸੀ ਬੜਾ।
ਸਤਿਗੁਰਾਂ ਦਾ ਸਿੱਖ ਬਣਿਆ, ਤੇ ਸੀ ਮੰਜੀ ਉਸ ਨੂੰ ਵੀ
ਬਖ਼ਸ਼ੀ ਸਤਿਗੁਰ ਪਿਆਰੜੇ ਸਿਖ ਧਰਮ ਦੇ ਪਰਚਾਰ ਲਈ।
ਅੱਲਾਯਾਰ ਪਠਾਣ ਵੀ ਜੋ ਸੀ ਵਪਾਰੀ ਘੋੜਿਆਂ
ਦਿੱਲੀ ਅਤੇ ਲਾਹੌਰ ਵਿਚ, ਸੀ ਸਿੱਖ ਬਣਿਆ ਗੁਰੂ ਦਾ ਤੇ
ਐਨਾ ਉਚਾ ਹੋਇਆ ਮੰਜੀ ਸੀ ਬਖ਼ਸ਼ੀ ਓਸ ਨੂੰ
ਵੀ ਪਿਆਰੇ ਸਤਿਗੁਰ ਦੇਵ ਨੇ।

***ਗੁਰੂ-ਚੱਕ ਵਸਾਉਣਾ :***

ਸਿੱਖ-ਗਿਣਤੀ ਵਧਦੀ ਦੇਖੀ ਜਦ ਪਿਆਰੇ ਸਤਿਗੁਰੂ
ਸੋਚਿਆ ਕਿ ਮਾਝੇ ਦੇ ਵਿਚਕਾਰਲੇ ਹਿੱਸੇ ਦੇ ਵਿਚ
ਸਿੱਖ-ਕੇਂਦਰ ਇਕ ਜ਼ਰੂਰੀ ਥਾਪਣਾ ਹੈ ਝੱਟ ਪਟ।
ਪੰਚ ਤੁੰਗ, ਗੁਮਟਾਲਾ ਦੇ ਸੁਲਤਾਨ ਵਿੰਡ ਦੇ ਪੰਚ ਵੀ,
ਨਾਲੇ ਗਿਲਵਾਲੀ ਦੇ ਪੰਚ ਸਦਵਾਏ ਸਤਿਗੁਰ ਝੱਬ ਹੀ।
ਚੌਹਾਂ ਪਿੰਡਾਂ ਦੇ ਵਿਚਾਲੇ ਸਾਰੇ ਪੰਚਾਂ ਸਾਮ੍ਹਣੇ ਸਤਿਗੁਰਾਂ ਗਡਵਾਈ ਮੋੜ੍ਹੀ
ਨਵੇਂ ਕੇਂਦਰ ਦੇ ਲਈ, ਤੇ ਨਾਮ ਰਖਿਆ ਗੁਰੂ-ਚਕ
ਇਸ ਨਵੇਂ ਗੁਰ-ਅਸਥਾਨ ਦਾ : ਇਹ ਜ਼ਿਕਰ ਪੰਦਰਾਂ ਸੌ ਤੇ ਸੱਤਰ
ਈਸਵੀ ਸੰਮਤ ਦਾ ਹੈ। ਸਤਿਗੁਰਾਂ ਨੇ ਭਾਈ ਜੇਠੇ
ਦੀ ਹੀ ਨਿਗਰਾਨੀ ਦੇ ਵਿਚ ਚੱਕ ਦੀ ਵੱਸੋਂ ਦਾ ਸਾਰਾ
ਕੰਮ ਹੈ ਸੀ ਕਰਾਇਆ ਪਿੱਛੋਂ ਭਾਈ ਜੇਠਾ ਸੀ
ਜਦ ਬਣ ਗਏ ਗੁਰ ਰਾਮਦਾਸ ਆ ਵਸੇ ਉਹ ਗੁਰੂ-ਚਕ ਸੀ
ਆਗਿਆ ਪਾ ਅਮਰਦਾਸ। ਗੁਰੂ-ਚਕ ਤੋਂ ਸ਼ਹਿਰ ਵੱਡਾ
ਬਣ ਰਿਹਾ ਜਾਂ ਦੇਖਿਆ, ਤਦ ਉਨ੍ਹਾਂ ਨੇ ਸੰਨ ਪੰਦਰਾਂ
ਸੌ ਸਤੱਤਰ ਵਿਚ ਹੀ ਪੰਜ ਸੌ ਵਿੱਘੇ ਤੁੰਗ ਤੋਂ
ਧਰਤੀ ਸੀ ਹੋਰ ਖ਼ਰੀਦ ਲਈ, ਤੇ ਦੇ ਕੇ ਦਮੜਾ ਸੱਤ ਸੌ
ਉਸ ਦਾ ਕਰਾਇਆ ਸੀ ਪਟਾ, ਜੋ ਕੀਤਾ ਅਕਬਰ ਬਾਦਸ਼ਾਹ।

***ਗੁਰਿਆਈ-ਭਾਈ ਜੇਠਾ ਜੀ :***

ਸੰਨ ਪੰਦਰਾਂ ਸੌ ਚੁਹੱਤਰ, ਦਿੱਨ ਸਨ ਅੱਗਸਤ ਦੇ,
ਸੀ ਉਮਰ ਪੱਚਾਨਵੇ ਸਤਿਗੁਰੂ ਅਮਰਦਾਸ ਦੀ।
ਉਮਰ ਚਾਲੀ ਸਾਲ ਦੀ ਸੀ ਭਾਈ ਜੇਠਾ ਜੀ ਹੁਰਾਂ,
ਤੇ ਉਨ੍ਹਾਂ ਦੇ ਪੁੱਤ ਅਰਜੁਨ ਜੀ ਵੀ ਗਿਆਰਾਂ ਸਾਲ ਦੇ।
ਬੀਬੀ ਦਾਨੀ ਸੀ ਨਿਧਾਨੀ ਵੱਡੀ ਪੁਤਰੀ ਗੁਰਾਂ ਦੀ,
ਭਾਈ ਰਾਮੇ ਨੂੰ ਵਿਆਹੀ ਸੀ ਉਹ ਸਤਿਗੁਰ ਦੇਵ ਨੇ।
ਭਾਈ ਰਾਮਾ ਵੀ ਗੁਰਾਂ ਦਾ ਹਰ ਤਰ੍ਹਾਂ ਸੀ ਆਗਿਆਕਾਰ
ਭਾਈ ਜੇਠੇ ਵਾਂਗ ਉਹ ਵੀ ਸੰਗਤਾਂ ਦਾ ਸੇਵਾਦਾਰ।
ਇਕ ਦਿਨ ਹਦਾਇਤ ਸਤਿਗੁਰਾਂ ਨੇ ਕੀਤੀ ਦੋਹਾਂ ਨੂੰ ਹੀ ਇਹ :
"ਪਾਸ ਬਾਉਲੀ ਦੇ ਬਣਾਓ ਦੋ ਥੜੇ ਦੀਵਾਨ ਲਈ,
ਹਾਂ, ਸ਼ਾਮ ਦੇ ਦੀਵਾਨ ਲਈ।" ਸੁਬ੍ਹਾ ਤੋਂ ਲੈ ਸ਼ਾਮ ਤਕ,
ਦੋਵੇਂ ਬੜੀ ਮਿਹਨਤ ਦੇ ਨਾਲ, ਥੜ੍ਹਾ ਆਪੋ ਆਪਣਾ ਉਹ
ਰਹੇ ਬਣਾਂਦੇ ਨਿਸ਼ਚਾ ਧਾਰ। ਪਰ ਗੁਰਾਂ ਨੇ ਰੱਦ ਕਰ
ਦਿੱਤੇ ਉਹ ਦੋਵੇਂ ਹੀ ਥੜ੍ਹੇ। ਦੂਜੇ ਤੀਜੇ ਦਿਨ ਵੀ ਸਤਿਗੁਰ

ਭਾਣਾ ਇਹ ਵਰਤਾਇਆ, ਭਾਈ ਰਾਮਾ ਹੰਭਿਆ ਤੇ
ਸਿਦਕ ਉਸ ਦਾ ਡੋਲਿਆ! ਕਹਿਣ ਲੱਗਾ : "ਤੁਹਾਡੀ ਮਰਜ਼ੀ
ਦਾ ਥੜ੍ਹਾ ਕਰਦਾ ਹਾਂ ਤਿਆਰ, ਤੁਹਾਨੂੰ ਹੀ ਹੈ ਵਿਸਰ ਜਾਂਦਾ,
ਜੋ ਤੁਸੀਂ ਪਹਿਲਾਂ ਕਹੋ!" ਹੁਣ ਇਕੱਲੇ ਜੇਠਾ ਜੀ ਹੀ
ਕਰਦੇ ਸਨ ਥੜ੍ਹਾ ਤਿਆਰ, ਪਰ ਗੁਰੂ ਜੀ ਸ਼ਾਮ ਵੇਲੇ
ਰੱਦ ਕਰ ਦਿੰਦੇ ਸੀ ਉਹ। ਸਤਵੇਂ ਦਿਨ ਵੀ ਗੁਰ ਵਲੋਂ
ਜਾਂ ਏਹ ਭਾਣਾ ਵਰਤਿਆ, ਭਾਈ ਜੇਠਾ ਸਤਿਗੁਰਾਂ ਦੇ
ਚਰਨ ਕਮਲੀਂ ਢਹਿ ਪਿਆ। ਕਹਿਣ ਲੱਗਾ : "ਪਾਤਸ਼ਾਹ! ਮੈਂ
ਬਹੁਤ ਮੂਰਖ ਸੇਵਾਦਾਰ, ਤੁਹਾਡੀ ਮਨ-ਮਰਜ਼ੀ ਦਾ ਇਹ
ਨਿੱਕਾ ਵੀ ਕੰਮ ਕਰ ਨਾ ਸਕਾਂ ! ਤੁਹਾਨੂੰ ਐਨੀ ਭਾਰੀ ਖੇਚਲ
ਰੋਜ਼ ਹੀ ਹੈ ਹੋ ਰਹੀ, ਕਰੋਂ ਕਿਰਪਾ ਮੇਰੇ ਤੇ,
ਤੇ ਬਖ਼ਸ਼ੋ ਐਸੀ ਚੰਗੀ ਬੁੱਧ, ਸਮਝਾਂ ਤੁਹਾਡੇ ਹੁਕਮ ਨੂੰ ਤੇ
ਠੀਕ ਪਾਲਣ ਕਰ ਸਕਾਂ! " ਹੋ ਗਏ ਗਦ ਗਦ ਗੁਰੂ ਜੀ
ਦੇਖ ਕੇ ਇਹ ਜੇਠਾ-ਪਿਆਰ, ਨਾਮ ਜੇਠਾ ਜੀ ਨੂੰ ਦਿੱਤਾ
ਉਸ ਸਮੇਂ ਹੀ ਰਾਮਦਾਸ, ਜੋ ਕਿ ਅਸਲੀ ਨਾਮ ਸੀ।
ਟੇਕਿਆ ਮੱਥਾ ਗੁਰਾਂ ਨੇ
ਸਾਰੀ ਸੰਗਤ ਸਾਮ੍ਹਣੇ ਚਰਨਾਂ ਤੇ ਰਾਮ ਦਾਸ ਦੇ,
ਤੇ ਗੁਰ ਉਨ੍ਹਾਂ ਨੂੰ ਥਾਪਿਆ! ਬੋਲ ਉੱਠੇ ਆ ਕੇ ਵਿਚ
ਵੈਰਾਗ ਸਤਿਗੁਰ ਰਾਮਦਾਸ : "ਪਾਤਸ਼ਾਹ! ਤੂੰ ਜਾਣਦਾ ਹੈਂ,
ਕੀ ਮਿਰਾ ਉਦੋਂ ਹਾਲ ਸੀ, ਜਦੋਂ ਮੈਂ ਯਤੀਮ ਗਲੀਆਂ,
ਛੱਡੀਆਂ ਲਾਹੌਰ-ਗਲੀਆਂ, ਹੋ ਬੜਾ ਨਿ-ਆਸਰਾ।
ਕੱਖਾਂ ਕਾਨਾਂ ਗਲੀਆਂ ਦੇ ਮੈਂ ਵਾਂਗ ਰੁਲਦਾ ਸਾਂ ਉਦੋਂ,
ਕਿਸੇ ਨੇ ਲਾਹੌਰ ਵਿਚ ਓਦੋਂ ਮਿਰੀ ਬਾਂਹ ਨਾ ਫੜੀ!
ਨਾਨੀ ਨੇ ਗਲ ਮੈਨੂੰ ਲਾਇਆ, ਪਰ ਵਿਚਾਰੀ ਸੀ ਗ਼ਰੀਬ!
ਸਤਿਗੁਰਾ!ਬਸ! ਮੈਂ ਵੀ ਇਕ ਨਿੱਕਾ ਜਿਹਾ ਕੀੜਾ ਹੀ ਸਾਂ!
ਕੀ ਹੈ ਪਾਇਆ ਕੀੜੇ ਦੀ, ਤੂੰ ਜਾਣੇਂ, ਮੇਰੇ ਪਿਆਰਿਆ!
ਇਹ ਸੀ ਤੇਰੀ ਹੀ ਮਿਹਰ, ਤੂੰ ਮੈਨੂੰ ਤੱਕਿਆ ਪਿਆਰ ਨਾ'!
ਬਾਂਹ ਮਿਰੀ ਯਤੀਮ ਦੀ ਘੁਟ ਕੇ ਫੜੀ ਤੂੰ, ਨਾਨਕਾ!
ਮਿੱਟੀ ਵਿਚ ਰੁਲਦੇ ਨੂੰ ਮੈਨੂੰ ਤੂੰ ਹੈ ਅਰਸ਼ੀਂ ਚਾੜ੍ਹਿਆ!"
ਫੇਰ ਸੰਗਤ ਸਾਰੀ ਨੂੰ ਗੁਰ ਏਹ ਕੀਤੀ ਆਗਿਆ :
"ਸਿਰ ਨਿਵਾਓ ਸਾਰੇ ਅਪਣਾ ਅੱਗੇ ਗੁਰ ਰਾਮਦਾਸ ਦੇ!"
ਓਥੇ ਹੀ ਸਨ ਮੋਹਨ, ਮੋਹਰੀ, ਗੁਰ ਅਮਰ ਦੇ ਦੋਵੇਂ ਪੁੱਤ,
ਮੋਹਰ ਕੀਤੀ ਬਾਬੇ ਮੋਹਰੀ ਤੇ ਸੀ ਮੱਥਾ ਟੇਕਿਆ,

ਮੰਨ ਆਗਿਆ ਗੁਰ-ਪਿਤਾ ਦੀ, ਸਤਿਗੁਰ ਰਾਮਦਾਸ ਨੂੰ।
ਕਰ ਬਖੀਲੀ ਨਿਵੇ ਜੋ ਨਾ, ਜਿੰਨ੍ਹਾਂ ਨੂੰ ਹਉਂ-ਤਾਪ ਸੀ!
ਲਿਆ ਕੇ ਸਤਿਗੁਰ ਉਹ ਨਿਵਾਏ ਅੱਗੇ ਗੁਰ ਰਾਮਦਾਸ ਦੇ !
ਗੁਰ ਅਮਰ ਨੇ ਅਪਣੀ ਬਾਣੀ, ਨਾਲੇ ਬਾਣੀ-ਸੰਗ੍ਰਹਿ,
ਜੋ ਉਨ੍ਹਾਂ ਨੂੰ ਹੈ ਸੀ ਮਿਲਿਆ ਸਤਿਗੁਰੂ ਅੰਗਦ ਜੀ ਤੋਂ,
ਕਰ ਹਵਾਲੇ ਦਿੱਤਾ ਸਭ ਕੁਝ ਸਤਿਗੁਰੂ ਰਾਮਦਾਸ ਦੇ।

**ਜੋਤੀ-ਜੋਤਿ ਸਮਾਉਣਾ :**

ਅੰਤ ਆਇਆ ਨੇੜੇ ਅਪਣਾ ਜਾਣ ਕੇ ਗੁਰ ਅਮਰਦਾਸ
ਪਾਸ ਅਪਣੇ ਸੱਦਿਆ ਸਾਰੇ ਹੀ ਸਿਖ-ਪਰਵਾਰ ਨੂੰ।
ਸਭ ਨੂੰ ਹੀ ਸਮਝਾ ਇਹ ਦਿੱਤਾ : "ਪ੍ਰੇਤ ਨਹੀਂ ਬਣਦਾ ਗੁਰੂ,
ਕਿਰਿਆ ਕਰਨੀ ਸਤਿਗੁਰੂ ਦੀ ਡਾਢੀ ਹੈ ਨਿਰਾਦਰੀ!
ਸਾਡੇ ਪਿੱਛੋਂ ਕਿਸੇ ਨੇ ਵੀ ਨਹੀਂ ਰੋਣਾ ਹੋਇਗਾ,
ਨਾ ਹੀ ਸਾਨੂੰ ਦੀਵੇ-ਵੱਟੀ ਦੀ ਕਦਾਚਿਤ ਲੋੜ ਹੈ!
ਵਾਹਿਗੁਰੂ ਦਾ ਨਾਮ ਤੇ ਗੁਰਬਾਣੀ ਹੀ ਹੈ ਚਾਨਣਾ
ਰਹਿਣ ਵਾਲਾ ਸਦਾ ਕਾਇਮ ਆਤਮਾ ਲਈ, ਪਿਆਰਿਓ!
ਆਤਮਾ ਲਈ ਵਾਹਿਗੁਰੂ ਦਾ ਨਾਮ ਭੋਜਨ, ਗੁਰ ਸਿਖੋ!
ਪਿੰਡ ਆਦਿਕ ਕਿਸੇ ਭੋਜਨ ਦੀ ਵੀ ਉਸ ਨੂੰ ਲੋੜ ਨਹੀਂ।
ਜਲਣ ਪਿੱਛੋਂ ਸਾਡੇ ਤਨ ਦੇ ਅਸਥੀਆਂ, ਫੁਲ ਜੋ ਬਚਣ,
ਉਹ ਵੀ ਤੁਸੀਂ ਨਾ ਲਿਜਾਇਓ ਹਰਿਦੁਆਰ ਜਾਂ ਕਿਸੇ ਥਾਂ।
ਨਾ ਹੀ ਸਾਨੂੰ ਵੱਡਾ ਕਰਨਾ, ਸੁਣ ਲਵੋ ਕੰਨ ਖੋਲ੍ਹ ਕੇ,
ਨਾ ਹੀ ਸਾਡਾ ਕੱਢਣਾ 'ਬੇਬਾਣ', ਪਿਆਰੀ ਸੰਗਤੇ!
ਵਹਿਗੁਰੂ ਦੇ ਨਾਮ ਵਿਚ ਹੀ ਜੁੜੇ ਰਹਿਣਾ, ਪੁੱਤਰੋ!
ਗੁਰੂ ਦੀਆਂ ਨਜ਼ਰਾਂ ਦੇ ਵਿਚ ਸੱਭ ਤੋਂ ਸ੍ਰੇਸ਼ਟ ਰਸਮ ਹੈ!
ਸਾਰੀਆਂ ਰਸਮਾਂ ਦੀ ਜੜ੍ਹ ਇਹ ਸਾਰੀਆਂ ਦਾ ਮੂਲ ਹੈ!
ਬਸ! ਤੁਸੀਂ ਸੰਗਤਿ ਬੁਲਾਣੀ, ਤੇ ਹੈਂ ਕਰਨਾ ਕੀਰਤਨ,
ਨਿਰਵਾਣ ਕਰਨਾ ਕੀਰਤਨ, ਤੇ ਨਾਮ ਜਪਣਾ ਵਾਹਿਗੁਰੂ
ਇਹ ਹੈ ਸਾਡੀ ਆਗਿਆ।" ਗੁਰੂ ਨਾਨਕ ਨੇ ਤੁਹਾਨੂੰ
ਹੈ ਇਹ ਰਸਤਾ ਦੱਸਿਆ, ਜੋ ਇਦ੍ਹੇ ਤੇ ਚੱਲੇਗਾ,
ਉਸ ਨੂੰ ਹੀ ਮਿੱਤਰ ਸਮਝਸਾਂ!" ਏਹ ਸਿੱਖਿਆ ਸਤਿਗੁਰੂ ਦੀ,
ਉਨ੍ਹਾਂ ਦੇ ਪੜ-ਪੋਤਰੇ ਬਾਬਾ ਸੁੰਦਰ ਜੀ ਲਿਖੀ
ਸੀ ਵਿੱਚ ਛੇਆਂ ਪਉੜੀਆਂ ; ਪੋਤਾ ਉਹ ਸੀ ਮੋਹਰੀ ਜੀ ਦਾ,
ਤੇ ਸੀ ਪੁਤ ਆਨੰਦ ਦਾ। ਸ੍ਰੀ ਗੁਰੂ ਅਰਜੁਨ ਵੀ ਓਥੇ,
ਪਰ ਸੀ ਦੋਹਤਾ ਰੂਪ ਵਿਚ, ਸੀ ਉਮਰ ਭਾਵੇਂ ਗਿਆਰਾਂ,

ਪਰ ਸੀ ਡਾਢਾ ਹੋਣਹਾਰ! ਪਿੱਛੋਂ ਉਹ ਬਾਣੀ ਸੁੰਦਰ ਦੀ,
ਹੈ ਨਾਮ 'ਸਦ' ਰੱਖਿਆ ਜਿਦ੍ਹਾ, ਚਾੜ੍ਹੀ ਸੀ ਵਿਚ ਗੁਰ ਗ੍ਰੰਥ ਦੇ
ਤੇ ਰਾਮਕਲੀ ਰਾਗ ਵਿਚ ਸ੍ਰੀ ਗੁਰੂ ਅਰਜੁਨ ਦੇਵ ਨੇ
ਮਹਿਮਾ ਜਿਦ੍ਹੀ ਅੱਪਾਰ ਹੈ!

# ਅਦੁਤੀ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ

ਦੁਨੀਆ ਆਮ ਤੌਰ ਤੇ ਆਪਣੇ ਮਤਲਬ ਲਈ ਮੰਦਿਆਂ ਨੂੰ ਚੰਗਾ ਸਮਝਦੀ ਹੈ ਅਤੇ ਚੰਗਿਆਂ ਨੂੰ ਮੰਦਾ। ਧਰਮ ਦੇ ਇਤਿਹਾਸ ਵਿਚ ਵੀ ਅਧਰਮੀ ਅਤੇ ਸੱਤਾਧਾਰੀ ਲੋਕ ਧਰਮੀਆਂ ਨੂੰ ਦੁਖ ਦੇਣੋਂ ਨਹੀਂ ਟਲਦੇ, ਤਾਂ ਹੀ ਤਾਂ ਹਜ਼ਰਤ ਈਸਾ ਨੂੰ ਸੂਲੀ ਚਾੜ੍ਹਿਆ ਗਿਆ ਸੀ, ਅਤੇ ਸੰਨ 622 ਵਿਚ ਹਜ਼ਰਤ ਮੁਹੰਮਦ ਸਾਹਿਬ ਨੂੰ ਮੱਕੇ ਦੇ ਮੂਰਤੀ ਪੂਜਾਂ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਮਦੀਨੇ ਨੂੰ ਜਾਣਾ ਪਿਆ ਸੀ।

ਆਈਏ ਗਲ ਕਰੀਏ। ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਦੀ। ਸ਼ਹੀਦੀ ਫ਼ਾਰਸੀ, ਅਰਬੀ ਦਾ ਸ਼ਬਦ ਹੈ। ਜਿਸਦਾ ਅਰਥ ਹੈ, ਸ਼ਹਾਦਤ, ਗਵਾਹੀ, ਟੈਸਟੀਮਨੀ। ਸੋ ਸ਼ਹੀਦ ਦਾ ਮਤਲਬ ਹੈ ਸ਼ਹਾਦਤ ਦੇਣ ਵਾਲਾ, ਗਵਾਹੀ ਦੇਣ ਵਾਲਾ, ਗਵਾਹ। ਸ਼ਹੀਦ ਐਸੇ ਪੂਰਨੇ ਪਾਂਦਾ ਹੈ ਕਿ ਦੁਨੀਆਂ ਉਸ ਦੀ ਗਵਾਹੀ ਦਿੰਦੀ ਹੈ, ਸਾਖੀ ਭਰਦੀ ਹੈ।

ਸ਼ਹੀਦੀ ਦੇ ਕਾਰਨ : ਵਿਰੋਧੀ ਅਤੇ ਉਹ ਕਿਉਂ ਬਣੇ।

ਜਦ ਗੁਰੂ ਨਾਨਕ ਦੇਵ ਜੀ ਨੇ ਰਿਸ਼ਵਤੀ ਮੁਸਲਮਾਨ ਹਾਕਮਾਂ, ਉਨ੍ਹਾਂ ਦੇ ਸਹਾਇਕ ਖੱਤ੍ਰੀਆਂ ਅਤੇ ਟੁਕੜ-ਬੋਚ ਬ੍ਰਾਹਮਣਾਂ ਦੀਆਂ ਕਾਲੀਆਂ ਕਰਤੂਤਾਂ ਜਨਤਾ ਵਿਚ ਖੁੱਲ੍ਹਮ ਖੁੱਲਾ ਨਸ਼ਰ ਕਰਨੀਆਂ ਸ਼ੁਰੂ ਕੀਤੀਆਂ ਅਤੇ ਬਾਬਾ ਜੀ ਸ਼ੂਦਰਾਂ ਨੂੰ ਮੁਸਲਮਾਨ ਬਣਨੋਂ ਰੋਕਣ ਲੱਗ ਪਏ ਤਾਂ ਜਾਤਿ ਅਭਿਮਾਨੀਆਂ ਨੇ ਬਾਬਾ ਜੀ ਨੂੰ ਕੁਰਾਹੀਆਂ, ਭੂਤਨਾ ਅਤੇ ਬੇਤਾਲਾ ਆਖਣਾ ਸ਼ੁਰੂ ਕਰ ਦਿੱਤਾ।

ਜਦੋਂ ਬਾਬਾ ਜੀ ਦੀ ਤੋਰੀ ਹੋਈ ਲੰਗਰ-ਮਰਯਾਦਾ ਗੁਰੂ ਅੰਗਦ ਦੇਵ ਜੀ ਨੇ ਹੋਰ ਵੀ ਹਰ-ਮਨ-ਪਿਆਰੀ ਬਣਾ ਦਿੱਤੀ ਤਾਂ ਉੱਚ-ਜਾਤੀਆਂ ਨੂੰ ਹੋਰ ਵੀ ਸੂਲਾਂ ਚੁੱਭੀਆਂ।

ਜਦ ਗੁਰੂ ਅਮਰਦਾਸ ਜੀ ਨੇ ਲੰਗਰ-ਪ੍ਰਥਾ ਨੂੰ ਹੋਰ ਵੀ ਚਮਕਾਇਆ ਅਤੇ ਜਨਤਾ ਨੂੰ ਸਖ਼ੀ ਸਰਵਰ ਦੇ ਮੁਰੀਦ ਸ਼ੇਖ ਭੱਤੇ ਦੇ ਮੁਸਲਮਾਨੀ ਅਸਰ ਹੇਠੋਂ ਕੱਢਣ ਦੇ ਯਤਨ ਕੀਤੇ ਤਾਂ ਗੋਂਦਾ ਆਦਿਕ ਖੱਤ੍ਰੀਆਂ ਤੇ ਬ੍ਰਾਹਮਣਾਂ ਨੇ ਖਡੂਰ ਤੋਂ ਬਾਬਾ ਦਾਤੂ (ਦਾਤਾ) ਜੀ ਨੂੰ ਗੁਰ-ਗੱਦੀ ਤੇ ਬਿਠਾਣ ਲਈ ਲੈ ਆਂਦਾ। ਗੁਰੂ ਜੀ ਦੇ ਵਿਰੁੱਧ ਗੋਇੰਦਵਾਲ ਦੇ ਖੋਜਿਆਂ ਨੂੰ ਵੀ ਰਲਾਇਆ। ਇਹ ਖੋਜੇ (ਇਸਲਾਮੀ) ਪਹਿਲਾਂ ਅਰੋੜੇ ਖੱਤਰੀ ਸੀ। ਇਨ੍ਹਾਂ ਖੋਜਿਆਂ ਨੂੰ ਪਹਿਲਾਂ ਸੰਨਿਆਸੀਆਂ ਅਤੇ ਫੇਰ ਸ਼ਾਹੀ ਹਾਕਮਾਂ ਨੇ ਸੋਧਿਆ। ਇਹ ਵਿਰੋਧੀ ਸਿੱਖੀ ਪਰਚਾਰ ਨੂੰ ਬੰਦ ਕਰਾਉਣ ਲਈ ਅਕਬਰ ਪਾਸ ਸ਼ਿਕਾਇਤ ਲੈ ਕੇ ਲਾਹੌਰ ਵੀ ਗਏ, ਜਦੋਂ ਉਹ ਜੰਮੂ ਤੋਂ

ਆਉਂਦਾ ਹੋਇਆ ਮਈ-ਜੂਨ ਸੰਨ 1557 ਦੇ ਲਾਗੇ ਤਾਗੇ ਕੁੱਝ ਮਹੀਨੇ ਲਈ ਉਥੇ ਠਹਿਰਿਆ ਸੀ। ਗੁਰੂ ਜੀ ਨੇ ਅਕਬਰ ਦੇ ਬੁਲਾਵੇ ਤੇ ਭਾਈ ਜੇਠਾ (ਪਿਛੋਂ ਗੁਰੂ ਰਾਮਦਾਸ) ਜੀ ਨੂੰ ਭੇਜਿਆ, ਗੁਰੂ ਜੀ ਦੀ ਉਮਰ ਉਸ ਸਮੇਂ 78 ਸਾਲ ਦੀ ਸੀ, ਭਾਈ ਜੇਠਾ ਜੀ ਦੀ 23 ਸਾਲ, ਅਤੇ ਅਕਬਰ ਦੀ 15 ਸਾਲ। ਸ਼ਿਕਾਇਤ ਝੂਠੀ ਸਾਬਤ ਹੋਈ। ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਜ਼ਿਕਰ ਹੈ।

ਗੋਇੰਦਵਾਲ ਵਿਚ ਇੱਕ ਸਤੰਬਰ ਸੰਨ 1581 ਨੂੰ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ ਪਿੱਛੋਂ ਵਿਰੋਧੀਆਂ ਨੇ ਬਾਬਾ ਪ੍ਰਿਥੀ ਚੰਦ ਨੂੰ ਆਪਣੇ ਨਾਲ ਰਲਾਇਆ। ਉਸ ਨੂੰ ਦੁਖ ਸੀ ਕਿ ਗੁਰਗੱਦੀ ਮੈਨੂੰ ਵੱਡੇ ਪੁੱਤ ਨੂੰ ਕਿਉਂ ਨਹੀਂ ਦਿੱਤੀ ਗਈ ? ਉਹ ਗੁਰਤਾ ਨੂੰ ਜੱਦੀ ਸਮਝਦਾ ਸੀ ਹਾਲਾਂ ਕਿ ਇਹ ਤਾਂ ਯੋਗ ਤੋਂ ਯੋਗ ਵਿਅਕਤੀ ਨੂੰ ਹੀ ਦਿੱਤੀ ਜਾ ਸਕਦੀ ਸੀ, ਸਿੱਖ ਹੋਵੇ ਕਿ ਪੁੱਤ, ਪੋਤਾ ਹੋਵੇ ਕਿ ਬਾਬਾ।

ਇਨ੍ਹਾਂ ਵਿਰੋਧੀਆਂ ਨੇ ਹੀ ਸੰਨ 1581 ਵਿਚ ਅਕਬਰ ਦੇ ਦਰਬਾਰੀ ਬੀਰ੍ਬਲ ਦੀ ਸ਼ਹਿ ਨਾਲ ਅੰਮ੍ਰਿਤਸਰ ਵਿਚ ਕਈ ਮਹੀਨੇ ਗੁਰੂ ਘਰ ਦੀ ਨਾਕਾਬੰਦੀ ਕਰਵਾ ਰੱਖੀ ਸੀ ਤਾਂ ਕਿ ਲੰਗਰ ਬੰਦ ਹੋ ਜਾਵੇ ਅਤੇ ਸਿੱਖੀ ਦਾ ਪ੍ਰਚਾਰ ਵੀ ਬੰਦ ਹੋ ਜਾਵੇ। ਬੀਰਬਲ ਕੱਟੜ ਬ੍ਰਾਹਮਣ ਸੀ। ਅਸਲ ਨਾਉਂ ਮਹੇਸ਼ ਦਾਸ ਸੀ। ਸੰਨ 1528 ਵਿਚ ਜੰਮਿਆ ਸੀ। ਉਮਰ ਵਿਚ ਪੰਜਵੇਂ ਗੁਰੂ ਜੀ ਤੋਂ 25 ਕੁ ਸਾਲ ਵੱਡਾ ਸੀ। ਇਸ ਦਾ ਅੰਤ ਕਿਵੇਂ ਹੋਇਆ ? ਪਿਸ਼ਾਵਰ ਤੋਂ ਉੱਤਰ-ਚੜ੍ਹਦੇ ਵਲ ਸਵਾਤ ਦੇ ਇਲਾਕੇ ਵਿਚ ਯੂਸਫ਼ਜ਼ਈ ਮੰਦਾਰ ਪਠਾਣਾਂ ਨੂੰ ਸਰ ਕਰਨ ਲਈ ਸੰਨ 1518 ਤੋਂ ਚਲ ਰਹੀ ਲੜਾਈ ਵਿਚ ਮਦਦ, ਲਈ ਅਕਬਰ ਨੇ ਬੀਰਬਲ ਨੂੰ ਭੇਜਿਆ, ਜਿੱਥੇ ਉਹ ਫ਼ੌਜ ਸਮੇਤ ਫਰਵਰੀ 1586 ਵਿਚ ਮਾਰਿਆ ਗਿਆ।

ਬਾਬਾ ਪ੍ਰਿਥੀ ਚੰਦ ਨੂੰ ਭਰੋਸਾ ਸੀ ਕਿ ਗੁਰੂ ਅਰਜੁਨ ਦੇਵ ਪਿੱਛੋਂ ਮੇਰਾ ਪੁੱਤ ਮਿਹਰਬਾਨ ਹੀ ਗੁਰੂ ਬਣੇਗਾ ਕਿਉਂਕਿ ਗੁਰੂ ਜੀ ਦੇ ਘਰ ਕੋਈ ਔਲਾਦ ਨਹੀਂ ਸੀ। ਪਰ ਜਦ 19 ਜੂਨ ਸੰਨ 1595 ਨੂੰ ਗੁਰੂ ਜੀ ਦੇ ਘਰ, ਪਿੰਡ ਵਡਾਲੀ ਵਿਚ ਸਾਹਿਬਜ਼ਾਦਾ ਹਰਿਗੋਬਿੰਦ ਜੀ ਦਾ ਜਨਮ ਹੋਇਆ ਤਾਂ ਬਾਬਾ ਜੀ ਨੇ ਬਾਲਕ ਨੂੰ ਮਰਵਾਣ ਲਈ ਦਾਈ ਅਤੇ ਇਕ ਸਪੇਰੇ ਨੂੰ ਵਰਤਿਆ। ਪਰ ਉਹ ਸਫਲ ਨਾ ਹੋਏ। ਜਦ ਸੰਨ 1597 ਵਿਚ ਗੁਰੂ ਜੀ ਘਰਬਾਰ ਸਮੇਤ ਅੰਮ੍ਰਿਤਸਰ ਆ ਗਏ ਤਾਂ ਬਾਬਾ ਜੀ ਨੇ ਇਕ ਬਾਮ੍ਹਣ ਖਿਡਾਵੇ ਨੂੰ ਪ੍ਰੇਰਿਆ ਜੋ ਬਾਲਕ ਨੂੰ ਖਵਾਣ ਲਈ ਜ਼ਹਿਰ ਵਾਲਾ ਦਹੀਂ ਲੈ ਕੇ ਗਿਆ ਪਰ ਬਾਲਕ ਗੁਰੂ ਨੇ ਖਾਧਾ ਹੀ ਨਾ ਅਤੇ ਦੁਸ਼ਟ ਬ੍ਰਾਹਮਣ ਸੂਲ ਪੈ ਕੇ ਮਰ ਗਿਆ। ਇਸ ਘਟਨਾ ਦਾ ਇਸ਼ਾਰਾ ਗੁਰਬਾਣੀ ਵਿਚ ਵੀ ਹੈ।

ਇਸ ਤੋਂ ਪਿੱਛੋਂ ਬਾਬਾ ਪ੍ਰਿਥੀ ਚੰਦ ਗੁਰੂ ਜੀ ਦੇ ਵਿਰੁੱਧ ਲਾਹੌਰ ਦੇ ਸੁਲਹੀ ਖਾਂ ਨੂੰ ਚੜ੍ਹਾ ਲਿਆਇਆ, ਜੋ ਰਸਤੇ ਵਿਚ ਤਹਿਸੀਲ ਲਾਹੌਰ ਦੇ ਪਿੰਡ ਹੇਹਰ ਵਿਚ, ਜਿੱਥੇ ਬਾਬਾ ਜੀ ਦੇ ਸੌਹਰੇ ਸਨ ਅਤੇ ਜਿੱਥੇ ਉਨ੍ਹਾਂ ਨੂੰ ਲਾਹੌਰ ਦੇ ਗਵਰਨਰ ਵਲੋਂ ਬਹੁਤ ਸਾਰੀ ਜ਼ਮੀਨ ਜਾਗੀਰ ਵਜੋਂ ਮਿਲੀ ਹੋਈ ਸੀ, ਬਾਬਾ ਜੀ ਦਾ ਭੱਠਾ

ਦੇਖਦਾ ਹੋਇਆ ਘੋੜੇ ਸਮੇਤ ਭੱਠੇ ਵਿਚ ਡਿਗ ਕੇ ਸੁਆਹ ਹੋ ਗਿਆ। ਇਸ ਘਟਨਾ ਦਾ ਇਸ਼ਾਰਾ ਵੀ ਗੁਰਬਾਣੀ ਵਿਚ ਹੈ।

ਵਿਰੋਧੀਆਂ ਨੇ ਗੁਰਬਾਣੀ ਵਿਰੁੱਧ ਵੀ ਸ਼ਿਕਾਇਤਾਂ ਕੀਤੀਆਂ। ਸੰਨ 1598 ਦੇ ਅੰਤ ਵਿਚ ਅਕਬਰ ਲਾਹੌਰ ਤੋਂ ਦਿੱਲੀ ਜਾਂਦਾ ਹੋਇਆ ਗੋਇੰਦਵਾਲ ਪੁੱਜਿਆ। ਗੁਰੂ ਜੀ ਵੀ ਉਸ ਸਮੇਂ ਉਥੇ ਹੀ ਸਨ। ਵਿਰੋਧੀਆਂ ਨੂੰ ਚੁੱਪ ਕਰਾਉਣ ਲਈ ਅਕਬਰ ਨੇ ਬਾਣੀ ਦਾ ਉਸ ਵੇਲੇ ਤਾਈਂ ਦਾ ਸਾਰਾ ਸੰਗ੍ਰਹਿ ਦੇਖਿਆ। ਕਈ ਸ਼ਬਦ ਗੁਰੂ ਜੀ ਪਾਸੋਂ ਸੁਣੇ, ਕਈ ਅਪਣੇ ਹੱਥੀਂ ਵਰਕੇ ਉਲਟਾ ਕੇ ਵੀ ਪੜ੍ਹਾਏ। ਉਸ ਨੂੰ ਬਾਣੀ ਸਭ ਦੇ ਭਲੇ ਵਾਲੀ ਸਿੱਧ ਹੋਈ। ਉਹ ਬੜਾ ਖੁਸ਼ ਹੋਇਆ।

ਸਾਡੇ ਯਾਦ ਰੱਖਦ ਵਾਲੀ ਗੱਲ ਇਹ ਹੈ ਕਿ ਇੰਡੀਆ ਦਾ ਇਤਿਹਾਸ ਦਸੱਦਾ ਹੈ ਕਿ ਇਸ ਤੋਂ ਪਿੱਛੋਂ ਅਕਬਰ ਪੰਜਾਬ ਆਇਆ ਹੀ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਨ 1604 ਵਿਚ ਤਿਆਰ ਹੋਈ ਸੀ, ਸੋ ਸੰਨ 1598 ਵਿਚ ਅਕਬਰ ਨੇ ਬਾਣੀ ਦਾ ਸੰਗ੍ਰਹਿ ਹੀ ਦੇਖਿਆ ਸੀ, ਜੋ ਉਸ ਸਮੇਂ ਇਕ ਬੀੜ ਦੇ ਰੂਪ ਵਿਚ ਨਹੀਂ ਸੀ ਪਰ ਸਾਡੇ ਕਈ ਪਰਚਾਰਕ ਕਈ ਪਿਛਲੇ ਇਤਿਹਾਸ ਕਾਰਾਂ ਦੀਆਂ ਗਲਤੀਆਂ ਨੂੰ ਦੁਹਰਾ ਦੁਹਰਾ ਹਾਂਲਾਂ ਤਾਈਂ ਵੀ ਇਹੀ ਪ੍ਰਚਾਰ ਕਰੀ ਜਾਂਦੇ ਹਨ ਕਿ ਅਕਬਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕੀਤੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਤੋਂ ਪਹਿਲਾਂ ਆਸਾ ਦੀ ਵਾਰ ਸਿਰਫ਼ 24 ਪਉੜੀਆਂ ਦੀ ਹੀ ਸੀ, ਜਿਸਦਾ ਕੀਰਤਨ ਕੀਤਾ ਜਾਂਦਾ ਸੀ। ਪਰ ਜਦ ਪੰਜਵੇਂ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕੀਤਾ ਤਾਂ ਗੁਰੂ ਨਾਨਕ ਜੀ ਦਾ ਜਾਤਿ ਅਭਿਮਾਨੀਆਂ ਵਿਰੁੱਧ ਕੀਤਾ ਗਿਆ ਪ੍ਰਚਾਰ ਜੋ ਪਹਿਲਾਂ ਸ਼ਲੋਕਾਂ ਵਿਚ ਸੀ, ਆਸਾ ਦੀ ਵਾਰ ਵਿਚ ਦਰਜ ਹੋ ਗਿਆ। ਤਾਂ ਉਹ ਪ੍ਰਚਾਰ ਸਿੱਖ ਰੋਜ਼ ਆਸਾ ਦੀ ਵਾਰ ਦੇ ਕੀਰਤਨ ਵਿਚ ਪੜ੍ਹਨ ਲੱਗ ਪਏ। ਮਿਸਾਲ ਵਜੋਂ :

*ਮਾਣਸ-ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨ, ਤਿਨ ਗਲਿ ਤਾਗ॥*
*ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾਂ ਭਿ ਆਵਹਿ ਓਈ ਸਾਦ ॥*

ਉਚ-ਜਾਤੀਏ ਹੋਰ ਵੀ ਤਿੜ ਪਏ।

ਸੰਨ 1510 ਵਿਚ ਪੁਰਤਗਾਲੀਆਂ ਨੇ ਗੋਆ ਵਿਚ ਆਪਣੀ ਬਸਤੀ ਕਾਇਮ ਕੀਤੀ ਸੀ। ਸੰਨ 1597 ਦੇ ਲਾਗੇ ਛਾਗੇ ਈਸਾਈ ਪਾਦਰੀਆਂ ਨੇ ਗੋਆ ਤੋਂ ਆ ਕੇ ਲਾਹੌਰ ਵੀ ਯਤੀਮਖਾਨੇ ਖੋਲ੍ਹ ਲਏ। ਅਕਬਰ ਨੇ ਉਨ੍ਹਾਂ ਨੂੰ ਬੜਾ ਸਲਾਹਿਆ। ਉਨ੍ਹਾਂ ਅਕਬਰ ਤੋਂ ਇਹ ਲਿਖਤ ਵੀ ਲੈ ਲਈ ਕਿ ਜੋ ਕੋਈ ਮੁਸਲਮਾਨ ਵੀ ਅਪਣਾ ਦੀਨ ਛੱਡਣਾ ਚਾਹੇ ਤਾਂ ਉਸ ਨੂੰ ਕੋਈ ਸਰਕਾਰੀ ਰੁਕਾਵਟ ਨਾ ਹੋਵੇ। ਜਿਵੇਂ ਪਹਿਲਾਂ ਕਈ ਦੁਰਕਾਰੇ ਹੋਏ ਹਿੰਦੂ ਮੁਸਲਮਾਨ ਬਣ ਰਹੇ ਸਨ, ਹੁਣ ਉਹ ਈਸਾਈ ਵੀ ਬਣਨ ਲੱਗ ਪਏ। ਪਰ ਗੁਰੂ ਜੀ ਦੇ ਪਰਚਾਰ ਸਦਕਾ ਉਹ ਈਸਾਈ ਤੇ ਮੁਸਲਮਾਨ ਸਿੱਖ ਬਣਨ ਲੱਗ ਪਏ। ਇਹ ਗੱਲ ਵੀ ਉੱਚ-ਜਾਤੀ ਹਿੰਦੂਆਂ ਅਤੇ ਸ਼ੈਖ ਅਹਿਮਦ ਸਰਹੰਦੀ ਵਰਗੇ ਕੱਟੜ ਮੁਸਲਮਾਨਾਂ

ਨੂੰ ਚੁਭਦੀ ਸੀ।

ਪਿੰਡ ਰੋਹੇਲਾ, ਜ਼ਿਲਾ ਗੁਰਦਾਸ ਪੁਰ ਦਾ ਚੰਦੂ ਲਾਲ ਖੱਤਰੀ ਲਾਹੌਰ ਵਿਚ ਸਰਕਾਰੀ ਨੌਕਰੀ ਵਿਚ ਦੀਵਾਨ ਸੀ, ਨਾਜ਼ਿਮ ਸੀ, ਮਾਲ ਅਫ਼ਸਰ ਸੀ। ਪਾਠਕਾਂ ਨੂੰ ਚੌਬਾਰੇ ਦੀ ਇੱਟ ਮੋਰੀ ਨੂੰ ਲਾ ਦਿੱਤੀ ਵਾਲੀ ਦੀ ਘਟਨਾ ਦਾ ਪਤਾ ਹੀ ਹੈ, ਪਰ ਚੰਦੂ ਨੇ ਇਹ ਰਿਸ਼ਤਾ ਪਰਵਾਨ ਕਰ ਲਿਆ ਕਿ ਗੁਰੂ ਘਰ ਵਿਚ ਮੇਰੀ ਧੀ ਨੂੰ ਪੈਸੇ ਦੀ ਤੰਗੀ ਨਹੀਂ ਹੋਵੇਗੀ। ਨਾਲੇ ਸਿੱਖਾਂ ਦੀ ਮਾਂ ਕਹਾਵੇਗੀ। ਪਰ ਪੰਜਵੇਂ ਗੁਰੂ ਜੀ ਨੇ ਅਪਣੇ ਸਪੁੱਤਰ ਲਈ ਹੰਕਾਰੀ ਦੀ ਧੀ ਦਾ ਸਾਕ ਪਰਵਾਨ ਨਾ ਕੀਤਾ। ਸੋ ਚੰਦੂ ਵੀ ਵੈਰੀ ਬਣ ਗਿਆ। ਇਹ ਗੱਲ ਵੀ ਸਾਡੇ ਯਾਦ ਰੱਖਣ ਵਾਲੀ ਹੈ ਕਿ ਚੰਦੂ ਦੀ ਨੌਕਰੀ ਦਿੱਲੀ ਵਿਚ ਨਹੀਂ ਸੀ। ਉਸਦਾ ਜਹਾਂਗੀਰ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ ਅਤੇ ਉਸ ਵੇਲੇ ਇੰਡੀਆ ਦੀ ਰਾਜਧਾਨੀ ਵੀ ਆਗਰਾ ਸੀ। ਸਾਡੇ ਪਰਚਾਰਕ ਧਿਆਨ ਦੇਣ।

**ਜਹਾਂਗੀਰ ਤੇ ਖ਼ੁਸਰੋ :**

ਅਕਬਰ ਦੇ ਘਰ ਸ਼ਹਿਜ਼ਾਦਾ ਸਲੀਮ ਦਾ ਜਨਮ ਅੰਬਰ ਦੇ ਰਾਜਪੂਤ ਰਾਜਾ ਬਿਹਾਰੀ ਮੱਲ ਦੀ ਧੀ ਜਯਾਬਾਈ, ਜਿਸ ਦਾ ਨਾਉਂ ਵਿਆਹ ਪਿਛੋਂ ਅਕਬਰ ਨੇ 'ਮਰੀਅਮਿ ਜ਼ਮਾਨੀ' ਰੱਖ ਲਿਆ ਸੀ, ਦੀ ਕੁੱਖੋਂ 30 ਅਗਸਤ ਸੰਨ 1569 ਨੂੰ ਹੋਇਆ। ਸੋ ਇਹ ਉਮਰ ਵਿਚ ਪੰਜਵੇਂ ਗੁਰੂ ਜੀ ਤੋਂ ਛੇ ਕੁ ਸਾਲ ਛੋਟਾ ਸੀ। ਸਲੀਮ ਨੇ ਸੰਨ 1601 ਵਿਚ ਅਪਣੇ ਪਿਉ ਵਿਰੁੱਧ ਵਿਦ੍ਰੋਹ ਕਰ ਦਿੱਤਾ ਪਰ ਸਫਲ ਨਾ ਹੋਇਆ। ਸੋ ਸੰਨ 1604 ਵਿਚ ਪਿਉ ਨਾਲ ਸੁਲ੍ਹਾ ਕਰ ਲਈ। ਇਕ ਵਾਰੀ ਇਸ ਨੇ ਅਪਣੇ ਪਿਉ ਨੂੰ ਜ਼ਹਿਰ ਵੀ ਦਿਵਾਈ ਸੀ ਪਰ ਉਹ ਸੂਲ ਹੋ ਕੇ ਹੀ ਬਚ ਗਿਆ। ਸਲੀਮ ਨੇ 17 ਸਾਲ ਦੀ ਉਮਰ ਤਕ ਸ਼ਰਾਬ ਨਹੀਂ ਸੀ ਪੀਤੀ। ਪਿਛੋਂ ਜਦ ਪੀਣ ਲਗਾ ਤਾਂ ਪੰਜ ਸੇਰ ਪੱਕੀ ਪੀ ਜਾਂਦਾ ਸੀ। ਅਕਬਰ ਦੇ ਦੋ ਪੁੱਤ ਮੁਰਾਦ ਤੇ ਦਾਨਿਆਲ ਸ਼ਰਾਬ ਦੇ ਢਹੇ ਚੜ੍ਹ ਕੇ ਮਰ ਚੁੱਕੇ ਸਨ। ਸਲੀਮ ਦੀਆਂ ਕਰਤੂਤਾਂ ਤੋਂ ਤੰਗ ਆ ਕੇ ਅਕਬਰ, ਸਲੀਮ ਦੇ ਪੁੱਤ, ਅਪਣੇ ਪੋਤੇ ਖ਼ੁਸਰੋ ਨੂੰ ਰਾਜ ਦੇਣਾ ਚਾਹੁੰਦਾ ਸੀ। ਪਰ ਸਲੀਮ ਨੇ ਕਈ ਦਰਬਾਰੀਆਂ, ਸਰਹੰਦ ਦੇ ਪੀਰਾਂ ਅਤੇ ਗੋਆ ਤੋਂ ਆਏ ਈਸਾਈ ਪਾਦਰੀਆਂ ਨਾਲ ਠੀਹਾ-ਠੱਪਾ ਕਰ ਲਿਆ। ਜਦ ਇੰਗਲੈਂਡ ਦੀ ਰਾਣੀ ਐਲਿਜ਼ਾਬੈਥ ਨੇ ਅਪਣੇ ਨੁਮਾਇੰਦੇ ਨੂੰ ਖ਼ੁਸ਼ਕੀ ਰਸਤੇ ਭਾਰਤ ਭੇਜਿਆ ਤਾਂ ਸੰਨ 1603 ਵਿਚ ਪਹਿਲਾਂ ਉਹ ਲਾਹੌਰ ਪੁੱਜਾ। ਫਿਰ ਅਕਬਰ ਪਾਸ ਆਗਰੇ ਗਿਆ ਤਾਂ ਕਿ ਅੰਗ੍ਰੇਜ਼ਾਂ ਲਈ ਭਾਰਤ ਵਿਚ ਵਿਆਪਾਰ ਕਰਨ ਦੀ ਖੁੱਲ੍ਹ ਪ੍ਰਾਪਤ ਕਰ ਸਕੇ। ਪਰ ਪੁਰਤਗਾਲੀ ਪਾਦਰੀਆਂ ਦੀ ਸ਼ਹਿ ਨਾਲ ਅਕਬਰ ਲਾਰੇ ਲੱਪੇ ਲਾਈ ਗਿਆ। ਸਲੀਮ ਨੇ ਅੰਗ੍ਰੇਜ਼ ਵਪਾਰੀਆਂ ਨੂੰ ਵੀ ਆਪਣੇ ਨਾਲ ਗੰਢਣ ਲਈ, ਵਿਚ ਪੈ ਕੇ, ਤਿਜਾਰਤ ਕਰਨ ਦੀ ਆਗਿਆ ਲੈ ਦਿੱਤੀ। ਅਕਬਰ ਨੇ ਆਪਣੇ ਆਖਰੀ ਦਿਨਾਂ ਵਿਚ ਸਲੀਮ ਨੂੰ ਕੈਦ ਕਰਨਾ ਵੀ ਚਾਹਿਆ ਪਰ ਆਪਣੇ ਪੱਖੀਆਂ ਦੀ ਮਦਦ ਨਾਲ ਉਹ ਬਚਦਾ ਰਿਹਾ।

17 ਅਕਤੂਬਰ ਸੰਨ 1605 ਵਿਚ ਅਕਬਰ ਦੇ ਮਰਨ ਤੇ ਇਸ ਸਾਰੀ ਦੌੜ ਭੱਜ ਦਾ ਸਦਕਾ ਤਖਤ ਸਲੀਮ ਨੂੰ ਮਿਲ ਹੀ ਗਿਆ। ਉਸ ਨੇ ਅਪਣਾ ਨਾਂਉ ਅਨਵਰੁੱਦੀਨ ਰਖਾਇਆ ਅਤੇ ਲਕਬ ਜਹਾਂਗੀਰ। ਤਖਤ ਮਿਲਦਿਆਂ ਹੀ ਜਹਾਂਗੀਰ ਨੇ ਖ਼ੁਸਰੋ ਨੂੰ ਆਗਰੇ ਦੇ ਕਿਲੇ ਵਿਚ ਅੱਧ-ਨਜ਼ਰਬੰਦੀ ਵਿਚ ਡੱਕ ਲਿਆ।

6 ਅਪ੍ਰੈਲ ਸੰਨ 1606 ਨੂੰ ਖ਼ੁਸਰੋ ਪੰਜਾਬ ਨੂੰ ਭਜ ਨਿਕਲਿਆ ਸਾਢੇ ਤਿੰਨ ਸੌ ਸਵਾਰਾਂ ਨਾਲ । ਮਥੁਰਾ ਪੁੱਜ ਕੇ ਏਨੇ ਕੁ ਬੰਦੇ ਹੋਰ ਮਿਲ ਪਏ। ਦਿੱਲੀ ਪੁਜਦਿਆਂ ਬਾਰਾਂ ਹਜ਼ਾਰ ਹੋ ਗਏ। ਖ਼ੁਸਰੋ ਦੇ ਲਾਹੌਰ ਪੁੱਜਣ ਤੋਂ ਦੋ ਦਿਨ ਪਹਿਲਾਂ ਜਹਾਂਗੀਰ ਦੇ ਵਫ਼ਾਦਾਰ ਸਰਦਾਰ ਸ਼ੇਖ਼ ਫ਼ਰੀਦ ਬੁਖ਼ਾਰੀ ਨੇ ਕਿਲੇ ਤੇ ਕਬਜ਼ਾ ਕਰ ਲਿਆ। ਖ਼ੁਸਰੋ ਨੇ ਨੌ ਦਿਨ ਕਿਲ੍ਹਾ ਘੇਰੀ ਰੱਖਿਆ। ਉਧਰੋਂ ਜਹਾਂਗੀਰ ਪੁੱਜ ਗਿਆ ਖ਼ੁਸਰੋ ਭੱਜ ਨਿਕਲਿਆ ਪਰ ਦਰਿਆ ਝਨਾਂ ਉੱਤੇ ਪਿੰਡ ਸੋਧਰੇ ਦੇ ਪਾਸ ਉਥੋਂ ਦੇ ਚੌਧਰੀ ਰਾਹੀਂ ਕੁੱਝ ਸਾਥੀਆਂ ਸਣੇ ਫੜਿਆ ਗਿਆ। ਜਹਾਂਗੀਰ ਲਾਹੌਰ ਸੀ।

ਇਕ ਮਈ ਨੂੰ ਖ਼ੁਸਰੋ ਨੂੰ ਲਾਹੌਰ ਲਿਆਂਦਾ ਗਿਆ। ਉਸਦੇ ਸਾਥੀਆਂ ਨੂੰ ਸਖ਼ਤ ਤਸੀਹੇ ਦੇ ਦੇ ਕੇ ਸ਼ਹਿਰ ਦੇ ਦਰਵਾਜ਼ੀਂ ਸੂਲੀਆਂ ਤੋਂ ਲਟਕਵਾ ਦਿੱਤਾ। ਜਹਾਂਗ਼ੀਰ ਖ਼ੁਸਰੋਂ ਨੂੰ ਨਾਲ ਲਿਜਾ ਕੇ ਉਸਨੂੰ ਮੌਕਾ ਦਿਖਾ ਕੇ ਇਹ ਚੋਭਾਂ ਮਾਰਦਾ ਸੀ, 'ਅਪਣੇ ਸਾਥੀਆਂ ਦਾ ਸਲਾਮ ਕਬੂਲ ਕਰ'। ਬਗ਼ਾਵਤ ਦਾ ਲਾਭ ਉਠਾ ਕੇ ਲਾਹੌਰ ਦੇ ਦੋ ਬੰਦਿਆਂ, ਰਾਜੂ ਤੇ ਅੰਬਾ ਨੇ ਸ਼ਹਿਰ ਵਿਚ ਕਾਫ਼ੀ ਲੁੱਟ ਮਾਰ ਕੀਤੀ ਸੀ। ਜਹਾਂਗੀਰ ਨੇ ਰਾਜੂ ਨੂੰ ਸੂਲੀ ਚੜ੍ਹਵਾ ਦਿੱਤਾ। ਅੰਬਾ ਅਮੀਰ ਸੀ, ਸੋ ਉਸ ਤੋਂ ਇਕ ਲੱਖ ਪੰਦਰਾਂ ਹਜ਼ਾਰ ਰੁਪਇਆ ਜੁਰਮਾਨਾ ਵਸੂਲ ਕੀਤਾ। ਇਹ ਕੰਮ ਦੋ ਮਈ ਤਾਈਂ ਹੀ ਮੁਕਾ ਲਿਆ।

ਜਹਾਂਗੀਰ ਨੇ ਆਪਣੇ ਸਾਥੀਆਂ ਨੂੰ ਇਨਾਮ ਦਿੱਤੇ। ਸ਼ੇਖ ਫ਼ਰੀਦ ਬੁਖ਼ਾਰੀ ਨੂੰ ਮੁਰਤਿਜ਼ਾ ਖਾਂ ਦਾ ਖ਼ਿਤਾਬ ਦਿੱਤਾ, ਜਿਸ ਦਾ ਭਾਵ ਹੈ, 'ਇਰਤਜ਼ਾ ਪ੍ਰਾਪਤ ਕਰਨ ਵਾਲਾ, ਖ਼ੁਸ਼ੀ ਹਾਸਿਲ ਕਰਨ ਵਾਲਾ'। ਝਨਾਂ ਤੇ ਜਿਹਲਮ ਵਿਚਕਾਰਲੇ ਦੁਆਬਾ 'ਚੱਜ' ਦੇ ਚਉਧਰੀਆਂ ਨੂੰ ਜਾਗੀਰਾਂ ਵੰਡੀਆਂ।

ਜਾਤਿ-ਅਭਿਮਾਨੀਆਂ, ਤੇ ਲਾਹੌਰ ਤੇ ਦਿੱਲੀ ਦੇ ਸਰਕਾਰੀ ਵਿਰੋਧੀਆਂ, ਕਾਜ਼ੀਆਂ ਤੇ ਸਰਹੰਦੀ ਪੀਰਾਂ ਨੂੰ ਵੀ ਅਪਣਾ ਸਾੜ੍ਹਾ ਕੱਢਣ ਦਾ ਮੌਕਾ ਮਿਲਿਆ। ਬਾਬਾ ਪ੍ਰਿਥੀ ਚੰਦ ਦਾ ਤਾਂ ਸੰਨ 1605 ਦੇ ਅੰਤ ਵਿਚ ਦੇਹਾਂਤ ਹੋ ਚੁੱਕਾ ਸੀ। ਪਰ ਉਨ੍ਹਾਂ ਦਾ ਪੁੱਤ ਮਿਹਰਬਾਨ ਅਤੇ ਚੰਦੂ ਇਸ ਗੋਂਦ ਵਿਚ ਸ਼ਾਮਿਲ ਸਨ। ਸੋ ਜਹਾਂਗੀਰ ਦੇ ਕੰਨ ਭਰੇ ਗਏ ਕਿ ਗੁਰੂ ਜੀ ਨੇ ਗੋਇੰਦਵਾਲ ਵਿਚ ਖ਼ੁਸਰੋ ਦੇ ਮੱਥੇ ਤੇ ਤਿਲਕ ਲਾਇਆ ਸੀ, ਉਸਨੂੰ ਅਸੀਸ ਦਿੱਤੀ ਸੀ ਅਤੇ ਉਸ ਦੀ ਮਾਇਕ ਸਹਾਇਤਾ ਕੀਤੀ ਸੀ। ਇਹ ਵੀ ਕਿਹਾ ਗਿਆ ਕਿ ਗੁਰੂ ਜੀ ਦੀ ਪ੍ਰੇਰਨਾ ਨਾਲ ਕਈ ਮੂਰਖ ਮੁਸਲਮਾਨ ਵੀ ਸਿਖ ਬਣਦੇ ਜਾ ਰਹੇ ਸਨ।

ਸੋ ਜਹਾਂਗੀਰ ਨੇ ਮੁਰਤਿਜ਼ਾ ਖਾਂ ਨੂੰ ਕਿਹਾ : ਉਸ ਗੁਰੂ ਨੂੰ ਹਾਜ਼ਿਰ ਕੀਤਾ

ਜਾਵੇ। ਮੈਂ ਉਸ ਦਾ ਘਰ ਘਾਟ ਤੇ ਬੱਚੇ ਤੇਰੇ ਹਵਾਲੇ ਕਰਨ ਦਾ ਹੁਕਮ ਦਿੰਦਾ ਹਾਂ। ਮੈਂ ਉਸ ਦਾ ਮਾਲ ਅਸਬਾਬ ਜ਼ਬਤ ਕਰਨ ਦਾ ਹੁਕਮ ਦਿੰਦਾ ਹਾਂ। ਮੈਂ ਹੁਕਮ ਦਿੰਦਾ ਹਾਂ ਕਿ ਉਸ ਨੂੰ ਸਿਆਸਤ ਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦਿੱਤਾ ਜਾਵੇ।" ਹੁਕਮ ਦੇ ਕੇ ਆਪ ਜਹਾਂਗੀਰ ਸਿੰਧ ਨੂੰ ਚਲਾ ਗਿਆ ਕਿਉਂਕਿ ਉਹ ਅੰਦਰੋਂ ਜਾਣਦਾ ਸੀ ਕਿ ਇਲਜ਼ਾਮ ਝੂਠਾ ਹੈ, ਇਸ ਲਈ ਆਪਣੀਆਂ ਅੱਖਾਂ ਸਾਮ੍ਹਣੇ ਗੁਰੂ ਜੀ ਨੂੰ ਸਜ਼ਾ ਦਿਵਾਉਣ ਦੀ ਹਿੰਮਤ ਨਾ ਕਰ ਸਕਿਆ।

**ਇਲਜ਼ਾਮ ਗ਼ਲਤ ਸੀ :**

ਹੁਣ ਗੱਲ ਇਹ ਹੈ ਸੋਚਣ ਵਾਲੀ ਕਿ ਖ਼ੁਸਰੋ ਦੇ ਸਾਥੀ ਆਗਰਾ ਤੋਂ ਚਲ ਕੇ ਸਾਰੇ ਰਸਤੇ ਲੁਟ ਮਾਰ ਕਰਦੇ ਆਏ ਸਨ। ਉਸ ਦੇ ਕਿਹਾਂ ਵੀ ਰੁਕਦੇ ਨਹੀਂ ਸਨ। ਸਿੱਟੇ ਵਜੋਂ ਲੋਕ ਉਸਦੇ ਵਿਰੋਧੀ ਹੋ ਗਏ ਸਨ। ਪਿੱਛੇ ਪਿੱਛੇ ਜਹਾਂਗੀਰ ਆ ਰਿਹਾ ਸੀ। ਸੋ ਲੁਟੇ ਪੁੱਟੇ ਗਏ ਲੋਕ ਜਹਾਂਗੀਰ ਨੂੰ ਖ਼ੁਸਰੋ ਦੇ ਮਦਦਗਾਰਾਂ ਦੇ ਨਾਉਂ ਦਸਦੇ ਗਏ ਅਤੇ ਜਹਾਂਗੀਰ ਨਾਲੋ ਨਾਲ ਉਨ੍ਹਾਂ ਨੂੰ ਸਜ਼ਾਵਾਂ ਦੇਈ ਗਿਆ। ਹਸਨ ਬੇਗ ਅਤੇ ਅਬਦੁੱਰਹੀਮ ਆਦਿਕ ਨੂੰ ਗਾਈਆਂ, ਗਧਿਆਂ ਅਤੇ ਕੁੱਤਿਆਂ ਦੀਆਂ ਖੱਲਾਂ ਵਿਚ ਸੀਂ ਕੇ ਲਾਹੌਰ ਦੇ ਬਾਜ਼ਾਰਾਂ ਵਿਚ ਫਿਰਾਇਆ ਗਿਆ।

ਥਾਨੇਸਰ ਦੇ ਸ਼ੇਖ਼ ਨਜ਼ਾਮ ਨੇ ਖ਼ੁਸਰੋ ਦੇ ਹੱਕ ਵਿਚ ਦੁਆ ਕੀਤੀ ਸੀ। ਉਸਨੂੰ ਗੱਦੀ ਤੋਂ ਲਾਹ ਕੇ ਸਰਕਾਰੀ ਖ਼ਰਚ ਤੇ ਮੱਕੇ ਭੇਜ ਦਿੱਤਾ ਅਤੇ ਮੁੜ ਹਿੰਦੁਸਤਾਨ ਨਾ ਆਉਣ ਦਾ ਹੁਕਮ ਦਿੱਤਾ, ਭਾਵ ਦੇਸ਼ ਨਿਕਾਲਾ ਦਿੱਤਾ।

ਉਨ੍ਹੀਂ ਦਿਨੀਂ ਦਿੱਲੀ-ਲਾਹੌਰ ਵਾਲੀ ਸੜਕ ਗੋਇੰਦਵਾਲ ਦੇ ਕੋਲੋਂ ਲੰਘਦੀ ਸੀ। ਜਹਾਂਗੀਰ ਗੋਇੰਦਵਾਲ ਦੇ ਪੜਾਉ ਤੇ ਠਹਿਰਿਆ ਵੀ ਸੀ ਪਰ ਉਸ ਸਮੇਂ ਕਿਸੇ ਨੇ ਉਸ ਪਾਸ ਖ਼ੁਸਰੋ ਦੀ ਮਦਦ ਬਾਰੇ ਗੁਰੂ ਜੀ ਵਿਰੁੱਧ ਕੋਈ ਸ਼ਕਾਇਤ ਨਹੀਂ ਕੀਤੀ। ਕੋਈ ਮਦਦ ਕੀਤੀ ਹੁੰਦੀ, ਤਦ ਹੀ ਕੋਈ ਸ਼ਿਕਾਇਤ ਕਰਦਾ।

ਵੱਡੀ ਗੱਲ ਤਾਂ ਇਹ ਹੈ ਕਿ ਸਿੱਖ ਇਤਿਹਾਸ ਅਨੁਸਾਰ ਗੁਰੂ ਜੀ ਉਸ ਸਮੇਂ ਗੋਇੰਦਵਾਲ ਸਨ ਹੀ ਨਹੀਂ; ਬਲਕਿ ਅੰਮ੍ਰਿਤਸਰ ਸਨ। ਜੇ ਵਿਰੋਧੀ ਗੋਇੰਦਵਾਲ ਹੀ ਸ਼ਕਾਇਤ ਕਰਦੇ ਤਾਂ ਉਨ੍ਹਾਂ ਦਾ ਝੂਠ ਵੀ ਖੁੱਲ੍ਹ ਜਾਣਾ ਸੀ। ਅੰਤ ਸ਼ਾਇਦ ਉਨ੍ਹਾਂ ਨੂੰ ਵੀ ਦੰਡ ਦਿੱਤਾ ਜਾਣਾ ਸੀ। ਇਸ ਲਈ ਹੀ ਉਨ੍ਹਾਂ ਲਾਹੌਰ ਜਾ ਕੇ ਸ਼ਿਕਾਇਤ ਕੀਤੀ ਜਦ ਕਿ ਜਹਾਂਗੀਰ ਉਨ੍ਹਾਂ ਦੇ ਝੂਠ ਦਾ ਪਤਾ ਛੇਤੀ ਨਹੀਂ ਸੀ ਲਾ ਸਕਦਾ। ਕੰਨਾਂ ਦਾ ਕੱਚਾ ਸੀ। ਸ਼ਿਕਾਇਤ ਮੰਨ ਗਿਆ। ਉਸ ਦੇ ਅਪਣੇ ਅੰਦਰ ਗੁਰੂ ਜੀ ਲਈ ਈਰਖਾ ਤਾਂ ਸੀ ਹੀ। ਇਸ ਈਰਖਾ ਨੇ ਵੀ ਸ਼ਿਕਾਇਤ ਮੰਨਣ ਵਿਚ ਮਦਦ ਕੀਤੀ।

ਰਹੀ ਗੱਲ ਤਿਲਕ ਦੀ। ਖ਼ੁਸਰੋ ਗੁਰੂ ਜੀ ਨੂੰ ਮਿਲਿਆ ਹੀ ਨਹੀਂ। ਜੇ ਮਿਲਦਾ ਵੀ ਤਾਂ ਉਹ ਉਸ ਦੇ ਤਿਲਕ ਨਾ ਲਾਂਦੇ। ਕਾਰਨ ?

ਆਸਾ ਦੀ ਵਾਰ ਦੀ ਬਾਰਵੀਂ ਪਉੜੀ ਨਾਲ ਲਾਏ ਗਏ ਦੂਜੇ ਸ਼ਲੋਕ ਵਿਚ ਗੁਰੂ ਨਾਨਕ ਜੀ 'ਪੜਿ ਪੁਸਤਕ ਸੰਧਿਆ ਬਾਦੰ' ਤੋਂ ਪਿੱਛੋਂ 'ਗਲਿ ਮਾਲਾ ਤਿਲਕ

ਲਿਲਾਟੰ' ਦਾ ਜ਼ਿਕਰ ਵੀ ਕਰਦੇ ਹਨ। ਅੱਗੇ ਚਲ ਕੇ ਕਹਿੰਦੇ ਹਨ : 'ਸਭਿ ਫੋਕਟ ਨਿਸਚਉ ਕਰਮੰ'। ਮਤਲਬ ਇਹ ਹੋਇਆ ਕਿ ਜਿਨ੍ਹਾਂ ਕੰਮਾਂ ਨੂੰ ਗੁਰੂ ਜੀ ਨਿਸ਼ਚਿਤ ਤੌਰ ਤੇ ਫੋਕਟ, ਥੋਥੇ ਗਿਣਦੇ ਹਨ, ਉਨ੍ਹਾਂ ਵਿਚ ਤਿਲਕ ਲਾਉਣਾ ਵੀ ਹੈ।

ਏਸੇ ਤਰ੍ਹਾਂ ਆਸਾ ਦੀ ਵਾਰ ਦੀ ਸੋਲ੍ਹਵੀਂ ਪਉੜੀ ਨਾਲ ਲਾਏ ਗਏ ਪਹਿਲੇ ਸ਼ਲੋਕ ਵਿਚ ਗੁਰੂ ਨਾਨਕ ਜੀ 'ਧੋਤੀ, ਟਿਕਾ ਤੇ ਜਪਮਾਲੀ' ਦਾ ਵੀ ਵਰਣਨ ਕਰਦੇ ਹਨ, ਅਤੇ ਅੰਤ ਵਿਚ ਕਹਿੰਦੇ ਹਨ : 'ਛੋਡੀਲੇ ਪਾਖੰਡਾ'। ਇਸ ਦਾ ਭਾਵ ਇਹ ਹੋਇਆ ਕਿ ਗੁਰੂ ਬਾਬਾ ਜੀ ਜਿਨ੍ਹਾਂ ਪਾਖੰਡਾਂ ਨੂੰ ਛੱਡਣ ਦਾ ਉਪਦੇਸ਼ ਦਿੰਦੇ ਹਨ, ਉਨ੍ਹਾਂ ਵਿਚ ਟਿੱਕਾ, ਤਿਲਕ ਵੀ ਹੈ।

ਸੋ ਜਿਸ ਤਿਲਕ ਨੂੰ ਗੁਰੂ ਜੀ ਫੋਕਟ ਤੇ ਪਾਖੰਡ ਕਹਿੰਦੇ ਹਨ, ਉਹ ਤਿਲਕ ਉਹ ਅਪਣੇ ਮੱਥੇ ਉੱਤੇ ਕਿਵੇਂ ਲਾ ਸਕਦੇ ਸਨ ? ਸਾਫ਼ ਹੈ ਕਿ ਨਾ ਉਨ੍ਹਾਂ ਆਪ ਕਦੀਂ ਤਿਲਕ ਲਾਇਆ ਸੀ ਅਤੇ ਇਸ ਲਈ ਨਾ ਗੁਰਿਆਈ ਦੇਣ ਸਮੇਂ ਗੁਰੂ ਅੰਗਦ ਦੇਵ ਜੀ ਨੇ ਲਾਇਆ ਸੀ। ਨਾ ਹੀ ਅਗੋਂ ਕਿਸੇ ਗੁਰੂ ਜੀ ਨੇ ਆਪ ਲਾਇਆ ਜਾਂ ਕਿਸੇ ਹੋਰ ਵਿਅਕਤੀ ਦੇ ਲਾਇਆ।

ਭਾਵੇਂ 'ਬਲਵੰਡ ਸੱਤੇ ਦੀ ਵਾਰ' ਦੀ ਪਹਿਲੀ ਪਉੜੀ ਵਿਚ ਬਲਵੰਡ ਜੀ ਲਿਖਦੇ ਹਨ : 'ਗੁਰਿ ਚੇਲੇ ਰਹਿਰਾਸ ਕੀਈ ਨਾਨਕਿ ਸਲਾਮਤਿ ਥੀਵਦੈ ॥ ਸਹਿ ਟਿਕਾ ਦਿਤੋਸੁ ਜੀਵਦੈ ॥' ਪਰ ਸਾਨੂੰ 'ਦਿਤੋਸੁ' ਕਿਰਿਆ ਵਲ ਧਿਆਨ ਦੇਣਾ ਚਾਹੀਦਾ ਹੈ। 'ਟਿਕਾ ਦਿਤੋਸੁ' ਹੈ, 'ਟਿਕਾ ਲਾਇਓਸੁ' ਨਹੀਂ। ਭਾਵ ਹੈ 'ਉਸ ਨੂੰ ਟਿੱਕਾ ਦਿੱਤਾ'। ਟਿਕਾ ਜਾਂ ਤਿਲਕ ਦਾ ਏਥੇ ਮਤਲਬ ਹੈ 'ਗੁਰੂਪਦ, ਗੁਰਿਆਈ'। ਸਾਰੀ ਕੋਟੇਸ਼ਨ ਦਾ ਭਾਵ ਹੈ : 'ਹੁਣ ਜੀਉਂਦਿਆਂ ਹੀ ਗੁਰੂ ਨਾਨਕ ਨੇ ਆਪਣੇ ਸਿੱਖ, ਬਾਬਾ ਲਹਿਣਾ ਜੀ ਅੱਗੇ ਮੱਥਾ ਟੇਕਿਆ ਅਤੇ ਗੁਰਿਆਈ ਦੇ ਕੇ ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ।'

## ਗੁਰੂ ਜੀ ਦੀ ਗ੍ਰਿਫ਼ਤਾਰੀ :

ਜਦ ਹਕੂਮਤ ਨੇ ਕਿਸੇ ਹਰ-ਮਨ-ਪਿਆਰੇ ਬੰਦੇ ਨੂੰ ਫੜਨਾ ਹੋਵੇ ਤਾਂ ਆਮ ਤੌਰ ਤੇ ਗੱਲ ਗੁਪਤ ਰੱਖੀ ਜਾਂਦੀ ਹੈ ਤਾਂ ਕਿ ਜਨਤਾ ਨੂੰ ਪਤਾ ਨਾ ਲੱਗੇ। ਸੋ ਮੁਰਤਿਜ਼ਾ ਖਾਂ ਨੇ ਵੀ ਜਹਾਂਗੀਰ ਦੇ ਹੁਕਮ ਨੂੰ ਗੁਪਤ ਰੱਖ ਕੇ ਹੀ ਗੁਰੂ ਜੀ ਨੂੰ ਲਾਹੌਰ ਸੱਦ ਭੇਜਿਆ। ਉਂਝ ਦੂਰ-ਦਰਸ਼ੀ ਗੁਰੂ ਜੀ ਸਭ ਕੁਝ ਜਾਣਦੇ ਸਨ। ਇਸ ਲਈ ਹੀ ਅਪਣੇ ਥਾਂ ਹਰਿ ਗੋਬਿੰਦ ਜੀ ਨੂੰ ਗੁਰੂ ਥਾਪ ਕੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਦਿਕ ਮੁਖੀ ਸਿੱਖਾਂ ਨੂੰ ਸੌਂਪਣਾ ਕਰਕੇ, ਅੱਗੇ ਲਈ ਸਾਰਾ ਪ੍ਰੋਗ੍ਰਾਮ ਸਮਝਾ ਕੇ, ਆਪ ਭਾਈ ਪਿਰਾਣਾ ਤੇ ਭਾਈ ਲੰਗਾਹ ਆਦਿਕ ਪੰਜ ਸਿਖਾਂ ਨੂੰ ਲੈ ਕੇ ਲਾਹੌਰ ਜਾ ਅੱਪੜੇ। ਮੁਰਤਿਜ਼ਾ ਖਾਂ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਚੰਦੂ ਦੇ ਹਵਾਲੇ ਕਰ ਦਿੱਤਾ। ਇਹ ਜ਼ਿਕਰ ਮਈ ਦੇ ਅੰਤਲੇ ਸਪਤਾਹ ਦਾ ਹੈ। ਅੱਜ ਕਲ੍ਹ ਦੇ ਹਿਸਾਬ ਨਾਲ ਜੂਨ ਦਾ ਦੂਜਾ ਵੀਕ ਸੀ।

ਕਈ ਇਤਿਹਾਸਕਾਰਾਂ ਨੇ ਲਿਖ ਦਿੱਤਾ ਹੈ ਕਿ ਗੁਰੂ ਜੀ ਨੂੰ ਦੋ ਲੱਖ

ਰੁਪਇਆ ਜੁਰਮਾਨਾ ਵੀ ਕੀਤਾ ਗਿਆ ਸੀ। ਉਨ੍ਹਾਂ ਨੇ ਦੇਣ ਤੋਂ ਨਾਂਹ ਕਰ ਦਿੱਤੀ, ਚੰਦੂ ਅਮੀਰ ਸੀ, ਉਸ ਨੇ ਉਹ ਫ਼ਾਈਨ ਭਰਕੇ ਗੁਰੂ ਜੀ ਨੂੰ ਅਪਣੀ ਹਿਰਾਸਤ ਵਿਚ ਲੈ ਲਿਆ। ਇਹ ਗੱਲ ਗਲਤ ਹੈ। ਜੁਰਮਾਨਾ ਤਾਂ ਅੰਬਾ ਨੂੰ ਹੋਇਆ ਸੀ, ਅਤੇ ਹੋਇਆ ਵੀ ਇਕ ਲੱਖ ਪੰਦਰਾਂ ਹਜ਼ਾਰ ਰੁਪਇਆ ਸੀ। ਜੇ ਗੁਰੂ ਜੀ ਨੂੰ ਵੀ ਹੋਇਆ ਹੁੰਦਾ ਤਾਂ ਜਹਾਂਗੀਰ ਲਿਖਦਾ, ਜਿਵੇਂ ਉਸ ਨੇ ਅੰਬਾ ਬਾਰੇ ਲਿਖਿਆ ਹੈ। ਪਰ ਉਸਨੇ ਇਹ ਕੁਝ ਨਹੀਂ ਕੀਤਾ। ਇਤਿਹਾਸਕਾਰਾਂ ਹੀ ਨੇ ਅੰਬਾ ਦਾ ਜੁਰਮਾਨਾ ਹੀ ਗੁਰੂ ਜੀ ਦੇ ਗਲ ਮੜ੍ਹ ਦਿਤਾ ਅਤੇ ਬਣਾ ਵੀ ਉਸਨੂੰ ਵਧਾ ਕੇ ਦੋ ਲੱਖ ਰੁਪਇਆ ਦਿੱਤਾ।

ਕਈ ਇਤਿਹਾਸਕਾਰਾਂ ਨੇ ਲਿਖ ਦਿੱਤਾ ਹੈ ਕਿ ਜਹਾਂਗੀਰ ਨੇ ਗੁਰੂ ਜੀ ਨੂੰ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਤੇ ਇਸਲਾਮ ਦੀ ਸਿਫ਼ਤ ਲਿਖ ਦਿਓ ਪਰ ਗੁਰੂ ਜੀ ਮੰਨੇ ਨਾ। ਇਹ ਗੱਲ ਵੀ ਗ਼ਲਤ ਹੈ। ਇਸਦਾ ਕੋਈ ਸਬੂਤ ਨਹੀਂ ਮਿਲਦਾ। ਗੁਰੂ ਜੀ ਦਾ ਜਹਾਂਗੀਰ ਨਾਲ ਕਦੇ ਸਰੀਰਕ ਮੇਲ ਨਹੀਂ ਸੀ ਹੋਇਆ।

ਹਾਂ, ਜਹਾਂਗੀਰ ਇਹ ਜ਼ਰੂਰ ਲਿਖਦਾ ਹੈ : 'ਤਿੰਨ ਚਾਰ ਪੀੜ੍ਹੀਆਂ ਤੋਂ ਇਨ੍ਹਾਂ (ਗੁਰੂਆਂ) ਨੇ ਝੂਠ ਦੀ ਦੁਕਾਨ ਚਲਾਈ ਹੋਈ ਹੈ। ਕਈ ਚਿਰ ਤੋਂ ਮੇਰੇ ਦਿਲ ਵਿਚ ਖ਼ਿਆਲ ਉੱਠ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ ਅਰਜਨ ਦੇਵ) ਨੂੰ ਇਸਲਾਮ ਦੇ ਘੇਰੇ ਵਿਚ ਲੈ ਆਉਣਾ ਚਾਹੀਦਾ ਹੈ।'

**ਸਿੱਖ-ਮੁਗ਼ਲ ਸੰਬੰਧ- ਗੁਰੂ ਘਰ ਝੂਠ ਦੀ ਦੁਕਾਨ ਨਹੀਂ ਸੀ :**

ਏਥੇ ਸੰਖੇਪ ਤੌਰ ਤੇ ਉਸ ਸਮੇਂ ਦੇ ਸਿੱਖ-ਮੁਗ਼ਲ ਸੰਬੰਧ ਪੜਤਾਲਣ ਦੀ ਵੀ ਆਵਸ਼ਕਤਾ ਹੈ। ਜਹਾਂਗੀਰ ਦੇ ਪੜਦਾਦਾ, ਬਾਬਰ ਨੇ ਸੰਨ 1521 ਵਿਚ ਜਦੋਂ ਸੈਦਪੁਰ (ਏਮਨਾਬਾਦ) ਤੇ ਹੱਲਾ ਬੋਲਿਆ ਸੀ ਤਾਂ ਲੋਕਾਂ ਨਾਲ ਗੁਰੂ ਨਾਨਕ ਜੀ ਅਤੇ ਭਾਈ ਮਰਦਾਨਾ ਜੀ ਵੀ ਬਾਬਰ ਦੀ ਕੈਦ ਵਿਚ ਪਏ ਸਨ। ਜਦ ਬਾਬਰ ਨੇ ਅੱਗੇ ਵਧ ਕੇ ਰਾਵੀ ਦੇ ਕੰਢੇ ਜ਼ਿਲਾ ਸਿਆਲਕੋਟ ਵਿਚ ਪਿੰਡ ਅਵਾਣ ਡੇਰਾ ਕੀਤਾ ਤਦ ਉਹ ਸਾਰੇ ਕੈਦੀਆਂ ਨੂੰ ਵੀ ਨਾਲ ਹੀ ਲੈ ਗਿਆ। ਉਨ੍ਹਾਂ ਅੱਗੇ ਚੱਕੀਆਂ ਰੱਖੀਆਂ ਗਈਆਂ, ਆਟਾ ਪਿਹਾਇਆ ਗਿਆ। ਗੁਰੂ ਬਾਬਾ ਅਤੇ ਭਾਈ ਮਰਦਾਨਾ ਵੀ ਆਟਾ ਪੀਹ ਰਹੇ ਸਨ ਪਰ ਰੱਬ ਦੀ ਰਜ਼ਾ ਵਿਚ, ਗੰਭੀਰਤਾ ਨਾਲ। ਅਫ਼ਸਰ ਹੈਰਾਨ ! ਬਾਬਰ ਹੈਰਾਨ ! ਗੁਰੂ ਜੀ ਹਾਲਾਂ ਹਾਜ਼ੀਆਂ ਵਾਲੇ ਫ਼ਕੀਰੀ ਬਾਣੇ ਵਿਚ ਹੀ ਸਨ। ਗੁਰੂ ਜੀ ਨੇ ਨਿਰਭੈਤਾ ਨਾਲ ਬਾਬਰ ਨੂੰ ਮਾਨੁੱਖਤਾ ਦਾ ਰਸਤਾ ਸਮਝਾਇਆ। ਬਾਬਰ ਨੇ ਸਾਰੇ ਕੈਦੀ ਰਿਹਾ ਕਰ ਦਿੱਤੇ।

ਸੰਨ 1540 ਵਿਚ ਜਦੋਂ ਸ਼ੇਰ ਸ਼ਾਹ ਸੂਰੀ ਤੋਂ ਭਾਂਜ ਖਾ ਕੇ ਜਹਾਂਗੀਰ ਦਾ ਬਾਬਾ, ਹੁਮਾਯੂੰ, ਪੰਜਾਬ ਵਿੱਚੀਂ ਲੰਘਦਾ ਹੋਇਆ ਖਡੂਰ ਸਾਹਿਬ ਆਇਆ ਕਿ ਸ਼ਾਇਦ ਗੁਰੂ ਅੰਗਦ ਦੇਵ ਜੀ ਦੀ ਦੁਆ ਨਾਲ ਹਾਰੀ ਹੋਈ ਬਾਜ਼ੀ ਜਿੱਤੀ ਜਾ ਸਕੇ

ਤਾਂ ਜਾਤਿ ਅਭਿਮਾਨੀਆਂ ਨੇ ਉਸਦੇ ਕੰਨ ਵੀ ਐਨੇ ਭਰ ਦਿੱਤੇ ਸਨ ਕਿ ਉਹ ਗੁਰੂ ਜੀ ਅੱਗੇ ਸਿਰ ਨਿਵਾਣ ਦੇ ਥਾਂ ਉਨ੍ਹਾਂ ਉਤੇ ਤਲਵਾਰ ਚਲਾਉਣ ਨੂੰ ਤਿਆਰ ਹੋ ਗਿਆ ਸੀ। ਜਦ ਗੁਰੂ ਜੀ ਨੂੰ ਉਸ ਵਲ ਨਿਗਾਹ ਕਰਕੇ ਉਸ ਨੂੰ ਕਿਹਾ, 'ਜਿਥੇ ਤੂੰ ਤਲਵਾਰ ਚਲਾਉਣੀ ਸੀ, ਓਥੋਂ ਤਾਂ ਭੱਜ ਆਇਆ ਹੈਂ , ਤਾਂ ਅਕਲ ਆਈ ਅਤੇ ਚਰਨੀਂ ਢੱਠਾ।

ਜਿਵੇ ਅੱਗੇ ਜ਼ਿਕਰ ਆ ਚੁਕਾ ਹੈ, ਸੰਨ 1557 ਵਿਚ ਗੁਰੂ ਅਮਰਦਾਸ ਜੀ ਵਲੋਂ ਭੇਜੇ ਹੋਏ ਭਾਈ ਜੇਠਾ ਜੀ ਨੇ ਹੀ ਗੁਰੂ ਅਮਰਦਾਸ ਜੀ ਵਲੋਂ ਅਕਬਰ ਨੂੰ ਕਿਹਾ ਸੀ ਕਿ ਸਤੀ ਦੀ ਰਸਮ ਦੇ ਵਿਰੁੱਧ ਸ਼ਾਹੀ ਤਾਕਤ ਵੀ ਵਰਤਣੀ ਚਾਹੀਦੀ ਹੈ ਅਤੇ ਹਿੰਦੂਆਂ ਤੇ ਲੱਗਾ ਹੋਇਆ ਯਾਤ੍ਰਾ ਟੈਕਸ ਵੀ ਬੰਦ ਹੋਣਾ ਚਾਹੀਦਾ ਹੈ । ਜਦ ਅਕਬਰ ਨੂੰ ਪਤਾ ਲੱਗਾ ਕਿ ਆਉਂਦੇ ਅਭੀਚ ਪੁਰਬ ਦੇ ਸਮੇਂ ਗੁਰੂ ਅਮਰ ਦਾਸ ਜੀ ਕੁਰਖੇਤ ਤੇ ਹਰਿਦੁਆਰ ਆਦਿ ਤੀਰਥਾਂ ਤੇ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਹਨ ਤਾਂ ਅਕਬਰ ਨੇ ਫ਼ੈਸਲਾ ਕੀਤਾ ਕਿ ਗੁਰੂ ਜੀ ਨੂੰ ਤਾਂ ਸਿੱਖ ਹੋਣ ਦੇ ਨਾਤੇ ਕੋਈ ਟੈਕਸ ਹੈ ਹੀ ਨਹੀਂ। ਪਰ ਜਿਹੜੇ ਹਿੰਦੂ ਵੀ ਗੁਰੂ ਜੀ ਨਾਲ ਜਾਣ, ਉਨ੍ਹਾਂ ਤੋਂ ਵੀ ਕੋਈ ਮਹਿਸੂਲ ਨਾ ਲਿਆ ਜਾਵੇ।

ਜਦ ਸੰਨ 1560 ਵਿਚ ਜਹਾਂਗੀਰ ਦਾ ਪਿਉ ਅਕਬਰ ਗੋਇੰਦਵਾਲ ਆਇਆ, ਲੰਗਰ ਵਿਚ ਪਰਸ਼ਾਦ ਛਕਿਆ ਅਤੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਤਾਂ ਐਨਾ ਪ੍ਰਭਾਵਿਤ ਹੋਇਆ ਕਿ ਲੰਗਰ ਲਈ ਜਾਗੀਰ ਲਾਉਣੀ ਚਾਹੀ। ਜਦ ਗੁਰੂ ਜੀ ਨਾ ਮੰਨੇ ਤਾਂ ਅਕਬਰ ਨੇ ਝਬਾਲ ਪਰਗਣੇ ਦੀ ਜਾਗੀਰ ਗੁਰੂ ਜੀ ਦੀ ਸਪੁੱਤ੍ਰੀ, ਭਾਈ ਜੇਠਾ ਪਿੱਛੋਂ (ਗੁਰੂ ਰਾਮਦਾਸ) ਦੀ ਸੁਪਤਨੀ, ਜੋ ਫਿਰ ਗੁਰੂ ਅਰਜਨ ਦੇਵ ਜੀ ਦੀ ਮਾਤਾ ਬਣੀ, ਬੀਬੀ ਭਾਨੀ ਜੀ ਦੇ ਨਾਉਂ ਕਰ ਦਿਤੀ। ਗੁਰੂ ਅਮਰ ਦਾਸ ਨੇ ਹੁਣ ਅਕਬਰ ਨੂੰ ਆਪ ਵੀ ਪ੍ਰੇਰਿਆ ਕਿ ਹਿੰਦੂਆਂ ਤੋਂ ਯਾਤ੍ਰਾ ਟੈਕਸ ਨਾ ਲਿਆ ਜਾਵੇ।

ਸੰਨ 1563 ਵਿਚ ਅਕਬਰ ਮਥੁਰਾ ਗਿਆ। ਹਿੰਦੂ ਪੁਰਬ ਦਾ ਸਮਾਂ ਸੀ। ਗੁਰੂ ਜੀ ਦੀ ਪ੍ਰੇਰਨਾ ਦਾ ਸਦਕਾ ਉਸ ਨੇ ਓਥੇ ਹੀ ਹੁਕਮ ਜਾਰੀ ਕਰ ਦਿੱਤਾ ਕਿ ਅੱਗੇ ਲਈ ਯਾਤ੍ਰਾ ਟੈਕਸ ਬੰਦ ਕਰ ਦਿਤਾ ਜਾਵੇ।

ਜਿਵੇਂ ਪਹਿਲਾਂ ਲਿਖਿਆ ਜਾ ਚੁੱਕਾ ਹੈ, ਅਕਬਰ ਸੰਨ 1598 ਵਿਚ ਗੁਰੂ ਅਰਜਨ ਦੇਵ ਜੀ ਨੂੰ ਵੀ ਗੋਇੰਦ ਵਾਲ ਆ ਕੇ ਮਿਲਿਆ ਸੀ ਅਤੇ ਬੜਾ ਖ਼ੁਸ਼ ਹੋਇਆ ਸੀ।

ਭਾਵੇਂ ਮਾਰਚ 1621 ਵਿਚ ਆਗਰੇ ਤੋਂ ਗੁਪਤ ਹੁਕਮ ਜਾਰੀ ਕਰ ਦਿਤਾ ਗਿਆ ਸੀ ਕਿ ਗੁਰੂ ਹਰਿਗੋਬਿੰਦ ਜੀ ਨੂੰ ਲਿਆ ਕੇ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕੀਤਾ ਜਾਵੇ, ਅਤੇ ਸਿਟੇ ਵਜੋਂ ਗੁਰੂ ਜੀ ਅਗਸਤ ਸੰਨ 1621 ਤਾਈਂ ਚਾਰ ਕੁ ਮਹਾਨੇ ਨਜ਼ਰਬੰਦੀ ਵਿਚ ਰਹੇ ਸਨ। ਪਰ ਰਿਹਾਈ ਪਿੱਛੋਂ ਜਹਾਂਗੀਰ ਗੁਰੂ ਜੀ ਨਾਲ ਪੰਜਾਬ ਆਇਆ, ਗੁਮਟਾਲੇ ਪਿੰਡ ਦੇ ਲਾਗੇ ਡੇਰਾ ਕੀਤਾ, ਨੂਰਿਜਹਾਂ

ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਹਰਿ ਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਦਰਸ਼ਨ ਕੀਤਾ, ਅਤੇ ਜਾਗੀਰ ਆਦਿਕ ਮਦਦ ਦੇਣੀ ਵੀ ਚਾਹੀ ਸੀ । ਪਰ ਗੁਰੂ ਜੀ ਨੇ ਨਾਂਹ ਕਰ ਦਿੱਤੀ ਅਤੇ ਆਖ਼ਿਆ ਕਿ ਗੁਰਦਵਾਰੇ ਅਤੇ ਲੰਗਰ ਜਨਤਾ ਦੀ ਪਿਆਰ-ਭੇਟ ਨਾਲ ਹੀ ਬਣਦੇ ਤੇ ਚਲਦੇ ਸ਼ੋਭਦੇ ਹਨ। ਜਹਾਂਗੀਰ ਗੁਰੂ ਜੀ ਨੂੰ ਲਾਹੌਰ ਤਾਈਂ ਅਪਣੇ ਨਾਲ ਲੈ ਕੇ ਜਾਣਾ ਚਾਹੁੰਦਾ ਸੀ। ਗੁਰੂ ਜੀ ਮੰਨ ਗਏ, ਉਂਝ ਜਹਾਂਗੀਰ ਨੇ ਅਪਣੀ ਹੱਡ ਬੀਤੀ ਵਿਚ ਗੁਰੂ ਹਰਿਗੋਬਿੰਦ ਜੀ ਨੂੰ ਨਜ਼ਰਬੰਦ ਕਰਨ ਅਤੇ ਅੰਮ੍ਰਿਤਸਰ ਆਉਣ ਬਾਰੇ ਕੁਝ ਨਹੀਂ ਲਿਖਿਆ। ਕਾਰਨ ? ਅਸੀਂ ਆਪੋ ਅਪਣਾ ਅੰਦਾਜ਼ਾ ਹੀ ਲਾ ਸਕਦੇ ਹਾਂ।

ਲਾਹੌਰ ਦੇ ਸ਼ਾਹੀ ਕਾਜ਼ੀ ਦੀ ਧੀ ਬੀਬੀ ਕੌਲਾਂ ਵਲੀ ਮੀਆਂ ਮੀਰ ਦੀ ਮੁਰੀਦ ਸੀ। ਵਲੀ ਜੀ ਖ਼ਲੀਫ਼ਾ ਉਮਰ ਦੀ ਬੰਸ ਵਿਚੋਂ ਸਨ। ਜਨਮ ਸੰਨ 1550 ਵਿਚ ਈਰਾਨ ਦੇ ਪੂਰਬ ਵਿਚ ਸੀਸਤਾਨ ਹੋਇਆ ਸੀ। ਅਸਲੀ ਨਾਉਂ ਸ਼ੇਖ ਮੁਹੰਮਦ ਮੀਰ ਸ਼ਾਹੀ ਸੀ। ਉਮਰ ਦਾ ਬਹੁਤਾ ਹਿੱਸਾ ਲਾਹੌਰ ਰਹੇ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿ ਮੰਦਰ ਸਾਹਿਬ ਦੀ ਨੀਂਹ ਵਲੀ ਜੀ ਦੇ ਹੱਥੋਂ ਰਖਵਾਈ ਸੀ। ਦੋਹਾਂ ਦੋਸਤਾਂ ਦਾ ਲਾਹੌਰ ਤੇ ਅੰਮ੍ਰਿਤਸਰ ਮੇਲ ਹੁੰਦਾ ਰਹਿੰਦਾ ਸੀ। ਇਕ ਵਾਰੀ ਕਈ ਦਿਨ 'ਸੁਖਮਨੀ' ਦੀ ਅੱਠਵੀਂ ਅਸ਼ਟਪਦੀ ਵਿਚ ਦਿੱਤੇ ਗਏ ਬ੍ਰਹਮ ਗਿਆਨੀ ਦੇ ਵਰਣਨ ਬਾਰੇ ਦੋਹਾਂ ਮਿੱਤ੍ਰਾਂ ਦੀ ਵੀਚਾਰ ਹੁੰਦੀ ਰਹੀ। ਵਲੀ ਜੀ ਦਾ ਮਸ਼ਹੂਰ ਮੁਰੀਦ ਮੁੱਲਾਂ ਸ਼ਾਹ (ਸ਼ਾਹ ਮੁਹੰਮਦ) ਜਹਾਂਗੀਰ ਦੇ ਪੁੱਤ ਸ਼ਾਹਜਹਾਨ ਦੇ ਪੁੱਤ, ਭਾਵ ਜਹਾਂਗੀਰ ਦੇ ਪੋਤੇ ਦਾਰਾ ਸ਼ਿਕੋਅ ਦਾ ਪੀਰ ਸੀ। ਇਹੀ ਦਾਰਾ ਗੁਰੂ ਹਰਿ ਰਾਇ ਜੀ ਨੂੰ ਸਤਕਾਰ ਨਾਲ 'ਭਾਈਆ ਜੀ' ਕਹਿ ਕੇ ਬੁਲਾਂਦਾ ਸੀ। ਇਸ ਸ਼ਰਧਾ ਦਾ ਕਾਰਨ ਇਹ ਵੀ ਸੀ ਕਿ ਸੰਨ 1646 ਦੇ ਪਿੱਛੋਂ ਸ਼ਾਹਜਹਾਨ ਵਲੋਂ ਭੇਜਿਆ ਗਿਆ ਇਕ ਦਰਬਾਰੀ ਗੁਰੂ ਜੀ ਪਾਸੋਂ ਇਕ ਦਵਾਈ ਲੈ ਕੇ ਗਿਆ ਸੀ, ਜੋ ਹੋਰ ਕਿਤਿਓਂ ਨਹੀਂ ਸੀ ਮਿਲੀ, ਅਤੇ ਉਸ ਦਵਾਈ ਨਾਲ ਹੀ ਦਾਰਾ ਕਿਸੇ ਖ਼ਤਰਨਾਕ ਬੀਮਾਰੀ ਤੋਂ ਅਰੋਗ ਹੋ ਸਕਿਆ ਸੀ। ਇਸੇ ਦਾਰਾ ਨੇ ਪੰਜਾਬ ਦਾ ਗਵਰਨਰ ਹੋਣ ਸਮੇਂ ਗੁਰੂ ਹਰਿ ਰਾਇ ਜੀ ਨੂੰ ਲੰਗਰ ਵਾਸਤੇ ਜਾਗੀਰ ਵੀ ਦੇਣੀ ਚਾਹੀ ਸੀ ਪਰ ਗੁਰੂ ਜੀ ਨੇ ਨਾਂਹ ਕਰ ਦਿੱਤੀ ਸੀ। ਆਈਏ, ਮੁੜ ਸਾਈਂ ਮੀਆਂ ਮੀਰ ਵਲ, ਵਲੀ ਜੀ ਗੁਰੂ ਹਰਿਗੋਬਿੰਦ ਜੀ ਨੂੰ ਵੀ 'ਅੱਲਾ ਦਾ ਨੂਰ' ਕਹਿ ਕੇ ਸਤਿਕਾਰਦੇ ਸਨ। ਬੀਬੀ ਕੌਲਾਂ ਵਲੀ ਜੀ ਤੋਂ ਗੁਰਬਾਣੀ ਸੁਣ ਸੁਣ ਕੇ ਆਪ ਵੀ ਪੜ੍ਹਨ ਲੱਗ ਪਈ। ਕਾਜ਼ੀ ਨੇ ਇਸੇ ਕਾਰਨ ਆਪਣੀ ਧੀ ਨੂੰ ਜਾਨੋਂ ਮਰਵਾਣਾ ਚਾਹਿਆ। ਬੀਬੀ ਆਪਣੇ ਪੀਰ ਦੀ ਸ਼ਰਨ ਆਈ। ਪੀਰ ਨੇ ਅਪਣੇ ਖ਼ਾਸ ਮੁਰੀਦਾਂ ਰਾਹੀਂ ਕੌਲਾਂ ਨੂੰ ਗੁਰੂ ਹਰਿਗੋਬਿੰਦ ਦੇ ਹਜ਼ੂਰ ਅੰਮ੍ਰਿਤਸਰ ਪੁਚਾ ਦਿੱਤਾ। ਫ਼ਰਵਰੀ ਸੰਨ 1623 ਵਿਚ ਜਹਾਂਗੀਰ ਕਸ਼ਮੀਰੋਂ ਦਿੱਲੀ ਨੂੰ ਜਾਂਦਾ ਹੋਇਆ ਲਾਹੌਰ ਠਹਿਰਿਆ। ਸ਼ਾਹੀ ਕਾਜ਼ੀ ਨੇ ਜਹਾਂਗੀਰ ਅੱਗੇ ਗੁਰੂ ਜੀ ਵਿਰੁੱਧ ਸ਼ਿਕਾਇਤ ਕੀਤੀ ਕਿ ਮੇਰੀ ਧੀ ਮੇਰੇ ਘਰੋਂ ਚੋਰੀਂ ਦੌੜ ਕੇ ਉਨ੍ਹਾਂ ਦੀ ਸ਼ਰਨ ਜਾ ਰਹੀ ਹੈ ਅਤੇ ਸਿੱਖ ਬਣ ਗਈ ਹੈ।

ਪਰ ਜਹਾਂਗੀਰ ਨੇ ਇਹ ਸ਼ਕਾਇਤ ਰੱਦ ਕਰ ਦਿੱਤੀ। ਸੋ ਅਗਸਤ ਸੰਨ 1621 ਤੋਂ 28 ਅਕਤੂਬਰ ਸੰਨ 1627 ਤਾਈਂ, ਜਦੋਂ ਉਹ ਬਹੁਤ ਸ਼ਰਾਬ ਪੀਣ ਕਾਰਨ ਦਮੇ ਦੀ ਬੀਮਾਰੀ ਨਾਲ ਮਰਿਆ, ਉਸ ਦੇ ਸੰਬੰਧ ਛੇ ਸਾਲ ਗੁਰੂ ਜੀ ਨਾਲ ਚੰਗੇ ਹੀ ਰਹੇ।

ਉਪਰਲੀ ਸਾਰੀ ਵਿਚਾਰ ਸਾਬਤ ਕਰਦੀ ਹੈ ਕਿ ਜਹਾਂਗੀਰ ਦਾ ਇਹ ਲਿਖਣਾ ਕਿ ਤਿੰਨ ਚਾਰ ਪੁਸ਼ਤਾਂ ਤੋਂ ਇਹ ਝੂਠ ਦੀ ਦੁਕਾਨ ਉਨ੍ਹਾਂ ਗੁਰੂਆਂ ਨੇ ਚਲਾਈ ਹੋਈ ਹੈ, ਇਨਸਾਫ਼-ਪਸੰਦੀ ਨਹੀਂ, ਈਮਾਨਦਾਰੀ ਨਹੀਂ, ਸਗੋਂ ਸ਼ਰਾਰਤ ਹੈ, ਹਮਾਕਤ ਹੈ, ਹਲਕਾਪਨ ਹੈ। ਅਸਲ ਗੱਲ ਤਾਂ ਇਹ ਹੈ ਕਿ ਪਹਿਲਾਂ ਪਹਿਲਾਂ ਮੁਗਲਾਂ ਦਾ ਰਾਜ ਵੀ ਨਵਾਂ ਨਵਾਂ ਸੀ ਅਤੇ ਸਿੱਖ ਧਰਮ ਵੀ। ਇਸ ਲਈ ਜਹਾਂਗੀਰ ਦੇ ਪੂਰਵਜਾਂ ਨੂੰ ਸਿੱਖ ਧਰਮ ਤੋਂ ਕੋਈ ਖ਼ਤਰਾ ਨਾ ਭਾਸਿਆ। ਪਰ ਉਹ ਸਿੱਖ ਗਤੀ-ਵਿਧੀਆਂ ਨੂੰ ਸਦਾ ਅੱਖ ਥੱਲੇ ਰਖਦੇ ਰਹੇ ਅਤੇ ਸਮੇਂ ਅਨੁਸਾਰ ਯੋਗ ਕਾਰਵਾਈ ਕਰਦੇ ਰਹੇ। ਟੱਕਰ ਦੀ ਸੰਭਾਵਨਾ ਕਦੀ ਵੀ ਹੋ ਸਕਦੀ ਸੀ। ਜਹਾਂਗੀਰ ਕਿਉਂਕਿ ਅਪਣੇ ਪੁਰਖਿਆਂ ਨਾਲੋਂ ਜ਼ਿਆਦਾ ਕਟੱੜ ਮੁਸਲਮਾਨ ਸੀ, ਇਸ ਲਈ ਉਹ ਚਾਹੁੰਦਾ ਸੀ ਕਿ ਗੁਰੂ ਅਰਜੁਨ ਦੇਵ ਜੀ ਮੁਸਲਮਾਨ ਬਣ ਜਾਣ ਤਾਂ ਕਿ ਉਨ੍ਹਾਂ ਦੇ ਸਾਰੇ ਸਿੱਖ ਵੀ ਮੁਸਲਮਾਨ ਬਣ ਜਾਣ, ਅਤੇ ਅੱਗੇ ਲਈ ਮੁਸਲਮਾਨਾਂ ਦੇ ਸਿਖ ਬਣਨ ਦੀ ਵੀ ਕੋਈ ਸੰਭਾਵਨਾ ਨਾ ਰਹੇ।

ਸਾਡੇ ਕਈ ਪ੍ਰਚਾਰਕ ਇਹ ਵੀ ਕਹੀ ਜਾਂਦੇ ਹਨ ਕਿ ਚੰਦੂ ਨੇ ਗੁਰੂ ਜੀ ਨੂੰ ਕਿਹਾ ਕਿ ਜੇ ਮੇਰੀ ਧੀ ਦਾ ਸਾਕ ਅਪਣੇ ਪੁੱਤ ਲਈ ਲੈਣਾ ਹਾਲਾਂ ਵੀ ਮੰਨ ਜਾਵੋ ਤਾ ਮੈਂ ਜਹਾਂਗੀਰ ਪਾਸੋਂ ਤੁਹਾਡੀ ਜਾਨ-ਬਖ਼ਸ਼ੀ ਕਰਵਾ ਸਕਦਾ ਹਾਂ, ਪਰ ਗੁਰੂ ਜੀ ਮੰਨੇ ਨਾ। ਇਹ ਗੱਲ ਵੀ ਬਿਲਕੁਲ ਨਿਰਮੂਲ ਹੈ। ਇਹ ਗੱਲ ਕਹਿਣ, ਮੰਨਣ ਜਾਂ ਨਾ ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਜਦ ਕਿ ਜਹਾਂਗੀਰ ਆਪ ਦੰਡ ਦੇਣ ਦਾ ਹੁਕਮ ਕਰ ਗਿਆ ਸੀ।

### ਗੁਰੂ ਜੀ ਦੀ ਸ਼ਹੀਦੀ

ਜਹਾਂਗੀਰ ਦਾ ਹੁਕਮ ਸੀ ਕਿ ਗੁਰੂ ਜੀ ਨੂੰ ਸਿਆਸਤ ਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦਿੱਤਾ ਜਾਵੇ। ਆਮ ਲੁਗ਼ਾਤਾਂ, ਕੋਸ਼ਾਂ ਵਿਚ ਤਾਂ 'ਯਾਸਾ' ਦਾ ਅਰਥ ਵੀ 'ਸਿਆਸਤ' ਹੀ ਲਿਖਿਆ ਹੋਇਆ ਹੈ। ਪਰ ਹੁਣ ਖੋਜੀਆਂ ਨੇ ਜੋ ਨਵੀਂ ਖੋਜ ਕੀਤੀ ਹੈ, ਉਸ ਅਨੁਸਾਰ ਮੁਗ਼ਲਾਂ ਨੇ ਇਹ ਕਾਨੂੰਨ ਅਪਣੇ ਮੰਗੋਲੀ ਵਡੇਰਿਆਂ ਤੋਂ ਲਿਆ ਸੀ। ਮੰਗੋਲ ਮੰਗੋਲੀਆ ਦੇ ਵਾਸੀ ਸਨ। ਜਦ ਉਹ ਤੁਰਕਿਸਤਾਨ ਗਏ ਅਤੇ ਪਿੱਛੋਂ ਹੋਰ ਦੇਸ਼ਾਂ ਵਿਚ ਵੀ ਫੈਲ ਗਏ, ਤਦ ਵੀ ਅਪਣੇ ਆਪ ਨੂੰ ਮੰਗੋਲ ਹੀ ਅਖਵਾਂਦੇ ਰਹੇ। 'ਮੁਗਲ' ਮੰਗੋਲ ਦਾ ਹੀ ਵਿਗੜਿਆ ਹੋਇਆ ਰੂਪ ਹੈ। ਯਾਸਾ ਦੇ ਕਾਨੂੰਨ ਦੀ ਇਕ ਧਾਰਾ ਇਹ ਵੀ ਸੀ ਕਿ ਉਹ ਪੀਰਾਂ ਫ਼ਕੀਰਾਂ ਤੋਂ ਡਰਦੇ ਉਨ੍ਹਾਂ ਨੂੰ ਕਤਲ ਨਹੀਂ ਸਨ ਕਰਦੇ। ਸਗੋਂ ਅਜਿਹੇ ਢੰਗ ਨਾਲ ਮਾਰਦੇ ਸਨ ਕਿ ਤਸੀਹੇ ਕਾਰਨ ਲਹੂ ਧਰਤੀ ਤੇ ਨਾ ਡਿੱਗੇ ਕਿਉਂਕਿ ਉਹ ਮੰਨਦੇ ਸਨ ਕਿ ਇਉਂ

ਕਰਨ ਨਾਲ ਉਨ੍ਹਾਂ ਪੀਰਾਂ ਦੀ ਰੂਹ ਮਾਰਨ ਵਾਲਿਆਂ ਤੇ ਉਨ੍ਹਾਂ ਦੀ ਸੰਤਾਨ ਨੂੰ ਤੰਗ ਕਰਦੀ ਹੈ। ਜੇ ਲਹੂ ਧਰਤੀ ਤੇ ਨਾ ਡੁੱਲ੍ਹਣ ਦਿੱਤਾ ਜਾਵੇ ਤਾਂ ਨਹੀਂ ਤੰਗ ਕਰਦੀ। ਗੁਰੂ ਜੀ ਨੂੰ ਦਿੱਤੇ ਗਏ ਤਸੀਹਾਂ ਵਿਚ ਸ਼ਾਇਦ ਇਸ ਮਨੌਤ ਦਾ ਵੀ ਥੋੜ੍ਹਾ ਬਹੁਤ ਹੱਥ ਹੋਵੇ।

ਜੇਠ ਦਾ ਮਹੀਨਾ ਸੀ ਪਹਿਲੇ ਦਿਨ ਚੰਦੂ ਨੇ ਗੁਰੂ ਜੀ ਨੂੰ ਪਹਿਲਾਂ ਧੁੱਪੇ, ਤਪੀ ਰੇਤ ਤੇ ਬਿਠਾਇਆ, ਪਿਛੋਂ ਗਰਮ ਪਾਣੀ ਦੀ ਦੇਗ਼ ਵਿਚ ਬਿਠਾਇਆ ਅਤੇ ਉਸ ਪਾਣੀ ਨੂੰ ਅਸਹਿ ਹਾਲਤ ਤਾਈਂ ਗਰਮ ਕੀਤਾ। ਇਕ ਪਹਿਰ ਇਹ ਸਾਰਾ ਕਸ਼ਟ ਦਿੱਤਾ।

ਰਾਤ ਪਿਆਂ ਚੰਦੂ ਦੀ ਨੂੰਹ ਵਿਚਾਰੀ, ਜੋ ਇਕ ਸਿੱਖ ਦੀ ਧੀ ਸੀ ਚੋਰੀਂ ਚੋਰੀਂ, ਪਹਿਰੇਦਾਰਾਂ ਦੀ ਮਦਦ ਨਾਲ ਗੁਰੂ ਜੀ ਲਈ ਭੋਜਨ ਤੇ ਸ਼ਰਬਤ ਲੈ ਕੇ ਆਈ। ਗੁਰੂ ਜੀ ਨੇ ਉਸ ਨੂੰ ਅਸੀਸ ਦਿੱਤੀ ਪਰ ਖਾਣ ਪੀਣ ਕੁੱਝ ਨਾ ਕੀਤਾ। ਦੂਜੇ ਦਿਨ ਫੇਰ ਗੁਰੂ ਜੀ ਨੂੰ ਪਹਿਲਾਂ ਗਰਮ ਰੇਤ ਉੱਤੇ ਲਿਟਾਇਆ ਗਿਆ। ਫਿਰ ਗਰਮ ਰੇਤ ਦੇ ਕੜਛੇ ਗੁਰਦਿੱਤੇ ਭੜਭੂੰਜੇ ਤੋਂ ਉਨ੍ਹਾਂ ਦੇ ਛਾਲਿਆਂ ਭਰੇ ਪਿੰਡੇ ਤੇ ਪਵਾਏ ਗਏ। ਇਹ ਕਸ਼ਟ ਵੀ ਤਿੰਨ ਘੰਟੇ ਦਾ ਸੀ।

ਤੀਜੇ ਦਿਨ ਲੋਹ ਤੱਤੀ ਕਰਕੇ ਉਸ ਉੱਤੇ ਤਿੰਨ ਘੰਟੇ ਗੁਰੂ ਜੀ ਨੂੰ ਬਿਠਾਇਆ ਗਿਆ।

ਵਲੀ ਮੀਆਂ ਮੀਰ ਨੂੰ ਇਸ ਉਪੱਦਰ ਦੀ ਸੂਹ ਮਿਲੀ ਤਾਂ ਉਹ ਝਟ ਪਟ ਆਇਆ। ਉਸ ਬੁੱਚੜ ਖਾਨੇ ਵਿਚ ਹੋਰ ਜਾ ਵੀ ਕੌਣ ਸਕਦਾ ਸੀ? ਪਰ ਵੈਰੀ ਅਪਣੀ ਕਰਤੂਤ ਕਰ ਚੁੱਕੇ ਸਨ। ਗੁਰੂ ਜੀ ਦੇ ਸਾਰੇ ਸਰੀਰ ਤੇ ਛਾਲੇ ਪੈ ਚੁੱਕੇ ਸਨ। ਸਰੀਰ ਨਿਢਾਲ ਹੋ ਚੁੱਕਾ ਸੀ। ਵਲੀ ਜੀ ਅੱਗੇ ਕੋਈ ਵੱਡੇ ਤੋਂ ਵੱਡਾ ਹਾਕਮ ਵੀ ਚੂੰ ਕਰਨ ਦੀ ਦਲੇਰੀ ਨਹੀਂ ਸੀ ਕਰ ਸਕਦਾ। ਪਰ ਏਥੇ ਉਸਦੀ ਕੋਈ ਪੇਸ਼ ਨਾ ਗਈ ਕਿਉਂਕਿ ਹੁਕਮ ਜਹਾਂਗੀਰ ਦਾ ਸੀ ਜੋ ਆਪ ਓਥੇ ਲਾਹੌਰ ਵਿਚ ਹੈ ਹੀ ਨਹੀਂ ਸੀ। ਮੁਰਤਿਜ਼ਾ ਖਾਂ ਅਤੇ ਚੰਦੂ ਨੇ ਅਪਣੀ ਬੇ-ਬਸੀ ਜ਼ਾਹਿਰ ਕਰ ਦਿੱਤੀ ਅਤੇ ਕਿਹਾ ਕਿ ਬਾਦਸ਼ਾਹ ਦੀ ਹੁਕਮਅਦੂਲੀ ਕਰਨ ਦੀ ਹਿੰਮਤ ਸਾਡੇ ਵਿਚ ਨਹੀਂ। ਸਾਨੂੰ ਅਪਣੀ ਜਾਨ ਚਾਹੀਦੀ ਹੈ। ਮੀਆਂ ਮੀਰ ਉਮਰ ਵਿਚ ਗੁਰੂ ਜੀ ਨਾਲੋਂ ਤੇਰਾਂ ਕੁ ਸਾਲ ਵੱਡਾ ਸੀ। ਦੋਵੇਂ ਦੋਸਤ ਭਾਣੇ ਵਿਚ ਸਨ। ਸੋ ਵਲੀ ਜੀ ਗੁਰੂ ਜੀ ਨੂੰ ਸਿਜਦਾ ਕਰਕੇ ਵਿਦਾ ਹੋਇਆ।

ਕਈ ਇਤਿਹਾਸਕਾਰ ਕਹਿੰਦੇ ਹਨ ਕਿ ਗੁਰੂ ਜੀ ਨੂੰ ਕਿਹਾ ਗਿਆ ਕਿ ਅਗਲੇ ਦਿਨ ਤੁਹਾਨੂੰ ਗਾਂ ਦੀ ਖੱਲ ਵਿਚ ਮੜ੍ਹਾਇਆ ਜਾਵੇਗਾ। ਸੋ ਗੁਰੂ ਜੀ ਨੇ ਰਾਵੀ ਵਿਚ ਨ੍ਹਾਉਣ ਦੀ ਆਗਿਆ ਮੰਗੀ। ਪਰ ਨਵੇਂ ਖੋਜੀ ਕਹਿੰਦੇ ਹਨ ਕਿ ਗੱਲ ਗ਼ਲਤ ਹੈ, ਅਤੇ ਮੈਂ ਵੀ ਉਨ੍ਹਾਂ ਦੀ ਗੱਲ ਹੀ ਠੀਕ ਸਮਝਦਾ ਹਾਂ।

ਅਸਲ ਗੱਲ ਇਹ ਹੈ ਕਿ ਜ਼ਾਲਿਮਾਂ ਨੇ ਗੁਰੂ ਜੀ ਨੂੰ ਰਾਵੀ ਵਿਚ ਨਵ੍ਹਾਉਣ ਦਾ ਪ੍ਰੋਗ੍ਰਾਮ ਆਪ ਬਣਾਇਆ ਸੀ। ਉਹ ਜਾਣਦੇ ਸਨ ਕਿ ਜਦ ਪਹਾੜਾਂ ਤੇ ਗਰਮੀ

ਨਾਲ ਪਿਘਲੀ ਹੋਈ ਬਰਫ਼ ਦਾ ਠੰਢਾ ਪਾਣੀ, ਜੋ ਉਨ੍ਹਾਂ ਦਿਨਾਂ ਵਿਚ ਰਾਵੀ ਵਿਚ ਆਇਆ ਕਰਦਾ ਹੈ, ਗੁਰੂ ਜੀ ਦੇ ਫਲੂਹੇ ਹੋਏ ਪਿੰਡੇ ਨੂੰ ਲੱਗੇਗਾ ਤਾਂ ਸਰੀਰ ਨੂੰ ਹੋਰ ਕਸ਼ਟ ਹੋਵੇਗਾ। ਇਹੀ ਉਨ੍ਹਾਂ ਦਾ ਪ੍ਰਯੋਜਨ ਸੀ।

ਉਸ ਸਮੇਂ ਰਾਵੀ ਐਨ ਕਿਲੇ ਦੀ ਫ਼ਸੀਲ ਦੇ ਨਾਲ ਵਗਦਾ ਸੀ। ਅੱਜ ਵਾਂਗ ਦੂਰ ਨਹੀਂ ਸੀ। ਚੰਦੂ ਦੀ ਹਵੇਲੀ ਵੀ ਨੇੜੇ ਹੀ ਸੀ। ਪੰਜੇ ਸਿੱਖ ਤੇ ਪਹਿਰੇਦਾਰ ਸਿਪਾਹੀ ਨਾਲ ਸਨ। ਜਿੱਥੇ ਕੁ ਹੁਣ ਗੁਰਦਵਾਰਾ ਡਿਹਰਾ ਸਾਹਿਬ ਹੈ, ਨਦੀ ਦੇ ਕੰਢੇ ਗੁਰੂ ਜੀ ਨੂੰ ਓਥੇ ਲਿਆਂਦਾ ਗਿਆ। ਪੈਂਡਾ ਹੌਲੀ ਹੌਲੀ ਮਸੀਂ ਮੁਕਾਇਆ। ਤੁਰਨ ਵਿਚ ਭਾਈ ਪਿਰਾਣਾ ਸਹਾਰਾ ਦੇਂਈ ਗਿਆ।

ਸਿਪਾਹੀਆਂ ਨੇ ਗੁਰੂ ਜੀ ਨੂੰ ਰਾਵੀ ਦੇ ਠੰਢੇ ਪਾਣੀ ਵਿਚ ਬਿਠਾ ਦਿੱਤਾ, ਜਿਸ ਨਾਲ ਜ਼ਖ਼ਮਾਂ ਨੂੰ ਬਹੁਤ ਕਸ਼ਟ ਹੋਇਆ ਅਤੇ ਆਪ ਜੋਤੀ-ਜੋਤਿ ਸਮਾ ਗਏ। ਜ਼ਾਲਿਮਾਂ ਨੇ ਗੁਰੂ ਜੀ ਦੇ ਸਰੀਰ ਨੂੰ ਰਾਵੀ ਵਿਚ ਰੋੜ੍ਹ ਦਿੱਤਾ। ਇਹ ਭਾਣਾ ਪਹਿਲੀ ਹਾੜ੍ਹ ਸੰਮਤ 1663 ਭਾਵ 30 ਮਈ ਸੰਨ 1606 ਨੂੰ ਵਰਤਿਆ। ਜਦੋਂ ਕਿ ਚੰਦ ਦੇ ਹਿਸਾਬ ਨਾਲ ਜੇਠ ਸੁਦੀ ਚਉਥ ਸੀ।

ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀਨਾਮਾ' ਵਿਚ ਇਉਂ ਲਿਖਿਆ ਹੈ :-

ਓੜਕ ਬੰਧ ਕੇ ਰੇਤੀ ਵਿਚ ਸੁਟਵਾਏ।
ਜੇਠ ਮਾਸ ਦੀ ਧੁੱਪ, ਪਿੰਡਾ ਸੜ ਜਾਏ।
ਇਕ ਸੋ ਮੁਗ਼ਲ ਸਵਾਰ ਨੇ ਇੱਟ ਚਲਾਈ।
ਨਾਲੇ ਮੂੰਹ ਤੇ ਗੰਦਾ ਆਲਾਈ। ੧੩੯।
ਸੋ ਭਰਵੱਟੇ ਉੱਪਰ ਚੋਟ ਆਇ ਲੱਗੀ।
ਚੱਲਿਆ ਲਹੂ, ਧਾਰਾ ਵੱਗੀ।
ਤਿਸੀ ਚੋਟ ਕਰ ਛੁੱਟੀ ਦੇਹਿ।
ਪਈ ਸਿਰ ਦੁਸ਼ਟਾਂ ਦੇ ਖੇਹ। ੧੪੦।
ਡਰਦਾ ਹਿੰਦੂ ਪਾਸ ਨ ਕੋਈ ਜਾਇ।
ਸੋ ਬੱਧੇ ਹੀ ਦਿੱਤੇ ਨਦੀ ਰੁੜ੍ਹਾਇ।......... ।੧੪੧।

ਪਰ ਭਾਈ ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇੰਜ ਲਿਖਿਆ ਹੈ:-

ਕੇ ਗੁਰ ਅਰਜਨ ਦਰਿਆਇ ਨਾ ਬੋੜਯੋ ?
ਕੇ ਗੁਰ ਤੇਗ ਬਹਾਦਰ-ਸੀਸ ਨ ਤੋੜਯੋ ?
ਕੇ ਸਾਹਿਬਜ਼ਾਦੇ ਨਾਹਿ ਮਰਾਏ ?
ਸ਼ੀਰ-ਖ਼ੋਰ ਤੋਹਿ ਨਾਹਿ ਕੁਹਾਏ ?

ਮੁਨਸ਼ੀ ਸੋਹਨ ਲਾਲ ਸੂਰੀ ਨੇ ਵੀ 'ਉਮਦਾਤੁੱਤਵਾਰੀਖ਼' ਵਿਚ ਇਉਂ ਹੀ ਲਿਖਿਆ ਹੈ :-

"ਬਅਦ ਅਜ਼ ਜ਼ਹੂਰਿ ਬਮਾਜ਼ੇ ਮੁਕੱਦਮਾਤਿ ਨਾ-ਮੁਲਾਯਮ ਆਂ ਜ਼ਾਤਿ ਆਲੀ ਰਾ ਦਰ ਬਹਰਿ ਰਾਵੀ ਅੰਦਾਖ਼ਤੰਦ।"

ਭਾਵ : ਕੁੱਝ ਸਖ਼ਤ ਤਸੀਹੇ ਦੇਣ ਪਿਛੋਂ ਉਸ ਮਹਾਂਪੁਰਖ (ਗੁਰੂ) ਨੂੰ ਉਨ੍ਹਾਂ (ਜ਼ਾਲਿਮਾਂ) ਨੇ ਦਰਿਆ ਰਾਵੀ ਵਿਚ ਸੁੱਟ ਦਿੱਤਾ।

ਭਾਈ ਸੰਤੋਖ ਸਿੰਘ ਜੀ 'ਗੁਰ-ਪ੍ਰਤਾਪ-ਸੂਰਜ' ਵਿਚ ਲਿਖਦੇ ਹਨ ਕਿ ਗੁਰੂ ਜੀ ਇਸ਼ਨਾਨ ਕਰ ਕੇ, ਉੱਪਰ ਚਾਦਰ ਲੈ ਕੇ ਲੰਮੇ ਪੈ ਗਏ ਤੇ ਜੋਤੀ ਜੋਤਿ ਸਮਾ ਗਏ। ਉਸ ਤੋਂ ਪਿੱਛੋਂ ਲਿਖਦੇ ਹਨ ਕਿ ਗੁਰੂ ਜੀ ਦੀ ਦੇਹ ਜਲ-ਪਰਵਾਹ ਕਰ ਦਿੱਤੀ ਗਈ। ਪਰ ਅੱਗੇ ਜਾ ਕੇ ਆਪ ਹੀ ਲਿਖਦੇ ਹਨ ਕਿ ਦੇਹ ਨੂੰ ਅਗਨਿ-ਭੇਟ ਕੀਤਾ ਗਿਆ। ਇਹ ਗੱਲ ਮੰਨਣ ਵਾਲੀ ਨਹੀਂ।

ਇਹ ਠੀਕ ਹੈ ਕਿ ਉਨ੍ਹਾਂ ਦੀ ਸ਼ਹੀਦੀ ਦੀ ਯਾਦਗਾਰ ਵਿਚ ਗੁਰਦਵਾਰਾ ਡਿਹਰਾ ਸਾਹਿਬ ਹੀ ਹੈ। ਮੁਰਤਿਜ਼ਾ ਖ਼ਾਂ ਸੇਖ਼ ਅਹਿਮਦ ਸਰਹੰਦੀ ਦਾ ਮੁਰੀਦ ਸੀ। ਇਹ ਸਰਹੰਦੀ ਵੀ ਉੱਪਰ ਲਿਖੇ ਜਾ ਚੁੱਕੇ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਦੇ ਜ਼ਿੰਮੇਵਾਰਾਂ ਵਿੱਚੋਂ ਸੀ। ਇਸ ਸਰਹੰਦੀ ਨੇ ਗੁਰੂ ਜੀ ਦੀ ਸ਼ਹੀਦੀ ਨਾਲ ਹੋਈ ਅਪਣੀ ਅਤਿਅੰਤ ਖ਼ੁਸ਼ੀ ਦਾ ਪ੍ਰਗਟਾਵਾ ਮੁਰਤਿਜ਼ਾ ਖਾਂ ਨੂੰ ਲਿਖੀ ਚਿੱਠੀ ਨੰ : 193 ਵਿਚ, ਜੋ ਉਸਦੇ ਪਤ੍ਰਿਕਾ-ਸੰਗ੍ਰਹਿ, *'ਮਕਤੂਬਾਤਿ ਇਮਾਮਿ ਰੱਬਾਨੀ,' ਦਫ਼ਤਰ ਅੱਵਲ*, ਹਿੱਸਾ ਸੋਇਮ, ਦੇ ਸਫ਼ਾ 95-96 ਉੱਤੇ ਹੈ, ਇਉਂ ਕੀਤਾ ਹੈ :-

> "ਦਰੀਂ ਵਕਤ ਕੁਸ਼ਤਨਿ ਕਾਫ਼ਿਰਿ ਲਈਨਿ ਗਇੰਦਵਾਲ ਓ ਬਿਸਿਆਰ ਖ਼ੂਬ ਵਾਕ੍ਰਿਅ ਸ਼ੁਦ ਵ ਬਾਇਸਿ ਸ਼ਿਕਸਤਿ ਅਜ਼ੀਮ ਬਰ ਹਨੂਦੇ ਮਰਦੂਦ ਗਸ਼ਤ॥ ਬਹਰ ਨੱਈਅਤਿ ਕਿ ਕੁਸ਼ਤਾ ਬਾਸ਼ੰਦ ਵ ਬਹਰ ਗਰਜ਼ ਕਿ ਹਲਾਕ ਕਰਦਾ, ਖ਼ਾਰੀਇ ਕੱਫ਼ਾਰ ਨਕਦ ਵਕਤ ਅਹਿਲਿ ਇਸਲਾਮ ਅਸਤ ॥ ਈਂ ਫ਼ਕੀਰ ਪੇਸ਼ਿ ਅਜਾਂ ਕਿ ਈਂ ਕਾਫ਼ਰ ਰਾ ਬਕੁਸ਼ਦ ਦਰ ਖ਼ਾਬ ਦੀਦਾ ਬੂਦ ਕਿ ਬਾਦਸ਼ਾਹਿ ਵਕਤ ਕੁੱਲਾਇ ਸਰਿ ਸ਼ਰਕ ਰਾ ਸਕਸ਼ਤਾ ਅਸਤ ਵ ਅੱਲਾਹਕ ਕਿ ਆਂ ਗਬਰਿ ਰਈਸਿ ਅਹਿਲਿ ਸ਼ਰਕ ਬੂਦ ਵ ਅੱਮਾਮਿ ਅਹਿਲਿ ਕੁਫ਼ਰ ॥........."

ਭਾਵ : ਇਨ੍ਹਾਂ ਦਿਨਾਂ ਵਿਚ ਹੀ ਜੋ ਗੋਇੰਦਵਾਲ ਦੇ ਭ੍ਰਸ਼ਟੇ ਹੋਏ ਕਾਫ਼ਰ ਨੂੰ ਕਤਲ ਕਰ ਦਿੱਤਾ ਗਿਆ ਹੈ। ਇਹ ਬੜੀ ਚੰਗੀ ਘਟਨਾ ਹੋਈ ਹੈ ਅਤੇ ਇਸ ਨਾਲ ਹਿੰਦੂਆਂ ਅਤੇ ਮਰਦੂਦਾਂ ਨੂੰ ਇਕ ਵੱਡੀ ਹਾਰ ਹੋਈ ਹੈ। ਉਸ ਨੂੰ ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਭੀ ਮਾਰ ਮੁਕਾਉਣ ਨਾਲ ਕਾਫ਼ਰਾਂ ਦੀ ਵੱਡੀ ਹਾਨੀ ਹੋਈ ਹੈ ਅਤੇ ਮੁਸਲਮਾਨਾਂ ਲਈ ਇਹ ਸ਼ੁਭ ਤੇ ਮਹਾਨ ਲਾਭ ਦੀ ਗੱਲ ਬਣੀ ਹੈ। ਇਸ ਕਾਫ਼ਰ ਦੇ ਕਤਲ ਹੋਣ ਤੋਂ ਪਹਿਲਾਂ ਮੈਂ ਇਕ ਸੁਪਨੇ ਵਿਚ ਦੇਖਿਆ ਸੀ ਕਿ ਸਮੇਂ ਦੇ ਬਾਦਸ਼ਾਹ (ਭਾਵ ਜਹਾਂਗੀਰ) ਨੇ ਭ੍ਰਸ਼ਟ ਧਰਮ ਦੇ ਸਿਰ ਦੀ ਖੋਪਰੀ ਨੂੰ ਭੰਨ ਦਿੱਤਾ ਹੈ। ਸਚ ਮੁੱਚ ਉਹ ਕਾਫ਼ਰ (ਭਾਵ ਗੁਰੂ ਅਰਜਨ) ਕਾਫ਼ਰ ਹਿੰਦੂਆਂ ਦਾ ਜਗਦ-ਗੁਰੂ ਅਤੇ ਅਧਾਰਮਿਕ ਰੁਚੀਆਂ ਰੱਖਣ ਵਾਲਿਆਂ ਦਾ ਸ਼ਹਿਨਸ਼ਾਹ ਸੀ।......."

*—ਸਾਚੀ ਸਾਖੀ, ਪੰਨਾ 7—8*

ਭਾਈ ਗੁਰਦਾਸ ਜੀ ਗੁਰੂ ਜੀ ਦੀ ਸ਼ਹੀਦੀ ਦਾ ਇਸ਼ਾਰਾ ਕਰਦੇ

ਹੋਏ ਅਪਣੀ ਚੌਵੀਵੀਂ ਵਾਰ ਦੀ ਤੇਈਵੀਂ ਪਉੜੀ ਵਿਚ ਲਿਖਦੇ ਹਨ :-

ਸ਼ਬਦ-ਸੁਰਤਿ-ਲਿਵ ਮ੍ਰਿਗ ਜਿਉਂ, ਭੀੜ ਪਈ ਚਿਤਿ ਅਵਰੁ ਨ ਜਾਣੀ॥
ਚਰਨ ਕਮਲ ਮਿਲਿ ਭਵਰ ਜਿਉਂ ਸੁਖ-ਸੰਪਟ ਵਿਚਿ ਰੈਣਿ ਵਿਹਾਣੀ॥
ਗੁਰ-ਉਪਦੇਸ਼ ਨ ਵਿਸਰੈ, ਬਾਬੀਹੈ ਜਿਉਂ ਆਖਿ ਵਖਾਣੀ॥

..................

ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥

ਭਾਵ : ਗੁਰੂ ਜੀ ਨੇ ਸਰੀਰਕ ਕਸ਼ਟ ਵਿਚ ਵੀ ਦਿਲ ਵਿਚ ਹੋਰ ਕੁੱਝ ਨਹੀਂ ਲਿਆਂਦਾ। ਜਿਵੇਂ ਹਰਨ ਘੰਡੇ ਹੇੜੇ ਦੇ ਨਾਦ ਤੇ ਮਸਤ ਰਹਿੰਦਾ ਹੈ, ਤਿਵੇਂ ਹੀ ਗੁਰੂ ਜੀ ਸ਼ਬਦ-ਸੁਰਤਿ ਲਿਵ ਵਿਚ ਮਸਤ ਰਹਿੰਦੇ ਸਨ। ਜਿਵੇਂ ਭੌਰਾ ਕੰਵਲ ਫੁੱਲ ਨਾਲ ਲਿਪਟਿਆ ਰਹਿੰਦਾ ਹੈ, ਤਿਵੇਂ ਗੁਰੂ ਜੀ ਵਾਹਿਗੁਰੂ ਨਾਲ ਮਿਲੇ ਰਹਿੰਦੇ ਸਨ। ਉਨ੍ਹਾਂ ਦੀ ਸਾਰੀ ਰਾਤ ਸੁੱਖ ਵਿਚ ਹੀ ਲੰਘੀ, ਸਾਰਾ ਜੀਵਨ ਹੀ ਭਾਣੇ ਦੇ ਸੁਖ-ਘਰ ਵਿਚ ਰਿਹਾ। ਉਹ ਗੁਰ-ਉਪਦੇਸ਼ ਕੋਈਂ ਵੀ ਨਹੀਂ ਸਨ ਵਿਸਾਰਦੇ। ਉਹ ਸਦਾ ਬਬੀਹੇ ਦੀ ਤਰ੍ਹਾਂ ਗੁਰਬਾਣੀ ਪੜ੍ਹਦੇ ਅਤੇ ਹੋਰ ਬੰਦਿਆਂ ਨੂੰ ਉਪਦੇਸ਼ ਦੇਂਦੇ ਸਨ। ........ਮੈਂ ਤਾਂ ਗੁਰੂ ਅਰਜਨ ਜੀ ਤੋਂ ਕੁਰਬਾਨ ਹਾਂ।

ਭਾਵੇਂ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਜੀ ਦਾ ਘਰ ਘਾਟ ਤੇ ਬੱਚੇ ਵੀ ਮੁਰਤਿਜ਼ਾ ਖਾਂ ਦੇ ਹਵਾਲੇ ਕੀਤੇ ਗਏ ਸਨ ਅਤੇ ਉਸ ਨੂੰ ਗੁਰੂ ਜੀ ਦਾ ਮਾਲ ਅਸਬਾਬ ਜ਼ਬਤ ਕਰਨ ਦਾ ਹੁਕਮ ਵੀ ਦਿੱਤਾ ਗਿਆ ਸੀ ਪਰ ਉਸ ਦੀ ਹਿੰਮਤ ਇਹ ਕਰਤੂਤ ਕਰਨ ਦੀ ਨਾ ਪਈ। ਗੁਰੂ ਹਰਿ ਗੋਬਿੰਦ ਜੀ 'ਦਲ-ਭੰਜਨ ਗੁਰ ਸੂਰਮਾ' ਸੀ, ਉਸ ਨੂੰ ਹੱਥ ਪਾਉਣਾ ਮੁਰਤਿਜ਼ਾਂ ਖਾਂ ਦੇ ਵੱਸ ਦੀ ਗੱਲ ਨਹੀਂ ਸੀ।

ਇਸ ਸ਼ਹੀਦੀ ਦਾ ਅਸਰ :-

ਗੁਰੂ ਜੀ ਦੀ ਸ਼ਹੀਦੀ ਨੇ ਸਿੱਖ-ਵਿਚਾਰਧਾਰਾ ਵਿਚ ਨਵਾਂ ਮੋੜ ਲਿਆਂਦਾ। ਗੁਰੂ ਜੀ ਦੀ ਇੱਛਾ ਅਨੁਸਾਰ ਅਗਲੇ ਸਾਰੇ ਗੁਰੂ ਸਾਹਿਬਾਨ ਤੇ ਸਿਖ ਸ਼ਸਤਰਧਾਰੀ ਬਣ ਗਏ। ਪੂਰਬ ਦੀ ਸੰਗਤਿ ਨੂੰ ਭੇਜੇ ਗਏ ਹੁਕਮਨਾਮੇ ਵਿਚ ਗੁਰੂ ਹਰਿ ਗੋਬਿੰਦ ਜੀ ਲਿਖਦੇ ਹਨ : 'ਪੂਰਬ ਦੀ ਸੰਗਤਿ ਗੁਰੂ ਦਾ ਖ਼ਾਲਸਾ ਹੋਇ'। ਏਸੇ ਤਰਾਂ ਗੁਰੂ ਤੇਗ਼ ਬਹਾਦੁਰ ਜੀ ਪਟਣੇ ਦੀ ਸੰਗਤਿ ਵੱਲ ਲਿਖੇ ਗਏ ਹੁਕਮਨਾਮੇ ਵਿਚ ਲਿਖਦੇ ਹਨ : 'ਪਟਣੇ ਦੀ ਸੰਗਤਿ ਗੁਰੂ ਜੀਉ ਦਾ ਖਾਲਸਾ ਹੈ।' ਸੋ ਗੁਰਸਿੱਖਾਂ ਨੂੰ ਸੰਤ-ਸਿਪਾਹੀ ਖਾਲਸਾ ਤਾਂ ਗੁਰੂ ਹਰਿ ਗੋਬਿੰਦ ਜੀ ਨੇ ਹੀ ਬਣਾ ਦਿੱਤਾ ਸੀ, ਦਸਮੇਸ਼ ਜੀ ਨੇ ਤਾਂ ਹੋਰ ਪਕਿਆਈ ਕਰ ਦਿੱਤੀ, ਹੋਰ ਪਾਨ ਚੜ੍ਹਾ ਦਿੱਤੀ।

ਗੁਰੂ ਹਰਿ ਗੋਬਿੰਦ ਜੀ ਨੂੰ ਸ਼ਾਹ ਜਹਾਨ ਦੀਆਂ ਫ਼ੌਜਾਂ ਨੇ ਚਾਰ ਵਾਰੀ ਲੜਾਈ ਲਈ ਮਜਬੂਰ ਕੀਤਾ ਪਰ ਹਰ ਵਾਰੀਂ ਗੁਰੂ ਜੀ ਜਿੱਤਦੇ ਰਹੇ। ਸੰਨ 1634 ਵਿਚ ਕਰਤਾਰਪੁਰ (ਜਾਲੰਧਰ) ਦੀ ਦੂਜੀ ਲੜਾਈ ਵਿਚ ਤਾਂ ਸਾਹਿਬਜ਼ਾਦਾ ਤੇਗ਼ ਬਹਾਦੁਰ, ਜੋ ਪਿੱਛੋਂ ਗੁਰੂ ਬਣੇ, ਨੇ ਵੀ ਤੇਰਾਂ ਚੌਦਾਂ ਸਾਲ ਦੀ ਉਮਰ ਵਿਚ ਤਲਵਾਰ ਦੇ ਜੌਹਰ ਦਿਖਾਏ ਸਨ।

ਗੁਰੂ ਹਰਿਰਾਇ ਜੀ ਨਾਲ ਬਾਈ ਸੌ ਸਵਾਰ ਸਦਾ ਰਹਿੰਦੇ ਸਨ ਪਰ ਉਨ੍ਹਾਂ ਤੇ ਕੋਈ ਲੜਾਈ ਨਾ ਠੋਸੀ ਗਈ। ਹਾਂ, 22 ਜੂਨ ਸੰਨ 1658 ਨੂੰ ਦਾਰਾ ਦਿੱਲੀਓਂ ਨੱਠਾ। ਗਿਆਰਾਂ ਜੁਲਾਈ ਨੂੰ ਗੋਇੰਦਵਾਲ ਦਾ ਪੱਤਣ ਲੰਘਿਆ ਤਾਂ ਉਸਨੇ ਗੋਇੰਦਵਾਲ ਗੁਰੂ ਹਰਿਰਾਇ ਜੀ ਦਾ ਦਰਸ਼ਨ ਵੀ ਕੀਤਾ। ਉਹ 15 ਸਤੰਬਰ ਨੂੰ ਮੁਲਤਾਨ ਪੁੱਜਾ। ਉਸਦਾ ਪਿੱਛਾ ਕਰਦਾ ਹੋਇਆ ਔਰੰਗਜ਼ੇਬ ਵੀ ਦਸ ਅਕਤੂਬਰ ਨੂੰ ਮੁਲਤਾਨ ਪੁੱਜਾ। ਮੁਲਤਾਨ ਨੂੰ ਜਾਂਦਿਆਂ ਲਾਹੌਰ ਵਿਚ ਗੁਰੂ ਜੀ ਦੇ ਜਾਤਿ-ਅਭਿਮਾਨੀ ਵਿਰੋਧੀਆਂ ਨੇ ਔਰੰਗਜ਼ੇਬ ਦੇ ਕੰਨ ਭਰੇ ਕਿ ਗੁਰੂ ਜੀ ਦੇ ਦਾਰਾ ਦੀ ਮਦਦ ਕੀਤੀ ਸੀ। ਇਸ ਲਈ ਸੰਨ 1660 ਵਿਚ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਬੁਲਾ ਭੇਜਿਆ ਪਰ ਉਨ੍ਹਾਂ ਨੇ ਅਪਣੇ ਵੱਡੇ ਪੁੱਤ, ਬਾਬਾ ਰਾਮਰਾਇ ਜੀ ਨੂੰ ਦਿੱਲੀ ਭੇਜਿਆ।

ਏਸੇ ਤਰ੍ਹਾਂ ਹੀ ਸੰਨ 1664 ਵਿਚ ਔਰੰਗਜ਼ੇਬ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਸੱਦ ਭੇਜਿਆ ਸੀ। ਏਸੇ ਔਰੰਗਜ਼ੇਬ ਦੇ ਹੁਕਮ ਨਾਲ ਗਿਆਰਾਂ ਨਵੰਬਰ ਸੰਨ 1675 ਨੂੰ ਗੁਰੂ ਤੇਗ਼ ਬਹਾਦੁਰ ਜੀ ਨੂੰ ਵੀ ਸ਼ਹੀਦ ਕੀਤਾ ਗਿਆ ਸੀ।

ਸੋ ਭਾਵੇਂ, ਦਸਮੇਸ਼ ਜੀ ਨੇ 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ, 'ਬਾਬੇ ਕੇ, ਬਾਬਰ ਕੇ ਦੋਊ ॥ ਆਪਿ ਕੀਏ ਪ੍ਰਮੇਸਰਿ ਸੋਊ॥ ਪਰ 'ਬਾਬੇ ਕਿਆਂ' ਤੇ 'ਬਾਬਰ ਕਿਆਂ' ਦਾ ਮਿਸ਼ਨ ਜੁਦਾ ਜੁਦਾ ਸੀ। ਇਸ ਲਈ ਆਪੋ ਵਿਚ ਕਦੇ ਦੋਸਤੀ ਹੋ ਜਾਂਦੀ ਸੀ ਅਤੇ ਕਦੇ ਟੱਕਰ। ਏਸੇ ਤਰ੍ਹਾਂ ਦਸਮੇਸ਼ ਜੀ ਨੇ 'ਅਕਾਲ-ਉਸਤਤਿ' ਵਿਚ ਲਿਖਿਆ ਹੈ :'ਬੰਗ ਕੇ ਬੰਗਾਲੀ, ਫਿਰੰਗ ਕੇ ਫਿਰੰਗਾਵਾਲੀ, ਦਿੱਲੀ ਕੇ ਦਿਲਵਾਲੀ' ਵੀ ਵਾਹਿਗੁਰੂ ਦੀ ਆਗਿਆ ਵਿਚ ਹੀ ਚਲਦੇ ਸਨ। ਪਰ ਲੋੜ ਪਿਆਂ ਉਨ੍ਹਾਂ ਦਾ ਟਾਕਰਾ ਵੀ ਖਾਲਸਾ ਵਾਹਿਗੁਰੂ ਦੀ ਆਗਿਆ ਅਨੁਸਾਰ ਹੀ ਕਰਦਾ ਸੀ। ਸੋ 'ਧਰਮ ਚਲਾਵਨ, ਸੰਤ ਉਬਾਰਨ ॥ ਦੁਸਟ ਸਭਿਨ ਕੋ ਮੂਲ ਉਪਾਰਨ' ਲਈ ਖਾਲਸਾ ਲੋੜ ਪਿਆਂ ਸਦਾ ਟੱਕਰ ਲੈਂਦਾ ਰਿਹਾ ਹੈ ਅਤੇ ਲੈਂਦਾ ਰਹੇਗਾ ਵੀ। ਹਾਂ, ਜੋ ਕੋਈ ਖਾਲਸਾ ਬਾਣੇ ਵਿਚ ਹੁੰਦਾ ਹੋਇਆ ਜ਼ਾਲਿਮ ਹੈ, ਦੁਸ਼ਟ ਹੈ, ਉਹ ਖਾਲਸਾ ਨਹੀਂ, ਅਤੇ ਲੋੜ ਪਿਆਂ ਉਸ ਦੀ ਜੜ੍ਹ ਪੁੱਟਣ ਲਈ ਵੀ ਖਾਲਸੇ ਨੂੰ ਟੱਕਰ ਲੈਣੀ ਪੈਂਦੀ ਹੈ।

*੨੨ ਮਈ, ੧੯੮੪*

# ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ

*1. ਅੰਮ੍ਰਿਤਸਰ—ਜਨਮ ਤੇ ਬਾਲਪਨ :* ਗੁਰੂ ਤੇਗ ਬਹਾਦਰ ਜੀ ਦਾ ਜਨਮ ਗੁਰੂ ਹਰਿ ਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ 1 ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿੱਚ ਉਸ ਥਾਂ ਤੇ ਹੋਇਆ ਜੋ 'ਗੁਰੂ ਕਾ ਬਾਜ਼ਾਰ' ਨਾਲ ਲੱਗਦੀ ਇਕ ਗਲੀ ਵਿਚ ਹੈ ਅਤੇ ਜਿੱਥੇ ਹੁਣ ਗੁਰੰਦੁਆਰਾ 'ਗੁਰੂ ਕੇ ਮਹਲ' ਹੈ। ਆਪ ਪੰਜਾਂ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ ਅਤੇ ਆਪ ਜੀ ਦੀ ਇਕ ਭੈਣ ਸੀ। ਕੁੱਝ ਲੋਕਾਂ ਦੀ ਮੰਨਤ ਹੈ ਕਿ ਗੁਰੂ ਜੀ ਦਾ ਨਾਉਂ ਪਹਿਲਾਂ ਤਿਆਗ ਮੱਲ ਸੀ ਅਤੇ ਪਿੱਛੋਂ ਤੇਗ ਬਹਾਦੁਰ ਰੱਖਿਆ ਗਿਆ । ਪਰ ਇਹ ਗਲ ਮੰਨਣ ਯੋਗ ਨਹੀਂ ਕਿਉਂਕਿ ਜੇ ਇਹ ਮੰਨੀਏ ਤਾਂ ਇਸ ਦਾ ਮਤਲਬ ਇਹ ਹੋਵੇਗਾ ਕਿ ਗੁਰੂ ਜੀ ਦਾ ਪਹਿਲਾ ਨਾਉਂ ਮਾਪਿਆਂ ਨੇ ਗ਼ਲਤ ਰੱਖਿਆ। ਇਸ ਗੱਲ ਨੂੰ ਗੁਰਸਿੱਖ ਹਿਰਦਾ ਮੰਨ ਨਹੀਂ ਸਕਦਾ। ਕਿਸੇ ਵੀ ਗੁਰੂ ਵਿਅਕਤੀ ਨੇ ਆਪਣੇ ਬੱਚਿਆਂ ਦੇ ਨਾਉਂ ਪਹਿਲਾਂ ਰੱਖ ਕੇ ਬਦਲਾਏ ਨਹੀਂ ਅਤੇ ਨਾ ਹੀ ਉਸ ਸਮੇਂ ਅੰਮ੍ਰਿਤ ਛਕਣ ਵੇਲੇ ਨਾਉਂ ਦੀ ਤਬਦੀਲੀ ਦਾ ਸਵਾਲ ਸੀ ਕਿਉਂਕਿ ਅੰਮ੍ਰਿਤ ਤਾਂ ਪਹਿਲੀ ਵਾਰੀ ਸੰਨ 1699 ਦੀ ਵੈਸਾਖੀ ਵਾਲੇ ਦਿਨ ਦਸ਼ਮੇਸ਼ ਪਿਤਾ ਜੀ ਨੇ ਛਕਾਇਆ ਸੀ।

2. ***ਕਰਤਾਰਪੁਰ, ਜ਼ਿਲ੍ਹਾ ਜਲੰਧਰ*** : ਗੁਰੂ ਹਰਿ ਗੋਬਿੰਦ ਜੀ ਸੰਨ 1630 ਵਿਚ ਪਰਵਾਰ ਸਮੇਤ ਕਰਤਾਰਪੁਰ ਚਲੇ ਗਏ। ਇਸ ਦਾ ਮਤਲਬ ਇਹ ਹੋਇਆ ਕਿ ਗੁਰੂ ਤੇਗ ਬਹਾਦੁਰ ਜੀ ਨੇ ਆਪਣੀ ਉਮਰ ਦੇ ਪਹਿਲੇ 9 ਸਾਲ ਅੰਮ੍ਰਿਤਸਰ ਵਿੱਚ ਬਿਤਾਏ।

ਕਰਤਾਰਪੁਰ ਦੀ ਲੜਾਈ ਪਿੱਛੋਂ, ਜਦ ਕਿ ਸੰਨ 1634 ਵਿਚ ਗੁਰੂ ਹਰਿ ਗੋਬਿੰਦ ਜੀ ਵਲੋਂ ਬੇਮੁਖ ਹੋ ਕੇ, ਪੈਂਦੇ ਖਾਂ, ਲਾਹੌਰ ਦੇ ਸੂਬੇ ਨੂੰ ਪ੍ਰੇਰ ਕੇ ਉੱਥੋਂ ਕਾਲੇ ਖਾਂ ਦੀ ਕਮਾਨ ਹੇਠ ਕੁਝ ਸ਼ਾਹੀ ਫ਼ੌਜ ਲੈ ਕੇ ਚੜ੍ਹ ਆਇਆ ਸੀ। ਗੁਰੂ ਜੀ ਆਪ ਕੀਰਤਪੁਰ ਚਲੇ ਗਏ ਪਰ ਗੁਰੂ ਤੇਗ ਬਹਾਦੁਰ ਜੀ ਨੂੰ ਉਨ੍ਹਾਂ ਦੀ ਮਾਤਾ ਨਾਨਕੀ ਸਮੇਤ ਬਕਾਲੇ ਭੇਜੇ ਦਿੱਤਾ ਜਿੱਥੇ ਉਨ੍ਹਾਂ ਦੇ ਨਾਨਕੇ ਸਨ। ਇਸ ਦਾ ਮਤਲਬ ਇਹ ਹੈ ਕਿ ਗੁਰੂ ਤੇਗ ਬਹਾਦੁਰ ਜੀ ਆਪਣੇ ਜੀਵਨ ਦੇ 4 ਕੁ ਸਾਲ ਕਰਤਾਰਪੁਰ ਰਹੇ।

3. ***ਬਕਾਲਾ-'ਗੁਰੂ ਲਾਧੋ ਰੇ':*** ਸੰਨ 1634 ਤੋਂ ਅਗਸਤ ਸੰਨ 1664 ਤਾਈਂ, ਤਕਰੀਬਨ 30 ਸਾਲ ਗੁਰੂ ਤੇਗ ਬਹਾਦੁਰ ਜੀ ਬਕਾਲੇ ਰਹੇ ਅਤੇ

ਆਪਣੇ ਨਾਨਕੇ ਘਰ ਏਕਾਂਤ ਵਿੱਚ ਭਾਰੀ ਤਪਸਿਆ ਕੀਤੀ। 26 ਜਾਂ 20 ਸਾਲ ਵਾਲੀ ਗੱਲ ਗਲਤ ਹੈ।

ਜਦੋਂ 30 ਮਾਰਚ ਸੰਨ 1664 ਨੂੰ ਗੁਰੂ ਹਰਿਕ੍ਰਿਸ਼ਨ ਨੂੰ ਗੁਰੂ ਹਰਿ ਕ੍ਰਿਸ਼ਨ ਜੀ ਜੋਤੀ ਜੋਤਿ ਸਮਾਏ ੜਾਂ ਚੀਚਕ ਦੇ ਮਾਰੂ ਤਾਪ ਦੀ ਘੂਕੀ ਤੇ ਸਰੀਰਕ ਕਮਜ਼ੋਰੀ ਸੀ। ਇਸ ਲਈ ਪੰਜ ਪੈਸੇ ਮੰਗਵਾਕੇ ਨਾਰੀਅਲ ਵਾਲੀ ਗੱਲ ਗਲਤ ਹੈ। ਹੱਥਾਂ ਨਾਲ ਹੀ ਤਿੰਨ ਪਰਕਰਮਾਂ ਕੀਤੀਆਂ ਅਤੇ ਜਮਨਾਂ ਦੇ ਕੰਢੇ ਸੰਗਤ ਨੂੰ ਸਿਰਫ ਇਹੀ ਦੱਸ ਸਕੇ ਕਿ 'ਬਾਬਾ ਬਕਾਲੇ'। 'ਬਾਬਾ' ਸ਼ਬਦ ਗੁਰ ਸਿੱਖਾਂ ਵਿਚ ਗੁਰੂ ਲਈ ਵੀ ਵਰਤਿਆ ਜਾਣ ਲੱਗ ਪਿਆ ਸੀ, ਜਿਸ ਦੀ ਗਵਾਹੀ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਵੀ ਮਿਲਦੀ ਹੈ। ਪਰ ਪੰਜਾਬ ਵਿੱਚ ਇਹ ਸ਼ਬਦ 'ਦਾਦਾ' ਦਾ ਅਰਥ ਵੀ ਰਖਦਾ ਹੈ ਅਤੇ ਗੁਰੂ ਤੇਗ ਬਹਾਦੁਰ ਜੀ ਗੁਰੂ ਹਰਿ ਕ੍ਰਿਸ਼ਨ ਦੇ ਦਾਦਾ ਸਨ।

1. ਸਿੱਖਾਂ ਨੂੰ ਕਮਜ਼ੋਰ ਕਰਨ ਲਈ ਗੁਪਤ ਰਾਜਨੀਤਕ ਚਾਲ ਨਾਲ ਪਹਿਲਾਂ ਬਾਬਾ ਰਾਮਰਾਇ ਜੀ ਨੂੰ ਜੋ ਗੁਰੂ ਹਰਿ ਰਾਇ ਜੀ ਦੇ ਵੱਡੇ ਭਰਾ ਸਨ, ਉਨ੍ਹਾਂ ਤੋਂ ਤੋੜਿਆ ਗਿਆ ਪਰ ਸਿੱਖ ਉਸ ਦੇ ਪਿੱਛੇ ਨਾ ਲੱਗੇ।

2. ਫਿਰ ਗੁਰੂ ਹਰਿ ਕ੍ਰਿਸ਼ਨ ਜੀ ਦੇ ਟਾਕਰੇ ਉੱਤੇ ਬਾਬਾ ਰਾਮਰਾਇ ਜੀ ਨੂੰ ਚਮਲਾਇਆ ਗਿਆ ਪਰ ਗੁਰਸਿੱਖ ਫਿਰ ਵੀ ਨਾ ਡੋਲੇ।

3. ਹੁਣ 'ਬਾਬਾ' ਸ਼ਬਦ ਦੀ ਦੋਹਰੀ ਵਰਤੋਂ ਤੋਂ ਲਾਭ ਲੈਣ ਲਈ ਵਿਰੋਧੀਆਂ ਨੇ ਸੋਢੀ ਸਾਹਿਬਜ਼ਾਦਿਆਂ ਨੂੰ ਚੁਕਿਆ ਅਤੇ ਉਹ ਸਾਰੇ ਗੱਦੀਆਂ ਲਾਕੇ ਬੈਠ ਗਏ ਅਤੇ ਹਰਿੱਕ ਨੇ ਆਪਣੇ ਆਪ ਨੂੰ ਗੁਰੂ ਹਰਿ ਕ੍ਰਿਸ਼ਨ ਜੀ ਦਾ ਉੱਤਰ-ਅਧਿਕਾਰੀ ਪ੍ਰਗਟ ਕੀਤਾ। ਇੰਨ੍ਹਾਂ ਵਿੱਚੋਂ ਸਭ ਤੋਂ ਉੱਘੇ ਬਾਬਾ ਧੀਰਮੱਲ ਜੀ ਸਨ, ਜੋ ਗੁਰੂ ਹਰਿ ਗੋਬਿੰਦ ਜੀ ਦੇ ਸਭ ਤੋਂ ਵਡੇ ਪੁੱਤਰ ਬਾਬਾ ਗੁਰਦਿੱਤਾ ਜੀ ਦੇ ਵੱਡੇ ਪੁੱਤਰ ਸਨ, ਅਤੇ ਗੁਰੂ ਹਰਿ ਰਾਇ ਜੀ ਦੇ ਵੱਡੇ ਭਰਾ ਸਨ। ਉਨ੍ਹਾਂ ਨੂੰ ਮੁਗਲ ਰਾਜ ਵਲੋਂ ਜਾਗੀਰ ਮਿਲੀ ਹੋਈ ਸੀ ਅਤੇ ਭਾਈ ਗੁਰਦਾਸ ਜੀ ਵਾਲੀ 'ਆਦਿ ਬੀੜ' ਵੀ ਉਨ੍ਹਾਂ ਪਾਸ ਸੀ, ਜਿਸ ਨੂੰ ਉਹ ਕਰਤਾਰਪੁਰੋਂ ਬਕਾਲੇ ਲੈ ਆਏ।

ਮੱਖਣ ਸ਼ਾਹ ਲੁਬਾਣੇ ਦੀ ਸਾਖੀ ਦੇ ਵਿਸਥਾਰ ਵਿਚ ਜਾਣ ਦੀ ਇੱਥੇ ਗੁੰਜਾਇਸ਼ ਨਹੀਂ। ਇਹ ਪਿੰਡ 'ਟਾਂਡਾ', ਜਿਲ੍ਹਾ ਜਿਹਲਮ ਦਾ ਵਾਸੀ ਸੀ। ਸੋ ਇਹ 'ਗੁਜਰਾਤੀ ਲੁਬਾਣਾ' ਨਹੀਂ ਸੀ, ਜਿਵੇਂ ਕਈ ਸੱਜਣ ਖਿਆਲ ਕਰਦੇ ਹਨ। 'ਗੁਰੂ' ਅੱਗੇ ਅਰਦਾਸ ਕਰਨ ਦਾ ਸਦਕਾ ਇਸ ਦਾ ਜਹਾਜ਼ ਡੁੱਬਣੋਂ ਬਚਿਆ, ਸੋ ਉਹ ਆਪਣੇ ਵਪਾਰ ਦੇ ਨਫੇ ਵਿੱਚੋਂ 500 ਮੁਹਰਾਂ ਸ਼ੁਕਰਾਨੇ ਵਜੋਂ ਭੇਟਾ ਲੈਕੇ ਆਇਆ। ਕਈ 'ਗੁਰੂ' ਦੇਖ ਕੇ ਬੜਾ ਹੈਰਾਨ ਤੇ ਉਦਾਸ ਹੋਇਆ। ਹਰੇਕ 'ਗੁਰੂ' ਅੱਗੇ ਦੋ ਦੋ ਮੁਹਰਾਂ ਭੇਟ ਕੀਤੀਆਂ। ਖ਼ਿਆਲ ਸੀ ਸੱਚਾ ਗੁਰੂ ਅੰਤਰ ਜਾਮੀ ਆਪੇ ਗੁੰਝਲ ਖੋਲ੍ਹੇਗਾ ਪਰ ਕਿਸੇ ਨਾ ਖੋਲ੍ਹੀ। ਅੰਤ ਪੁੱਛ-ਪੁਛਾਕੇ ਗੁਰੂ

ਤੇਗ਼ ਬਹਾਦਰ ਜੀ ਪਾਸ ਵੀ ਪੁਜਿਆ। ਜਦ ਦੋ ਮੋਹਰਾਂ ਭੇਟ ਕੀਤੀਆਂ ਤਾਂ ਗੁਰੂ ਜੀ ਨੇ ਉਸ ਨੂੰ ਸਾਰੀ ਭੇਂਟ ਦਾ ਚੇਤਾ ਕਰਾਇਆ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਗੁਰੂ ਜੀ ਨੇ ਉਸ ਨੂੰ ਆਪਦਾ ਮੋਢਾ ਨਹੀਂ ਸੀ ਦਿਖਾਇਆ ਅਤੇ ਨਾ ਹੀ ਕੋਈ ਜ਼ਖਮ ਸਨ। ਜਹਾਜ਼ ਆਤਮਕ ਸ਼ਕਤੀ ਨਾਲ ਬੰਨੇ ਲਾਇਆ ਜਾ ਸਕਦਾ ਹੈ, ਇਸ ਲਈ ਮੋਢਾ ਵਰਤਣ ਅਤੇ ਉਸ ਨੂੰ ਜ਼ਖ਼ਮੀ ਕਰਨ ਦੀ ਲੋੜ ਨਹੀਂ ਪੈਂਦੀ। ਹੁਣ ਮੱਖਣ ਸ਼ਾਹ ਗਦ ਗਦ ਹੋਕੇ, ਕੋਠੇ ਤੇ ਚੜ੍ਹ ਕੇ ਢੰਡੋਰਾ ਦੇਣ ਲੱਗ ਪਿਆ 'ਗੁਰੂ ਲਾਧੋ ਰੇ !' 'ਗੁਰੂ ਲਾਧੋ ਰੇ !' ਆਏ ਹੋਏ ਸਾਰੇ ਸਿੱਖ ਭੇਟ ਲੈ ਦਰਸ਼ਨ ਕਰਨ ਆਏ। ਸੰਨ 1664 ਦਾ ਅਗਸਤ ਮਹੀਨਾ ਸੀ। ਸਾਵਣ ਦੀ ਪੂਰਨਮਾਸ਼ੀ ਸੀ। ਗੁਰੂ ਜੀ ਦੀ ਉਮਰ ਉਸ ਵੇਲੇ 43 ਸਾਲ ਚਾਰ ਕੁ ਮਹੀਨੇ ਸੀ। ਇਸ ਦਾ ਮਤਲਬ ਇਹ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤਿ ਸਮਾਵਣ ਪਿੱਛੋਂ ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਗਟ ਹੋਣ ਵਿੱਚ ਚਾਰ ਕੁ ਮਹੀਨੇ ਲੱਗੇ।

ਅਗਸਤ ਦੇ ਵਿੱਚ ਵਿੱਚ ਹੀ ਬਾਕੀ ਦੇ ਦਾਅਵੇਦਾਰ 'ਗੁਰੂ' ਤਾਂ ਖਿਸਕ-ਮੰਤਰ ਪੜ੍ਹ ਗਏ। ਪਰ ਬਾਬਾ ਧੀਰਮੱਲ ਨੂੰ ਔਰੰਗਜ਼ੇਬ ਦੀ ਸਰਪ੍ਰਸਤੀ ਸੀ ਅਤੇ ਉਸ ਨੂੰ ਆਪਣੇ ਕੀਲੇ ਦਾ ਜ਼ੋਰ ਸੀ। ਜੇ ਗੁਰੂ ਜੀ ਦੇ ਸ਼ਰੀਕਾਂ ਰਾਹੀਂ ਹੀ ਸਿੱਖਾਂ ਨੂੰ ਕਮਜ਼ੋਰ ਕੀਤਾ ਜਾ ਸਕੇ ਤਾਂ ਕਿਸੇ ਬਾਹਰਲੇਂ ਵੈਰੀ ਵਲੋਂ ਸਿਰ-ਦਰਦੀ ਦੀ ਕੀ ਲੋੜ ਹੈ ? ਸੋ ਕੁਝ ਦਿਨ ਪਿੱਛੋਂ ਉਸ ਦੇ ਮਸੰਦ, ਸ਼ੀਂਹੇਂ ਨੇ ਗੁਰੂ ਜੀ ਨੂੰ ਇੱਕਲਿਆਂ ਦੇਖ ਕੇ ਉਨ੍ਹਾਂ ਉੱਤੇ ਬੰਦੂਕ ਦਾ ਵਾਰ ਕੀਤਾ ਪਰ ਨਿਸ਼ਾਨਾ ਚੁੱਕ ਗਿਆ ਅਤੇ ਵਾਹਿਗੁਰੂ ਨੇ ਰੱਖਿਆ ਕੀਤੀ। ਪਰ ਸ਼ੀਹਾਂ ਗੁਰੂ ਜੀ ਦੇ ਘਰ ਨੂੰ ਲੁਟ ਕੇ ਬਾਬਾ ਧੀਰਮੱਲ ਨਾਲ ਕਰਤਾਰਪੁਰ ਨੂੰ ਚੱਲ ਪਿਆ। ਗੋਲੀ ਦਾ ਖੜਾਕ ਸੁਣ ਕੇ ਮੱਖਣ ਸ਼ਾਹ ਤੇ ਹੋਰ ਸਿੱਖ ਆ ਗਏ। ਗੱਲ ਦਾ ਪਤਾ ਲੱਗਣ ਤੋਂ ਉਹ ਗੁਰੂ ਜੀ ਦੇ ਘਰ ਦਾ ਲੁੱਟਿਆ ਹੋਇਆ ਸਾਮਾਨ ਹੀ ਨਹੀਂ ਮੋੜ ਲਿਆਏ, ਬਲਕਿ ਬਾਬਾ ਧੀਰਮੱਲ ਤੋਂ 'ਆਦਿ ਬੀੜ' ਵੀ ਖੋਹ ਲਿਆਏ। ਪਰ ਗੁਰੂ ਜੀ ਨੇ ਆਦਿ ਬੀੜ" ਮੁੜ ਆਪਣੇ ਭਤੀਜੇ ਧੀਰ ਮੱਲ ਨੂੰ ਭੇਜ ਦਿੱਤੀ। ਨਾਲ ਹੀ ਆਪਣੇ ਘਰ ਦਾ ਸਾਮਾਨ ਵੀ। ਬੀੜ ਬਿਆਸਾ ਨਦੀ ਦੇ ਕੰਢੇ ਨਹੀਂ ਸੀ ਰੱਖੀ; ਇਹ ਬੇਅਦਬੀ ਹੈ।

***4. ਮਸੰਦ ਅੰਮ੍ਰਿਤਸਰੀਏ, ਅੰਦਰ-ਸੜੀਏ:*** ਹੁਣ ਗੁਰੂ ਤੇਗ ਬਹਾਦੁਰ ਜੀ ਭਾਈ ਮੱਖਣ ਸ਼ਾਹ ਸਮੇਤ ਬਕਾਲੇ ਦੇ ਵਿੱਚ ਪ੍ਰਚਾਰ ਕਰਦੇ ਸਨ। ਸੰਨ 1664 ਦੇ ਸ਼ੁਰੂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਅੰਮ੍ਰਿਤਸਰ ਜਾ ਪੁਜੇ।

1. ਉੱਪਰ ਲਿਖਿਆ ਜਾ ਚੁੱਕਾ ਹੈ ਕਿ ਗੁਰੂ ਹਰਿ ਗੋਬਿੰਦ ਜੀ ਸੰਨ 1630 ਵਿੱਚ ਸ੍ਰੀ ਅਮ੍ਰਿੰਤਸਰੋਂ ਚਲੇ ਗਏ ਸਨ ਅਤੇ ਮੁੜ ਉਥੇ ਨਹੀਂ ਸਨ ਗਏ। ਸੰਨ 1644 ਵਿਚ ਗੁਰੂ ਹਰਿ ਰਾਇ ਜੀ ਗੁਰੂ ਬਣੇ ਪਰ ਉਹ ਕੀਰਤਪੁਰ ਦੇ ਇਲਾਕੇ ਵਿੱਚ ਹੀ ਰਹੇ। ਸੰਨ 1654 ਵਿੱਚ ਸਿਰਫ਼ ਇੱਕ ਵਾਰੀ 6 ਕੁ ਮਹੀਨੇ

ਲਈ ਅੰਮ੍ਰਿਤਸਰ ਆ ਕੇ ਰਹੇ। ਜਦੋਂ ਕਿ ਆਪ ਜੀ ਨੇ 4 ਕੁ ਸਾਲ ਲਈ ਮਾਝੇ, ਮਾਲਵੇ ਤੇ ਦੁਆਬੇ ਦਾ ਦੌਰਾ ਕੀਤਾ। ਸੰਨ 1661 ਵਿੱਚ ਗੁਰੂ ਹਰਿ ਕ੍ਰਿਸ਼ਨ ਜੀ ਗੁਰੂ ਬਣੇ ਪਰ ਉਹ ਵੀ ਅੰਮ੍ਰਿਤਸਰ ਨਹੀਂ ਸਨ ਗਏ। ਸੋ ਸੰਨ 1630 ਤੋਂ ਸ਼ੁਰੂ ਸੰਨ 1664 ਤਾਈਂ ਲਗ ਪਗ 34 ਸਾਲ ਤਾਈਂ ਸ੍ਰੀ ਹਰਿ ਮੰਦਿਰ ਸਾਹਿਬ ਜੀ ਦੀ ਸੇਵਾ ਮਸੰਦ ਪੁਜਾਰੀ ਹੀ ਕਰਦੇ ਆ ਰਹੇ ਸਨ। ਸੋ ਉਨ੍ਹਾਂ ਨੂੰ ਡਰ ਪਿਆ ਕਿ ਜੇ ਗੁਰੂ ਤੇਗ਼ ਬਹਾਦੁਰ ਜੀ ਅੰਮ੍ਰਿਤਸਰ ਹੀ ਰਹਿਣ ਲੱਗ ਪਏ ਤਾਂ ਉਨ੍ਹਾਂ ਦੀ ਅਪਣੀ ਰੋਜ਼ੀ ਮਾਰੀ ਜਾਵੇਗੀ।

2. ਬਕਾਲੇ ਦੀਆਂ ਘਟਨਾਵਾਂ ਵੀ ਉਹ ਮਸੰਦ ਸੁਣ ਚੁੱਕੇ ਸਨ, ਜਿਸ ਨਾਲ ਉਨ੍ਹਾਂ ਨੂੰ ਸ਼ਹਿ ਮਿਲੀ।

3. ਮੁਗ਼ਲ ਸਰਕਾਰ ਵੀ ਫੁੱਟ ਪਾ ਕੇ ਸਿੱਖਾਂ ਨੂੰ ਕਮਜ਼ੋਰ ਕਰ ਰਹੀ ਸੀ।

ਸੋ ਪੁਜਾਰੀ ਸ੍ਰੀ ਹਰਿ ਮੰਦਿਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਚਲੇ ਗਏ। ਗੁਰੂ ਜੀ ਕਈ ਚਿਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉੱਤਰ ਵੱਲ ਸੌ ਕੁ ਗਜ਼ ਤੇ ਇੱਕ ਥਾਂ, ਜਿੱਥੇ ਹੁਣ ਗੁਰਦਵਾਰਾ 'ਥੜਾ ਸਾਹਿਬ' ਹੈ, ਬੈਠੇ ਉਡੀਕਦੇ ਰਹੇ ਪਰ ਦਰਵਾਜ਼ੇ ਨਾ ਖੋਲ੍ਹੇ ਗਏ। ਅੰਮ੍ਰਿਤਸਰ ਦੀ ਸੰਗਤ, ਮਾਈ ਭਾਈ ਨੇ ਬੇਸ਼ੱਕ ਗੁਰੂ ਜੀ ਦੀ ਬੜੀ ਸੇਵਾ ਕੀਤੀ। ਪਰ ਸ੍ਰੀ ਹਰਿਮੰਦਿਰ ਸਾਹਿਬ ਦਾ ਦਰਸ਼ਨ ਕਰਨ ਤੋਂ ਬਿਨਾਂ ਹੀ ਗੁਰੂ ਜੀ ਨੂੰ ਅੰਮ੍ਰਿਤਸਰੋਂ ਵਾਪਸ ਮੁੜਨਾ ਪਿਆ। ਹਾਂ, ਗੁਰੂ ਜੀ ਮੱਖਣ ਸ਼ਾਹ ਨੂੰ ਸ੍ਰੀ ਹਰਿਮੰਦਿਰ ਸਾਹਿਬ ਵਿੱਚ ਭੇਟਾ ਪੇਸ਼ ਕਰਨ ਨੂੰ ਪਿੱਛੇ ਛੱਡ ਗਏ।

ਵੱਲੇ ਪਿੰਡ ਦੀ ਸੰਗਤ ਨੇ, ਜੋ ਅੰਮ੍ਰਿਤਸਰ ਦੇ ਸੁਲਤਾਨ ਵਿੰਡ ਦਰਵਾਜ਼ੇ ਤੋਂ ਚੜ੍ਹਦੇ ਪਾਸੇ ਦੋ ਢਾਈ ਮੀਲ ਤੇ ਹੈ, ਗੁਰੂ ਜੀ ਦੀ ਬੜੀ ਸੇਵਾ ਕੀਤੀ। ਉਥੇ ਯਾਦਗਾਰ ਵਜੋਂ ਹੁਣ ਗੁਰਦਵਾਰਾ 'ਕੋਠਾ ਸਾਹਿਬ' ਹੈ।

ਗੁਰੂ ਜੀ ਦੇ ਅੰਮ੍ਰਿਤਸਰ ਛੱਡਣ ਪਿੱਛੋਂ ਮਸੰਦਾਂ ਨੇ ਸ੍ਰੀ ਹਰਿ ਮੰਦਿਰ ਸਾਹਿਬ ਦੇ ਦਰਵਾਜ਼ੇ ਖੋਲ੍ਹ ਦਿੱਤੇ। ਭਾਈ ਮੱਖਣ ਸ਼ਾਹ ਨੇ ਉਨ੍ਹਾਂ ਨੂੰ ਝਾੜਾਂ ਪਾਈਆਂ। ਪੁਜਾਰੀ ਡਰੇ ਕਿ ਕਿਤੇ ਉਨ੍ਹਾਂ ਦਾ ਹਾਲ ਵੀ ਉਹ ਬਾਬਾ ਧੀਰ ਮੱਲ ਵਾਲਾ ਹੀ ਨਾ ਕਰੇ । ਸੋ ਉਹ ਭੇਟਾ ਲੈ ਕੇ ਉਸ ਦੇ ਨਾਲ ਵੱਲੇ ਆਏ। ਪਰ ਗੁਰੂ ਜੀ ਨੇ ਉਨ੍ਹਾਂ ਦੇ ਦਿਲ ਦੇ ਖੋਟ ਨੂੰ ਸਮਝ ਕੇ ਉਨ੍ਹਾਂ ਦੀ ਭੇਟ ਨਾ ਕਬੂਲੀ, ਨਾਲੇ ਫੁਰਮਾਇਆ : "ਤੁਸੀਂ ਹਰਿ ਮੰਦਿਰ ਸਾਹਿਬ ਦੇ ਅਸਲੀ ਮਸੰਦ, ਪੁਜਾਰੀ ਨਹੀਂ ਹੋ ਬਲਕਿ ਲਾਲਚ ਦੀ ਅੱਗ ਨਾਲ ਅੰਦਰੋਂ ਸੜੇ ਹੋਏ ਹੋ।" ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :

'ਨਹਿ ਮਸੰਦ ਤੁਮ ਅੰਮ੍ਰਿਤਸਰੀਏ।।
ਤ੍ਰਿਸ਼ਨਾਗਨਿ ਤੇ ਅੰਤਰ-ਸੜੀਏ।।32।।

ਸੋ ਮਸੰਦ ਵਾਪਸ ਅੰਮ੍ਰਿਤਸਰ ਚੁਲੇ ਗਏ।

ਏਥੇ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਜੀ ਨੇ

'ਅੰਮ੍ਰਿਤਸਰੀਏ, ਅੰਦਰ, ਸੜੀਏ' ਸਿਰਫ਼ ਸ੍ਰੀ ਹਰਿ ਮੰਦਿਰ ਸਾਹਿਬ ਦੇ ਮਸੰਦ ਪੁਜਾਰੀਆਂ ਨੂੰ ਕਿਹਾ ਸੀ, ਨਾ ਕਿ ਅੰਮ੍ਰਿਤਸਰ ਸ਼ਹਿਰ ਜਾਂ ਜ਼ਿਲੇ ਦੇ ਸਾਰੇ ਲੋਕਾਂ ਨੂੰ। ਸੋ ਭੁਲੇਖੇ, ਘਿਰਣਾ, ਈਰਖਾ ਜਾਂ ਮਖੌਲ ਨਾਲ 'ਅੰਬਰ ਸਰੀਏ, ਐਂਦਰ ਸੜੀਏ' ਕਹਿਣਾ ਮੂਰਖਤਾ ਹੈ। ਇਹ ਗੱਲ ਵੀ ਯਾਦ ਰਖਣੀ ਚਾਹੀਦੀ ਹੈ ਕਿ ਮਾਈਆਂ, ਰੱਬ ਰਜਾਈਆਂ ਸਦਾ ਹੀ ਹਨ ਅਤੇ ਹਰਿਕ ਥਾਂ ਦੀਆਂ ਹਨ ਅਤੇ ਅੰਮ੍ਰਿਤਸਰ ਦੀਆਂ ਉਚੇਚੇ ਤੌਰ ਤੇ ਨਹੀਂ। ਹੁੰਦੇ ਤਾਂ 'ਭਾਈ, ਰੱਬ ਰਜਾਈ' ਵੀ ਹਨ ਪਰ ਲਾਲਚੀ ਲੋਕ ਜ਼ਿਆਦਾ ਮਾਇਆ ਜਾਂ ਸ਼ਬਦ ਭੇਟ ਲੈਣ ਦੀ ਖਾਤਿਰ, ਮਾਈਆਂ ਦੇ ਭਾਈਆਂ ਨਾਲੋਂ ਜ਼ਿਆਦਾ ਕੋਮਲ ਸੁਭਾਉ ਦਾ ਅਯੋਗ ਲਾਭ ਉਠਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਸਪੈਸ਼ਲ ਤੌਰ ਤੇ 'ਮਾਈਆਂ, ਰੱਬ-ਰਜਾਈਆਂ' ਕਹਿ ਕੇ ਸੰਬੋਧਨ ਕਰਦੇ ਹਨ, ਅਤੇ ਆਪਣੀ ਇਸ ਚਾਲ ਵਿੱਚ ਸਫਲ ਵੀ ਹੁੰਦੇ ਹਨ।

ਵੱਲਿਉਂ ਭਾਈ ਮੱਖਣ ਸ਼ਾਹ ਗੁਰੂ ਜੀ ਦੀ ਆਗਿਆ ਲੈ ਕੇ ਚਲਾ ਗਿਆ ਪਰ ਗੁਰੂ ਜੀ ਸੰਗਤ ਸਮੇਤ, ਬਕਾਲੇ ਤੇ ਕਰਤਾਰਪੁਰ ਰਾਹੀਂ, ਕੀਰਤਪੁਰ ਪੁੱਜੇ। ਸੰਨ 1634 ਤੋਂ 1664 ਤਾਈਂ 30 ਸਾਲ ਕੀਰਤਪੁਰ ਹੀ ਕੇਂਦਰੀ ਗੁਰ-ਅਸਥਾਨ ਰਿਹਾ ਸੀ। ਹੁਣ ਗੁਰੂ ਜੀ ਨੇ ਕਹਿਲੂਰ ਦੇ ਰਾਜਾ, ਦੀਪ ਚੰਦ ਤੋਂ ਮਾਖੋਵਾਲ ਪਿੰਡ ਦੀ ਜ਼ਮੀਨ ਮੁੱਲ ਲੈ ਕੇ ਅਕਤੂਬਰ 1665 ਨੂੰ ਚੱਕ ਨਾਨਕੀ ਆਨੰਦਪੁਰ ਵਸਾਇਆ।

*5. ਪੂਰਬ ਦਾ ਦੌਰਾ (ਸੰਨ 1665-1670):* ਆਪਣੀਆਂ ਤਿੰਨਾਂ ਉਦਾਸੀਆਂ —ਚਾਰ ਜਾਂ ਪੰਜ ਨਹੀਂ — ਵਿੱਚੋਂ ਪਹਿਲੀ ਉਦਾਸੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਸੰਨ 1507 ਤੋਂ 1515 ਤਾਈਂ 8 ਸਾਲ ਤਾਈਂ ਉੱਤਰ ਪ੍ਰਦੇਸ਼, ਬਿਹਾਰ, ਆਸਾਮ, ਬੰਗਾਲ, ਉੜੀਸਾ, ਮੱਧ ਪ੍ਰਦੇਸ਼, ਮਦਰਾਸ, ਬੰਬਈ ਅਤੇ ਰਾਜਸਥਾਨ ਵਿੱਚ ਸਿੱਖੀ ਪ੍ਰਚਾਰ ਕੀਤਾ ਸੀ। ਪਿੱਛੋਂ ਗੁਰੂ ਅਮਰਦਾਸ ਜੀ ਹਰਿਦਵਾਰ ਤਕ ਗਏ। ਗੁਰੂ ਹਰਿ ਗੋਬਿੰਦ ਜੀ ਉੱਤਰ ਪ੍ਰਦੇਸ਼ ਵਿੱਚ ਨਾਨਕ ਮਤੇ ਤਾਈਂ ਅਤੇ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਤਾਈਂ। ਸੋ ਇਸ ਪ੍ਰਚਾਰ ਅਤੇ ਗੁਰੂ ਅਰਜੁਨ ਦੇਵ ਜੀ ਦੀ ਕੁਰਬਾਨੀ ਦਾ ਸਦਕਾ ਪੰਜਾਬ ਵਿਚ ਅਤੇ ਦਿੱਲੀ, ਹਰਦਵਾਰ ਤਾਈਂ ਤਾਂ ਜਨਤਾ ਵਿਚ ਜ਼ੁਲਮ ਦੇ ਵਿਰੁੱਧ ਕਾਫ਼ੀ ਜਾਗ੍ਰਤਾ ਆ ਚੁੱਕੀ ਸੀ। ਪਰ ਇਸ ਤੋਂ ਅੱਗੇ ਪੂਰਬ ਵਿੱਚ ਹਿੰਦੂਆਂ ਨੂੰ ਜ਼ੁਲਮ ਦੇ ਖਿਲਾਫ਼ ਸਹਾਰੇ ਦੀ ਲੋੜ ਸੀ, ਸੋ 'ਹਿੰਦ ਦੀ ਚਾਦਰ', 'ਹਿੰਦ ਦੇ ਸਹਾਰੇ' ਗੁਰੂ ਤੇਗ ਬਹਾਦੁਰ ਜੀ ਨੇ ਗੁਰੂ ਬਣਦਿਆਂ ਹੀ ਪੰਜ ਸਾਲ ਲਈ ਪੂਰਬ ਦਾ ਦੌਰਾ ਕੀਤਾ। ਇਸ ਲਈ ਗੁਰੂ ਜੀ ਨੇ ਆਪਦੀ ਬਾਣੀ ਵਿੱਚ ਅਰਬੀ ਤੇ ਫ਼ਾਰਸੀ ਦਾ ਇੱਕ ਵੀ ਸ਼ਬਦ ਨਹੀਂ ਵਰਤਿਆ ਅਤੇ ਨਾ ਹੀ ਇਸਲਾਮ ਦਾ ਜ਼ਿਕਰ ਕੀਤਾ ਹੈ। ਸਗੋਂ ਸਾਰੀ ਬਾਣੀ ਹਿੰਦੀ ਵਿੱਚ ਹੈ, ਅਤੇ ਥਾਂ ਥਾਂ ਦ੍ਰੋਪਦੀ, ਰਾਜ, ਅਜਾਮਲ, ਗਨਕਾ ਅਤੇ ਧਰੂ ਆਦਿਕ ਦੀਆਂ ਮਿਸਾਲਾਂ ਦੇ ਕੇ ਜਨਤਾ ਨੂੰ ਨਿਰਭੈਤਾ ਦਾ ਉਪਦੇਸ਼ ਕੀਤਾ

ਹੋਇਆ ਹੈ।

**(ੳ) ਪੰਜਾਬ ਤੇ ਹਰਿਆਣਾ ਪ੍ਰਦੇਸ਼** : ਪਰਵਾਰ ਤੇ ਸੰਗਤ ਸਮੇਤ ਚਲ ਕੇ ਘਨੌਲੀ, ਰੋਪੜ, ਦਾਦੂ ਮਾਜਰਾ, ਨੌਲੱਖਾ ਤੇ ਲੰਗ ਆਦਿਕ ਪਿੰਡਾਂ ਵਿੱਚੋਂ ਹੋ ਕੇ ਗੁਰੂ ਜੀ ਮੂਲੇਵਾਲ ਪੁੱਜੇ, ਜਿੱਥੇ ਪਾਣੀ ਖਾਰਾ ਸੀ। ਸੋ ਪੰਜ ਦਿਨ ਉਥੇ ਰਹੇ। ਗੁਰੂ ਜੀ ਦੀ ਹਦਾਇਤ ਅਨੁਸਾਰ ਡੂੰਘੇ ਖੂਹ ਪੁੱਟੇ ਗਏ ਅਤੇ ਉਨ੍ਹਾਂ ਵਿੱਚੋਂ ਮਿੱਠਾ ਪਾਣੀ ਨਿਕਲਿਆ। ਉੱਥੋਂ ਫਰਵਾਹੀ, ਹੰਢਆਇਆ, ਭੰਦੇਹਰ ਅਤੇ ਖੀਵਾ ਥਾਣੀਂ ਭਿੱਖੀ ਪੁੱਜੇ ਅਤੇ ਇਸ ਇਲਾਕੇ ਦੀ ਜਨਤਾ ਨੂੰ ਸੁਲਤਾਨ, ਸਖੀ ਸਰਵਰ ਦੀ ਪੂਜਾ ਤੋਂ ਹਟਾ ਕੇ, ਗੋਰਾਂ ਮੜ੍ਹੀਆਂ ਅਤੇ ਗੁੱਗਿਆਂ ਸੱਪਾਂ ਆਦਿਕ ਦੀ ਪੂਜਾ ਤੋਂ ਹਟਾ ਕੇ ਵਾਹਿਗੁਰੂ ਦੇ ਲੜ ਲਾਇਆ। ਉਸ ਤੋਂ ਅੱਗੇ ਦਲੇਉ, ਅਲੀਸ਼ੇਰ, ਖਿਆਲਾ, ਮੌੜ, ਮਾਈਸਰ ਖਾਨਾ ਆਦਿਕ ਪਿੰਡਾਂ ਥਾਣੀਂ ਸਾਬੋ ਕੀ ਤਲਵੰਡੀ ਪੁੱਜੇ, ਜਿਥੇ ਗੁਰੂ ਜੀ ਦੀ ਯਾਦ ਵਿੱਚ ਗੁਰਦਵਾਰਾ ਮੰਜੀ ਸਾਹਿਬ ਹੈ। ਇੱਥੇ ਹੀ ਤਖ਼ਤ ਦਮਦਮਾ ਸਾਹਿਬ ਹੈ। ਇੱਥੋਂ ਅੱਗੇ ਧਰਮੂ ਦਾ ਕੋਟ, ਬੱਛੋਆਣਾ, ਗੋਬਿੰਦਪੁਰਾ, ਸੰਘੇੜੀ ਤੇ ਗੁਰਨਾ ਆਦਿਕ ਪਿੰਡਾਂ ਵਿੱਚੀਂ ਲੰਘਕੇ ਗੁਰੂ ਜੀ ਧਮਧਾਣ ਪੁੱਜੇ, ਜੋ ਹੁਣ ਰੇਲਵੇ ਸਟੇਸ਼ਨ ਹੈ। ਇਸ ਇਲਾਕੇ ਵਿੱਚ ਹੀ ਇੱਕ ਸਿਖ ਭਾਈ ਰਾਮਦੇਵ ਨੇ ਸੰਗਤ ਨੂੰ ਪਾਣੀ ਪਿਲਾਣ ਅਤੇ ਨਵ੍ਹਾਉਣ ਅਤੇ ਹਰ ਥਾਂ ਪੜਾਉ ਅਸਥਾਨ ਤੇ ਛਿੜਕਾਉ ਦੀ ਬੜੀ ਸੇਵਾ ਕੀਤੀ। ਇਸ ਲਈ ਧਮਧਾਣ ਸਾਹਿਬ ਪੁੱਜ ਕੇ ਗੁਰੂ ਜੀ ਨੇ ਉਸ ਦਾ ਨਾਉਂ ਭਾਈ ਮੀਂਹਾਂ—ਜਲ ਦਾ ਮੀਂਹ ਵਰ੍ਹਾਉਣ ਵਾਲਾ—ਰੱਖ ਦਿੱਤਾ ਅਤੇ ਸਿੱਖ ਧਰਮ ਦਾ ਪ੍ਰਚਾਰਕ ਬਣਾ ਕੇ ਪੂਰਬ ਵੱਲ ਭੇਜ ਦਿੱਤਾ, ਜਿਸ ਨੇ ਮੁਰਾਦਾਬਾਦ, ਲਖਨਊ, ਬਾਰਾ ਬੰਕੀ ਅਤੇ ਨਵਾਬ-ਗੰਜ ਆਦਿਕ ਇਲਾਕਿਆਂ ਵਿੱਚ ਪ੍ਰਚਾਰ ਕੀਤਾ। ਮੀਹਾਂ ਸਾਹਿਬ ਦੇ ਉਪਦੇਸ਼ ਨਾਲ ਸਿੱਖ ਬਣੇ ਹੋਏ ਉਦਾਸੀ ਆਪਣੇ ਆਪ ਨੂੰ 'ਮੀਹਾਂ ਸ਼ਾਹੀਏ' ਜਾਂ 'ਮੀਹਾਂ ਦਾਸੀਏ' ਕਹਾਉਂਦੇ ਹਨ ਅਤੇ ਪਟਿਆਲਾ, ਲਖਨਊ ਅਤੇ ਸਾਧ-ਬੇਲਾ—ਸਿੰਧ ਵਿੱਚ ਸੈਖਰ ਪਾਸ ਅਟਕ ਨਦੀ ਵਿੱਚ ਇੱਕ ਟਾਪੂ—ਇਨ੍ਹਾਂ ਦੇ ਮੁੱਖ ਅਸਥਾਨ ਹਨ। ਧਮਧਾਣ ਤੋਂ ਗੁਰੂ ਜੀ ਖਟਕੜ੍ਹ, ਟੇਕ, ਕੈਂਥਲ ਅਤੇ ਬਾਰਨੇ ਆਦਿਕ ਪਿੰਡਾਂ ਵਿੱਚੀਂ ਗ੍ਰਹਿਣ ਦੇ ਸਮੇਂ ਤੇ ਹੀ ਥਾਨੇਸਰ ਪੁੱਜੇ ਅਤੇ ਗੁਰੂ ਜੀ ਦਾ ਉਪਦੇਸ਼ ਜਨਤਾ ਨੂੰ ਮੁੜ ਸਮਝਾਇਆ। ਇਥੋਂ ਬਨੀ ਬਦਰ ਥਾਣੀਂ ਜਮਨਾ ਤੋਂ ਪਾਰ ਕੜਾ ਮਾਣਕਪੁਰ ਪੁੱਜੇ, ਜਿਥੇ ਹੁਣ ਗੁਰਦਵਾਰਾ ਹੈ।

**(ਅ) ਉੱਤਰ ਪ੍ਰਦੇਸ਼** : ਏਥੋਂ ਗੁਰੂ ਜੀ ਮਥੁਰਾ, ਆਗਰਾ, ਅਤੇ ਕਾਨ੍ਹਪੁਰ ਹੁੰਦੇ ਹੋਏ ਅਲਾਹਾਬਾਦ (ਪ੍ਰਯਾਗ) ਪੁੱਜੇ ਅਤੇ ਜਨਤਾ ਨੂੰ ਸਮਝਾਇਆ ਕਿ ਸਾਧ-ਸੰਗਤਿ ਹੀ ਸਭ ਤੋਂ ਸ੍ਰੇਸ਼ਟ ਤੀਰਥ ਹੈ ਅਤੇ ਅਕਾਲ ਪੁਰਖ ਦਾ ਗਿਆਨ ਹੀ ਅਸਲੀ ਇਸ਼ਨਾਨ ਹੈ। ਇੱਥੇ ਹੀ ਹੁਣ ਮਹੱਲਾ ਅਹੀਆਪੁਰ ਵਿੱਚ ਗੁਰਦੁਆਰਾ 'ਪੱਕੀ ਸੰਗਤਿ' ਹੈ। ਉੱਧਰ ਧਰਮਸ਼ਾਲਾ, ਗੁਰਦੁਆਰੇ ਨੂੰ 'ਸੰਗਤਿ' ਆਖਦੇ ਹਨ। ਇਥੋਂ ਚਲ ਕੇ ਗੰਗਾ ਨਦੀ ਦੇ ਕੰਢੇ, ਮਿਰਜ਼ਾਪੁਰ ਥਾਣੀਂ

ਵਾਰਾਨਸੀ (ਕਾਸ਼ੀ) ਪੁੱਜੇ, ਜਿੱਥੇ ਹੁਣ ਮਹੱਲਾ ਰੇਸ਼ਮ ਵਿੱਚ ਗੁਰਦੁਆਰਾ 'ਬੜੀ ਸੰਗਤਿ' ਹੈ। ਏਥੋਂ ਗੁਰੂ ਜੀ 40 ਕੁ ਮੀਲ ਤੇ ਜੌਨਪੁਰ ਪੁੱਜੇ।

**(ੲ) ਬਿਹਾਰ ਪ੍ਰਦੇਸ਼** : ਜੌਨਪੁਰ ਤੋਂ ਚੱਲ ਕੇ ਗੁਰੂ ਜੀ ਪੰਜ ਕੁ ਮੀਲ ਪੂਰਬ ਨੂੰ ਸਸਰਾਮ ਪੁੱਜੇ, ਜਿੱਥੇ ਕਿ ਗੁਰੂ ਨਾਨਕ ਦੇਵ ਜੀ ਵੀ ਗਏ ਸਨ, ਅਤੇ ਜਿੱਥੇ ਹਮਾਯੂੰ ਨੂੰ ਭਜੌਣ ਵਾਲਾ ਸ਼ੇਰਸ਼ਾਹ ਸੂਰੀ ਜੰਮਿਆ ਸੀ। ਏਥੇ ਹੁਣ ਦੋ ਗੁਰਦੁਆਰੇ 'ਬੜੀ ਸੰਗਤਿ' ਤੇ 'ਛੋਟੀ ਸੰਗਤਿ' ਹਨ। ਇਥੋਂ 50 ਕੁ ਮੀਲ ਪੂਰਬ ਵਲ ਗੁਰੂ ਜੀ 'ਗਯਾ' ਪੁੱਜੇ ਜਿੱਥੇ ਗੁਰੂ ਨਾਨਕ ਜੀ ਵੀ ਗਏ ਸਨ, ਅਤੇ ਉਨ੍ਹਾਂ ਨੇ ਵੀ ਜਨਤਾ ਨੂੰ ਇਹੀ ਸਮਝਾਇਆ ਕਿ ਵਾਹਿਗੁਰੂ ਦਾ ਨਾਉਂ ਹੀ ਜੀਵਾਤਮਾ ਨੂੰ ਚਾਨਣ ਦੇ ਸਕਦਾ ਹੈ ਅਤੇ ਇਹੀ ਇਸ ਦੀ ਖ਼ੁਰਾਕ ਹੈ। ਇਥੋਂ 60 ਕੁ ਮੀਲ ਉੱਤਰ ਵੱਲ ਪਟਨਾ ਸ਼ਹਿਰ ਪੁੱਜੇ, ਜਿੱਥੇ ਆਪਣੀ ਪਹਿਲੀ ਉਦਾਸੀ ਵਿੱਚ ਗੁਰੂ ਨਾਨਕ ਦੇਵ ਜੀ ਵੀ 4 ਮਹੀਨੇ ਠਹਿਰੇ ਸਨ ਅਤੇ ਸਾਲਸ ਰਾਇ ਜੌਹਰੀ ਤੇ ਉਸ ਦਾ ਨੌਕਰ ਅਧਰਕਾ ਸਿੱਖ ਬਣੇ ਸਨ, ਅਤੇ ਜਿੱਥੇ ਸਿੱਖ-ਧਰਮ-ਪ੍ਰਚਾਰ ਕੇਂਦਰ ਵੀ ਥਾਪਿਆ ਗਿਆ ਸੀ। ਪਹਿਲਾਂ ਗੁਰੂ ਜੀ ਸ਼ਹਿਰੋਂ ਬਾਹਰ ਇਕ ਬਾਗ ਵਿੱਚ ਇੱਕ ਇਮਲੀ ਦੇ ਰੁੱਖ ਥੱਲੇ ਠਹਿਰੇ, ਜੋ ਥਾਂ ਹੁਣ 'ਗੁਰੂ ਦਾ ਬਾਗ' ਕਹਾਉਂਦਾ ਹੈ। ਫਿਰ ਇੱਕ ਪ੍ਰਸਿੱਧ ਹਲਵਾਈ ਸਿੱਖ, ਭਾਈ ਜੈਤਾ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ। ਪਰਵਾਰ ਨੂੰ ਪਟਨੇ ਛੱਡ ਕੇ ਗੁਰੂ ਜੀ 80 ਕੁ ਮੀਲ ਪੂਰਬ ਵੱਲ, ਗੰਗਾ ਨਦੀ ਦੇ ਕੰਢੇ, ਮੁੰਘੇਰ, ਇਥੋਂ 25 ਕੁ ਮੀਲ ਪੂਰਬ ਨੂੰ ਭਾਗਲਪੁਰ ਅਤੇ ਅੱਗੇ 40 ਕੁ ਮੀਲ ਪੂਰਬ ਵੱਲ ਰਾਜ ਮਹਲ ਪੁੱਜੇ।

**(ਸ) ਪੱਛਮੀ ਬੰਗਾਲ ਪ੍ਰਦੇਸ਼ ਤੇ ਬੰਗਲਾ ਦੇਸ਼** : ਰਾਜ ਮਹਲ ਤੋਂ ਗੁਰੂ ਜੀ ਮਾਲਦਾ ਪੁੱਜੇ, ਇੱਥੋਂ 40 ਕੁ ਮੀਲ ਦੱਖਣ ਨੂੰ ਮੁਰਸ਼ਿਦਾਬਾਦ ਅਤੇ ਇੱਥੋਂ 125 ਕੁ ਮੀਲ ਦੱਖਣ ਵੱਲ ਢਾਕਾ ਪੁੱਜੇ, ਜਿੱਥੇ ਕਿ ਆਪਣੀ ਪਹਿਲੀ ਉਦਾਸੀ ਵਿੱਚ ਗੁਰੂ ਨਾਨਕ ਦੇਵ ਜੀ ਵੀ ਗਏ ਸਨ। ਇੱਥੇ ਹੀ ਗੁਰੂ ਜੀ ਨੂੰ ਪਟਨੇ ਤੋਂ ਖ਼ਬਰ ਆਈ ਕਿ ਓਥੇ ਗੁਰੂ ਗੋਬਿੰਦ ਸਿੰਘ ਜੀ ਨੇ 26 ਦਸੰਬਰ, 1666 ਨੂੰ ਅਵਤਾਰ ਧਾਰਿਆ ਹੈ। ਗੁਰੂ ਜੀ ਨੇ ਪਟਨੇ ਦੀ ਸੰਗਤਿ ਨੂੰ ਧੰਨਵਾਦ ਦੀ ਚਿੱਠੀ ਲਿਖੀ, ਜੋ 'ਹੁਕਮ ਨਾਮੇ' ਦੀ ਸ਼ਕਲ ਵਿੱਚ ਹੁਣ ਤਾਈਂ ਸੁਰੱਖਿਅਤ ਹੈ।

**(ਹ) ਆਸਾਮ ਪ੍ਰਦੇਸ਼** : ਅਹੋਮੀ ਕਬੀਲੇ ਦੇ ਰਾਜਾ ਬਾੜ ਗੁਹੈਨ ਤੇ ਚੜ੍ਹਾਈ ਕਰਨ ਔਰੰਗਜ਼ੇਬ ਨੇ ਮੀਰ ਜੁਮਲਾ ਨੂੰ ਬੰਗਾਲ ਦਾ ਸੂਬੇਦਾਰ ਬਣਾ ਕੇ ਭੇਜਿਆ। 1 ਨਵੰਬਰ 1661 ਨੂੰ ਉਹ ਢਾਕਿਓਂ ਚੱਲਿਆ ਅਤੇ 4 ਜਨਵਰੀ 1662 ਨੂੰ ਅਹੋਮੀਆਂ ਤੇ ਮੁਗਲਾਂ ਦੀ ਸੁਲਹ ਹੋ ਗਈ। ਓਥੋਂ ਮੁੜਦਿਆਂ, 30 ਮਾਰਚ 1663 ਨੂੰ ਮੀਰ ਜੁਮਲਾ ਮਲੇਰੀਏ ਨਾਲ ਮਰ ਗਿਆ। ਉਨ੍ਹੀਂ ਦਿਨੀਂ ਔਰੰਗਜ਼ੇਬ ਕਸ਼ਮੀਰ ਸੀ। ਸੰਨ 1662 ਦੀਆਂ ਗਰਮੀਆਂ ਵਿੱਚ ਉਹ ਸਖਤ ਬਿਮਾਰ ਹੋ ਗਿਆ ਸੀ, ਇਸ ਲਈ ਸ਼ਾਹੀ ਹਕੀਮਾਂ ਦੀ ਸਲਾਹ ਨਾਲ ਓਥੇ ਗਿਆ ਸੀ। ਉਹ 19 ਜਨਵਰੀ 1664 ਵਿਚ ਵਾਪਿਸ ਦਿੱਲੀ ਪੁੱਜਾ। ਓਧਰ

ਆਸਾਮ ਵਿੱਚ ਮੁਗਲਾਂ ਨੇ ਸੁਲਹ ਦੀਆਂ ਸ਼ਰਤਾਂ ਭੰਗ ਕਰ ਦਿੱਤੀਆਂ, ਜਿਸ ਕਰਕੇ ਅਹੋਮੀਆਂ ਦੇ ਨਵੇਂ ਰਾਜ ਚਕ੍ਰਧਵਜ ਮੁਗਲਾਂ ਦੇ ਜਿੱਤੇ ਹੋਏ ਅਹੋਮੀ ਇਲਾਕੇ ਨੂੰ ਜਿੱਤ ਕੇ ਨਵੰਬਰ 1667 ਨੂੰ ਗੁਹਾਟੀ ਤਾਈਂ ਪੁੱਜ ਗਿਆ। ਸੋ ਔਰੰਗਜ਼ੇਬ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਅਹੋਮੀਆਂ ਦੇ ਸੋਧਣ ਲਈ ਆਸਾਮ ਭੇਜਿਆ। ਅਸਲ ਵਿੱਚ ਇਹ ਰਾਮ ਸਿੰਘ ਨੂੰ ਦੰਡ ਦਿੱਤਾ ਗਿਆ ਸੀ ਕਿਉਂਕਿ ਔਰੰਗਜ਼ੇਬ ਨੂੰ ਸ਼ੱਕ ਸੀ ਕਿ ਸ਼ਿਵਾ ਜੀ ਦੇ ਆਗਰੇ ਦੇ ਕਿਲੇ ਵਿੱਚੋਂ ਬਚ ਕੇ ਨਿਕਲ ਜਾਣ ਵਿੱਚ ਉਸ ਦਾ ਹੱਥ ਸੀ।

ਉਨ੍ਹੀਂ ਦਿਨੀਂ ਹੀ ਤੇਗ ਬਹਾਦੁਰ ਜੀ ਢਾਕੇ ਤੋਂ ਉੱਤਰੀ ਆਸਾਮ ਪੁੱਜ ਚੁੱਕੇ ਸਨ। ਗੁਰੂ ਜੀ ਨੇ ਵਿੱਚ ਪੈ ਕੇ ਸੰਨ 1670 ਵਿੱਚ ਚੱਕ੍ਰਧਵਜ ਤੇ ਰਾਜਾ ਜੈ ਸਿੰਘ ਦੀ ਸੁਲਹ ਕਰਵਾ ਦਿੱਤੀ, ਜਿਸ ਨਾਲ ਦੋਵੇਂ ਧਿਰਾਂ ਆਪੋ ਆਪਣੀਆਂ ਪੁਰਾਣੀਆਂ ਹੱਦਾਂ ਤੇ ਜਾ ਟਿਕਣ। ਸੋ ਬ੍ਰਹਮਪੁੱਤਰ ਨਦੀ ਦੇ ਪੂਰਬੀ ਕੰਢੇ ਵਸਦੇ ਸ਼ਹਿਰ ਧੂਬੜੀ ਦੇ ਪਾਸ ਦੋਹਾਂ ਫ਼ੌਜਾਂ ਦੇ ਸਿਪਾਹੀਆਂ ਨੇ ਮਿੱਟੀ ਦੀ ਇਕ ਇਕ ਢਾਲ ਭਰ ਲਿਆ ਕੇ ਇੱਕ ਉੱਚਾ ਦਮਦਮਾ ਤਿਆਰ ਕੀਤਾ, ਜੋ ਹੁਣ ਤਾਈਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿੱਚ ਕਾਇਮ ਹੈ।

1669 ਵਿੱਚ ਔਰੰਗਜ਼ੇਬ ਨੇ ਇਕ ਨਵਾਂ ਹੁਕਮ ਚਾੜ੍ਹਿਆ ਕਿ ਕਾਫਰਾਂ ਦੇ ਸੱਭ ਮੰਦਿਰ ਤੇ ਸਕੂਲ ਢਾਹ ਦਿੱਤੇ ਜਾਣ ਅਤੇ ਉਨ੍ਹਾਂ ਦੀ ਧਾਰਮਕ ਵਿਦਿਆ ਤੇ ਰਸਮਾਂ ਨੂੰ ਕੁਚਲ ਦਿੱਤਾ ਜਾਵੇ। ਉਸ ਵੇਲੇ ਹਿੰਦੂਆਂ ਦੇ ਬੜੇ ਲੀਡਰ ਤਾਂ ਰਾਜਪੂਤ ਤੇ ਬ੍ਰਾਹਮਣ ਹੀ ਸਨ। ਰਾਜਪੂਤ ਹਕੂਮਤ ਦੀ ਕਠ-ਪੁਤਲੀ ਬਣੇ ਹੋਏ ਸਨ ਅਤੇ ਬ੍ਰਾਹਮਣ ਅਨਪੜ੍ਹ ਜਨਤਾ ਨੂੰ ਕਰਮ ਕਾਂਡ ਦੇ ਜਾਲ ਵਿੱਚ ਫਸਾ ਕੇ ਆਪਣਾ ਉੱਲੂ ਸਿੱਧਾ ਕਰ ਰਹੇ ਸਨ। ਓਧਰੋਂ ਹਕੂਮਤ ਵਲੋਂ ਹਿੰਦੂਆਂ ਉੱਤੇ ਜ਼ੁਲਮ ਦੇ ਨਾਲ ਨਾਲ ਮੁਸਲਮਾਨ ਬਣਨ ਵਾਲੇ ਹਿੰਦੂਆਂ ਨੂੰ ਰਿਆਇਤਾਂ ਤੇ ਪੁਰਸਕਾਰ ਦਿੱਤੇ ਜਾਂਦੇ ਸਨ।

ਇਸ ਨਵੀਂ ਮੁਗ਼ਲ ਨੀਤੀ ਦਾ ਅਸਰ ਸੁਣ ਕੇ ਗੁਰੂ ਜੀ ਆਸਾਮ ਤੋਂ ਪਟਨੇ ਪੁੱਜੇ। ਪਰਵਾਰ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਓਥੇਂ ਹੀ ਛੱਡ ਕੇ, ਆਪ ਬਕਸਰ, ਵਾਰਾਨਸੀ (ਬਨਾਰਸ) ਆਦਿਕ ਥਾਈਂ ਹੁੰਦੇ ਹੋਏ ਸੰਨ 1670 ਵਿੱਚ, ਤਿੰਨ ਮਹੀਨਿਆਂ ਵਿੱਚ ਹੀ ਆਨੰਦਪੁਰ ਪੁੱਜ ਗਏ। ਥੋੜੇ ਸਮੇਂ ਪਿੱਛੋਂ ਹੀ ਪਰਵਾਰ ਨੂੰ ਪਟਨੇ ਤੋਂ ਮੰਗਵਾ ਲਿਆ।

6. **ਕਸ਼ਮੀਰੀ ਪੰਡਿਤ** : ਮੁਗਲ ਜ਼ੁਲਮ ਦੇ ਵਿਰੁਧ ਸੰਨ 1669 ਦੇ ਸ਼ੁਰੂ ਵਿੱਚ ਮਥਰਾ ਦੇ ਜੱਟਾਂ ਨੇ ਬਗਾਵਤ ਕਰ ਦਿੱਤੀ ਅਤੇ ਮਈ 1670 ਵਿੱਚ ਸਤਨਾਮੀਆਂ ਨੇ । ਸਤਨਾਮੀਆਂ ਨੂੰ ਲੋਕ 'ਮੁੰਡੀਆ' ਵੀ ਕਹਿੰਦੇ ਸਨ ਕਿਉਂਕਿ ਇਹ ਆਪਣੇ ਸਰੀਰ ਦੇ ਸਾਰੇ ਹੀ ਰੋਮ ਮੁਨਾ ਕੇ ਰੁੰਡ ਮੁੰਡ ਹੋ ਜਾਂਦੇ ਸਨ। ਇਹ ਲੋਕ ਵਰਤਮਾਨ ਹਰਿਆਣਾ ਪ੍ਰਦੇਸ਼ ਦੇ ਜ਼ਿਲ੍ਹਾ ਨਾਰਨੌਲ ਦੇ ਵਾਸੀ ਸਨ। ਇਨ੍ਹਾਂ

ਬਗਾਵਤਾਂ ਨਾਲ ਵੀ ਮੁਗਲੀਆ ਹਕੂਮਤ ਨਾ ਸਮਝੀ ਅਤੇ ਸਖ਼ਤੀ ਦੀ ਲਹਿਰ ਉੱਤਰ ਤੇ ਪੂਰਬੀ ਭਾਰਤ ਵਿੱਚ ਹੋਰ ਵੀ ਜ਼ੋਰ ਫੜ ਗਈ।

ਕਸ਼ਮੀਰ ਪੰਡਿਤਾਂ ਦਾ ਗੜ੍ਹ ਸੀ। ਮੁਗਲਾਂ ਦਾ ਖ਼ਿਆਲ ਸੀ ਕਿ ਜੇ ਇਹ ਲੋਕ ਮੁਸਲਮਾਨ ਬਣ ਗਏ ਤਾਂ ਵਿਦਵਾਨ ਹੋਣ ਦੇ ਨਾਤੇ ਇਸਲਾਮ ਨੂੰ ਹੋਰ ਫੈਲਾਉਣਗੇ। ਨਾਲੇ ਇਨ੍ਹਾਂ ਦੀ ਪੈਰਵੀ ਕਰਕੇ ਬਾਕੀ ਸਾਰੇ ਵਰਣ ਵੀ ਛੇਤੀ ਮੁਸਲਮਾਨ ਬਣ ਜਾਣਗੇ। ਸੋ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫਗਨ ਖਾਂ ਨੇ ਜ਼ੋਰ ਨਾਲ ਉਨ੍ਹਾਂ ਪੰਡਿਤਾਂ ਨੂੰ ਮੁਸਲਮਾਨ ਬਨਾਉਣਾ ਸ਼ੁਰੂ ਕਰ ਦਿੱਤਾ। ਉਹ ਬ੍ਰਾਹਮਣ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉੱਤਰ ਅਧਿਕਾਰੀਆਂ ਵਲੋਂ ਜਨਤਾ ਨੂੰ ਸਵੈਮਾਨ ਦੇ ਉਪਦੇਸ਼, ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਅਤੇ ਗੁਰੂ ਹਰਿ ਗੋਬਿੰਦ ਜੀ, ਜੋ ਆਪ ਭੀ ਕਸ਼ਮੀਰ ਗਏ ਸਨ, ਦੀ ਤਲਵਾਰ ਤੋਂ ਚੰਗੀ ਤਰ੍ਹਾਂ ਜਾਣੂ ਸਨ। ਸੋ ਮੁਗਲਾਂ ਦੀ ਤਲਵਾਰ ਅੱਗੇ ਝੁਕਣ ਤੋਂ ਪਹਿਲਾਂ ਗੁਰੂ ਤੇਗ ਬਹਾਦੁਰ ਜੀ ਤੋਂ ਸਹਾਇਤਾ ਮੰਗਣ ਲਈ ਉਨ੍ਹਾਂ ਨੇ ਇੱਕ ਡੈਪੂਟੇਸ਼ਨ ਆਨੰਦਪੁਰ ਭੇਜਿਆ। ਜਿਸ ਦੇ ਸੋਲਾਂ ਮੈਂਬਰ ਸਨ ਅਤੇ ਜਿਸਦਾ ਲੀਡਰ ਕਿਰਪਾ ਰਾਮ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਅਸੀਂ ਤਾਂ ਅੱਗੇ ਹੀ ਕਮਜ਼ੋਰਾਂ ਨੂੰ ਉਭਾਰਣ ਲਈ ਨਿਰਭੈ ਹੋ ਕੇ ਆਪਣਾ ਸਿਰ ਦੇਣ ਦਾ ਦ੍ਰਿੜ੍ਹ ਇਰਾਦਾ ਬਣਾ ਲਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਭਾਵੇਂ, ਸੰਨ 1674 ਵਿੱਚ ਉਸ ਵੇਲੇ ਅਜੇ 8 ਸਾਲਾਂ (9 ਜਾਂ 10 ਦੇ ਨਹੀਂ) ਦੇ ਹੀ ਸਨ ਅਤੇ ਪਿਤਾ ਜੀ ਦੀ ਕੁਰਬਾਨੀ ਨੇ ਉਨ੍ਹਾਂ ਨੂੰ ਹੀ ਯਤੀਮ ਬਣਾਉਣਾ ਸੀ, ਪਿਤਾ ਗੁਰੂ ਜੀ ਦੇ ਇਸ ਫੈਸਲੇ ਦੀ ਪ੍ਰੋੜ੍ਹਤਾ ਕੀਤੀ। ਸੋ ਗੁਰੂ ਜੀ ਨੇ ਪੰਡਿਤਾਂ ਨੂੰ ਕਹਿ ਦਿੱਤਾ ਕਿ ਉਹ ਔਰੰਗਜ਼ੇਬ ਨੂੰ ਲਿਖ ਭੇਜਣ ਕਿ ਗੁਰੂ ਜੀ ਉਨ੍ਹਾਂ ਦੇ ਧਾਰਮਿਕ ਰਾਹਬਰ ਹਨ ਅਤੇ ਜੇ ਉਹ ਮੁਸਲਮਾਨ ਬਣ ਗਏ ਤਾਂ ਉਹ ਸਾਰੇ ਵੀ ਬਣ ਜਾਣਗੇ। ਵਾਪਿਸ ਜਾ ਕੇ ਪੰਡਿਤਾਂ ਨੇ ਇਹ ਗੱਲ ਸ਼ੇਰ ਅਫਗਨ ਖਾਂ ਰਾਹੀਂ ਔਰੰਗਜ਼ੇਬ ਨੂੰ ਲਿਖ ਭੇਜੀ। ਗਵਰਨਰ ਨੇ ਆਪਣੇ ਵਲੋਂ ਵੀ ਹਾਸ਼ੀਏ ਚਾੜ੍ਹੇ ਕਿਉਂਕਿ ਉਹ ਪੰਡਿਤਾਂ ਦੀ ਪੇਸ਼ਕਸ਼ ਨੂੰ ਤਾਂ ਸੁਖਾਲਿਆਂ ਹੀ ਮੁਸਲਮਾਨ ਬਣਾਇਆ ਜਾ ਸਕੇਗਾ। ਸਾਨੂੰ ਇਹ ਗੱਲ ਵੀ ਐਨ ਪੂਰੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜੇ ਉਸ ਵੇਲੇ ਹਿੰਦੂ ਮੁਸਲਮਾਨਾਂ ਉੱਤੇ ਜ਼ੁਲਮ ਕਰਦੇ ਹੁੰਦੇ ਤਾਂ ਗੁਰੂ ਜੀ ਹਿੰਦੂਆਂ ਵਿਰੁੱਧ ਮੁਸਲਮਾਨਾਂ ਦੀ ਬਾਂਹ ਵੀ ਫੜਦੇ ਕਿਉਂਕਿ ਸਿਖ ਗੁਰੂ ਸਾਹਿਬਾਨ ਪਹਿਲਾਂ ਤੋਂ ਹੀ ਮਜ਼ਹਬੀ ਰਵਾਦਾਰੀ ਦੇ ਦਿਲੋਂ ਕਾਇਲ ਸਨ।

**7. ਜਨਤਾ ਨੂੰ ਨਵੇਂ ਜ਼ੁਲਮ ਦੇ ਡਰ ਤੋਂ ਨਿਡਰ ਕਰਨ ਲਈ ਦੇਸ਼-ਰਟਨ (ਸੰਨ 1674-1675) :** ਪਰਵਾਰ ਤੇ ਸੰਗਤ ਦਾ ਦਿਲ ਕਹਿੰਦਾ ਸੀ, ਇਸ ਵਾਰੀ ਆਨੰਦਪੁਰ ਛੱਡ ਕੇ ਗੁਰੂ ਜੀ ਵਾਪਸ ਨਹੀਂ ਆਉਣਗੇ। ਪਰ ਉਨ੍ਹਾਂ ਨੇ ਸਭ ਨੂੰ ਹੌਸਲਾ ਦਿੱਤਾ ਅਤੇ ਕਿਹਾ ਕਿ ਦੁਖੀਆਂ ਦੀ ਬਾਂਹ ਫੜਨਾ ਵੀ ਉੱਚਾ ਜੀਵਨ-ਆਦਰਸ਼ ਹੈ। ਸੋ ਗੁਰੂ ਜੀ ਕਈ ਸਿੱਖਾਂ ਸਮੇਤ ਸੰਨ 1674 ਵਿਚ

ਆਨੰਦਪੁਰੋਂ ਚੱਲ ਪਏ ਅਤੇ ਕੀਰਤਪੁਰ, ਰੋਪੜ ਅਤੇ ਨਨਹੇੜੀ ਆਦਿਕ ਪਿੰਡਾਂ ਵਿੱਚੋਂ ਸੈਫ਼ਾਬਾਦ ਪੁੱਜੇ, ਜੋ ਪਟਿਆਲਿਉਂ ਪੰਜ ਕੁ ਮੀਲ ਉੱਤਰ ਵਲ ਹੈ। ਉਥੇ ਸੱਯਦ ਸੈਫ ਅਲੀ ਖਾਂ ਪਾਸ ਦੋ ਕੁ ਮਹੀਨੇ ਰਹੇ। ਏਥੋਂ ਸਮਾਣੇ ਪੁੱਜੇ, ਜਿਥੋਂ ਦਾ ਚੌਧਰੀ, ਮੁਹੰਮਦ ਬਖਸ਼, ਮੜ੍ਹਲ ਰਾਜਪੂਤ ਵੀ ਗੁਰੂ ਜੀ ਦਾ ਸ਼ਰਧਾਲੂ ਸੀ। ਏਥੋਂ ਦੱਖਣ ਵਲ ਕੈਥਲ ਅਤੇ ਲਖਣ ਮਾਜਰੇ ਰਾਹੀਂ ਰੋਹਤਕ ਪੁੱਜੇ। ਇਨ੍ਹੀਂ ਥਾਈਂ ਯਾਦਗਾਰੀ ਗੁਰਦੁਆਰੇ ਹਨ। ਗੁਰੂ ਜੀ ਨੇ ਆਪਣੇ ਨਾਲ ਤਾਂ ਖ਼ਾਸ ਸਿੱਖ ਰੱਖੇ ਸਨ। ਇਹੀ ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਸਤੀਦਾਸ, ਭਾਈ ਗੁਰਦਿੱਤਾ, ਭਾਈ ਊਦਾ ਤੇ ਭਾਈ ਜੈਤਾ। ਪਰ ਰਸਤੇ ਵਿਚ ਬਹੁਤ ਲੋਕ ਆਉਂਦੇ ਜਾਂਦੇ, ਦਰਸ਼ਨ ਕਰਦੇ ਤੇ ਭੇਟਾਂ ਧਰਦੇ ਸਨ। ਉਸ ਪੈਸੇ ਨਾਲ ਹੀ ਗੁਰੂ ਜੀ ਨੇ ਥਾਂ ਥਾਂ ਪਾਣੀ ਦੀ ਥੁੜ ਨੂੰ ਦੂਰ ਕਰਨ ਲਈ ਖੂਹ ਤੇ ਬਾਉਲੀਆਂ ਲੁਆਈਆਂ ਅਤੇ ਲੋਕ-ਭਲਾਈ ਦੇ ਹੋਰ ਕੰਮ ਕੀਤੇ। ਪਰ ਤੁਰਕ ਹਾਕਮਾਂ ਨੇ ਔਰੰਗਜ਼ੇਬ ਨੂੰ ਝੂਠੀਆਂ ਰੀਪੋਰਟਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਕਿ ਗੁਰੂ ਜੀ ਆਪਣੇ ਲੁਟੇਰੇ, ਧਾੜਵੀਆਂ ਰਾਹੀਂ ਹਿੰਦੂਆਂ ਨੂੰ ਡਰਾ ਡਰਾ ਕੇ ਉਨ੍ਹਾਂ ਨੂੰ ਲੁੱਟ ਰਹੇ ਸਨ। ਇਹ ਇਲਜ਼ਾਮ ਇਕ ਸੂਫ਼ੀ ਫਕੀਰ, ਹਾਫ਼ਿਜ਼ ਆਦਮ ਉੱਤੇ ਲਾਇਆ ਕਿ ਉਹ ਮੁਸਲਮਾਨਾਂ ਨੂੰ ਲੁੱਟ ਰਿਹਾ ਸੀ।

ਸੰਨ 1672 ਵਿੱਚ ਮੀਰ ਜੁਮਲਾ ਦਾ ਪੁੱਤਰ ਮੁਹੰਮਦ ਅਮੀਨ ਖਾਂ ਫ੍ਰੰਟੀਅਰ ਦੇ ਕਬਾਇਲੀ ਪਠਾਣਾਂ ਤੋਂ ਹਾਰ ਖਾ ਗਿਆ ਅਤੇ ਪਿੱਛੋਂ ਮਹਾਬਤ ਖਾਂ, ਸ਼ੁਜਾਅਤ ਖਾਂ ਤੇ ਰਾਜਾ ਜਸਵੰਤ ਸਿੰਘ ਵੀ। ਸੋ 26 ਜੂਨ 1674 ਨੂੰ ਔਰੰਗਜ਼ੇਬ ਖੁਦ, ਹਸਨ ਅਬਦਾਲ, ਸ੍ਰੀ ਪੰਜਾ ਸਾਹਿਬ ਦੇ ਨੇੜੇ, ਪੁੱਜਾ। ਡੇਢ ਸਾਲ ਉਥੇ ਰਿਹਾ। 23 ਦਸੰਬਰ 1674 ਨੂੰ ਉਥੋਂ ਚਲ ਕੇ 29 ਮਾਰਚ 1675 ਨੂੰ ਦਿੱਲੀ ਪੁੱਜਾ।

... "Aurangzeb himself proceeded to Hasan Abdal (between Rawalpindi and Peshawar) in June 1675, and for a year and a half personally directed the operations...

— *The Crescent in India, pp. 595*

ਮਤਲਬ ਇਹ ਹੈ ਕਿ ਉਨ੍ਹੀਂ ਦਿਨੀਂ ਔਰੰਗਜ਼ੇਬ ਫ੍ਰੰਟੀਅਰ ਵਿੱਚ ਸੀ। ਤੁਰਕ ਹਾਕਮਾਂ ਦੀਆਂ ਰੀਪੋਰਟਾਂ ਤੇ ਕਸ਼ਮੀਰੀ ਬ੍ਰਾਹਮਣਾਂ ਦੀ ਅਰਜ਼ੀ ਉਥੇ ਹੀ ਉਸ ਨੂੰ ਪੁੱਜੀ। ਉਸ ਨੇ ਗੁਰੂ ਜੀ ਨੂੰ ਫੜਨ ਦਾ ਹੁਕਮ ਜਾਰੀ ਕੀਤਾ, ਨਾਲੇ ਲਿਖਿਆ ਕਿ ਪਹਿਲਾਂ ਉਨ੍ਹਾਂ ਨੂੰ ਮੁਸਲਮਾਨ ਬਨਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਉਸ ਵੇਲੇ ਗੁਰੂ ਜੀ ਉੱਪਰ ਦੱਸੇ ਛੇਆਂ ਸਿੱਖਾਂ ਨਾਲ ਆਗਰੇ ਪੁੱਜ ਗਏ ਅਤੇ ਇਕ ਬਾਗ ਵਿੱਚ ਠਹਿਰੇ।

ਸੈਰੁਲ-ਮਤਾਖਰੀਨ ਦਾ ਲਿਖਾਰੀ ਸੈਯਦ ਗੁਲਾਮ ਹੁਸੈਨ ਖਾਂ ਲਿਖਦਾ ਹੈ; "ਆਲਮਗੀਰ ਬਾਅਦ ਇਸਤਮਾਏ ਈਂ ਖ਼ਬਰ ਬ-ਹਾਕਮਿ ਲਾਹੌਰ ਨਵਿਸ਼ਤ

ਕਿ ਤੇਗ ਬਹਾਦੁਰ ਰਾ ਗ੍ਰਿਫਤਾਰ ਮੁਕੈਦੋ ਮਹਿਬੂਸ ਦਾਰੰਦ। ਚਨਾਂਚਿਹ ਹਸਬੁਲ-ਹਾਕਮ ਬ-ਅਮਲ ਆਮਦ।" ਭਾਵ ਔਰੰਗਜ਼ੇਬ ਨੇ ਲਾਹੌਰ ਦੇ ਹਾਕਮ ਨੂੰ ਲਿਖਿਆ ਕਿ (ਗੁਰੂ) ਤੇਗ ਬਹਾਦੁਰ ਨੂੰ ਕੈਦ ਕਰਕੇ ਜੇਲ੍ਹ ਵਿਚ ਰੱਖਿਆ ਜਾਵੇ। ਇਸ ਹੁਕਮ ਉੱਤੇ ਅਮਲ ਕੀਤਾ ਗਿਆ।

ਆਗਰੇ ਵਿੱਚ ਇੱਕ ਬੁੱਢਾ, ਗਰੀਬ ਸੱਯਦ ਹਸਨ ਅਲੀ ਰਹਿੰਦਾ ਸੀ। ਉਧਰੋਂ ਗੁਰੂ ਜੀ ਆਨੰਦਪੁਰ ਤਾਂ ਸਨ ਹੀ ਨਹੀਂ। ਸੋ ਉਨ੍ਹਾਂ ਨੂੰ ਫੜਾਉਣ ਵਾਲੇ ਲਈ ਇਕ ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ। ਸੋ ਸੱਯਦ ਆਪਣੇ ਮਨ ਵਿਚ ਅਰਜ਼ ਕਰਦਾ ਸੀ, "ਹੇ ਸਤਿਗੁਰੂ। ਜੇ ਤੁਸੀਂ ਫੜਾਈ ਖਾਣੀ ਹੀ ਹੈ ਤਾਂ ਮੇਰੇ ਰਾਹੀਂ ਖਾਣੀ ਤਾਂਕਿ ਮੇਰੀ ਗਰੀਬੀ ਕੱਟੀ ਜਾਵੇ।" ਉਸ ਬਾਗ ਵਿੱਚ ਜਿੱਥੇ ਗੁਰੂ ਜੀ ਉਤਰੇ ਸਨ, ਉਸ ਸੱਯਦ ਦਾ ਪੋਤਾ ਬੱਕਰੀਆਂ ਚਾਰ ਰਿਹਾ ਸੀ। ਗੁਰੂ ਜੀ ਨੇ ਉਸ ਨੂੰ ਸੋਨੇ ਦੀ ਮੁੰਦਰੀ ਤੇ ਦੁਸ਼ਾਲਾ ਦਿੱਤਾ ਅਤੇ ਕਿਹਾ ਕਿ ਆਪਣੇ ਬਾਬੇ ਨੂੰ ਨਾਲ ਲੈ ਕੇ ਇਹ ਮਿਠਾਈ ਲੈ ਆਉਣੀ। ਗੁਰੂ ਜੀ ਨੇ ਅਜੀਬ ਸੌਦੇ ਦੀ ਖੇਲ ਆਪਣੀ ਫੜਾਈ ਲਈ ਰਚਾਈ ਸੀ। ਪੋਲੀਸ ਨੇ ਬਾਬੇ ਪੋਤੇ ਨੂੰ ਫੜ ਲਿਆ, ਜੋ ਉਨ੍ਹਾਂ ਨੂੰ ਗੁਰੂ ਜੀ ਵਾਲੇ ਬਾਗ ਵਿੱਚ ਲੈ ਗਏ। ਇਸ ਤਰ੍ਹਾਂ ਆਨੰਦਪੁਰੋਂ ਚੱਲ ਕੇ ਇੱਕ ਸਾਲ ਪਿੱਛੋਂ ਗੁਰੂ ਜੀ ਛਿਆਂ ਸਿੱਖਾਂ ਸਮੇਤ ਸੰਨ 1675 ਵਿੱਚ ਫੜੇ ਗਏ। ਸੋ ਇਹ ਕਹਿਣਾ ਕਿ ਗੁਰੂ ਜੀ ਨਾਲ ਕੈਦ ਤਾਂ ਜ਼ਿਆਦਾ ਸਿੱਖ ਹੋਏ ਸਨ ਪਰ ਪਿੱਛੋਂ ਉਨ੍ਹਾਂ ਵਿੱਚੋਂ ਬਹੁਤ ਸਾਰੇ ਡਰ ਗਏ ਤੇ ਰਿਹਾ ਕੀਤੇ ਗਏ ਜਾਂ ਬਹਾਨੇ ਬਣਾ ਕੇ ਬਾਹਿਰ ਆ ਗਏ, ਮਨ-ਘੜਤ ਗੱਲ ਹੈ।

ਭੱਟ ਵਹੀ ਮੁਲਤਾਨੀ ਸਿੰਧੀ, ਜੋ ਭਟਾਖਰੀ ਲਿਪੀ ਵਿਚ ਹੈ, ਤੋਂ ਗਿਆਨੀ ਗਰਜਾ ਸਿੰਘ ਨੇ ਖੋਜ ਕੀਤੀ ਹੈ। ਉਸ ਤੋਂ ਪਤਾ ਲਗਦਾ ਹੈ ਕਿ ਜਦ ਸ਼ਾਹੀ ਹੁਕਮ ਲਾਹੌਰ ਦੇ ਹਾਕਮ ਦੇ ਨਾਉਂ ਪੁੱਜਾ ਤਾਂ ਉਸ ਨੇ ਅੱਗੇ ਲਾਹੌਰ ਦੇ ਫੌਜਦਾਰ ਨੂੰ ਭੇਜਿਆ ਕਿਉਂਕਿ ਰਿਆਸਤ ਬਿਲਾਸ ਪੁਰ ਦਾ ਇਲਾਕਾ ਉਸ ਦੇ ਅਧੀਨ ਸੀ, ਜਿਸ ਵਿਚ ਆਨੰਦ ਪੁਰ ਸੀ। ਉਸ ਨੇ ਅੱਗੇ ਰੋਪੜ ਦੇ ਕੋਤਵਾਲ ਨੂੰ ਭੇਜਿਆ। ਇਹੀ ਤਰੀਕਾ ਉਦੋਂ ਵਰਤਿਆ ਜਾਂਦਾ ਸੀ ਅਤੇ ਇਹੀ ਅੱਜ ਕੱਲ੍ਹ। ਸੋ ਗੁਰੂ ਜੀ ਨੂੰ ਰੋਪੜ ਦੇ ਕੋਤਵਾਲ ਨੇ ਘਨੌਲਾ (ਘਨੌਲੀ) ਪਰਗਣੇ ਪਿੰਡ ਮਲਕ ਪੁਰ ਤੋਂ ਫੜਿਆ। ਉਦੋਂ ਸੰਮਤ 1732 ਦਾ 12 ਸਾਵਣ ਸੀ, ਭਾਵ 12 ਜੁਲਾਈ ਸੰਨ 1675 ਸੀ। ਭਾਈ ਮਤੀ ਦਾਸ, ਸਤੀ ਦਾਸ ਤੇ ਦਿਆਲ ਦਾਸ ਵੀ ਨਾਲ ਸਨ। ਉਸ ਨੇ ਉਨ੍ਹਾਂ ਨੂੰ ਸਰਹੰਦ ਪੁਚਾਇਆ। ਸਰਹੰਦ ਅਤੇ ਦਿੱਲੀ ਦੀ ਜੇਲ ਵਿਚ ਗੁਰੂ ਜੀ ਅਤੇ ਸਾਥੀਆਂ ਨੂੰ ਚਾਰ ਮਹੀਨੇ ਰੱਖਿਆ ਗਿਆ। ਇਹ ਖੋਜ ਜ਼ਿਆਦਾ ਢੁਕਵੀਂ ਹੈ।

**8. ਕੈਦ ਤੇ ਸ਼ਹੀਦੀ** : ਗੁਰੂ ਜੀ ਛਿਆਂ ਸਿੱਖਾਂ ਸਮੇਤ ਦਿੱਲੀ ਲਿਆਂਦੇ ਗਏ। ਔਰੰਗਜ਼ੇਬ ਦੇ ਭੇਜੇ ਹੋਏ ਹੁਕਮ ਦੇ ਅਨੁਸਾਰ ਦਿੱਲੀ ਦੇ ਤੁਰਕ ਹਾਕਮਾਂ ਨੇ ਗੁਰੂ ਜੀ ਨੂੰ ਮੁਸਲਮਾਨ ਬਣਨ ਦੇ ਲਾਲਚ ਦਿੱਤੇ। ਮੌਤ ਦੇ ਡਰਾਵੇ ਵੀ ਦਿੱਤੇ

ਪਰ ਉਨ੍ਹਾਂ ਤੇ ਕੋਈ ਅਸਰ ਨਾ ਹੋਇਆ। ਇਹ ਵੀ ਕਿਹਾ ਗਿਆ ਕਿ ਤੁਸੀਂ ਹਿੰਦੂਆਂ ਦਾ ਸਾਥ ਛੱਡ ਦਿਉ ਪਰ ਗੁਰੂ ਜੀ ਨੇ ਦੁਖੀਆਂ ਦੀ ਫੜੀ ਹੋਈ ਬਾਂਹ ਛੱਡਣ ਤੋਂ ਵੀ ਨਾਂਹ ਕਰ ਦਿੱਤੀ।

ਇੱਥੇ ਇੱਕ ਬੇਨਤੀ ਕਰਾਂ ਕਿ ਇੱਕ ਸੰਤ ਜੀ ਅਪਣੇ ਢੋਲਕੀ ਤੇ ਦੁੱਖ-ਭੰਜਨੀਆਂ ਵਾਲੇ ਜਥੇ ਨਾਲ, ਹਾਰਮੋਨੀਅਮ ਮੇਜ਼ ਤੇ ਰੱਖ ਕੇ ਬੜੀ ਹੀ ਸੁਰੀਲੀ ਅਤੇ ਗੱਜਵੀਂ ਆਵਾਜ਼ ਵਿੱਚ ਕੀਰਤਨ ਕਰਦਿਆਂ ਅਤੇ ਗੁਰੂ ਜੀ ਦੀ ਸ਼ਹੀਦੀ ਦਾ ਪ੍ਰਸੰਗ ਸੁਣਾਂਦਿਆਂ ਇਹ ਧਾਰਨਾ ਪੜ੍ਹ ਰਹੇ ਸਨ : 'ਹਠ ਛੱਡ ਦੇ ਨੁਰੰਗਿਆ ਜਾਲਮਾਂ ! ਕਰਾਮਾਤ ਨਈਓਂ ਦੱਸਣੀ।' ਸੰਗਤ ਵੀ ਝੂਮ ਝੂਮ ਕੇ ਪਿੱਛੇ ਬੋਲ ਰਹੀ ਸੀ ਪਰ ਮੈਂ ਬੜਾ ਉਦਾਸ ਹੋਇਆ ਅਤੇ ਮੈਂ ਸੋਚਿਆ ਕਿ ਸਾਡੇ ਕੀਰਤਨੀ ਜਥਿਆਂ ਨੂੰ ਸਾਡਾ ਇਤਿਹਾਸ ਸਹੀ ਤੌਰ ਤੇ ਪੇਸ਼ ਕਰਨਾ ਚਾਹੀਦਾ ਹੈ। ਇਸ ਲਈ ਪਹਿਲਾਂ ਆਪ ਇਤਿਹਾਸ ਘੋਖਣ ਦੀ ਲੋੜ ਹੈ। ਗਲਤ ਇਤਿਹਾਸ ਦੱਸਣ ਨਾਲੋਂ ਤਾਂ ਨ ਦਸਣਾ ਚੰਗਾ ਹੈ, ਬਲਕਿ ਕੀਰਤਨ ਤਾਂ ਚਾਹੀਦਾ ਹੀ ਅਖੰਡ ਕਰਨਾ ਹੈ।

ਮੁੜ ਅਪਣੀ ਗੱਲ ਵਲ ਆਈਏ। ਐਨੇ ਨੂੰ ਔਰੰਗਜ਼ੇਬ ਦਾ ਦੂਜਾ ਹੁਕਮ ਵੀ ਆ ਗਿਆ ਕਿ ਗੁਰੂ ਜੀ ਨੂੰ ਕਤਲ ਕਰ ਦਿੱਤਾ ਜਾਵੇ।

ਸੱਯਦ ਗੁਲਾਮ ਹੁਸੈਨ ਲਿਖਦਾ ਹੈ : *"ਬਅਦ ਚੰਦ ਰੋਜ਼ ਹੁਕਮਿ ਦੀਗਰ ਦਰ ਬਰਾਏ ਤੇਗ ਬਹਾਦੁਰ ਰਸੀਦ ਕਿ ਊਰਾ ਕੁਸ਼ਤਹ। ਵਜੂਦਸ਼ ਰਾ ਚੰਦ ਹਿੱਸਹ ਨਮੂਦਹ ਅਤਰਾਫ਼ਿ ਸ਼ਹਰ ਬਿਆਵੇਜ਼ੰਦ।"*

ਭਾਵ-(ਗੁਰੂ) ਤੇਗ ਬਹਾਦਰ ਨੂੰ ਕਤਲ ਕੀਤਾ ਜਾਵੇ। ਉਸ ਦੇ ਸਰੀਰ ਦੇ ਟੋਟੇ ਕਰਕੇ ਸ਼ਹਿਰ ਦੇ ਸਭਨੀਂ ਪਾਸੀਂ ਲਟਕਾ ਦਿੱਤੇ ਜਾਣ।

ਪਰ ਪਹਿਲਾਂ ਗੁਰੂ ਜੀ ਦੇ ਸਾਮ੍ਹਣੇ ਭਾਈ ਮਤੀ ਦਾਸ ਜੀ ਨੂੰ ਜੀਉਂਦਿਆਂ ਹੀ ਆਰੇ ਨਾਲ ਚੀਰਿਆ ਗਿਆ। ਫਿਰ ਭਾਈ ਦਿਆਲਾ ਜੀ ਨੂੰ ਪਾਣੀ ਦੀ ਦੇਗ ਵਿਚ ਉਬਾਲ ਕੇ ਮਾਰਿਆ ਗਿਆ ਅਤੇ ਫਿਰ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਸਾੜਿਆ ਗਿਆ। ਪਰ ਇਹ ਸ਼ਹੀਦੀਆਂ ਗੁਰੂ ਜੀ ਨੂੰ ਆਪਣਾ ਸਿਰੜ ਛਡ ਦੇਣ ਲਈ ਮਜਬੂਰ ਨਾ ਕਰ ਸਕੀਆਂ। ਆਖ਼ਿਰ, ਵੀਰਵਾਰ, 11 ਨਵੰਬਰ ਸੰਨ 1675 ਨੂੰ ਗੁਰੂ ਜੀ ਨੂੰ ਚ੍ਹਾਂਦਨੀ ਚੌਕ ਵਿੱਚ ਸ਼ਹੀਦ ਕੀਤਾ ਗਿਆ। ਉਸ ਥਾਂ ਹੁਣ ਗੁਰਦਵਾਰਾ ਸੀਸਗੰਜ ਹੈ, ਜੋ ਸੰਨ 1790 ਵਿੱਚ ਸਰਦਾਰ ਬਘੇਲ ਸਿੰਘ ਕਰੋੜ-ਸਿੰਘੀਏ ਨੇ ਬਣਵਾਇਆ ਸੀ।

ਕਤਲ ਤੋਂ ਪਹਿਲੇ ਦਿਨ ਢੰਡੋਰਾ ਪਿੱਟਿਆ ਗਿਆ ਸੀ। ਸੋ 11 ਨਵੰਬਰ ਨੂੰ ਸਵੇਰੇ ਹੀ ਚਾਂਦਨੀ ਚੌਕ ਵਿੱਚ ਸਾਰੇ ਧਰਮਾਂ ਦੇ ਦਰਸ਼ਕਾਂ ਦੀ ਭੀੜ ਲੱਗ ਗਈ ਸੀ। ਅਪਣੇ ਧਰਮ ਦੀ ਖ਼ਾਤਿਰ ਤਾਂ ਲੋਕ ਕੁਰਬਾਨੀਆਂ ਕਰਦੇ ਰਹੇ ਸਨ ਪਰ ਗੁਰੂ ਜੀ ਦਾ ਇਹ ਬਲੀਦਾਨ ਜੰਞੂ ਤਿਲਕ ਦੀ ਰਾਖੀ ਲਈ ਸੀ, ਜਿਸ ਵਿੱਚ ਉਨ੍ਹਾਂ ਦੀ ਅਪਣੀ ਕੋਈ ਸ਼ਰਧਾ ਨਹੀਂ ਸੀ। ਬਲਕਿ ਜਿਸਦੇ ਉਲਟ ਉਹ

ਆਪ ਹੀ ਪ੍ਰਚਾਰ ਕਰਦੇ ਸਨ। ਪਰ ਕਿਸੇ ਨੂੰ ਪਿਆਰ ਨਾਲ ਸਮਝਾਉਣਾ ਹੋਰ ਗੱਲ ਹੈ ਅਤੇ ਜ਼ੁਲਮ ਨਾਲ ਹਟਾਉਣਾ ਹੋਰ। ਸੋ ਸਾਰੇ ਹਾਹਾਕਾਰ ਮੱਚ ਗਈ। ਇਸ ਹਫੜਾ ਦਫੜੀ ਵਿਚ ਭਾਈ ਜੈਤਾ ਮੌਕਾ ਪਾਕੇ ਗੁਰੂ ਜੀ ਦੇ ਸੀਸ ਨੂੰ ਉੱਥੋਂ ਚੁੱਕ ਕੇ ਆਨੰਦਪੁਰ ਵਲ ਤੁਰ ਪਿਆ, ਜੋ ਦਿੱਲੀਓਂ ਦੋ ਕੁ ਸੌ ਮੀਲ ਤੇ ਹੈ। ਰਸਤੇ ਵਿਚ ਚਾਰ ਪੜਾਅ—ਬਾਗਪਟ, ਤਰਾਵੜੀ, ਅੰਬਾਲਾ ਅਤੇ ਨਾਭਾ ਸਾਹਿਬ (ਚੰਡੀਗੜ੍ਹ)—ਕਰ ਕੇ ਕੀਰਤਪੁਰ ਪੁੱਜਾ।

ਗੁਰੂ ਜੀ ਦਾ ਸੀਸ ਚੁੱਕਿਆ ਗਿਆ ਦੇਖ ਦੇ ਮੁਗਲ ਹਾਕਮਾਂ ਨੇ ਗੁਰੂ ਜੀ ਦੇ ਧੜ ਲਾਗੇ ਪਹਿਰਾ ਲਵਾ ਦਿੱਤਾ। ਗੁਰੂ ਜੀ ਨਾਲ ਆਉਣ ਵਾਲੇ ਛੇਆਂ ਸਿੱਖਾਂ ਵਿੱਚੋਂ ਭਾਈ ਊਦਾ ਦਿੱਲੀ ਵਿੱਚ ਮੁਸਲਮਾਨੀ ਭੇਸ ਵਿੱਚ ਫਿਰ ਰਿਹਾ ਸੀ ਅਤੇ ਗੁਰੂ ਜੀ ਦੇ ਧੜ ਨੂੰ ਓਥੋਂ ਚੁੱਕ ਲਿਜਾਣ ਵਾਸਤੇ ਤਰਕੀਬਾਂ ਸੋਚ ਰਿਹਾ ਸੀ। ਏਨੇ ਨੂੰ ਗੁਰੂ ਜੀ ਦਾ ਇੱਕ ਲੁਬਾਣਾ ਸਿੱਖ, ਲੱਖੀ, ਜੋ ਚੂਨੇ ਕਲੀ ਦਾ ਵਪਾਰ ਕਰਦਾ ਸੀ, ਛੇ ਸੱਤ ਸੌ ਬਲਦ ਲੈ ਕੇ ਲਾਗੇ ਦੀ ਲੰਘ ਰਿਹਾ ਸੀ। ਉਹ ਨਾਰਨੌਲ —ਜੋ ਦਿੱਲੀਓਂ 70 ਕੁ ਮੀਲ ਦੱਖਣ- ਪੱਛਮ ਵਲ ਹਰਿਆਣਾ ਪ੍ਰਦੇਸ਼ ਵਿੱਚ ਹੁਣ ਰੇਲਵੇ ਸਟੇਸ਼ਨ ਹੈ—ਤੋਂ ਕਲੀ ਲਿਆਇਆ ਸੀ ਅਤੇ ਲਾਲ ਕਿਲਾ, ਦਿੱਲੀ ਵਿੱਚ ਸੁੱਟ ਕੇ ਪਿੰਡ ਵਾਪਿਸ ਜਾ ਰਿਹਾ ਸੀ। ਸੂਰਜ ਅਸਤ ਹੋਣ ਵਾਲਾ ਸੀ। ਦੋਹਾਂ ਸਿੱਖਾਂ ਨੇ ਸਲਾਹ ਕੀਤੀ ਅਤੇ ਲਖੀ ਆਪਣੇ ਬਲਦਾਂ ਨੂੰ ਚਾਂਦਨੀ ਚੌਕ ਵਿਚੋਂ ਦੀ ਲੈ ਤੁਰਿਆ। ਸਿਆਲੂ ਝੱਖੜ ਵੱਗ ਰਿਹਾ ਸੀ। ਬਲਦਾਂ ਦੇ ਪੈਰਾਂ ਨਾਲ ਕੱਚੀ ਸੜਕ ਤੇ ਮਿੱਟੀ ਘੱਟਾ ਹੋਰ ਵੀ ਵਧ ਗਿਆ। ਪਹਿਰੇ-ਦਾਰ ਦੂਰ ਹੋ ਖਲੋਤੇ। ਮੌਕਾ ਤਾੜ ਕੇ ਭਾਈ ਊਦੇ ਨੇ ਗੁਰੂ ਜੀ ਦਾ ਧੜ ਇੱਕ ਬਲਦ ਤੇ ਲੱਦ ਲਿਆ। ਲੱਖੀ ਦਾ ਪਿੰਡ ਚਾਂਦਨੀ ਚੌਕ ਤੋਂ ਤਿੰਨ ਕੁ ਮੀਲ ਤੇ ਸੀ। ਪਿੰਡ ਅੱਪੜ ਕੇ ਗੁਰੂ ਜੀ ਦੇ ਧੜ ਨੂੰ ਅਪਣੇ ਘਰ ਵਿੱਚ ਰੱਖ ਕੇ, ਸਣੇ ਆਪਣੇ ਅਸਬਾਬ ਘਰ ਨੂੰ ਅੱਗ ਲਾ ਦਿੱਤੀ। ਬਲ੍ਹਦਾਂ ਦੇ ਪੈਰਾਂ ਦੀ ਧੂੜ ਜ਼ਰਾ ਹੌਲ੍ਹੀ ਹੋਣ ਤੇ ਪਹਿਰੇਦਾਰਾਂ ਨੂੰ ਗੁਰੂ ਜੀ ਦਾ ਧੜ ਵੀ ਓਥੋਂ ਗ਼ਾਇਬ ਦਿਸਿਆ। ਕੁੱਝ ਸਿਪਾਹੀ ਬਲ੍ਹਦਾਂ ਦੇ ਪਿੱਛੇ ਵੀ ਗਏ ਪਰ ਲੱਖੀ ਦੇ ਪਿੰਡ ਪੁੱਜ ਕੇ ਦੇਖਿਆ ਕਿ ਉਸ ਦਾ ਘਰ ਸੜ ਰਿਹਾ ਸੀ ਅਤੇ ਉਹ ਰੌਲਾ ਪਾ ਰਿਹਾ ਸੀ, 'ਹਾਏ ! ਲੁਟੇ ਗਏ, ਮਾਰੇ ਗਏ !' ਸਿਪਾਹੀ ਪਿੱਛੇ ਮੁੜ ਗਏ। ਹੋ ਸਕਦਾ ਹੈ ਕਿ ਚਾਂਦਨੀ ਚੌਕ ਦੀ ਕੁਤਵਾਲੀ ਦੀ ਪੋਲੀਸ ਇਸ ਮਹਾਨ ਹੱਤਿਆ ਦੇ ਕਾਰਨ ਅੰਦਰੋ-ਅੰਦਰੀ ਸਰਕਾਰ ਦੇ ਵਿਰੁਧ ਹੋਵੇ ! ਧੜ-ਸੰਸਕਾਰ ਵਾਲਾ ਥਾਂ ਹੁਣ ਨਵੀਂ ਦਿੱਲੀ ਵਿੱਚ ਹੈ ਅਤੇ ਇੱਥੇ ਗੁਰਦੁਆਰਾ ਰਕਾਬ-ਗੰਜ ਹੈ, ਜੋ ਸ ਬਘੇਲ ਸਿੰਘ ਜੀ ਨੇ ਹੀ ਸੰਨ 1790 ਵਿੱਚ ਬਣਵਾਇਆ ਸੀ।

ਗੁਰੂ ਜੀ ਦੇ ਧੜ ਦਾ ਅੰਤਮ ਸੰਸਕਾਰ ਕਰ ਕਰਾ ਕੇ ਭਾਈ ਊਦੇ ਨੇ ਭੀ ਆਨੰਦਪੁਰ ਨੂੰ ਧਾਈ ਕੀਤੀ ਅਤੇ ਭਾਈ ਜੈਤੇ ਨੂੰ ਕੀਰਤਪੁਰ ਜਾ ਮਿਲਿਆ। ਦੋਵੇਂ ਮਿਲ ਕੇ ਆਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਪੁੱਜੇ। ਗੁਰੂ ਜੀ ਨੇ

ਦੋਹਾਂ ਨੂੰ ਗਲੇ ਲਾਇਆ। ਭਾਈ ਜੈਤਾ ਪਛੜੀ ਸ਼੍ਰੇਣੀ ਵਿੱਚੋਂ ਰੰਘਰੇਟਾ (ਮਜ਼ਹਬੀ) ਸੀ, ਪਰ ਗੁਰੂ ਜੀ ਨੇ ਫੁਰਮਾਇਆ 'ਰੰਘਰੇਟੇ, ਗੁਰੂ ਕੇ ਬੇਟੇ'। ਜਦੋਂ ਸੰਨ 1699 ਵਿੱਚ ਗੁਰੂ ਜੀ ਨੇ ਖ਼ਾਲਸਾ ਸਾਜਿਆ ਸੀ ਤਾਂ ਇਨ੍ਹਾਂ ਦੋਹਾਂ ਨੇ ਵੀ ਅੰਮ੍ਰਿਤ ਛਕ ਲਿਆ ਸੀ। ਭਾਈ ਜੈਤਾ 'ਜੀਵਨ ਸਿੰਘ' ਬਣ ਗਿਆ ਅਤੇ ਭਾਈ ਊਦਾ 'ਊਦੇ ਸਿੰਘ'। ਭਾਈ ਜੀਵਨ ਸਿੰਘ ਚਮਕੌਰ ਸਾਹਿਬ ਦੇ ਯੁੱਧ ਵਿੱਚ ਸ਼ਹੀਦ ਹੋਇਆ ਸੀ।

ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਦਾ ਅੰਤਮ ਸੰਸਕਾਰ ਆਨੰਦਪੁਰ ਸਾਹਿਬ ਕੀਤਾ ਗਿਆ, ਜਿਸ ਥਾਂ ਹੁਣ ਗੁਰਦੁਆਰਾ ਸੀਸ ਗੰਜ ਹੈ।

ਇਸ ਬੇਮਿਸਾਲ ਬਲੀਦਾਨ ਦਾ ਵਰਣਨ ਦਸ਼ਮੇਸ਼ ਪਿਤਾ ਜੀ ਨੇ ਬਚਿਤ੍ਰ ਨਾਟਕ ਦੇ ਪੰਜਵੇਂ ਅਧਿਆਇ ਵਿੱਚ ਇਉਂ ਕੀਤਾ ਹੈ :

ਤਿਲਕ ਜੰਞੂ ਰਾਖਾ ਪ੍ਰਭੁ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸ ਦੀਆ, ਪਰ ਸੀ ਨ ਉਚਰੀ ॥ 3
ਧਰਮ ਹੇਤਿ ਸਾਕਾ ਜਿਨਿ ਕੀਆ ॥ ਸੀਸ ਦੀਆ, ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ੧੪॥ ਪ੍ਰਭ ਲੋਗਨ ਕਹ ਆਵਤ ਲਾਜਾ ॥ ॥ ਦੋਹਿਰਾ ॥
ਠੀਕਰੁ ਫੋਰਿ ਦਿਲੀਸ ਸਿਰਿ, ਪ੍ਰਭ-ਪੁਰਿ ਕੀਆ ਪਯਾਨ ॥
ਤੇਗ ਬਹਾਦਰੁ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥ ੧੫ ॥
ਤੇਗ ਬਹਾਦੁਰ ਕੇ ਚਲਤਿ ਭਯੋ ਜਗਤ ਕੋ ਸੋਕ ॥
ਹੈ ! ਹੈ ! ਹੈ !' ਸਭ ਜਗਿ ਭਯੋ, 'ਜੈ ! ਜੈ ! ਜੈ !', ਸੁਰ ਲੋਕ ॥ ੧੬॥

9. **ਮਨ-ਘੜਤ ਕਹਾਣੀਆਂ :** ਗੁਰੂ ਤੇਗ ਬਹਾਦੁਰ ਜੀ ਦੀ ਅਲੌਕਿਕ ਸ਼ਹਾਦਤ ਬਾਰੇ ਕਈ ਮਨ-ਘੜਤ ਕਹਾਣੀਆਂ ਵੀ ਪ੍ਰਚਲਤ ਹਨ। ਉਨ੍ਹਾਂ ਵਿੱਚੋਂ ਤਿੰਨਾਂ ਬਾਰੇ ਸੰਖੇਪ ਵਿਚਾਰ ਇਉਂ ਹੈ : (ੳ) ਕਹਿੰਦੇ ਹਨ ਕਿ ਇਕ ਦਿਨ ਚਾਂਦਨੀ ਚੌਕ ਦੀ ਕੁਤਵਾਲੀ ਦੀ ਛੱਤ ਤੇ ਗੁਰੂ ਜੀ ਕੇਸ ਹਰੇ ਕਰ ਰਹੇ ਸਨ ਕਿ ਮੁਗ਼ਲ ਹਾਕਮਾਂ ਇਲਜ਼ਾਮ ਲਾਇਆ ਕਿ ਤੁਸੀਂ ਸਾਡੇ ਸਤਰ ਦੇਖ ਰਹੇ ਹੋ। ਗੁਰੂ ਜੀ ਨੇ ਉੱਤਰ ਦਿੱਤਾ ਕਿ ਮੈਂ ਤੁਹਾਡੇ ਸਤਰ ਭੰਗ ਨਹੀਂ ਕਰ ਰਿਹਾ, ਤੁਹਾਡੇ ਸਤਰ ਮੇਰਾ ਟੋਪੀ ਵਾਲਾ ਖ਼ਾਲਸਾ ਭੰਗ ਕਰੇਗਾ, ਜੋ ਪੱਛਮ ਵਲੋਂ ਆਵੇਗਾ।

ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਰੱਖਿਆ ਜਾਂਦਾ ਸੀ, ਸੋ ਉਹ ਕੁਤਵਾਲੀ ਦੀ ਛੱਤ ਤੇ ਕੇਸ ਹਰੇ ਕਰ ਹੀ ਨਹੀਂ ਸਨ ਸਕਦੇ। ਜੇ ਭਲਾ ਮੰਨ ਵੀ ਲਿਆ ਜਾਵੇ ਕਿ ਉਨ੍ਹਾਂ ਨੂੰ ਇਹ ਕੁਝ ਕਰਨ ਦੀ ਆਗਿਆ ਮਿਲ ਗਈ ਤਾਂ ਉਥੋਂ ਲਾਲ ਕਿਲੇ ਤਾਈਂ ਨਿਗਾਹ ਨਹੀਂ ਸੀ ਜਾ ਸਕਦੀ ' ਲਾਲ ਕਿਲੇ ਦੀ ਫ਼ਸੀਲ ਪਾੜ ਕੇ ਅੰਦਰ ਨਹੀਂ ਸੀ ਲੰਘ ਸਕਦੀ। ਦੂਜੇ, ਜਿਹੜੇ ਤੁਰਕ ਹਾਕਮ ਗੁਰੂ ਜੀ ਨੂੰ ਮੁਸਲਮਾਨ ਬਣਾ ਕੇ ਆਪਣਾ ਪੀਰ ਬਨਾਉਣ ਲਈ ਤਿਆਰ ਸਨ ਸੋ ਉਹ ਇਹੋ ਜਿਹਾ ਇਲਜ਼ਾਮ ਗੁਰੂ ਜੀ ਤੇ ਨਹੀਂ

ਸਨ ਮੜ੍ਹ ਸਕਦੇ। ਤੀਜੇ ਟੋਪੀ ਵਾਲਾ ਕੀ ਤੇ ਖ਼ਾਲਸਾ ਕੀ ਜਦ ਕਿ, ਸਾਡੇ ਰਹਿਤ ਨਾਮਿਆਂ ਵਿੱਚ ਜ਼ਿਕਰ ਹੈ : 'ਸਿੱਖ ਹੋਇ ਟੋਪੀ ਸਿਰ ਧਰੈ। ਸਾਤ ਜਨਮ ਕੁਸ਼ਟੀ ਹੋਇ ਮਰੈ।" ਪਰ ਗਿਆਨੀ ਗਿਆਨ ਸਿੰਘ ਜੀ ਨੇ ਤਾਂ ਇਹ ਵੀ ਲਿਖ ਦਿੱਤਾ ਹੈ :—

ਉਡਗ ਨਾਥ ਪਿਤਧਾਮ ਤੇ ਜੋ ਧਰਿ ਆਵੈ ਟੋਪ ॥
ਝਗਰ ਕਰੇਗੋ ਖ਼ਾਲਸੇ, ਤੋਹਿ ਘਟਾਵੈ ਓਪ ॥

*(ਤਵਾਰੀਖ ਗੁਰੂ ਖਾਲਸਾ, ਹਿੱਸਾ ਤੀਜਾ,ਸਫਾ 1381)*

ਭਾਵ ਜਿਹੜਾ ਮੇਰਾ ਖਾਲਸਾ ਓਡਗਨਾਥ, ਤਾਰਿਆਂ ਦੇ ਸੁਆਮੀ ਭਾਵ ਚੰਦ ਤੋਂ ਪਰੇ ਪਿਤਰ ਧਾਮ ਭਾਵ ਪਿਤਰ ਲੋਕ ਤੋਂ ਸਿਰ ਤੇ ਟੋਪੀ ਧਰ ਕੇ ਆਵ੍ਹੇਗਾ ਜੇ ਤੂੰ ਉਸ ਖਾਲਸੇ ਨਾਲ ਝਗੜਾ ਕਰੇਂਗਾ ਭਾਵ ਉਸਦਾ ਹੁਕਮ ਨਹੀਂ ਮੰਨ੍ਹੇਗਾ ਤਾਂ ਉਹ ਟੋਪੀ ਵਾਲਾ ਖਾਲਸਾ ਤੇਰੀ ਓਪ ਭਾਵ ਉਪਮਾ ਨੂੰ ਘਟਾਵੈਗਾ ਭਾਵੇ ਤੇਰੀ ਬੇਇਜ਼ਤੀ ਕਰੇਗਾ।

ਸੋ ਅਵੱਸ਼ ਹੀ ਇਹ ਸਾਖੀ ਸੰਨ 1849 ਵਿੱਚ ਰਾਜ ਦੇ ਪਤਨ ਅਤੇ ਸੰਨ 1857 ਦੇ ਪਹਿਲੇ ਸੁਤੰਤ੍ਰਤਾ-ਸੰਘਰਸ਼ ਪਿੱਛੋਂ ਮੁਗਲ ਰਾਜ ਤੇ ਭਾਰਤ ਵਰਸ਼ ਦੇ ਪਤਨ ਪਿੱਛੋਂ ਅੰਗ੍ਰੇਜ਼ ਹਾਕਮਾਂ ਨੇ ਆਪਣੇ ਹੱਥ-ਠੋਕਿਆਂ ਨੂੰ ਸ਼ਹਿ ਦੇ ਕੇ ਲਿਖਵਾਈ ਤੇ ਪ੍ਰਚਲਤ ਕਰਵਾਈ, ਤਾਂਕਿ ਜਨਤਾ ਸਮਝੇ ਕਿ ਬ੍ਰਿਟਿਸ਼ ਰਾਜ ਵਾਹਿਗੁਰੂ ਤੇ ਗੁਰੂ ਜੀ ਦੀ ਇੱਛਾ ਅਨੁਸਾਰ ਹੀ ਆਇਆ ਸੀ। ਇਸ ਲਈ ਹਰ ਤਰ੍ਹਾਂ ਦੇ ਪਤਨ ਨੂੰ ਦਿਲ ਤੇ ਨਾ ਲਿਆਂਦਾ ਜਾਵੇ ਅਤੇ ਗੁਲਾਮੀ ਦੀ ਗੂੜ੍ਹੀ ਨੀਂਦੇ ਸਦਾ ਸਦਾ ਲਈ ਸੁੱਤੇ ਰਿਹਾ ਜਾਵੇ।

(ਅ) ਕਹਿੰਦੇ ਹਨ ਕਿ ਸ਼ਲੋਕ ਮਹਲਾ ਨੌਵਾਂ ਦੇ 57 ਸ਼ਲੋਕਾਂ ਵਿੱਚੋਂ 54ਵੇਂ ਤੇ 56ਵੇਂ ਦੋਹਿਰੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹਨ, ਅਤੇ ਕ੍ਰਮਵਾਰ 53ਵੇਂ ਅਤੇ 55ਵੇਂ ਦੋਹਿਰੇ ਵਿਚ ਉੱਤਰ ਹਨ। ਕਿਹਾ ਜਾਂਦਾ ਹੈ ਕਿ 53ਵੇਂ ਦੋਹ੍ਰਿਰੇ ਵਿੱਚ ਗੁਰੂ ਤੇਗ ਬਹਾਦੁਰ ਜੀ ਨੇ ਅਪਣੇ ਸਰੀਰਕ ਬਲ ਦੇ ਕਮਜ਼ੋਰ ਹੋਣ, ਕੈਦ ਹੋਣ, ਅਤੇ ਛੁਟਕਾਰੇ ਦਾ ਕੋਈ ਉਪਾਉ ਨਾ ਹੋ ਸਕਣ ਦਾ ਜ਼ਿਕਰ ਕੀਤਾ ਹੈ। ਇਹ ਸ਼ਲੋਕ ਦੂਤ ਰਾਹੀਂ ਆਨੰਦਪੁਰ ਭੇਜਿਆ ਗਿਆ, ਅਤੇ 54ਵੇਂ ਦੋਹਿਰੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰਕ ਬਲ ਹੋਣ ਅਤੇ ਕੈਦ ਤੋਂ ਰਿਹਾਈ ਹੋਣ ਦੇ ਉਪਾਉ ਦਾ ਹੌਸਲਾ ਦੇ ਕੇ ਉੱਤਰ ਦਿੱਲੀ ਭੇਜਿਆ ਹੈ। ਮੁੜ 55ਵੇਂ ਦੋਹਿਰੇ ਵਿੱਚ ਗੁਰੂ ਤੇਗ ਬਹਾਦੁਰ ਜੀ ਨੇ ਕੈਦ ਦੀ ਬਿਪਤਾ ਵਿੱਚ ਸੰਗੀਆਂ ਸਾਥੀਆਂ ਦੇ ਮੂੰਹ ਫੇਰਨ ਦਾ ਜ਼ਿਕਰ ਕਰ ਕੇ ਇਹ ਸ਼ਲੋਕ ਦੂਤ ਰਾਹੀਂ ਆਨੰਦਪੁਰ ਭੇਜਿਆ। ਦਸਮ ਗੁਰੂ ਜੀ ਨੇ 56ਵੇਂ ਦੋਹਿਰੇ ਵਿੱਚ ਹੌਸਲਾ ਦਿੱਤਾ ਹੈ: ਮੈਂ ਗੁਰੂ ਗੋਬਿੰਦ ਸਿੰਘ ਤੁਹਾਡੇ ਮਿਸ਼ਨ ਨੂੰ ਕਾਇਮ ਰੱਖਾਂਗਾ ਅਤੇ ਇਹ ਸ਼ਲੋਕ ਦਿੱਲੀ ਭੇਜਿਆ ਹੈ।

ਇਹ ਗ਼ਲਤ ਖ਼ਿਆਲ ਗੁਰਬਾਣੀ ਦੇ ਅਰਥਾਂ ਨੂੰ ਸਹੀ ਤੌਰ ਤੇ ਨਾ

ਸਮਝਣ ਵਾਲਿਆਂ ਨੇ 'ਬਲ' 'ਬੰਧਨ' 'ਉਪਾਇ,' 'ਸੰਗ ਸਖਾ ਸਭ ਤਜਿ ਗਏ, ਕੋਊ ਨ ਨਿਬਹਿਓ ਸਾਥ,' ਬਿਪਤਿ' ਅਤੇ 'ਗੁਰੁ ਗੋਬਿੰਦੁ' ਆਦਿਕ ਦੇ ਅਰਥਾਂ ਦੇ ਭੁਲੇਖੇ ਤੋਂ ਬਣਾ ਲਿਆ ਹੋਇਆ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ 20 ਕੁ ਮਈ ਸੰਨ 1705 ਤੋਂ 20 ਅਕਤੂਬਰ ਸੰਨ 1706 ਤਾਈਂ ਜਦੋਂ ਦਸਮੇਸ਼ ਪਿਤਾ ਜੀ ਨੇ ਤਕਰੀਬਨ ਇੱਕ ਸਾਲ ਪੰਜ ਮਹੀਨੇ (ਸਿਰਫ 9 ਕੁ ਮਹੀਨੇ ਨਹੀਂ) ਸਾਬੋ ਕੀ ਤਲਵੰਡੀ ਰਹਿ ਕੇ ਗੁਰੂ ਅਰਜੁਨ ਦੇਵ ਜੀ ਤੋਂ ਆਰੰਭ ਕਰ ਕੇ ਆਪਣੇ ਤੋਂ ਪਹਿਲੇ ਗੁਰੂ ਵਿਅਕਤੀਆਂ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ 'ਬੀੜ' ਲਿਖਵਾਈ ਅਤੇ ਭਾਈ ਮਨੀ ਸਿੰਘ ਜੀ ਨੇ ਲਿਖੀ। ਜੇ ਇਹ 54 ਵੇਂ ਤੇ 56 ਦੋਹਿਰੇ ਉਨ੍ਹਾਂ ਨੇ ਹੀ ਰਚੇ ਸਨ ਤਾਂ ਉਹ ਵੇਰਵਾ ਪਾਉਣ ਲਈ ਉਨ੍ਹਾਂ ਦੇ ਅੱਗੇ ਦੋਹੀਂ ਥਾਈਂ 'ਪਾਤਸ਼ਾਹੀ 10 ਜਾਂ 'ਮਹਲਾ 10 ਲਿਖਵਾ ਸਕਦੇ ਸਨ। ਉਸ ਹਾਲਤ ਵਿਚ ਸ਼ਬਦ 'ਨਾਨਕ' ਵੀ ਨਾ ਹੁੰਦਾ ਕਿਉਂਕਿ ਦਸਮੇਸ਼ ਪਿਤਾ ਜੀ ਨੇ ਆਪਣੀ ਬਾਣੀ ਵਿੱਚ ਆਪਣੇ ਲਈ ਕਿਤੇ ਵੀ ਇਹ ਪਦ ਨਹੀਂ ਵਰਤਿਆ।

ਦੂਜੀ ਗੱਲ ਇਹ ਹੈ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਚਲਤ ਬੀੜਾਂ ਵਿੱਚ, ਜੋ ਦਮਦਮਾ ਸਾਹਿਬ ਵਾਲੀ ਬੀੜ ਦੇ ਉਤਾਰੇ ਹਨ ਸਾਰੇ 31 ਰਾਗ ਹਨ, ਜਿਨ੍ਹਾਂ ਵਿੱਚੋਂ ਰਾਗ ਜੈਜਾਵੰਤੀ ਸਿਰਫ ਗੁਰੂ ਤੇਗ ਬਹਾਦਰ ਜੀ ਨੇ ਹੀ ਅਪਣੀ ਬਾਣੀ ਵਿੱਚ ਵਰਤਿਆ ਹੈ। ਉਨ੍ਹਾਂ ਨੇ 15 ਰਾਗਾਂ ਵਿੱਚ ਹੀ ਬਾਣੀ ਉਚਾਰੀ, ਜੋ ਸਾਰੇ ਸ਼ਬਦ ਹੀ ਹਨ। ਜਿਵੇਂ ਗੁਰੂ ਜੀ ਨੇ ਜਗਤ ਦੀ ਅਸਥਿਰਤਾ, ਨਿਰਮੋਹਤਾ, ਨਿਰਭੈਤਾ, ਨਿਰਵੈਰਤਾ ਅਤੇ ਸਵੈਮਾਨਤਾ ਆਦਿਕ ਦਾ ਉਪਦੇਸ਼ ਇਨ੍ਹਾਂ 59 ਸ਼ਬਦਾਂ ਵਿੱਚ ਦਿੱਤਾ ਹੈ, ਐਨ ਉਹੀ ਉਪਦੇਸ਼ ਅਪਣੇ 57 ਸਲੋਕਾਂ ਵਿੱਚ ਦਿੱਤਾ ਹੈ।

*ਸੋਆਈਏ, ਹੁਣ ਜ਼ਰਾ ਵਿਚਾਰ-ਗੋਚਰੇ 4 ਸਲੋਕਾਂ ਨੂੰ ਵਿਚਾਰੀਏ:*

53 ਵੇਂ ਦੋਹਿਰੇ ਵਿੱਚ ਜ਼ਿਕਰ ਹੈ ਕਿ ਜਦੋਂ ਆਤਮਿਕ ਬਲ ਮੁੱਕ ਜਾਂਦਾ ਹੈ ਤਾਂ ਮਾਇਆ ਬੰਧਨ ਪੈ ਜਾਂਦੇ ਹਨ ਅਤੇ ਇਨ੍ਹਾਂ ਦੇ ਟਾਕਰੇ ਦਾ ਉਪਾਉ ਨਹੀਂ ਹੋ ਸਕਦਾ। ਤਾਂ ਹੇ ਨਾਨਕ ਆਖ—ਹੇ ਵਾਹਿਗੁਰੂ ! ਹੁਣ ਇਹੋ ਜਿਹੇ ਵੇਲੇ ਤੇਰੀ ਹੀ ਓਟ ਹੈ, ਅਤੇ ਜਿਵੇਂ ਤੂੰ ਤੰਦੂਏ ਤੋਂ ਛੁੜਾਉਣ ਲਈ ਹਾਥੀ ਦਾ ਸਹਾਈ ਹੋਇਆ ਸੈਂ, ਇਵੇਂ ਹੀ ਮੇਰਾ ਸਹਾਈ ਹੋਹੁ।

54 ਵੇਂ ਦੋਹਿਰੇ ਵਿੱਚ ਜ਼ਿਕਰ ਹੈ ਕਿ ਅਰਦਾਸ ਨਾਲ ਜਦੋਂ ਆਤਮਿਕ ਬਲ ਆ ਜਾਂਦਾ ਹੈ ਤਾਂ ਮਾਇਆ ਦੇ ਬੰਧਨ ਟੁੱਟ ਜਾਂਦੇ ਹਨ ਅਤੇ ਇਨ੍ਹਾਂ ਦੇ ਟਾਕਰੇ ਦਾ ਸਭ ਉਪਾਉ ਹੋ ਸਕਦਾ ਹੈ, ਸੋ ਹੇ ਨਾਨਕ ! ਆਖ-ਹੇ ਵਾਹਿਗੁਰੂ। ਮਾਇਆ ਆਦਿਕ ਸਭ ਕੁੱਝ ਤੇਰੇ ਅਧੀਨ ਹੈ, ਸੋ ਮਾਇਆ ਤੋਂ ਬਚਣ ਲਈ ਤੂੰ ਹੀ ਸਹਾਈ ਹੋ ਸਕਦਾ ਹੈਂ।

55ਵੇਂ ਦੋਹਿਰੇ ਵਿੱਚ ਜ਼ਿਕਰ ਹੈ ਕਿ ਹੇ ਨਾਨਕ ! ਆਖ-ਜਦੋਂ ਅੰਤ ਵੇਲੇ

ਸਾਰੇ ਸੰਗੀ ਸਾਥੀ ਬੰਦੇ ਨੂੰ ਛੱਡ ਜਾਂਦੇ ਹਨ, ਜਦੋਂ ਕੋਈ ਵੀ ਨਾਲ ਨਹੀਂ ਨਿਭਦਾ ਉਸ ਮਨੋਵਿਗਿਆਨਕ ਇਕੱਲ ਵੇਲੇ ਬੰਦੇ ਨੂੰ ਸਿਰਫ ਇੱਕ ਵਾਹਿਗੁਰੂ ਦੀ ਹੀ ਟੇਕ ਹੁੰਦੀ ਹੈ।

56ਵੇਂ ਦੋਹਿਰੇ ਵਿੱਚ ਜ਼ਿਕਰ ਹੈ ਕਿ ਹੇ ਨਾਨਕ। ਆਖ—ਸੰਸਾਰ ਵਿੱਚ ਜਿਸ ਕਿਸੇ ਨੇ ਗੁਰੂ ਦਾ ਉਪਦੇਸ਼ ਅਪਣੇ ਹਿਰਦੇ ਵਿੱਚ ਵਸਾਇਆ ਹੈ, ਅੰਤ ਵੇਲੇ ਵੀ (1) ਵਾਹਿਗੁਰੂ ਦਾ ਨਾਉਂ, (2) ਸਾਧੂ ਭਾਵ ਗੁਰੂ, ਗੁਰਬਾਣੀ, ਅਤੇ (3) ਗੁਰੂ ਗੋਬਿੰਦ ਭਾਵ ਵਾਹਿਗੁਰੂ ਉਸ ਬੰਦੇ ਦੇ ਨਾਲ ਰਹਿੰਦਾ ਹੈ।

ਸੋ ਅਰਥ ਤਾਂ ਸਾਫ਼ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਕਈ ਨਾਮ ਰਸੀਏ ਸਿੱਖ-ਸੰਤ ਵੀ ਨਾ ਤਾਂ ਗੁਰਬਾਣੀ ਦੇ ਸਹੀ ਅਰਥ ਪੜ੍ਹਦੇ, ਸੁਣਦੇ ਅਤੇ ਘੋਖਦੇ ਹਨ ਪਰ ਸ਼ਰਧਾਲੂ ਜਨਤਾ ਉਨ੍ਹਾਂ ਦੀਆਂ ਪ੍ਰਚਾਰੀਆਂ ਹੋਈਆਂ ਗਲਤ ਗੱਲਾਂ ਨੂੰ ਵੀ ਬਿਲਕੁਲ ਸਹੀ ਮੰਨਦੀ ਹੈ ਅਤੇ ਜੇ ਕੋਈ ਹੋਰ ਉਨ੍ਹਾਂ ਨੂੰ ਸਹੀ ਗਲ ਦਸਣ ਵੀ ਤਾਂ ਉਨ੍ਹਾਂ ਨੂੰ ਬਿਲਕੁਲ ਗਲਤ ਸਮਝਦੀ ਹੈ। ਦੇਖੀ-ਸੁਣੀ-ਪੜ੍ਹੀਦਾ ਹੈ ਕਿ ਕਈ ਪੜ੍ਹੇ ਅਨਪੜ੍ਹੇ, ਅਮੀਰ ਗਰੀਬ, ਮਾਈ ਭਾਈ ਇਸ ਗਲਤ ਰਸਤੇ ਚੱਲ ਰਹੇ ਹਨ।

(ੲ) ਕਹਿੰਦੇ ਹਨ ਕਿ ਗੁਰੂ ਤੇਗ ਬਹਾਦੁਰ ਜੀ ਨੂੰ ਕਤਲ ਕਰਨ ਤੋਂ ਪਹਿਲਾਂ ਮੁਗਲ ਹਾਕਮਾਂ ਨੇ ਕਿਹਾ ਕਿ ਕੋਈ ਕਰਾਮਾਤ ਦਿਖਾਓ ਤਾਂ ਗੁਰੂ ਜੀ ਨੇ ਕਿਹਾ, ਮੇਰੀ ਗਰਦਨ ਦੇ ਦੁਆਲੇ ਕਾਗਜ਼ ਲਪੇਟ ਕੇ ਬੰਨ੍ਹ ਦਿਓ। ਫਿਰ ਮੇਰਾ ਸਿਰ ਕੱਟਣ ਦੀ ਕੋਸ਼ਿਸ਼ ਕਰਿਓ ਤਾਂ ਮੇਰਾ ਸਿਰ ਕੱਟ ਨਹੀਂ ਹੋਵੇਗਾ ਅਤੇ ਤੁਸੀਂ ਮੇਰੀ ਕਰਾਮਾਤ ਦੇਖ ਲਵੋਗੇ।' ਇਉਂ ਹੀ ਕੀਤਾ ਗਿਆ ਪਰ ਦੇਖਿਆ ਗਿਆ ਕਿ ਸੀਸ ਤਾਂ ਗੁਰੂ ਜੀ ਦਾ ਕੱਟ ਹੋ ਗਿਆ ਪਰ ਕਾਗਜ਼ ਉਤੇ ਗੁਰੂ ਜੀ ਦੀ ਸ਼ਕਤੀ ਨਾਲ 'ਸੀਸ ਦੀਆ, ਪਰ ਸਿਰਰੁ ਨ ਦੀਆ,' ਲਿਖ ਹੋ ਗਿਆ। ਇਹ ਦੇਖ ਕੇ ਤੁਰਕ ਹਾਕਮ ਘਬਰਾ ਗਏ।

ਪਹਿਲੀ ਗੱਲ ਤਾਂ ਇਹ ਹੈ ਕਿ ਕਰਾਮਾਤ ਨੂੰ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਹੀ ਕੋਈ ਮਾਨਤਾ ਨਹੀਂ ਦਿੱਤੀ ਗਈ। ਦਸਮੇਸ਼ ਪਿਤਾ ਜੀ ਨੇ ਤਾਂ, ਜਿਵੇਂ ਉੱਪਰ ਜ਼ਿਕਰ ਹੋ ਚੁੱਕਾ ਹੈ, ਇਹ ਭੀ ਫੁਰਮਾਇਆ ਹੈ:

"ਨਾਟਕ ਚੇਟਕ ਕੀਏ ਕੁਕਾਜਾ, ਪ੍ਰਭ ਲੋਗਨ ਕਹ ਆਵਤ ਲਾਜਾ,"

ਇਸ ਦਾ ਭਾਵ ਇਹ ਹੈ ਕਿ ਕਰਾਮਾਤ ਦਿਖਾਉਣ ਦਾ ਭੈੜਾ ਕੰਮ ਕਰਨ ਤੋਂ ਵਾਹਿਗੁਰੂ ਦੇ ਪਿਆਰਿਆਂ ਨੂੰ ਸ਼ਰਮ ਆਉਂਦੀ ਹੈ।

ਦੂਜੀ ਗੱਲ ਇਹ ਕਿ ਗੁਰੂ ਜੀ ਵਲੋਂ ਕਰਾਮਾਤ ਦਿਖਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂ ਕਿ ਜੇ ਉਹ ਕਰਾਮਾਤ ਦਿਖਾ ਦਿੰਦੇ ਤਾਂ ਉਨ੍ਹਾਂ ਨੂੰ ਕਤਲ ਨਾ ਕੀਤਾ ਜਾਂਦਾ ਅਤੇ ਜੇ ਉਹ ਸ਼ਹੀਦ ਨਾ ਹੁੰਦੇ ਤਾਂ ਜਨਤਾ ਵਿੱਚ ਜ਼ੁਲਮ ਦੇ ਵਿਰੁਧ ਜਾਗ੍ਰਤਾ ਕਿਵੇਂ ਆਉਂਦੀ । ਉਸ ਹਾਲਤ ਵਿੱਚ ਹਿੰਦੂ ਤੋਂ ਮੁਸਲਮਾਨ ਬਨਾਉਣੇ ਜਾਰੀ ਰਹਿੰਦੇ, ਇਸ ਲਈ ਗੁਰੂ ਜੀ ਅਪਣੇ ਬਚਨੋਂ ਝੂਠੇ ਮੰਨੇ ਜਾਂਦੇ

ਅਤੇ ਇਤਿਹਾਸ ਕਹਿੰਦਾ ਕਿ ਉਨ੍ਹਾਂ ਨੇ ਦੁਖੀਆਂ ਦੀ ਬਾਂਹ ਫੜ ਕੇ ਛੱਡ ਦਿੱਤੀ। ਨਾਲੇ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਉਹ ਪ੍ਰੇਰਨਾ ਨਾ ਮਿਲਦੀ ਜੋ ਉਨ੍ਹਾਂ ਨੂੰ ਪਿਤਾ ਜੀ ਦੀ ਕੁਰਬਾਨੀ ਤੋਂ ਮਿਲੀ। ਸੋ ਕਰਾਮਾਤ ਦਿਖਾਉਣੀ ਸੂਰਬੀਰ, ਬਚਨਾਂ ਦੇ ਬਲੀ ਗੁਰੂ ਤੇਗ ਬਹਾਦੁਰ ਜੀ ਦੇ ਯਾਦ ਚਿੱਤ ਵੀ ਨਹੀਂ ਸੀ।

ਤੀਜੀ ਗੱਲ ਇਹ ਹੈ 'ਸੀਸ ਦੀਆ, ਪਰ ਸਿਰਰੁ ਨ ਦੀਆਂ' ਸ਼ਰਧਾਂਜਲੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ, ਪਿਛੋਂ ਅਪਣੀ ਬਾਣੀ ਬਚਿਤ੍ਰ ਨਾਟਕ ਵਿੱਚ, ਅਪਣੇ ਪਿਤਾ-ਗੁਰੂ ਜੀ ਨੂੰ ਅਰਪਣ ਕੀਤੀ ਹੈ। ਸੋ ਇਹ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਸਮੇ ਕਾਗਜ਼ ਉਤੇ ਕਿਵੇਂ ਲਿਖ ਹੋ ਗਈ।

ਸੋ ਜ਼ਾਹਿਰ ਹੈ ਕਿ ਇਹ ਕਹਾਣੀ ਵੀ ਕਰਾਮਾਤ ਵਿੱਚ ਵਿਸ਼ਵਾਸ ਰੱਖਣ ਵਾਲੇ ਦਿਮਾਗਾਂ ਦੀ ਪਛੇਤੀ ਕਾਢ ਹੈ।

ਸੰਨ 1975 ਤੋਂ ਪਹਿਲਾਂ ਸਾਡੇ ਸਾਰੇ ਖੋਜੀ ਇਤਿਹਾਸਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਇਹੀ ਲਿਖਦੇ ਆਏ ਸਨ ਕਿ ਗੁਰੂ ਜੀ ਦਾ ਨਾਉਂ ਜਨਮ ਤੋਂ ਹੀ ਤੇਗ ਬਹਾਦਰ ਰਖਿਆ ਗਿਆ ਸੀ। ਹਾਂ, ਮੈਕਾਲਿਫ਼ ਜ਼ਰੂਰ ਕਹਿੰਦਾ ਹੈ ਕਿ ਉਨ੍ਹਾਂ ਨੂੰ ਕਈ ਲੋਕ 'ਟੇਕ ਬਹਾਦਰ' ਵੀ ਕਹਿੰਦੇ ਸਨ ਕਿਉਂਕਿ ਉਹ ਮਜ਼ਲੂਮਾਂ ਦੀ ਟੇਕ ਸਨ, ਆਸਰਾ ਸਨ। ਪਰ ਇਹ ਨਾਉਂ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਨਹੀਂ ਸੀ ਰਖਿਆ । 'ਗ' ਅਤੇ 'ਕ' ਇਕੋ ਵਰਗ ਵਿਚੋਂ ਹੋਣ ਕਰਕੇ ਇਨ੍ਹਾਂ ਦੀਆਂ ਆਵਾਜ਼ਾਂ ਇਕ ਦੂਜੇ ਨਾਲ ਬਦਲ ਸਕਦੀਆਂ ਹਨ ਅਤੇ ਇਸ ਤਰ੍ਹਾਂ ਵੀ 'ਤੇਗ' ਨੂੰ 'ਟੇਕ' ਕਹਿ ਹੋ ਜਾਂਦਾ ਹੈ। ਇਹ ਸਾਧਾਰਨ ਗੱਲ ਹੈ। ਪੰਜਾਬ ਵਿਚ ਮੈਂ ਆਪਣੀ ਕੰਨੀ ਕਈ ਅਨਪੜ੍ਹ ਵਿਅਕਤੀ 'ਟੇਕ ਬਹਾਦਰ' ਉਚਾਰਦੇ ਸੁਣੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ 300ਵੀਂ ਵਰ੍ਹੇ-ਗੰਢ ਵਾਲੇ ਸਾਲ, ਸੰਨ 1975 ਵਿਚ, ਪ੍ਰਿੰਸੀਪਲ ਸਤਿਬੀਰ ਸਿੰਘ ਜੀ ਰਚਿਤ ਪੁਸਤਕ 'ਇਤੀ ਜਿਨਿ ਕਰੀ' ਵਿਚ ਸੰਨ 1634 ਵਿਚ ਲੜੀ ਗਈ ਕਰਤਾਰਪੁਰ (ਜਲੰਧਰ) ਦੀ ਲੜਾਈ ਦੇ ਜ਼ਿਕਰ ਦੌਰਾਨ ਪੰਨਾ 18 ਤੇ ਲਿਖਿਆ ਗਿਆ ਹੈ: "ਇਸ ਜੰਗ ਵਿਚ ਖਾਸ ਕਰ (ਗੁਰੂ) ਤੇਗ ਬਹਾਦਰ ਜੀ ਨੇ ਜੋ ਤਲਵਾਰ ਦੇ ਜੌਹਰ ਦਿਖ਼ਲਾਏ, ਉਨ੍ਹਾਂ ਨੂੰ ਦੇਖਕੇ ਹੀ ਗੁਰੂ ਹਰਿ ਗੋਬਿੰਦ ਜੀ ਨੇ ਕਿਹਾ ਸੀ ਕਿ ਤੂੰ ਤਿਆਗ ਮੱਲ ਨਹੀਂ, 'ਤੇਗ ਬਹਾਦਰ' ਹੈਂ।"

ਪ੍ਰਿੰਸੀਪਲ ਸਾਹਿਬ ਨੇ ਆਪਣੀ ਉਪਰ ਲਿਖੀ ਪੁਸਤਕ ਦੇ ਪੰਨਾ 2 ਤੇ ਇਸ ਭੁਲੇਖੇ ਨੂੰ ਕਾਫੀ ਸਾਫ ਕਰ ਦਿਤਾ ਹੈ ਅਤੇ ਲਿਖਿਆ ਹੈ "ਸੋ ਜਨਮ ਤੋਂ ਹੀ ਨਾਂ (ਗੁਰੂ)ਤੇਗ ਬਹਾਦਰ ਪੈ ਗਿਆ ਲਗਦਾ ਹੈ। ਅਖਬਾਰਾਤਿ - ਦਰਬਾਰਿ-ਮੁਅੱਲਾ ਵਿਚ ਨੌਵੇਂ ਪਾਤਸ਼ਾਹ ਨੂੰ ਤਿਆਗ ਮੱਲ ਲਿਖਿਆ ਗਿਆ ਹੈ। ਇਹ ਨਾਂ ਉਨ੍ਹਾਂ ਦੀ ਰੁਚੀ, ਸੁਭਾ, ਕਰਮ ਕਰਕੇ ਪ੍ਰਸਿੱਧ ਹੋਇਆ ਲਗਦਾ ਹੈ।"

ਫਿਰ ਵੀ ਇਸ ਲਿਖਤ ਤੋਂ ਭੁਲੇਖਾ ਖਾ ਕੇ ਕੁੱਝ ਵਿਅਕਤੀਆਂ ਨੇ, ਇਤਿਹਾਸਕ ਸੂਝ ਬੂਝ ਦੀ ਘਾਟ ਹੋਣ ਕਰਕੇ, ਇਹ ਪ੍ਰਚਾਰ ਕਰਨਾ ਚਾਲੂ ਕਰ ਦਿਤਾ ਹੈ ਕਿ ਨੌਵੇਂ ਗੁਰੂ ਜੀ ਦਾ ਨਾਉਂ ਜਨਮ ਸਮੇਂ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਤਿਆਗ ਮੱਲ ਰਖਿਆ ਸੀ। ਪਰ ਕਰਤਾਰਪੁਰ ਦੀ ਲੜਾਈ ਵਿਚ, 13 ਸਾਲ ਦੀ ਉਮਰੇ, ਉਨ੍ਹਾਂ ਦੀ ਬਹਾਦਰੀ ਤੋਂ ਖ਼ੁਸ਼ ਹੋ ਕੇ ਪਿਤਾ ਜੀ ਨੇ ਉਨ੍ਹਾਂ ਦਾ ਨਾਉਂ ਤੇਗ ਬਹਾਦਰ ਰੱਖ ਦਿਤਾ।

ਇਕ ਦਿਨ ਮੈਂ ਗੁਰੂ ਸੰਗਤ ਦਾ ਧਿਆਨ ਇਸ ਭੁਲੇਖੇ ਤੋਂ ਨਿਜਾਤ ਹਾਸ਼ਲ ਕਰਨ ਲਈ ਦਿਵਾਇਆ ਤਾਂ ਸਟੇਜ ਸਕੱਤ੍ਰ ਘਬਰਾ ਗਿਆ ਅਤੇ ਇਸ ਤਰ੍ਹਾਂ ਦਾ ਗਲਤ ਪ੍ਰਚਾਰ ਕਰ ਰਿਹਾ ਰਾਗੀ ਜਥਾ ਵੀ। ਕੁੱਝ ਦਿਨਾਂ ਪਿਛੋਂ ਸਹਾਇਕ ਸਟੇਜ-ਸਕੱਤਰ ਨੇ ਵੀ ਗੁਰਦੁਵਾਰੇ ਵਿਚ ਉਪਰ ਵਾਲਾ ਝੂਠਾ ਪ੍ਰਚਾਰ ਆਰੰਭ ਦਿਤਾ। ਇਕ ਤੰਦ ਨੂੰ ਕੀ ਰੋਈਏ ? ਸਾਰੀ ਤਾਣੀ ਹੀ ਉਲਝਦੀ ਜਾਪ ਰਹੀ ਹੈ।

ਆਈਏ, ਇਸ ਵਿਸ਼ੇ ਤੇ ਕੁੱਝ ਵਿਚਾਰ-ਵਟਾਂਦਰਾ ਕਰੀਏ।

ਭਾਈ ਲਹਿਣਾ ਜੀ ਦਾ ਨਾਉਂ ਉਨ੍ਹਾਂ ਦੇ ਮਾਪਿਆਂ ਨੇ 'ਲਹਿਣਾ' ਰਖਿਆ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਗੁਰਗੱਦੀ ਬਖਸ਼ਣ ਸਮੇਂ ਉਨ੍ਹਾਂ ਦਾ ਨਾਉਂ ਸ੍ਰੀ ਗੁਰੂ ਅੰਗਦ ਦੇਵ ਜੀ ਰੱਖ ਦਿਤਾ।

ਏਸੇ ਤਰ੍ਹਾਂ ਭਾਈ ਜੇਠਾ ਜੀ ਦਾ ਨਾਉਂ ਉਹਨਾਂ ਦੇ ਮਾਪਿਆਂ ਨੇ ਭਾਵੇਂ ਰਾਮਦਾਸ ਰਖਿਆ ਹੋਇਆ ਸੀ। ਪਰ ਜੇਠਾ ਪੱਕ ਗਿਆ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ-ਗੱਦੀ ਬਖਸ਼ਣ ਸਮੇਂ ਉਨ੍ਹਾਂ ਦਾ ਨਾਉਂ ਸ੍ਰੀ ਗੁਰੂ ਰਾਮਦਾਸ ਜੀ ਰੱਖ ਦਿਤਾ।

ਉਪਰ ਲਿਖੇ ਨਾਉਂ ਗੁਰੂ ਸਾਹਿਬਾਂ ਨੇ ਸਿਰਫ ਇਸ ਲਈ ਬਦਲੇ ਕਿਉਂਕਿ ਪਹਿਲਾਂ ਇਹ ਉਹਨਾਂ ਨੇ ਆਪ ਨਹੀਂ ਸੀ ਰੱਖੇ ਹੋਏ।

ਭਾਵੇਂ ਸ੍ਰੀ ਗੁਰੂ ਅਮਰਦਾਸ ਜੀ ਦਾ ਨਾਉਂ ਵੀ ਉਹਨਾਂ ਦੇ ਮਾਪਿਆਂ ਨੇ ਹੀ 'ਅਮਰਦਾਸ' ਰਖਿਆ ਹੋਇਆ ਸੀ ਪਰ ਇਹ ਨਾਉਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਹਨਾਂ ਨੂੰ ਗੁਰ-ਗੱਦੀ ਬਖਸ਼ਣ ਸਮੇਂ ਨਹੀਂ ਸੀ ਬਦਲਿਆ ਕਿਉਂਕਿ ਉਹਨਾਂ ਨੂੰ ਇਹ ਨਾਉਂ ਹੀ ਚੰਗਾ ਜਾਪਿਆ।

ਗੁਰੂ-ਇਤਿਹਾਸ ਦਸਦਾ ਹੈ ਕਿ ਸਾਰੇ ਗੁਰੂ ਸਾਹਿਬਾਂ ਨੇ ਜਿਹੜੇ ਨਾਉਂ ਆਪਣੀ ਸੰਤਾਨ ਨੂੰ ਜਨਮ ਤੋਂ ਹੀ ਦਿਤੇ ਸਨ, ਉਹਨਾਂ ਵਿਚ ਕਦੀ ਕੋਈ ਤਬਦੀਲੀ ਨਹੀਂ ਕੀਤੀ ਗਈ। ਦਸਮੇਸ਼ ਜੀ ਨੇ ਵੀ ਆਪਣੇ ਸਪੁੱਤਰਾਂ ਨੂੰ ਅੰਮ੍ਰਿਤ ਛਕਾਉਣ ਸਮੇਂ ਉਹਨਾਂ ਦੇ ਨਾਂਵਾਂ ਪਿਛੇ 'ਸਿੰਘ' ਪਿਛੇਤਰ ਹੀ ਲਾਇਆ ਸੀ, ਨਾਉਂ ਬਦਲੇ ਨਹੀਂ ਸਨ।

ਆਪ ਅੰਮ੍ਰਿਤ ਛਕਣ ਸਮੇਂ ਵੀ ਦਸਵੇਂ ਗੁਰੂ ਜੀ ਨੇ ਆਪਣਾ ਪਹਿਲਾ ਨਾਉਂ ਨਹੀਂ ਸੀ ਬਦਲਵਾਇਆ, ਸਿਰਫ 'ਦਾਸ' ਪਿਛੇਤਰ ਦੇ ਥਾਂ ਤੇ 'ਸਿੰਘ'

ਲਗਵਾਇਆ ਸੀ।

ਇਤਿਹਾਸਕ ਖੋਜ ਸਮੇਂ ਇਸ ਗੱਲ ਦਾ ਵੀ ਧਿਆਨ ਰਖਣਾ ਅਵੱਸ਼ਕ ਹੈ ਕਿ ਖੋਜ-ਅਧੀਨ ਵਿਸ਼ੇ ਦਾ ਸ੍ਰੋਤ ਕਿਹੋ ਜਿਹਾ ਹੈ। ਕੀ ਭਰੋਸੇਯੋਗ ਵੀ ਹੈ ?

ਉਦਾਹਰਣ ਦੇ ਤੌਰ ਤੇ ਅਸੀਂ ਆਮ ਤੌਰ ਤੇ ਇਹ ਕਹਿੰਦੇ ਤੇ ਲਿਖਦੇ ਪੜਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਉਂ ਉਨ੍ਹਾਂ ਦੇ ਅੰਮ੍ਰਿਤ ਛਕਣ ਤੋਂ ਪਹਿਲਾਂ 'ਗੋਬਿੰਦ ਰਾਇ' ਸੀ। ਪਰ ਸੰਨ 1967 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਸਿਖ-ਇਤਿਹਾਸ-ਰੀਸਰਚ-ਬੋਰਡ, ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਦੋ ਪੁਸਤਕਾਂ-'ਹੁਕਮਨਾਮ',- ਛਪਣ ਨਾਲ ਸਿਖ-ਜਗਤ ਨੂੰ ਪਤਾ ਲਗ ਚੁਕਾ ਹੈ ਕਿ ਉਨ੍ਹਾਂ ਦਾ ਪਹਿਲਾਂ ਨਾਉਂ 'ਗੋਬਿੰਦ ਦਾਸ' ਸੀ ਨਾ ਕਿ 'ਗੋਬਿੰਦ ਰਾਇ', ਕਿਉਂਕਿ ਸਾਹਿਬਜ਼ਾਦੇ ਦੇ ਜਨਮ ਦੀ ਖਬਰ ਪੁੱਜਣ ਤੋਂ ਆਸਾਮ ਵਿਚੋਂ ਜੋ ਹੁਕਮਨਾਮਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਟਨੇ ਦੀ ਸੰਗਤ ਨੂੰ ਲਿਖਿਆ ਹੈ, ਉਸ ਵਿਚ ਉਹ ਲਿਖਦੇ ਹਨ: "ਗੋਬਿੰਦ ਦਾਸ ਕੀ ਬਧਾਈ ਉਪਰਿ ਸੰਗਤਿ, ਖਰਚ ਕੀਆ, ਗੁਰੂ ਕੀ ਦਰਗਹ ਥਾਇ ਪਯਾ।" ਸੋ ਸਾਨੂੰ ਵੀ 'ਗੋਬਿੰਦ ਰਾਏ' ਦੀ ਥਾਂ 'ਗੋਬਿੰਦ ਦਾਸ' ਹੀ ਵਰਤਣਾ ਚਾਹੀਦਾ ਹੈ। ਇਹ ਸੋਚਣਾ ਕਿ ਚਲੋ, 'ਦਾਸ' ਹੋਇਆ ਕਿ 'ਰਾਇ', ਗਲਤ ਧਾਰਣਾ ਹੈ। ਇਕ ਇਕ ਗਲਤੀ ਕਰਕੇ ਹੀ ਅਸੀਂ ਗਲਤੀਆਂ ਦੇ ਢੇਰ ਲਾ ਲੈਂਦੇ ਹਾਂ।

ਹੁਣ ਰਹੀ ਗੱਲ 'ਤਿਅਗ ਮੱਲ' ਨਾਉਂ ਦੇ ਮਾਖਿਜ਼ ਅਖਬਾਰਾਤਿ - ਦਰਬਾਰਿ-ਮੁਅੱਲਾ ਦੀ। ਇਹ ਔਰੰਗਜ਼ੇਬ ਦੇ ਦਰਬਾਰ ਦੀਆਂ ਖਬਰਾਂ ਦਾ ਰਿਕਾਰਡ ਹੈ। ਇਸ ਵਿਚ ਨੌਵੇਂ ਗੁਰੂ ਜੀ ਦਾ ਨਾਉਂ 'ਤਿਆਗ ਮੱਲ' ਦਿਤਾ ਜਾਣਾ ਬਿਲਕੁਲ ਵਿਸ਼ਵਸਨੀਯ ਨਹੀਂ ਹੈ, ਬਲਕਿ ਇਸ ਵਿਚੋਂ ਗੁਰੂ ਜੀ ਵਿਰੁਧ ਅੰਤਰੀਵੀ ਈਰਖਾ ਦੀ ਦੁਰ-ਗੰਧੀ ਆਉਂਦੀ ਹੈ। ਖਬਰਾਂ ਦੇ ਪੱਤਰ ਪ੍ਰੇਰਕ ਨੂੰ ਭਾਵੇਂ ਸ੍ਰੀ ਗੁਰੂ ਹਰਿ ਗੋਬਿੰਦ ਜੀ ਅਤੇ ਸਿਖ ਯੋਧਿਆਂ ਦੀ ਵੀਰਤਾ ਦਾ ਭਲੀ ਪ੍ਰਕਾਰ ਪਤਾ ਸੀ ਪਰ ਉਸ ਨੂੰ ਸਾੜਾ ਸੀ ਕਿ ਗੁਰੂ ਕੀ ਤੇ ਬਹਾਦਰ ਕੀ। ਗੁਰ-ਪੁੱਤਰ ਕੀ ਤੇ ਬਹਾਦਰ ਕੀ। ਸੋ ਉਸ ਨੂੰ 'ਤੇਗ ਬਹਾਦਰ' ਨਾਉਂ ਤੋਂ ਵੀ ਚਿੜ ਸੀ, ਸੂਗ ਸੀ, ਐਲਰਜੀ ਸੀ। 'ਤੇਗ' ਤੇ 'ਬਹਾਦਰ' ਦੋ ਫਾਰਸੀ ਸ਼ਬਦ ਹਨ ਸੋ ਉਸਨੇ 'ਤੇਗ' ਦੇ ਹਰਫ 'ਗੈਨ' ਨੂੰ 'ਗਾਫ'ਚ ਤਬਦੀਲ ਕਰ ਲਿਆ, ਅਤੇ ਯਾਏ ਅਤੇ 'ਗਾਫ' ਦੇ ਵਿਚਕਾਰ 'ਅਲਿਫ' ਲਾ ਕੇ ਆਪਣੇ ਆਪ ਹੀ 'ਤਿਆਗ' ਸ਼ਬਦ ਘੜ ਲਿਆ ਅਤੇ ਪਿਛੇ 'ਬਹਾਦੁਰ' ਪਿਛੇਤਰ ਦੇ ਥਾਂ 'ਮੱਲ' ਪਿਛੇਤਰ ਜੜ ਦਿਤਾ। ਕਿਉਂਕਿ ਉਸ ਨੂੰ ਪਤਾ ਸੀ ਕਿ ਗੁਰੂ ਹਰਿ ਗੋਬਿੰਦ ਜੀ ਦੇ ਦੂਜੇ ਨੰਬਰ ਵਾਲੇ ਸਾਹਿਬਜ਼ਾਦੇ ਦਾ ਨਾਉਂ 'ਸੂਰਜ ਮੱਲ' ਤਾਂ ਸੀ ਹੀ, ਇਸ ਲਈ ਜਨਤਾ ਨੂੰ ਭੁਲੇਖੇ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਸੀ ਕਿ ਜਿਵੇਂ ਦੂਜੇ ਸਾਹਿਬਜ਼ਾਦੇ ਦਾ ਨਾਉਂ 'ਸੂਰਜ ਮੱਲ' ਸੀ, ਤਿਵੇਂ ਹੀ ਪੰਜਵੇਂ ਦਾ, ਨਾਉਂ

'ਤਿਆਗ ਮੱਲ' ਸੀ।

ਸੋ ਅਖਬਾਰਾਤਿ-ਦਰਬਾਰਿ-ਮੁਅੱਲਾ ਦੇ ਆਧਾਰ ਤੇ ਨੌਵੇਂ ਗੁਰੂ ਜੀ ਦਾ ਪਹਿਲਾ ਨਾਉਂ ਤਿਆਗ ਮੱਲ ਪ੍ਰਚਾਰਨਾ ਸਰਾਸਰ ਗਲਤ ਹੈ, ਬਲਕਿ ਅਸ਼ਰਧਕ ਵਤੀਰਾ ਹੈ। ਸਾਡੀ ਹਾਰਦਿਕ ਸ਼ਰਧਾ ਹੈ ਕਿ ਗੁਰੂ ਹਰਿ ਗੋਬਿੰਦ ਜੀ ਅਭੁਲ ਸਨ, ਪਰ ਜਦੋਂ ਤੇ ਜੇ ਅਸੀਂ ਪ੍ਰਚਾਰੀਏ ਕਿ ਉਨ੍ਹਾਂ ਨੇ ਪਹਿਲਾਂ ਆਪਣੇ ਸਾਹਿਬਜ਼ਾਦੇ ਦਾ ਨਾਉਂ ਤਿਆਗ ਮੱਲ ਰਖਿਆ ਪਰ, 13 ਸਾਲ ਪਿਛੋਂ ਖੁਸ਼ ਹੋ ਕੇ ਨਾਉਂ ਬਦਲ ਕੇ ਤੇਗ ਬਹਾਦਰ ਰੱਖ ਦਿਤਾ ਤਾਂ ਅਣਜਾਣੇ ਤੌਰ ਤੇ ਅਸੀਂ ਇਹ ਪਰਵਾਨ ਕਰ ਲੈਂਦੇ ਹਾਂ ਕਿ ਗੁਰੂ ਹਰਿ ਗੋਬਿੰਦ ਜੀ ਵੀ ਸਾਡੇ ਵਾਂਗ ਸਾਧਾਰਣ ਬੁੱਧੀ ਵਾਲੇ ਮਨੁੱਖ ਸਨ। ਇਸ ਲਈ ਪਹਿਲਾਂ ਉਨ੍ਹਾਂ ਨੇ ਆਪਣੇ ਸਪੁੱਤਰ ਦਾ ਨਾਉਂ ਗਲਤ ਰੱਖ ਦਿਤਾ ਪਰ ਤੇਰਾਂ ਸਾਲ ਪਿਛੋਂ ਸੋਝੀ ਆਉਣ ਤੇ ਨਾਉਂ ਸੁਧਾਰ ਦਿਤਾ। ਕੀ ਸਾਹਿਬਜ਼ਾਦੇ ਦਾ ਪਹਿਲਾਂ ਨਾਉਂ ਵੀ ਗੁਰੂ ਜੀ ਨੇ ਖੁਸ਼ ਹੋ ਕੇ ਨਹੀਂ ਸੀ ਰੱਖਿਆ ?

ਇਹ ਗੱਲ ਕਿੰਨੀ ਹਾਸੋਹੀਣੀ ਹੈ! ਜੇ ਪਹਿਲਾਂ ਨਾਉਂ ਠੀਕ ਸੀ ਤਾਂ ਦੂਜਾ ਰਖਣ ਦੀ ਲੋੜ ਨਹੀਂ ਸੀ। ਜੇ ਦੂਜਾ ਠੀਕ ਸੀ ਤਾਂ ਜਨਮ ਸਮੇਂ ਤੋਂ ਹੀ ਉਹੋ ਨਾਉਂ ਰਖਿਆ ਜਾ ਸਕਦਾ ਸੀ। ਜੇ ਦੋਵੇ ਨਾਉਂ ਹੀ ਠੀਕ ਸਨ ਤਾਂ ਪੂਰਾ ਨਾਉਂ 'ਤਿਆਗ ਮੱਲ ਤੇਗ ਬਹਾਦੁਰ' ਹੋਣਾ ਸੀ। ਜੇ 'ਤੇਗ ਬਹਾਦਰ' ਇਕ ਪਦਵੀ ਹੀ ਸੀ ਤਾਂ ਉਹ ਨਾਉਂ ਨਹੀਂ ਸੀ। ਉਸ ਹਾਲਤ ਵਿਚ ਵੀ ਨਾਉਂ ਤਿਆਗ ਮੱਲ ਹੀ ਹੋਣਾ ਸੀ। ਪਰ ਨਾਉਂ ਹੈ ਸੀ ਤੇਗ ਬਹਾਦਰ ਹੀ।

ਇਸ ਅਸ਼ਰਧਾ ਤੋਂ ਬਚਣ ਲਈ ਜ਼ਰੂਰੀ ਹੈ ਕਿ ਅਸੀਂ ਇਹ ਪ੍ਰਚਾਰਨਾ ਬੰਦ ਕਰ ਦੇਈਏ ਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਪਹਿਲਾਂ ਆਪਣੇ ਪੰਜਵੇਂ ਅਤੇ ਸਭ ਤੋਂ ਛੋਟੇ ਸਪੁੱਤਰ ਦਾ ਨਾਉਂ ਤਿਆਗ ਮੱਲ ਰੱਖਿਆ ਅਤੇ ਤੇਰਾਂ ਸਾਲ ਪਿਛੋਂ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ। ਖੋਜੀ ਇਤਿਹਾਸਕਾਰਾਂ, ਸੁਘੜ ਪ੍ਰਚਾਰਕਾਂ, ਕੀਰਤਨੀਆਂ, ਸੰਤਾਂ, ਕਥੱਕੜਾਂ, ਢਾਡੀਆਂ, ਗ੍ਰੰਥੀਆਂ, ਗੁਰਦਵਾਰਿਆਂ ਦੇ ਪ੍ਰਬੰਧਕਾਂ ਅਤੇ ਸਿੱਖ ਜਨਤਾ ਨੂੰ ਇਸ ਅਸ਼ਰਧਕਾਂ ਵਾਲੇ ਭੁਲੇਖੇ ਨੂੰ ਦਾਲ-ਫੇ-ਐਨ ਕਰਨ ਲਈ ਸਹਿਚਾਰ ਦੇਣਾ ਚਾਹੀਦਾ ਹੈ। ਕਿਤੇ ਇਹ ਨਾ ਹੋਵੇ ਕਿ ਸੰਸਾਰ ਸਾਡੇ ਮੂੰਹ ਵਿਚ ਉਂਗਲਾਂ ਦੇਵੇ ਕਿ ਵਾਹ ਖਾਲਸਾ ਜੀ ! ਚੰਗੀਆਂ ਪੂਰੀਆਂ ਪਾ ਰਹੇ ਹੋ, ਆਪਣੇ ਇਤਿਹਾਸ ਨੂੰ ਸੰਵਾਰਨ ਦੇ ਨਾਲ ਨਾਲ ਵਿਗਾੜ ਵੀ ਰਹੇ ਹੋ ਅਤੇ ਗੁਰਮਤਿ ਦੀਆਂ ਪੁੜੀਆਂ ਵਿਚ ਮਨਮਤਿ ਵੀ ਵੇਚੀ ਜਾ ਰਹੇ ਹੋ !

*ਜੂਨ 1983*

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਰ

ਜਦ ਤੋਂ ਮਨੁਖ ਨੇ ਲੋਹੇ ਤੋਂ ਕੰਮ ਲੈਣਾ ਸ਼ੁਰੂ ਕੀਤਾ ਅਤੇ ਲੱਕੜੀਆਂ ਕੱਟਣੀਆਂ ਵਢੱਣੀਆਂ ਸ਼ੁਰੂ ਕੀਤੀਆਂ, ਤਦ ਤੋਂ ਹੀ ਤੀਰ ਬਣਾਓਣੇ ਤੇ ਵਰਤਣੇ ਚਾਲੂ ਕਰ ਦਿਤੇ। ਪਹਿਲਾਂ ਪਹਿਲ ਤਾਂ ਇਹ ਤੀਰ ਆਪਣਾ ਢਿੱਡ ਭਰਣ ਲਈ ਜੰਗਲੀ ਪਸ਼ੂ ਮਾਰਨ ਲਈ ਸਨ। ਫਿਰ ਆਪਣੇ ਮਨੁੱਖ ਵੈਰੀਆਂ ਲਈ ਵਰਤੇ ਜਾਣ ਲੱਗੇ। ਅੱਜ ਵੀ ਸੰਸਾਰ ਦੇ ਉਨ੍ਹਾਂ ਸਾਰੇ ਦੇਸ਼ਾਂ ਜਾਂ ਇਲਾਕਿਆਂ ਵਿੱਚ ਜਿਨ੍ਹਾਂ ਦੀ ਖੁਰਾਕ ਦਾ ਹਿੱਸਾ ਜੰਗਲੀ ਪਸ਼ੂਆਂ ਦਾ ਮਾਸ ਵੀ ਹੈ ,ਤੀਰਾਂ ਦੀ ਵਰਤੋਂ ਹੈ, ਜਿਵੇਂ ਭਾਰਤ ਤੇ ਅਫ਼ਰੀਕਾ ਦੇ ਕਈ ਜੰਗਲੀ ਇਲਾਕੇ।

ਅੱਜ ਤੋਂ ਸਾਢੇ ਕੁ ਤਿੰਨ ਹਜ਼ਾਰ ਸਾਲ ਪਹਿਲਾਂ ਤੋਂ, ਭਾਵ ਰਾਮਾਇਣ ਦੇ ਸਮੇਂ ਤੋਂ ਤਾਂ ਭਾਰਤ ਵਿੱਚ ਯੁਧਾਂ ਵਿੱਚ ਤੀਰਾਂ ਦੀ ਵਰਤੋਂ ਦਾ ਜ਼ਿਕਰ ਵੀ ਮਿਲਦਾ ਹੈ, ਜੋ ਪਿਛਲੀ ਸਦੀ ਦੇ ਅੱਧ ਤਾਂਈ ਜਾਰੀ ਰਿਹਾ। ਭਾਵੇਂ ਸ਼੍ਰੀ ਰਾਮ ਚੰਦਰ ਅਤੇ ਲੱਛਮਣ ਜੀ ਤੋਂ ਲੈ ਕੇ ਹੁਣ ਤਾਂਈ ਅਨੇਕਾਂ ਧਨੁਰਪਾਣ, ਧਨੁਸ਼ਧਾਰੀ, ਤੀਰ ਅੰਦਾਜ਼ ਹੋਏ ਹਨ ਪਰ ਅਰਜੁਨ, ਪ੍ਰਿਥਵੀ ਰਾਜ ਚੌਹਾਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁਹਾਰਤ ਤਾਂ ਓਨ੍ਹਾਂ ਨੂੰ ਹੀ ਬਣ ਆਉਂਦੀ ਸੀ। ਭਾਵੇਂ ਇਹ ਧਨੁਸ਼ਧਾਰੀ ਜੁਦਾ ਜੁਦਾ ਸਮੇਂ ਹੋਏ ਹਨ ਅਤੇ ਅਸੀਂ ਓਨ੍ਹਾਂ ਦਾ ਮੁਕਾਬਲਾ ਇਕ ਦੂਜੇ ਨਾਲ ਨਹੀਂ ਕਰ ਸਕਦੇ ਪਰ ਸਾਨੂੰ ਪਤਾ ਹੈ ਕਿ ਕਿਵੇਂ ਦਰੋਪਤੀ ਦੇ ਸਵੰਬਰ ਸਮੇਂ ਲੱਠ ਉੱਤੇ ਘੁਮਾਈ ਜਾ ਰਹੀ ਮੱਛੀ ਦੀ ਅੱਖ ਨੂੰ ਕੜਾਹੇ ਦੇ ਤੇਲ ਵਿੱਚ ਪੈ ਰਹੇ ਮੱਛੀ ਦੇ ਸਿਰਫ਼ ਅਕਸ ਨੂੰ ਪ੍ਰਤੀਬਿੰਬ, ਰੀਫ਼ਲੈਕਸ਼ਨ ਨੂੰ ਦੇਖ ਕੇ ਅਰਜਨ ਨੇ ਵਿਨ੍ਹਿਆ ਸੀ। ਕਿਸ ਤਰ੍ਹਾਂ ਅੰਨ੍ਹੇ ਕੀਤੇ ਗਏ ਪ੍ਰਿਥਵੀ ਰਾਜ ਚੌਹਾਨ ਨੇ ਆਪਣੇ ਵੈਰੀ ਦੀ ਸਿਰਫ਼ ਆਵਾਜ਼ ਸੁਣ ਕੇ ਹੀ ਉਸਨੂੰ ਆਪਣੇ ਤੀਰ ਦਾ ਨਿਸ਼ਾਨਾ ਬਣਾ ਲਿਆ ਸੀ। ਕਿਵੇਂ ਆਨੰਦਪੁਰ ਦੀਆਂ ਲੜਾਈਆਂ ਸਮੇਂ, ਆਨੰਦਪੁਰੋਂ ਤਿੰਨ ਕੋਹ ਤੇ, ਸਤਲੁਜ ਨਦੀ ਤੋਂ ਉਰਲੇ ਪਾਰ ਪਿੰਡ ਜੈਤੇਵਾਲ ਦੇ ਲਾਗੇ ਸ਼ਤਰੰਜ ਖੇਲ ਰਹੇ ਹਿੰਦੂ ਤੇ ਮੁਸਲਿਮ ਸਰਦਾਰਾਂ ਦੇ ਲਾਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤੀਰ ਲੱਗਾ। ਜਦੋਂ ਓਨ੍ਹਾਂ ਨੂੰ ਹੈਰਾਨੀ ਹੋਈ ਕਿ ਐਸਾ ਕਿਹੜਾ ਧਨੁਸ਼ਧਾਰੀ ਹੈ ਤਾਂ ਗੁਰੂ ਜੀ ਦਾ ਦੂਜਾ ਤੀਰ ਓਨ੍ਹਾਂ ਦੇ ਪਾਸ ਆ ਲੱਗਾ। ਜਿਸ ਨਾਲ ਗੁਰੂ ਜੀ ਨੇ ਇਕ ਰੁੱਕਾ, ਨੋਟ ਲਿਖ ਘਲਿਆ ਸੀ। ਜਿਸ ਉਤੇ ਲਿਖਿਆ ਹੋਇਆ ਸੀ, "ਇਹ ਜਾਦੂ ਨਹੀਂ; ਧਨੁੱਖ-ਵਿਦਿਆ ਦੀ ਸਾਧਨਾ ਹੈ। ਮੁਹਾਰਤ ਹੈ।" ਉਸ ਥਾਂ ਅੱਜ ਕੱਲ ਗੁਰਦੁਵਾਰਾ 'ਸ੍ਰੀ ਬਾਣ ਗੰਜ' ਸਾਹਿਬ ਹੈ।

*ਆਈਏ, ਵੀਚਾਰ ਕਰੀਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਰਾਂ ਤੇ।*

ਭਾਵੇਂ ਗੁਰੂ ਜੀ ਦੇ ਤੀਰਾਂ ਦੀ ਸਿਫ਼ਤ ਵਿੱਚ ਬਹੁਤ ਕੁਝ ਲਿਖਿਆ ਮਿਲਦਾ ਹੈ ਪਰ ਮੈਨੂੰ ਤਾਂ ਇਸ ਵੇਲੇ ਹਿੰਦੀ ਦੇ ਇਕ ਕਵੀ ਹਰਨਾਮ ਸਿੰਘ ਦਾ ਇਹ ਬੰਦ ਬਹੁਤ ਹੁਲਾਰਾ ਦੇ ਰਿਹਾ ਹੈ :-

ਯਗ ਹੋਮ ਹੋਵਨਾ ਨ ਹਿੰਦ ਮੇਂ ਕੋਈ ਮੂਲ ਪਾਤਾ,
ਝੂਲਤੇ ਨਿਸ਼ਾਨ ਨਾਹੀ ਆਜ ਹਿੰਦਵਾਨ ਕੇ
ਕਹਿਤ ਹਰਨਾਮ ਸਿੰਘ, ਇਸ ਮੇਂ ਨ ਝੂਠ ਜਾਨੋ
ਤੀਰ ਜੋ ਨ ਛੂਟਤੇ ਗੋਬਿੰਦ ਸਿੰਘ ਜਵਾਨ ਕੇ ।।

ਆਈਏ, ਦੇਖੀਏ ਕਿ ਗੁਰੂ ਜੀ ਆਪ ਆਪਣੇ ਤੀਰਾਂ ਬਾਰੇ ਕੀ ਫ਼ਰਮਾਂਦੇ ਹਨ?

ਗੁਰੂ ਜੀ ਨੇ ਦੀਨਾਂ ਪਿੰਡ ਤੋਂ ਔਰੰਗਜ਼ੇਬ ਨੂੰ ਇੱਕ ਚਿੱਠੀ ਲਿਖੀ। ਇਸ ਪਿੰਡ ਦੇ ਲਾਗੇ ਹੀ ਦੋ ਪਿੰਡ ਦਿਆਲਪੁਰਾ ਤੇ ਕਾਂਗੜਾ ਹਨ। ਉਸ ਵੇਲੇ ਦਿਆਲਪੁਰ ਹਾਲੀ ਨਹੀਂ ਸੀ ਵਸਿਆ। ਅੱਜ ਦੇ ਦਿਆਲਪੁਰ ਦੀ ਕਾਂਗੜਾ ਪੱਟੀ ਵਿੱਚ ਗੁਰਦਵਾਰਾ 'ਜ਼ਫ਼ਰਨਾਮਾ' ਹੈ। ਇੱਥੋਂ ਹੀ ਇਹ ਚਿੱਠੀ, ਸੰਨ 1705 ਵਿੱਚ ਲਿਖੀ ਗਈ ਸੀ। 'ਜ਼ਫ਼ਰਨਾਮਾ' ਦਾ ਅਰਥ ਹੈ 'ਵਿਜੇ ਪੱਤਰ,' 'ਜਿੱਤਪਾਤੀ', 'ਫਤਹ ਦੀ ਚਿੱਠੀ'। ਇਹ ਚਿਠੀ ਗੁਰੂ ਜੀ ਨੇ ਭਾਈ ਦਇਆ ਸਿੰਘ ਨੂੰ ਸੌਂਪੀ ਅਤੇ ਚਾਰ ਸਿੰਘ ਉਨ੍ਹਾਂ ਦੇ ਨਾਲ ਤੋਰੇ ਅਤੇ ਹੁਕਮ ਕੀਤਾ ਕਿ ਇਹ ਚਿਠੀ ਦੱਖਣ ਵਿੱਚ ਔਰੰਗਜ਼ੇਬ ਨੂੰ ਪੁਚਾਣੀ ਹੈ। ਇਸ ਚਿੱਠੀ ਦੇ ਇਕ ਸੌ ਗਿਆਰਾਂ ਸ਼ਿਅਰ ਹਨ। ਇਸ ਵਿੱਚ ਚਮਕੌਰ ਦੀ ਦੂਜੀ ਲੜਾਈ ਦਾ ਜ਼ਿਕਰ ਵੀ ਹੈ, ਜੋ ਅਠ ਪੋਹ ਭਾਵ ਬਾਈ ਦਸੰਬਰ 1704 ਨੂੰ ਹੋਈ, ਜਿਸ ਸਮੇਂ ਗੁਰੂ ਜੀ ਦੀ ਉਮਰ ਚਾਲੀ ਕੁ ਸਾਲ ਦੀ ਸੀ। ਲਿਖਦੇ ਹਨ :

ਗੁਰਿਸਨਹ ਚਿਹ ਕਾਰੇ ਕੁਨਦ ਚਿਹਲ ਨਰ
ਕਿ ਦਹਲੱਕ ਬਰਾਯਦ ਬਰੋ ਬੇਖਬਰ ? ॥੧੯॥

ਭਾਵ : ਮੇਰੇ ਭੁੱਖੇ ਤਿਹਾਏ ਚਾਲੀ ਸਿੰਘ ਹੋਰ ਕਿੰਨਾ ਕੁ ਮੁਕਾਬਲਾ ਕਰ ਸਕਦੇ ਸਨ ਜਦ ਕਿ ਅਚਾਨਕ ਹੀ ਸਾਡੇ ਉਤੇ ਦਸ ਲਖ ਵੈਰੀ ਭਾਵ ਅਨਗਿਣਤ ਵੈਰੀ ਆ ਪਏ?

ਹਮਾਖਿਰ ਚਿਹ ਮਰਦੀ ਕੁਨਦ ਕਾਰ-ਜ਼ਾਰ
ਕਿ ਬਰ ਚਿਹਲ ਤਨ ਆਯਿਦਸ਼ ਬੇਸ਼ੁਮਾਰ ? ॥੪੧॥

ਭਾਵ : ਲੜਾਈ ਦੇ ਮੈਦਾਨ ਵਿਚ ਆਖਿਰ ਬਹਾਦਰੀ ਵੀ ਕੀ ਕਰ ਸਕਦੀ ਹੈ, ਜਦੋਂ ਚਾਲੀ ਬੰਦਿਆਂ ਉੱਤੇ ਅਨਗਿਣਤ ਬੰਦੇ ਹਲਾ ਬੋਲ ਦੇਣ ?

*ਨੋਟ* :- ਇਹਨਾਂ ਦੋਹਾਂ ਸ਼ਿਅਰਾਂ ਤੋਂ ਇਹ ਗੱਲ ਵੀ ਸਾਫ਼ ਹੁੰਦੀ ਹੈ 'ਕਿ ਚਾਲੀ ਲਖ ਦਾ ਅੱਖਰੀ ਅਰਥ ਨਹੀਂ ਲੈਣਾ, ਬਲਕਿ 'ਅਨਗਿਣਤ' ਲੈਣਾ ਹੈ; 'ਚਾਲੀ ਲਖ' ਅੰਦਾਜ਼ਾ ਸੀ।

ਬਰੰਗਿ ਮਗਸ ਸਯਾਹ-ਪੋਸ਼ ਆਮਦੰਦ।
ਬ-ਯਕ ਬਾਰਗੀ ਦਰ ਖਰੋਸ਼ ਆਮਦੰਦ॥੨੬॥

ਭਾਵ : ਇਕੋ ਵਾਰ, ਮੱਖੀਆਂ ਦੀ ਤਰ੍ਹਾਂ ਕਾਲੀਆਂ ਵਰਦੀਆਂ ਵਾਲੇ ਵੈਰੀ ਜੋਸ਼ ਨਾਲ ਨਾਅਰੇ ਲਾਉਂਦੇ ਆ ਗਏ।

ਹਰਾਂਕਸ ਜ਼ਿ ਦੀਵਾਰ ਆਮਦ ਬਿਰੂੰ ॥
ਬਖੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ ॥੨੭॥

ਭਾਵ : ਜਿਹੜਾ ਵੈਰੀ ਵੀ ਕੱਚੀ ਗੜ੍ਹੀ ਦੀ ਕੰਧ ਦੀ ਓਟ ਤੋਂ ਮੇਰੇ ਸਾਮ੍ਹਣੇ ਆਉਂਦਾ ਸੀ ਉਹ ਮੇਰਾ ਤੀਰ ਖਾ ਕੇ ਲਹੂ ਵਿੱਚ ਗ਼ਰਕ ਹੋ ਜਾਂਦਾ ਸੀ।"

ਕਿ ਬੇਰੂੰ ਨਿਯਾਮਦ ਕਸੇ ਜ਼ਾਂ ਦੀਵਾਰ ॥
ਨ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼੍ਵਾਰ ॥੨੮॥

ਭਾਵ: ਫਿਰ ਕੋਈ ਵੀ ਵੈਰੀ ਉਸ ਕੱਚੀ ਗੜ੍ਹੀ ਦੀ ਕੰਧ ਦੀ ਓਟ ਤੋ ਬਾਹਰ ਮੇਰੇ ਸਾਮ੍ਹਣੇ ਨਾ ਆਇਆ। ਸੋ ਵੈਰੀਆਂ ਨਾਂ ਮੇਰੇ ਤੀਰ ਖਾਧੇ ਅਤੇ ਨ ਖ਼ੁਆਰ ਹੋਏ।

ਚੁੱ ਦੀਦਮ ਕਿ ਨਾਹਰ ਬਯਾਮਦ-ਬਜੰਗ ॥
ਚਸ਼ੀਦਹ ਯਕੇ ਤੀਰਿ ਤਨ ਬੇਦਰੰਗ ॥੨੯॥

ਭਾਵ : ਜਦ ਮੈਂ ਦੇਖਿਆ ਕਿ ਨਾਹਰ ਖਾਂ, ਜਿਹੜਾ ਕਿ ਮਲੇਰ ਕੋਟਲੇ ਦੇ ਸਰਦਾਰ ਸ਼ੇਰ ਖਾਂ ਦੇ ਭਰਾ ਖਾਜਾ ਖਿਜ਼ਰ ਖਾਂ ਦਾ ਪੁੱਤ ਸੀ ਅਤੇ ਨਵਾਬ ਸਰਹੰਦ ਦੀ ਫ਼ੌਜ ਦਾ ਇਕ ਅਫ਼ਸਰ ਸੀ, ਲੜਾਈ ਕਰਨ ਲਈ ਸਾਮ੍ਹਣੇ ਆਇਆ ਹੈ ਤਾਂ ਤੁਰਤ ਫੁਰਤ ਉਸ ਨੇ ਮੇਰੇ ਇਕ ਤੀਰ ਦਾ ਸੁਆਦ ਚਖ ਲਿਆ ਭਾਵ ਉਹ ਮੇਰਾ ਤੀਰ ਖਾ ਕੇ ਝਟ ਪਟ ਮਰ ਗਿਆ।

ਹਮਾਖਿਰ ਗੁਰੇਜ਼ਦ ਬ-ਜਾਏ ਮੁਸਾਫ ॥
ਬਸੇ ਖਾਨਾਂ ਖੁਰਦੰਦ ਬੇਰੂੰ ਗਜ਼ਾਫ਼ ॥੩੦॥

ਭਾਵ : ਬਹੁਤ ਸਾਰੇ ਖਾਨ ਜੋ ਲੋਕਾਂ ਵਿੱਚ ਆਪਣੀ ਦਲੇਰੀ ਦੀਆਂ ਗੱਪਾਂ ਮਾਰਦੇ ਸਨ, ਆਖਿਰਕਾਰ ਲੜਾਈ ਦੇ ਮੈਦਾਨ ਵਿਚੋਂ ਦੌੜ ਗਏ।

ਕਿ ਅਫ਼ਗਾਨਿ ਦੀਗਰ ਬਯਾਮਦ ਬ-ਜੰਗ ॥
ਚੂੰ ਸੈਲਿ ਰਵਾਂ ਹਮਚੂੰ ਤੀਰੋ ਤੁਫੰਗ ॥੩੧॥

ਭਾਵ : ਇਕ ਹੋਰ ਅਫ਼ਗਾਨ ਲੜਾਈ ਕਰਨ ਲਈ ਤੇਜ਼ ਹੜ੍ਹ ਵਾਂਗ, ਬੰਦੂਕ ਦੀ ਗੋਲੀ ਵਾਂਗ ਆਇਆ।

ਬਸੇ ਹਮਲਹ ਕਰਦੋ ਬਸੇ ਜ਼ਖਮ ਖੁਰਦ ॥
ਦੋ ਕਸ ਰਾ ਬ-ਜਾਂ ਕੁਸ਼ਤ, ਜਾਂ ਹਮ ਸਪੁਰਦ ॥੩੩॥

ਭਾਵ: ਉਸ ਨੇ ਕਈ ਹੱਲੇ ਕੀਤੇ, ਉਸਨੇ ਕਈ ਜ਼ਖਮ ਖਾਧੇ, ਉਸਨੇ ਸਾਡੇ ਦੋ ਯੋਧਿਆਂ ਨੂੰ ਜਾਨੋਂ ਮਾਰਿਆ। ਪਰ ਉਸਨੇ ਆਪਣੀ ਜਾਨ ਵੀ ਸਾਨੂੰ ਸੌਂਪ ਦਿਤੀ। ਭਾਵ ਅਸੀਂ ਉਸ ਨੂੰ ਵੀ ਜਾਨੋਂ ਮਾਰ ਮੁਕਾਇਆ।

ਕਿ ਆਂ ਖਾਜਾ ਮਰਦੂਦ ਸਾਯਾਇ ਦੀਵਾਰ ॥
ਨਿਯਾਮਦ ਬ-ਮੈਦਾਂ ਬ-ਮਰਦਾਨਹ-ਵਾਰ ॥੩੪॥

ਭਾਵ: ਉਹ ਲਾਅਨਤੀ ਖਾਜ਼ਾ ਖਿਜ਼ਰ, ਜੋ ਮਾਰੇ ਗਏ ਨਾਹਰ ਖਾਂ ਦਾ ਪਿਉ ਸੀ, ਕੰਧ ਦੀ ਓਟ ਪਿੱਛੇ ਹੀ ਰਿਹਾ, ਬਹਾਦਰਾਂ ਵਾਂਗ ਲੜਾਈ ਦੇ ਮੈਦਾਨ ਵਿੱਚ ਨਾਂ

ਆਇਆ।

ਦਰੇਗਾ ਅਗਰ ਰੂਇਓ ਦੀਦਮੇ ॥
ਬ-ਯਕ ਤੀਰ ਲਾਚਾਰ ਬਖਸ਼ੀਦਮੇ ॥੩੫॥

ਭਾਵ : ਅਫ਼ਸੋਸ! ਜੇ ਮੈਂ ਉਸ ਦਾ ਬੂਥਾ ਦੇਖ ਲੈਂਦਾ ਤਾਂ ਲਾਚਾਰ ਹੋ ਕੇ ਉਸ ਨੂੰ ਵੀ ਇਕ ਤੀਰ ਬਖਸ਼ ਦਿੰਦਾ, ਭਾਵ ਜਾਨੋਂ ਮਾਰ ਦੇਂਦਾ।

ਆਈਏ, ਹੁਣ ਦੋ ਮਿਸਾਲਾਂ ਬਚਿਤ੍ਰ ਨਾਟਕ ਵਿਚੋਂ ਲਈਏ।

ਪਹਿਲੀ ਮਿਸਾਲ ਹੈ ਅਠੱਵੇਂ ਅਧਿਆ ਵਿੱਚ ਦਿੱਤੇ ਗਏ ਭੰਗਾਣੀ ਦੇ ਯੁੱਧ ਵਿਚੋਂ। ਇਹ ਯੁੱਧ ਸਤੰਬਰ ਸੰਨ 1689 ਵਿੱਚ ਹੋਇਆ, ਜਦ ਗੁਰੂ ਜੀ ਦੀ ਉਮਰ ਤੇਈ ਕੁ ਸਾਲ ਦੀ ਸੀ। ਇਸ ਲੜਾਈ ਵਿੱਚ ਗੁਰੂ ਜੀ ਦੇ ਫੁਫੇਰੇ ਭਰਾਵਾਂ, ਬੀਬੀ ਵੀਰੋ ਜੀ ਦੇ ਧਰਮਵੀਰ ਸਪੁੱਤਰਾਂ ਸੰਗੋ ਸ਼ਾਹ (ਸੰਗਰਾਮ ਸ਼ਾਹ), ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਤੇ ਮਾਹਰੀ ਚੰਦ ਨੇ ਵੀ ਭਾਗ ਲਿਆ। ਇਨ੍ਹਾਂ ਵਿਚੋਂ ਸੰਗਰਾਮ ਸ਼ਾਹ ਅਤੇ ਜੀਤ ਮੱਲ ਤਾਂ ਯੁਧ ਵਿੱਚ ਸ਼ਹੀਦ ਵੀ ਹੋ ਗਏ ਸਨ।

ਤਹਾਂ ਏਕ ਵੀਰੰ ਹਰੀ ਚੰਦ ਕੋਪਯੋ॥
ਭਲੀ ਭਾਂਤਿ ਸੋ ਖੇਤ ਮੋ ਪਾਵ ਰੋਪਯੋ॥
ਮਹਾ ਕ੍ਰੋਧ ਕੇ ਤੀਰ ਤੀਖੇ ਪ੍ਰਹਾਰੇ ॥
ਲਗੇ ਜੌਨਿ ਕੇ, ਤਾਹੇਂ ਪਾਰੇ ਪਧਾਰੇ ॥੧੨॥
ਤਬੈ ਜੀਤ ਮੱਲੀ ਹਰੀ ਚੰਦ ਭਲੰ ॥
ਹ੍ਰਿਦੈ ਐਂਚ ਮਾਰਿਓ॥ ਸੁ ਖੇਤੰ ਉਤਾਰਿਓ ॥੧੫॥

ਭਾਵ: ਪਹਾੜੀ ਰਾਜਿਆਂ ਵਿੱਚੋਂ, ਹਰੀ ਚੰਦ ਹਿੰਡੋਰ ਦਾ ਰਾਜਾ ਸੀ, ਜੋ ਕਿ ਅੱਜ ਕੱਲ ਨਾਲਾ ਗੜ੍ਹ ਦਾ ਇਲਾਕਾ ਹੈ। ਤਦੋਂ ਇਸ ਹਰੀ ਚੰਦ ਨੇ ਜੀਤ ਮੱਲ ਦੇ ਦਿਲ ਉਤੇ ਭਾਲਾ ਮਾਰਿਆ ਅਤੇ ਉਸ ਨੂੰ ਜਾਨੋਂ ਮਾਰ ਮੁਕਾਇਆ।

ਹਠੀ ਹਰੀ ਚੰਦ ਗਹੇ ਹਾਥ ਸੇਲੰ,
ਕਰਿਓ ਸੁਆਮਿ-ਧਰਮੰ, ਮਹਾ ਰੋਸ ਰੁਝਿੱਅੰ ॥
ਗਿਰਿਓ ਟੂਕ ਟੂਕ ਵੇ, ਇਸੋ ਸੂਰ ਜੂਝਿਅੰ ॥੨੧॥

ਭਾਵ: ਹਠੀਲਾ ਹਰੀ ਚੰਦ ਬੜੇ ਗੁੱਸੇ ਵਿੱਚ ਆਇਆ, ਆਪਣੇ ਹੱਥ ਵਿੱਚ ਬਰਛਾ ਲਿਆ, ਅਤੇ ਹਿੰਡੋਰ ਦਾ ਰਾਜਾ ਹੋਣ ਨਾਤੇ ਆਪਣਾ ਸੁਆਮੀ-ਧਰਮ ਨਿਭਾਇਆ। ਇਹ ਸੂਰਮਾ ਹਰੀ ਚੰਦ ਐਨਾ ਲੜਿਆ ਕਿ ਆਪ ਵੀ ਬਹੁਤ ਜ਼ਖਮੀ ਹੋ ਕੇ ਬੇਹੋਸ਼ ਹੋ ਕੇ ਡਿਗ ਪਿਆ।

ਤਹਾਂ ਖਾਨ ਨੈਜਾਬਤੈ ਆਨ ਕੈ ਕੈ ॥
ਹਨਿਓ ਸਾਹ ਸੰਗਰਾਮ ਕੇ ਸ਼ਸਤ੍ਰ ਲੈ ਕੈ ॥
ਮਾਰ ਨਜਾਬਤ ਖਾਨ ਕੌ ਸੰਗੋ ਜੂਝੈ ਜੁਝਾਰ ॥੨੨॥

ਭਾਵ: ਲੂਣ ਹਰਾਮੀ ਪਠਾਨ ਹਯਾਤ ਖਾਂ ਤਾਂ ਇਸ ਲੜਾਈ ਵਿੱਚ ਉਦਾਸੀ ਮਹੰਤ ਕ੍ਰਿਪਾਲ ਦਾਸ ਨੇ ਆਪਣੇ ਕੁਤਕੇ, ਘੋਟਣੇ, ਸਲੋਤਰ ਸਿੰਘ ਨਾਲ ਮਾਰ

ਦਿਤਾ ਸੀ। ਹੁਣ ਸੰਗੋ ਸ਼ਾਹ ਨੇ ਦੂਜੇ ਨਮਕ, ਹਰਾਮ ਪਠਾਨ ਨਜਾਬਤ ਖਾਨ ਨੂੰ ਵੀ ਮਾਰ ਦਿਤਾ। ਪਰ ਨਜਾਬਤ ਖਾਨ ਦੇ ਵਾਰ ਨਾਲ ਆਪ ਵੀ ਸ਼ਹੀਦ ਹੋ ਗਿਆ।

ਭੁਜੰਗ ਛੰਦ ॥
ਲਖੇ ਸ਼ਾਹ ਸੰਗਰਾਮ ਜੁਝੇ ਜੁਝਾਰੰ ॥
ਤਵੰ ਕੀਟ ਬਾਣੰ ਕਮਾਨੰ ਸੰਭਾਰੰ ॥
ਹਨਿਓ ਏਕ ਖਾਨੰ ਖਿਆਲੰ ਖਤੰਗੰ ॥
ਡਸਿਓ ਸਤ੍ਰ ਕੋ ਜਾਨੁ ਸਯਾਮੰ ਭੁਜੰਗੰ ॥੨੪॥

ਭਾਵ : ਗੁਰੂ ਜੀ ਫੁਰਮਾਂਦੇ ਹਨ : ਹੇ ਵਾਹਿਗੁਰੂ! ਸੰਗਰਾਮ ਸ਼ਾਹ ਨੂੰ ਸ਼ਹੀਦ ਹੋਇਆ ਤੱਕ ਕੇ, ਮੈਂ ਤੇਰੇ ਕੀਟ ਨੇ ਭੀ ਤੀਰ ਤੇ ਕਮਾਨ ਸੰਭਾਲੇ, ਅਤੇ ਇਕ ਤੇਜ਼ ਤੀਰ ਖਾਨ ਵਲ ਚਲਾਇਆ। ਤੀਰ ਨੇ ਇਸ ਵੈਰੀ ਨੂੰ ਇਉਂ ਡਸਿਆ ਜਿਵੇਂ ਕਾਲਾ ਨਾਗ ਕਿਸੇ ਨੂੰ ਡਸੇ, ਭਾਵ ਵੈਰੀ ਨੂੰ ਮਾਰ ਮੁਕਾਇਆ।

ਗਿਰਿਓ ਭੂਮ ਸੋ, ਬਾਣ ਦੂਜੇ ਸੰਭਾਰਿਯੋ ॥
ਮੁਖੰ ਭੀਖਨ ਖਾਨ ਕੇ ਤਾਣ ਮਾਰਯੋ ॥
ਭਜਿਓ ਖਾਨ ਖੂਨੀ, ਰਹਿਓ ਖੇਤ ਤਾਜ਼ੀ ॥
ਤਜੇ ਪ੍ਰਾਣ ਤੀਜੇ ਲਗੇ ਬਾਣ ਬਾਜੀ ॥ ੨੫॥

ਭਾਵ: ਜਦ ਪਹਿਲੇ ਤੀਰ ਨਾਲ ਇਕ ਖਾਨ ਮਰ ਗਿਆ, ਤਦ ਮੈਂ ਦੂਜਾ ਤੀਰ ਸੰਭਾਲਿਆ ਅਤੇ ਤਾਣ ਕੇ ਭੀਖਨ ਖਾਨ ਦੇ ਮੂੰਹ ਤੇ ਮਾਰਿਆ। ਇਹ ਭੀਖਨ ਖਾਨ ਵੀ ਬੇਵਫ਼ਾ ਪਠਾਨ ਸੀ, ਸੌ ਸਵਾਰਾਂ ਦਾ ਸਰਦਾਰ ਸੀ, ਸਾਡਾ ਤਨਖਾਹਦਾਰ ਨੌਕਰ ਸੀ। ਪਰ ਯੁੱਧ ਸਮੇਂ ਪਹਾੜੀ ਰਾਜਿਆਂ ਨਾਲ ਜਾ ਰਲਿਆ ਸੀ। ਜ਼ਾਲਮ ਭੀਖਨ ਖਾਂ ਜ਼ਖਮੀ ਹੋ ਕੇ, ਝਟ ਪਟ ਆਪਣੇ ਘੋੜੇ ਤੋਂ ਉੱਤਰ ਕੇ ਦੌੜ ਪਿਆ, ਪਰ ਉਸਦਾ ਘੋੜਾ ਮਾਰਿਆ ਗਿਆ। ਮੈਂ ਤੀਜਾ ਬਾਣ ਮਾਰਿਆ। ਉਸ ਨਾਲ ਇਹ ਪਠਾਨ-ਘੋੜਾ ਭਾਵ ਭੀਖਨ ਖਾਂ ਵੀ ਮਰ ਗਿਆ।

ਛੁਟੀ ਮੂਰਛੰਨਾ ਹਰੀ ਚੰਦ ਸੰਭਾਰੰ ॥੨੬॥

ਭਾਵ: ਐਨੇ ਨੂੰ ਹਰੀ ਚੰਦ ਦੀ ਮੂਰਛਨਾ ਟੁੱਟ ਗਈ ਅਤੇ ਉਹ ਹੋਸ਼ ਵਿੱਚ ਆ ਗਿਆ।

ਦੁਯੰ ਬਾਣ ਖੈਚੇ, ਇਕੰ ਬਾਰ ਮਾਰੇ॥
ਬਲੀ ਬੀਰ ਬਾਜੀਨ ਤਾਜੀ ਬਿਦਾਰੇ ॥
ਜਿਸੇ ਬਾਣ ਲਾਗੇ, ਰਹੇ ਨਾਂ ਸੰਭਾਰੰ ॥
ਤਨੰ ਬੇਧਿ ਕੈ ਤਾਹਿ ਪਾਰੰ ਸਿਧਾਰੰ ॥੨੭॥

ਭਾਵ: ਮੈਂ ਦੋ ਤੀਰ ਕਮਾਨ ਤੇ ਚੜ੍ਹਾ ਕੇ ਵੀ ਇਕੋ ਵਾਰੀ ਚਲਾ ਦਿੰਦਾ ਸੀ, ਅਤੇ ਬੀਰ ਬਲੀਆਂ ਨੂੰ ਅਰਬੀ ਘੋੜਿਆਂ ਸਮੇਤ ਪਾਰ ਬੁਲਾ ਦਿੰਦਾ ਸੀ। ਜਿਨ੍ਹਾਂ ਨੂੰ ਵੀ ਮੇਰਾ ਤੀਰ ਲਗਦਾ ਸੀ ਓਹ ਆਪਣੇ ਆਪ ਨੂੰ ਸੰਭਾਲ ਨਹੀਂ ਸਨ ਸਕਦੇ। ਮੇਰਾ ਤੀਰ ਉਨ੍ਹਾਂ ਦੇ ਸਰੀਰਾਂ ਨੂੰ ਵਿਨ੍ਹ ਕੇ ਪਾਰ ਹੋ ਜਾਂਦਾ ਸੀ।

ਹਰੀ ਚੰਦ ਕੋਪੇ ਕਮਾਨੰ ਸੰਭਾਰੰ ॥
ਪ੍ਰਥੰ ਬਾਜੀਯੰ ਤਾਣ ਬਾਣੰ ਪ੍ਰਹਾਰੰ ॥
ਦੁਤੀਯ ਤਾਕ ਕੇ ਤੀਰ ਮੋ ਕੌ ਚਲਾਯੰ ॥
ਰਖਿਓ ਦਈਵ ਮੈਂ ਕਾਨ ਛੈ ਕੈ ਸਿਧਾਯੰ॥ ੨੮॥

ਭਾਵ: ਹਰੀ ਚੰਦ ਨੇ ਗੁੱਸਾ ਖਾਧਾ ਤੇ ਕਮਾਣ ਸੰਭਾਲੀ। ਪਹਿਲਾ ਤੀਰ ਤਾਣ ਕੇ ਮੇਰੇ ਘੋੜੇ ਦੇ ਮਾਰਿਆ। ਦੂਜਾ ਤੀਰ ਨਿਸ਼ਾਨਾ ਬੰਨ੍ਹ ਕੇ ਮੇਰੇ ਵੱਲ ਨੂੰ ਚਲਾਇਆ। ਪਰ ਓਹ ਤੀਰ ਮੇਰੇ ਕੰਨ ਨੂੰ ਹੀ ਛੋਹ ਕੇ ਚਲਿਆ ਗਿਆ । ਇਸ ਤਰ੍ਹਾਂ ਵਾਹਿਗੁਰੂ ਨੇ ਮੈਨੂੰ ਬਚਾ ਲਿਆ।

ਤ੍ਰਿਤਿਯ ਬਾਣ ਮਾਰਯੋਸੁ ਪੇਟੀ ਮਝਾਰੰ ॥
ਬਿਧਿਅੰ ਚਿਲਤਿਅੰ-ਦੁਆਲ ਪਾਰੰ ਪਧਾਰੰ ॥
ਚੁਭੀ ਚਿੰਚ ਚਰਮੰ, ਕਛੂ ਘਾਇ ਨ ਆਯੰ ॥
ਕਲੰ ਕੇਵਲੰ ਜਾਨ ਦਾਸੰ ਬਚਾਯੰ ॥੩੦॥

ਨੋਟ:- ਅਨਜਾਨ ਲਿਖਾਰੀਆਂ 'ਚਿਲਤਿਅੰ' ਦੀ ਥਾਂ 'ਚਿਲਕਿਤ' ਪਾਠ ਲਿਖ ਦਿਤਾ ਹੈ।

ਭਾਵ: ਤੀਜਾ ਬਾਣ ਹਰੀ ਚੰਦ ਨੇ ਮੇਰੀ ਪੇਟੀ ਵਿੱਚ ਮਾਰਿਆ। ਉਹ ਤੀਰ ਮੇਰੇ ਚਿਲਤੇ, ਮੇਰੀ ਖਫ਼ਤਾਨ ਭਾਵ ਕੁੜਤੇ ਦੀ ਸ਼ਕਲ ਦੀ ਮੇਰੀ ਕੱਵਚ, ਸੰਜੋਅ ਉਤੇ ਬੰਨ੍ਹੀ ਹੋਈ ਮੇਰੀ ਪੇਟੀ ਦੇ ਤਸਮੇ ਨੂੰ ਵਿੰਨ੍ਹ ਕੇ ਚਲਾ ਗਿਆ। ਤੀਰ ਦੀ ਚੁੰਜ ਮੇਰੀ ਚਮੜੀ ਵਿੱਚ ਸਿਰਫ਼ ਥੋੜੀ ਜਿਹੀ ਚੁੱਭੀ ਅਤੇ ਮੇਰੇ ਜ਼ਖਮ ਕੋਈ ਨਾਂ ਆਇਆ। ਮੇਰੀ, ਆਪਣੇ ਦਾਸ ਦੀ ਜਾਨ ਕੇਵਲ ਵਾਹਿਗੁਰੂ ਨੇ ਬਚਾਈ।

ਰਸਾਵਲ ਛੰਦ ॥
ਜਬੈ ਬਾਨ ਲਾਗਯੋ ॥ ਤਬੈ ਰੋਸ ਜਾਗਯੋ ॥
ਕਰੰ ਲੈ ਕਮਾਣੰ ॥ ਹਨੰ ਬਾਣ ਤਾਨੰ ॥੩੧

ਭਾਵ : ਜਦ ਮੈਨੂੰ ਹਰੀ ਚੰਦ ਦੇ ਤੀਰ ਦੀ ਚੁੰਜ ਚੁਭੀ ਤਾਂ ਮੈਨੂੰ ਵੈਰੀਆਂ ਤੇ ਗੁਸਾ ਚੜ੍ਹਿਆ। ਮੈਂ ਹਥਾਂ ਵਿੱਚ ਕਮਾਣ ਲੈ ਕੇ ਤਾਣ ਤਾਣ ਕੇ ਤੀਰ ਮਾਰੇ।

ਸਭ ਬੀਰ ਧਾਏ ॥ ਸਰੋਘੰ ਚਲਾਏ ॥੩੨॥

ਭਾਵ : ਜਦੋਂ ਮੈਂ ਤੀਰ ਚਲਾਉਣੇ ਆਰੰਭੇ ਤਾਂ ਸਾਰੇ ਵੈਰੀ ਸੂਰਮੇ ਦੌੜਨ ਲਗੇ।

ਹਰੀ ਚੰਦ ਮਾਰੇ ॥ ਸੁ ਜੋਧਾ ਲਤਾਰੇ ॥
ਸੁ ਕਾਰੋੜ ਰਾਯੰ ॥ ਵਹੈ ਕਾਲ ਘਾਯੰ ॥੩੩॥

ਭਾਵ: ਹਰੀ ਚੰਦ ਨੂੰ ਵੀ ਮੈਂ ਮਾਰ ਦਿਤਾ। ਹੋਰ ਕਈ ਸੂਰਵੀਰ ਵੀ ਮੈਂ ਲਿਤਾੜ ਦਿਤੇ। ਕੋਟ-ਲੇਹਰ ਦਾ ਰਾਜਾ ਕਰੋੜ ਰਾਏ ਵੀ ਮੌਤ ਨੇ ਮੇਰੇ ਹੱਥੋਂ ਮਰਵਾ ਦਿਤਾ। ਕੋਟ-ਲੇਹਰ ਰਿਆਸਤ ਬਿਲਾਸਪੁਰ ਤੇ ਮੰਡੀ ਸੁਕੇਤ ਦੇ ਵਿਚਕਾਰ ਹੈ।

ਰਣੰ ਤਿਆਗ ਪਾਗੇ ॥ ਸਭੇ ਤਰਾਸ ਪਾਗੇ ॥
ਭਈ ਜੀਤ ਮੇਰੀ ॥ ਕ੍ਰਿਪਾ ਕਾਲ ਤੇਰੀ ॥੩੪॥

ਭਾਵ : ਵੈਰੀ ਸਾਰੇ ਐਨੇ ਡਰੇ ਕੰਬੇ ਕਿ ਲੜਾਈ ਦਾ ਮੈਦਾਨ ਛੱਡ ਕੇ ਦੌੜ ਗਏ। ਮੇਰੀ ਜਿੱਤ ਹੋ ਗਈ। ਇਹ ਵਾਹਿਗੁਰੂ ਦੀ ਕਿਰਪਾ ਹੀ ਸੀ।

ਦੂਜੀ ਮਿਸਾਲ ਨਵੇਂ ਚੈਪਟਰ ਵਿੱਚ ਦਿਤੇ ਗਏ ਨਾਦੌਣ ਦੇ ਯੁਧ ਵਿਚੋਂ ਹੈ, ਜੋ ਫ਼ਰਵਰੀ 1690 ਵਿੱਚ ਹੋਇਆ, ਜਦੋਂ ਗੁਰੂ ਜੀ ਦੀ ਉਮਰ ਚੌਵੀ ਕੁ ਸਾਲ ਦੀ ਸੀ। ਲਿਖਿਆ ਹੈ :

ਤਵੰ ਕੀਟ ਤੌ ਲੰ ਤੁਫੰਗੰ ਸੰਭਾਰੋ ॥
ਹ੍ਰਿਦੇ ਏਕ ਰਾਵੰਤ ਕੇ ਤੱਕਿ ਮਾਰੋ ॥
ਗਿਰਯੋ ਝੂਮ ਭੂਮੈ, ਕਰਯੋ ਜੁਧ ਸੁਧੰ ॥
ਤਊ 'ਮਾਰਿ' ਬੋਲਯੋ ਮਹਾ ਮਾਨਿ ਕ੍ਰੁੱਧੰ ॥੧੭॥

ਭਾਵ: ਗੁਰੂ ਜੀ ਫ਼ਰਮਾਂਦੇ ਹਨ : ਹੇ ਵਾਹਿਗੁਰੂ ਤਦੋਂ ਤਾਂਈ ਮੈਂ ਕੀਟ ਨੇ ਬੰਦੂਕ ਸੰਭਾਲੀ ਅਤੇ ਸ਼ਿਸਤ ਲਾ ਕੇ ਗੋਲੀ ਇਕ ਰਾਜੇ ਦੀ ਛਾਤੀ ਵਿੱਚ ਮਾਰੀ। ਉਸ ਨੇ ਲੜਾਈ ਤਾਂ ਠੀਕ ਤਰ੍ਹਾਂ ਕੀਤੀ ਸੀ ਪਰ ਗੋਲੀ ਖਾ ਕੇ ਉਹ ਮਹਾਂ ਹੰਕਾਰੀ ਝੂਮਦਾ ਹੋਇਆ ਧਰਤੀ ਤੇ ਡਿਗ ਪਿਆ ਅਤੇ ਗੁਸੇ ਵਿੱਚ ਆ ਕੇ ਮਾਰੋ ਮਾਰੋ' ਦਾ ਰੌਲਾ ਪਾਉਣ ਲੱਗ ਪਿਆ।

ਤਜਯੋ ਤੁਪਕੰ, ਬਾਣ ਪਾਨੰ ਸੰਭਾਰੇ ॥
ਚਤੁਰ ਬਾਨਯੰ ਲੈ ਸੁ ਸੱਬਯੰ ਪ੍ਰਹਾਰੇ ॥
ਤ੍ਰਿਤਯੋ ਬਾਣ ਲੈ ਬਾਮ ਪਾਣੰ ਚਲਾਏ ॥
ਲਗੇ ਯਾ ਲਗੇ ਨ ਕਛੂ ਜਾਨਿ ਪਾਏ ॥੧੮॥

ਭਾਵ : ਇਹ ਰੌਲਾ ਸੁਣ ਕੇ ਮੈਂ ਬੰਦੂਕ ਹਥੋਂ ਛਡ ਦਿੱਤੀ ਅਤੇ ਬਾਣ ਸੰਭਾਲੇ। ਚਾਰ ਤੀਰ ਮੈ ਸਬਯ ਭਾਵ ਸੱਜੇ ਹੱਥ ਨਾਲ ਚਲਾਏ ਅਤੇ ਤਿੰਨ ਤੀਰ ਬਾਏਂ ਭਾਵ ਖੱਬੇ ਹੱਥ ਨਾਲ । ਵੈਰੀ ਮੇਰੇ ਤੀਰਾਂ ਤੋਂ ਡਰ ਕੇ ਦੌੜ ਪਏ। ਸੋ ਪਤਾ ਨਾ ਲਗ ਸਕਿਆ ਕਿ ਉਹ ਤੀਰ ਕਿਸ ਕਿਸ ਦੇ ਲੱਗੇ ਅਤੇ ਕਿਸ ਕਿਸ ਦੇ ਨਾ ਲੱਗੇ।

ਸੋ ਗੁਰੂ ਜੀ ਦੀ ਸ੍ਵੈ-ਲਿਖਤ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਮਹਾਨ ਤੀਰ ਅੰਦਾਜ਼ ਸਨ। ਉਨ੍ਹਾਂ ਦੇ ਤੀਰ ਦੂਰ ਦੂਰ ਤਕ ਮਾਰ ਕਰਦੇ ਸਨ। ਉਹ ਕਮਾਨ ਤੇ ਦੋ ਦੋ ਤੀਰ ਇਕੱਠੇ ਚੜ੍ਹਾ ਕੇ ਕਮਾਲ ਨਾਲ ਚਲਾ ਸਕਦੇ ਸਨ। ਬਲਕਿ ਹੋ ਸਕਦਾ ਹੈ ਕਿ ਤਿੰਨ ਤਿੰਨ ਜਾਂ ਚਾਰ ਚਾਰ ਵੀ ਚਲਾ ਸਕਦੇ ਹੋਣ। ਉਹ ਖੱਬੇ ਹੱਥ ਨਾਲ ਵੀ ਤੀਰ ਚਲਾ ਲੈਂਦੇ ਸਨ। ਉਨ੍ਹਾਂ ਨੂੰ ਆਪਣੇ ਚਲਾਏ ਹੋਏ ਤੀਰਾਂ ਦੇ ਅਚੁੱਕ ਨਿਸ਼ਾਨੇ ਉਤੇ ਭਰੋਸਾ ਸੀ। ਵੈਰੀ ਉਨ੍ਹਾਂ ਦੇ ਤੀਰਾਂ ਤੋਂ ਡਰਦੇ ਜਾਂ ਤਾਂ ਦੌੜ ਜਾਂਦੇ ਸਨ ਜਾਂ ਕਿਸੇ ਓਟ ਪਿੱਛੇ ਲੁਕੇ ਰਹਿੰਦੇ ਸਨ।

ਗੁਰੂ ਜੀ ਦੇ, ਅੱਠ ਤੀਰ ਹੇਠ ਲਿਖੇ ਅਨੁਸਾਰ ਮਿਲਦੇ ਹਨ :

੧. *ਸ੍ਰੀ ਅਕਾਲ ਤਖਤ ਸਾਹਿਬ* : ਦੋ ਤੀਰ ਜਿਨ੍ਹਾਂ ਦੀ ਮੁੱਠੀ ਤੇ ਇਕ ਇਕ ਤੋਲਾ ਸੋਨਾ ਲੱਗਾ ਹੋਇਆ ਹੈ।

੨. *ਤਖਤ ਸ੍ਰੀ ਪਟਣਾ ਸਾਹਿਬ* : ਚਾਰ ਤੀਰ।

੩. *ਤਖਤ ਸ੍ਰੀ ਹਜ਼ੂਰ ਸਾਹਿਬ* : ਇਕ ਤੀਰ ਜਿਸ ਦਾ ਨਾਉਂ 'ਨਾਰਾਚ' ਹੈ, ਭਾਵ ਪੰਜ ਪੰਖੜਾਂ ਵਾਲਾ ਤੀਰ। ਇਹ ਸਰਬ ਲੋਹ ਦਾ ਹੈ।

੪. ਕਿਲਾ ਪਟਿਆਲਾ ਵਿੱਚ, ਬੁਰਜ ਬਾਬਾ ਆਲਾ ਸਿੰਘ, ਇਕ ਦੋ-ਫਾਂਕਾ ਤੀਰ ਭਾਵ ਦੋ ਮੁਖੀਆਂ, ਦੋ ਮੁਖੀਆਂ ਵਾਲਾ ਤੀਰ, ਜਿਸ ਤੇ ਸੋਨੇ ਦੇ ਤਿੰਨ ਬੰਦ ਹਨ।

ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਬਾਨਵੇਂ ਕੁ ਪੰਨਿਆਂ ਵਿੱਚ 'ਸ਼ਸਤ੍ਰ ਨਾਮ ਮਾਲਾ' ਵਿੱਚ ਸ਼ਸਤਰਾਂ ਦੇ ਨਾਵਾਂ ਦੀ ਲਿਸਟ' ਵਿੱਚ ਅਨੇਕ ਸ਼ਸਤਰਾਂ ਦੇ ਅਨੇਕ ਨਾਵਾਂ ਦਾ ਜ਼ਿਕਰ ਹੈ। ਅਸੀਂ ਏਥੇ 'ਸ਼ਸਤ੍ਰ' 'ਅਸਤ੍ਰ' ਤੇ ਵੀਚਾਰ ਕਰਨੀ ਹੈ।

'ਸ਼ਸਤ੍ਰ' ਸੰਸਕ੍ਰਿਤ ਸ਼ਬਦ ਹੈ, 'ਸ਼ਸ਼' ਧਾਤੂ ਤੋ ਬਣਿਆ ਹੈ, ਜਿਸਦਾ ਭਾਵ ਹੈ 'ਕੱਟਣਾ', ਸੋ ਕੱਟਣ ਵਾਲੇ ਹਥਿਆਰਾਂ ਨੂੰ ਸ਼ਸਤ੍ਰ ਕਿਹਾ ਜਾਂਦਾ ਹੈ।

'ਅਸਤ੍ਰ' ਵੀ ਸੰਸਕ੍ਰਿਤ ਦਾ ਸ਼ਬਦ ਹੈ ਜੋ 'ਅਸ' ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਹੈ ਸੁਟਣਾ। ਸੋ ਅਸਤ੍ਰ ਦਾ ਅਰਥ 'ਉਹ ਹਥਿਆਰ ਹੈ, ਜੋ ਚਲਾਏ ਜਾ ਕੇ ਆਪਣੇ ਹੱਥਾਂ ਵਿੱਚ ਨਾ ਰਹਿਣ', ਭਾਵ ਜੋ ਦੂਰੋਂ ਸੁੱਟ ਕੇ ਜਾਂ ਕਮਾਨ ਆਦਿਕ ਨਾਲ ਚਲਾਏ ਜਾਣ।

ਕਮਾਨ ਨਾਲ ਚਲਾਏ ਜਾਣ ਵਾਲੇ ਤੀਰ 'ਅਸਤ੍ਰ' ਹੁੰਦੇ ਹਨ। ਉਹੀ ਤੀਰ ਨਾ ਤਾਂ ਨਿਰੇ ਖੰਭਾਂ ਵਾਂਗ ਹਲਕੇ ਹੁੰਦੇ ਹਨ ਅਤੇ ਨਾ ਲੋਹੇ ਵਾਂਗ ਭਾਰੇ। ਉਨ੍ਹਾਂ ਦੂਰ ਜਾ ਕੇ ਮਾਰ ਕਰਨੀ ਹੁੰਦੀ ਹੈ, ਇਸ ਲਈ ਉਨ੍ਹਾਂ ਦੀ ਸਿਰਫ਼ ਮੁਖੀ ਅਤੇ ਪਿਛਲੀ ਮੁੱਠ ਹੀ ਲੋਹੇ ਦੀ ਹੁੰਦੀ ਹੈ। ਮੁਖੀ ਨੂੰ ਕਈ ਵਾਰ ਜ਼ੈਹਰ ਦੀ ਪੁੱਠ ਵੀ ਦਿਤੀ ਹੁੰਦੀ ਹੈ, ਪਰ ਉਨ੍ਹਾਂ ਦੀ ਡੰਡੀ ਲੋਹੇ ਦੀ ਨਹੀਂ ਹੁੰਦੀ, ਬਲਕਿ ਬਾਂਸ ਜਾਂ ਕਿਲਕ ਜਾਂ ਇਲਾਕੇ ਦੀ ਕਿਸੇ ਖਾਸ ਲਕੜੀ ਦੀ ਹੁੰਦੀ ਹੈ। ਏਸੇ ਲਈ ਉਸ ਨੂੰ 'ਕਾਨੀ' ਵੀ ਕਹਿੰਦੇ ਹਨ। ਕਮਾਨ ਜਾਂ ਕਮਗਰ ਭਾਵ ਖਮ ਵਾਲੀ,ਵਿੰਗ ਵਾਲੀ,ਕਮਾਨ ਵੀ ਆਮ ਤੌਰ ਤੇ ਬਾਂਸ ਆਦਿਕ ਦੀ ਹੁੰਦੀ ਹੈ, ਤਾਕਿ ਹਲਕੀ ਹੋਵੇ। ਉਂਝ ਕਿਸੇ ਯੋਗ ਧਾਤ ਦੀ ਵੀ ਹੋ ਸਕਦੀ ਹੈ। ਫਿਰ ਤੀਰ ਤੀਰ-ਕਸ਼ ਭਾਵ ਤੀਰ ਨੂੰ ਖਿੱਚ ਕੇ ਚਲਾਉਣ ਵਾਲੇ ਤਰਕਸ਼, ਨਿਖੰਗ, ਭੱਥੇ ਵਿੱਚ ਰਖੇ ਜਾਂਦੇ ਹਨ, ਜੋ ਆਮ ਤੌਰ ਤੇ ਚਮੜੇ ਦਾ ਹੁੰਦਾ ਹੈ। ਇਸ ਭੱਥੇ ਵਿੱਚ ਦੋ ਕੁ ਦਰਜਨ ਤੀਰ ਹੀ ਰਖੇ ਜਾ ਸਕਦੇ ਹਨ। ਜੇ ਤੀਰ ਲੋਹੇ ਦੇ ਹੋਣ ਤਾਂ ਤੀਰਾਂ ਦਾ ਭਾਰ ਹੀ ਬਹੁਤ ਹੋ ਜਾਵੇ। ਤੀਰ ਬਨਾਉਣ ਵਾਲੇ ਨੂੰ ਤੀਰ-ਗਰ, ਤੀਰ-ਸਾਜ਼, ਬਾਣ-ਗਰ ਜਾਂ ਸ਼ਰ-ਕਾਰ ਕਿਹਾ ਜਾਂਦਾ ਹੈ। ਕਮਾਨ ਬਨਾਉਣ ਵਾਲੇ ਨੂੰ ਕਮਾਂ-ਗਰ, ਕਮਾਨ-ਗਰ ਜਾਂ ਕਮੱਗਰ ਕਿਹਾ ਜਾਂਦਾ ਹੈ।

ਲੋਹੇ ਦੇ ਤੀਰ ਅਸਤਰ ਨਹੀਂ। ਇਹ ਕਮਾਨ ਨਾਲ ਨਹੀਂ ਚਲਾਏ ਜਾਂਦੇ। ਇਹ ਸ਼ਸਤਰ ਹਨ। ਬਰਛੇ ਦੀ ਤਰ੍ਹਾਂ ਹਥ ਵਿੱਚ ਫੜ ਕੇ ਵਰਤੇ ਜਾਂਦੇ ਹਨ।

ਕਾਨੀ ਵਾਲੇ ਆਮ ਤੀਰਾਂ ਨੂੰ ਸੋਨਾਂ ਨਹੀਂ ਲਾਇਆ ਜਾਂਦਾ। ਸੋਨਾਂ ਤਾਂ ਲੋਹੇ

ਦੇ ਤੀਰਾਂ ਨੂੰ ਹੀ ਲਾਇਆ ਜਾ ਸਕਦਾ ਹੈ ਜਾਂ ਇਸ ਦੀ ਝਾਲ ਫੇਰੀ ਜਾ ਸਕਦੀ ਹੈ। ਪਿਛਲੇ ਸਮੇਂ ਅਮੀਰ ਯੋਧੇ ਹੀ ਏਹੋ ਜਿਹੇ ਸ਼ੌਕ ਪੂਰੇ ਕਰਦੇ ਸਨ। ਅਮੀਰ ਲੋਕ ਤਾਂ ਅਜ ਕਲ੍ਹ ਵੀ ਏਹੋ ਜਿਹੇ ਚੋਜ ਕਰਦੇ ਸਨ। ਸੰਨ 1932 ਦੀਆਂ ਗਰਮੀਆਂ ਵਿੱਚ ਮੇਰਾ ਇਕ ਦੋਸਤ ਮੈਨੂੰ ਆਪਣੇ ਨਾਲ ਸਾਥੀ ਦੇ ਤੌਰ ਤੇ ਲਿਜਾ ਕੇ ਸ਼ਿਮਲਿਓਂ ਛੱਬੀ ਮੀਲ ਦੂਰ ਉੱਤਰ ਵੱਲ ਨੂੰ, ਸਤਲੁਜ ਨਦੀ ਦੇ ਕੰਢੇ ਉੱਤੇ 'ਤਤਾ ਪਾਣੀ' ਨਾਓਂ ਦੀ ਛੋਟੀ ਜਿਹੀ ਇਕ ਬਸਤੀ ਵਿੱਚ ਰਹਿੰਦਾ ਸੀ। ਪਰ ਪਿਛਿਓਂ ਹੁਸ਼ਿਆਰਪੁਰ ਦੇ ਲਾਗੇ ਦੇ ਇਕ ਸਕਲ-ਗਰ, ਸਿਕਲ-ਗਰ, ਸਿਕਲ ਕਰਨ ਵਾਲੇ, ਸਿਕਲੀਗਰ ਸਰਦਾਰ ਨਿਕਾ ਸਿੰਘ ਤੋਂ ਇਹੋ ਜਿਹੀ ਇਕ ਪੁਰਾਣੀ ਤਲਵਾਰ ਖਰੀਦ ਕੇ ਲਿਆਇਆ ਸੀ।

ਜਿਵੇਂ ਉੱਪਰ ਲਿਖਿਆ ਜਾ ਚੁਕਾ ਹੈ, ਦਸਮੇਸ਼ ਜੀ ਦੇ ਇਕ ਤੀਰ ਨੂੰ ਤਿੰਨ ਸੋਨੇ ਦੇ ਬੰਦ ਹਨ, ਦੋ ਤੀਰਾਂ ਦੀਆਂ ਮੁੱਠਾਂ ਨੂੰ ਇਕ ਇਕ ਤੋਲਾ ਸੋਨਾਂ ਲਗਾ ਹੋਇਆ ਹੈ, ਪੰਜ ਤੀਰਾਂ ਨੂੰ ਸੋਨਾਂ ਨਹੀਂ ਲਗਾ ਹੋਇਆ।

ਸੰਨ 1929 ਵਿੱਚ ਜਦ ਮੈਂ ਖਾਲਸਾ ਕੌਲਿਜ ਦਾਖਿਲ ਹੋਣ ਲਈ ਸ੍ਰੀ ਅੰਮ੍ਰਿਤਸਰ ਜੀ ਗਿਆ ਤਾਂ ਆਪਣੀ ਹੋਸ਼ ਵਿਚ ਪਹਿਲੀ ਵਾਰ ਅਕਾਲ ਤਖਤ ਜਾ ਕੇ 'ਰਹਿਰਾਸ' ਦਾ ਪਾਠ ਸੁਣਨ ਪਿੱਛੋਂ ਸ਼ਸਤਰਾਂ ਦੇ ਦਰਸ਼ਨ ਕੀਤੇ। ਸਿੰਘ ਜੀ ਨੇ ਦਸਿਆ : 'ਦਸਮੇਸ਼ ਜੀ ਦੇ ਤੀਰਾਂ ਦਾ ਵਾਰ ਖਾਲੀ ਨਹੀਂ ਸੀ ਜਾਂਦਾ, ਵੈਰੀ ਮਰ ਹੀ ਜਾਂਦਾ ਸੀ। ਗੁਰੂ ਜੀ ਦੇ ਹੁਕਮ ਨਾਲ ਉਨ੍ਹਾਂ ਦੇ ਹਰਿਕ ਤੀਰ ਨੂੰ ਇਕ ਇਕ ਤੋਲਾ ਸੋਨਾ ਲਾਇਆ ਜਾਂਦਾ ਸੀ ਤਾਕਿ ਮਰਿਆ ਹੋਇਆ ਵੈਰੀ ਗਰੀਬ ਹੋਵੇ ਤਾਂ ਉਹ ਸੋਨਾ ਖਰਚ ਕਰ ਕੇ ਉਸ ਦੇ ਸਾਥੀ ਜਾਂ ਸੰਬੰਧੀ ਆਦਿਕ ਉਸ ਦੇ ਮੁਰਦਾ ਸਰੀਰ ਨੂੰ ਦੱਬ ਸਕਣ ਜਾਂ ਜਲਾ ਸਕਣ।'

ਉਨ੍ਹਾਂ ਦਿਨਾਂ ਵਿੱਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਮਾਸਟਰ ਤਾਰਾ ਸਿੰਘ ਜੀ ਸਨ। ਅਕਾਲ ਤਖਤ ਦੇ ਜਥੇਦਾਰ ਸਰਦਾਰ ਤੇਜਾ ਸਿੰਘ ਅਕਰਪੁਰੀ ਸਨ, ਜਿਨ੍ਹਾਂ ਨਾਲ ਮੇਰੇ ਕੁਝ ਸੰਬੰਧ ਸਨ। ਸ਼ਸਤਰਾਂ ਦੀ ਸੇਵਾ ਕਰਦੇ ਇਕ ਭਰੋਸੇਯੋਗ ਸਿੰਘ ਨੇ ਮੈਨੂੰ ਦਸਿਆ: 'ਇਨ੍ਹਾਂ ਤੀਰਾਂ ਨੂੰ ਸੋਨਾ ਸ੍ਰੀ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਪੰਥ ਪਾਸ ਆਉਣ ਪਿਛੋਂ 1926-1927 ਵਿੱਚ ਲਾਇਆ ਗਿਆ ਸੀ।'

ਉਸ ਸਿੰਘ ਜੀ ਦੀ ਗੱਲ ਬਾਰੇ ਹੋਰ ਚਾਨਣ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਉਸ ਸਮੇਂ ਦੇ ਰੀਕੌਰਡ, ਜੇ ਹੋਣ, ਦੇਖ ਕੇ ਜਥੇਦਾਰ ਸਾਹਿਬ ਹੀ ਜਾਂ ਹੋਰ ਪਰਬੰਧਕ ਹੀ ਪਾ ਸਕਦੇ ਹਨ ਪਰ ਮੇਰਾ ਵੀਚਾਰ ਹੈ ਕਿ ਇਹ ਸੋਨਾ ਤੀਰਾਂ ਨੂੰ ਪਹਿਲਾਂ ਨਹੀਂ ਸੀ ਲਗਾ ਹੋਇਆ। ਲੜਾਈ ਵਿੱਚ ਤਾਂ ਕਈ ਵਾਰੀ ਮੁਰਦਿਆਂ ਨੂੰ ਸਾੜਨ ਜਾਂ ਦੱਬਣ ਦਾ ਸਮਾਂ ਵੀ ਨਹੀਂ ਮਿਲਦਾ। ਲਾਸ਼ਾਂ ਨੂੰ ਗਿਰਝਾਂ, ਕਾਂ, ਕੁੱਤੇ ਹੀ ਖਾ ਜਾਂਦੇ ਹਨ। ਕਈ ਵਾਰੀ ਇਕੱਠੇ ਮੁਰਦੇ ਇਕੋ ਵਾਰੀ ਟੋਏ ਵਿੱਚ ਦੱਬ ਦਿੱਤੇ ਜਾਂਦੇ ਹਨ ਜਾਂ ਸਾੜ ਦਿਤੇ ਜਾਂਦੇ ਹਨ। ਕਦੀਂ ਹੀ ਪਛਾਣ ਕੇ ਸਾੜਨ ਜਾਂ ਦੱਬਣ ਦਾ ਸਮਾਂ

ਮਿਲਦਾ ਹੈ।

ਬਾਰਾਂ ਮਾਰਚ, ਸੰਨ 1699 ਤੋਂ ਦੋ ਅਕਤੂਬਰ 1707 ਤਾਈਂ ਦੇ ਲਿਖੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਗਿਆਰਾਂ ਹੁਕਮਨਾਮਿਆਂ ਵਿਚੋਂ ਪਤਾ ਲਗਦਾ ਹੈ ਕਿ ਗੁਰੂ ਜੀ ਕਦੀ ਕਦੀ ਸੰਗਤਾਂ ਪਾਸੋਂ ਲੋੜ ਪਿਆਂ ਇੱਕ ਇੱਕ, ਡੇਢ, ਡੇਢ ਦੋ ਦੋ, ਤਿੰਨ ਤਿੰਨ ਅਤੇ ਪੰਜ ਪੰਜ ਤੋਲੇ ਸੋਨੇ ਦੀ ਫ਼ਰਮਾਇਸ਼ ਕਰ ਘਲਦੇ ਸਨ। ਫ਼ਰਵਰੀ ਸੰਨ 1700 ਵਿੱਚ ਡੇਢ ਤੋਲੇ ਸੋਨੇ ਦਾ ਮੁਲ ਸਵਾ ਉਨੀਂ ਰੁਪੈ, ਭਾਵ ਇਕ ਤੋਲੇ ਦਾ ਮੁੱਲ ਬਾਰਾਂ ਰੁਪਏ ਤਰਾਸੀ ਪੈਸੇ ਸੀ। ਪਰ ਅਕਤੂਬਰ ਸੰਨ 1707 ਵਿੱਚ ਰਾਜਸੀ ਗੜ ਬੜ ਵਧਣ ਕਰ ਕੇ, ਸੋਨੇ ਦਾ ਭਾਓ ਚੜ੍ਹ ਕੇ ਵੀਹ ਰੁਪਏ ਤੋਲਾ ਹੋ ਗਿਆ ਸੀ। ਹੁਕਮਨਾਮਿਆਂ ਅਨੁਸਾਰ ਇਹ ਸੋਨਾ ਸੰਗਤ ਲਈ ਖਰਚ ਹੁੰਦਾ ਸੀ। ਸੰਨ 1689 ਵਿੱਚ ਜਦ ਤੋਂ ਗੁਰੂ ਜੀ ਨੂੰ ਯੁਧਾਂ ਵਿੱਚ ਮਸਰੂਫ ਹੋਣਾ ਪਿਆ, ਸੋਨੇ ਦਾ ਭਾਓ ਸ਼ਾਇਦ ਬਾਰਾਂ ਰੁਪਏ ਤੋਲੇ ਤੋਂ ਵੀ ਘਟ ਹੋਵੇ ਪਰ ਹੁਕਮਨਾਮਿਆਂ ਤੋਂ ਇਸ ਗਲ ਦਾ ਪਤਾ ਨਹੀਂ ਲਗਦਾ ।

ਸੋ ਆਮ ਤੀਰਾਂ ਨੂੰ ਲਾਉਣ ਲਈ ਤਾਂ ਗੁਰੂ ਜੀ ਸੋਨਾ ਨਹੀਂ ਵਰਤਦੇ ਹੋਣਗੇ ਕਿਉਂਕਿ ਇਸਤਰ੍ਹਾਂ ਕਰਨ ਨਾਲ ਆਰਥਕ ਤੌਰ ਤੇ ਲਾਭ ਨਾਲੋਂ ਨੁਕਸਾਨ ਜ਼ਿਆਦਾ ਸੀ। ਹਾਂ, ਸ਼ੌਕ ਦੇ ਤੌਰ ਤੇ ਆਪਣੇ ਪਾਸ ਰਖਣ ਲਈ ਸ੍ਰੀ ਅਕਾਲ ਤਖਤ ਵਾਲੇ ਦੋ ਤੀਰਾਂ ਦੀਆਂ ਮੁਠਾਂ ਨੂੰ ਸੋਨਾ ਲਗਵਾ ਲਿਆ ਹੋਵੇਗਾ ? ਨਹੀਂ ਤਾਂ ਬਾਕੀ ਦੇ ਛੇ ਤੀਰਾਂ ਦੀਆਂ ਮੁਠੀਆਂ ਨੂੰ ਵੀ ਜ਼ਰੂਰ ਸੋਨਾ ਲਗਾ ਹੋਇਆ ਹੁੰਦਾ।

ਇਸ ਹਾਲਤ ਵਿੱਚ ਜੇ ਹੋ ਸਕੇ ਤਾਂ ਇਹਨਾਂ ਦੋਹਾਂ ਤੀਰਾਂ ਦੇ ਇਤਿਹਾਸ ਬਾਰੇ ਹੋਰ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਨਾ ਸ੍ਰੀ ਅਕਾਲ ਤਖਤ ਦੇ ਪ੍ਰਬੰਧ ਦਾ ਕੰਮ ਹੈ।

ਗੁਰਸਿਖਾਂ ਵਿੱਚ ਸ਼ਰਧਾ ਹੋਣੀ ਜ਼ਰੂਰੀ ਹੈ ਪਰ ਅੰਨ੍ਹੀ ਸ਼ਰਧਾ ਤੋਂ ਤਾਂ ਗੁਰੂ ਸਾਹਿਬਾਨ ਜੀ ਨੇ ਰੋਕਿਆ ਹੈ, ਕਿਉਂਕਿ ਲਾਭ ਨਾਲੋਂ ਇਸ ਦਾ ਨੁਕਸਾਨ ਜ਼ਿਆਦਾ ਹੈ। ਸਾਨੂੰ ਧਕੇ ਨਾਲ ਕਿਸੇ ਦੀ ਜ਼ਬਾਨ ਬੰਦ ਕਰਨੀ ਵੀ ਨਹੀਂ ਸਿਖਾਈ ਗਈ ਕਿਉਕਿ ਇਸ ਦਾ ਫ਼ਾਇਦਾ ਸਥਾਈ ਨਹੀਂ। ਸਾਨੂੰ ਇਕ ਦੂਜੇ ਦੀਆਂ ਅਤੇ ਆਮ ਜਨਤਾ ਦੀਆਂ ਸ਼ੰਕਾਵਾਂ ਠੰਢੇ ਦਿਲ ਨਾਲ, ਪਿਆਰ ਨਾਲ, ਦਲੀਲ ਨਾਲ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਡੇ ਆਪਣੇ ਬੱਚੇ ਅਤੇ ਨੌਜਵਾਨ ਹੀ ਕਈ ਵਾਰੀ ਐਸੇ ਸ਼ੰਕੇ ਕਰਦੇ ਹਨ। ਪਰ ਜਾਂ ਤਾਂ ਅਸੀਂ ਉਨ੍ਹਾਂ ਨੂੰ ਝਿੜਕ ਕੇ ਬਿਠਾ ਦਿੰਦੇ ਹਾ ਅਤੇ ਜਾਂ ਬੇ ਸਿਰ-ਪੈਰ, ਊਟ ਪਟਾਂਗ ਉੱਤਰ ਦਿੰਦੇ ਹਾਂ। ਜਿਸ ਨਾਲ ਉਨ੍ਹਾਂ ਦੀ ਸ਼ਰਧਾ ਸਿਖ ਧਰਮ ਤੇ ਪੱਕੀ ਹੋਣ ਦੀ ਥਾਂ ਸਗੋਂ ਘਟ ਜਾਂਦੀ ਹੈ, ਅਤੇ ਇਹ ਦੇਖ ਕੇ ਪੰਥ ਦੇ ਦੋਖੀ ਬਗਲਾਂ ਵਜਾਂਦੇ ਹਨ। ਅਸੀਂ ਦੂਜਿਆਂ ਨੂੰ ਸਹੀ ਗੱਲ ਤਦ ਹੀ ਦੱਸ ਸਕਦੇ ਹਾਂ, ਜੇ ਪਹਿਲਾਂ ਆਪ ਸਿਖੀਏ। ਸਹੀ ਗੱਲ ਅਸੀਂ ਸਿਰਫ਼ ਗਲਾਂ ਕਰ ਕੇ ਹੀ ਨਹੀਂ ਸਿਖ ਸਕਦੇ, ਇਸ ਲਈ ਸਖਤ ਮਿਹਨਤ ਦੀ ਲੋੜ ਹੈ।

*੧੪ ਦਸੰਬਰ, ੧੯੮੩*

# ਦਸਮੇਸ਼ ਪਿਤਾ ਜੀ ਦੇ ਦਿਲੀ-ਤ੍ਰੰਗ

---

੧੬੯੯ ਈ. ਦੀ ਵੈਸਾਖੀ ਤੋਂ ਪਹਿਲੇ ਦਿਨ, ਜਦੋਂ ਪੰਜ ਪਿਆਰੇ ਵਾਰੋ-ਵਾਰੀ ਸਾਹਿਬਾਂ ਦੇ ਹੁਕਮ ਤੇ ਫੁੱਲ ਚੜ੍ਹਾਉਣ ਲਈ ਸਾਮ੍ਹਣੇ ਆਏ ਅਤੇ ਪਿੱਛੋਂ ਜਦੋ ਸਾਰਿਆਂ ਉੱਤੇ ਇਕੱਠੇ ਤੌਰ ਤੇ ਪਿਆਰੇ ਨੇ ਕ੍ਰਿਪਾ-ਕਟਾਖ ਅਵਲੋਕਨ ਕੀਤੇ, ਅਤੇ ਮੁੜ, ੧੮ ਵੈਸਾਖ, ੧੭੦੦ ਈ. ਨੂੰ, ਖ਼ਾਲਸਾ ਜੀ ਨੂੰ ਮਾਤਾ ਸਾਹਿਬ ਕੌਰ ਜੀ ਦੀ ਝੋਲੀ ਪਾਉਣ ਵੇਲੇ। ਕਾਵਿ -ਕਲਾ ਨਾਲ ਡੂੰਘਾ ਲਗਾਉ ਨਾ ਰਖਣ ਵਾਲੇ ਪਾਠਕਾਂ ਅੱਗੇ ਬੇਨਤੀ ਹੈ ਕਿ ਇਸ ਕਵਿਤਾ ਦਾ ਤੋਲ ਤੇਜ਼-ਚਾਲ ਨਾਲ ਪੜ੍ਹਨ ਵਾਲਾ ਰੱਖਿਆ ਗਿਆ ਹੈ। ਸੋ ਇਸ ਦਾ ਪੂਰਾ ਪੂਰਾ ਰਸ ਮਾਨਣ ਲਈ ਇਸਨੂੰ ਤੇਜ਼-ਚਾਲ ਪੜ੍ਹਨਾ ਹੀ ਠੀਕ ਰਹਿ ਸਕਦਾ ਹੈ।

---

ਦਇਆ ਰਾਮ! ਤੂੰ ਰਾਮ ਦੀ ਦਇਆ ਹੈਂ, ਸਾਨੂੰ ਪਹਿਲਾਂ ਲੋੜ ਹੀ ਤੇਰੀ ਸੀ,
ਤੈਂ ਬਿਨ ਯੋਧੇ ਜਰਵਾਣੇ ਸਨ, 'ਵੀਰਤਾ' ਕੀ ! ਜ਼ੁਲਮ ਦੀ ਅਨ੍ਹੇਰੀ ਸੀ। ਹਾਂ,
ਤੇਰਾ ਕੰਮ ਸਭਸ ਤੇ ਮਿਹਰ ਕਰਨੀ, ਰੋਗੀ ਦੁਨੀਆਂ ਨੂੰ ਦਾਰੂ ਝਟ ਦੇਣਾ,
ਚੀਰ ਦੇਣਾ ਕੈਂਸਰੇ ਫੋੜਿਆਂ ਨੂੰ, ਮੌਹਰੀ-ਲੱਗੇ-ਅੰਗਾਂ ਨੂੰ ਕਟ ਦੇਣਾ। ਸੋ,
ਜਿਨ੍ਹਾਂ ਗੁਰ-ਨਾਨਕ ਸੁਣਿ ਪੇਖਿਆ ਹੈ, ਉਹ ਮਰ ਕੇ ਜੀਅ ਸਭ ਉੱਠੇ ਹਨ,
ਦੇਹ ਦਾਤਿ ਉਨ੍ਹਾਂ ਹਰਿ-ਕੀਰਤਨ ਦੀ, ਕਿਉਂ ? ਨਾਨਕ-ਪਿਆਰ ਦੇ ਕੁੱਠੇ ਹਨ।
ਜਿਨ੍ਹਾਂ ਨਹੀਂ ਸੁਣਿਆਂ, ਉਹ ਰੋਗੀ ਹਨ, ਉਨ੍ਹਾਂ ਨਾਮ ਦਾ ਦਾਰੂ ਪਿਲਾ ਤੂੰ ਦੇਹ।
ਜਿਨ੍ਹਾਂ ਭੁਜ-ਬਲ ਦਾ ਅਹੰਕਾਰ ਬੜਾ, ਉਨ੍ਹਾਂ ਸ਼ਾਸਤ੍ਰ ਦੀ ਚਮਕ ਦਿਖਾ ਤੂੰ ਦੇਹ।
ਜਿਹੜੇ ਲਾ-ਇਲਾਜ ਹਲਕਾਏ ਨੇ, ਉਨ੍ਹਾਂ ਪਾਗਲਾਂ ਭੇਜ ਚੁਰਾਸੀ ਚ
ਤਾਂ ਕੇ ਉਸ ਪਾਗ਼ਲ-ਖਾਨੇ 'ਚੋਂ, ਰਾਜ਼ੀ ਹੋ ਆਵਣ ਦੁਨੀਆਂ ਚ ।੧।
ਧ੍ਰਮ-ਦਾਸ ! ਤੂੰ ਧਰਮ ਦਾ ਦਾਸ ਭੀ ਹੈਂ, ਨਾਲ ਧ੍ਰਮ ਦਾ ਆਪਣਾ ਆਪਾ ਹੈਂ,
ਤੂੰ ਹੀ ਜਗਤ ਨੂੰ ਸੂਤਿ ਪ੍ਰੋ ਰੱਖਿਆ, ਤੂੰ ਹੀ ਧੌਲ, ਧਰਤੀ ਦਾ ਰਾਖਾ ਹੈਂ।
ਤੇਰੇ ਕਰ ਕੇ ਹੀ ਰਵਿ, ਸਸਿ, ਧਰ, ਤਾਰ੍ਹੇ, ਸਾਰੇ ਆਪਣੀ ਥਾਂ ਖਲੋਤੇ ਨੇ,
ਨਿਯਮਾਵਧ ਸਮਾਂ, ਬਿਤਾ ਰਹੇ ਨੇ, ਮਾਨੋਂ ਮੋਤੀ ਹੀ ਲੜੀ ਪਰੋਤੇ ਨੇ।
ਬਾਬੇ ਕਿਹਾ ਸੀ, ਪੁੱਤ, ਤੂੰ ਦਇਆ ਦਾ, ਸੋ ਆਪਣੀ ਮਾਤਾ ਨਾਲ ਹੀ ਰਹੁ,
ਮਤਾਂ ਕਰ ਅਨਗਹਿਲੀ ਭੁਲ ਜਾਵੇ, ਉਸ ਆਪਣਾ ਫ਼ਰਜ਼ ਜਤਾਂਦਾ ਰਹੁ ।੨।
ਹਿੰਮਤ ਰਾਇ ! ਤੂੰ ਹੀ ਹਿੰਮਤ ਹੈਂ, ਹੈਂ ਤੂੰ ਭੀ ਡਾਢੀ ਲੋੜੀਂਦੀ,

ਤੂੰ ਹੀ ਜੀਵਨ-ਹਰਕਤ ਦੇਂਦੀ ਹੈਂ, ਤੇਰੀ ਦਿੱਤੀ ਖੁਸ਼ੀ ਨਾ ਮੋੜੀਂਦੀ।
ਤੂੰ ਹੀ ਰਾਣੀ ਸਾਰੇ ਖੇੜਿਆਂ ਦੀ, ਤੂੰ ਹੀ ਮਾਲਕ ਦਿਲ ਦੇ ਵਿਹੜਿਆਂ ਦੀ,
ਨਾਸ਼-ਕਰਨੀ ਹੈਂ ਝਖੜਾਂ ਝੇੜਿਆਂ ਦੀ, ਸੁਖ-ਦਾਤੀ ਹੈ, ਦੁਖਾਂ ਨਾਲ ਵਿਹੜਿਆਂ ਦੀ।
ਮਿੱਟੀ ਵਿਚ ਰੁਲਦੇ ਬੀਜ ਵਿਚੋਂ, ਤੇਰੇ ਕਰ ਕੇ ਹੀ ਸੁੰਦਰ ਸੋਹਣੇ ਫੁਲ,
ਜਦੋਂ ਕਰਦੇ ਆਰੰਭ ਸਫ਼ਰ ਆਪਣਾ, ਦੱਸ, ਹਿੰਮਤੀ ਕੌਣ ਉਨ੍ਹਾਂ ਦੇ ਤੁਲ ?
ਮਿੱਟੀ ਨੂੰ ਚੀਰ ਜੜ੍ਹਾਂ ਦੀਆਂ, ਉਹ ਕੁੰਜ-ਗਲੀਆਂ 'ਚੀਂ ਲੰਘਦੇ ਨੇ,
ਮੁਢ ਦੀਆਂ ਚਿਟਾਨਾਂ ਤੋੜ ਡਾਲ੍ਹਣ-ਟਾਹਣੀ ਦੀਆਂ ਸੁਰੰਗਾਂ ਝੰਗਦੇ[1] ਨੇ,
ਤਾਹੀਂ ਜਗ ਤੇ ਆਣ ਸੁਗੰਧੀ ਤੇ, ਸੁੰਦਰਤਾ ਦਾ ? ਝੰਡਾ ਗਡਦੇ ਨੇ,
ਕਦੀਂ ਸਿਰ ਠਾਕੁਰ ਦੇ ਫਬਦੇ ਨੇ, ਕਦੀਂ ਗਲ ਮਾਹੀਆ ਦੇ ਲਗਦੇ ਨੇ।
ਹਾਂ, ਜੇ ਤੁੱਠੇਂ ਰੰਕਾਂ ਤੇ, ਉਨ੍ਹਾਂ ਰਾਜਿਆਂ ਤੋਂ ਵੱਧ ਬਣਾ ਦੇਵੇਂ,
ਮੂੰਹ ਮੋੜ ਲਏ ਤੈਥੋਂ ਜਿਹੜਾ, ਉਹਨੂੰ ਦਰ ਦਰ ਭੀਖ ਮੰਗਾ ਦੇਵੇਂ।
ਧੰਨ ਭਾਗ ! ਆ ਮੇਰੇ ਘਰ ਵਿਚ ਤੂੰ, ਦਇਆ,ਧਰਮ ਦਾ ਗੰਢਣ ਗੰਢ ਲਵੀਂ
ਸਦਾ ਉਤਸ਼ਾਹ ਦੇ ਕੇ ਮਾਂ, ਪੁਤ ਨੂੰ, ਜਗ-ਰਣ-ਭੂਮੀ ਨੂੰ ਮੰਡ [2]ਲਵੀਂ,
ਸਾਹਿਬ ਚੰਦ ਤੂੰ! ਹੈਂ ਅਰਸ਼ਾਂ ਦਾ, ਮੈਂ ਜਾਣਦਾ ਹਾਂ; 'ਸਾਹਿਬੀ' ਦਾ ਰੂਪ ਤੂੰ ਹੈਂ,
ਤਿਰੇ ਬਿਨ ਸਭ ਜਗਤ ਦੁਖੀ ਹੋਇਆ; ਚਾਹੇਂ ਬਣਿਆ ਕੀ ਇਸ ਦਾ ਭੂਪ ਤੂੰ ਹੈਂ ?
ਬ੍ਰਹਮੰਡ ਦੀ ਸਾਹਿਬੀ ਵਾਹਿਗੁਰੂ ਦੀ, ਹਾਂ, ਦੁਨੀਆਂ ਦੀ ਸਾਹਿਬੀ ਹੁਕਮ ਥਲੇ।
ਜੇ ਉਸ ਦੇ ਹੀ ਬੰਦਿਆਂ ਹਥ ਆਵੇ ਤਾਂ, ਸਭ ਮਰਯਾਦਾ ਠੀਕ ਚਲੇ,
ਪਰ ਜਦ ਤੋਂ ਦੁਸ਼ਟਾਂ ਨੇ ਤੇਰੇ ਤੇ, ਨਾ-ਜਾਇਜ਼ ਕਬਜ਼ਾ ਜਮਾਇਆ ਹੈ,
ਤਦ ਤੋਂ ਹੀ ਪਰਜਾ ਦੁੱਖ-ਭਰੀ ਨੇ, ਅਤਿ ਕੁਹਰਾਮ ਮਚਾਇਆ ਹੈ।
ਦਇਆਵਾਨ, ਹਿੰਮਤੀ ਧਰਮੀਆਂ ਦੇ, ਆ, ਤੈਨੂੰ ਵਸ ਵਿਚ ਕਰਦਾ ਹਾਂ,
ਦੇਖੀਂ, ਗ੍ਰਿਹ, ਤਨ ਮਨ, ਸਿਰ ਲੌ ਧਨ, ਫਿਰ ਕਿਵੇਂ ਵਾਰਨੇ ਕਰਦਾ ਹਾਂ।੪।
ਨੀ ਮੁਹਕਮਤਾਈਏ ! ਚੰਦ ਮੇਰੇ, ਮੁਹਕਮ ਥੀਂ ਹੋ ਕੇ ਆਈ ਹੈਂ ?
ਕੀਤਾ ਆਰੰਭ ਜੋ ਕੰਮ ਸੀ ਮੈਂ, ਪੂਰਾ ਕਰਨ ਕੀ ਉਸ ਨੂੰ ਆਈ ਹੈਂ ?
ਸਚ-ਮੁਚ ਉਹ ਤੈਂ ਬਿਨ ਆਰਜ਼ੀ ਸੀ, ਇਸ ਲਈ, ਦੱਸ, ਉਸ ਦਾ ਸੁਆਦ ਕੀ ਸੀ !
ਹਾਂ ਭਲਾ ਹੋਇਆ ਤੂੰ ਆ ਗਈ ਏਂ, ਨੀਂਹ ਉਸ ਦੀ ਬਿਲਕੁਲ ਨਿਹਚਲ ਥੀ[3]।
ਆ, ਦਇਆ, ਧਰਮ, ਹਿੰਮਤ ਤੇ ਸਾਹਿਬੀ ਨਾਲ ਆ ਤੂੰ ਭੀ ਸ਼ਾਮਿਲ ਹੋ,
ਮਿਰਾ ਪਰਚਰ ਕੀਤਾ ਪੰਥ ਦੁਨੀਂ ਚੇ, ਸਦਾ ਸਦਾ ਹੀ ਕਾਮਿਲ ਹੋ।੫।
ਪੰਜ ਖੰਡ ਹਨ ਸੁਰਤਿ-ਚੜ੍ਹਾਉ ਦੇ, ਪੰਜੇ ਜੌਹਰੋ! ਤੁਸੀਂ ਭੀ ਉਨ੍ਹਾਂ ਵਾਂਗ।
ਭਾਵੇਂ ਨਿਕਲੇ ਹੋ ਸ਼ਬਦ ਦੇ ਰਸ ਵਿੱਚੋਂ, ਪਰ ਆਏ ਹੋ ਬਣ ਕੇ ਮਨੁੱਖੀ ਸਾਂਗ।
ਹਡ, ਮਾਸ, ਨਾੜੀ ਦਾ ਪਿੰਜਰ ਸੀ, ਜਿਨ੍ਹੇ ਬੰਨ੍ਹਿਆ ਸੀ ਪੰਖੀ ਆਪਣੇ ਨਾਲ।
ਹਉਮੈ ਦੀ ਡੋਰੀ ਪਾ ਕਰ ਕੇ, ਤਾਹੀਂ ਕੰਮ ਚਲ ਸਕਦਾ ਨ ਖਲੜਾਂ ਨਾਲ।
ਕਿਉਂ ? ਸੁਨਿਆਰੇ ਗੁਰੂ ਨਾਨਕ ਦਾ, ਇਹ ਸਚ ਰੂਪੀ ਪਾਹਾਰਾ ਸੀ,
ਏਥੇ ਲੋੜ ਸੀ ਬਾਰਾਂ-ਵੰਨੀ ਦੀ, ਕਿਉਂ ? ਜ਼ਰਾ ਬਣਨਾ ਵਣਜਾਰਾ ਸੀ,

ਤਾਹੀਂ ਤੁਸੀਂ ਪਿਆਰਿਓ! ਆਏ ਹੋ ਸਾਰੇ ਦੇਹ ਦੇ ਪਿਆਰ ਨੂੰ ਛਡ ਕਰ ਕੇ,
ਮਿਰੇ ਹੁਕਮ ਨੂੰ ਸੋਹਣਿਓ! ਮੰਨ ਕਰ ਕੇ ਲਿਵ ਗੁਰ-ਚਰੰਨਾਂ ਵਿਚ ਗਡ ਕਰ ਕੇ।
ਮਿਰੇ ਬੱਚਿਓ! ਖ਼ਾਲਸ ਤੱਤ ਤੁਸੀਂ, ਲਾਡਲਿਓ! ਦੇਹਾਂ ਤੋਂ ਉੱਚੇ ਹੋ,
ਦੇਹਾਂ ਤੋਂ ਤਾਰਿਓ! ਉੱਚੇ ਹੋ, ਸੁੱਚਿਆਂ ਤੋਂ, ਸੰਤੋ! ਸੁੱਚੇ ਹੋ।
ਮਿਰੇ ਹੀਰਿਓ! ਤੁਹਾਨੂੰ ਜੋੜਾਂਗਾ, ਥੋਨੂੰ ਅੰਮ੍ਰਿਤ ਵਿਚ ਮੈਂ ਬੋੜਾਂਗਾ[4],
ਜੋ ਪੀਸੀ, ਖ਼ਾਲਸ ਥੀ ਜਾਸੀ! ਦੱਸੋ, ਇਸ ਤੋਂ ਵਧ ਕੀ ਲੋੜਾਂਗਾ।੬।

ਮਿਰੀ ਸਾਹਿਬ ! ਤੇਰੀ ਇਹ ਲਾਲਸਾ ਸੀ,
'ਮੇਰਾ ਪੁਤ ਹੋਵੇ ਬਾਮ੍ਹਣ, ਖਤਰੀ ਭੀ,
ਵੈਸ਼, ਸ਼ੂਦ੍ਰ, ਭਗਤ, ਦਾਤਾ, ਸੂਰਮਾ, ਰਸ-ਭਿੰਨਾ,
ਨਾਲੇ ਜਾਣੇ ਗੁਰ-ਮੈਤਰੀ ਕੀ।
ਸੁਣੀ ਤਾਈਂ ਤਿਰੀ ਬਿਨਤੀ ਹੈ ਅਰਸ਼ਾਂ ਤੇ,
ਤਾਹੀਂ ਝੋਲੀ ਤੇਰੀ ਖ਼ਾਲਸੇ ਨੂੰ ਪਾ ਰਿਹਾ ਹਾਂ,
ਰਹੁ ਪਾਲਦੀ 'ਰਤਨ' ਪੁੱਤ-ਖ਼ਾਲਸੇ ਨੂੰ,
ਮੈਂ ਵੀ ਗੀਤ ਇਸ ਦਾਤੇ ਦੇ ਹੀ ਗਾ ਰਿਹਾ ਹਾਂ।੭।

੧੯੩੯

---

੧. ਝਾਂਗਦੇ; ਔਖ ਨਾਲ ਲੰਘਦੇ। ੨. ਮੱਲ। ੩. ਥੀਈ ; ਹੋਈ। ੪. ਡੋਬਾਂਗਾ ਭਾਵ ਇਸ਼ਨਾਨ ਕਰਾਵਾਂਗਾ।

| ਗੁਰੂ ਗ੍ਰੰਥ ਸਾਹਿਬ ਪ੍ਰੀਚਯ |
|---|
| (ੳ) ਭਗਤ ਬਾਣੀ |
| (ਅ) ਰਾਗ ਮਾਲਾ |

# ਸ੍ਰੀ ਗੁਰੂ ਗ੍ਰੰਥ ਜੀ ਵਿਚਲੀ ਭਗਤ ਬਾਣੀ ਤੇ ਉਸਦੇ ਰਚਯਿਤਾ ਭਗਤ

ਅਪ੍ਰੈਲ ੧੯੯੧, ਵਿਚ 'ਪੰਜਾਬ ਟਾਈਮਜ਼' ਵਿਚ ਪ੍ਰਿੰ. ਕਰਤਾਰ ਸਿੰਘ ਸ਼ੇਰ ਗਿੱਲ ਦਾ ਲੇਖ ' *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ 'ਗੁਰਬਾਣੀ ਭਾਗ'* ਛਪਿਆ, ਜਿਸ ਵਿਚ ਪ੍ਰੋ. ਸਾਹਿਬ ਸਿੰਘ ਜੀ ਦੇ ਵਿਰੁੱਧ ਲਿਖਿਆ ਹੋਇਆ ਸੀ। ਇਸ ਲੇਖ ਦੀ ਕਟਿੰਗ ਮੈਨੂੰ ਸ. ਅਵਤਾਰ ਸਿੰਘ ਬਰਮਿੰਘਮ ਵਾਲਿਆਂ ਭੇਜੀ ਸੀ। ਇਸ ਵਿਚ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ 'ਭਗਤ ਬਾਣੀ ਭਾਗ' ਕ੍ਰਿਤ ਗਿ. ਗੁਰਦਿੱਤ ਸਿੰਘ ਬਾਰੇ ਚਰਚਾ ਸੀ। ਕਿਤਾਬ ਪੜ੍ਹਨ ਦੀ ਇੱਛਾ ਹੋਈ। ਫਿਰ ਅਗਸਤ ੧੯੯੧ ਵਿਚ ਪ੍ਰਿੰ. ਹਰਿਭਜਨ ਸਿੰਘ ਜੀ ਦਾ ਸਾਢੇ ਸੱਤ ਪੰਨਿਆ ਦਾ ਲੇਖ *'ਗੁਰਬਾਣੀ-ਸ਼ੁਧ ਸਰੂਪਤਾ ਤੇ ਇਤਿਹਾਸ* ਖੋਜਕਾਰੀ ਬਾਰੇ ਅਸਾਵਧਾਨਤਾ' ਪੜ੍ਹਿਆ। ਇਹ ਕਟਿੰਗ *'ਮਿਸ਼ਨਰੀ ਸੇਧਾਂ'* ਦੀ ਸੀ ਅਤੇ ਇਹ ਵੀ ਮੈਨੂੰ ਸ. ਅਵਤਾਰ ਸਿੰਘ ਜੀ ਨੇ ਭੇਜੀ ਸੀ। ਇਸ ਲੇਖ ਵਿਚ ਪ੍ਰਿੰ. ਸਾਹਿਬ ਨੇ ਗਿਆਨੀ ਗੁਰਦਿੱਤ ਸਿੰਘ ਰਚਿਤ ਪੁਸਤਕ *'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ '(ਭਗਤ ਬਾਣੀ ਭਾਗ)'* ਵਿਚੋਂ ਸੱਤ ਗ਼ਲਤ ਤੁਕਾਂ ਦੇ ਹਵਾਲੇ ਵੀ ਦਿੱਤੇ ਹੋਏ ਸਨ। ਕਿਤਾਬ ਪੜ੍ਹਨ ਦੀ ਇੱਛਾ ਹੋਰ ਜਾਗੀ। 'ਦੇਸ ਪ੍ਰਦੇਸ' ਵਿਚ ਇਸ ਪੁਸਤਕ ਬਾਰੇ ਇਕ ਰੀਵਿਊ ਵੀ ਪੜ੍ਹਿਆ।

ਜਦ ਨੂੰ ਗਿ. ਗੁਰਬਖ਼ਸ਼ ਸਿੰਘ ਗੁਲਸ਼ਨ ਤੇ ਸ. ਅਵਤਾਰ ਸਿੰਘ ਜੀ ਰਾਹੀਂ ਪੁਸਤਕ ਖ਼ਰੀਦੀ ਗਈ ਅਤੇ ਪੜ੍ਹਨੀ ਆਰੰਭ ਕੀਤੀ। ਪੁਸਤਕ ਦੇ ਪਰਿਚੈ ਵਿਚ ਪੰਨਾ ੪੧ ਉਤੇ ਵਿਅੰਗਮਈ ਸ਼ਬਦ 'ਪ੍ਰੋਫ਼ੈਸਰ ਸ਼ਾਹੀ' ਪੜ੍ਹਿਆ। ਸ. ਗੁਰਚਰਨ ਸਿੰਘ ਟੌਹੜਾ ਨੇ ਸੁਆਗਤ ਵਿਚ ਲਿਖਿਆ ਹੋਇਆ ਹੈ, "ਪਰ ਮੈਂ ਇਕ ਗੱਲ ਜ਼ੋਰ ਨਾਲ ਆਖ ਸਕਦਾ ਹਾਂ ਕਿ ਇਸ ਪੁਸਤਕ ਵਿਚ ਦਿੱਤੀਆਂ ਗਈਆਂ ਦਲੀਲਾਂ ਤੇ ਸਚਾਈਆਂ ਦਾ ਕੋਈ ਜਵਾਬ ਨਹੀਂ।"

ਹੌਲੀ ਹੌਲੀ ਤਿੰਨ ਮਹੀਨਿਆਂ ਵਿਚ ਕਿਤਾਬ ਪੜ੍ਹੀ। ਪੰਨਾ 546 ਉਤੇ ਪ੍ਰੋ. ਸਾਹਿਬ ਸਿੰਘ ਜੀ ਬਾਰੇ ਵਿਅੰਗਮਈ ਰੀਮਾਰਕਸ ਹਨ : 'ਧੰਨ ਖੋਜ! ਧੰਨ ਸਿੱਖੀ!! ਧੰਨ ਵਿਦਵਤਾ!!!' ਪੰਨਾ 547 ਉਤੇ ਪ੍ਰੋ. ਜੀ ਦੀਆਂ ਲਿਖਤਾਂ ਨੂੰ ਵਿਗਿਆਨਕ ਕਹਿਣ ਵਾਲਿਆਂ ਲਈ ਖੁੱਲਾਂ ਚੈਲਿੰਜ ਹੈ। ਇਸ ਲਈ ਮੈਂ ਇਸ ਪੁਸਤਕ ਬਾਰੇ ਕੁੱਝ ਲਿਖਣ ਦਾ ਮਨ ਬਣਾ ਲਿਆ।

ਟੌਹੜਾ ਜੀ, ਗਿ. ਕਿਰਪਾਲ ਸਿੰਘ ਜੀ, ਗਿ. ਹਰਿਭਗਤ ਸਿੰਘ ਜੀ, ਭਾਈ

ਜੋਗਿੰਦਰ ਸਿੰਘ ਤਲਵਾੜਾ ਤੇ ਪ੍ਰੋ. ਪਿਆਰ ਸਿੰਘ ਨੇ ਪੁਸਤਕ ਦੀ ਪ੍ਰਸ਼ੰਸਾ ਲਿਖੀ ਹੈ। ਇਨ੍ਹਾਂ ਵਿਚੋਂ ਸਿਰਫ਼ ਪ੍ਰੋ. ਪਿਆਰ ਸਿੰਘ ਜੀ ਨੇ ਦਲੀਲਾਂ ਦਾ ਸੰਤੁਲਨ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ, ਪਰ ਸ਼ਰਧਾਲੂਆਂ ਵਲੋਂ 'ਨਾਮਾ ਤੇ ਕਬੀਰ ਬਾਬੇ ਦੇ ਭਗਤ ਸਨ' ਦੀ ਥਾਂ 'ਨਾਮਾ ਤੇ ਕਬੀਰ ਬਾਬੇ ਦੇ ਸਿੱਖ ਸਨ ਦਾ ਇਸ਼ਾਰਾ ਵੀ ਦਿੱਤਾ ਹੈ।

ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਦੀਆਂ ਕੋਟੇਸ਼ਨਾਂ ਜਿੰਨੀਆਂ ਇਸ ਪੁਸਤਕ ਵਿਚ ਗ਼ਲਤ ਹਨ, ਇੰਨੀਆਂ ਕਦੀਂ ਕਿਸੇ ਹੋਰ ਵਿਚ ਦੇਖਣ ਨੂੰ ਨਹੀਂ ਮਿਲੀਆਂ। ਟਾਈਪਿਸਟ ਸ. ਹਰਿਬੰਸ ਸਿੰਘ ਤੇ ਪਰੂਫ਼ ਰੀਡਰ ਭਾਈ ਜੋਗਿੰਦਰ ਸਿੰਘ ਵੇ ਦਾਂਤੀ, ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਤੇ ਗ਼ਲਤੀਆਂ ਦੀ ਜ਼ਿੰਮੇਵਾਰੀ ਆਉਂਦੀ ਹੀ ਹੈ ਪਰ ਸਭ ਤੋਂ ਵੱਧ ਤਾਂ ਗਿ. ਗੁਰਦਿੱਤ ਸਿੰਘ ਜੀ ਤੇ ਆਉਂਦੀ ਹੈ।

ਪੰਨਾ 288 ਤੇ ਦੋ ਸਤਰ੍ਹਾਂ ਦੁਹਰਾਈਆਂ ਗਈਆਂ ਹਨ, ਪੰਨਾ 384 ਤੇ ਛੇ ਸਤਰ੍ਹਾਂ ਪੰਨਾ 135 ਵਾਲੀਆਂ ਛੇ ਸਤਰ੍ਹਾਂ, ਪੰਨਾ 195 ਉਤੇ ਅਤੇ ਪੰਨਾ 566 ਦੀਆਂ ਦੋ ਅਤੇ ਤਿੰਨ ਸਤਰਾਂ ਪੰਨਾ 577 ਉਤੇ।

## ਪਲੇਟਾਂ

(1) ਪੰਨਾ 1 ਦੀ ਪਲੇਟ ਦਾ ਉਤਾਰਾ ਪੰਨਾ 562 ਉਤੇ ਹੈ। 90 ਸ਼ਬਦਾਂ ਵਿਚੋਂ 10 ਸ਼ਬਦ ਗ਼ਲਤ ਹਨ। ਗਿਆਨੀ ਜੀ ਨੇ 'ਨਿਰੀਕਾਰ' ਦੀ ਥਾਂ 'ਨਿਰੰਕਾਰ' ਲਿਖ ਦਿੱਤਾ ਹੈ।

(2) ਪੰਨਾ 13 (੧੬੧) ਵਾਲੀ ਪਲੇਟ ਪਿੱਛੋਂ ਪੰਨਾ 552 ਵਾਲੀ ਪਲੇਟ ਚਾਹੀਦੀ ਸੀ।

(3) ਪੰਨਾ 553 ਦੀ ਪਲੇਟ ਥੱਲੇ ਉਸਦੇ ਉਤਾਰੇ ਵਿਚ ਗਿਆਨੀ ਜੀ ਨੇ 65 ਸ਼ਬਦਾਂ ਵਿਚੋਂ 36 ਸ਼ਬਦਾਂ ਦਾ ਉਤਾਰਾ ਗ਼ਲਤ ਕੀਤਾ ਹੈ।

(4) ਪੰਨਾ 554 (੧੬੦) ਦੀ ਪਲੇਟ ਦੇ ਥੱਲੇ ਗਿਆਨੀ ਜੀ ਨੇ ਲਿਖਿਆ ਹੈ ' ਨਾਮਦੇਵ ਜੀ ਦਾ ਵਾਧੂ ਸ਼ਬਦ,' ਪਰ ਉਸ ਵਿਚ ਨਾਮਦੇਵ ਜੀ ਦਾ ਤਾਂ ਕੋਈ ਸ਼ਬਦ ਹੈ ਹੀ ਨਹੀਂ। ਪਹਿਲਾਂ ਤ੍ਰਿਲੋਚਨ ਦੇ ਪਦੇ ਦੀਆਂ ਕੁੱਝ ਤੁਕਾਂ ਹਨ ਤੇ ਵਿਚ ਧੰਨਾ ਜੀ ਦੇ ਪੰਨੇ ਦੀਆਂ ਕੁਝ ਤੁਕਾਂ।

## ਰੁਣ ਝੁੰਝਨੜਾ ਗਾਉ ਸਖੀ

ਗਿਆਨੀ ਜੀ ਨੇ ਪੰਨਾ 217 'ਰੁਣਝੰਝਨੜਾ' ਸ਼ਬਦ ਲਿਖਿਆ ਹੈ, ਜੋ ਗ਼ਲਤ ਹੈ। ਕਰਤਾਰਪੁਰੀ ਬੀੜ ਵਿਚ ਵੀ ਇਸ ਛੰਤ ਦੀਆਂ ਸਿਰਫ਼ ਦੋ ਹੀ ਤੁਕਾਂ ਹਨ। ਇਸ ਤੋਂ ਅੱਗੇ ਥਾਂ ਖਾਲੀ ਹੈ, ਹੜਤਾਲ ਕੋਈ ਨਹੀਂ ਫ਼ਿਰੀ ਹੋਈ। (ਦੇਖੋ, *ਕਰਤਾਰਪੁਰੀ ਬੀੜ ਦੇ ਦਰਸ਼ਨ*, ਪੰਨਾ ੬੭)। ਪਰ ਗਿਆਨੀ ਜੀ ਇਸ ਬਾਰੇ ਲਿਖਦੇ ਹਨ : 'ਗਿਆਨ ਰੂਪੀ ਬਾਲਕ, ਦੀਆਂ ਰਸਮਾਂ ਦੇ ਪ੍ਰਚਲਿਤ ਰੀਤੀ ਵਾਲੇ ਸ਼ਰਈ ਰੂਪਕ ਭ੍ਰਾਂਤੀ ਪਾਉਣ ਵਾਲੇ ਦੇਖ ਕੇ ਕੇਵਲ ਦੋ ਤੁਕਾਂ ਹੀ ਰਖੀਆਂ। ਜੇ ਗੁਰੂ ਅਰਜੁਨ ਜੀ ਨੇ ਹੀ ਸਾਰਾ ਪਦਾ ਲਿਖਿਆ ਸੀ ਤਾਂ ਉਹ ਸਾਰੀ ਹੀ 'ਧੁਰਿ ਕੀ ਬਾਣੀ' ਸੀ। ਉਸਦੇ

ਖ਼ਿਆਲ ਗੁਰੂ ਜੀ ਨੂੰ ਭ੍ਰਾਂਤੀ ਪਾਉਣ ਵਾਲੇ ਕਿਵੇਂ ਜਾਪੇ ? ਇਉਂ ਤਾਂ ਸੋਚਣਾ ਵੀ ਗੁਰੂ ਤੋਂ, ਗੁਰਬਾਣੀ ਤੋਂ ਅਸ਼ਰਧਕ ਹੋਣਾ ਹੈ। ਅਸਲੀ ਗੱਲ ਇਹ ਹੈ ਕਿ ਜਿਨ੍ਹਾਂ ਵਾਧੂ ਤੁਕਾਂ ਦਾ ਗਿਆਨੀ ਜੀ ਨੇ ਇਸ਼ਾਰਾ ਦਿੱਤਾ ਹੈ, ਉਹ ਗੁਰੂ ਜੀ ਦੀ ਕ੍ਰਿਤ ਨਹੀਂ ਹਨ।

**ਛਾਡਿ ਮਨ ! ਹਰਿ ਬਿਮੁਖਨ ਕੋ ਸੰਗੁ!!**

ਪੰਨਾ 217 ਤੇ ਗਿਆਨੀ ਜੀ ਲਿਖਦੇ ਹਨ : 'ਸ਼ਬਦ ਵਿਚ ਕੇਵਲ ਕ੍ਰਿਸ਼ਨ ਭਗਤੀ ਸੀ।..........ਗੁਰੂ ਜੀ ਨੇ ਇੱਕੋ ਤੁਕ ਰੱਖ ਕੇ ਬਾਕੀ ਸ਼ਬਦ ਛੱਡ ਦਿੱਤਾ। ਉਪਰ ਲਿਖਿਆ ਜਾ ਚੁੱਕਾ ਹੈ ਕਿ ਇਉਂ ਸੋਚਣਾ ਅਸ਼ਰਧਾ ਹੈ।

ਪੰਨਾ 330 ਤੇ ਗਿਆਨੀ ਜੀ ਏਸੇ ਵਿਸ਼ੇ ਤੇ ਲਿਖਦੇ ਹਨ! 'ਇਕ ਤੁਕ ਤੋ ਪਿਛਲੀਆਂ ਕਰੜੇ ਭਾਵਾਂ ਵਾਲੀਆਂ ਤੁਕਾਂ ਛੱਡਣ ਦਾ ਮਨੋਰਥ ਇਹ ਜਾਪਦਾ ਹੈ ਕਿ ਬੇਮੁਖਾਂ ਨੂੰ ਇਤਨਾ ਦੁਰਕਾਰਨਾ ਵੀ ਯੋਗ ਨਹੀਂ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਬਖ਼ਸ਼ਿਆਂ ਨਹੀਂ ਜਾ ਸਕਦਾ' ।ਗਿਆਨੀ ਜੀ ਨੇ ਆਪਣਾ ਹੀ ਅੰਦਾਜ਼ਾ ਲਾਇਆ। ਅਸਲ ਵਿਚ ਇਹ ਤਾਂ ਹੈ ਹੀ ਇੱਕ ਤੁੱਕ ਅਤੇ ਇਸ ਨੂੰ ਗਿਣਤੀ ਵਿਚ ਪੂਰਾ ਸ਼ਬਦ ਗਿਣਿਆ ਗਿਆ ਹੈ।

**ਗਿਆਨੀ ਜੀ ਨੂੰ ਕੁੱਝ ਸਾਧਾਰਨ ਗੱਲਾਂ ਦੀ ਜਾਣਕਾਰੀ ਵੀ ਨਹੀਂ।**

1. ਪੰਨਾ 107 ਤੇ 'ਸੋਹਿਲਾ' ਦੀ ਥਾਂ 'ਸੋਲਹਾ' ਤੇ 'ਸੋਹਿਲੇ' ਦੀ ਥਾਂ 'ਸੋਲਹ' ਲਿਖਦੇ ਹਨ। 'ਸੋਹਿਲਾ' ਖ਼ੁਸ਼ੀ ਦਾ ਗੀਤ ਹੁੰਦਾ ਹੈ, ਅਤੇ 'ਸੋਲਹਾ' ਸੋਲਾ ਪਦਾਂ ਵਾਲਾ ਸ਼ਬਦ। ਇਸ ਗ਼ਲਤ ਪਦਜੋੜ ਨਾਲ ਗਿਆਨੀ ਜੀ ਦਾ ਐਨਾ ਪਿਆਰ ਹੈ ਕਿ ਪੰਨਾ 453 ਉਤੇ ਭਾਈ ਵੀਰ ਸਿੰਘ ਜੀ ਵਲੋਂ 'ਨਾਨਕ ਚਮਤਕਾਰ' ਵਿਚੋਂ ਦਿੱਤੇ ਗਏ ਹਵਾਲੇ ਵਿਚ ਵਰਤੇ ਗਏ 'ਸੋਹਿਲਾ' ਸ਼ਬਦ ਨੂੰ ਵੀ 'ਸੋਲਹਾ' ਲਿਖ ਮਾਰਿਆ ਹੈ।

2. ਪੰਨਾ 210 ਤੇ ਗਿਆਨੀ ਜੀ ਲਿਖਦੇ ਹਨ : 'ਚੌਥਾ ਸ਼ਬਦ ਧਨਾਸਰੀ ਰਾਗ ਵਿਚ **'ਆਰਤਾ'** ਹੈ। ਹੋਰਨਾਂ ਭਗਤਾਂ ਦੀ 'ਆਰਤੀ', ਧੰਨੇ ਦਾ 'ਆਰਤਾ'"। ਅਸਲ ਵਿਚ ਇਸ ਸ਼ਬਦ ਦਾ ਸਿਰਲੇਖ 'ਆਰਤਾ' ਨਹੀਂ। 'ਆਰਤਾ' ਦਾ ਅਰਥ 'ਆਰਤੀ' ਨਹੀਂ। ਬਲਕਿ 'ਆਰਤ' ਹੈ, ਜਿਸਦਾ ਅਰਥ 'ਦੁਖੀ' ਹੈ, ਜਿਵੇਂ 'ਆਰਤ ਦੁਆਰਿ ਰਟਤ ਪਿੰਗੁਰੀਆ' (ਪੰਨਾ ੨੦੩) ਵਿਚ। ਸਿਰਫ਼ 'ਸਵਾਰਤਾ' ਨਾਲ ਤੁਕਾਂਤ ਮੇਲਣ ਲਈ 'ਆਰਤਾ' ਆਇਆ ਹੈ।

3. ਪੰਨਾ 66 ਤੇ ਗਿਆਨੀ ਜੀ ਲਿਖਦੇ ਹਨ : ' ਕਬੀਰ ਦੀ ਪਤਨੀ ਦਾ ਨਾਮੁ 'ਲੋਈ' ਸੀ। 'ਕਹਤ ਕਬੀਰ ਸੁਨਹੁ, ਰੇ ਲੋਈ!" ਗਿਆਨੀ ਜੀ ਸਮਝਦੇ ਹਨ ਕਿ ਕਬੀਰ ਜੀ ਆਪਣੀ ਵਹੁਟੀ ਲੋਈ ਨੂੰ ਕਹਿ ਰਹੇ ਹਨ ਕਿ ਹੇ ਲੋਈ! ਤੂੰ ਸੁਣ। ਅਸਲ ਵਿਚ ਇਹ ਗੱਲ ਨਹੀਂ। ਵਿਆਕਰਨ ਅਨੁਸਾਰ 'ਰੇ' ਪੁਲਿੰਗ ਹੈ ਅਤੇ 'ਰੀ' ਇਸਤ੍ਰੀ ਲਿੰਗ ਹੈ ਸੋ ਰੇ ਲੋਈ! ਦਾ ਅਰਥ ਹੈ 'ਹੇ ਜਗਤ!'

**ਗਿਆਨੀ ਜੀ ਗੁਰਬਾਣੀ ਦੀ ਕੋਟੇਸ਼ਨ ਦੇਣ ਸਮੇਂ ਗੁਰੂ ਵਿਅਕਤੀ ਦਾ ਨੰਬਰ**

**ਗ਼ਲਤ ਲਿਖ ਦਿੰਦੇ ਹਨ।**

ਪੰਨਾਂ 129 ਤੇ ਗਿਆਨੀ ਜੀ ਲਿਖਦੇ ਹਨ :'ਹਿੰਦੂ ਵਿਦਵਾਨਾਂ ਦੀ ਗੁਰਬਾਣੀ ਬਾਰੇ ਵਾਕਫ਼ੀ ਐਨੀ ਪਤਲੀ ਹੈ ਕਿ ਰਾਮਚੰਦ੍ਰ ਸ਼ੁਕਲ ਜਿਹੇ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨੂੰ ਹੀ ਗੁਰੂ ਨਾਨਕ ਦੀ ਬਾਣੀ ਮੰਨੀ ਜਾਂਦੇ ਤੇ ਕਹੀ ਜਾ ਰਹੇ ਹਨ।..........ਗੁਰੂ ਅਮਰਦਾਸ ਜੀ ਦੇ ਵਾਕ ' ਨਾਮਾ ਛੀਬਾ' ਤਕਰੀਬਨ ਸਾਰੇ ਹੀ ਹਿੰਦੀ ਦੇ ਵਿਦਵਾਨ ਗੁਰੂ ਨਾਨਕ ਜੀ ਦਾ ਆਖ ਦੇ ਜੈਕਾਰੇ ਛੱਡੀ ਜਾ ਰਹੇ ਹਨ।'

ਪਰ ਪੰਨਾ 105 ਤੇ ਲਿਖਦੇ ਹਨ: ' ਸਚੀ ਸਿਫ਼ਤ ਸਲਾਹ ਦੀ ਪ੍ਰਾਪਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਰਮੇਸ਼ਰ ਦੀ ਹਜ਼ੂਰੀ ਵਿਚ ਪਹੁੰਚਣ ਤੋਂ ਹੋਈ। ਪਰ ਪਰਮੇਸ਼ਵਰੀ ਆਵਾਜ਼ ਨੇ ਪੁੱਛਿਆ,'ਕਿਸ ਅਰਥ ਤੂੰ ਆਇਆ ?' ਫਿਰ ਪਰਮੇਸ਼ਰ ਦੇ ਸਾਖਿਆਤ ਹੋਣ ਤੋਂ ਵਿਸਮਾਦੀ ਦਸ਼ਾ ਵਰਤ ਗਈ!

*ਪ੍ਰਭੁ ਦੇਖਦਿਆਂ ਦੁਖ ਭੁਖ ਗਈ, ਢਾਢੀ ਕਉ ਮੰਗਣੁ ਚਿਤਿ ਨ ਆਇਆ।।*

*ਹਰਿ ਪੁਛਿਆ ਢਾਢੀ ਸਦਿ ਕੈ, ਕਿਤੁ ਅਰਥਿ ਤੂੰ ਆਇਆ ।।*

*ਹਰਿ ਦੇਵਹੁ ਦਾਨੁ ਦਇਆਲ ਪ੍ਰਭ ਹਰਿਨਾਮੁ ਲਿਆਇਆ।।*

ਗਿਆਨੀ ਜੀ ਨੇ ਦੋ ਜੁਦੀਆਂ ਜੁਦੀਆਂ ਪਉੜੀਆਂ ਨੂੰ ਇਕ ਬਣਾ ਲਿਆ ਹੈ, ਪਹਿਲੀ ਤੁਕ 'ਵਾਰ ਮਾਰੂ, ਮਹਲਾ ਪ ਦੀ ਪਉੜੀ ਨੌਂ ਵਿਚੋਂ ਹੈ। ਗਿਆਨੀ ਜੀ ਨੇ ਇਸ ਤੁਕ ਵਿਚ 'ਆਵੈ' ਦੇ ਥਾਂ 'ਆਇਆ' ਬਣਾ ਲਿਆ।

ਦੂਜੀਆਂ ਦੋ ਤੁਕਾਂ 'ਵਾਰ ਮਾਝ, ਮਹਲਾ ੧' ਵਿਚੋਂ ਨਹੀਂ, ਬਲਕਿ ਸ੍ਰੀ ਰਾਮਕਲੀ ਕੀ ਵਾਰ ਮਹਲਾ ੪' ਦੀ ਪਉੜੀ ੨੧ ਵਿਚੋਂ ਹੈ। ਗਿਆਨੀ ਜੀ ਨੇ ਏਥੇ ਵੀ 'ਨਿਤ' ਦੀ ਥਾਂ 'ਹਰਿ' ਬਣਾ ਲਿਆ।

ਇਸਦਾ ਭਾਵ ਇਹ ਹੋਇਆ ਕਿ ਗਿਆਨੀ ਜੀ ਪੰਜਵੀਂ ਤੇ ਚੌਥੀ ਪਾਤਸ਼ਾਹੀ ਨੂੰ ਪਹਿਲੀ ਪਾਤਸ਼ਾਹੀ ਹੀ ਸਮਝ ਰਹੇ ਹਨ। ਕੀ ਗਿਆਨੀ ਜੀ ਦੀ ਗੁਰਬਾਣੀ ਬਾਰੇ ਜਾਣਕਾਰੀ ਵੀ ਹਿੰਦੂ ਵਿਦਵਾਨਾਂ ਵਾਂਗ ਪਤਲੀ ਨਹੀਂ ?

**ਗਿਆਨੀ ਜੀ ਇਕ ਸ਼ਬਦ ਵਿਚ ਦੂਜੇ ਸ਼ਬਦ ਦੀ ਤੁਕ ਜੜਨ ਦੇ ਵੀ ਮਾਹਿਰ ਹਨ।**

ਗਿਆਨੀ ਜੀ ਪੰਨਾ 253 ਉਤੇ ਲਿਖਦੇ ਹਨ:

*ਛੀਪੇ ਕੇ ਜਨਮਿ ਕਾਹੇ ਕਉ ਆਇਆ*

*ਸੂਦੁ ਸੂਦੁ ਕਰਿ ਮਾਰਿ ਉਠਾਇਓ*

*ਹਸਤ ਖੇਲਤ ਤੇਰੇ ਦੇਹੁਰੇ ਆਇਆ। ਭਗਤ ਕਰਤ ਨਾਮਾ ਪਕਰਿ ਉਠਾਇਆ।*

*ਹੀਨੜੀ ਜਾਤਿ ਮੇਰੀ ਜਾਦਿਵ ਰਾਇਆ। ਛੀਪੇ ਕੇ ਜਨਮਿ ਕਾਹੇ ਕਉ ਆਇਆ।*

'ਛੀਪੇ ਕੇ ਜਨਮਿ ਕਾਹੇ ਕਉ ਆਇਆ' ਰਹਾਉ ਦੀ ਤੁਕ ਦਾ ਹਿੱਸਾ ਹੈ। ਪਰ ਪਹਿਲਾਂ ਆਰੰਭ ਵਿਚ ਵੀ ਦੇ ਦਿੱਤਾ ਹੈ। ਓਧਰੋਂ 'ਜਾਦਵ' ਦੇ ਥਾਂ ਗ਼ਲਤ ਪਦਜੋੜ 'ਜਾਦਿਵ' ਜੜ ਦਿੱਤਾ ਹੈ। ਵੱਡੀ ਮਹਾਰਤ ਤਾਂ ਇਹ ਹੈ ਕਿ ਗਿਆਨੀ ਜੀ ਨੇ ਮਲਾਰ ਰਾਗ ਵਿਚ ਨਾਮਦੇਵ ਜੀ ਦੇ ਸ਼ਬਦ 'ਮੈ ਕਉ ਤੂੰ ਨ ਬਿਸਾਰਿ ਤੂ ਨ

ਬਿਸਾਰਿ' ਵਿਚੋਂ ਸੂਦੁ ਸੂਦੁ ਕਰਿ ਮਾਰਿ ਉਠਾਇਓ' ਤੁਕਾਂਗ ਲੈ ਕੇ 'ਹਸਤ ਖੇਲਤ' ਵਾਲੇ ਸ਼ਬਦ ਵਿਚ ਘਸੋੜ ਦਿੱਤਾ ਹੈ।

**ਗਿਆਨੀ ਜੀ ਤੁਕਾਂ ਦੀ ਤਰਤੀਬ ਵੀ ਗ਼ਲਤ ਕਰ ਮਾਰਦੇ ਹਨ।**

1. ਪੰਨਾ 275 ਤੇ 'ਕਰਿ ਅਬਦਾਲੀ, ਭੇਸਵਾ। ਆਉ ਕਲੰਦਰ ਕੇਸਵਾ' ਦੀ ਥਾਂ ਚਾਹੀਦਾ ਹੈ 'ਆਉ ਕਲੰਦਰ ਕੇਸਵਾ। ਕਰਿ ਅਬਦਾਲੀ 'ਭੇਸਵਾ' ਚਾਹੀਦਾ ਸੀ ਪਰ ਗਿਆਨੀ ਜੀ ਲਈ ਇਹ ਫ਼ਰਕ ਅਰਥ ਨਹੀਂ ਰਖਦੇ।

2. ਏਸੇ ਤਰ੍ਹਾਂ ਪੰਨਾ 536 ਤੇ ਗਿਆਨੀ ਜੀ ਲਿਖਦੇ ਹਨ :

*ਪੜ ਪੁਸਤਕ ਸੰਧਿਆ ਬਾਦੂੰ।*
*ਗਲ ਮਾਲਾ ਤਿਲਕ ਲਲਾਟੂੰ।*
*ਸਿਲ ਪੁਜਸ ਬਗਲ ਸਮਾਧੰ।*
*ਮੁਖ ਝੂਠ ਬਿਭੂਖਣ ਸਾਰੰ।*

ਗਿਆਨੀ ਜੀ ਨੇ ਪਦ ਜੋੜ ਵੀ ਗ਼ਲਤ ਦਿੱਤੇ ਹਨ। ਤੁਕਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਚਾਹੀਦੀ ਸੀ :

*ਪੜਿ ਪੁਸਤਕ ਸੰਧਿਆ ਬਾਦੰ।*
*ਸਿਲ ਪੂਜਸਿ ਬਗ਼ਲ ਸਮਾਧੰ।*
*ਮੁਖਿ ਝੂਠ ਬਿਭੂਖਣ ਸਾਰੰ...*
*ਗਲਿ ਮਾਲਾ ਤਿਲਕੁ ਲਿਲਾਟੰ।*

3. ਪੰਨਾ 161 ਤੇ ਗਿਆਨੀ ਜੀ ਲਿਖਦੇ ਹਨ :

*ਬਾਬੇ ਕੀਤੀ ਸਿਧ ਗੋਸਟਿ*
*ਸ਼ਬਦ ਸਾਤ ਸਿਧਾਂ ਵਿਚ ਆਈ।*
*ਚੜਿਆ ਸੋਧਣ ਧਰਤ ਲੁਕਾਈ।*

ਪਦ ਜੋੜ ਵੀ ਗ਼ਲਤ ਹਨ। ' ਚੜਿਆ ਸੋਧਣਿ ਧਰਤਿ ਲੁਕਾਈ' ਭਾਈ ਗੁਰਦਾਸ ਜੀ ਦੀ ਵਾਰ ੧ ਦੀ ਪਉੜੀ ੨੪ ਦੀ ਅੰਤਲੀ ਤੁਕ ਹੈ। ਲਿਖਣਾ ਇਹ ਚਾਹੀਦਾ ਸੀ :

*ਬਾਬੇ ਕੀਤੀ ਸਿਧ ਗੋਸਟਿ ਸ਼ਬਦਿ ਸਾਂਤਿ ਸਿਧਾਂ ਵਿਚਿ ਆਈ।.........*
*ਜਿਉ ਸਾਗਰ ਵਿਚਿ ਗੰਗ ਸਮਾਈ।*

**ਗਿਆਨੀ ਜੀ ਛੰਦ ਦੇ ਭੇਦ ਨੂੰ ਹੋਰ ਲਿਖ ਧਰਦੇ ਹਨ।**

1. ਪੰਨਾ 310 ਤੇ 'ਪ੍ਰਭਾਤੀ ਮਹਲਾ ੧ ਚਉਪਦਾ' ਦੇ ਥਾਂ ਗਿਆਨੀ ਜੀ ਨੇ 'ਸਲੋਕ' ਲਿਖ ਦਿੱਤਾ ਹੈ।

2. ਗਿਆਨੀ ਜੀ ਕਈ ਵਾਰ 'ਸਿਆਰੀ ਨਾਲ ਜ਼ਿਆਦਾ ਹੀ ਮੋਹ ਮਮਤਾ ਕਰ ਬੈਠਦੇ ਹਨ। ਕਿਤਾਬ ਵਿਚ ਜਿਥੇ ਵੀ ਕਿਤੇ 'ਬ੍ਰਹਮ', ਬ੍ਰਹਮਾ', 'ਬ੍ਰਹਮਣ' ਜਾਂ 'ਬ੍ਰਹਮਣੀ' ਸ਼ਬਦ ਆਏ ਹਨ, ਗਿਆਨੀ ਜੀ ਨੇ ਮਜਬੂਰ ਹੋ ਕੇ ਉਨ੍ਹਾਂ ਨੂੰ 'ਬ੍ਰਹਿਮ', 'ਬ੍ਰਹਿਮਾਂ', ਬ੍ਰਹਿਮਣ' ਜਾਂ 'ਬ੍ਰਹਿਮਣੀ' ਲਿਖਿਆ ਹੈ।

## ਗਿਆਨੀ ਜੀ ਦੇ ਆਮ ਭੁਲੇਖੇ

1. ਪੰਨਾ 128 ਤੇ ਗਿਆਨੀ ਜੀ ਲਿਖਦੇ ਹਨ : ' ਕਬੀਰ ਜੀ ਰਾਮ ਭਗਤੀ ਦੇ ਪਹਿਲੇ ਸੰਸਕਾਰਾਂ ਕਾਰਨ ਈਸ਼ਵਰ ਨੂੰ 'ਰਾਜਾ ਰਾਮ' ਕਹਿੰਦੇ ਹਨ।' ਪਰ ਗੁਰੂ ਸਾਹਿਬਾਂ ਵੀ 'ਰਾਮ ਰਾਜੇ', 'ਰਾਮ ਰਾਜਿਆ' ਤੇ 'ਰਾਮ' ਵਰਤਿਆ ਹੈ। ਪਰ ਮਤਲਬ ਵਾਹਿਗੁਰੂ ਤੋਂ ਹੀ ਹੈ।

2. ਪੰਨਾ 144, ਪੰਨਾ 433 ਤੇ ਪੰਨਾ 470 ਤੇ ਗਿਆਨੀ ਜੀ 'ਮਰਦਾਨਾ ਜੀ'ਦੀ ਬਾਣੀ ਵੱਲ ਵੀ ਇਸ਼ਾਰਾ ਕਰਦੇ ਹਨ। ਅਸਲ ਵਿਚ 'ਮਰਦਾਨਾ ਜੀ' ਦੀ ਬਾਣੀ ਕੋਈ ਨਹੀਂ। ਗਿਆਨੀ ਜੀ ਨੂੰ ਭੁਲੇਖਾ ਹੈ। ਬਿਹਾਗੜੇ ਦੀ ਵਾਰ, ਮਹਲਾ ੪ ਦੀ ਪਉੜੀ ੧੨ ਨਾਲ ਤਿੰਨ ਸਲੋਕ ਹਨ। ਪਹਿਲੇ ਦਾ ਸਿਰਲੇਖ 'ਸਲੋਕ ਮਰਦਾਨਾ ੧' ਹੈ, ਦੂਜੇ ਦਾ 'ਮਰਦਾਨਾ ੧' ਹੈ ਅਤੇ ਤੀਜੇ ਦਾ ਕੋਈ ਨਹੀਂ। ਇਹ ਸਾਰੇ ਸਲੋਕ ਮਹਲਾ ੧ ਦੇ ਹਨ। ਜੇ ਇਹ ਰਚਨਾ ਭਾਈ ਮਰਦਾਨਾ ਜੀ ਦੀ ਹੁੰਦੀ ਤਾਂ ਉਹ 'ਨਾਨਕ' ਛਾਪ ਨਹੀਂ ਸੀ ਵਰਤ ਸਕਦਾ। ਸਿਰਲੇਖ ਵਿਚ '੧' ਦਾ ਭਾਵ ਹੈ 'ਮਹਲਾ੧' ਤੇ 'ਮਰਦਾਨਾ' ਦਾ ਭਾਵ ਹੈ ਕਿ ਇਹ ਸਲੋਕ ਭਾਈ ਮਰਦਾਨਾ ਜੀ ਨੂੰ ਸੰਬੋਧਨ ਕੀਤੇ ਹੋਏ ਹਨ।

3. ਭੱਟ ੧੧ ਹੀ ਸਾਬਤ ਹੁੰਦੇ ਹਨ ਪਰ ਗਿਆਨੀ ਜੀ ਪੰਨਾ 470 ਤੇ ਹਾਲਾਂ ਤਾਈਂ ਵੀ ਭੱਟ ੧੭' ਦੀ ਰਟ ਹੀ ਲਾ ਰਹੇ ਹਨ।

4. ਪੰਨਾ 382 ਤੇ ਪੰਨਾ 383 ਗਿਆਨੀ ਜੀ ਨੇ ਦੋ ਬਾਰ ਲਫ਼ਜ਼ 'ਮਫ਼ਲੂਜ਼ਾਤ' ਵਰਤਿਆ ਹੈ। ਕਿਸੇ ਕੋਸ਼ ਵਿਚ ਐਸਾ ਕੋਈ ਸ਼ਬਦ ਨਹੀਂ ਹੈ। ਸਹੀ ਲਫ਼ਜ਼ 'ਮਲਫ਼ੂਜ਼ਾਤ' ਹੈ, ਜੋ ਲਫ਼ਜ਼ 'ਮਲਫ਼ੂਜ਼' ਦਾ ਬਹੁਵਚਨ ਹੈ, ਜਿਸ ਦਾ ਅਰਥ ਹੈ ' ਕਿਸੇ ਸੂਫ਼ੀ ਦਾ ਕਲਾਮ'। ਜਾਪਦਾ ਹੈ ਕਿ ਗਿਆਨੀ ਜੀ ਨੂੰ ਉਰਦੂ, ਫ਼ਾਰਸੀ ਜਾਂ ਅਰਬੀ ਨਹੀਂ ਆਉਂਦੀ ਪਰ ਅਕਲ ਦੀ ਗੱਲ ਇਹ ਹੈ ਕਿ ਜੇ ਬੰਦੇ ਨੂੰ ਕਿਸੇ ਸ਼ਬਦ ਹਿਜਿਆਂ ਅਤੇ ਅਰਥਾਂ ਦਾ ਗਿਆਨ ਨਾ ਹੋਵੇ ਤਾਂ ਉਹ ਉਸ ਸ਼ਬਦ ਨੂੰ ਵਰਤੇ ਹੀਂ ਨਾ। ਐਵੇ ਹੌਲਾ ਕਿਉਂ ਪੈਣਾ ?

5. ਏਸੇ ਤਰ੍ਹਾਂ ਪੰਨਾ 368 ਤੇ ਗਿਆਨੀ ਜੀ ਲਿਖਦੇ ਹਨ : 'ਇੰਡੋ ਆਰੀਅਨ ਲੈਂਗੂਜ਼'। ਸ਼ਾਇਦ 'ਇੰਡੋ ਏਰੀਅਨ ਲੈਂਗੁਏਜਿਜ਼' ਦੀ ਥਾਂ ਲਿਖਦੇ ਹੋਣ। ਜਾਪਦਾ ਹੈ ਕਿ ਗਿਆਨੀ ਜੀ ਨੂੰ ਅੰਗਰੇਜ਼ੀ ਦਾ ਵੀ ਚੰਗਾ ਗਿਆਨ ਨਹੀਂ।

## ਤੁਕਾਂ ਦੇ ਗ਼ਲਤ ਪਦ-ਜੋੜ

ਹੁਣ ਕੁਝ ਗ਼ਲਤ ਪਦ ਜੋੜਾਂ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਦੀ ਸਥਾਪਨਾ ਕਰਨ ਵਾਲੇ ਗਿਆਨੀ ਜੀ ਦੀਆਂ ਸ੍ਰੀ ਗੁਰੂ ਗ੍ਰੰਥ ਜੀ ਵਿਚੋਂ ਕੋਟੇਸ਼ਨਾਂ ਦੇਣ ਵੇਲੇ ਪਦ-ਜੋੜਾਂ ਦੀਆਂ ਗ਼ਲਤੀਆਂ ਦੇਖ ਕੇ ਹੈਰਾਨੀ ਹੁੰਦੀ ਹੈ। ਇਹ ਗ਼ਲਤੀਆਂ ਗਿਆਨੀ ਜੀ ਨੇ ਕੀਤੀਆਂ ਹਨ, ਟਾਈਪਿਸਟ ਨੇ ਨਹੀਂ।

*1. ਪੰਨਾ 15 : ਸਭ ਖ਼ਲਕ ਕਰੇ ਅਰਦਾਸ ਜੀਓ॥ ਦੇ ਕੰਨ ਸੁਣਹੁ ਅਰਦਾਸ ਜੀਓ।*

*ਸਹੀ: ਸਭ ਸ੍ਰਿਸਟਿ ਸੇਵੇ ਦਿਨ ਰਾਤਿ ਜੀਉ॥ ਦੇ ਕੰਨ ਸੁਣਹੁ ਅਰਦਾਸਿ ਜੀਉ।*

*2. ਪੰਨਾ 30 : ਪੜ ਪੜ ਗਡੀ ਲਦੀਅਹਿ ਪੜ ਪੜ ਭਰੀਐ ਸਾਥ।*

*ਸਹੀ : ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।*

*3. ਪੰਨਾ 32 : ਬੇਣੀ ਕਹਹਿ ਸੁਣਹੁ ਰੇ ਸੰਤਹੁ ਮਰਨ ਮੁਕਤ ਕਿਨ ਪਾਈ।*

*ਸਹੀ : ਬੇਣੀ ਕਹੈ ਸੁਣਹੁ ਰੇ ਸੰਤਹੁ ਮਰਨ ਮੁਕਤਿ ਕਿਨਿ ਪਾਈ।!*

*4. ਪੰਨਾ 10 : ਪਲੇਟ ਪਹਿਲੀ: ਸਕਲਿ ਬਿਕਲਿ ਭਰਮ ਕਾਟੇ ਮੋਰ :*

*ਸਹੀ : ਸਕਲਿ ਬਿਕਲਿ ਭਰਮ ਜਾਰੇ ਮੋਰਿ।*

*5. ਪੰਨਾ 113 : ਮੈਂ ਕਾਸ਼ੀ ਕਾ ਜੁਲਹਾ।*

*ਸਹੀ : ਮੈਂ ਕਾਸ਼ੀਕ ਜੁਲਹਾ।*

6. ਪੰਨਾ *137, 150, 465, 485* ਤੇ *547* ।

ਗਿਆਨੀ ਜੀ ਨੇ ਲਿਖਣ ਦਾ ਭਾਵ ਹੈ ਕਿ ਪ੍ਰੋ. ਜੀ 'ਗੁਰੂ ਨਾਨਕ ਦੇਵ ਗੋਬਿੰਦ ਰੂਪ' ਦਾ ਅਰਥ ਕਰਦੇ ਹਨ' 'ਹੇ ਨਾਨਕ ! ਗੁਰੂ ਗੋਬਿੰਦ ਦਾ ਰੂਪ ਹੈ'।

ਗਿਆਨੀ ਜੀ ਨੇ 'ਬ੍ਰਹਿਮ ਤੁਲ ਸਮਸਰ' ਉੱਪਰਲੇ ਪਹਿਲੇ ਚਾਰ ਪੰਨਿਆਂ ਤੇ ਗ਼ਲਤ ਲਿਖਕੇ ਪੰਨਾ 547 ਤੇ ਲਿਖੀ ਹੈ : 'ਜਨ ਨਾਨਕੁ ਭਗਤੁ ਦਰਿ ਤੁਲ ਬ੍ਰਹਿਮ ਸਮਸਰ'। ਲਫ਼ਜ਼ ਤਾਂ ਪੂਰੇ ਕਰ ਦਿੱਤੇ ਪਰ ਲਗਾਂ ਫਿਰ ਵੀ ਗ਼ਲਤ ਹਨ। ਸਹੀ ਪਾਠ ਹੈ : ਜਨੁ ਨਾਨਕੁ ਭਗਤੁ, ਦਰਿ ਤੁਲਿ, ਬ੍ਰਹਮ ਸਮਸਰਿ।

ਗਿਆਨੀ ਜੀ ਦਾ ਭਾਵ ਹੈ ਕਿ ਪ੍ਰੋ. ਜੀ ਨੇ ਏਥੇ ਅਰਥ ਕਰਨ ਲੱਗਿਆ 'ਹੇ ਨਾਨਕ' ਕਿਉਂ ਨਹੀਂ ਲਿਖਿਆ ਅਤੇ ਗੁਰੂ ਨਾਨਕ ਨੂੰ ਵਾਹਿਗੁਰੂ ਵਰਗਾ ਕਿਉਂ ਲਿਖ ਦਿੱਤਾ।

ਉੱਤਰ ਇਹ ਹੈ ਕਿ ਪਹਿਲੀ ਮਿਸਾਲ ਵਿਚ 'ਨਾਨਕ' ਸ਼ਬਦ 'ਸੰਬੋਧਨ ਕਾਰਕ' ਵਿਚ ਹੈ, ਸੋ ਅਰਥ ' ਹੇ ਨਾਨਕ' ਹੀ ਠੀਕ ਹੈ ਅਤੇ ਉਸ ਅਨੁਸਾਰ ਸਾਰੀ ਤੁਕ ਦਾ ਅਰਥ ਠੀਕ ਹੈ। ਪਰ ਦੂਜੇ ਤੁਕਾਂਗ 'ਜਨ ਨਾਨਕੁ ਭਗਤੁ' 'ਕਰਤਾ ਕਾਰਕ' ਵਿਚ ਹੈ, ਸੋ ਸਾਰੇ ਤੁਕਾਂਗ ਦਾ ਅਰਥ ਹੈ : 'ਸੇਵਕ ਨਾਨਕ ਹਰੀ ਦਾ ਭਗਤ ਹੈ, ਉਸ ਦੇ ਦਰ ਤੇ ਪਰਵਾਨ ਹੈ, ਤੇ ਹਰੀ ਵਰਗਾ ਹੈ।'

ਸੋ ਪ੍ਰੋ. ਜੀ ਨੇ ਦੋਹੀਂ ਥਾਈਂ ਅਰਥ ਠੀਕ ਕੀਤੇ ਹਨ ਪਰ ਗਿਆਨੀ ਜੀ ਪਾਠਕਾਂ ਨੂੰ ਕੁਰਾਹੇ ਪਾ ਰਹੇ ਹਨ।

*7. ਪੰਨਾ 171 : ਤੇਰੀ ਮੋਹੀ ਅੰਤਰ ਕੈਸਾ ?*

*ਸਹੀ : ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।*

*8. ਪੰਨਾ 180 : ਪਹਿਲੇ ਦੂਧ ਪੀਉ ਹੈ ਬਛੇਰੈ ਬੀਠਲ ਕਾਇ ਕਰਉ।*

ਸਹੀ : ਪਹਿਲੇ ਦੂਧੁ ਬਿਦਾਰਿਓ ਬਛਰੈ, ਬੀਠਲੁ ਭੇਲਾ, ਕਾਹਿ ਕਰਉ।

9. ਪੰਨਾ 221 : ਗਿਆਨੀ ਜੀ ਲਿਖਦੇ ਹਨ ਕਿ ਜੋਧਪੁਰ ਵਾਲੀ ਬੀੜ

ਵਿਚ ਪਾਠ ਹੈ : 'ਦੇਹੀ ਗੀਧਨ ਖਾਈ,' ਜਿਸ ਤੋਂ ਪਤਾ ਚਲਦਾ ਹੈ ਕਿ ਦੂਜੇ ਪਾਠ 'ਦੇਹੀ ਗਿਰਝ ਨ ਖਾਈ' ਨਾਲੋਂ 'ਦੇਹੀ ਗਿਰਝਨ ਖਾਈ' ਉਚਾਰਨ ਮੂਲਕ ਤੇ ਵਿਆਪਕ ਅਰਥਾਂ ਨਾਲ ਪ੍ਰਮਾਣਤ ਹੈ। ਪਰ ਸਹੀ ਪਾਠ ਤਾਂ ਹੈ ਹੀ 'ਦੇਹੀ ਗਿਰਝਨ ਖਾਈ', 'ਦੇਹੀ ਗੀਧਨ ਖਾਈ' ਤੋਂ ਪਤਾ ਲੈਣ ਦੀ ਕੋਈ ਲੋੜ ਨਹੀਂ।

10. *ਪੰਨਾ 305 : ਹਰਿ ਭਗਤ ਨਿਜ ਨਿਹ ਕੇਵਲਾ ਮਨ ਕਰਮਣਾ ਬਚਸਾ।*
    *ਸਹੀ: ਹਰਿ ਭਗਤ ਨਿਜ ਨਿਹ ਕੇਵਲਾ ਰਿਦ ਕਰਮਣਾ ਬਚਸਾ।*
11. *ਪੰਨਾ 331 : ਤੋਰਉ ਨ ਪਾਤੀ ਪੂਜੈ ਨ ਦੇਵ।*
    *ਸਹੀ : ਤੋਰਉ ਨ ਪਾਤੀ ਪੂਜਉ ਨ ਦੇਵਾ।*
12. *ਪੰਨਾ 337 : ਆਨੀਲੈ ਦੂਧ ਰੀਧਾਇਲੇ ਖੀਰੰ, ਠਾਕਰ ਕਉ ਨਈਵੇਦ ਕਰਉ।*
    *ਸਹੀ : ਆਨੀਲੈ ਦੂਧੁ ਰੀਧਾਈਲੇ ਖੀਰੰ, ਠਾਕੁਰ ਕਉ ਨੈਵੇਦੁ ਕਰਉ।*
13. *ਪੰਨਾ 339 : ਢੂੰਢਤ ਡੋਲਤ ਅੰਧ ਰਾਤਿ.......*
    *ਸਹੀ : ਢੂੰਢਤ ਡੋਲਹਿ ਅੰਧਰਾਤਿ...........*
14. *ਪੰਨਾ 340 : ਜੋ ਗੁਰ ਦਸੈ ਵਾਟ ਮੁਰੀਦਾ ਜੁਲੀਐ।!*
    *ਸਹੀ : ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ।*
15. *ਪੰਨਾ 351 : ਪ੍ਰਵਰਦਗਾਰ ਅਪਾਰ ਅਗਮ ਬੇਅੰਤ ਤੂੰ॥........*
    *ਸੇਖ ਫ਼ਰੀਦਾ ਖੈਰ ਦੀ ਜੈ ਬੰਦਗੀ ॥੪॥੮॥*
    *ਸਹੀ : ਪਰਵਦਗਾਰ ਅਪਾਰ ਅਗਮ ਬੇਅੰਤ ਤੂੰ ॥*
    *ਸੇਖ ਫ਼ਰੀਦੈ ਖੈਰੁ ਦੀਜੈ ਬੰਦਗੀ ॥ ੪॥੧*
16. *ਪੰਨਾ 353 : ਤਨੁ ਸੁਕਾ ਪਿੰਜਰੁ ਥੀਆ.........*
    *ਸਹੀ : ਫਰੀਦਾ ਤਨੁ ਸੁਕਾ ਪਿੰਜਰੁ ਥੀਆ.......*
17. *ਪੰਨਾ 367 : ਜਿਸ ਆਸਣ ਹਮ ਬੈਠੇ ਕੇਤੇ ਵੈਸਿ ਗਇਆ॥*
    *ਸਹੀ : ਜਿਸ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥*
18. *ਪੰਨਾ 414 : ਪਾਂਡੇ ਤੁਮਰਾ ਰਾਮਚੰਦੂ............*
    *ਸਹੀ : ਪਾਡੇ ਤੁਮਰਾ ਰਾਮਚੰਦੁ............*
19. *ਪੰਨਾ 427 : ਜਿ ਦਿਹ ਨਾਲ ਕਪਿਆ........*
    *ਸਹੀ : ਫਰੀਦਾ ਜਿ ਦਿਹ ਨਾਲਾ ਕਪਿਆ........*
20. *ਪੰਨਾ 428 : ਸੋ ਕਿਉਂ ਮੰਦਾ ਆਖੀਅਹਿ...........*
    *ਸਹੀ : ਸੋ ਕਿਉਂ ਮੰਦਾ ਆਖੀਐ.........*
21. *ਪੰਨਾ 446 : ਓਛੀ ਜਾਤ ਮੇਰੀ।*
    *ਸਹੀ : ਓਛੀ ਮਤਿ ਮੇਰੀ।*

22. *ਪੰਨਾ 447 : ਹਮਰੀ ਕੁਲ ਕਉਨੇ ਰਾਮ ਕਹਿਓ।*
*ਸਹੀ : ਹਮਾਰੇ ਕੁਲ ਕਉਨੇ ਰਾਮੁ ਕਹਿਓ।*
23. *ਪੰਨਾ 465. ਜਗਤ ਜਲੰਦਾ ਰਾਖ ਲੈ ਆਪਣੀ ਕ੍ਰਿਪਾ ਧਾਰਿ ॥*
*ਜਿਤ ਦੁਆਰੈ ਉਤਰੇ ਤਿਤੇ ਲੇਉ ਉਬਾਰਿ॥*
*ਸਹੀ: ਜਗਤੁ ਜਲੰਦਾ ਰਾਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*
24. *ਪੰਨਾ 466 ਤੇ ਪੰਨਾ 481: ਸੁਰ ਨਰ ਤਿਨ ਕੀ ਬਾਣੀ ਗਾਵੈ ....*
*ਸਹੀ: ਸੁਰ ਨਰ ਤਿਨ ਕੀ ਬਾਣੀ ਗਾਵਹਿ ....*
25. *ਪੰਨਾ 486: ਢਾਢੀ ਸਚੇ ਮਹਿਲ ਬੁਲਾਏ।*
*ਸਹੀ: ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥*
26. *ਪੰਨਾ 504: ਸੇਵਾ ਕਉ ਦੋਏ ਭਲੇ ਇਕ ਸੰਤ ਇਕ ਰਾਮ ॥*
*ਰਾਮ ਜੁ ਦਾਤਾ ਮੁਕਤ ਕਾ ਸੰਤ ਜਪਾਵੈ ਰਾਮ ॥*
*ਸਹੀ: ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ੧੬੪ ॥*
27. *ਪੰਨਾ 505: ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗ॥*
*ਬਾਸਨ ਕਾਰੋ ਪਰਸੀਐ ਤਾ ਕੁਛ ਲਾਗੈ ਦਾਗ ॥ ੧੩੧॥*
*ਸਹੀ: ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥*
*ਬਾਸਨੁ ਕਾਰੋ ਪਰਸੀਐ ਤਾ ਕਛੁ ਲਾਗੈ ਦਾਗੁ ॥ ੧੩੧॥*
28. *ਪੰਨਾ 505: ਚਉਕੇ ਬਿਨ ਹਿੰਦਵਾਣੀਆਂ ਕਿਉ ਟਿਕੇ ਕਢੈ ਨਾਇ॥*
*ਸਹੀ: ਚਉਕੈ ਬਿਣੁ ਹਿੰਦਵਾਣੀਆਂ ਕਿਉ ਟਿਕੇ ਕਢਹਿ ਨਾਇ॥*
29. *ਪੰਨਾ 506: ਸਭ ਪਵਿਤ ਹੈ ਜਿੰਨ ਪਰ ਗੁਰਮੁਖ ਚੜ੍ਹ ਜਾਤੇ॥*
*ਸਹੀ: :....ਸਭਿ ਪਵਿਤ ਹਹਿ ਜਿਨੀ ਗੁਰਮੁਖਿ ਸਿਖ ਸੰਤ ਸਾਧ ਚੜਿ ਜਾਤੇ*
30. *ਪੰਨਾ 508: ਜਤੀ ਸਦਾਵਹਿ ਜੁਗਤ ਨ ਜਾਣੇ ਛਡ ਬਹੈ ਘਰੁ ਬਾਰ।*
*ਸਹੀ : ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰਿ।*
31. *ਪੰਨਾ 509: ਕਿਆ ਮਿਠਾ ਕਿਉਂ ਘਿਉ ਗੁੜ ਕਿਆ ਪੋਦਾ ਕਿਆ ਮਾਸ॥*
*ਸਹੀ: ਕਿਆ ਸੇਵਾ ਕਿਆ ਘਿਉ ਗੁੜੁ ਕਿਆ ਮੈਦਾ ਕਿਆ ਮਾਸੁ॥*
32. *ਪੰਨਾ 509: ਮੂੰਹ ਮਾਸੈ ਕਾ ਜੀਭ ਮਾਸੈ ਕੀ ਹਮ ਮਾਸੈ ਕੈ ਭਾਂਡੇ ॥*
ਗਿਆਨੀ ਜੀ ਨੇ ਕਾਂਟ ਛਾਂਟ ਕਰ ਕੇ ਦੋ ਤੁਕਾਂ ਦੀ ਇਕ ਤੁਕ

ਬਣਾ ਦਿੱਤੀ ਹੈ। ਧੰਨ ਖੋਜ! ਦੋ ਤੁਕਾਂ ਇਹ ਹਨ:
*ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ।* (ਪੰਨਾ ੧੨੮੯)
*ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ।* (ਪੰਨਾ ੧੨੯੦)

33. ਪੰਨਾ 511: *ਭਾਂਡਾ ਧੋਇ ਨ ਜਾਣਿਓਨਿ......*
ਸਹੀ: *ਭਾਂਡਾ ਧੋਇ ਨ ਜਾਤਿਓਨਿ....*

34. ਪੰਨਾ 515: *ਜਉਂ ਉਹ ਦੇਉ ਤਾਂ ਉਹ ਭੀ ਦੇਵਾ॥*
*ਕਹਿਤ ਨਾਮ ਦੇਉ ਹਮ ਹਰਿ ਕੀ ਸੇਵਾ॥*
ਸਹੀ: *ਜੇ ਓਹੁ ਦੇਉ ਤ ਓਹੁ ਭੀ ਦੇਵਾ॥*
*ਕਹਿ ਨਾਮਦੇਉ ਹਮ ਹਰਿ ਕੀ ਸੇਵਾ॥*

35. ਪੰਨਾ 515: *ਜੇ ਉਹ ਮੂਰਤ ਸਾਚੀ ਹੈ ਤਾਂ ਗੜਨ ਹਾਰੇ ਖਾਉ॥*
ਸਹੀ: *ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਨ ਹਾਰੇ ਖਾਉ॥*

36. ਪੰਨਾ 515: *ਮਾਧਉ ਕੈਸੀ ਬਨੇ ਤੁਮ ਸੰਗੇ ॥ ਆਪੁ ਨ ਦੇਹੁ ਤੇ ਲੇ ਵਹੁ ਮੰਗੇ॥*
ਸਹੀ: *ਮਾਧਉ ਕੈਸੀ ਬਨੇ ਤੁਮ ਸੰਗੇ॥ ਆਪਿ ਨ ਦੇਹੁ ਤ ਲੇਵਉ ਮੰਗੇ॥*

37. ਪੰਨਾ 516: *ਕਹੁ ਕਬੀਰ ਮਨੁ ਮਾਨਿਆ॥ ਮਨ ਮਾਨਿਆ ਤਉ ਜਗਿ ਜਾਨਿਆ॥*
ਸਹੀ: *ਕਹਿ ਕਬੀਰ ਮਨੁ ਮਾਨਿਆ॥ਮਨੁ ਮਾਨਿਆ ਤਉ ਹਰਿ ਜਾਨਿਆ॥*

38. ਪੰਨਾ 517: *ਬਿਖ ਅੰਮ੍ਰਿਤੁ ਬਸਹਿ ਇਕ ਸੰਗਾ॥*
ਸਹੀ: *ਬਿਖੁ ਅੰਮ੍ਰਿਤ ਬਸਹਿ ਇਕ ਸੰਗਾ॥*

39. ਪੰਨਾ 517: *ਨਾਮਦੇਉ ਕਬੀਰੁ ਤ੍ਰਲੋਚਨ ਸਧਨਾ ਸੈਣ ਤਰੇ॥*
ਸਹੀ: *ਨਾਮਦੇਉ ਕਬੀਰੁ ਤਿਲੋਚਨ ਸਧਨਾ ਸੈਨੁ ਤਰੈ॥*

40. ਪੰਨਾ 536: *ਗੁਰ ਕੀ ਸਾਖੀ ਰਾਖਹੁ ਚੀਤ ॥*
ਗਿਆਨੀ ਜੀ ਨੇ ਕ੍ਰਿਆ ਗਲਤ ਲਿਖ ਕੇ ਤੁਕ ਦੇ ਅਰਥ ਵੀ ਗ਼ਲਤ ਲਿਖ ਦਿਤੇ : ਗੁਰੂ ਕੇ ਬਚਨਾਂ ਨੂੰ ਸਾਮ੍ਹਣੇ ਸਾਖਸ਼ਾਤ ਰੱਖੋ।
ਸਹੀ ਤੁਕ ਹੈ: *ਗੁਰ ਕੀ ਸਾਖੀ ਰਾਖੈ ਚੀਤਿ॥*
ਅਰਥ: ਉਹ ਬੰਦਾ ਗੁਰੂ ਦਾ ਉਪਦੇਸ਼ ਅਪਣੇ ਮਨ ਵਿਚ ਸਾਂਭ ਕੇ ਰਖ਼ਦਾ ਹੈ।

41. ਪੰਨਾ 544: *ਏਕ ਅਨੇਕ ਬਿਆਪਕ ਮੂਰਤ॥*
ਸਹੀ: *ਇਕ ਅਨੇਕ ਬਿਆਪਕ ਪੂਰਕ॥*

42. ਪੰਨਾ 544: *ਨਰ ਤੇ ਸੁਰ ਹੋਇ ਜਾਤਿ ਨਿਮਖ ਮਹਿ ਮੈ ਸਤਿਗੁਰੂ ਬੁਧਿ ਸਿਖਲਾਈ॥*

*ਨਰ ਤੇ ਉਪਜ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ॥*
*ਸਹੀ: ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ॥*
*ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ॥*

43. ਪੰਨਾ 574: *ਐਸੇ ਪਿਤਰ ਤੁਮਾਰੇ ਕਹੀਆ ਆਪਣ ਨ ਲੇਹੀ॥*
ਸਹੀ: *ਐਸੇ ਮਿਤਰ ਤੁਮਾਰੇ ਕਹੀਅਹਿ ਆਪਨ ਦੀਆ ਨ ਲੇਹੀ॥*

ਨਤੀਜਾ ਇਹ ਨਿਕਲਦਾ ਹੈ ਕਿ ਗਿਆਨੀ ਜੀ ਨੂੰ ਗੁਰਬਾਣੀ ਵਿਆਕਰਣ ਅਨੁਸਾਰ ਸ਼ਬਦ ਭੇਦਾਂ, ਵਚਨ, ਲਿੰਗ ਅਤੇ ਲਗਾਂ ਮਾਤ੍ਰਾਂ ਦਾ ਉੱਕਾ ਹੀ ਗਿਆਨ ਨਹੀਂ।

## ਤੁਕਾਂ ਦੇ ਗ਼ਲਤ ਅਰਥ

ਹੁਣ ਗਿਆਨੀ ਜੀ ਵਲੋਂ ਗੁਰੂ ਗ੍ਰੰਥ ਜੀ ਦੀ ਬਾਣੀ ਵਿਚੋਂ ਤੇ ਹੋਰ ਕੋਟੇਸ਼ਨਾਂ ਦੇ ਕੇ ਉਨ੍ਹਾਂ ਦੇ ਗ਼ਲਤ ਅਰਥ ਕਰਨ ਦੀਆਂ ਕੁਝ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਜੇ ਗਿਆਨੀ ਜੀ ਦੇ ਸਥਾਪਤ ਕੀਤੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਵਿਚ ਗੁਰਬਾਣੀ ਦੇ ਅਰਥ ਇਹੋ ਜਿਹੇ ਹੀ ਸਿਖਾਏ ਜਾਂਦੇ ਹਨ ਤਾਂ ਵਿਚਾਰੇ ਵਿਦਿਆਰਥੀਆਂ ਦਾ ਰੱਬ ਰਾਖਾ!

*1. ਪੰਨਾ ੩੯ : ਜਾਕੈ ਈਦਿ ਬਕਰੀਦਿ ਕੁਲ ਗਊਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ।*

*ਟਿੱਪਣੀ:* ਕਬੀਰ ਜੀ ਦੀ ਕੁਲ ਦੇ ਸਾਰੇ ਲੋਕ ਇਉਂ ਨਹੀਂ ਸੀ ਕਰਦੇ। ਸਿਰਫ਼ ਉਹ ਕਰਦੇ ਸਨ, ਜੋ ਮੁਸਲਮਾਨ ਬਣ ਗਏ ਸਨ।

ਦੇਖੋ 'ਦਰਪਣ', ਪੋਥੀ ਨੌਵੀਂ, ਪੰਨਾ ੩੫੧-੩੫੩

*2. ਪੰਨਾ ੩੯ : ਹਮਾਰੇ ਕੁਲ ਕਉਨੇ ਰਾਮੁ ਕਹਿਓ।*

*ਟਿੱਪਣੀ:* ਇਸ ਦਾ ਭਾਵ ਇਹ ਨਹੀਂ ਕਿ ਕਬੀਰ ਜੀ ਦੀ ਮਾਤਾ ਇਹ ਕਹਿੰਦੀ ਹੈ ਕਿ ਸਾਡੇ ਕੁੱਲ ਵਿਚ ਸਾਰੇ ਖ਼ੁਦਾ ਕਹਿੰਦੇ ਹਨ, ਬਲਕਿ ਇਹ ਹੈ ਕਿ ਸਾਡੇ ਕੁੱਲ ਵਿਚ ਕਿਸੇ ਨੇ ਨਾਮ ਨਹੀਂ ਜਪਿਆ।

3. ਪੰਨਾ 66: *ਮੁਈ ਮੇਰੀ ਮਾਈ ਹਉ ਖਰਾ ਸੁਖਾਲਾ।*

ਟਿੱਪਣੀ : ਗਿਆਨੀ ਜੀ ਨੇ 'ਹਉ' ਦੀ ਥਾਂ 'ਮੈ' ਲਿਖਿਆ ਹੈ।

ਇਸ ਤੁਕ ਦਾ ਇਹ ਅਰਥ ਨਹੀਂ: ਕਬੀਰ ਜੀ ਦੀ ਮਾਂ ਮਰ ਗਈ ਤਾਂ ਉਹ ਸੌਖੇ ਹੋਏ।

ਸਹੀ ਅਰਥ: ਮਾਇਆ ਦਾ ਦਬਾਉ ਮੇਰੇ ਉਤੋਂ ਹਟ ਗਿਆ ਹੈ, ਇਸ ਲਈ ਮੈਂ ਬੜਾ ਸੌਖਾ ਹੋ ਗਿਆ ਹਾਂ।

4. ਪੰਨਾ 66: *ਬਾਪਿ ਦਿਲਾਸਾ ਮੇਰੋ ਕੀਨ੍ਹਾਂ।*

ਟਿਪੱਣੀ: ਇਸ ਦਾ ਅਰਥ ਇਹ ਨਹੀ: ਕਬੀਰ ਦੇ ਪਿਤਾ ਭਲੇ ਸਨ। ਕਬੀਰ ਜੀ ਨੂੰ ਦਿਲਾਸਾ ਦਿੰਦੇ ਕਹਿੰਦੇ ਸਨ।

ਸਹੀ ਅਰਥ: ਪਿਤਾ ਪ੍ਰਭੂ ਨੇ ਮੇਰੇ ਅੰਦਰ ਟਿਕ ਕੇ ਮੈਨੂੰ ਸਹਾਰਾ ਦੇ ਦਿੱਤਾ ਹੈ।

5. ਪੰਨਾ 66: *ਪਿਤਾ ਹਮਾਰੋ ਵਡ ਗੋਸਾਈ। ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ।*

ਟਿਪੱਣੀ: ਗਿਆਨੀ ਜੀ ਨੇ 'ਵਡ' ਦੇ ਥਾਂ 'ਬੜੋ' ਲਿਖਿਆ ਹੈ।

ਸਹੀ ਅਰਥ : ਮੇਰਾ ਪਿਤਾ ਪ੍ਰਭੂ ਬੜਾ ਵੱਡਾ ਮਾਲਕ ਹੈ। ਜੋ ਕੋਈ ਪੁੱਛੇ ਕਿ ਮੈਂ ਕੰਗਾਲ ਕਬੀਰ ਉਸ ਪਾਸ ਕਿਵੇਂ ਅੱਪੜ ਗਿਆ ਹਾਂ ਤਾਂ ਉਸਦਾ ਉੱਤਰ ਇਹ ਹੈ ਕਿ ਜਦੋਂ.....

6. ਪੰਨਾ 66: *ਮੇਰੀ ਬਹੁਰੀਆ ਕੋ ਧਨੀਆ ਨਾਉ। ਲੇ ਰਾਖਿਓ ਰਾਮ ਜਨੀਆ ਨਾਉ।*

ਟਿੱਪਣੀ: ਗਿਆਨੀ. ਜੀ ਲਿਖਦੇ ਹਨ: ਕਬੀਰ ਜੀ ਦੀ ਦੂਜੀ ਪਤਨੀ ਦਾ ਨਾਉ 'ਧਨੀਆਂ' ਸੀ।

ਅਸਲ ਗੱਲ ਇਹ ਹੈ ਕਿ ਕਬੀਰ ਜੀ ਦੀ ਸਿਰਫ਼ ਇਕ ਹੀ ਪਤਨੀ ਸੀ। ਜਿਸ ਦਾ ਨਾਉਂ 'ਲੋਈ' ਸੀ।

ਇਸ ਤੁਕ ਦਾ ਸਹੀ ਅਰਥ: ਮੇਰੀ ਜਿੰਦ ਰੂਪ ਵਹੁਟੀ ਪਹਿਲਾਂ ਧਨ ਦੀ ਪਿਆਰੀ ਅਖਵਾਂਦੀ ਸੀ, ਭਾਵ ਮਾਇਆ ਨਾਲ ਪਿਆਰ ਕਰਦੀ ਸੀ ਪਰ ਸਤਿ ਸੰਗੀਆਂ ਨੇ ਇਸ ਨੂੰ ਅਪਣੇ ਅਸਰ ਹੇਠ ਲਿਆ ਕੇ ਇਸ ਦਾ ਨਾਮ ਰਾਮ ਜਨੀਆ ਭਾਵ ਰਾਮਦਾਸੀ ਰੱਖ ਦਿੱਤਾ ਹੈ, ਭਾਵ ਇਸ ਨੂੰ ਪ੍ਰਭੂ ਦੀ ਦਾਸੀ ਅਖਵਾਉਣ ਦੇ ਯੋਗ ਬਣਾ ਦਿੱਤਾ ਹੈ।

7. ਪੰਨਾ 66: ਗਿਆਨੀ ਜੀ ਲਿਖਦੇ ਹਨ: ਪਹਿਲੀ ਪਤਨੀ ਕੋਝੀ ਤੇ ਕਰੂਪ ਸੀ। ਸਹੁਰੇ ਪੇਕੇ ਬੁਰੀ ਸਮਝੀ ਜਾਂਦੀ ਸੀ। ਅਬਕੀ ਬਾਰੀ-ਦੂਜੀ ਪਤਨੀ ਸੁੰਦਰ ਸਰੂਪ ਸੁਲੱਖਣੀ ਹੈ। ਚੰਗਾ ਹੋਇਆ, ਪਹਿਲੀ ਮਰ ਗਈ। ਹੁਣ ਦੀ ਵਿਆਹੀ ਜੁਗ ਜੁਗ ਜੀਵੇ ਜਦੋਂ ਦੀ ਛੋਟੀ ਆਈ ਹੈ, ਵੱਡੀ ਦਾ ਸੁਹਾਗ ਨਹੀਂ ਰਿਹਾ।

ਅੱਗੇ ਲਿਖਦੇ ਹਨ: ਇਹ ਗੱਲ ਸਪਸ਼ਟ ਹੈ, ਕਬੀਰ ਜੀ ਇਕ ਵਹੁਟੀ ਦੇ ਹੁੰਦਿਆਂ ਵੀ ਦੂਜੀ ਦਾ ਆਉਣਾ ਸਵੀਕਾਰ ਕਰਦੇ ਹਨ।

ਗਿਆਨੀ ਜੀ ਦੇ ਇਹ ਵਿਚਾਰ ਆਸਾ ਰਾਗ ਵਿਚ ਕਬੀਰ ਜੀ ਦੇ ਸ਼ਬਦ 'ਪਹਿਲੀ ਕਰੂਪਿ, ਕੁਜਾਤਿ' ਬਾਰੇ ਹਨ। ਅਸਲ ਵਿਚ ਇਸ ਸ਼ਬਦ ਵਿਚ ਗਰੀਬ ਸੁਭਾਉ ਵਾਲੀ ਤੇ ਹੰਕਾਰਨ, ਦੋ ਮਨੋ ਵਿਰਤੀਆਂ ਦਾ ਟਾਕਰਾ ਹੈ। ਪਾਠਕ ਸ਼ਬਦ ਦਾ ਅਰਥ 'ਦਰਪਣ', ਪੋਥੀ ਤੀਜੀ, ਪੰਨਾ ੭੪੯-੭੫੦ ਤੇ ਪੜ੍ਹ ਸਕਦੇ ਹਨ।

8. ਪੰਨਾ66: ਗਿਆਨੀ ਜੀ ਕਬੀਰ ਜੀ ਦੇ ਪੁੱਤ ਦਾ ਨਾਮ 'ਕਮਾਲ' ਲਿਖਦੇ ਹਨ ਪਰ ਉਸ ਨੂੰ ਸਿੱਧ ਕਰਨ ਲਈ ਤੁਕ ਦਿੰਦੇ ਹਨ: ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ।

ਟਿੱਪਣੀ: ਇਹ ਕੋਟੇਸ਼ਨ ਏਥੇ ਗ਼ਲਤ ਹੈ। ਇਸ ਕੋਟੇਸ਼ਨ ਦਾ ਭਾਵ ਤਾਂ ਇਹ ਹੈ: ਮੇਰਾ ਮੂਰਖ ਦਾ ਮਨ ਅਜਿਹੀ ਨੀਵੀ ਅਵਸਥਾ ਤੇ ਅੱਪੜ ਗਿਆ ਹੈ ਕਿ ਸਮਝੋ, ਮੈਂ ਕਬੀਰ ਦਾ ਸਾਰਾ ਟੱਬਰ (ਅੱਖਾਂ, ਕੰਨ, ਨੱਕ ਆਦਿਕ ਸਾਰੇ ਹੀ ਇੰਦ੍ਰਿਆਂ

ਦਾ ਟੋਲਾ) ਵਿਕਾਰਾਂ ਵਿਚ ਡੁੱਬ ਗਿਆ ਹੈ, ਕਿਉਂਕਿ.......

9. ਪੰਨਾ 73: ਗਿਆਨੀ ਜੀ ਲਿਖਦੇ ਹਨ: ਕਰਵਤ ਵਾਲੀ ਮੌਤ ਦਾ ਜ਼ਿਕਰ ਕਬੀਰ ਜੀ ਨੇ ਅਪਣੀ ਪਤਨੀ ਦੇ ਮੂੰਹ ਵਿਚ ਪਾ ਕੇ ਕਹੇ ਵਾਕਾਂ ਵਿਚ ਇਉਂ ਕੀਤਾ ਹੈ-'ਕਰਵਤੁ ਭਲਾ ਨ ਕਰਵਟ ਤੇਰੀ।'

ਟਿੱਪਣੀ: ਗਿਆਨੀ ਜੀ ਦੀ ਇਹ ਲਿਖਤ ਗ਼ਲਤ ਹੈ ਕਿਉਂਕਿ ਉਸ ਸ਼ਬਦ ਵਿਚ 'ਰੇ ਲੋਈ' ਦਾ ਅਰਥ ਹੈ 'ਹੇ ਜਗਤ'! ਕਿਉਂਕਿ 'ਰੇ' ਪੁਲਿੰਗ ਹੈ। ਦੇਖੋ 'ਦਰਪਣ' , ਪੋਥੀ ਤੀਜੀ, ਪੰਨਾ ੭੫੪-੭੫੬।

10. ਪੰਨਾ 76: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਨੇ ਅਪਣੀ ਮਾਤਾ ਦੇ ਮੂਹੋਂ-'ਨਿਤ ਉਠਿ ਕੋਰੀ ਗਾਗਰਿ ਆਨੈ'-ਦੇ ਕਰਮਕਾਂਡੀ ਬਣਨ ਸਮੇਂ ਦਾ ਕੌੜਾ ਸੱਚ ਕਹਾਇਆ ਹੈ।

ਟਿੱਪਣੀ: ਗਿਆਨੀ ਜੀ ਦਾ ਵਿਚਾਰ ਗ਼ਲਤ ਹੈ: ਇਸ ਸ਼ਬਦ ਵਿਚ 'ਕੋਰੀ' ਦਾ ਅਰਥ 'ਜੁਲਾਹਾ' ਹੈ। ਦੇਖੋ 'ਦਰਪਣ', ਪੋਥੀ ਛੇਵੀਂ, ਪੰਨਾ ੩੨੯-੩੩੨।

11. ਪੰਨਾ 135: ਤੇ ਪੰਨਾ 195: *ਰਾਮਾ ਭਗਤਿ ਰਾਮਾਨੰਦੁ ਜਾਨੈ। ਪੂਰਨ ਪਰਮਾਨੰਦੁ ਲਖਾਨੈ*।

ਟਿੱਪਣੀ: ਗਿਆਨੀ ਜੀ ਇਸ ਦਾ ਅਰਥ ਕਰਦੇ ਹਨ: ਰਾਮ ਦੀ ਭਗਤੀ ਰਾਮਾਨੰਦ ਜਾਣਦੇ ਹਨ ਪਰ ਤੇਰੀ ਪ੍ਰਾਪਤੀ ਦੇ ਪਰਮਾਨੰਦ ਨੂੰ ਕੌਣ ਬਖਾਣੈ ? ਕੋਈ ਕਿਵੇਂ ਕਹਿ ਸਕਦਾ ਹੈ ?

ਗਿਆਨੀ ਜੀ ਨੇ ਅਰਥ ਕਰਨ ਲੱਗਿਆਂ ਪ੍ਰਸ਼ਨ ਬਨਾਉਣ ਲਈ 'ਕੌਣ' ਕਿਸ ਖੂੰਜਿਓਂ ਲੈ ਆਂਦਾ ਹੈ ?

ਸਹੀ ਅਰਥ : ਜੋ ਮਨੁੱਖ ਸਰਬ ਵਿਆਪਕ ਪਰਮਾਨੰਦ ਰੂਪ ਪ੍ਰਭੂ ਦੇ ਗੁਣ ਗਾਉਂਦਾ ਹੈ, ਉਹ ਪ੍ਰਭੂ ਦੀ ਭਗਤੀ ਦੀ ਬਰਕਤਿ ਨਾਲ ਉਸ ਪ੍ਰਭੂ ਦੇ ਮਿਲਾਪ ਦਾ ਆਨੰਦ ਮਾਣਦਾ ਹੈ, ਜਾਣਦਾ ਹੈ।

12. ਪੰਨਾ 201: *ਧੰਨ ਕਬੀਰਾ ਧੰਨਯ ਰੈਦਾਸਾ ਗਾਵੈਂ ਸੈਨਾ ਨਾਈ*। (ਮਰਾਠੀ ਕਾ ਭਗਤੀ ਸਹਿਤ 69)

ਟਿੱਪਣੀ: ਇਸ ਤੁਕ ਵਿਚ ਸ਼ਬਦ 'ਧੰਨ' ਦੇ ਅਰਥ ਗਿਆਨੀ ਜੀ ਨੇ 'ਧੰਨਾ' ਬਣਾ ਲਏ ਹਨ। ਧੰਨ ਵਿਦਵਤਾ !

13. ਪੰਨਾ 212: ਤੇ ਪੰਨਾ 233: '*ਗੋਬਿੰਦ ਗੋਬਿੰਦ ਗੋਬਿੰਦ ਸੰਗਿ' ਵਾਲਾ ਸ਼ਬਦ ਲਿਖ ਕੇ ਗਿਆਨੀ ਜੀ ਲਿਖਦੇ ਹਨ, ਸ਼ਬਦ ਦੀ ਅਖੀਰਲੀ ਵਾਕ ਵਿਚ ਵਰਤਿਆ "ਧੰਨਾ ਵਡਭਾਗਾ" ਵਾਕੰਸ਼ ਸੂਚਿਤ ਕਰਦਾ ਹੈ ਕਿ ਮੂਲ ਰੂਪ ਸ਼ਬਦ ਧੰਨਾ ਜੀ ਦਾ ਹੀ ਸੀ।*

ਟਿੱਪਣੀ: ਗਿਆਨੀ ਜੀ ਦਾ ਇਹ ਖ਼ਿਆਲ ਗ਼ਲਤ ਹੈ। ਇਹ ਸ਼ਬਦ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਹੈ ਤਾਂ ਹੀ ਸਿਰਲੇਖ 'ਮਹਲਾ ੫' ਹੈ । ਧੰਨੇ ਤੇ ਸ਼ਬਦ ਦਾ ਸਿਰਲੇਖ 'ਮਹਲਾ ੫' ਨਹੀਂ ਹੋ ਸਕਦਾ। ਗੁਰੂ ਜੀ ਨੇ 'ਨਾਨਕ' ਛਾਪ ਇਸ

ਲਈ ਨਹੀਂ ਵਰਤੀ ਕਿਉਂਕਿ ਸ਼ਬਦ ਧੰਨਾ ਜੀ ਨਾਲ ਸੰਬੰਧ ਰਖਦਾ ਹੈ। ਗੁਰੂ ਜੀ ਇਹ ਸ਼ਬਦ ਧੰਨਾ ਜੀ ਦੇ ਸ਼ਬਦ; ਜੋ ਇਸ ਸ਼ਬਦ ਤੋਂ ਪਹਿਲਾਂ ਹੈ, 'ਭ੍ਰਮਤ ਫਿਰਤ' ਦੀ ਅਖੀਰਲੀ ਤੁਕ 'ਧੰਨੈ ਧਨੁ ਪਾਇਆ ਧਰਨੀਧਰ' ਨੂੰ ਗੁਰਸਿੱਖਾਂ ਲਈ ਸਪਸ਼ਟ ਕਰਨ ਲਈ ਲਿਖਿਆ ਗਿਆ ਹੈ,

*ਦੇਖੋ 'ਦਰਪਣ', ਪੋਥੀ ਤੀਜੀ, ਪੰਨਾ੭੭੭-੭੮੪।*

14. ਪੰਨਾ 250: *ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ।*

ਟਿੱਪਣੀ: ਗਿਆਨੀ ਜੀ 'ਨਾਮੇ ਕੇ ਸੁਆਮੀ' ਤੋਂ ਭਾਵ 'ਰਾਮਚੰਦਰ' ਸਮਝਦੇ ਹਨ ਅਤੇ ਸਮਝਦੇ ਹਨ ਕਿ ਨਾਮਦੇਵ ਰਾਮ ਚੰਦਰ ਦਾ ਪੁਜਾਰੀ ਸੀ। ਪਰ 'ਨਾਮੇ ਕੇ ਸੁਆਮੀ' ਤਾਂ ਧ੍ਰੂ ਨੂੰ ਵੀ ਅਟੱਲ ਪਦਵੀ ਦਿੱਤੀ ਸੀ-'ਧ੍ਰੂ ਥਾਪਿਓ ਹੋ'। ਧ੍ਰੂ ਨੂੰ ਅਟੱਲ ਪਦਵੀ ਦੇਣ ਵਾਲਾ ਤਾਂ ਰਾਮਚੰਦਰ ਨਹੀਂ ਸੀ। ਸੋ 'ਨਾਮੇ ਦਾ ਸੁਆਮੀ' ਪ੍ਰਭੂ ਹੀ ਸੀ।

15. ਪੰਨਾ 250: *ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ, ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ।*

ਟਿੱਪਣੀ: ਗਿਆਨੀ ਜੀ ਇਸ ਤੁਕ ਤੋਂ ਇਹ ਭਾਵ ਲੈਂਦੇ ਹਨ ਕਿ ਨਾਮਦੇਵ ਸ੍ਰੀ ਰਾਮ ਚੰਦਰ ਜੀ ਨੂੰ ਪੂਜਦਾ ਸੀ। ਇਹ ਵਿਚਾਰ ਗ਼ਲਤ ਹੈ।

ਤੁਕ ਦਾ ਸਹੀ ਅਰਥ: ਨਾਮਦੇਵ ਬੇਨਤੀ ਕਰਦਾ ਹੈ ਕਿ ਸਭ ਰਸਾਂ ਦਾ ਮੂਲ ਰਸ, ਨਾਮ ਅੰਮ੍ਰਿਤ ਹੀ ਪੀਣਾ ਚਾਹੀਦਾ ਹੈ। ਇਹ ਨਾਮ ਅੰਮ੍ਰਿਤ ਹੀ ਮੇਰਾ ਨਾਮਦੇਵ ਦਾ ਰਾਜਾ ਰਾਮ ਚੰਦਰ ਹੈ, ਜੋ ਰਾਜਾ ਜਸਰਥ ਦਾ ਪੁੱਤ ਹੈ।

16. ਪੰਨਾ 250 ਤੇ ਪੰਨਾ 270: *ਅੰਬਰੀਕ ਕਉ ਦੀਓ ਅਭੈਦਾਨੁ ਰਾਜੁ ਭਭੀਖਨ ਅਧਿਕ ਕਰਿਓ।*

ਟਿਪੱਣੀ: ਗਿਆਨੀ ਜੀ ਇਸੰ ਤੁਕ ਤੋਂ ਵੀ ਭਾਵ ਲੈਂਦੇ ਹਨ ਕਿ ਨਾਮਦੇਵ ਸ੍ਰੀ ਰਾਮ ਚੰਦਰ ਜੀ ਦਾ ਪੁਜਾਰੀ ਸੀ ਪਰ ਇਹ ਵਿਚਾਰ ਗ਼ਲਤ ਹੈ।

ਤੁਕ ਦਾ ਸਹੀ ਅਰਥ (ਅੰਮਬਰੀਕ ਨੇ ਨਾਮ ਜਪਿਆ), ਪ੍ਰਭੂ ਨੇ ਅੰਬਰੀਕ ਨੂੰ ਨਿਰਭੈਤਾ ਦਾ ਉੱਚਾ ਦਰਜਾ ਬਖ਼ਸ਼ਿਆ ਅਤੇ ਦੁਰਬਾਸ਼ਾ ਉਸ ਦਾ ਕੁਝ ਨਾ ਵਿਗਾੜ ਸਕਿਆ। ਪ੍ਰਭੂ ਨੇ ਰਾਜ ਦੇ ਕੇ ਭਭੀਖਣ ਨੂੰ ਵੀ ਵੱਡਾ ਬਣਾ ਦਿੱਤਾ।

17. ਪੰਨਾ 250, ਤੇ ਪੰਨਾ 270 : ਗੋਤਮ ਨਾਰਿ ਅਹਲਿਆ ਤਾਰੀ, ਪਾਵਨ ਕੇਤਕ ਤਾਰੀਅਲੇ।

ਟਿਪਣੀ: ਗਿਆਨੀ ਜੀ ਇਸ ਤੁੱਕ ਤੋਂ ਵੀ ਭਾਵ ਲੈਂਦੇ ਹਨ ਕਿ ਨਾਮਦੇਵ ਸ੍ਰੀ ਰਾਮਚੰਦਰ ਦਾ ਪੁਜਾਰੀ ਸੀ ਪਰ ਇਹ ਵਿਚਾਰ ਗਲਤ ਹੈ।

ਤੁਕ ਦਾ ਸਹੀ ਅਰਥ: ਤੇ ਬੀਠਲ ਤੂੰ ਗੋਤਮ ਦੀ ਵਹੁਟੀ ਅਹੱਲਿਆ ਨੂੰ (ਜੋ ਉਸ ਦੇ ਹੀ ਸਰਾਪ ਨਾਲ ਸ਼ਿਲਾ ਬਣ ਗਈ ਸੀ) ਮੁਕਤ ਕੀਤਾ ਸੀ। ਹੇ ਮਾਧੋ! ਤੂੰ ਅਨੇਕਾਂ (ਪਤਿਤਾਂ) ਨੂੰ ਪਵਿੱਤਰ ਕੀਤਾ ਹੈ, ਤਾਰਿਆ ਹੈ।

18. ਪੰਨਾ 251: ਗਿਆਨੀ ਜੀ ਨੇ 'ਦੇਵਾ ਪਾਹਨ ਤਾਰੀਅਲੇ' ਸ਼ਬਦ ਲਿਖਕੇ ਭਾਵ ਲਿਆ ਹੈ ਕਿ ਨਾਮਦੇਵ ਜੀ ਕ੍ਰਿਸ਼ਨ ਜੀ ਦੇ ਪੁਜਾਰੀ ਸਨ। ਇਹ ਵਿਚਾਰ ਗ਼ਲਤ ਹੈ। ਨਾਮ ਦੇਵ ਜੀ ਨੇ '*ਰਾਮ ਕਹਤ ਜਨ ਕਸ ਨ ਤਰੇ*' ਅਤੇ '*ਹਉ ਬਲਿ ਬਲਿ ਜਿਨ ਰਾਮ ਕਹੇ*' ਵੀ ਕਿਹਾ ਹੈ। ਰਾਮ ਚੰਦਰ ਤੇ ਕ੍ਰਿਸ਼ਨ ਜੁਦਾ ਜੁਦਾ ਅਵਤਾਰ ਸਨ ਭਾਵੇਂ ਵਿਸ਼ਨੂੰ ਦਾ ਅਵਤਾਰ ਹੀ ਮੰਨੇ ਜਾਂਦੇ ਹਨ। ਸੋ ਇਸ ਸ਼ਬਦ ਵਿਚ ਨਾਮਦੇਵ ਜੀ ਨੇ 'ਨਾਮੇ ਕੇ ਸੁਆਮੀ' ਤੇ 'ਰਾਮ' ਪ੍ਰਭੂ ਲਈ ਹੀ ਵਰਤਿਆ ਹੈ।

19. ਪੰਨਾ 251 ਤੇ ਪੰਨਾ 270: *ਧੰਨਿ ਧੰਨਿ ਓ ਰਾਮ ਬੇਨੁ ਬਾਜੈ*' ਸ਼ਬਦ ਲਿਖ ਕੇ ਗਿਆਨੀ ਜੀ ਇਹ ਭਾਵ ਲੈਂਦੇ ਹਨ ਕਿ ਨਾਮਦੇਵ ਜੀ ਕ੍ਰਿਸ਼ਨ ਜੀ ਦੇ ਪੁਜਾਰੀ ਸਨ। ਇਹ ਵਿਚਾਰ ਗ਼ਲਤ ਹੈ। ਸ਼ਬਦ ਵਿਚ ਤਾਂ 'ਰਾਮ ਬੇਨੁ' ਭਾਵ 'ਰਾਮ ਦੀ ਬੰਸਰੀ' ਦੱਸੀ ਹੈ। ਬੰਸਰੀ ਕ੍ਰਿਸ਼ਨ ਜੀ ਵਜਾਉਂਦੇ ਸਨ ਪਰ 'ਰਾਮ' ਕ੍ਰਿਸ਼ਨ ਨਹੀਂ ਹੈ। ਸੋ ਇਸ ਸ਼ਬਦ ਵਿਚ 'ਰਾਮ ਤੇ 'ਕ੍ਰਿਸ਼ਨ' ਤੋਂ ਭਾਵ 'ਨਾਮੇ ਕਾ ਸੁਆਮੀ' ਪ੍ਰਭੂ ਹੀ ਹੈ।

20. ਪੰਨਾ 252: *ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ।*

ਗਿਆਨੀ ਜੀ ਇਸ ਤੁਕ ਦਾ ਭਾਵ ਇਹ ਲੈਂਦੇ ਹਨ: ਹੇ ਵਾਹਿਗੁਰੂ ਜਿਸ ਜਿਸ ਦੁਆਰੇ ਤੇ ਵੀ ਜੀਵ ਬਚ ਸਕਦਾ ਹੈ, ਓਸ ਓਸ ਦੁਆਰੇ ਤੇ ਹੀ ਉਸ ਨੂੰ ਬਚਾ ਲੈ। ਇਹ ਵਿਚਾਰ ਗ਼ਲਤ ਹੈ। ਵਾਹਿਗੁਰੂ ਦਾ ਦਰ ਤਾਂ ਸਿਰਫ਼ ਇੱਕ ਹੈ ।

ਸੋ ਤੁਕ ਦਾ ਸਹੀ ਅਰਥ: ਹੇ ਵਾਹਿਗੁਰੂ, ਜਿਸ ਤੇਰੇ ਦਰ ਤੇ ਹਰ ਕੋਈ ਬਚ ਸਕਦਾ ਹੈ, ਉਸ ਦਰ ਤੇ ਤੂੰ ਸਭ ਨੂੰ ਬਚਾ ਲੈ।

21. ਪੰਨਾ 257 ਤੇ ਪੰਨਾ 258: '*ਸੁਲਤਾਨ ਪੂਛੈ ਸੁਨ ਬੇ ਨਾਮਾ*' ਵਾਲਾ ਸ਼ਬਦ ਲਿਖਕੇ ਗਿਆਨੀ ਜੀ ਲਿਖਦੇ ਹਨ: 'ਉਸ ਵੇਲੇ ਖੰਭਾਂ ਦੀ ਫੜਫੜਾਹਟ ਮਹਿਸੂਸ ਹੋਈ। ਭਗਵਾਨ ਦੇ ਗਰੁੜ ਤੇ ਚੜ੍ਹ ਕੇ ਆਉਣ ਦੀ ਆਹਟ ਆਈ।

ਟਿੱਪਣੀ: ਨਾਮਦੇਵ ਜੀ ਬੰਦ ਨੰ: ੧੪, ੧੫ ਤੇ ੧੬ ਵਿਚ ਰੱਬ ਦਾ ਰੂਪ ਨਿਰੋਲ ਪੁਰਾਣਾਂ ਅਨੁਸਾਰ ਹਿੰਦੂਆਂ ਵਾਲਾ ਦੱਸਦੇ ਹਨ ਕਿਉਂਕਿ ਸੁਲਤਾਨ ਡਰਾਕੇ ਮੁਸਲਮਾਨ ਬਨਾਉਣਾ ਚਾਹੁੰਦਾ ਹੈ। ਜਿੱਥੇ ਹਿੰਦੂ ਮੰਦਰੋਂ ਬਾਹਿਰ ਕਢਦੇ ਹਨ, ਓਥੇ ਨਾਮਦੇਵ ਜੀ ਨੇ ਰੱਬ ਦਾ ਰੂਪ ਮੁਸਲਮਾਨਾਂ ਵਾਲਾ ਦੱਸਿਆ ਹੈ। ਮੁਸਲਮਾਨੀ ਪਹਿਰਾਵਾ, ਮੁਸਲਮਾਨੀ ਲਫ਼ਜ: 'ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥ ਰਹਾਉ।' ਬੰਦਗੀ ਵਾਲੇ ਫਕੀਰ ਕੇਸ ਵੀ ਰੱਖਦੇ ਹਨ। ਇਸ ਲਈ 'ਕਲੰਦਰ' ਦੇ ਨਾਲ 'ਕੇਸ਼ਵ' ਲਫ਼ਜ਼ ਵੀ ਵਰਤਿਆ ਹੈ।

22. ਪੰਨਾ 260 : *ਦੂਾਰਿਕਾ ਨਗਰੀ ਕਾਹੇ ਕੇ ਮੁਗੋਲ।*

ਸਹੀ ਅਰਥ: ਹੇ ਪ੍ਰਭੂ ! ਤੂੰ ਦੂਾਰਿਕਾ ਨਗਰੀ ਕਾਹੇ ਕੇ ? ਤੂੰ ਮੁਗੋਲ (ਨਗਰੀ) ਕਾਹੇ ਕੇ ? ਭਾਵ ਨਾ ਤੂੰ ਸਿਰਫ਼ ਦੂਾਰਿਕਾ ਨਗਰੀ ਵਿਚ ਹੀ ਵਸਦਾ ਹੈ: ਸਿਰਫ਼ ਮੁਸਲਮਾਨਾ (ਮੁਗਲਾਂ) ਦੀ ਨਗਰੀ, ਮੱਕਾ ਵਿਚ ਹੀ ਵਸਦਾ ਹੈਂ, ਤੂੰ ਤਾਂ ਸਰਬ ਵਿਆਪਕ ਹੈਂ।

23. ਪੰਨਾ 280: 'ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ'। ਇਹ

ਤੁਕ ਧਨਾਸਰੀ ਰਾਗ ਵਿਚ ਤ੍ਰਿਲੋਚਨ ਜੀ ਦੇ ਸ਼ਬਦ 'ਨਾਰਾਇਣ ਨਿਕਸਿ ਕਾਇ' ਵਿਚੋਂ ਹੈ। ਗਿਆਨੀ ਜੀ ਇਸ ਦਾ ਅਰਥ ਕਰਦੇ ਹਨ: ਸ਼ਿਵ ਜੀ (ਸ਼ੰਕਰ) ਵਲ ਵੇਖ, ਨਿਤ ਗੰਗਾ ਵਿਚ ਇਸ਼ਨਾਨ ਕਰਦੇ ਹਨ-ਜਟਾਂ ਵਿਚੋਂ ਵੀ ਗੰਗਾਂ ਵਗਦੀ ਹੋਣ ਕਾਰਨ।

ਸਹੀ ਅਰਥ: ਚੰਦਰਮਾ ਸ਼ਿਵ ਜੀ ਦੇ ਮੱਥੇ ਉਤੇ ਵਸਦਾ ਹੈ ਅਤੇ ਗੰਗਾ ਦਾ ਇਸ਼ਨਾਨ ਕਰਦਾ ਹੈ।

24. ਪੰਨਾ 281: *ਤਾਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ।*

ਗਿਆਨੀ ਜੀ ਅਰਥ ਕਰਦੇ ਹਨ: ਰਾਮ ਦਾ ਨਾਮ ਜਪ।

ਸਹੀ ਅਰਥ: ਇਸ ਲਈ ਮੈਂ ਸਦਾ ਰਾਮ ਦਾ ਨਾਮ ਹੀ ਜਪਿਆ ਹੈ, ਭਾਵ ਜਪਦਾ ਹਾਂ।

25. ਪੰਨਾ 287: *ਹਉ ਅਧੀਨ ਹਾਂ ਭਗਤ ਦੇ ਪਹੁੰਚਿ ਨ ਹੰਘਾ ਭਗਤੀ ਦਾਵੈ।*

ਗਿਆਨੀ ਜੀ ਨੇ ਇਸ ਤੁਕ ਦਾ ਅਰਥ ਕੀਤਾ ਹੈ: ਮੈਂ ਪ੍ਰੇਮਾ ਭਗਤੀ ਦੇ ਵੱਸ ਹਾਂ। ਹੰਘਤਾ ਨਾਲ ਮੈਨੂੰ ਪਾਇਆ ਨਹੀਂ ਜਾ ਸਕਦਾ। 'ਹੰਗਤਾ' ਸ਼ਬਦ ਤਾਂ ਹੈ, ਜਿਸ ਦਾ ਅਰਥ ਹੈ 'ਅਹੰਕਾਰ', ਪਰ 'ਹੰਘਤਾ' ਤਾਂ ਕੋਈ ਸ਼ਬਦ ਕਿਸੇ ਕੋਸ਼ ਵਿਚ ਹੈ ਹੀ ਨਹੀਂ। ਪਤਾ ਨਹੀਂ ਗਿਆਨੀ ਜੀ ਨੇ ਕਿੱਧਰੋਂ ਕੱਢ ਮਾਰਿਆ ਹੈ। ਸ਼ਾਬਾਜ਼ ਇਸ ਖੋਜ ਦੇ !

ਤੁਕ ਦਾ ਸਹੀ ਅਰਥ: ਮੈਂ ਭਗਤਾਂ ਦੇ ਅਧੀਨ ਹਾਂ, ਪਰ ਭਗਤੀ ਦੇ ਦਾਅਵਿਆ ਨਾਲ ਮੈਂ ਕਿਸੇ ਦੀ ਪਹੁੰਚ (reach) ਵਿਚ ਨਹੀਂ ਆ ਸਕਦਾ। 'ਹੰਘਾ' ਦਾ ਉੱਚਾਰਨ 'ਹੰਘਾ' ਹੈ ਅਤੇ ਅਰਥ ਹੈ 'ਸਕਦਾ ਹਾਂ'। ਦੇਖੋ: ਕੰਨ ਕੋਈ ਕਢਿ ਨ ਹੰਘਈ'-ਸ੍ਰੀ ਰਾਗ ਮਹਲਾ ੫ ਏਥੇ 'ਕੰਨ' ਦਾ ਉੱਚਾਰਨ 'ਕੰਨੂੰ' ਹੈ ਅਤੇ ਅਰਥ ਹੈ ਮੋਢਾ। ਅਰਥ: ਕੋਈ ਕੰਨ੍ਹ ਨਹੀਂ ਕਢ ਸਕਦਾ, ਮੋਢਾ ਨਹੀਂ ਚੁੱਕ ਸਕਦਾ, ਸਿਰ ਨਹੀਂ ਚੁੱਕ ਸਕਦਾ।

26. ਪੰਨਾ 294: *'ਸੰਤ ਸਭਾ ਜੈ ਕਾਰੋ'* ਦਾ ਅਰਥ ਗਿਆਨੀ ਨੇ ਕੀਤਾ ਹੈ: ਗੁਰੂ ਨਾਨਕ ਜੀ ਦੀ ਜੈ ਜੈ ਕਾਰ ਹੋਈ।

ਸਹੀ ਅਰਥ : (ਗੁਰੂ ਨਾਨਕ ਜੀ ਨੇ ਕਿਹਾ ਕਿ) ਸਾਡੀ ਨਮਸਕਾਰ ਉਨ੍ਹਾਂ ਸੰਤਾਂ ਦੀ ਸਭਾ ਨੂੰ ਹੈ,...

27. ਪੰਨਾ 297: *'ਭਗਤਿ ਪ੍ਰੇਮ ਆਰਾਧਿਤ ਸਚੁ'* ਦਾ ਅਰਥ ਗਿਆਨੀ ਜੀ ਨੇ ਕੀਤਾ ਹੈ: ਪ੍ਰੇਮਾ ਭਗਤੀ ਨਾਲ ਆਰਾਧਨਾ ਕਰਨੀ।

ਸਹੀ ਅਰਥ: ਜਿਹੜੇ ਮਨੁੱਖ ਰੱਬ ਦੀ ਭਗਤੀ ਕਰਦੇ ਹਨ ਅਤੇ ਸਦਾ ਥਿਰ ਵਾਹਿਗੁਰੂ ਨੂੰ ਪ੍ਰੇਮ ਨਾਲ ਆਰਾਧਦੇ ਹਨ।

28. ਪੰਨਾ 338: ਗਿਆਨੀ ਜੀ ਕਬੀਰ ਜੀ ਦੇ ਸ਼ਲੋਕ ਨੰ:੨੧੨ ਤੇ ੨੧੩ ਲਿਖ ਕੇ ਦੱਸਦੇ ਹਨ ਕਿ ਇਹ ਸ਼ਲੋਕ ਨਾਮਦੇਵ ਜੀ ਦੇ ਹਨ। ਇਹ ਲਿਖਣਾ

ਬਿਲਕੁਲ ਗ਼ਲਤ ਹੈ। ਸ੍ਰੀ ਗੁਰੂ ਗ੍ਰੰਥ ਜੀ ਵਿਚ ਨਾਮਦੇਵ ਜੀ ਦੇ ਕੋਈ ਸ਼ਲੋਕ ਨਹੀਂ ਹਨ, ਸਿਰਫ਼ ਸ਼ਬਦ ਹਨ। ਜੇ ਇਹ ਦੋਵੇਂ ਸ਼ਲੋਕ ਨਾਮਦੇਵ ਜੀ ਦੇ ਹੁੰਦੇ ਤਾਂ ਇਨ੍ਹਾਂ ਦਾ ਜੁਦਾ ਸਿਰਲੇਖ ਦਿੱਤਾ ਗਿਆ ਹੁੰਦਾ।

29. ਪੰਨਾ 339: ਗਿਆਨੀ ਜੀ ਕਬੀਰ ਜੀ ਦਾ ਸ਼ਲੋਕ ਨੰ: ੨੪੧ ਲਿਖਕੇ ਕਹਿੰਦੇ ਹਨ ਕਿ ਇਹ ਨਾਮਦੇਵ ਜੀ ਦਾ ਹੈ ਅਤੇ ਸ਼ਲੋਕ ਨੰ: ੨੪੨ ਲਿਖਕੇ ਕਹਿੰਦੇ ਹਨ ਕਿ ਇਹ ਰਵਿਦਾਸ ਜੀ ਦਾ ਹੈ। ਇਹ ਗਲ ਲਿਖਣੀ ਬਿਲਕੁਲ ਗਲਤ ਹੈ। ਸ੍ਰੀ ਗੁਰੂ ਗ੍ਰੰਥ ਜੀ ਵਿਚ ਨਾਮਦੇਵ ਜੀ ਅਤੇ ਰਵਿਦਾਸ ਜੀ ਦੇ ਕੋਈ ਸ਼ਲੋਕ ਨਹੀਂ। ਸਿਰਫ਼ ਸ਼ਬਦ ਹਨ। ਜੇ ਇਹ ਸ਼ਲੋਕ ਨਾਮਦੇਵ ਜੀ ਤੇ ਰਵਿਦਾਸ ਜੀ ਦੇ ਹੁੰਦੇ ਤਾਂ ਇਨ੍ਹਾਂ ਦੇ ਜੁਦੇ ਸਿਰਲੇਖ ਹੁੰਦੇ । ਇਨ੍ਹਾਂ ਦੋਹਾਂ ਦਾ ਭਾਵ ਇਹ ਹੈ ਕਿ ਕਬੀਰ ਜੀ ਆਖਦੇ ਹਨ ਕਿ ਮੈਂ ਨਾਮਦੇਵ ਜੀ ਅਤੇ ਰਵਿਦਾਸ ਜੀ ਦੀ ਬਾਣੀ ਪੜ੍ਹ ਕੇ ਦੇਖੀ ਹੈ, ਉਹ ਵੀ ਮੇਰੇ ਨਾਲ ਸੰਮਤੀ ਰੱਖਦੇ ਹਨ।

30. ਪੰਨਾ 350: ਗਿਆਨੀ ਜੀ ਲਿਖਦੇ ਹਨ ਕਿ 'ਨਿਵਣੁ ਸੁ ਅਖਰੁ' ਵਾਲੇ ਫ਼ਰੀਦ ਜੀ ਦੇ ਸ਼ਲੋਕ ਨੰ: ੧੨੧ ਨੂੰ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਦਸਿਆ ਹੈ, ਜੋ ਫਰੀਦ ਜੀ ਦੇ ਪ੍ਰਸ਼ਨ ਦਾ ਉੱਤਰ ਹੈ। ਉਸ ਜਨਮ ਸਾਖੀ ਦੀ ਇਹ ਲਿਖਤ ਅਤੇ ਗਿਆਨੀ ਜੀ ਦਾ ਇਹ ਵਿਚਾਰ ਭੁੱਲ ਹੈ। ਸ਼ਲੋਕ ਨੰ: ੧੨੬ ਅਤੇ ੧੨੭ ਦੋਵੇਂ ਫ਼ਰੀਦ ਜੀ ਦੇ ਹਨ। ਜੇ ਨੰ. ੧੨੭ ਗੁਰੂ ਨਾਨਕ ਜੀ ਦਾ ਹੁੰਦਾ ਤਾਂ ਸਿਰਲੇਖ ਇਹ ਜ਼ਾਹਿਰ ਕਰਦਾ।

31. ਪੰਨਾ 367: ਗਿਆਨੀ ਜੀ ਲਿਖਦੇ ਹਨ ਕਿ 'ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ' ਤੇ' ਖੇਵਟ ਕਿੰਨਿ ਗਏ ਤੋਂ ਵੀ ਸ਼ੇਖ ਫਰੀਦ ਦਾ ਅਪਣੇ ਪਹਿਲਾਂ ਹੋ ਚੁੱਕੇ ਗੱਦੀਦਾਰ ਮੱਲਾਹਾਂ ਵਲ ਸੰਕੇਤ ਹੈ। ਗਿਆਨੀ ਜੀ ਦਾ ਇਹ ਵਿਚਾਰ ਬਿਲਕੁਲ ਗਲਤ ਹੈ। ਫਰੀਦ ਜੀ ਬਿਨਾਂ ਕਿਸੇ ਲਿਹਾਜ਼ ਸਾਰੀ ਦੁਨੀਆ ਦੇ ਧਾਰਮਿਕ ਤੇ ਹਰ ਤਰ੍ਹਾਂ ਦੇ ਭੱਖੀ ਆਗੂਆਂ ਵਲ ਇਸ਼ਾਰਾ ਕਰਦੇ ਹਨ।

32. ਪੰਨਾ 367 'ਦੁਧਾ-ਥਨੀ ਨ ਆਵਈ' ਦਾ ਅਰਥ ਗਿਆਨੀ ਜੀ ਕਰਦੇ ਹਨ: ਫਿਰ ਵੀ ਗਿਆਨ ਦਾ ਬਾਲ ਨਹੀਂ ਜੰਮਦਾ-ਥਨਾਂ ਵਿਚ ਦੁੱਧ ਨਹੀਂ ਆਉਂਦਾ। ਇਹ ਅਰਥ ਬਿਲਕੁਲ ਗਲਤ ਹੈ।

ਸਹੀ ਅਰਥ: ਪਤੀ ਮਿਲਾਪ ਦੀ ਅਵਸਥਾ ਨਹੀਂ ਆਉਂਦੀ, 'ਦੁਧਾ-ਥਨੀ' ਸਮਾਸੀ ਹੈ। 'ਦੁਧਾ' ਤੇ 'ਥਨੀ' ਦੋ ਸ਼ਬਦ ਨਹੀਂ। ਗਉੜੀ ਪੂਰਬੀ ਛੰਦ ਮਹਲਾ ੧ ਵਿਚ ਗੁਰੂ ਨਾਨਕ ਜੀ ਨੇ ਵੀ ਇਹ ਸਮਾਸੀ ਸਬਦ ਵਰਤਿਆ ਹੈ: *ਮੈ ਮਤਿ ਜੋਬਨਿ ਗਰਬਿ ਗਾਲੀ, ਦੁਧਾ ਥਣੀ ਨ ਆਵਏ*

33. ਪੰਨਾ 368: ਗਿਆਨੀ ਜੀ ਨੇ 'ਵਿਧਣ ਖੂਹੀ' ਦਾ ਅਰਥ ਕੀਤਾ ਹੈ 'ਅੰਨ੍ਹੀ ਖੂਹੀ'। ਸ਼ਬਦ ਵਿਧਨ ਸੰਸਕ੍ਰਿਤ ਦੇ ਸ਼ਬਦ 'ਵਿਧੂਨ' ਤੋਂ ਆਇਆ ਹੈ, ਜਿਸਦਾ ਅਰਥ ਹੈ 'ਡਰਾਉਣੀ'। ਸੋ ਵਿਧਣ ਖੂਹੀ ਦਾ ਅਰਥ ਹੈ ਡਰਾਉਣੀ ਖੂਹੀ, ਜੋ ਦੱਸਣਾ ਜਰੂਰੀ ਸੀ, ਪਿੱਛੋਂ ਭਾਵੇ 'ਅੰਨ੍ਹੀ ਖੂਹੀ' ਵੀ ਲਿਖ ਦਿੰਦੇ।

34. ਪੰਨਾ 482: ਗਿਆਨੀ ਜੀ ਲਿਖਦੇ ਹਨ: ਪ੍ਰੋ: ਸਾਹਿਬ ਸਿੰਘ ਜੀ ਅਨੁਸਾਰ ਕੀ 'ਭਗਤ ਭੰਡਾਰ ਗੁਰਬਾਣੀ ਲਾਲ' ਵਾਲਾ ਸ਼ਬਦ ਵੀ ਠੀਕ ਨਹੀਂ ?

ਉੱਤਰ: ਇਹ ਸ਼ਬਦ ਤਾਂ ਸਦਾ ਤੋਂ ਸਦਾ ਲਈ ਠੀਕ ਹੈ ਪਰ ਗਿਆਨੀ ਜੀ 'ਭਗਤਿ' ਦੀ ਥਾਂ 'ਭਗਤ' ਲਿਖ ਕੇ ਅਰਥਾਂ ਨੂੰ ਗਲਤ ਸਮਝਦੇ ਹਨ। ਸਹੀ ਪਾਠ ਹੈ: ਭਗਤਿ ਭੰਡਾਰ ਗੁਰਬਾਣੀ ਲਾਲ' ਅਤੇ ਇਸ ਤੁਕਾਂਤਾ ਦਾ ਅਰਥ ਹੈ :'ਗੁਰਬਾਣੀ ਭਗਤੀ ਦੇ ਭੰਡਾਰ ਹਨ, ਮਾਨੋ, ਲਾਲਾਂ ਦੇ ਭੰਡਾਰ ਹਨ। ਗਿਆਨੀ ਜੀ ਨੇ 'ਭਗਤ ਭੰਡਾਰ' ਲਿਖ ਕੇ ਅਰਥ 'ਭਗਤਾਂ ਦਾ ਭੰਡਾਰ' ਬਣਾ ਲਿਆ।

**ਗਿਆਨੀ ਦੀਆਂ ਕੁੱਝ ਲਿਖਤਾਂ ਅਤੇ ਉਨ੍ਹਾਂ ਤੇ ਸਾਡੇ ਵਲੋਂ ਟਿੱਪਣੀਆਂ।**

1. ਪੰਨਾ ੭ : ਪਲੇਟ: ਗੁਰੂ ਬਾਬਾ ਜੀ ਤੇ ਕਬੀਰ ਜੀ ਨਾ ਟੋਪੀ ਪਹਿਨਦੇ ਸਨ, ਨਾ ਤਿਲਕ ਲਾਉਂਦੇ ਸਨ ਅਤੇ ਨਾ ਮਾਲਾ ਪਹਿਨਦੇ ਸਨ। ਇਹੋ ਜਿਹੇ ਚਿੱਤਰ ਪੁਸਤਕ ਵਿਚ ਦੇਣੇ ਗੁਰਮਤਿ ਦਾ ਪ੍ਰਚਾਰ ਨਹੀਂ, ਮਨਮਤਿ ਦਾ ਪਰਚਾਰ ਹੈ।

2 ਪੰਨਾ ੭ : ਪਲੇਟ: ਬੁਰਹਾਨ ਪੁਰ ਵਾਲੀ ਜਨਮ ਸਾਖੀ ਵਿਚਲਾ ਸੰਮਤ ਪੜ੍ਹਿਆ ਨਹੀਂ ਜਾਂਦਾ। ਕਿਸਨੇ ਲਿਖੀ ? ਕਦੋਂ ਲਿਖੀ ?'ਵਾਹੀਗੁਰੂ' 'ਵਾਹਾਂਗੁਰੂ' ਹੈ, ਜੋ ਗਲਤ ਹੈ। ਭਾਸ਼ਾ ਤੋਂ ਅਨਜਾਣ ਕਿਸੇ ਬੰਦੇ ਦੀ ਲਿਖੀ ਹੋਈ ਹੈ, ਔਂਕੜ ਦੀ ਅੱਜ ਵਾਲੀ ਸ਼ਕਲ ਨੌਵੀਂ ਪਾਤਸ਼ਾਹੀ ਸਮੇਂ ਵਿਕਸਤ ਹੋਈ। ਸੋ ਇਹ ਕੱਚੀ ਬਾਣੀ ਨੌਵੇਂ ਪਾਤਸ਼ਾਹ ਦੇ ਸਮੇਂ ਤੋਂ ਪਹਿਲਾਂ ਦੀ ਹਰਗਿਜ਼ ਨਹੀਂ।

3. ਪੰਨਾ ੩੬ : ਜਿਸ ਲਿਖਤ ਵਿਚ 'ਗੁਰੂ ਜੀ ਦੀ ਆਰਤੀ ਉਤਾਰੀ। ਗੁਰੂ ਜੀ ਦੇ ਮੱਥੇ ਤੇ ਕੇਸਰ ਦਾ ਤਿਲਕ ਲਾਦਿਆਂ' ਲਿਖਿਆ ਹੋਇਆ ਹੈ। ਅਸੀਂ ਉਸ ਨਹੀਂ ਮੰਨਦੇ ਕਿਉਂਕਿ ਗੁਰੂ ਜੀ ਨਾ ਆਰਤੀ ਉਤਾਰਦੇ ਸਨ ਤੇ ਨਾ ਤਿਲਕ ਲਾਉਂਦੇ ਸਨ।

4. ਪੰਨਾ ੩੯ : ਗਿਆਨੀ ਜੀ ਫ਼ਰੀਦ ਜੀ ਦੀ ਬਾਣੀ ਨੂੰ ਫ਼ਰੀਦ ਸਾਨੀ ਦੀ ਲਿਖਤ ਮੰਨਣ ਵਾਲਿਆਂ ਦੀ ਲਿਸਟ ਵਿਚ ਭਾਈ ਕਾਨ੍ਹ ਸਿੰਘ ਦਾ ਨਾਮ ਵੀ ਲਿਖਦੇ ਹਨ। ਇਹ ਲਿਖਣਾ ਗ਼ਲਤ ਹੈ। ਭਾਈ ਕਾਨ੍ਹ ਸਿੰਘ ਨੇ ਫ਼ਰੀਦ ਦੀ ਬਾਣੀ ਫ਼ਰੀਦ ਦੀ ਮੰਨੀ ਹੈ, ਫਰੀਦ ਸਾਨੀ ਦੀ ਨਹੀਂ, ਦੇਖੋ ਮਹਾਨ ਕੋਸ਼।

5. ਪੰਨਾ 57: ਗਿਆਨੀ ਜੀ ਲਿਖਦੇ ਹਨ: ਬਸੰਤ ਰਾਗ ਵਿਚ ਵੀ ਕਬੀਰ ਜੀ ਦੀ ਬਾਣੀ ਨੂੰ ਪਹਿਲਾਂ ਰੱਖਿਆ ਹੈ, ਹਾਲਾਂ ਕਿ ਕਬੀਰ ਜੀ ਰਾਮਾਨੰਦ ਜੀ ਦੇ ਸਿੱਖ ਸਨ।

ਟਿੱਪਣੀ: ਕਾਰਨ ਇਹ ਹੈ ਕਿ ਕਬੀਰ ਜੀ ਦੀ ਬਾਣੀ ਸਾਰੇ ਭਗਤਾਂ ਨਾਲੋਂ ਜ਼ਿਆਦਾ ਹੈ।

6. ਪੰਨਾ 58: ਗਿਆਨੀ ਜੀ ਲਿਖਦੇ ਹਨ: ਪ੍ਰੋ: ਜੀ ਲਿਖਦੇ ਹਨ ਕਿ ਕਬੀਰ ਜੀ ਕਿਸ਼ਨ ਜੀ ਦਾ ਧਿਆਨ ਧਰ ਕੇ ਕਹਿੰਦੇ ਹਨ ਕਿ ਜਿਵੇਂ ਉਹ ਗੁਆਲਣ ਤੁਹਾਡੇ ਤੋਂ ਵਾਰੇ ਜਾਂਦੀ ਹੈ, ਮੇਰੇ ਮਨ ਵਿਚ ਵੀ ਓਸੇ ਵਾਂਗ ਤੁਹਾਡੀ ਪ੍ਰੀਤ ਹੈ। ਮੈਨੂੰ ਕਬੀਰ ਨੂੰ ਵੀ ਉਸ ਗੁਆਲਣ ਵਾਂਗ ਅਪਣਾ ਪ੍ਰੇਮੀ ਜਾਣ ਕੇ ਨਾਲ ਰੱਖੋ।

ਟਿੱਪਣੀ : ਇਹ ਲਿਖਣਾ ਬਿਲਕੁਲ ਗਲਤ ਹੈ। ਪ੍ਰੋ. ਜੀ ਲਿਖਦੇ ਹਨ ਕਿ ਕਬੀਰ ਜੀ ਪ੍ਰਭੂ ਅੱਗੇ ਅਰਦਾਸ ਕਰਦੇ ਹਨ।

*ਦੇਖੋ 'ਦਰਪਣ', ਪੋਥੀ ਦੂਜੀ, ਪੰਨਾ ੬੫੯-੬੬੦।*

7. ਪੰਨਾ 58: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ *'ਰਾਜਨ ਕਉਨੁ ਤੁਮਾਰੈ ਆਵੈ'* ਵਾਲੇ ਸ਼ਬਦ ਵਿਚ ਕ੍ਰਿਸ਼ਨ ਜੀ ਨੂੰ ਠਾਕੁਰ ਜਾਣ ਕੇ ਪੂਜਕੇ ਮੰਨਿਆ ਹੈ।

ਟਿੱਪਣੀ: ਇਹ ਲਿਖਣਾ ਬਿਲਕੁੱਲ ਗਲਤ ਹੈ। ਪ੍ਰੋ. ਜੀ ਅਨੁਸਾਰ ਕਬੀਰ ਜੀ 'ਠਾਕੁਰ' ਵਾਹਿਗੁਰੂ ਨੂੰ ਕਹਿ ਰਹੇ ਹਨ।

*ਦੇਖੋ 'ਦਰਪਣ', ਪੋਥੀ ਅਠਵੀਂ, ਪੰਨਾ ੨੦੪।*

8. ਪੰਨਾ 59 : ਗਿਆਨੀ ਜੀ ਲਿਖਦੇ ਹਨ: *ਧੰਨਿ ਧੰਨਿ ਓ ਰਾਮਬੇਨੁ ਬਾਜੈ* ਵਾਲੇ ਸ਼ਬਦ ਵਿਚ ਪ੍ਰੋ. ਜੀ ਦੀ ਕ੍ਰਿਸ਼ਨ ਜੀ ਦੀ ਪ੍ਰਤੀ ਸ਼ਰਧਾ ਪੜ੍ਹਨ ਨਾਲ ਸੰਬੰਧ ਰੱਖਦੀ ਹੈ।

ਟਿੱਪਣੀ : ਇਹ ਲਿਖਣਾ ਬਿਲਕੁਨ ਗਲਤ ਹੈ। 'ਰਾਮ' 'ਰਾਮਈਆ' ਤੇ ਨਾਰਾਇਣੇ ਕ੍ਰਿਸ਼ਨ ਜੀ ਲਈ ਨਹੀਂ ਵਰਤੇ ਗਏ। ਵਾਹਿਗੁਰੂ ਕ੍ਰਿਸ਼ਨ ਰੂਪ ਵਿਚ ਵੀ ਹੋ ਸਕਦਾ ਹੈ,। ਦੇਖੋ,

*'ਦਰਪਣ', ਪੋਥੀ ਪੰਜਵੀਂ, ਪੰਨਾ ੭੧੪-੭੧੮।*

9. ਪੰਨਾ 60 : ਗਿਆਨੀ ਜੀ ਲਿਖਦੇ ਹਨ: 'ਗੁਆਲਣਾਂ ਨਾਲ ਰਲ ਕੇ ਕ੍ਰਿਸ਼ਨ ਕ੍ਰਿਸ਼ਨ ਕੂਕਣ ਦੀ ਲੋੜ ਨਹੀਂ।

ਟਿੱਪਣੀ: ਗੁਆਲਣਾ ਵਾਂਗ ਪ੍ਰੀਤਮ ਪ੍ਰੀਤਮੁ ਕੂਕਣ ਦੀ ਲੋੜ ਹੈ।

10. ਪੰਨਾ 96: ਗਿਆਨੀ ਜੀ ਲਿਖਦੇ ਹਨ: ਪੋਥੀਆਂ ਵਿਚ ਲਿਖਤ ਹੈ: ਕਬੀਰ ਨਾਮਾ ਭਗਤ ਬਾਬੇ ਕੇ।

ਟਿੱਪਣੀ: ਇਹ ਗੱਲ ਗੁਰੂ ਬਾਬਾ ਜੀ ਨੇ ਨਹੀਂ ਕਹੀ, ਕਿਸੇ ਅਗਿਆਤ ਲਿਖਾਰੀ ਨੇ ਲਿਖ ਦਿੱਤੀ ਹੈ। ਫਿਰ ਵੀ ਇਸ ਦਾ ਮਤਲਬ ਤਾਂ ਇਹ ਹੈ ਕਿ ਕਬੀਰ ਤੇ ਨਾਮ ਦੇਵ ਨੂੰ ਗੁਰੂ ਬਾਬੇ ਨੇ ਭਗਤ ਮੰਨਿਆ ਹੈ ਪਰ ਅਪਣੇ ਸਿਖ ਨਹੀਂ ਮੰਨਿਆ। ਸਿਖ ਭਗਤਾਂ ਨਾਲੋਂ ਉਚੇ ਹੁੰਦੇ ਹਨ:

*ਕਲਿ ਜੁਗਿ ਨਾਮਾ ਭਗਤੁ ਹੋਇ ਫੇਰਿ ਦੇਹੁਰਾ ਗਾਇ ਜੀਵਾਈ ॥*
*ਭਗਤੁ ਕਬੀਰੁ ਵਖਾਣੀਐ, ਬੰਦੀ ਖਾਨੇ ਤੇ ਉਠਿ ਜਾਈ ॥*
*ਧੰਨਾ ਜਟੁ ਉਧਾਰਿਆ, ਸਧਨਾ ਜਾਤਿ ਅਜਾਤਿ ਕਸਾਈ ॥*
*ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾਂ ਵਿਚਿ ਕਰਿ ਵਡਿਆਈ ॥*
*ਬੇਣਿ ਹੋਆ ਅਧਿਆਤਮੀ ਸੈਣੁ ਨੀਚ ਕੁਲੁ ਅੰਦਿਰ ਨਾਈ ॥*
*ਪੈਰੀ ਪੈ ਪਾ-ਖਾਕ ਹੋਇ ਗੁਰ ਸਿੱਖਾਂ ਵਿਚਿ ਵਡੀ ਸਮਾਈ ॥*
*ਅਲਖ ਲਖਾਇ ਨ ਅਲਖੁ ਲਖਾਈ ॥ ੧੫॥ ੧੨॥ (ਭਾਈ ਗੁਰਦਾਸ ਜੀ)*

11. ਪੰਨਾ 109: ਗਿਆਨੀ ਜੀ ਮਿਹਰਬਾਨ ਵਾਲੀ ਜਨਮ ਸਾਖੀ ਦਾ ਹਵਾਲਾ ਦਿੰਦੇ ਹਨ: ਬਾਬਾ ਨਾਨਕ ਜੀ ਧੋਤੀ ਕਸਿ ਕਰ ....,ਦਰਪਨ ਨੇਮ ਗਾਇਤ੍ਰੀ

ਪੜ੍ਹ ਕਰਿ...'।

ਟਿੱਪਣੀ: ਇਹੋ ਜਿਹੇ ਹਵਾਲੇ ਗੁਰਮਤਿ ਤੋਂ ਉਲਟ ਹਨ, ਇਨ੍ਹਾਂ ਦੀ ਸਾਨੂੰ ਲੋੜ ਨਹੀਂ। ਗੁਰੂ ਜੀ ਨਾ ਤਾਂ ਗਾਇਤ੍ਰੀ ਪੜ੍ਹਦੇ ਸਨ, ਨਾ ਧੋਤੀ ਬੰਨ੍ਹਦੇ ਸਨ। ਜਿਵੇ ਸ੍ਰੀ ਰਾਮ ਚੰਦਰ ਜੀ, ਹਨੂਮਾਨ ਜੀ ਤੇ ਮਹਾਂਭਾਰਤ ਸਮੇਂ ਕਛਹਿਰਾ ਪਾਉਂਦੇ ਸਨ, ਤਿਵੇਂ ਹੀ ਗੁਰੂ ਜੀ ਵੀ ਪਾਉਂਦੇ ਸਨ। ਸੰਸਕ੍ਰਿਤ ਦੇ (ਕਕਸ਼ਾ' ਤੋਂ 'ਕੱਛਾ' ਤੇ 'ਕਛਹਿਰਾ' ਸ਼ਬਦ ਲਏ ਹਨ, ਜੇ ਕੋਈ ਕਹੇ ਕਿ ਕਛਹਿਰੇ ਦਾ ਕੀ ਸਬੂਤ ਹੈ ਤਾਂ ਅਸੀਂ ਪੁੱਛੀਏ ਕਿ ਧੋਤੀ ਦਾ ਕੀ ਸਬੂਤ ਹੈ?

12. ਪੰਨਾ 128. ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਈਸ਼ਵਰ ਨੂੰ 'ਰਾਜਾ ਰਾਮ' ਕਹਿੰਦੇ ਹਨ।

ਉੱਤਰ: ਗੁਰੂ ਸਾਹਿਬਾਂ ਨੇ ਵੀ 'ਰਾਮ ਰਾਜੇ', 'ਰਾਮ ਰਾਜਿਆ' ਵਰਤਿਆ ਹੈ।

13. ਪੰਨਾ 208 : ਗਿਆਨੀ ਜੀ ਸੰਪਾਦਨ ਦਾ ਨੋਟ ਦਿੰਦੇ ਹਨ, ਜਿਸ ਵਿਚ ਲਿਖਿਆ ਹੈ: ਉਸ ਯੁਵਕ ਫਰੀਦ ਦਾ ਮਾਲਾ ਤਿਲਕ ਸੇ ਵਿਸ਼ੇਸ਼ ਸਵਾਗਤ ਕੀਤਾ।

ਟਿੱਪਣੀ : ਗੁਰੂ ਨਾਨਕ ਜੀ ਮਾਲਾ ਤੇ ਤਿਲਕ ਦੇ ਵਿਰੋਧੀ ਸਨ, ਸੋ ਉਨ੍ਹਾਂ ਨਾ ਮਾਲਾ ਪਹਿਨੀ, ਨਾ ਤਿਲਕ ਲਵਾਇਆ।

14. ਪੰਨਾ 248 : ਗਿਆਨੀ ਜੀ ਚਰਚਾ ਤੇ ਗ੍ਰੰਥਾਂ ਦੇ ਹਵਾਲਿਆਂ ਦੇ ਸਾਰ ਵਿਚ ਇੰਝ ਲਿਖਦੇ ਹਨ: ਨਾਮਦੇਵ ਦਾ ਪੰਜਾਬ ਆ ਕੇ ਘੁਮਾਣ ਪਿੰਡ ਵਿਚ ਰਹਿਣ ਤੇ ਸਮਾਉਣ ਦਾ ਸਬੂਤ ਏਥੇ ਬਣੀ ਸਮਾਧਿ ਸਿੱਧ ਕਰਦੀ ਹੈ।

ਟਿੱਪਣੀ: ਇਹ ਸਮਾਧਿ ਤਾਂ ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਬਣਵਾਈ ਸੀ। (ਦੇਖੋ ਮਹਾਨ ਕੋਸ਼)

15. ਪੰਨਾ 254 : ਹਜ਼ਰਤ ਇਬਨ ਅਰਬੀ ਦੀ ਵਾਰਤਾ ਵਿਚ ਕਾਅਬੇ ਨੂੰ ਬੋਲਦਾ ਦੱਸਿਆ ਗਿਆ ਹੈ।

ਟਿੱਪਣੀ: ਕਾਅਬਾ ਬੋਲ ਨਹੀਂ ਸਕਦਾ। ਇਹ ਹਜ਼ਰਤ ਇਬਨ ਅਰਬੀ ਦੀ ਮਨੋ ਕਲਪਨਾ ਹੈ।

16. ਪੰਨਾ 254 : ਕਾਅਬੇ ਨੂੰ ਜੰਗਲ ਵਿਚ ਜਾਂਦੇ ਦੱਸਿਆ ਹੈ।

ਟਿੱਪਣੀ: ਕਾਅਬਾ ਤੁਰ ਨਹੀਂ ਸਕਦਾ। ਰਾਬਿਆ' ਤੇ 'ਹਜਰਤ ਇਬਰਾਹੀਮ' ਦੀ ਮਨੋਕਲਪਨਾ ਹੈ।

17. ਪੰਨਾ 254: ਗਿਆਨੀ ਜੀ ਨੇ ਭਾਈ ਗੁਰਦਾਸ ਜੀ ਦੀ ਵਾਰ ੧੦ ਦੀ ਪਉੜੀ ੧੨ ਲਿਖੀ ਹੈ:

ਟਿੱਪਣੀ: ਭਾਈ ਗੁਰਦਾਸ ਜੀ ਨੇ ਲੋਕਾਂ ਦੇ ਮੂੰਹ ਚੜ੍ਹੀ ਵਾਰਤਾ ਲਿਖੀ ਪੱਥਰ । ਪੂਜਾ ਗੁਰਮਤਿ ਨਹੀਂ। ਗੁਰਮਤਿ ਦਾ ਤੱਤ ਭਾਈ ਸਾਹਿਬ ਜੀ ਨੇ ਅੰਤਲੀ ਤੁਕ ਵਿਚ ਦਿੱਤਾ ਹੈ, ਜੋ ਗਿਆਨੀ ਜੀ ਨੇ ਲਿਖਣੀ ਛੱਡ ਦਿੱਤੀ ਹੈ। ਉਹ ਤੁਕ ਇਹ ਹੈ:

*ਭਗਤ ਜਨਾ ਦਾ ਕਰੇ ਕਰਾਇਆ ॥ ੧੧ ॥ ੧੦ ॥*

18. ਪੰਨਾ 255: ਗਿਆਨੀ ਜੀ ਲਿਖਦੇ ਹਨ: ਕਪਲ ਗਊ ਨਾਮਾ ਨੇ ਚੋਆ ਕੇ ਕਟੋਰੇ ਵਿਚ ਦੁੱਧ ਪਾ ਕੇ ਗੜਵੇ ਵਿਚ ਪਾਣੀ ਲੈ ਕੇ ਠਾਕੁਰ ਦੀ ਪੂਜਾ ਕੀਤੀ।

ਟਿੱਪਣੀ: ਗਿਆਨੀ ਜੀ ਦੇ ਇਹ ਵਿਚਾਰ ਭੈਰਉ ਨਾਮਦੇਵ ਜੀ ਵਿਚ 'ਦੂਧੁ ਕਟੋਰੈ ਗਡਵੈ ਪਾਣੀ' ਵਾਲੇ ਸ਼ਬਦ ਬਾਰੇ ਹਨ, ਜੋ ਬਿਲਕੁਲ ਗਲਤ ਹਨ। ਗਰੀਬ ਨਾਮਦੇਵ ਦੇ ਪਾਸ ਸੋਨੇ ਦੀ ਕਟੋਰੀ ਨਹੀਂ ਸੀ। ਸਹੀ ਅਰਥ ਲਈ 'ਦਰਪਣ' ਪੋਥੀ ਅੱਠਵੀਂ, ਪੰਨਾ ੪੫੬-੪੫੭ ਦੇਖਿਆ ਜਾ ਸਕਦਾ ਹੈ ਅਤੇ ਹੋਰ ਵੀ ਖੁਲ੍ਹੀ ਵਿਚਾਰ ਲਈ 'ਦਰਪਣ' ਪੋਥੀ ਪੰਜਵੀਂ, ਪੰਨਾ ੭੨੮-੭੪੧।

19. ਪੰਨਾ 256: ਗਿਆਨੀ ਜੀ ਲਿਖਦੇ ਹਨ: ਨਾਮਦੇਵ ਦੀ ਛੱਪਰੀ ਬਨਾਉਣ ਲਈ ਦੇਵ-ਗਣ ਆਏ।

ਟਿੱਪਣੀ : ਦਸ਼ਮੇਸ਼ ਜੀ ਤਾਂ ਬਿਚਿਤ੍ਰ ਨਾਟਕ ਵਿਚ ਉਚਰਦੇ ਹਨ :

*ਸਾਧ ਕਰਮ ਜੋ ਪੁਰਖ ਕਮਾਵੈ' 11 ਨਾਮ ਦੇਵਤਾ ਜਗਤਿ ਕਹਾਵੈਂ।*

ਸੋ ਹੋਰ ਦੇਵ ਗਣ ਕਿਹੜੇ ਆਉਣੇ ਸੀ ? ਉਹ ਗਿਆਨੀ ਜੀ ਦੀ ਮਨੋਕਲਪਣਾ ਹੈ। ਕੋਈ ਸੰਤ ਗੁਰਮੁਖਿ ਭਲਾ ਬੰਦਾ ਨਾਮਦੇਵ ਦੀ ਛੱਪਰੀ ਨਵੀਂ ਛੱਤ ਗਿਆ, ਜਿਸਨੂੰ ਪ੍ਰੇਰਕੇ ਵਾਹਿਗੁਰੂ ਬੇਢੀ ਨੇ ਭੇਜਿਆ। ਇਸ ਸਚਾਈ ਨੂੰ ਗਿਆਨੀ ਜੀ ਇਹ ਕਹਿ ਕੇ ਦਬਾਉਣਾ ਚਾਹੁੰਦੇ ਹਨ ਕਿ ਇਹ ਗੱਲ ਕੋਮਰੇਡ ਭਾਵ ਕਮਿਊਨਿਸਟ ਵਿਦਵਾਨ ਕਹਿੰਦੇ ਹਨ।

20. ਪੰਨਾ 256 : ਗਿਆਨੀ ਜੀ ਲਿਖਦੇ ਹਨ: ਨਾਮਦੇਵ ਜੀ ਕਹਿੰਦੇ ਹਨ,'ਜਉ ਗੁਰਦੇਉ ਤਾ ਛਾਪਰ ਛਾਈ।

ਟਿੱਪਣੀ: ਇਸ ਤੁਕ ਦਾ ਅਰਥ ਇਹ ਹੈ: ਗੁਰੂ ਦੀ ਸ਼ਰਨ ਪਏ ਗਰੀਬ ਨੂੰ ਰੱਬ ਆਪ ਬਹੁੜਦਾ ਹੈ, ਜਿਵੇਂ ਕਿ ਨਾਮਦੇਵ ਦੀ ਕੁੱਲੀ ਬਣੀ ਸੀ।

21. ਪੰਨਾ 270 : ਗਿਆਨੀ ਜੀ ਨੇ ਦੋ ਹਵਾਲੇ-'ਮੇਰੋ ਬਾਪੁ ਮਾਧਉ' ਤੇ 'ਧੰਨੇ ਧੇਨਿ ਓ ਰਾਮਬੇਨੁ'-ਦਿਤੇ ਹਨ, ਇਹ ਸਾਬਤ ਕਰਨ ਲਈ ਕਿ ਨਾਮਦੇਵ ਜੀ ਰਾਮ, ਜਾਂ ਵਿਸ਼ਨੂ ਕ੍ਰਿਸ਼ਨ ਦੇ ਭਗਤ ਸਨ।

ਟਿੱਪਣੀ: ਨਾਮਦੇਵ ਜੀ ਰਾਮ, ਕ੍ਰਿਸ਼ਨ ਜਾਂ ਵਿਸ਼ਨੂ ਭਗਤ ਨਹੀਂ ਸਨ, ਪ੍ਰਭੂ ਭਗਤ ਸਨ। ਦੇਖੋ,'ਦਰਪਣ,' ਪੋਥੀ ਪੰਜਵੀਂ, ਪੰਨਾ ੭੧੨-੭੨੭।

22. ਪੰਨਾ 277: ਗਿਆਨੀ ਜੀ ਲਿਖਦੇ ਹਨ: ਦੱਤਾ ਵਾਧਨ ਪੋਤੇਦਾਰ ਨੇ ਨਾਮਦੇਵ ਜੀ ਦੇ ਹੱਥਾਂ ਦੀ ਲਿਖੀ, ਇਕ 1585 ਸਾਕਾ ਸੰਮਤ ਦੀ ਅਸਲੀ ਲਿਖਤ ਲੱਭ ਕੇ ਛਾਪੀ ਹੈ।

ਟਿੱਪਣੀ: 1585 ਸਾਕਾ ਦਾ ਭਾਵ ਹੈ 1507 ਵਿਕ੍ਰਮੀ ਅਤੇ 1450 ਈ.। ਗਿਆਨੀ ਜੀ ਨੇ ਉਹ ਅਸਲੀ ਹੱਥ ਲਿਖਤ ਆਪਣੀ ਕਿਤਾਬ ਵਿਚ ਕਿਉ ਨਹੀਂ ਦਿੱਤੀ ?

23. ਪੰਨਾ 279: ਗਿਆਨੀ ਜੀ ਲਿਖਦੇ ਹਨ: ਭਗਤ ਨਾਮਦੇਵ ਜੀ ਦੀ ਬਾਣੀ ਵਿਚ ਤ੍ਰਿਲੋਚਨ ਜੀ ਨੂੰ ਤਿੰਨ ਥਾਵਾਂ ਉਤੇ ਸੰਬੋਧਨ ਕੀਤਾ ਗਿਆ ਹੈ,

ਟਿੱਪਣੀ: ਗਿਆਨੀ ਜੀ ਦਾ ਇਹ ਲਿਖਣਾ ਬਿਲਕੁਲ ਗਲਤ ਹੈ। ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਤ੍ਰਿਲੋਚਨ ਜੀ ਨੂੰ ਸਿਰਫ਼ ਇਕ ਵਾਰ ਸੰਬੋਧਨ ਕੀਤਾ ਹੈ, ਰਾਮਕਲੀ ਰਾਗ ਵਿਚ: *'ਕਹਤ ਨਾਮਦੇਉ, ਸੁਨਹੁ ਤ੍ਰਿਲੋਚਨ*। ਅਗਲਾ ਸ਼ਲੋਕ ਗਿਆਨੀ ਜੀ ਨੇ ਅਪਣੀ ਕਿਤਾਬ ਵਿਚ ਦਿੱਤਾ ਹੈ, ਪਰ ਉਸਦਾ ਅੰਕ ਨਹੀਂ ਪਾਇਆ, ਜੋ ੧੧੩ ਹੈ। ਇਸ ਤੋਂ ਪਹਿਲਾ ਸ਼ਲੋਕ ਹੈ:

*'ਨਾਮਾ, ਮਾਇਆ ਮੋਹਿਆ,' ਕਹੈ ਤ੍ਰਿਲੋਚਨ ਮੀਤੁ,"*
*ਕਾਹੇ ਛੀਪਹੁ ਛਾਇਲੇ, ਰਾਮ ਨ ਲਾਵਹੁ ਚੀਤੁ"*

ਇਹ ਦੋਵੇਂ ਸ਼ਲੋਕ ਨਾਮਦੇਵ ਜੀ ਦੇ ਨਹੀਂ, ਬਲਕਿ ਕਬੀਰ ਜੀ ਦੇ ਹਨ। ਇਨ੍ਹਾਂ ਵਿਚ ਕਬੀਰ ਜੀ ਨੇ ਨਾਮਦੇਵ ਜੀ ਤੇ ਤ੍ਰਿਲੋਚਨ ਜੀ ਦਾ ਜ਼ਿਕਰ ਕੀਤਾ ਹੈ। ਨੰ: ੨੧੨ ਵਿਚ ਤ੍ਰਿਲੋਚਨ ਸਵਾਲ ਕਰਦਾ ਹੈ ਅਤੇ ਨੰ: ੨੧੩ ਵਿਚ ਨਾਮਦੇਵ ਉੱਤਰ ਦਿੰਦਾ ਹੈ। ਇਹ ਦੋਵੇਂ ਸ਼ਲੋਕ ਕਬੀਰ ਜੀ ਦੇ ਸ਼ਲੋਕਾਂ ਵਿਚ ਆਉਂਦੇ ਹਨ। ਸ੍ਰੀ ਗੁਰੂ ਗ੍ਰੰਥ ਜੀ ਵਿਚ ਨਾਮਦੇਵ ਤੇ ਤ੍ਰਿਲੋਚਨ ਦੇ ਸ਼ਬਦ ਹੀ ਹਨ, ਸ਼ਲੋਕ ਕੋਈ ਨਹੀਂ। ਜੇ ਇਹ ਸ਼ਲੋਕ ਨਾਮਦੇਵ ਜਾਂ ਤ੍ਰਿਲੋਚਨ ਦੇ ਹੁੰਦੇ ਤਾਂ ਸਿਰਲੇਖਾਂ ਤੋਂ ਪ੍ਰਗਟ ਹੋ ਜਾਂਦਾ।

24. ਪੰਨਾ 315: ਗਿਆਨੀ ਜੀ ਲਿਖਦੇ ਹਨ: ਪ੍ਰੋ ਜੀ ਦਾ ਇਹ ਕਹਿਣਾ ਕਿ 'ਬੇਣੀ ਜੀ ਦੀ ਬਾਣੀ ਨੂੰ ਗੁਰੂ ਨਾਨਕ ਜੀ ਨੇ ਸਾਦਾ ਸ਼ਬਦਾਂ ਵਿਚ ਬਿਆਨ ਕਰ ਦਿੱਤਾ ਹੈ,' ਦਾ ਭਾਵ ਇਹ ਹੈ ਕਿ ਗੁਰੂ ਨਾਨਕ ਜੀ ਨੇ ਬੇਣੀ ਜੀ ਦੀ ਬਾਣੀ ਦਾ ਟੀਕਾ ਜਾਂ ਭਾਸ਼ ਲਿਖਿਆ। ਸਤਿਗੁਰਾਂ ਦੀ ਬਾਣੀ ਆਪਣੀ ਥਾਂ ਪਰੀਪੂਰਨ ਹੈ।

ਟਿੱਪਣੀ: ਇਹ ਗ਼ਲਤ ਅੰਦਾਜ਼ਾ ਗਿਆਨੀ ਜੀ ਨੇ ਆਪ ਹੀ ਲਾਇਆ ਹੈ।

25. ਪੰਨਾ 326: ਗਿਆਨੀ ਜੀ ਲਿਖਦੇ ਹਨ: ਸ੍ਰੀ ਗੁਰੂ ਗ੍ਰੰਥ ਜੀ ਦੇ ਸਾਰੰਗ ਵਿਚ ਆਇਆ 'ਪਦਾ' ਤੇ ਪਦੇ ਦੀ ਇਕ ਤੁਕ' ਸੂਰਦਾਸ ਜੀ ਦੀ ਰਚਨਾ ਮੰਨੀ ਜਾਂਦੀ ਹੈ।

ਟਿੱਪਣੀ: ਗਿਆਨੀ ਜੀ ਦਾ ਇਹ ਲਿਖਣਾ ਬਿਲਕੁਲ ਗਲਤ ਹੈ। ਸ੍ਰੀ ਗੁਰੂ ਗ੍ਰੰਥ ਜੀ ਵਿਚ ਸੂਰਦਾਸ ਜੀ ਦੀ ਸਿਰਫ਼ ਇਕ ਤੁਕ ਹੈ, ਸਾਰੰਗ ਰਾਗ ਵਿਚ। ਉਨ੍ਹਾਂ ਦਾ 'ਪਦਾ' ਕੋਈ ਨਹੀਂ। ਜਿਸ ਪਦੇ ਨੂੰ ਗਿਆਨੀ ਜੀ ਸੂਰਦਾਸ ਜੀ ਦਾ ਸਮਝਦੇ ਹਨ, ਉਹ ਤਾਂ ਪੰਜਵੀਂ ਪਾਤਿਸ਼ਾਹੀ ਦਾ ਹੈ।

26. ਪੰਨਾ 327: ਗਿਆਨੀ ਨੇ ਆਪਣੀ ਪੁਸਤਕ ਵਿਚ 'ਸ਼ਬਦਾਰੱਥ' ਦੀ ਟਿੱਪਣੀ ਦਿਤੀ ਹੈ ਕਿ ਕਰਤਾਰਪੁਰੀ ਬੀੜ ਵਿਚ 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ' ਤੋਂ ਪਿਛੋਂ ਸਾਰੀਆਂ ਤੁਕਾਂ ਉਤੇ ਹੜਤਾਲ ਫੇਰੀ ਹੋਈ ਹੈ।

ਟਿੱਪਣੀ: 'ਸ਼ਬਦਾਰਥ' ਵਿਚ ਇਹ ਟਿੱਪਣੀ ਬਿਲਕੁਲ ਨਹੀਂ। ਗਿਆਨੀ ਜੀ ਦੀ ਆਪਣੀ ਹੀ ਕਾਢ ਹੈ। ਦੇਖੋ ਸ਼ਬਦਾਰਥ ਪੋਥੀ ਚੋਥੀ, ਪੰਨਾ ੧੨੫੩ ਸਦਕੇ ਜਾਈਏ ਗਿਆਨੀ ਜੀ ਦੀ ਖੋਜ ਤੋਂ !

ਕਰਤਾਰਪੁਰ ਵਾਲੀ ਬੀੜ ਵਿਚ ਵੀ ਸਿਰਫ਼ ਇਕ ਤੁਕ ਹੀ ਹੈ, ਹੋਰ ਤੁਕਾਂ

ਨਹੀਂ ਹਨ। ਸੋ ਹੜਤਾਲ ਫੇਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਦੇਖੋ ਕਰਤਾਪੁਰੀ ਬੀੜ ਦੇ ਦਰਸ਼ਨ, ਪੰਨਾ ੧੧੩ ਅਤੇ 'ਦਰਪਣ' ਪੋਥੀ ਨੌਵੀਂ, ਪੰਨਾ ੧੩੩-੧੩੪।

27. ਪੰਨਾ 330 : ਗਿਆਨੀ ਜੀ ਲਿਖਦੇ ਹਨ: 'ਸੂਰਦਾਸ ਦੀ ਇਕ ਤੁਕ ਤੋਂ ਪਿਛਲੀਆਂ ਕਰੜੇ ਭਾਵਾਂ ਵਾਲੀਆਂ ਤੁਕਾਂ ਛੱਡਣ ਦਾ ਮਨੋਰਥ ਇਹ ਜਾਪਦਾ ਹੈ ਕਿ ਮਨਮੁਖਾਂ ਨੂੰ ਐਨਾ ਦੂਰ ਕਰਨਾ ਵੀ ਠੀਕ ਨਹੀਂ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਬਖ਼ਸ਼ਿਆ ਨਹੀਂ ਜਾ ਸਕਦਾ।

ਟਿੱਪਣੀ: ਗਿਆਨੀ ਜੀ ਨੇ ਇਹ ਅੰਦਾਜ਼ਾ ਵੀ ਆਪ ਹੀ ਘੜ ਲਿਆ ਹੈ।।

28. ਪੰਨਾ 332: ਗਿਆਨੀ ਜੀ ਲਿਖਦੇ ਹਨ: ਪ੍ਰੋ ਜੀ ਕਬੀਰ ਜੀ ਤੇ ਧੰਨਾ ਜੀ ਦੀ ਸਮਝ ਬਾਰੇ ਕੀ ਕਹਿਣਗੇ? ਕਿਸ ਨੇ ਕਿਸ ਕੋਲੋਂ ਬਾਣੀ ਲਿਖੀ ?

ਉੱਤਰ : ਸਾਂਝ ਲਈ ਇਕ ਦੂਜੇ ਨੂੰ ਸਰੀਰਕ ਤੌਰ ਤੇ ਮਿਲਣਾ ਜਾਂ ਇਕ ਦੂਜੇ ਕੋਲੋਂ ਬਾਣੀ ਲਿਖਣੀ ਜ਼ਰੂਰੀ ਨਹੀਂ।

29. ਪੰਨਾ 334 : ਗਿਆਨੀ ਜੀ ਲਿਖਦੇ ਹਨ: ਕ਼ਬੀਰ ਜੀ ਤੇ ਨਾਮਦੇਵ ਜੀ ਦੀ ਰਚਨਾ ਵਿਚ ਸਾਂਝ ਹੈ। ਕਿਸਨੇ ਕਿਸ ਤੋਂ ਲਿਖੀ ?

ਉੱਤਰ: ਨੰ: 28 ਵਾਲਾ ਹੀ ਹੈ।

30. ਪੰਨਾ 340: ਗਿਆਨੀ ਜੀ ਲਿਖਦੇ ਹਨ: ਫਰੀਦ, ਇਕ ਮੁਸਲਮਾਨ ਦੀ ਰਚਨਾ ਸਮੇਤ ਉਸਦੇ ਕੁੱਝ ਨਿੱਜੀ ਵਿਸ਼ਵਾਸ਼ਾਂ ਵਾਲੀ ਸ਼ਬਦਾਵਲੀ ਦੇ ਗੁਰੂ ਗ੍ਰੰਥ ਜੀ ਵਿਚ ਚੜ੍ਹਾਈ ਗਈ।

ਟਿੱਪਣੀ : ਫ਼ਰੀਦ ਜੀ ਦੇ ਵਿਸ਼ਵਾਸ ਗੁਰਮਤਿ ਨਾਲ ਮੇਲ ਖਾਂਦੇ ਸਨ, ਇਸ ਲਈ ਹੀ ਉਨ੍ਹਾਂ ਦੀ ਬਾਣੀ ਗੁਰੂ ਬਾਬਾ ਜੀ ਨੇ ਲਿਆਂਦੀ ਤੇ ਪਿਛੋਂ ਗੁਰੂ ਗ੍ਰੰਥ ਜੀ ਵਿਚ ਚੜ੍ਹਾਈ ਗਈ। ਸੋ ਫ਼ਰੀਦ ਜੀ ਦੇ ਵਿਸ਼ਵਾਸ ਉਨ੍ਹਾਂ ਦੇ ਨਿੱਜੀ ਨਹੀਂ ਕਹੇ ਜਾ ਸਕਦੇ।

31. ਪੰਨਾ 340 : ਗਿਆਨੀ ਜੀ ਲਿਖਦੇ ਹਨ: ਕਈ ਹਿੰਦੂ ਬਲਕਿ ਵੈਸ਼ਨਵ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਜੀ ਵਿਚ ਸੰਚਿਤ ਕੀਤੀ ਗਈ।

ਟਿੱਪਣੀ : ਜਦੋਂ ਵੀ ਕਿਸੇ ਹਿੰਦੂ ਭਗਤ ਦੀ ਬਾਣੀ ਸੰਚਿਤ ਕੀਤੀ ਗਈ, ਉਸ ਸਮੇਂ ਉਹ ਵੈਸ਼ਨਵ, ਸ਼ੈਵ ਆਦਿਕ ਨਹੀਂ ਸਨ ਬਲਕਿ ਇਕ ਰੱਬ ਨੂੰ ਮੰਨਣ ਵਾਲੇ ਸਨ।

32. ਪੰਨਾ 342 : ਗਿਆਨੀ ਜੀ ਲਿਖਦੇ ਹਨ: ਫਰੀਦ ਜੀ ਨੇ ਕਿਧਰੇ ਵੀ ਪੈਗੰਬਰ ਦਾ ਜ਼ਿਕਰ ਨਹੀਂ ਕੀਤਾ। ਬਲਕਿ 'ਗੁਰੂ' ਸ਼ਬਦ ਦੀ ਵਰਤੋਂ ਕੀਤੀ ਹੈ।

ਟਿੱਪਣੀ: 'ਗੁਰੂ' ਦਾ ਅਰਥ 'ਪੀਰ' ਵੀ ਹੈ ਅਤੇ ਫ਼ਰੀਦ ਜੀ ਨੇ ਪੀਰ ਸ਼ਬਦ ਵੀ ਵਰਤਿਆ ਹੈ, ਜਿਵੇਂ: 'ਜੋ ਜਨ ਪੀਰਿ ਨਿਵਾਜਿਆ'। ਦੇਖੋ ਸ਼ਲੋਕ ਫਰੀਦ, ਸ਼ਲੋਕ ਨੰ: ੮੨

33. ਪੰਨਾ 342 : ਗਿਆਨੀ ਜੀ ਲਿਖਦੇ ਹਨ: ਗੁਰੂ ਗ੍ਰੰਥ ਜੀ ਵਿਚ ਜੇ ਕਿਸੇ

ਸਿਰ ਕੱਢ ਮੁਸਲਮਾਨ ਫ਼ਰੀਦ ਦੀ ਰਚਨਾ ਹੈ ਤਾਂ ਉਹ ਫ਼ਰੀਦ ਜੀ ਹਨ।

ਟਿੱਪਣੀ : ਗੁਰੂ ਗ੍ਰੰਥ ਜੀ ਵਿਚ ਸਿਰਫ਼ ਇਕ ਵੀ ਮੁਸਲਮਾਨ ਦੀ ਰਚਨਾ ਹੈ, ਜੋ ਫਰੀਦ ਜੀ ਸਨ। ਬਾਕੀ ਸਾਰੇ ਭਗਤ ਹਿੰਦੂ ਸਨ।

34. ਪੰਨਾ 345: ਗਿਆਨੀ ਜੀ ਲਿਖਦੇ ਹਨ: ਗੁਰੂ ਨਾਨਕ ਤੇ ਫ਼ਰੀਦ ਸਾਨੀ ਵਿਚ ਜੋ ਚਰਚਾ ਹੋਈ, ਮੁਲਾਕਾਤ ਸਮੇਂ ਰਚੇ ਹੋਏ ਸ਼ਬਦ ਸ਼ਲੋਕਾਂ ਵਿਚ ਉਹ ਸ਼ਲੋਕ ਵੀ ਹਨ, ਜੋ ਫ਼ਰੀਦ ਜੀ ਦੇ ਸ਼ਲੋਕਾਂ ਦੇ ਸਿਰਨਾਵੇਂ ਹੇਠਾਂ ਗੁਰੂ ਗ੍ਰੰਥ ਜੀ ਵਿਚ ਦਰਜ ਹਨ।

ਟਿੱਪਣੀ: ਇਸ ਦਾ ਭਾਵ ਤਾਂ ਇਹ ਹੈ ਕਿ ਫਰੀਦ ਸਾਨੀ 'ਫ਼ਰੀਦ' ਦੇ ਸ਼ਲੋਕ ਹੀ ਵਰਤ ਰਹੇ ਸਨ।

35. ਪੰਨਾ 346; ਗਿਆਨੀ ਜੀ ਲਿਖਦੇ ਹਨ ਕਿ ਹਜ਼ਾਰਾਂ ਹਿੰਦੂਆਂ ਨੂੰ ਮੁਸਲਮਾਨ ਬਨਾਉਣ ਵਾਲੇ ਪਹਿਲੇ, ਮਸਊਦ ਦੀਨ ਫ਼ਰੀਦ 'ਹਰ ਮਨੁੱਖ ਦੇ ਹਿਰਦੇ ਨੂੰ ਸਮਝਣ' ਵਾਲੇ, ਉਦਾਰ ਨਜ਼ਰੀਏ ਦੇ ਧਾਰਨੀ ਸਨ ?

ਉੱਤਰ: ਸਾਰੇ ਹੀ ਸੂਫ਼ੀ ਫ਼ਕੀਰ ਉਦਾਰ ਨਜ਼ਰੀਏ ਦੇ ਧਾਰਨੀ ਹੁੰਦੇ ਹਨ। ਪ੍ਰਚਾਰ ਨਾਲ ਹਜ਼ਾਰਾਂ ਹਿੰਦੂ ਅਪਣੇ ਆਪ ਹੀ ਮੁਸਲਮਾਨ ਬਣ ਗਏ ਸਨ। ਉਸ ਨੇ ਤਲਵਾਰ ਨਾਲ ਨਹੀਂ ਸਨ ਬਣਾਏ। ਇਸ ਨੂੰ ਤੰਗ-ਦਿਲੀ ਨਹੀਂ ਕਿਹਾ ਜਾ ਸਕਦਾ, ਜਿਵੇਂ ਸਾਡਾ ਸਿੱਖ ਧਰਮ ਵੀ' ਮਾਨਸ ਕੀ ਜਾਤਿ ਸਭ ਏਕੈ ਪਹਿਚਾਨਬੋ ' ਦਾ ਧਾਰਨੀ ਹੈ ਪਰ ਜੇ ਕੋਈ ਪ੍ਰੇਰਨਾ ਨਾਲ ਸਿੱਖ ਬਣਨ ਲਈ ਤਿਆਰ ਹੋਵੇ ਤਾਂ ਬਣਾਇਆ ਜਾਂਦਾ ਹੈ, ਉਸ ਨੂੰ ਨਾਂਹ ਨਹੀਂ ਕੀਤੀ ਜਾਂਦੀ।

36. ਪੰਨਾ 350: ਗਿਆਨੀ ਜੀ ਲਿਖਦੇ ਹਨ: ਮਿਹਰਬਾਨ ਵਾਲੀ ਜਨਮ ਸਾਖੀ ਨੇ ਆਸਾ ਦੀ ਵਾਰ ਦੀ ਪਹਿਲੀ ਪਉੜੀ 'ਨਾਨਕ ਗੁਰੂ ਨ ਚੇਤਨੀ' ਨਾਲ ਤਿੰਨੇ ਸ਼ਲੋਕ ਉਚਾਰੇ ਦੱਸੇ ਹਨ।

ਟਿੱਪਣੀ : ਆਸਾ ਦੀ ਵਾਰ ਦੀ ਪਹਿਲੀ ਪਉੜੀ *'ਨਾਨਕ ਗੁਰੂ ਨ ਚੇਤਨੀ' ਨਹੀਂ ਬਲਕਿ 'ਆਪੀਨੈ ਆਪੁ ਸਾਜਿਓ' ਹੈ,* ਸ਼ਲੋਕ ਪੰਜਵੇਂ ਗੁਰੂ ਜੀ ਨੇ ਗੁਰੂ ਗ੍ਰੰਥ ਜੀ ਦੀ ਬੀੜ ਲਿਖਣ ਸਮੇਂ ਨਾਲ ਰਲਾਏ ਸਨ। ਜੇ ਮਿਹਰਬਾਨ ਵਾਲੀ ਜਨਮ ਸਾਖੀ ਦੇ ਕਰਤਾ ਨੇ ਤਿੰਨੇ ਸ਼ਲੋਕ ਪਹਿਲੀ ਪਉੜੀ ਨਾਲ ਦਿੱਤੇ ਹਨ ਤਾਂ ਇਹ ਉਸਦੀ ਭੁੱਲ ਹੈ। ਗੁਰੂ ਬਾਬੇ ਤੇ ਫ਼ਰੀਦ ਦੀ ਗੋਸ਼ਟ ਵਿਚ ਗੁਰੂ ਅੰਗਦ ਦੇਵ ਜੀ ਦਾ ਸ਼ਲੋਕ ਕਿਵੇਂ ਆ ਗਿਆ? ਇਸ ਦਾ ਸਾਫ਼ ਮਤਲਬ ਇਹ ਹੈ ਕਿ ਮਿਹਰਬਾਨ ਵਾਲੀ ਜਨਮ ਸਾਖੀ ਲਿਖਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰਥ ਜੀ ਦੀ ਬੀੜ ਬੱਝ ਚੁੱਕੀ ਸੀ।

37. ਪੰਨਾ 359: ਗਿਆਨੀ ਜੀ ਨੇ ਫ਼ਰੀਦ ਦੇ ਸ਼ਲੋਕ ਨੰ: ੩੭ ਵਿਚ 'ਫ਼ਰੀਦਾ ਏ ਵਿਸ ਗੰਦਲਾ ਧਰੀਆ ਖੰਡੁ ਲਿਵਾੜਿ' ਦਾ ਭਾਵ ਦੱਸਦੇ ਹੋਏ ਲਿਖਿਆ ਹੈ: ਇਹ (ਇਸਤ੍ਰੀਆਂ) ਸੁੰਦਰ ਸੂਰਤਾਂ ਤੇ ਪਦਾਰਥ, ਵਿਹੁ ਦੀਆਂ ਗੰਦਲਾਂ ਖੰਡ ਨਾਲ ਲਬੇ ੜਕੇ ਧਰੀਆਂ ਹੋਈਆਂ ਹਨ।

ਟਿੱਪਣੀ : ਗਿਆਨੀ ਜੀ ਨੇ ਇਸਤ੍ਰੀਆਂ ਨੂੰ ਐਵੇਂ ਹੀ ਅਰਥ ਵਿਚ ਘਸੋੜ ਲਿਆ ਹੈ; ਜੋ ਗੁਰੂ ਮਤਿ ਦੇ ਵਿਰੁਧ ਹੈ, '*ਇਕਿ ਰਾਹੇ ਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ*' ਦਾ ਅਰਥ ਤਾਂ ਹੈ: 'ਕਈ ਬੰਦੇ ਇਨ੍ਹਾਂ ਨੂੰ ਬੀਜਦੇ ਹੀ ਮਰ ਗਏ ਤੇ ਕਈ ਬੀਜੀਆਂ ਨੂੰ ਵਿਚੇ ਹੀ ਛੱਡ ਗਏ'। ਪਰ ਗਿਆਨੀ ਜੀ ਨੇ ਅਰਥ ਕੀਤਾ ਹੈ: 'ਜੋ ਇਨ੍ਹਾਂ ਵਿਚ ਹੀ ਗਲਤਾਨ ਰਹਿੰਦੇ ਹਨ, ਉਹ ਅਪਣੀ ਬੀਜੀ ਹੋਈ ਵੀ ਲਿਤਾੜ ਕੇ ਲੰਘ ਜਾਂਦੇ ਹਨ'।

38. ਪੰਨਾ 359: ਗਿਆਨੀ ਜੀ '*ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ*' ਲਿਖ ਕੇ ਕਹਿੰਦੇ ਹਨ: ਫ਼ਰੀਦ ਜੀ ਨੇ 'ਨਾਮ' ਸ਼ਬਦ ਵਰਤਿਆ ਹੈ, ਜੋ ਇਸਲਾਮੀ ਨਹੀਂ, ਗੁਰਮਤਿ ਸ਼ਬਦਾਵਲੀ ਦਾ ਹੈ।

ਟਿੱਪਣੀ: ਜਿਵੇਂ ਗੁਰੂ ਗ੍ਰੰਥ ਜੀ ਵਿਚ ਗੁਰਮਤਿ ਦਾ ਬਿਆਨ ਕਰਦਿਆਂ ਅਨੇਕਾਂ ਇਸਲਾਮੀ ਸ਼ਬਦ ਵਰਤੇ ਗਏ ਹਨ, ਏਸੇ ਤਰ੍ਹਾਂ ਜੇ ਫ਼ਰੀਦ ਜੀ ਨੇ ਗੁਰਮਤਿ ਦਾ ਸ਼ਬਦ ਵਰਤ ਲਿਆ ਤਾਂ ਕੋਈ ਖ਼ਾਸ ਗੱਲ ਨਹੀਂ। ਪੰਜਾਬ ਵਿਚ ਰਹਿੰਦਿਆਂ ਉਨ੍ਹਾਂ ਤੇ ਪੰਜਾਬੀ ਦਾ ਅਸਰ ਹੋਣਾ ਜ਼ਰੂਰੀ ਸੀ।

39. ਪੰਨਾ 366: ਗਿਆਨੀ ਜੀ 'ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐਬਾਰੇ। ਲਿਖਦੇ ਹਨ: ਕੀ ਰਸੂਲ ਨੂੰ ਛੱਡ ਕੇ ਗੁਰੂ ਦੀ ਗੱਲ ਕਰਨਾ ਕੁਫ਼ਰ ਨਹੀਂ ? ਮਸਊਦ ਇਉਂ ਨਹੀਂ ਸੀ ਕਹਿ ਸਕਦਾ।

ਟਿੱਪਣੀ: ਦੇਖੋ'....ਦੋਜਕਿ ਪਉਦਾ ਕਿਉ ਰਹੇ ਜਾ ਚਿਤਿ ਨ ਹੋਇ ਰਸੂਲਿ' (ਗਉੜੀ ਕੀ ਵਾਰ, ਮਹਲਾ ੫)। ਜੇ ਪੰਜਵੇਂ 'ਗੁਰੂ'ਜੀ 'ਗੁਰੂ' ਦੇ ਥਾਂ 'ਰਸਲਿ' ਸ਼ਬਦ ਵਰਤ ਸਕਦੇ ਸਨ ਤਾਂ ਫਰੀਦ ਮਸਊਦ 'ਰਸੂਲਿ' ਦੀ ਥਾਂ 'ਗੁਰੂ' ਸ਼ਬਦ ਕਿਉਂ ਨਹੀਂ ਸੀ ਵਰਤ ਸਕਦਾ? ਗੁਰੂ ਸੰਸਕ੍ਰਿਤ ਦਾ ਸ਼ਬਦ ਹੈ, ਹਜ਼ਾਰਾਂ ਸਾਲਾਂ ਤੋਂ ਭਾਰਤ ਵਿਚ ਵਰਤਿਆ ਜਾ ਰਿਹਾ ਹੈ। ਫਰੀਦ ਮਸਊਦ ਪੰਜਾਬ ਵਿਚ ਰਹਿੰਦਾ ਸੀ। ਉਸ ਤੇ ਪੰਜਾਬੀ ਦਾ ਅਸਰ ਹੋਣਾ ਜ਼ਰੂਰੀ ਸੀ। ਉਂਝ ਪੰਜ ਵੇਲੇ ਨਮਾਜ਼ ਪੜ੍ਹਨ ਵਾਲੇ ਫ਼ਰੀਦ ਦਾ ਗੁਰੂ ਹਜ਼ਰਤਿ ਮੁਹੰਮਦ ਸਾਹਿਬ ਹੀ ਹੋ ਸਕਦਾ ਸੀ।

40. ਪੰਨਾ 370 : ਗਿਆਨੀ ਜੀ ਲਿਖਦੇ ਹਨ: ਗੁਰਬਾਣੀ ਦੀ ਆਦਿ ਪੋਥੀ ਗੁਰੂ ਹਰਿ ਸਹਾਇ ਵਾਲੇ ਸੋਢੀਆਂ ਪਾਸ ਸੀ। ਉਹੀ ਪੋਥੀ ਗੁਰੂ ਬਾਬੇ ਤੋਂ ਅੱਗੇ ਤੋਂ ਅਗੇ ਗੁਰੂ ਸਾਹਿਬਾਂ ਨੂੰ ਸੌਂਪੀ ਜਾਂਦੀ ਰਹੀ। ਗੁਰੂ ਗ੍ਰੰਥ ਜੀ ਦੀ ਬੀੜ ਲਭੱਣ ਤੋਂ ਪਿਛੋਂ ਉਹ ਪੋਥੀ ਬਾਬਾ ਪ੍ਰਿਥੀ ਚੰਦ ਨੂੰ ਮਿਲ ਗਈ, ਜੋ ਉਸਦੀ ਵੰਸ਼ ਵਿਚ ਚਲਦੀ ਆਈ ਹੈ,

ਟਿੱਪਣੀ : ਇਹ ਗੱਲ ਗ਼ਲਤ ਹੈ। ਜੇ ਉਹ ਪੋਥੀ ਬਾਬਾ ਜੀ ਵਾਲੀ ਹੀ ਹੁੰਦੀ ਤਾਂ ਇਸ ਵਿਚ ਆਈ ਬਾਣੀ ਗੁਰੂ ਗ੍ਰੰਥ ਜੀ ਦੀ ਬਾਣੀ ਨਾਲ ਮਿਲਦੀ। ਗੁਰੂ ਸਾਹਿਬਾਂ ਨੇ ਨਾ ਇਹ ਕੱਚੀ ਬਾਣੀ ਲਿਖੀ ਨਾ ਲਿਖਾਈ। ਪੰਜਵੇਂ ਗੁਰੂ ਜੀ ਵੱਲੋਂ ਗੁਰੂ ਬਾਬੇ ਵਾਲੀ ਪੋਥੀ ਗੁਰੂ ਘਰ ਦੇ ਦੋਖੀ ਬਾਬਾ ਪ੍ਰਿਥੀ ਚੰਦ ਨੂੰ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

*'ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਕ ਬਰਲੁ ਚਲਾਇਆ'।*

41. ਪੰਨਾ 370: ਗਿਆਨੀ ਜੀ ਨੇ ਗੁਰ ਬਿਲਾਸ ਪਾਤਸ਼ਾਹੀ ਛੇਵੀ ਦਾ ਹਵਾਲਾ ਦਿੱਤਾ ਹੈ: ਗੁਰ ਮੰਤ੍ਰ ਦੀਓ ਟੋਪੀ ਸੇਲੀ ਸਾਥ ਮਾਲਾ ਮੰਜੀ ਪਾਂਚ ਦੇ ਧਰ ਨਿਵਾਯਾ ਮਾਥ'।

ਟਿੱਪਣੀ: ਗੁਰੂ ਜੀ ਟੋਪੀ ਸੇਲੀ ਨਹੀਂ ਸਨ ਪਹਿਨਦੇ। ਗੁਰੂ ਜੀ ਕੇਸਧਾਰੀ ਸਨ। ਕੇਸਾਂ ਦੇ ਜੂੜੇ ਤੇ ਟੋਪੀ ਸੇਲੀ ਦਾ ਕੀ ਮਤਲਬ ? ਨਾ ਗੁਰੂ ਜੀ ਮਾਲਾ ਪਹਿਨਦੇ ਸਨ, ਸੋ ਇਹ ਦੋਹਿਰਾ ਗਲਤ ਹੈ। ਗੁਰਮਤਿ ਦੇ ਉਲਟ ਪ੍ਰਚਾਰ ਕਰਦਾ ਹੈ।

42. ਪੰਨਾ 375: ਗਿਆਨੀ ਜੀ ਨੇ ਖ਼ਲੀਕ ਜ਼ਮਾਨੀ ਦਾ ਹਵਾਲਾ ਦਿੱਤਾ ਹੈ: ਫਰੀਦ ਸਾਨੀ ਵੀ ਇਬਰਾਹੀਮ ਹੀ ਸਨ।

ਟਿੱਪਣੀ: 'ਫ਼ਰੀਦ ਸਾਨੀ' ਨਾਮ ਤੋਂ ਹੀ ਪਤਾ ਲਗਦਾ ਹੈ ਕਿ ਇਬਰਾਹੀਮ ਫਰੀਦ ਸਾਨੀ ਸਨ ਤਾਂ ਫ਼ਰੀਦ ਅਵੱਲ' ਵੀ ਕੋਈ ਸੀ, ਅਤੇ ਉਹ ਸੀ 'ਮਸਊਦ'।

43. ਪੰਨਾ 376: ਗਿਆਨੀ ਜੀ ਲਿਖਦੇ ਹਨ: ਮਸਊਦ ਨੂੰ ਖ਼ੁਦਾ ਨੇ ਸ਼ਕਰ ਭੇਜ ਦਿੱਤੀ। ਮਾਂ ਨੇ ਮਸਊਦ ਦਾ ਨਾਮ ਸ਼ਕਰ ਗੰਜ ਪਾ ਦਿੱਤਾ।

ਟਿੱਪਣੀ: ਮਸਊਦ ਜੀ ਬਹੁਤ ਮਿੱਠ ਬੋਲਾ ਸੀ, ਜਿਸ ਲਈ ਲੋਕਾਂ ਨੇ ਨਾਮ 'ਸ਼ਕਰ ਗੰਜ' ਪਾ ਲਿਆ।

44. ਪੰਨਾ 377: ਗਿਆਨੀ ਜੀ ਲਿਖਦੇ ਹਨ: ਪਾਕਪਟਨ ਵਿਚ ਮੈਨੂੰ ਵੀ ਫਰੀਦ ਜੀ ਦੀ 'ਕਾਠ ਦੀ ਰੋਟੀ' ਤੇ ਕੁਝ ਸ਼ੰਕੇ ਸਨ ਪਰ ਪਥਰੀਲੇ ਮੇਵੇ ਛੋਹ ਲੈਣ ਦਾ ਸੁਭਾਗ ਮਿਲ ਗਿਆ ਸੀ।

ਟਿੱਪਣੀ: ਗਿਆਨੀ ਜੀ ਫਰੀਦ ਜੀ ਤੋਂ ਪਿੱਛੋ ਪਰਪੰਚੀ ਡੇਰੇਦਾਰਾਂ ਵਲੋਂ ਰੱਖੀਆਂ ਹੋਈਆਂ ਪਰਪੰਚ ਦੀਆਂ ਚੀਜ਼ਾਂ ਛੋਹ ਲੈਣ ਨਾਲ ਵੀ ਸੁਭਾਗ ਜੁੜ ਜਾਣਾ ਸਮਝਦੇ ਹਨ। ਇਹ ਗਲ ਸਾਬਤ ਕਰਦੀ ਹੈ ਕਿ ਗਿਆਨੀ ਜੀ ਵੀ ਗੁਰਮਤਿ ਤੋਂ ਹਾਲਾਂ ਬਹੁਤ ਦੂਰ ਹਨ ਤੇ 'ਵਹਿਮੀ ਢੋਲਾ ਜੀ' ਹੀ ਹਨ।

45. ਪੰਨਾ 377: ਗਿਆਨੀ ਜੀ ਕਹਾਣੀ ਦਾ ਹਵਾਲਾ ਦਿੰਦੇ ਹਨ: ਫ਼ਰੀਦ ਜੀ ਨੇ ਪਥਰੀਲੇ ਮੇਵੇ ਮੁੜ ਅਸਲੀ ਮੇਵੇ ਬਣਾ ਦਿੱਤੇ। ਨਮੂਨੇ ਮਾਤਰ, ਪਥਰੀਲਿਆਂ ਵਿਚੋਂ ਇਕ ਮੁੱਠ ਰੱਖ ਲਈ।

ਟਿੱਪਣੀ: ਫ਼ਰੀਦ ਜੀ ਕੋਈ ਪਰਪੰਚ ਕਰਨ ਵਾਲੇ ਮਹਾਂਪੁਰਸ਼ ਨਹੀਂ ਸਨ। ਇਹੋ ਜਿਹੀਆਂ ਕਹਾਣੀਆਂ ਕਹਾਣੀ ਘਾੜਿਆਂ ਦੀ ਹੀ ਮਿਹਰਬਾਨੀ ਹੈ।

46. ਪੰਨਾ 382 ਅਤੇ ਪੰਨਾ 384: ਗਿਆਨੀ ਜੀ 'ਖ਼ਲੀਕ ਜ਼ਮਾਨੀ' ਦਾ ਹਵਾਲਾ ਦਿੰਦੇ ਹਨ: ਇਹ ਗੱਲ ਤਕਰੀਬਨ ਯਕੀਨੀ (almost certain) ਪ੍ਰਤੀਤ ਹੁੰਦੀ ਹੈ ਕਿ 'ਸ਼ਲੋਕ ਫਰੀਦ ਜੀ' ਮਹਾਨ ਸੂਫ਼ੀ ਫ਼ਕੀਰ ਮਸਊਦ ਦੀ ਰਚਨਾ ਨਹੀਂ ਹੈ।....ਗੁਰੂ ਨਾਨਕ ਦਾ ਸਮਕਾਲੀ ਸ਼ੇਖ ਇਬਰਾਹੀਮ ਸ਼ਾਇਦ(probably) ਇਨ੍ਹਾਂ ਸ਼ਲੋਕਾਂ ਦਾ ਅਸਲ ਲੇਖਕ ਹੈ।

ਟਿੱਪਣੀ: ਤਕਰੀਬਨ ਯਕੀਨੀ (almost certain ) ਤੇ ਸ਼ਾਇਦ (probably) ਸ਼ਬਦ ਪ੍ਰਗਟ ਕਰਦੇ ਹਨ ਕਿ 'ਖਲੀਕ ਜ਼ਮਾਨੀ' ਨੂੰ ਵੀ ਪੂਰਾ ਯਕੀਨ ਨਹੀਂ ਕਿ ਇਹ ਰਚਨਾ ਮਸਊਦ ਦੀ ਨਹੀਂ ਅਤੇ ਇਨ੍ਹਾਂ ਸ਼ਲੋਕਾਂ ਦਾ ਅਸਲ ਰਚਨਹਾਰ ਇਬਰਾਹੀਮ ਹੋਣਾ ਵੀ ਭਰੋਸੇ ਵਾਲੀ ਗੱਲ ਨਹੀਂ, ਸ਼ਾਇਦ ਵਾਲੀ ਹੈ। ਫਰੀਦ ਜੀ ਦੇ ਪਾਕ ਪਟਨ ਜਾਂ ਦਿੱਲੀ ਵਾਲੇ ਗੱਦੀ ਦਾਰਾਂ ਨੇ ਜੇ ਫਰੀਦ ਜੀ ਦੀ ਬਾਣੀ ਨਹੀਂ ਸੰਭਾਲੀ ਤੇ ਖੁਰਦ ਬੁਰਦ ਕਰ ਦਿੱਤੀ ਹੈ ਤਾਂ ਉਨ੍ਹਾਂ ਦੀ ਇਹ ਬੜੀ ਅਣਗਹਿਲੀ ਬਲਕਿ ਬਦਕਿਸਮਤੀ ਹੈ।

47. ਪੰਨਾ 387 : ਗਿਆਨੀ ਜੀ ਸੁਨੀਤੀ ਕੁਮਾਰ ਚੈਟਰਜੀ ਦਾ ਹਵਾਲਾ ਦਿੰਦੇ ਹਨ: ਜਾਪਦਾ ਹੈ (It would appear) ਕਿ ੧੩੦ ਸ਼ਲੋਕ ਇਬਰਾਹੀਮ ਦੇ ਹਨ ਤੇ ਕੇਵਲ ਚਾਰ ਸ਼ਬਦ ਹੀ ਫ਼ਰੀਦ ਸ਼ਕਰ ਗੰਜ ਦੇ ਹਨ।

ਟਿੱਪਣੀ: ਬੜੀ ਅਜੀਬ ਖੋਜ ਹੈ ਚੈਟਰਜੀ ਦੀ। ਜੇ ਚਾਰ ਸ਼ਬਦ ਫ਼ਰੀਦ ਸ਼ਕਰ ਗੰਜ ਦੇ ਹੋ ਸਕਦੇ ਹਨ ਤਾਂ ੧੩੦ ਸ਼ਲੋਕ ਉਨ੍ਹਾਂ ਦੇ ਹੀ ਕਿਉਂ ਨਹੀਂ ਹੋ ਸਕਦੇ ? ਸ਼ਬਦਾਂ ਤੇ ਸ਼ਲੋਕਾਂ ਦੀ ਭਾਸ਼ਾ ਤਾਂ ਮਿਲਦੀ ਹੈ, ਸੋ ਫਰੀਦ ਜੀ ਦੀ ਸਾਰੀ ਬਾਣੀ ਸ਼ਕਰ ਗੰਜ ਦੀ ਹੀ ਹੈ।

48. ਪੰਨਾ 388 : ਗਿਆਨੀ ਜੀ ਨੇ ਭਾਈ ਵੀਰ ਸਿੰਘ ਜੀ ਦਾ ਹਵਾਲਾ ਦਿੱਤਾ ਹੈ: ਜੇ ਇਬਰਾਹੀਮ ਤੇ ਫ਼ਰੀਦ ਦੀਆਂ ਕਰਾਮਾਤਾਂ ਰਲ ਜਾਂਦੀਆਂ ਹਨ ਤਾਂ ਇਸ ਉਪੱਰਲੇ ਕਥਨ ਤੋਂ ਵੱਖਰੀ ਗੱਲ ਨਹੀਂ (ਭਾਵ ਸ਼ਲੋਕ ਇਬਰਾਹੀਮ ਦੇ ਹੀ ਹਨ)।

ਟਿੱਪਣੀ : ਗਿਆਨੀ ਜੀ ਨੇ ਆਪਣਾ ਹੀ ਨਤੀਜਾ ਕਢ ਲਿਆ ਹੈ।

49. ਪੰਨਾ 389 : ਗਿਆਨੀ ਜੀ ਨੇ ਭਾਈ ਵੀਰ ਸਿੰਘ ਜੀ ਦਾ ਹਵਾਲਾ ਦਿੱਤਾ ਹੈ:...ਲੋਕੀਂ ਇਬਾਰਾਹੀਮ ਨੂੰ ਫ਼ਰੀਦ ਸਾਨੀ ਜਾਂ ਫ਼ਰੀਦ ਸਾਲਸ ਕਰਕੇ ਸਦਣ ਲੱਗ ਪਏ।...ਗੁਰੂ ਜੀ ਦੀ ਗੋਸ਼ਟ ਇਸੇ ਇਬਰਾਹੀਮ, ਫ਼ਰੀਦ ਸਾਨੀ ਜਾਂ ਫਰੀਦ ਸਾਲਕ ਨਾਲ ਹੋਈ ਅਤੇ ਬਾਣੀ ਵੀ ਇਸੇ ਦੀ ਹੈ।

ਟਿੱਪਣੀ: ਇਬਰਾਹੀਮ ਨੂੰ ਲੋਕ ਫ਼ਰੀਦ ਸਾਨੀ ਤ੍ਹਾਂ ਕਹਿੰਦੇ ਸਨ ਪਰ ਫ਼ਰੀਦ ਸਾਲਕ ਕਿਵੇਂ ਕਹਿ ਸਕਦੇ ਸਨ। ਫ਼ਰੀਦ ਸਾਲਕ ਦਾ ਮਤਲਬ ਹੈ ਫ਼ਰੀਦ ਤੀਜਾ। ਸਾਲਕ ਵੀ ਸਾਨੀ ਵਾਂਗ ਅਰਬੀ ਦਾ ਸ਼ਬਦ ਹੈ। ਇਕੋ ਆਦਮੀ 'ਫ਼ਰੀਦ ਸਾਨੀ' ਤੇ 'ਫ਼ਰੀਦ ਸਾਲਕ' ਨਹੀਂ ਹੋ ਸਕਦਾ। ਭਾਈ ਵੀਰ ਸਿੰਘ ਜੀ ਨੂੰ ਲਿਖਣ ਵੇਲੇ ਟਪਲਾ ਲੱਗਾ ਹੈ।

50. ਪੰਨਾ 391: ਗਿਆਨੀ ਜੀ ਬਾਵਾ ਬੁੱਧ ਸਿੰਘ ਦਾ ਹਵਾਲਾ ਦਿੰਦੇ ਹਨ: ਸੌ ਵਿਸਵਾ ਸਲੋਕ ਸ਼ੇਖ ਫ਼ਰੀਦ ਸਾਨੀ ਦੇ ਕਥਨ ਕੀਤੇ ਹੋ ਸਕਦੇ ਹਨ।

ਟਿੱਪਣੀ: ਵਾਕੰਸ਼ 'ਹੋ ਸਕਦਾ ਹਨ' ਦਸੱਦਾ ਹੈ ਕਿ ਬਾਵਾ ਜੀ ਨੂੰ ਅਪਣੀ ਲਿਖੀ ਗੱਲ ਦਾ ਭਰੋਸਾ ਨਹੀਂ ਸੀ।

51. ਪੰਨਾ 396: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੂੰ ਕੇਵਲ ਅਪਣੀਆਂ

ਲਿਖੀਆਂ ਗੱਲਾਂ ਹੀ ਠੀਕ ਲੱਗਦੀਆਂ ਹਨ।

ਟਿਪਣੀ: ਇਹ ਲਿਖਣਾ ਗਿਆਨੀ ਜੀ ਦਾ ਭੁਲੇਖਾ ਹੈ।

52. ਪੰਨਾ 397: ਗਿਆਨੀ ਜੀ ਲਿਖਦੇ ਹਨ: ਆਪਣੀ ਬਾਣੀ ਆਪ ਲਿਖਕੇ ਕੋਲ ਰੱਖਣ ਦਾ ਨਿਯਮ ਜੋ ਪ੍ਰੋ. ਜੀ ਨੇ ਹੀ ਬਣਾਇਆ ਹੈ, ਕੀ ਗੁਰੂ ਨਾਨਕ ਜੀ ਵਲੋਂ ਇਸ ਨੇਮ ਦੇ ਬਣਾਏ ਹੋਣ ਦਾ ਕਿਸੇ ਥਾਂ ਸੰਕੇਤ ਹੈ। ਜਾਂ ਪ੍ਰੋ. ਜੀ ਦੇ ਬਣਾਏ ਹੋਏ ਨਿਯਮਾਂ ਦਾ ਸਤਿਗੁਰੂ ਜੀ ਪਾਲਣਾ ਕਰਦੇ ਰਹੇ?

ਟਿੱਪਣੀ: ਸੰਕੇਤ ਦੀ ਕੀ ਜ਼ਰੂਰਤ ਹੈ? ਅਕਲਮੰਦ ਬੰਦਾ ਸਮਝ ਸਕਦਾ ਹੈ ਕਿ ਜੇ ਆਪ ਕਵੀ ਆਪਣੀ ਕਵਿਤਾ ਲਿਖ ਕੇ ਸਾਂਭ ਕੇ ਰੱਖਦੇ ਹਨ ਤਾਂ 'ਇਲਾਹੀ ਸ਼ਾਇਰ' ਅਪਣੀ 'ਰੱਬੀ ਕਵਿਤਾ' ਨੂੰ ਕਿਉਂ ਲਿਖਕੇ ਸਾਂਭ ਕੇ ਨਾਂ ਰੱਖਦਾ।

53. ਪੰਨਾ 398: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ ਗੁਰੂ ਬਾਬੇ ਅਤੇ ਫ਼ਰੀਦ ਜੀ ਦੀ ਅੰਦਰੂਨੀ ਸਾਂਝ ਪ੍ਰਗਟਾਉਣ ਤੋਂ ਜਾਣ ਬੁੱਝ ਕੇ ਸਕੋਚ ਕੀਤਾ ਹੈ।

ਟਿੱਪਣੀ: ਪ੍ਰੋ. ਜੀ ਨੇ ਦੋਹਾਂ ਮਹਾਂਪੁਰਸ਼ਾਂ ਦੀ ਅੰਦਰੂਨੀ ਸਾਂਝ ਅਪਣੀ ਸ਼ਕਤੀ ਅਨੁਸਾਰ ਦੱਸੀ ਹੈ।

54. ਪੰਨਾ 399: ਗਿਆਨੀ ਜੀ ਪ੍ਰੋ. ਜੀ ਦਾ ਹਵਾਲਾ ਦਿੰਦੇ ਹਨ: 'ਫ਼ਰੀਦ ਦੀ ਬਾਣੀ ਨੂੰ ਇਬਰਾਹੀਮ ਦੀ ਬਾਣੀ ਕਹਿਣਾ-ਇਹ ਖ਼ਿਆਲ ਉਕੱਾ ਹੀ ਗ਼ਲਤ ਹੈ। ਗਿਆਨੀ ਜੀ ਦਾ ਖ਼ਿਆਲ ਹੈ:'ਪ੍ਰੋ. ਜੀ ਦਾ ਇਹ ਵਾਕ ਉਨ੍ਹਾਂ ਦਾ ਇਕ ਤਰ੍ਹਾਂ ਹੁਕਮਨਾਮਾ ਹੈ।

ਟਿੱਪਣੀ: ਹੁਕਮਨਾਮਾ ਨਹੀਂ ਖ਼ਿਆਲ ਦੀ ਪਕਿਆਈ ਹੈ। ਪ੍ਰੋ. ਜੀ ਵਿਚ ਬੜੀ ਨਿੰਮਰਤਾ ਸੀ। ਗਿਆਨੀ ਜੀ ਦੀ ਅਪਣੀ ਮਨੋ ਕਲਪਣਾ ਹੀ ਉਨ੍ਹਾਂ ਬਾਰੇ ਹੋਰ ਹੈ।

55. ਪੰਨਾ 399: ਗਿਆਨੀ ਜੀ 'ਸਵਾਨਿਹ-ਫ਼ਰੀਦ' ਦੇ ਕਰਤਾ ਦਾ ਹਵਾਲਾ ਦਿੰਦੇ ਹਨ, 'ਇਬਰਾਹੀਮ ਦਾ ਨਾਮ ਫ਼ਰੀਦ ਸਾਨੀ ਪਿਆ ਕਿਉਂਕਿ ..........

ਟਿੱਪਣੀ: ਜੇ ਮਸਊਦ 'ਫ਼ਰੀਦ' ਸੀ ਤਾਂ ਕੀ ਇਬਰਾਹੀਮ ਦਾ ਨਾਉਂ 'ਫ਼ਰੀਦ ਸਾਨੀ' ਪਿਆ ?

56. ਪੰਨਾ 400: ਗਿਆਨੀ ਜੀ ਪ੍ਰੋ. ਜੀ ਦਾ ਹਵਾਲਾ ਦਿੰਦੇ ਹਨ: ਪ੍ਰੋ. ਜੀ ਕਹਿੰਦੇ ਹਨ ਕਿ ਸਤਿਗੁਰਾਂ ਦੀ ਰਚੀ ਬਾਣੀ ਵਿਚ 'ਨਾਂਨਕ' ਛਾਪ ਤਦ ਹੀ ਵਰਤੀ ਗਈ ਜਦ ਗੁਰੂ ਬਾਬਾ ਜੀ ਨੇ ਛਾਪ ਵਰਤੀ। ਗਿਆਨੀ ਜੀ ਕਹਿੰਦੇ ਹਨ ਕਿ ਉਹ ਦਲੀਲ ਮਸਲੇ ਨਜਿਠੱਣ ਦੀ ਥਾਂ ਮਸਲੇ ਪੈਦਾ ਕਰਨ ਵਾਲੀ ਹੈ, ਉਕੱਾ ਹੀ ਗ਼ਲਤ ਮਨ ਘੜਤ ਤੇ ਨੁਕਸਾਨਦਿਹ ਹੈ।

ਟਿੱਪਣੀ: ਗਿਆਨੀ ਜੀ ਇਸ ਦਲੀਲ ਦਾ ਉੱਤਰ ਨਹੀਂ ਦੇ ਸਕੇ ਤਾਂ ਇਸ ਨੂੰ ਮਸਲੇ ਪੈਦਾ ਕਰਨ ਵਾਲੀ, ਉੱਕਾ ਹੀ ਗ਼ਲਤ, ਮਨ ਘੜਤ ਤੇ ਹਾਨੀਕਾਰਕ ਲਿਖ ਦਿੱਤਾ।

57. ਪੰਨਾ 401: ਗਿਆਨੀ ਜੀ ਲਿਖਦੇ ਹਨ: ਕੁੱਝ ਵਰ੍ਹਿਆਂ ਤੋਂ ਆਧੁਨਿਕ

ਫ਼ਰੀਦ ਪੰਥੀਆਂ ਵਲੋਂ ਗੁਰੂ ਨਾਨਕ ਵਿਰੋਧੀ ਇਕ ਲਹਿਰ ਚਲਾਈ ਹੋਈ ਹੈ। ਇਨ੍ਹਾਂ ਸਜੱਣਾਂ ਨੇ ਪ੍ਰਧਾਨ ਮੰਤ੍ਰੀ ਦੇ ਮੂੰਹ ਵਿਚ ਸੰਨ 1983 ਵਿਚ ਇਥੋਂ ਤਕ ਵਾਕ ਭਰ ਦਿੱਤੇ ਸਨ ਕਿ 'ਗੁਰੂ ਨਾਨਕ ਜੀ ਨੇ ਫ਼ਰੀਦ ਤੋਂ ਸਿਖਿਆ ਹਾਸਿਲ ਕੀਤੀ ਸੀ।

ਟਿੱਪਣੀ: ਗਿਆਨੀ ਜੀ ਨੂੰ ਸਬੂਤ ਦੇਣਾ ਚਾਹੀਦਾ ਸੀ ਕਿ ਪ੍ਰਧਾਨ ਮੰਤ੍ਰੀ ਦੇ ਮੂੰਹ ਵਿਚ ਇਹ ਗ਼ਲਤ ਖ਼ਿਆਲ ਕਿਸ ਨੇ ਭਰੇ ਸਨ ? ਬਿਨਾਂ ਕਿਸੇ ਸਬੂਤ ਕਿਸੇ ਲਈ ਵਿਅੰਗਮਈ ਸ਼ਬਦ ਵਰਤਣੇ ਕਿਸੇ ਅਕਲਮੰਦ ਬੰਦੇ ਨੂੰ ਸ਼ੋਭਾ ਨਹੀਂ ਦਿੰਦੇ।

58. ਪੰਨਾ 401: ਗਿਆਨੀ ਜੀ ਲਿਖਦੇ ਹਨ: ਫ਼ਰੀਦ ਜੀ ਦੇ ਪਥ ਪ੍ਰਦਰਸ਼ਕ ਗੁਰੂ ਨਾਨਕ ਜੀ ਸਨ।

ਟਿੱਪਣੀ: ਜੇ ਉਹ ਗੱਲ ਹੁੰਦੀ ਤਾਂ ਫ਼ਰੀਦ ਜੀ ਖੁੱਲ੍ਹਕੇ ਬਾਬਾ ਜੀ ਦਾ ਨਾਮ 'ਨਾਂਨਕ' ਵਰਤਦੇ ਅਤੇ ਕਹਿੰਦੇ ਕਿ ਮੇਰੇ ਪਥ ਪ੍ਰਦਰਸ਼ਕ ਗੁਰੂ ਨਾਂਨਕ ਹਨ ਅਤੇ ਉਹ ਪੰਜੇ ਵਕਤ ਮਸੀਤ ਜਾਣ ਦਾ ਉਪਦੇਸ਼ ਵੀ ਨਾ ਕਰਦੇ।

59. ਪੰਨਾ 405: ਗਿਆਨੀ ਜੀ ਲਿਖਦੇ ਹਨ: ਉਹ 'ਜਗਤ ਗੁਰੂ' ਗੁਰੂ ਨਾਨਕ ਦੇਵ ਜੀ ਹੀ ਸਨ, ਜਿਨ੍ਹਾਂ ਨੂੰ ਸਾਖੀ ਬਣਾ ਕੇ ਸਧਨਾ ਨੇ ਅਰਦਾਸ ਕੀਤੀ ਹੈ, 'ਸਧਨਾ ਜਨੁ ਤੋਰਾ'।

ਟਿੱਪਣੀ: ਗੁਰਬਾਣੀ ਵਿਚ 'ਜਗਤ ਗੁਰੂ' ਵਾਹਿਗੁਰੂ ਲਈ ਵਰਤਿਆ ਗਿਆ ਹੈ, ਜਿਵੇਂ '*ਹੇ ਪ੍ਰਾਣਨਾਥ ਗੋਬਿੰਦਾ ਕ੍ਰਿਪਾ ਨਿਧਾਨ ਜਗਤ ਗੁਰੋ*। ਸੋ ਏਥੇ ਵੀ ਸਧਨਾ ਦੀ ਅਰਦਾਸ ਵਾਹਿਗੁਰੂ ਅਗੇ ਹੈ।

60. ਪੰਨਾ 414: ਗਿਆਨੀ ਜੀ ਲਿਖਦੇ ਹਨ: ਜੇ ਮੀਰੀ ਨਿਰਗੁਣਵਾਦੀ ਬਣੀ ਹੋਈ ਹੁੰਦੀ ਤਾਂ ਉਸ ਦਾ ਥਾਂ ਗੁਰੂ ਗ੍ਰੰਥ ਜੀ ਵਿਚ ਨਿਸ਼ਚੇ ਹੀ ਹੁੰਦਾ ਤੇ ਸਤਿਕਾਰ ਭਰਿਆ ਹੁੰਦਾ।

ਟਿੱਪਣੀ: ਗਿਆਨੀ ਜੀ ਦਾ ਇਹ ਅਪਣਾ ਵਿਚਾਰ ਹੈ। ਜ਼ਰੂਰੀ ਨਹੀਂ, ਇਉਂ ਹੁੰਦਾ!

61. ਪੰਨਾ 419: ਗਿਆਨੀ ਜੀ ਲਿਖਦੇ ਹਨ: ਭਾਈ ਬੰਨੋ ਵਾਲੀ ਬੀੜ ਵਿਚ ਮੀਰਾਂ ਦਾ ਇਕ ਪਦਾ ਹੋਣਾ ਦੱਸਦਾ ਹੈ ਕਿ ਮੀਰਾਂ ਦੀ ਰਚਨਾ ਗੁਰੂ ਜੀ ਕੋਲ ਪੁੱਜੀ ਹੋਈ ਸੀ।

ਟਿੱਪਣੀ: ਗਿਆਨੀ ਜੀ ਦਾ ਇਹ ਖਿਆਲ ਬਿਲਕੁਲ ਗ਼ਲਤ ਹੈ ਕਿਉਂ ਕਿ ਮੀਰਾਂ ਬਾਈ ਦਾ ਪਦਾ ਨੌਵੇਂ ਗੁਰੂ ਜੀ ਦੀ ਸ਼ਹੀਦੀ ਤੋਂ ਪਿੱਛੋਂ ਭਾਈ ਬੰਨੋ ਵਾਲੀ ਬੀੜ ਵਿਚ ਚਾੜ੍ਹਿਆ ਗਿਆ ਸੀ। ਦੇਖੋ ਆਦਿ ਬੀੜ ਬਾਰੇ ਪੰਨਾ ੧੮੪-੧੯੮ ।

62. ਪੰਨਾ 420: ਗਿਆਨੀ ਜੀ ਲਿਖਦੇ ਹਨ: ਗੋਇੰਦਵਾਲ ਵਾਲੀਆਂ ਸੰਚੀਆਂ ਵਿਚ ਗੁਰੂ ਰਾਮਦਾਸ ਜੀ ਨੇ ਵੀ ਯੋਗਦਾਨ ਪਾਇਆ, ਜੋ ਪੋਥੀਆਂ ਵਿਚ 'ਸਦ ਸੇਵਕ', 'ਗੁਲਾਮ ਜੇਠਾ', 'ਸਦਗੁਲਾਮ' ਸੂਚਨਾਵਾਂ ਤੋਂ ਪ੍ਰਗਟ ਹੁੰਦਾ ਹੈ।

ਟਿੱਪਣੀ: ਲਿਖਾਰੀ ਨੇ ਅਪਣਾ ਨਾਮ 'ਗੁਲਾਮ ਮਸਤਾਨ ਜੇਠ ਚੰਦ ਵੀ ਲਿਖਿਆ ਹੈ। ਦੇਖੋ 'ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਨਾ ੧੨੩ । ਸੋ ਲਿਖਾਰੀ

ਕੋਈ ਹੋਰ ਵੀ ਹੋ ਸਕਦਾ ਹੈ।

63. ਪੰਨਾ 420: ਗਿਆਨੀ ਜੀ ਲਿਖਦੇ ਹਨ: ਪਤਾ ਹੈ, ਗੋਇੰਦਵਾਲ ਵਾਲੀਆਂ ਦੋ ਪੋਥੀਆਂ ਹੋਰ ਵੀ ਸਨ ਅਤੇ ਕੁਲ ਚਾਰ ਸਨ, ਪਰ ਹੁਣ ਦੋ ਹੀ ਹਨ, ਚਾਰ ਨਹੀਂ।

ਟਿੱਪਣੀ: ਉਹ ਦੋ ਹੋਰ ਪੋਥੀਆਂ ਹੁਣ ਕਿਉਂ ਨਹੀਂ? ਉਨ੍ਹਾਂ ਨੂੰ ਕੀ ਹੋਇਆ? ਕਿਵੇਂ ਹੋਇਆ ?

64. ਪੰਨਾ 421: ਗਿਆਨੀ ਜੀ ਲਿਖਦੇ ਹਨ: ਗੁਰੂ ਅਮਰਦਾਸ ਜੀ ਨੇ ਬਾਣੀ ਸੰਭਾਲਣੀ ਤੇ ਲਿਖਾਣੀ ਆਰੰਭੀ ਸੀ।

ਟਿੱਪਣੀ: ਇਹ ਕੰਮ ਗੁਰੂ ਨਾਨਕ ਨੇ ਹੀ ਆਰੰਭ ਕਰ ਦਿੱਤਾ ਸੀ।

65. ਪੰਨਾ 422: ਗਿਆਨੀ ਜੀ ਲਿਖਦੇ ਹਨ: ਭਾਈ ਬੰਨੋ ਨੇ ਅਪਣੀ ਬੀੜ ਵਿਚ ਵਾਧੂ ਬਾਣੀਆਂ ਸ਼ਾਮਿਲ ਕਰ ਦਿੱਤੀਆਂ ਸਨ।

ਟਿੱਪਣੀ: ਇਹ ਵਾਧੂ ਬਾਣੀਆਂ ਭਾਈ ਬੰਨੋ ਨੇ ਨਹੀਂ ਚੜ੍ਹਾਈਆਂ। ਇਹ ਸਾਰੀਆਂ ਨੌਵੇਂ ਗੁਰੂ ਜੀ ਦੀ ਸ਼ਹੀਦੀ ਤੋਂ ਪਿੱਛੋਂ ਪੰਥ ਦੋਖੀਆਂ ਨੇ ਚੜ੍ਹਾਈਆਂ।

66. ਪੰਨਾ 426: ਗਿਆਨੀ ਜੀ ਨੇ ਕਾਨ੍ਹੇ ਭਗਤ ਵੱਲੋਂ ਪੰਜਵੇਂ ਗੁਰੂ ਜੀ ਨੂੰ ਸਰਾਪ ਦੀ ਗੱਲ ਲਿਖੀ ਹੈ।

ਟਿੱਪਣੀ: ਪਾਰਬ੍ਰਹਮ ਰੂਪ ਸਤਿਗੁਰੂ ਨੂੰ ਅਹੰਕਾਰੀ ਕਾਨ੍ਹੇ ਦਾ ਸਰਾਪ ਲਗਣ ਦਾ ਭੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਸਾਡੇ ਇਤਿਹਾਸ ਵਿਚ ਇਹੋ ਜਿਹੀਆਂ ਗ਼ਲਤ ਗੱਲਾਂ ਲਿਖੀਆਂ ਹੋਈਆਂ ਹਨ।

67. ਪੰਨਾ 439: ਗਿਆਨੀ ਜੀ ਲਿਖਦੇ ਹਨ: ਗੁਰੂ ਅਮਰ ਦਾਸ ਜੀ ਦੀਆਂ ਲਿਖਾਈਆਂ ਹੋਈਆਂ ਪੋਥੀਆਂ ਵਿਚ ਭਗਤਾਂ ਦੀ ਬਾਣੀ ਦਰਜ ਹੈ।

ਟਿੱਪਣੀ: ਗੋਇੰਦਵਾਲ ਵਾਲੀਆਂ ਪੋਥੀਆਂ ਗੁਰੂ ਅਮਰਦਾਸ ਜੀ ਨੇ ਨਹੀਂ ਸਨ ਲਿਖਾਈਆਂ।

68. ਪੰਨਾ 440 : ਗਿਆਨੀ ਜੀ ਲਿਖਦੇ ਹਨ: ਦੂਜੇ ਗ੍ਰੰਥਾਂ ਨੇ ਸੰਮਨ, ਮੂਸਨ, ਜਮਾਲ ਤੇ ਪਤੰਗ-ਇਨ੍ਹਾਂ ਚਾਰ ਭਗਤਾਂ ਦੀਆਂ ਰੂਹਾਂ ਵੀ ਰੂਪ ਧਾਰ ਕੇ ਭਗਤਾਂ ਵਿਚ ਆਈਆਂ ਲਿਖੀਆਂ ਹਨ।

ਟਿੱਪਣੀ : ਇਨ੍ਹਾਂ ਨਾਵਾਂ ਵਾਲੇ ਭਗਤ ਸਿੱਖ ਇਤਿਹਾਸ ਵਿਚ ਕੋਈ ਨਹੀਂ ਹੋਏ।

69. ਪੰਨਾ 442 : ਪੰਜਵੇਂ ਗੁਰੂ ਜੀ ਨੰਗੇ ਪੈਰੀਂ ਗੋਇੰਦਵਾਲ ਤੋਂ ਪੋਥੀਆਂ ਲੈ ਕੇ ਆਏ।

ਟਿੱਪਣੀ: ਪੰਜਵੇਂ ਗੁਰੂ ਜੀ ਪਾਸ ਪਹਿਲੇ ਸਾਰੇ ਗੁਰੂ ਵਿਅਕਤੀਆਂ ਦੀਆਂ ਸਾਰੀਆਂ ਪੋਥੀਆਂ ਸਨ। ਉਨ੍ਹਾਂ ਨੂੰ ਦੂਰੋਂ ਦੂਰੋਂ ਜਾਂ ਗੋਇੰਦਵਾਲੋਂ ਪੋਥੀਆਂ ਮੰਗਾਉਣ ਦੀ ਲੋੜ ਨਹੀਂ ਸੀ।

70. ਪੰਨਾ 451 : ਗਿਆਨੀ ਜੀ ਲਿਖਦੇ ਹਨ: ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਬਾਣੀ ਰਚੀ ਜਾਂਦੀ ਦੇਖ ਕੇ ਗੁਰੂ ਅਰਜੁਨ ਦੇਵ ਜੀ ਨੇ ਨਿਰੋਲ ਗੁਰਬਾਣੀ ਦਾ

ਸੰਚਾਰ ਕੀਤਾ।

ਟਿੱਪਣੀ : ਪਰ ਗੁਰਬਾਣੀ ਦੇ ਸੰਚਨ ਦਾ ਪ੍ਰੋਗਾਮ ਤਾਂ ਗੁਰੂ ਬਾਬਾ ਜੀ ਨੇ ਪਹਿਲਾਂ ਹੀ ਨਿਰਧਾਰਿਤ ਕਰ ਛੱਡਿਆ ਸੀ।

71. ਪੰਨਾ 453 : ਗਿਆਨੀ ਜੀ ਲਿਖਦੇ ਹਨ: *'ਤਨੁ ਤਪੈ ਤਨੂਰ ਜਿਉ'* ਦੇ ਭਾਵ ਵਾਲਾ ਸ਼ਲੋਕ *'ਤਨੁ ਨ ਤਪਾਇ ਤਨੂਰ ਜਿਉ'* ਗੁਰੂ ਨਾਨਕ ਜੀ ਦਾ,'ਸ਼ਲੋਕ ਵਾਰਾਂ ਤੋਂ ਵਧੀਕ' ਵਿਚ ਵੀ ਹੈ।

ਟਿੱਪਣੀ: ਪਰ ਗੁਰੂ ਨਾਨਕ ਜੀ ਦਾ ਇਹੋ ਸ਼ਲੋਕ ਫ਼ਰੀਦ ਜੀ ਦੇ ਸ਼ਲੋਕਾਂ ਵਿਚ ਵੀ ਹੈ, ਓਥੇ ਨੰ: ੧੨੩ ਹੈ।

72. ਪੰਨਾ 456: ਗਿਆਨੀ ਜੀ ਲਿਖਦੇ ਹਨ: ਦੂਜਿਆਂ ਵਿਰੋਧੀਆਂ ਨੂੰ ਇਤਰਾਜ਼ ਹੈ ਕਿ ਗੁਰਬਾਣੀ ਤੇ ਭਗਤ ਬਾਣੀ ਵਿਚ ਸਿੱਧਾਂਤਿਕ ਅੰਤਰ ਭੇਦ ਹਨ।

ਟਿੱਪਣੀ : ਗੁਰਬਾਣੀ ਤੇ ਭਗਤ ਬਾਣੀ ਵਿਚ ਕੋਈ ਸਿੱਧਾਂਤਿਕ ਅੰਤਰ ਭੇਦ ਨਹੀਂ ਹਨ। ਜੇ ਹੁੰਦੇ ਤਾਂ ਭਗਤਾਂ ਦੀ ਬਾਣੀ ਨੂੰ ਮਾਨਤਾ ਹੀ ਨਾ ਦਿੱਤੀ ਜਾਂਦੀ। ਜਿਨ੍ਹਾਂ ਨੂੰ ਅੰਤਰ ਭੇਦ ਦਿਸਦੇ ਹਨ, ਇਹ ਉਨ੍ਹਾਂ ਦੀ ਗੁਰੂ ਗ੍ਰੰਥ ਜੀ ਨੂੰ ਸਮਝਣ ਵਿਚ ਘਾਟ ਹੈ।

73. ਪੰਨਾ 456: ਗਿਆਨੀ ਜੀ ਲਿਖਦੇ ਹਨ: ਦੂਜਾ ਇਤਰਾਜ਼ ਇਹ ਰਿਹਾ ਹੈ ਕਿ ਭਗਤਾਂ ਨੇ ਇਕ ਪਾਸੇ ਜਿਨ੍ਹਾਂ ਵਿਸ਼ਵਾਸਾਂ ਨੂੰ ਮਾਨਤਾ ਦਿੱਤੀ ਹੈ, ਉਨ੍ਹਾਂ ਨੂੰ ਹੀ ਆਪਣੀ ਬਾਣੀ ਵਿਚ ਆਪ ਕੱਟਿਆ ਹੈ।

ਟਿੱਪਣੀ: ਭਗਤਾਂ ਨੇ ਆਪਣੇ ਹੀ ਵਿਸ਼ਵਾਸਾ ਨੂੰ ਆਪਣੀ ਹੀ ਬਾਣੀ ਵਿਚ ਕਿਤੇ ਨਹੀਂ ਕੱਟਿਆ। ਜੇ ਇਉਂ ਹੁੰਦਾ ਤਾਂ ਉਨ੍ਹਾਂ ਦੀ ਬਾਣੀ ਨੂੰ ਮਾਨਤਾ ਹੀ ਨਾ ਦਿੱਤੀ ਜਾਂਦੀ। ਜਿਹੜੇ ਸੱਜਣ ਭਗਤ ਬਾਣੀ ਨੂੰ ਨਹੀਂ ਸਮਝਦੇ, ਉਹੀ ਹੀ ਇਹੋ ਜਿਹੇ ਇਤਰਾਜ਼ ਕਰਦੇ ਹਨ।

74. ਪੰਨਾ 457: ਗਿਆਨੀ ਜੀ ਲਿਖਦੇ ਹਨ: ਕਰਤਾਰਪੁਰੀ ਬੀੜ ਵਿਚ ਤੇ ਦਮਦਮੀ ਬੀੜ ਵਿਚ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਵੀ ਨਹੀਂ ਦਿੱਤੀ।

ਟਿੱਪਣੀ: ਕੋਈ ਬੀੜ ਐਸੀ ਨਹੀਂ ਹੋ ਸਕਦੀ, ਜਿਸ ਵਿਚ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਨਾ ਦਿੱਤੀ ਹੋਵੇ। ਜੇ ਕਿਸੇ ਬੀੜ ਵਿਚ ਕੋਈ ਐਸੀ ਬਾਣੀ ਮਿਲਦੀ ਹੋਵੇ ਤਾਂ ਉਹ ਕੱਚੀ ਬਾਣੀ ਹੋਵੇਗੀ।

75. ਪੰਨਾ 467: ਗਿਆਨੀ ਜੀ ਲਿਖਦੇ ਹਨ: ਗੋਇੰਦਵਾਲ ਵਾਲੀਆਂ ਪੋਥੀਆਂ ਗੁਰੂ ਅਮਰ ਦਾਸ ਦੀ ਨੇ ਅਪਣੇ ਪੋਤੇ ਸਹੰਸਰ ਰਾਮ ਤੋਂ ਲਿਖਾਈਆਂ ਸਨ।

ਟਿੱਪਣੀ : ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਵਾਲੀਆਂ ਪੋਥੀਆਂ ਲਿਖਾਉਣ ਦੀ ਕੋਈ ਲੋੜ ਨਹੀਂ ਸੀ। ਉਨ੍ਹਾਂ ਪਾਸ ਉਹ ਸਾਰੀ ਬਾਣੀ ਹੈ ਸੀ। ਉਹ ਪੋਥੀਆਂ ਬਾਬਾ ਮੋਹਣ ਨੇ ਅਪਣੇ ਭਤੀਜੇ ਸਹੰਸਰ ਰਾਮ ਤੋਂ ਲਿਖਾਈਆਂ ਹੋਣਗੀਆਂ।

76. ਪੰਨਾ 468 : ਗਿਆਨੀ ਜੀ ਨੇ ਲਿਖਿਆ ਹੈ: ਫ਼ਰੀਦ ਜੀ ਕਹਿੰਦੇ ਹਨ- *'ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ'*। ਇਹ ਮੁਸਲਮਾਨੀ ਖਿਆਲ ਹੈ, ਜੋ ਅਵਾਗਉਣ ਦੇ ਖਿਆਲ ਦੇ ਉਲਟ ਹੈ।

ਟਿੱਪਣੀ: ਬੁਨਿਆਦੀ ਭਾਵ ਤਾਂ ਇਕੋ ਹੀ ਹੈ ਕਿ ਆਖਰ ਸਰੀਰ ਨੇ ਮਿਟੀ ਵਿਚ ਮਿਲ ਜਾਣਾ ਹੈ।

77. ਪੰਨਾ 475 : ਗਿਆਨੀ ਜੀ ਲਿਖਦੇ ਹਨ: ਹੁਣ ਦੇ ਵਿਦਵਾਨ ਪ੍ਰੋ. ਜੀ ਦੀ ਵਿਆਖਿਆ ਨੂੰ ਪ੍ਰਮਾਣਿਕ ਕਹਿਣ ਲੱਗ ਪਏ ਹਨ।

ਟਿੱਪਣੀ: ਕੀ ਹੁਣ ਦੇ ਤੇ ਕੀ ਪੁਰਾਣੇ ਵਿਦਵਾਨ,- ਸਿਆਣਾ ਬੰਦਾ ਤਾਂ ਪ੍ਰਮਾਣਿਕ ਨੂੰ ਪ੍ਰਮਾਣਿਕ ਹੀ ਕਹਿੰਦਾ ਹੈ।

78. ਪੰਨਾ 477 : ਗਿਆਨੀ ਜੀ ਲਿਖਦੇ ਹਨ: ਫ਼ਰੀਦ ਜੀ ਦੇ ਸ਼ਲੋਕ ਨੰ: 112 ਤੇ 114 ਗੁਰੂ ਨਾਨਕ ਦੀ ਬਾਣੀ ਵਿਚ ਮਿਲਦੇ ਹਨ।

ਟਿੱਪਣੀ: ਗਿਆਨੀ ਜੀ ਨੇ ਉੱਕਾ ਹੀ ਗ਼ਲਤ ਲਿਖਿਆ ਹੈ: ਸ਼ਲੋਕ ਨੰ: 112 ਤੇ 114 ਤਾਂ ਹਨ ਹੀ ਫ਼ਰੀਦ ਜੀ ਦੇ। ਇਹ ਗੁਰੂ ਨਾਨਕ ਦੀ ਬਾਣੀ ਵਿਚ ਨਹੀਂ ਮਿਲਦੇ। ਹਾਂ, ਫ਼ਰੀਦ ਜੀ ਦੇ ਸ਼ਲੋਕਾਂ ਵਿਚ ਨੰ: ੩੨, ੧੧੩, ੧੨੦ ਤੇ ੧੨੪ ਸ੍ਰੀ ਗੁਰੂ ਨਾਨਕ ਜੀ ਦੇ ਹਨ, ਅਤੇ ਇਹ ਇਨ੍ਹਾਂ ਸ਼ਲੋਕਾਂ ਤੋਂ ਬਾਹਿਰ ਵੀ ਮਿਲਦੇ ਹਨ।

79. ਪੰਨਾ 477 : ਗਿਆਨੀ ਜੀ ਲਿਖਦੇ ਹਨ: ਸਾਹਿਬ ਸਿੰਘ ਜੀ ਨੇ ਵਧੇਰੇ ਹਿੰਮਤ ਕਰ ਕੇ ਅਪਣੀ ਕਲਪਣਾ ਨੂੰ ਯਥਾਰਥ ਬਨਾਉਣ ਲਈ ਗੁਰੂ ਨਾਨਕ ਜੀ ਦੀਆਂ ਪ੍ਰਚਾਰ ਯਾਤਰਾਵਾਂ ਦੀਆਂ ਤਿੱਥਾਂ ਆਦਿਕ ਵੀ ਕੋਲੋਂ ਘੜਕੇ ਸਮੇਂ ਦੀਆਂ ਘੁੰਡੀਆਂ ਵੀ ਨਾਲ ਜੋੜ ਦਿੱਤੀਆਂ ਹਨ।

ਟਿੱਪਣੀ : ਜਿਹੜੀਆਂ ਤਿਥਾਂ ਆਦਿਕ ਪਹਿਲਾਂ ਕਿਸੇ ਨੇ ਲਿਖੀਆਂ ਹੀ ਨਹੀਂ ਸਨ, ਜੇ ਪ੍ਰੋ. ਨੇ ਉਹ ਆਪਣੇ ਅੰਦਾਜ਼ੇ ਨਾਲ ਲਿਖ ਦਿੱਤੀਆਂ ਹਨ ਤਾਂ ਚੰਗਾ ਹੀ ਕੀਤਾ ਹੈ। ਇਸਦਾ ਕੀ ਹਰਜ ਹੈ? ਇਹ ਤਾਂ ਖੁਸ਼ੀ ਦੀ ਗੱਲ ਹੈ।

80. ਪੰਨਾ 478: ਗਿਆਨੀ ਜੀ ਪ੍ਰੋ. ਤੇਜਾ ਸਿੰਘ ਜੀ ਬਾਰੇ ਲਿਖਦੇ ਹਨ: ਆਪ ਅਜਿਹੇ ਆਕੜ ਖਾਂ ਵਿਦਵਾਨ ਜਾਂ ਕਮਿਊਨਿਸ਼ਟ ਨਹੀਂ ਸਨ ਜੋ ਸਿਖ ਧਰਮ ਨੂੰ ਹਾਨੀ ਪਹੁੰਚਾਉਣ ਵਾਲੀਆਂ ਕਲਪਣਾ ਨੂੰ ਬੜ੍ਹਾਵਾ ਦਿੰਦੇ ਤੇ ਅਪਣੀਆਂ ਲਭਤਾਂ ਨੂੰ ਆਖ਼ਿਰੀ ਹੋਣ ਦੇ ਦਾਅਵੇ ਬੰਨ੍ਹਦੇ।

ਟਿੱਪਣੀ: ਗਿਆਨੀ ਜੀ ਦਾ ਇਹ ਇਸ਼ਾਰਾ ਪ੍ਰੋ. ਸਾਹਿਬ ਸਿੰਘ ਜੀ ਵੱਲ ਹੈ। ਪਰ ਪ੍ਰੋ. ਜੀ ਨਾ ਆਕੜ ਖਾਂ ਵਿਦਵਾਨ ਸਨ, ਨਾ ਕਮਿਊਨਿਸਟ ਸਨ, ਨਾ ਉਨ੍ਹਾਂ ਸਿਖ ਧਰਮ ਨੂੰ ਹਾਨੀ ਪੁਚਾਣ ਵਾਲੀਆਂ ਕਲਪਣਾਵਾਂ ਨੂੰ ਬੜ੍ਹਾਵਾ ਦਿੱਤਾ। ਨਾ ਅਪਣੀ ਖੋਜ ਨੂੰ 'ਲਭਤਾਂ' ਆਖਿਆ, ਅਤੇ ਇਸ ਨੂੰ ਆਖ਼ਿਰੀ ਹੋਣ ਦੇ ਦਾਅਵੇ ਬੰਨ੍ਹੇ। ਇਹ ਗਿਆਨੀ ਜੀ ਦੀ ਨਵੀਨ-ਤਮ ਸਾਹਿੱਤਕ ਉਡਾਰੀ ਹੈ।

81. ਪੰਨਾ 479: ਗਿਆਨੀ ਜੀ ਲਿਖਦੇ ਹਨ: ਪੋਥੀਆਂ ਬਾਰੇ ਜਾਪਦਾ ਹੈ ਕਿ

ਗੁਰੂ ਨਾਨਕ ਜੀ ਨੇ ਪ੍ਰੋ. ਜੀ ਨੂੰ ਕੰਨ ਵਿਚ ਕੁੱਝ ਦੱਸਿਆ ਸੀ, ਉਹ ਭੇਦ ਪ੍ਰੋ. ਜੀ ਅਪਣੇ ਹਿਰਦੇ ਵਿਚ ਹੀ ਲੈ ਗਏ।

ਟਿੱਪਣੀ: ਗਿਆਨੀ ਜੀ ਦਾ ਪ੍ਰੋ. ਜੀ ਬਾਰੇ ਇਹ ਵਿਅੰਗ ਅਸਭਯ ਹੈ। ਸਭਯ ਬੰਦਾ ਇਉਂ ਨਹੀਂ ਕਰਦਾ।

82. ਪੰਨਾ 481 : ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਲਿਖਦੇ ਹਨ ਕਿ ਗੁਰੂ ਜੀ ਕਬੀਰ ਜੀ ਤੇ ਹੋਰ ਭਗਤਾਂ ਦੀ ਬਾਣੀ ਨਿਤ ਪੜ੍ਹਦੇ ਸਨ (ਜਾਣੀ ਨਿਤਨੇਮ ਕਰਦੇ ਸਨ)।

ਟਿੱਪਣੀ: ਗਿਆਨੀ ਜੀ ਨੇ '**ਨਿਤ**' ਸ਼ਬਦ ਆਪ ਵਧਾ ਕੇ '**ਨਿਤਨੇਮ ਕਰਦੇ ਸਨ**' ਲਿਖ ਦਿੱਤਾ ਹੈ, ਕੁਰਬਾਨ ਜਾਈਏ ਗਿਆਨੀ ਜੀ ਦੀ ਸਾਹਿਤਕ ਈਮਾਨਦਾਰੀ ਦੇ!

83. ਪੰਨਾ 481: ਗਿਆਨੀ ਜੀ ਲਿਖਦੇ ਹਨ: ....ਗੁਰੂ ਅਰਜੁਨ ਦੇਵ ਜੀ ਨੇ ਥਾਂ ਥਾਂ ਤੋਂ ਪੋਥੀਆਂ ਮੰਗਵਾਈਆਂ।

ਟਿੱਪਣੀ: ਗੁਰੂ ਜੀ ਨੇ ਆਪ ਕਿਸੇ ਨੂੰ ਸੰਗਲਾ ਦੀਪ ਭੇਜਿਆ, ਨਾ ਪ੍ਰਾਣ ਸੰਗਲੀ ਗੁਰਬਾਣੀ ਹੈ। ਨਾ ਉਨ੍ਹਾਂ ਥਾਂ ਥਾਂ ਤੋਂ ਪੋਥੀਆਂ ਮੰਗਵਾਈਆਂ। ਨਾ ਗੁਰੂ ਅਮਰਦਾਸ ਜੀ ਨੇ ਗੋਬਿਦ ਵਾਲ ਗਾਲੀਆਂ ਪੋਥੀਆਂ ਲਿਖਵਾਈਆਂ। ਗੁਰੂ ਸਾਹਿਬਾਂ ਪਾਸ ਆਪੂੰ ਤੋਂ ਪਹਿਲੇ ਗੁਰੂਆਂ ਵਲੋਂ ਸੋਪੀ ਗਈ ਬਾਣੀ ਅਤੇ ਅਪਣੀ ਬਾਣੀ ਟੇਕੀ ਸੀ, ਜੋ ਉਹ ਆਪੂੰ ਤੋਂ ਅਗਲੇ ਗੁਰੂ ਜੀ ਨੂੰ ਗੁਰਿਆਈ ਦੇਣ ਸਮੇਂ ਸੌਂਪਦੇ ਸਨ।

84. ਪੰਨਾ 482 : ਗਿਆਨੀ ਜੀ 'ਪਿਉ ਦਾਦੇ ਕਾ ਖੋਲਿ ਡਿਠਾ ਖਜਾਨਾ' ਤਬਕਾਂਗ ਬਾਰੇ ਲਿਖਦੇ ਹਨ ਕਿ ਇਹ ਵਾਕ ਪੰਜਵੇਂ ਗੁਰੂ ਜੀ ਨੇ ਗੋਇੰਦਵਾਲ ਵਾਲੀਆਂ ਪੋਥੀਆਂ ਲਿਆਉਣ ਪਿਛੋਂ ਉਨਾਂ ਨੂੰ ਪੜ੍ਹਕੇ ਕਹੇ ਹੋਏ ਹਨ।

ਟਿੱਪਣੀ: 'ਪਿਉ ਦਾਦੇ ਦਾ ਖਜਾਨਾ' ਤਾਂ ਗੁਰੂ ਜੀ ਉਨ੍ਹਾਂ ਨੂੰ ਗੁਰਿਆਈ ਦੇਣ ਸਮੇਂ ਗੁਰੂ ਰਾਮਦਾਸ ਜੀ ਨੇ ਹੀ ਦੇ ਦਿੱਤਾ ਸੀ।

85. ਪੰਨਾ 482 ਗਿਆਨੀ ਜੀ ਲਿਖਦੇ ਹਨ: ਪ੍ਰੋ: ਜੀ ਦਾ ਗੁਰੂ ਨਾਨਕ ਜੀ ਨੂੰ ਸਾਰੇ ਭਗਤਾਂ ਦੀ ਬਾਣੀ ਆਪ ਨਕਲ ਕਰ ਕੇ ਲਿਆਂਦੀ ਰਹਿਣਾ ਅਪਣੇ ਆਪ ਵਿਚ ਗ਼ਲਤ ਹੈ।

ਟਿੱਪਣੀ: '**ਸਾਰੇ**' ਸ਼ਬਦ ਗਿਆਨੀ ਜੀ ਨੇ ਆਪ ਜੜ ਦਿੱਤਾ ਹੈ। ਸ਼ਾਬਾਸ਼',

86. ਪੰਨਾ 482: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ ਗੋਇੰਦਵਾਲ ਵਾਲੀਆਂ ਦਾ ਜ਼ਿਕਰ ਵੀ ਨਹੀਂ ਕੀਤਾ। ਸ਼ਾਇਦ ਗੁਰੂ ਨਾਨਦ ਜੀ ਦੇ ਹੱਥਾਂ ਦੀ ਪੋਥੀ ਅਪਣੇ ਪਾਸ ਹੋਣ ਕਰ ਕੇ ਇਨ੍ਹਾਂ ਪੋਥੀਆਂ ਦੀ ਲੋੜ ਨਹੀਂ ਸਮਝੀ!

ਟਿੱਪਣੀ : ਕੁਰਬਾਨ ਜਾਈ ਵਿਅੰਗ ਦੇ ਬਾਦਸ਼ਾਹ ਗਿਆਨੀ ਜੀ ਦੇ : ਪ੍ਰੋ. ਜੀ ਵੱਲੋਂ ਕਿਸੇ ਹੋਰ ਪੋਥੀ ਦਾ ਜ਼ਿਕਰ ਕਰਨ ਦੀ ਲੋੜ ਨਹੀਂ ਸੀ ਕਿਉਂਕਿ ਉਹ ਗੁਰੂ ਸਾਹਿਬਾਨਾਂ ਨਹੀਂ ਸਨ ਲਿਖਵਾਈਆਂ। ਪਿਉ ਦਾਦੇ ਦਾ ਖ਼ਜਾਨਾ ਉਨ੍ਹਾਂ ਪਾਸ ਹੈ ਹੀ

ਸੀ।

87 ਪੰਨਾ 482-483: ਗਿਆਨੀ ਜੀ ਲਿਖਦੇ ਹਨ: ਜਿਨ੍ਹਾਂ ਪੋਥੀਆਂ ਦਾ ਕੋਈ ਵਜੂਦ ਹੀ ਨਹੀਂ, ਉਨ੍ਹਾਂ ਦੀ ਹੋਂਣ ਦਸੱਣ ਲਈ ਪ੍ਰੋ. ਜੀ ਨੇ ਆਸਮਾਨੀ ਫੁੱਲ ਪ੍ਰੋਸਣ ਵਾਸਤੇ ਸਫ਼ਿਆਂ ਦੇ ਸਫ਼ੇ ਲਿਖ ਮਾਰੇ ਹਨ।

ਟਿੱਪਣੀ: ਗੁਰੂ ਗ੍ਰੰਥ ਜੀ ਦੀ ਬੀੜ ਤਿਆਰ ਹੋਣ ਪਿੱਛੋ ਉਨ੍ਹਾਂ ਪੋਥੀਆਂ ਦੇ ਵਜੂਦ ਦਾ ਸਵਾਲ਼ ਹੀ ਨਹੀਂ।

88. ਪੰਨਾ 483: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ ਸ਼ਬਦੀ ਸਾਂਝਾ ਉਤੇ ਨਵਾਂ ਮੱਤ ਖੜਾ ਕਰ ਦਿੱਤਾ;

ਟਿੱਪਣੀ: ਪ੍ਰੋ. ਜੀ ਨੇ ਕੋਈ ਨਵਾਂ ਮੱਤ ਖੜਾ ਨਹੀਂ ਕੀਤਾ। ਸਤਿਗੁਰਾਂ ਦੀ ਬਖੁਸ਼ੀ ਹੋਈ ਤਿੱਖੀ ਬੁੱਧੀ ਅਨੁਸਾਰ ਗੁਰਮਤਿ ਦੀ ਵਿਆਖਿਆ ਹੀ ਕੀਤੀ ਹੈ।

89 ਪੰਨਾ 483: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਅਨੁਸਾਰ ਗੁਰੂ ਜੀ ਭਗਤਾਂ ਦੀ ਬਾਦੀ ਇਕੱਠੀ ਕਰਨ ਲਈ ਹੀ ਘੁੰਮਦੇ ਰਹੇ।

ਟਿੱਪਣੀ: ਪ੍ਰੋ. ਜੀ ਦਾ ਇਹ ਖ਼ਿਆਲ ਬਿਲਕੁਲ ਨਹੀਂ। ਗਿਆਨੀ ਜੀ ਦੇ ਸਰਸਬਜ਼ ਦਿਮਾਗ਼ ਦੀ ਕਾਢ ਹੈ।

90. ਪੰਨਾ 484 : ਗਿਆਨੀ ਜੀ ਲਿਖਦੇ ਹਨ: ਅਜਿਹੇ ਵਾਕਾਂ ਵਿਚ ਆਈ ਭਾਵਨਾ ਅੱਗੇ ਪ੍ਰੋ. ਜੀ ਨੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ।

ਟਿੱਪਣੀ: ਪ੍ਰੋ. ਜੀ ਨੇ ਕਿਸੇ ਭਾਵਨਾ ਤੇ ਚਿੰਨ ਨਹੀਂ ਲਾਇਆ, ਸਗੋਂ ਸਹੀ ਵਿਆਖਿਆ ਕੀਤੀ ਹੈ।

91. ਪੰਨਾ 484: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ ਗੁਰੂ ਨਾਨਕ ਜੀ ਨੂੰ ਭਗਤਾਂ ਤੋਂ ਵੀ ਹੇਠਲੀ ਸ਼੍ਰੇਣੀ ਦੀ ਲਾਈਨ ਵਿਚ ਜਾ ਖੜੇ ਕੀਤੇ ਹਨ।

ਟਿੱਪਣੀ: ਇਹ ਸੋਚਨਾ ਗਿਆਨੀ ਜੀ ਦੇ ਦਿਮਾਗ਼ ਦੇ ਕ੍ਰਿਸ਼ਮੇ ਹੀ ਹਨ !

92. ਪੰਨਾ 487: ਗਿਆਨੀ ਜੀ ਲਿਖਦੇ ਹਨ: ਗੁਰੂ ਨਾਨਕ ਜੀ ਨੂੰ ਕਬੀਰ ਦਾ ਚੇਲਾ ਮੰਨਣ ਵਾਲੇ ਕਹਿ ਸਕਦੇ ਹਨ ਕਿ ਪ੍ਰੋ. ਜੀ ਵੀ ਇਸੇ ਖ਼ਿਆਲ ਦੀ ਥਾਂ ਥਾਂ ਪ੍ਰੋੜ੍ਹਤਾ ਕਰ ਰਹੇ ਹਨ।

ਟਿੱਪਣੀ: ਪ੍ਰੋ. ਜੀ ਤਾਂ ਇਹ ਗੱਲ ਕਿਤੇ ਨਹੀਂ ਕਹਿੰਦੇ। ਗਿਆਨੀ ਜੀ ਨੂੰ 'ਆਕਾਸ਼ ਬਾਣੀ' ਹੁੰਦੀ ਹੈ।

93. ਪੰਨਾ 487: ਗਿਆਨੀ ਜੀ ਲਿਖਦੇ ਹਨ: 'ਸਾਰੇ ਸ਼ਬਦ ਗੁਰੂ ਜੀ ਨੇ ਲਿਆਂਦੇ ਅਤੇ ਹੁਣ ਤੱਕ ਅਸਲ ਰੂਪ ਵਿਚ ਹਨ' ਕਥਨ ਨੂੰ ਪ੍ਰਮਾਣਿਤ ਕਰਨ ਵਾਲਾ ਇਕੋ ਇਕ ਪ੍ਰੋ. ਜੀ ਦਾ ਨਿਜ-ਅਨੁਭਵੀ ਕਥਨ ਹੈ।

ਟਿੱਪਣੀ: ਪ੍ਰੋ. ਜੀ ਨੇ ਅਪਣੇ ਕਥਨ ਦਾ ਸਬੂਤ ਦਿੱਤਾ ਹੈ, ਭਾਵੇਂ ਉਹ ਨਿਜ-ਅਨੁਭਵੀ ਹੋਵੇ ਜਾਂ ਨਾ ਹੋਵੇ।

94. ਪੰਨਾ 488: ਕੀ ਗੁਰੂ ਨਾਨਕ ਜੀ ਨੇ ਤ੍ਰਿਕੁਟੀ ਦਾ ਖਿਆਲ ਕਬੀਰ ਜੀ ਤੋਂ ਲਿਆ ? ਵਿਸ਼ਾ ਬੜਾ ਲੰਮਾ ਹੈ।

ਟਿੱਪਣੀ: ਇਸ ਵਿਸ਼ੇ ਤੇ ਵਿਚਾਰ ਤਾਂ ਗਿਆਨੀ ਜੀ ਨੇ 488 ਤੋਂ 501 ਭਾਵ 14 ਪੰਨਿਆ ਤੇ ਹੀ ਕਰ ਦਿੱਤਾ ਹੈ ਪਰ ਸ਼ੀਰਸ਼ਕ 512 ਪੰਨੇ 32, ਭਾਵ 25 ਪੰਨਿਆਂ ਵਿਚ ਉਹੀ ਦੱਬਲਿਆ ਹੈ।

95. ਪੰਨਾ 490: ਗਿਆਨੀ ਜੀ ਲਿਖਦੇ ਹਨ: ਜਦੋਂ ਤਿੰਨ-ਗਿਆਤਾ, ਗਿਆਨ ਤੇ ਗੇਯ ਦਾ ਭੇਦ ਦੂਰ ਹੋ ਜਾਂਦਾ ਹੈ,....

ਟਿੱਪਣੀ: 'ਤ੍ਰਿ' ਸ਼ਬਾਂਸ਼ੇ ਦਾ ਅਰਥ ਤਾਂ ਹੋ ਗਿਆਂ। 'ਕੁਟੀ' ਦਾ ਅਰਥ ਤਾਂ ਗਿਆਨੀ ਜੀ ਨੇ ਲਿਖਿਆ ਹੀ ਨਹੀਂ।

96. ਪੰਨਾ 490: ਗਿਆਨੀ ਜੀ ਅੰਮ੍ਰਿਤਸਰੀ ਟਕਸਾਲ ਵਾਲੇ ਗਿਆਨੀਆਂ ਦੀ ਕੀਤੀ ਹੋਈ ਵਿਆਖਿਆ ਲਿਖਦੇ ਹਨ: ਇੜਾ ਪਿੰਗਲਾ ਦੋ ਨਾੜਾਂ ਕਰ। ਇਸ ਰੀਤੀ ਨਾਲ ਯੋਗਾ ਨੰਦ ਰੂਪ ਧਾਰਾ ਹੋਣਾ ਕਰ।

ਟਿੱਪਣੀ: 'ਦੋ ਨਾੜਾਂ ਕਰ 'ਪਰ ਦਸਿਆ ਨਹੀਂ, ਕੀ ਕਰ। ਇਸ ਵਿਆਖਿਆ ਵਿਚ ਤ੍ਰਿਕੁਟੀ ਦਾ ਅਰਥ ਤਾਂ ਸਾਫ਼ ਕੀਤਾ ਹੀ ਨਹੀਂ ਗਿਆ।

97. ਪੰਨਾ 491: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ ਅਰਥਾਂ ਦੀ ਜੋ ਖਿੱਚ ਧੂ ਕੀਤੀ ਹੈ, ਇਸ ਨਾਲ ਉਨ੍ਹਾਂ ਦੀ ਵਿਆਖਿਆ ਮਨਮਤੀ ਬਣ ਕੇ ਰਹਿ ਗਈ ਹੈ।

ਟਿੱਪਣੀ: ਪ੍ਰੋ. ਜੀ ਨੇ ਅਰਥਾਂ ਵਿਚ ਕਿਤੇ ਧੂ ਘਸੀਟ ਨਹੀਂ ਕੀਤੀ ਅਤੇ ਉਨ੍ਹਾਂ ਦੀ ਵਿਆਖਿਆ ਗੁਰਮਤਿ ਅਨੁਸਾਰ ਹੈ, ਮਨਮਤ ਨਹੀਂ। ਪਰ ਉਸ ਵਿਆਖਿਆ ਨੂੰ ਸਮਝਣ ਦੀ ਅਕਲ ਹਰ ਕਿਸੇ ਨੂੰ ਨਹੀਂ।

98. ਪੰਨਾ 492: ਗਿਆਨੀ ਜੀ ਸੰਤ ਸੰਪੂਰਨ ਸਿੰਘ ਜੀ ਦੇ ਟੀਕੇ ਦਾ ਹਵਾਲਾ ਦਿੰਦੇ ਹਨ: 'ਏਥੇ ਤਿੰਨ ਨਦੀਆਂ ਤੋਂ ਭਾਵ ਇੜਾ, ਪਿੰਗਲਾ ਤੇ ਸੁਖਮੰਨਾ ਹੈ।

ਟਿੱਪਣੀ: ਨਹੀਂ ਜੀ, ਏਥੇ ਤਿੰਨ ਨਦੀਆਂ ਤੋਂ ਭਾਵ 'ਮਾਇਆ ਦੇ ਤਿੰਨ ਗੁਣ ਹੀ ਤਿੰਨ ਨਦੀਆਂ' ਹੈ।

99. ਪੰਨਾ 494: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਦਾ ਇਹ ਕਥਨ ਠੀਕ ਨਹੀਂ ਕਿ ਜਿੱਥੇ ਵੀ 'ਤ੍ਰਿਕੁਟੀ' ਸ਼ਬਦ ਦੀ ਵਰਤੋਂ ਹੋਈ ਹੈ, ਉਹ ਇਸੇ ਇਕੋ ਅਰਥ ਵਿਚ ਹੈ ਅਤੇ ਇਸ ਨਵੇਂ ਅਰਥ ਦੀ ਉਪਜ ਕਬੀਰ ਜੀ ਤੋਂ ਹੋਈ ਹੈ।

ਟਿੱਪਣੀ: ਪ੍ਰੋ. ਜੀ ਦਾ ਇਹ ਕਥਨ ਠੀਕ ਹੈ। ਧਿਆਨ ਦਿੱਤਿਆਂ ਇਸ ਗੱਲ ਦਾ ਪਤਾ ਲੱਗਦਾ ਹੈ।

100. ਪੰਨਾ 495: ਗਿਆਨੀ ਜੀ ਲਿਖਦੇ ਹਨ: ਮਿਹਰਬਾਨ ਵਾਲੀ ਜਨਮਸਾਖੀ ਆਦਿ ਬੀੜ ਦੀ ਰਚਨਾ ਸਮੇਂ ਦੀ ਇਕ ਪੁਰਾਣੀ ਲਿਖਤ ਹੈ।...

ਟਿੱਪਣੀ: ਗੁਰਿਆਈ ਦੇ ਝੂਠੇ ਦਾਅਵੇਦਾਰ ਤੇ ਗੁਰੂ ਘਰ ਦੇ ਵਿਰੋਧੀ ਦੀ ਰਚਨਾ ਪ੍ਰਮਾਣੀਕ ਕਿਵੇਂ ਮੰਨੀ ਜਾ ਸਕਦੀ ਹੈ ?

101. ਪੰਨਾ 498: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਲਿਖਦੇ ਹਨ ਕਿ ਗੁਰੂ ਨਾਨਕ ਜੀ ਦੀ ਸਾਰੀ ਬਾਣੀ ਗੁਰੂ ਅੰਗਦ ਦੇਵ ਜੀ ਦੀ ਰਾਹੀਂ ਗੁਰੂ ਅਮਰ ਦਾਸ

ਜੀ ਪਾਸ ਆਈ ਨਾ ਹੁੰਦੀ ਤੇ ਇਨ੍ਹਾਂ ਨੂੰ ਉਨ੍ਹਾਂ ਦੀ ਬਾਣੀ ਪੜ੍ਹਨ ਦਾ ਅਭਿਆਸ ਨਾ ਹੁੰਦਾ ਤਾਂ ਗੁਰੂ ਅਮਰ ਦਾਸ ਜੀ ਤ੍ਰਿਕੁਟੀ ਵਾਲਾ ਨਵਾਂ ਖਿਆਲ ਬਿਲਕੁਲ ਉਨ੍ਹਾਂ ਵਾਂਗ ਨਾ ਦੁਹਰਾਉਂਦੇ। (ਨੋਟ:-ਇਹ ਸਤਰਾਂ ਪੰਨਾ 500 ਤੋਂ ਲਈਆਂ ਗਈਆਂ ਹਨ, ਜਿੱਥੇ ਇਹ ਠੀਕ ਲਿਖੀਆਂ ਗਈਆਂ ਹਨ।)

ਇਹ ਸਤਰਾਂ ਦੇ ਕੇ ਗਿਆਨੀ ਜੀ ਲਿਖਦੇ ਹਨ: ਗੁਰੂ ਅੰਗਦ ਦੇਵ ਜੀ ਨੇ ਤ੍ਰਿਕੁਟੀ ਸ਼ਬਦ ਦੀ ਵਰਤੋਂ ਕਿਸੇ ਥਾਂ ਵੀ ਨਹੀਂ ਕੀਤੀ ।

ਟਿੱਪਣੀ: ਪ੍ਰੋ. ਜੀ ਤਾਂ ਇਹ ਗੱਲ ਕਿਤੇ ਲਿਖਦੇ ਹੀ ਨਹੀਂ ਕਿ ਗੁਰੂ ਅੰਗਦ ਦੇਵ ਜੀ ਨੇ 'ਤ੍ਰਿਕੁਟੀ' ਸ਼ਬਦ ਕਿਤੇ ਵਰਤਿਆ ਹੈ। ਉਹ ਤਾਂ ਇਹ ਕਹਿੰਦੇ ਹਨ; ਜੇ ਗੁਰੂ ਨਾਨਕ ਜੀ ਦੀ ਸਾਰੀ ਬਾਣੀ ਗੁਰੂ ਅੰਗਦ ਜੀ ਰਾਹੀਂ.....

102. ਪੰਨਾ 500: ਗਿਆਨੀ ਜੀ ਪ੍ਰੋ. ਜੀ ਬਾਰੇ ਲਿਖਦੇ ਹਨ: ਇਕ ਪਾਸੇ ਆਪ ਜੀ ਲਿਖਦੇ ਹਨ ਕਿ ਗੁਰੂ ਨਾਨਕ ਜੀ ਨੇ ਤ੍ਰਿਕੁਟੀ ਦਾ ਖ਼ਿਆਲ ਕਬੀਰ ਤੋਂ ਲਿਆ। ਦੂਜੇ ਪਾਸੇ ਆਪ ਜੀ ਦਾ ਕਥਨ ਹੈ ਕਿ 'ਤ੍ਰਿਕੁਟੀ' ਸ਼ਬਦ ਪਹਿਲਾਂ ਹਠ ਯੋਗੀਆਂ ਵਿਚ ਵਰਤਿਆ ਜਾਂਦਾ ਸੀ। ਇਨ੍ਹਾਂ ਵਿਚੋਂ ਕਿਹੜੀ ਗੱਲ ਠੀਕ ਮੰਨੀ ਜਾਵੇ ? ਇਕ ਵਿਆਖਿਆ ਦੂਜੀ ਨੂੰ ਕਟੱਦੀ ਹੈ।

ਟਿੱਪਣੀ: ਯੋਗੀ 'ਤ੍ਰਿਕੁਟੀ' ਸ਼ਬਦ ਹੋਰ ਅਰਥਾਂ ਵਿਚ ਵਰਤਦੇ ਸਨ, ਕਬੀਰ ਜੀ ਹੋਰ ਅਰਥਾਂ ਵਿਚ । ਸੋ ਇਕ ਵਿਆਖਿਆ ਦਾ ਦੂਜੀ ਨੂੰ ਕਟੱਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

103. ਪੰਨਾ 500: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਦਾ ਇਹ ਕਹਿਣਾ ਠੀਕ ਨਹੀਂ ਕਿ 'ਤ੍ਰਿਕੁਟੀ' ਸ਼ਬਦ ਦੀ ਰਚਨਾ ਕਬੀਰ ਜੀ ਨੇ ਕੀਤੀ।

ਟਿੱਪਣੀ: ਪ੍ਰੋ. ਜੀ ਨੇ 'ਤ੍ਰਿਕੁਟੀ' ਸ਼ਬਦ ਨੂੰ ਕਬੀਰ ਜੀ ਦੀ ਰਚਨਾ ਕਿਤੇ ਨਹੀਂ ਕਿਹਾ। ਉਨ੍ਹਾਂ ਸਿਰਫ਼ ਇਹ ਕਿਹਾ ਹੈ ਕਿ ਕਬੀਰ ਜੀ ਨੇ ਇਸ ਸ਼ਬਦ ਨੂੰ ਯੋਗੀਆਂ ਵਾਲੇ ਅਰਥਾਂ ਵਿਚ ਨਹੀਂ ਲਿਆ।

104. ਪੰਨਾ 501: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਵਲੋਂ 'ਬਾਵਨ ਅਖਰੀ' ਦਾ ਉਚਾਰਨ ਡਗੇ ਦੀ ਮਾਰ ਨਾਲ ਪ੍ਰਗਟ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਗੁਰਮੁਖੀ ਅੱਖਰ ਵਿਧੀ ਦਾ ਕਬੀਰ ਜੀ ਉੱਤੇ ਪ੍ਰਭਾਵ ਪਿਆ।

ਟਿੱਪਣੀ: ਇਨ੍ਹਾਂ ਅੱਖਰਾਂ ਦਾ ਉਚਾਰਨ ਗੁਰੂ ਬਾਬਾ ਜੀ ਤੋਂ ਪਹਿਲਾਂ ਹੀ ਨਿਰਧਾਰਿਤ ਹੋ ਚੁੱਕਾ ਸੀ, ਤਦ ਹੀ ਬਾਬਾ ਜੀ ਨੇ ਇਹ ਉਚਾਰੇ। ਕੋਈ ਇਕ ਬੰਦਾ ਅਖੱਰ ਨਹੀਂ ਬਣਾਇਆ ਕਰਦਾ। ਇਹ ਹੌਲੀ ਹੌਲੀ ਬਣਿਆ ਕਰਦੇ ਹਨ। ਕਬੀਰ ਜੀ ਤੇ ਇਨ੍ਹਾਂ ਅੱਖਰਾਂ ਦਾ ਪ੍ਰਭਾਵ ਪੰਜਾਬੋਂ ਆਉਂਦੇ ਜਾਂਦੇ ਰਮਤੇ ਸਾਧਾਂ ਦੀ 'ਸਾਧ ਭਾਸ਼ਾ' ਰਾਹੀਂ ਵੀ ਪੈ ਸਕਦਾ ਸੀ। ਸ਼ਾਇਦ ਕਬੀਰ ਜੀ ਵੀ ਪੰਜਾਬ ਆਏ ਹੋਣ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਕਬੀਰ ਜੀ ਨੇ ਗੁਰੂ ਜੀ ਵਾਂਗ 'ਪੱਟੀ' ਨਹੀਂ ਉਚਾਰੀ।

105. ਪੰਨਾ 501: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਨੇ ਹਿੰਦੀ ਦਾ ਕੈ,

ਘੈ, ਗੈ ਆਦਿਕ ਭੁੱਲ ਕੇ ....

ਟਿੱਪਣੀ: ਹਿੰਦੀ ਅੱਖਰਾਂ ਦਾ ਉਚਾਰਨ ਕੈ, ਘੈ, ਗੈ ਆਦਿਕ ਨਹੀਂ, ਕ੍ , ਖ੍, ਗ੍ ਆਦਿਕ ਹੈ।

106. ਪੰਨਾ 502: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਕਹਿੰਦੇ ਹਨ ਕਿ ਗੁਰੂ ਨਾਨਕ ਜੀ ਕਬੀਰ ਜੀ ਦੀ ਬਾਣੀ ਕਬੀਰ ਜੀ ਨੂੰ ਮਿਲਣ ਸਮੇਂ ਮਗਹਰ ਤੋਂ ਲਿਆਏ। ਉਹ ਇਹ ਵੀ ਲਿਖਦੇ ਹਨ ਕਿ ਕਾਂਸ਼ੀ ਤੋਂ ਸਾਰੀ ਬਾਣੀ ਨਕਲ ਕੀਤੀ।

ਟਿੱਪਣੀ: ਪ੍ਰੋ. ਜੀ ਨੇ ਲਿਖਿਆ ਕਿ ਕਬੀਰ ਜੀ ਦੀ ਬਾਣੀ ਬਾਬਾ ਜੀ ਨੇ ਮਗਹਰ ਤੋਂ ਲਈ ਸੀ। ਦੇਖੋ 'ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ', ਪੰਨਾ ੭੯-੮੧। ਗਿਆਨੀ ਜੀ ਨੇ ਆਪ ਹੀ ਲਿਖ ਦਿੱਤਾ ਹੈ ਕਿ ਪ੍ਰੋ. ਜੀ ਲਿਖਦੇ ਹਨ ਕਿ ਗੁਰੂ ਬਾਬਾ ਜੀ ਕਬੀਰ ਜੀ ਦੀ ਬਾਣੀ ਕਾਂਸ਼ੀ ਤੋਂ ਲਿਆਏ.।

107. ਪੰਨਾ 502: ਗਿਆਨੀ ਜੀ ਲਿਖਦੇ ਹਨ: ਕਬੀਰ ਪੰਥੀਆਂ ਨੂੰ ਕਬੀਰ ਜੀ ਦੀ ਗੁਰੂ ਗ੍ਰੰਥ ਜੀ ਵਿਚ ਆਈ ਬਾਣੀ ਨਾਲੋਂ ਉਨ੍ਹਾਂ ਦੇ ਅਪਣੇ ਗ੍ਰੰਥਾਂ ਵਿਚ ਆਈ ਕਬੀਰ ਜੀ ਦੀ ਬਾਣੀ ਤੇ ਵਧੇਰੇ ਨਿਸ਼ਚਾ ਹੈ।

ਟਿੱਪਣੀ: ਉਨ੍ਹਾਂ ਦੀ ਮਰਜ਼ੀ ! ਸਾਡੇ ਲਈ ਵੀ ਗੁਰੂ ਗ੍ਰੰਥ ਜੀ ਤੋਂ ਬਾਹਿਰਲੀ ਬਾਣੀ ਕੱਚੀ ਹੈ।

108. ਪੰਨਾ 503: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਦੇ ਕੁੱਝ ਪਦੇ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਵੀ ਹਨ, ਜੋ ਆਦਿ ਬੀੜ ਦਾ ਭਾਗ ਨਹੀਂ ਬਣ ਸਕੇ।

ਟਿੱਪਣੀ: ਉਨ੍ਹਾਂ ਪਦਿਆਂ ਦਾ ਆਦਿ ਬੀੜ ਦਾ ਭਾਗ ਬਣਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਗੱਲ ਤੋਂ ਸਗੋਂ ਇਹ ਸਾਬਿਤ ਹੁੰਦਾ ਹੈ ਕਿ ਗੋਇੰਦਵਾਲ ਵਾਲੀਆਂ ਪੋਥੀਆਂ ਗੁਰੂ ਅਮਰਦਾਸ ਜੀ ਦੀ ਦੇਖ ਰੇਖ ਵਿਚ ਨਹੀਂ ਲਿਖੀਆਂ ਗਈਆਂ।

109. ਪੰਨਾ 503: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਦੇ ਕਈ ਸ਼ਬਦ ਜੋ ਕਰਤਾਰਪੁਰੀ ਬੀੜ ਵਿਚ ਨਹੀਂ, ਹੋਰ ਕਈ ਬੀੜਾਂ ਵਿਚ ਮਿਲਦੇ ਹਨ।

ਟਿੱਪਣੀ: ਇਹੋ ਜਿਹੇ ਸ਼ਬਦ ਬੀੜਾਂ ਵਿਚ ਲਿਖਣਾ ਲਿਖਾਰੀਆਂ ਦੀ ਭੁੱਲ ਜਾਂ ਸ਼ਰਾਰਤ ਹੈ।

110. ਪੰਨਾ 503: ਗਿਆਨੀ ਜੀ ਲਿਖਦੇ ਹਨ: ਇਉਂ ਤਾਂ ਕਬੀਰ ਜੀ ਦੇ ਜਿੰਨੇ ਸ਼ਬਦ ਪੁਰਾਣੀਆਂ ਬੀੜਾਂ ਵਿਚ ਹਨ, ਉਹ ਗੁਰੂ ਨਾਨਕ ਜੀ ਵਲੋਂ ਹੀ ਨਕਲ ਕਰਕੇ ਲਿਆਂਦੇ ਮੰਨਣੇ ਚਾਹੀਦੇ ਹਨ।

ਟਿੱਪਣੀ: ਕਿਸੇ ਵੀ ਆਧਾਰ ਤੇ ਇਉਂ ਨਹੀਂ ਮੰਨਿਆ ਜਾ ਸਕਦਾ।

111. ਪੰਨਾ 503: ਗਿਆਨੀ ਜੀ ਇਕ ਦੋਹੇ ਦਾ ਜ਼ਿਕਰ ਕਰਦੇ ਹਨ: ਇਹ ਦੋਹਾ ਕਬੀਰ ਜੀ ਦੇ ਸ਼ਲੋਕਾਂ ਦੇ ਅੰਤ ਵਿਚ ਕਰਤਾਰਪੁਰੀ ਬੀੜ ਵਿਚ ਵੀ ਲਿਖਿਆ ਹੋਇਆ ਹੈ, ਪਰ ਅੱਗੇ ਸੂਚਨਾ ਦਿੱਤੀ ਹੈ, 'ਇਹ ਐਮੇ ਹੈ'। ਗੁਰੂ ਨਾਨਕ ਜੀ ਨੇ ਉਹ

ਬਾਣੀ ਕਿਉਂ ਇਕੱਠੀ ਕੀਤੀ,' ਜੋ ਐਮੇ ਹੀ ਸੀ' ?

ਟਿੱਪਣੀ: ਇਹ ਸ਼ਲੋਕ ਲਿਖਕੇ ਕੱਟਿਆ ਹੋਇਆ ਹੈ। ਇਸਦੇ ਉੱਪਰ ਲਿਖਿਆ ਹੈ,'ਇਹ ਸ਼ਲੋਕ ਅੱਗੇ ਹੈ, ਪਰ ਇਸ ਨੂੰ ਵੀ ਲੀਕ ਮਾਰ ਕੇ ਕੱਟਿਆ ਹੋਇਆ ਹੈ। ਦੇਖੋ 'ਕਰਤਾਰਪੁਰੀ ਬੀੜ ਦੇ ਦਰਸ਼ਨ' ਪੰਨਾ ੧੧੯ । ਗਿਆਨੀ ਜੀ ਨੇ 'ਇਹ ਸ਼ਲੋਕ ਅੱਗੇ ਹੈ' ਤੋਂ ਆਪ ਹੀ ਬਣਾ ਲਿਆ,'ਇਹ ਐਮੇ ਹੈ'

112. ਪੰਨਾ 502-503: ਪੰਨਾ 502 ਦੇ ਅੰਤ ਵਿਚ ਦਿਤੇ ਗਏ ਇਕ ਪਦੇ ਤੇ ਗਿਆਨੀ ਜੀ ਵਿਚਾਰ ਕਰਦੇ ਹਨ।

ਟਿੱਪਣੀ : ਇਸ ਪਦੇ ਦੇ ਗ਼ਲਤ ਪਦ-ਜੋੜ ਦੱਸਦੇ ਹਨ ਕਿ ਇਹ ਪੰਜਵੇਂ ਗੁਰੂ ਜੀ ਵਲੋਂ ਨਹੀਂ ਲਿਖਾਇਆ ਗਿਆ। ਕਿਸੇ ਨੇ ਪਿਛੋਂ ਲਿਖਿਆ ਹੈ। ਦੇਖੋ 'ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਨਾ ੬੪ ।

113. ਪੰਨਾ 503: ਗਿਆਨੀ ਜੀ ਨੇ ਪੰਨਾ 503 ਤੇ ਆਸਾ ਕਬੀਰ ਜੀ (ਨੰ: 3) ਦਿੱਤਾ ਹੈ।

ਟਿੱਪਣੀ: ਇਸ ਪਦੇ ਦੇ ਪਦ-ਜੋੜ ਗ਼ਲਤ ਹਨ, ਸੋ ਗੁਰੂ ਜੀ ਦਾ ਲਿਖਵਾਇਆ ਹੋਇਆ ਨਹੀਂ ਹੋ ਸਕਦਾ। ਇਹ ਸ਼ਬਦ ਕਰਤਾਰਪੁਰੀ ਬੀੜ ਵਿਚ ਲਿਖ ਕੇ ਕੱਟਿਆ ਹੋਇਆ ਹੈ, ਹੜਤਾਲ ਨਹੀਂ ਫੇਰੀ। ਅਗਲੇ ਸ਼ਬਦਾਂ ਦੇ ਅੰਗ ਪਿੱਛੋਂ ਠੀਕ ਕੀਤੇ ਗਏ ਹਨ। ਇਹ ਪਦਾ ਗਿਣਤੀ ਵਿਚ ਨਹੀਂ ਹੈ। ਦੇਖੋ 'ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਨਾ ੭੩ ।

114. ਪੰਨਾ 503: ਗਿਆਨੀ ਜੀ ਲਿਖਦੇ ਹਨ: ਬੀੜ ਵਿਚ ਲਿਖੇ ਹੋਣ ਤੋਂ ਜ਼ਾਹਿਰ ਹੈ ਕਿ ਇਹ ਸ਼ਬਦ ਕਰਤਾਰਪੁਰ ਵਾਲੀ ਬੀੜ ਬੰਨ੍ਹਣ ਤੋਂ ਪਹਿਲਾਂ ਗੁਰੂ ਘਰ ਵਿਚ ਪੁੱਜੇ ਹੋਏ ਸਨ।

ਟਿੱਪਣੀ: ਕਬੀਰ ਜੀ ਦੀ ਜੋ ਬਾਣੀ ਗੁਰੂ ਬਾਬਾ ਜੀ ਲਿਆਏ, ਉਹ ਤਾਂ ਗੁਰੂ ਗ੍ਰੰਥ ਜੀ ਵਿਚ ਅਵੱਸ਼ ਆਈ। ਇਹੋ ਜਿਹੇ ਕੁਝ ਪਦੇ ਪਿੱਛੋਂ ਵੀ ਆਏ ਹੋਣਗੇ। ਜੋ ਪੰਜਵੇਂ ਗੁਰੂ ਜੀ ਨੇ ਸਵੀਕਾਰ ਨਹੀਂ ਕੀਤੇ। ਸ਼ਾਇਦ ਭਾਈ ਗੁਰਦਾਸ ਜੀ ਨੇ ਲਿਖ ਦਿੱਤੇ ਹੋਣ ਤੇ ਗੁਰੂ ਜੀ ਨੇ ਕਟਵਾ ਦਿੱਤੇ ਹੋਣ।

115. ਪੰਨਾ 504: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਕਹਿੰਦੇ ਹਨ ਕਿ ਗੁਰੂ ਬਾਬਾ ਜੀ ਗੁਰੂ ਗ੍ਰੰਥ ਵਿਚਲੀ ਕਬੀਰ ਜੀ ਦੀ ਸਾਰੀ ਬਾਣੀ ਆਪ ਲਿਖ ਕੇ ਲਿਆਏ ਸਨ ਅਤੇ ਉਹ ਬਾਣੀ (ਜਿਉਂ' ਦੀ ਤਿਉਂ' ਹੈ।

ਟਿੱਪਣੀ: ਉਹ ਬਾਣੀ ਜ਼ਰੂਰ 'ਜਿਉਂ ਦੀ ਤਿਉਂ' ਹੈ।

116. ਪੰਨਾ 555: ਗਿਆਨੀ ਜੀ ਲਿਖਦੇ ਹਨ: ਭਗਤਾਂ ਵਿਚ ਗੁਰੂ ਸਾਹਿਬ ਵਾਲੀ ਸਰਬੱਤ ਦੇ ਭਲੇ ਵਾਲੀ ਦ੍ਰਿਸ਼ਟੀ ਪੂਰੀ ਤਰ੍ਹਾਂ ਨਹੀਂ ਉਭੱਰੀ ਸੀ। ਕਬੀਰ ਜੀ ਕਹਿੰਦੇ ਹਨ: ਅੱਗੇ '*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ*' ਵਾਲਾ ਸ਼ਲੋਕ 2 : ੧੩੪ ਦਿੱਤਾ ਹੈ।

ਟਿੱਪਣੀ: ਕਬੀਰ ਜੀ ਦਾ ਏਥੇ ਇਹ ਭਾਵ ਤਾਂ ਨਹੀਂ ਕਿ 'ਸੰਤ' ਤੇ 'ਰਾਮ' ਤੋਂ

ਬਿਨਾਂ ਕਿਸੇ ਹੋਰ ਦੀ ਸੇਵਾ ਕਰਨੀ ਹੀ ਨਹੀ। ਏਥੇ ਉਹ ਖ਼ਲਕਤ ਦੀ ਸੇਵਾ ਤੋਂ ਤਾਂ ਨਹੀਂ ਵਰਜ ਰਹੇ। ਉਹ ਤਾਂ ਅਪਣੀ ਬਾਣੀ ਵਿਚ ਖ਼ਾਲਕ ਵਿਚ ਖ਼ਲਕ ਨੂੰ ਦੇਖਦੇ ਹਨ।

117. ਪੰਨਾ 505: ਗਿਆਨੀ ਜੀ ਕਬੀਰ ਜੀ ਦਾ ਸ਼ਲੋਕ ਨੰ:੧੩੧ 'ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ' ਲਿਖ ਕੇ ਲਿਖਦੇ ਹਨ ਕਿ ਗੁਰਮਤਿ ਤਾਂ ਇਹ ਕੁੱਝ ਨਹੀਂ ਕਹਿੰਦੀ, ਬਲਕਿ ਸਭ ਖ਼ਲਕ ਦੀ ਸੇਵਾ ਦਾ ਸੰਦੇਸ਼ ਦਿੰਦੀ ਹੈ।

ਟਿੱਪਣੀ: ਇਹ ਗੱਲ ਤਾਂ ਬਿਲਕੁਲ ਠੀਕ ਹੈ ਪਰ ਸਾਕਤ ਦੀ ਸੰਗਤ ਤੋਂ ਤਾਂ ਗੁਰੂ ਜੀ ਵੀ ਵਰਜਦੇ ਹਨ। ਜਿਵੇ:

*"ਸਾਧੋ ਮਨ ਕਾ ਮਾਨੁ ਤਿਆਗਉ*

ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥" (ਗਉੜੀ ਮਹਲਾ ੯)

118. ਪੰਨਾ 506: ਗਿਆਨੀ ਜੀ ਨੇ ਕਬੀਰ ਜੀ ਦੇ ਨਾਮ ਥਲੇ ਕਿਸੇ ਦੀ ਉਚਾਰੀ ਹੋਈ ਕੱਚੀ ਬਾਦੀ ਦੇ ਤਿੰਨ ਪਰਮਾਣ ਦਿਤੇ ਹਨ, ਜਿਨ੍ਹਾਂ ਵਿਚ ਇਸਤ੍ਰੀ ਦੀ ਨਿੰਦਾ ਹੈ।

ਟਿੱਪਣੀ: ਸਾਨੂੰ ਇਨ੍ਹਾਂ ਸ਼ਲੋਕਾਂ ਨਾਲ ਕੋਈ ਵਾਸਤਾ ਨਹੀਂ ਕਿਉਂ ਕਿ ਇਹ ਗੁਰੂ ਗ੍ਰੰਥ ਜੀ ਵਿਚ ਨਹੀਂ ਹਨ। ਇਹ ਕਬੀਰ ਦੇ ਨਾਮ ਥੱਲੇ ਕਿਸੇ ਹੋਰ ਦੇ ਲਿਖੇ ਹੋਏ ਹਨ। ਸਾਡਾ ਵਿਸ਼ਵਾਸ਼ ਹੈ ਕਿ ਜਿਸ ਕਬੀਰ ਜੀ ਦੀ ਬਾਣੀ ਗੁਰੂ ਗ੍ਰੰਥ ਜੀ ਵਿਚ ਹੈ, ਉਹ ਇਹੋ ਜਿਹੀ ਗੱਲ ਲਿਖ ਹੀ ਨਹੀਂ ਸਕਦੇ, ਜੋ ਗੁਰੂ ਆਸ਼ੇ ਦੇ ਵਿਰੁੱਧ ਹੋਵੇ। ਜੇ ਲਿਖਦੇ ਹੁੰਦੇ ਤਾਂ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਜੀ ਵਿਚ ਨਾ ਚੜ੍ਹਦੀ।

119. ਪੰਨਾ 506: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਨੇ ਗ੍ਰਿਹਸਤ ਜੀਵਨ ਤੇ ਕਿਰਤ ਕਰਨ ਨੂੰ ਨਿੰਦਿਆ ਹੈ।

ਟਿੱਪਣੀ: ਸ੍ਰੀ ਗੁਰੂ ਗ੍ਰੰਥ ਜੀ ਵਿਚ ਤਾਂ ਗਿਆਨੀ ਜੀ ਦਾ ਇਹ ਖਿਆਲ ਕਿਤੇ ਸਾਬਤ ਨਹੀਂ ਹੁੰਦਾ, ਪਰ ਉਹ ਇਉਂ ਸਮਝ ਰਹੇ ਹਨ। ਇਸਦਾ ਤਾਂ ਇਹ ਭਾਵ ਹੈ ਕਿ ਸਮਝਣ ਵਿਚ ਰੁਕਾਵਟ ਪੈ ਗਈ ਹੈ।

120. ਪੰਨਾ 507: ਗਿਆਨੀ ਜੀ ਲਿਖਦੇ ਹਨ: ਜੇ ਪ੍ਰੋ. ਜੀ ਕਬੀਰ ਜੀ ਦੀ ਬਾਣੀ ਧਿਆਨ ਨਾਲ, ਨਿਰਪੱਖ ਹੋ ਕੇ, ਗੁਰੂ ਜੀ ਵਾਲੀ ਦ੍ਰਿਸ਼ਟੀ ਅਨੁਸਾਰ ਪੜ੍ਹਦੇ ਤਾਂ ਗੁਰੂ ਸਾਹਿਬਾਂ ਤੇ, ਗੁਰਮਤਿ ਤੇ ਘੋਰ ਅੱਨਿਆਂ ਨਾ ਕਰਦੇ।

ਟਿੱਪਣੀ: ਪ੍ਰੋ. ਜੀ ਨੇ ਕਬੀਰ ਜੀ ਦੀ ਬਾਣੀ ਧਿਆਨ ਨਾਲ, ਨਿਰਪੱਖ ਹੋ ਕੇ, ਗੁਰਬਾਣੀ ਦੇ ਦ੍ਰਿਸ਼ਟੀਕੋਣ ਤੋਂ ਹੀ ਪੜ੍ਹੀ ਪੜ੍ਹਾਈ ਹੈ। ਉਨ੍ਹਾਂ ਗੁਰੂ ਸਾਹਿਬਾਂ ਤੇ ਗੁਰਮਤਿ ਨਾਲ ਕੋਈ ਅੱਨਿਆ ਨਹੀਂ ਕੀਤਾ। ਜੋ ਇਹ ਸਮਝਦੇ ਹਨ, ਇਹ ਉਨ੍ਹਾਂ ਦੀ ਅਪਣੀ ਹੀ ਭੁੱਲ ਹੈ ਕਿ ਗੁਰਬਾਣੀ ਤੇ ਕਬੀਰ ਜੀ ਦੀ ਬਾਣੀ ਨੂੰ ਧਿਆਨ ਨਾਲ ਨਹੀਂ ਪੜ੍ਹਦੇ, ਸਮਝਦੇ।

121. ਪੰਨਾ 507: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਪੜ੍ਹਨ ਦੇ ਵਿਰੋਧੀ ਸਨ। ਅੱਗੇ ਕਬੀਰ ਜੀ ਦੀਆਂ ਦੋ ਤੁਕਾਂ ਦਾ ਹਵਾਲਾ ਦਿੰਦੇ ਹਨ।

ਟਿੱਪਣੀ: ਕਬੀਰ ਜੀ ਵਿਦਿਆ ਦੇ ਵਿਰੋਧੀ ਨਹੀਂ। ਹਾਂ, ਜਿਹੜੀ ਵਿਦਿਆ ਝੂਠੇ ਵਾਦ ਝਗੜੇ ਸਿਖਾਵੇ ਤੇ ਰੱਬ ਨੂੰ ਭੁਲਾਏ, ਉਸ ਦੇ ਵਿਰੋਧੀ ਜ਼ਰੂਰ ਸਨ। ਐਸੀ ਵਿਦਿਆ ਦੇ ਤਾਂ ਗੁਰੂ ਜੀ ਵੀ ਵਿਰੋਧੀ ਸਨ, ਜਿਵੇਂ ਗੁਰੂ ਬਾਬਾ ਜੀ ਵੀ ਦੱਸਦੇ ਹਨ:

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥੧॥
ਲਿਖਿ ਲਿਖਿ ਪੜਿਆ ॥ ਤੇਤਾ ਕੜਿਆ॥ (ਆਸਾ ਦੀ ਵਾਰ, ਪਉੜੀ ੯ ।)

ਸੋ, ਗੁਰੂ ਜੀ ਤੇ ਕਬੀਰ ਜੀ ਦਾ ਭਾਵ ਸਮਝਣ ਦੀ ਲੋੜ ਹੈ। ਇਉਂ ਕਰਨ ਨਾਲ ਗੁਰੂ ਜੀ ਤੇ ਕਬੀਰ ਜੀ ਦੇ ਖ਼ਿਆਲ ਸਾਂਝੇ ਦਿਸਣਗੇ ਅਤੇ ਵਿਰੋਧੀ ਨਹੀਂ। ਜੇ ਕਬੀਰ ਜੀ ਦੇ ਖ਼ਿਆਲ ਗੁਰੂ ਜੀ ਤੋਂ ਉਲਟ ਹੁੰਦੇ ਤਾਂ ਗੁਰੂ ਗ੍ਰੰਥ ਜੀ ਵਿਚ ਉਨ੍ਹਾਂ ਦੀ ਬਾਣੀ ਨਾ ਚੜ੍ਹਾਈ ਜਾਂਦੀ।

122. ਪੰਨਾ 508: ਗਿਆਨੀ ਜੀ ਲਿਖਦੇ ਹਨ; ਗੁਰੂ ਜੀ ਨੇ ਭਗਤਾਂ ਦੇ ਪਹਿਲੇ ਰਾਹਾਂ ਦੇ ਤਜਰਬਿਆਂ ਦੇ ਚਿਤ੍ਰ ਵੀ ਸੰਭਾਲੇ।

ਟਿੱਪਣੀ: ਗੁਰੂ ਜੀ ਨੂੰ ਭਗਤਾਂ ਦੇ ਪਹਿਲੇ ਤਜਰਬਿਆਂ ਦੀ ਬਾਣੀ ਦੀ ਕੋਈ ਲੋੜ ਨਹੀਂ ਸੀ। ਇਸ ਲਈ ਉਨ੍ਹਾਂ ਅਜਿਹੀ ਬਾਣੀ ਲਈ ਹੀ ਨਹੀਂ। ਜੋ ਲੋਕ ਸੰਭਾਲਣ ਦੀ ਗੱਲ ਕਰਦੇ ਹਨ, ਇਹ ਉਨ੍ਹਾਂ ਦੀ ਭੁੱਲ ਹੈ।

123. ਪੰਨਾ 508: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਮੁਸਲਮਾਨ ਸਨ। ਰਵਿਦਾਸ ਜੀ ਤੇ ਪੀਪਾ ਜੀ ਨੇ ਭੀ ਇਹ ਗੱਲ ਕਹੀ ਹੈ।

ਟਿੱਪਣੀ: ਨਾ ਕਬੀਰ ਜੀ ਮੁਸਲਮਾਨ ਸਨ, ਨਾ ਉਨ੍ਹਾਂ ਬਾਰੇ ਇਹ ਗੱਲ ਰਵਿਦਾਸ ਜੀ ਤੇ ਪੀਪਾ ਜੀ ਨੇ ਕਹੀ ਹੈ। ਕਬੀਰ ਜੀ ਨੂੰ ਮੁਸਲਮਾਨ ਸਮਝਣ ਵਾਲਿਆ ਦੀ ਇਹ ਭੁੱਲ ਹੈ।

124. ਪੰਨਾ 508: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਇਸਲਾਮੀ ਰਸਮਾਂ ਨੂੰ ਮਾਨਤਾ ਦਿੰਦੇ ਰਹੇ। ਅੱਗੇ 'ਕਬੀਰ ਕਾਰਜ' ਅਤੇ 'ਜਾ ਕਾ ਬਾਸਾ' ਦਾ ਪਰਮਾਣ ਦਿੱਤਾ ਹੈ।

ਟਿੱਪਣੀ: ਇਨ੍ਹਾਂ ਪਰਮਾਣਾਂ ਤੋਂ ਤਾਂ ਕਬੀਰ ਜੀ ਦੇ ਇਸਲਾਮੀ ਰਸਮਾਂ ਨੂੰ ਮਾਨਤਾ ਦੇਣ ਵਾਲੀ ਕੋਈ ਗੱਲ ਨਹੀਂ।

125. ਪੰਨਾ 508: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਨੂੰ ਮੁਸਲਮਾਨ ਹੋਣ ਕਾਰਨ ਰਾਮਾਨੰਦ ਜੀ ਤੋਂ ਗੁਰਮੰਤਰ ਲੈਣ ਵਿਚ ਵੀ ਤਕਲੀਫ ਉਠਾਉਣੀ ਪਈ। ਅੱਗੇ ਕੱਚੀ ਬਾਣੀ ਦੇ ਦੋ ਹਵਾਲੇ ਦਿੰਦੇ ਹਨ।

ਟਿੱਪਣੀ: ਇਹ ਮਨ ਘੜਤ ਕਹਾਣੀਆਂ ਹਨ ਕਹਾਣੀ ਘਾੜਿਆਂ ਦੀਆਂ।

126. ਪੰਨਾ 508: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਪਹਿਲਾਂ ਫ਼ਕੀਰ ਤੱਕੀ ਦੇ ਚੇਲੇ ਸਨ।

ਟਿੱਪਣੀ: ਸਾਡਾ ਸੰਬੰਧ ਕਬੀਰ ਜੀ ਦੀ ਗੁਰੂ ਗ੍ਰੰਥ ਜੀ ਵਿਚਲੀ ਬਾਣੀ ਨਾਲ

ਹੈ ਅਤੇ ਅਸੀਂ ਉਸ ਅਨੁਸਾਰ ਹੀ ਕਬੀਰ ਜੀ ਨੂੰ ਦੇਖਦੇ ਹਾਂ।

127. ਪੰਨਾ 509: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਨੇ ਵੈਸ਼ਨਵ ਮੱਤ ਤੇ ਵਿਸ਼ਵਾਸ ਪ੍ਰਗਟ ਕੀਤਾ ਹੈ। ਇਸ ਬਾਰੇ ਗਿਆਨ. ਜੀ ਨੇ ਤਿੰਨ ਮਿਸਾਲਾਂ ਦਿੱਤੀਆਂ ਹਨ,'ਕਬੀਰ ਜੋਰੀ ਕੀਏ (ਕਬੀਰ ਖੂਬੁ ਖਾਨਾ ਖੀਚਰੀ' ਤੇ 'ਹੇਰਾ ਰੋਟੀ ਕਾਰਨੇ'।

ਟਿੱਪਣੀ: ਕਬੀਰ ਜੀ ਨੇ ਇਨ੍ਹਾਂ ਮਿਸਾਲਾਂ ਵਿਚ ਜ਼ੁਲਮ, ਭਰਮ ਤੇ ਜੀਭ ਦੇ ਚਸਕੇ ਦੇ ਵਿਰੁੱਧ ਅਪਣੇ ਖਿਆਲ ਲਿਖੇ ਹਨ, ਨਾ ਕਿ ਵੈਸ਼ਨਵ ਮੱਤ ਤੇ ਵਿਸ਼ਵਾਸ ਪ੍ਰਗਟ ਕੀਤਾ ਹੈ। ਧਿਆਨ ਨਾਲ ਪੜ੍ਹਿਆਂ ਸਮਝ ਪੈ ਸਕਦੀ ਹੈ।

128. ਪੰਨਾ 510: ਗਿਆਨੀ ਜੀ 'ਕਬੀਰ ਜੋ ਮੈ ਚਿਤਵਉ' ਸ਼ਲੋਕ ਦੇ ਕੇ ਲਿਖਦੇ ਹਨ ਕਿ ਕਬੀਰ ਜੀ ਚਿੰਤਨ ਦੀ ਗੱਲ ਬੜੇ ਜ਼ੋਰ ਨਾਲ ਕਰਦੇ ਹਨ। ਗੁਰਬਾਣੀ ਇਉਂ ਨਹੀਂ ਕਰਦੀ।

ਟਿੱਪਣੀ: ਗੁਰਬਾਣੀ ਵੀ ਇਹ ਕੁਝ ਦਸਦੀ ਹੈ। ਦੇਖੋ:

ਅਨਿਕ ਉਪਾਵ ਚਿਤਵੀਆਂ ਬਹੁਤੇਰੇ, ਸਾ ਹੋਵੈ ਕਿ ਬਾਤ ਹੋਵੈਨੀ"
ਅਪਣਾ ਭਲਾ ਸਭ ਕੋਈ ਬਾਛੈ, ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥ ੨ ॥

129. ਪੰਨਾ 511: ਗਿਆਨੀ ਜੀ 'ਕਬੀਰ ਜਉ ਗ੍ਰਿਹ ਕਰਹਿ' ਸ਼ਲੋਕ ਦੇ ਕੇ ਲਿਖਦੇ ਹਨ ਕਿ ਕਬੀਰ ਜੀ ਬ੍ਰਹਮਣੀ ਮੱਤ ਦੇ ਸਿੱਧਾਂਤ ਦੇ ਪੱਖ ਵਿਚ ਸਨ।

ਟਿੱਪਣੀ: ਕਬੀਰ ਜੀ ਏਥੇ ਮਨੁੱਖੀ ਜੀਵਨ ਨੂੰ ਦੋ ਹਿੱਸਿਆਂ ਵਿਚ ਨਹੀਂ ਵੰਡ ਰਹੇ, ਗ੍ਰਿਹਸਤੀ ਜੀਵਨ ਦੇ ਹੀ ਹੱਕ ਵਿਚ ਹਨ। ਆਪ ਵੀ ਗ੍ਰਿਹਸਤੀ ਸਨ। ਆਪ ਸਿਰਫ਼ ਇਹ ਕਹਿ ਰਹੇ ਹਨ ਕਿ ਧਰਮ ਨਾ ਕਰਨ ਨਾਲੋਂ, ਸਿਮਰਨ ਨਾ ਕਰਨ ਨਾਲੋਂ, ਵਿਕਾਰਾਂ ਵਿਚ ਫਸਣ ਨਾਲੋਂ ਅਤੇ ਦੁਨੀਆਂ ਨੂੰ ਨਫ਼ਰਤ ਕਰਨ ਨਾਲੋਂ ਤਾਂ ਗ੍ਰਿਹਸਤ ਛੱਡਣਾ ਹੀ ਚੰਗਾ ਹੈ। ਪਰ ਜੇ ਛੱਡ ਕੇ ਵੀ ਮਾਇਆ ਦੇ ਬੰਧਨਾਂ ਤੇ ਵਿਕਾਰਾਂ ਵਿਚ ਫਸਣਾ ਹੈ ਤਾਂ ਬੜੀ ਬਦਕਿਸਮਤੀ ਹੈ ਧੋਬੀ ਦਾ ਕੁੱਤਾ, ਨਾ ਘਰ ਦਾ ਨਾ ਘਾਟ ਦਾ !

130. ਪੰਨਾ 514: ਗਿਆਨੀ ਜੀ ਲਿਖਦੇ ਹਨ: ਕਬੀਰ ਜੀ ਕਹਿੰਦੇ ਹਨ 'ਕਬੀਰ ਜਗੁ ਕਾਜਲ ਕੀ ਕੋਠੜੀ'

ਟਿੱਪਣੀ: ਕਬੀਰ ਜੀ ਗੁਰਮਤਿ ਅਨੁਸਾਰ ਹੀ ਕਹਿੰਦੇ ਹਨ ਕਿ ਜਗਤ, ਭਾਵ ਜਗਤ ਦਾ ਮੋਹ, ਮਾਨੋ, ਕਾਲਖ ਨਾਲ ਭਰੀ ਹੋਈ ਕੋਠੜੀ ਹੈ।

131. ਪੰਨਾ 512 : ਤੇ 515 ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਲਿਖਦੇ ਹਨ-'ਗੁਰੂ ਜੀ ਨੇ ਕਬੀਰ ਜੀ ਦੇ ਭਾਵ ਕਬੂਲੇ, ਉਨ੍ਹਾਂ ਦੀ ਰੀਸ ਕੀਤੀ।'

ਟਿੱਪਣੀ: ਗਿਆਨੀ ਜੀ ਦੀ ਮਨੋ ਕਲਪਣਾ ਹੀ ਇਹ ਸਮਝ ਰਹੀ ਹੈ, ਨਹੀਂ ਤਾਂ ਪ੍ਰੋ. ਜੀ ਤਾਂ ੧੪ ਪੰਨਿਆਂ ਦੀ ਵੀਚਾਰ ਦੇ ਅੰਤ ਵਿਚ ਇਹ ਲਿਖਦੇ ਹਨ:

ਉੱਪਰ ਲਿਖੀ ਵੀਚਾਰ ਨੂੰ ਸਾਮ੍ਹਣੇ ਰੱਖ ਕੇ ਸਿੱਖ ਧਰਮ ਦਾ ਕੋਈ ਵਿਰੋਧੀ, ਸਚਾਈ ਦੀ ਟੇਕ ਉੱਤੇ ਟਿਕ ਕੇ, ਇਹ ਦੂਸ਼ਨ ਲਾਉਣ ਜੋਗਾ ਨਹੀਂ ਹੋ ਸਕਦਾ ਕਿ

ਸਤਿਗੁਰੂ ਨਾਨਕ ਦੇਵ ਜੀ ਨੇ ਬਾਣੀ ਲਿਖਣ ਵਾਸਤੇ ਭਗਤ ਕਬੀਰ ਜੀ ਤੋਂ ਕੋਈ ਚੀਜ਼ ਮਾਂਗਵੀਂ ਲੈਣ ਦੀ ਕੋਸ਼ਿਸ਼ ਕੀਤੀ ਸੀ। ਦੇਖੋ 'ਦਰਪਣ' ਪੋਥੀ ਪੰਜਵੀਂ, ਪੰਨਾ ੧੫੬-੧੬੯ ।

132. ਪੰਨਾ 517: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਦੀ ਖੋਜ ਨੂੰ ਵਿਗਿਆਨਕ ਦਸੱਣ ਵਾਲੇ ਦੱਸਣ ਕਿ ਗੁਰੂ ਨਾਨਕ ਜੀ ਨੇ ਕਿਸ ਕਿਸ ਭਗਤ ਦੀ ਨਕਲ ਕੀਤੀ।

ਟਿੱਪਣੀ: ਪ੍ਰੋ. ਜੀ ਨੇ 'ਨਕਲ' ਸ਼ਬਦ ਕਿਤੇ ਨਹੀਂ ਵਰਤਿਆ। ਇਹ ਇਲਹਾਮ ਗਿਆਨੀ ਜੀ ਨੂੰ ਹੀ ਹੁੰਦਾ ਹੈ। ਮਹਾਂਪੁਰਸ਼ਾਂ ਦੇ ਖ਼ਿਆਲਾਂ ਦੀ ਸਾਂਝ ਦੇਸ਼ ਕਾਲ ਤੋਂ ਉੱਚੀ ਹੁੰਦੀ ਹੈ, ਜਿਵੇਂ ਕਿ ਬੁੱਧ ਜੀ ਦੀ ਤੇ ਈਸਾ ਜੀ ਦੀ। ਸਾਂਝ ਮਿਲ ਕੇ ਵੀ ਹੋ ਸਕਦੀ ਹੈ ਤੇ ਬਿਨ ਮਿਲਿਆਂ ਵੀ। ਇਹ ਵੀ ਜ਼ਰੂਰੀ ਨਹੀਂ ਕਿ ਸਾਂਝ ਹਰਿੱਕ ਗੱਲ ਵਿਚ ਹੋਵੇ।

133. ਪੰਨਾ 518: ਗਿਆਨੀ ਜੀ ਲਿਖਦੇ ਹਨ: ਮਹਾਰਾਸ਼ਟਰ ਵਿਚ ਗੂੜ੍ਹਾ ਮੁਸਲਮਾਨੀ ਪ੍ਰਭਾਵ ਪੈਣ ਤੋਂ ਪਹਿਲਾਂ ਫ਼ਾਰਸੀ ਦੇ ਸ਼ਬਦ ਓਥੇ ਕਿਵੇਂ ਜਾ ਸਕਦੇ ਸਨ ?

ਟਿੱਪਣੀ: ਉੱਤਰੀ ਭਾਰਤ ਦੇ ਆਮ ਯਾਤ੍ਰੀਆਂ ਤੇ ਰਮਤੇ ਸਾਧਾਂ ਦੇ ਧੁਰ ਦੱਖਣ ਤਾਈਂ ਕੰਨਿਆ ਕੁਮਾਰੀ ਤਾਈਂ ਜਾਣ ਨਾਲ ਫ਼ਾਰਸੀ ਸ਼ਬਦ ਮਹਾਰਾਸ਼ਟਰ ਵਿਚ ਗੂੜ੍ਹਾ ਮੁਸਲਮਾਨੀ ਪ੍ਰਭਾਵ ਪੈਣ ਤੋਂ ਪਹਿਲਾਂ ਵੀ ਜਾ ਸਕਦੇ ਸਨ।

134. ਪੰਨਾ 518: ਗਿਆਨੀ ਜੀ ਲਿਖਦੇ ਹਨ; ਪ੍ਰੋ. ਜੀ ਨਾਲੋਂ ਡਾ. ਰਾਮ ਕੁਮਾਰ ਵਰਮਾ ਜੀ ਦੀ ਕਬੀਰ ਜੀ ਬਾਰੇ ਖੋਜ ਵਧੇਰੇ ਹੈ ਤੇ ਨਿਰਪੱਖ ਵੀ।

ਟਿੱਪਣੀ: ਇਹ ਕੋਈ ਜ਼ਰੂਰੀ ਨਹੀਂ।

135. ਪੰਨਾ 518: ਗਿਆਨੀ ਜੀ ਲਿਖਦੇ ਹਨ: ਡਾ. ਰਾਮ ਕੁਮਾਰ ਲਿਖਦੇ ਹਨ-'ਗੁਰੂ ਗ੍ਰੰਥ ਸਾਹਿਬ ਮੇਂ ਕਬੀਰ ਕੀ ਕਵਿਤਾ ਕਾ ਪੰਜਾਬੀ ਸੰਸਕਾਰ ਨਹੀਂ ਹੂਆ। ਵਹਿ ਅਪਨੇ ਸੁਭਾਵਿਕ ਰੂਪ ਮੇਂ ਵਰਤਮਾਨ ਹੈ।'

ਟਿੱਪਣੀ: ਇਸ ਕੋਟੇਸ਼ਨ ਦਾ ਭਾਵ ਤਾਂ ਇਹ ਹੈ ਕਿ ਕਬੀਰ ਜੀ ਦੀ ਕਵਿਤਾ ਵਿਚ ਪੰਜਾਬੀ ਭਾਸ਼ਾ ਗੁਰੂ ਗ੍ਰੰਥ ਜੀ ਵਿਚੋਂ ਨਹੀਂ ਆਈ, ਸਗੋਂ ਅਪਣੇ ਸੁਭਾਵਿਕ ਰੂਪ ਵਿਚ ਪਹਿਲਾਂ ਹੀ ਸੀ।

136. ਪੰਨਾ 521: ਗਿਆਨੀ ਜੀ ਲਿਖਦੇ ਹਨ: ਗੁਰੂ, ਸਤਿਗੁਰੂ, ਗੁਰਮੁਖਿ, ਸਤਿਗੁਰ ਪ੍ਰਸਾਦਿ, ਗੁਰਮਤਿ, ਸਤਿ ਸੰਗਤਿ, ਸਾਧ ਸੰਗਤਿ, ਸ਼ਬਦ ਭਗਤਾਂ ਨੇ ਗੁਰੂ ਨਾਨਕ ਜੀ ਤੋਂ ਲਏ ਸਨ।

ਟਿੱਪਣੀ: ਇਹ ਸ਼ਬਦ ਤਾਂ ਸੰਸਕ੍ਰਿਤ ਦੇ ਹਨ। ਹਜ਼ਾਰਾਂ ਸਾਲਾਂ ਤੋਂ ਭਾਰਤ ਤੇ ਪੰਜਾਬ ਵਿਚ ਵਰਤੀਂਦੇ ਆ ਰਹੇ ਹਨ। ਇਕ ਦੂਜੇ ਤੋਂ ਲੈਣ ਦੇਣ ਦਾ ਸਵਾਲ ਹੀ ਨਹੀਂ। ਹੇਠਲੀ ਵਿਚਾਰ ਵੱਲ ਗਹੁ ਕਰਨ ਦੀ ਲੋੜ ਹੈ:

(1) ਭਾਈ ਗੁਰਦਾਸ ਜੀ ਲਿਖਦੇ ਹਨ: ਭਗਤ ਵਡਾ ਰਾਜਾ ਜਨਕ ਹੈ,

ਗੁਰਮੁਖਿ ਮਾਇਆ ਵਿਚਿ ਉਦਾਸੀ॥ 120 ॥ ਰਾਜਾ ਜਨਕ ਦਾ ਗੁਰੂ ਕੌਣ ਸੀ ?

(2) ਭਾਈ ਗੁਰਦਾਸ ਜੀ ਲਿਖਦੇ ਹਨ: ਸਾਧ ਸੰਗਤਿ ਮਿਲਿ ਗਾਂਵਦ, ਰਾਤੀ ਜਾਇ ਸੁਣੈ ਗੁਰਬਾਣੀ ।੬ ।੧ । ਰਾਜਾ ਹਰੀਚੰਦ ਦੀ ਰਾਣੀ ਤਾਰਾ ਲੋਚਨ ਕਿਹੜੀ ਸਾਧ ਸੰਗਤਿ ਵਿਚ ਜਾਂਦੀ ਸੀ ? ਓਥੇ ਕਿਹੜੀ **ਗੁਰਬਾਣੀ** ਗਾਂਉਦੇ ਸਨ ?

(3) ਭਾਈ ਗੁਰਦਾਸ ਜੀ ਲਿਖਦੇ ਹਨ । ਪੂਰਾ ਸਤਿਗੁਰੁ ਭੇਟਿਆ, ਮਨ ਵਿਚਿ ਹੋਆ ਖਿੰਜੋਤਾੜਾ।

ਸਤਿਗੁਰਿ ਮਨੂਆ ਰਾਖਿਆ, ਹੋਇ ਨਾ ਆਵੈ ਉਛੋਹਾੜਾ ੧੯ ।੧੦ । ਬਾਲਮੀਕ ਬਟਵਾਰੇ ਦਾ ਸਤਿਗੁਰੂ ਕੌਣ ਸੀ ?

(4) ਭਾਈ ਗੁਰਦਾਸ ਜੀ ਲਿਖਦੇ ਹਨ:

ਗੁਰ ਤੇ ਬੇਮੁਖ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ ।.....ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਰਹਿਆ ।੨੦ । ੨੦ ।

ਅਜਾਮਲ ਦਾ ਗੁਰੂ ਕੌਣ ਸੀ ? ਉਹ ਕਿਹੜੇ ਗੁਰਦਵਾਰੇ ਗਿਆ ? ਕਿਹੜੇ ਗੁਰਮੁਖਾਂ ਨੇ ਉਸ ਦੇ ਪੁੱਤ ਦਾ ਨਾਮ ਨਾਰਾਇਣ ਰੱਖਿਆ ?

(5) *ਗਉੜੀ ਮਹਲਾ ੧॥*

*ਬਲਿ ਰਾਜਾ ਮਾਇਆ ਅਹੰਕਾਰੀ ॥ ਜਗ ਨ ਕਰੈ ਬਹੁ ਭਾਰ ਅਫਾਰੀ ॥*
*ਬਿਨੁ ਗੁਰ ਪੂਛੇ ਜਾਇ ਪਇਆਰੀ ॥ ੨॥*
*ਹਰੀ ਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥*
*ਆਪਿ ਭੁਲਾਇ ਆਪੇ ਮਤਿ ਦੇਵੈ ॥ ੩ ॥...*
*ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥*
*ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥*
*ਜਨਮੇਜੈ ਗੁਰ ਸ਼ਬਦ ਨ ਜਾਨਿਆ । ਕਿਉ ਦੁਖੁ ਪਾਵੈ ਭਰਮਿ ਭੁਲਾਨਿਆ॥*
*ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੨॥(ਨੌਵੀਂ ਅਸ਼ਟਮਪਦੀ)*

ਰਾਜਾ ਬਲਿ ਦਾ ਗੁਰੂ ਕੌਣ ਸੀ ? ਹਰੀ ਚੰਦ ਦਾ ਗੁਰੂ ਕੌਣ ਸੀ ? ਰਾਜਾ ਜਨਮੇਜਾ ਦਾ ਗੁਰੂ ਕੌਣ ਸੀ ?

ਭਾਵ ਇਹ ਹੈ ਕਿ ਇਨ੍ਹਾਂ ਲਫ਼ਜ਼ਾਂ ਦੀ ਵਰਤੋਂ ਦੇ ਆਧਾਰ ਤੇ ਹੀ ਭਗਤਾਂ ਨੂੰ ਗੁਰੂ ਨਾਨਕ ਜੀ ਦਾ ਸਿੱਖ ਮੰਨਣਾ ਗ਼ਲਤ ਹੈ। ਜੇ ਕਬੀਰ ਪੰਥੀ, ਨਾਮਦੇਵ ਪੰਥੀ ਜਾਂ ਰਵਿਦਾਸ ਪੰਥੀ ਗੁਰੂ ਨਾਨਕ ਜੀ ਨੂੰ ਕਬੀਰ ਜੀ ਦਾ, ਨਾਮਦੇਵ ਜੀ ਦਾ ਜਾਂ ਰਵਿਦਾਸ ਜੀ ਦਾ ਸਿੱਖ ਮੰਨ ਕੇ ਗ਼ਲਤੀ ਕਰਦੇ ਹਨ ਤਾਂ ਸਾਨੂੰ ਉਨ੍ਹਾਂ ਦੇ ਉੱਤਰ ਵਿਚ ਇਹ ਮੰਨਣਾ ਕਿ ਕਬੀਰ; ਨਾਮਦੇਵ ਜਾਂ ਰਵਿਦਾਸ ਜੀ ਗੁਰੂ ਨਾਨਕ ਦੇ ਸਿੱਖ ਸਨ, ਵੀ ਗ਼ਲਤੀ ਹੈ, ਜੋ ਨਹੀਂ ਕਰਨੀ ਚਾਹੀਦੀ।

ਜੇ ਬੁਰਹਾਨ ਪੁਰ ਵਾਲੀ ਜਨਮ ਸਾਖੀ ਵਿਚ ਕਿਸੇ ਨੇ ਕਬੀਰ ਜੀ ਦੇ ਨਾਮं ਤੇ ਲਿੱਖ ਦਿੱਤਾ ਹੈ:

ਮੁਕਤਿ ਦਾਤਾ ਨਾਨਕ ਗੁਰੂ ਰੰਚਕੁ ਰਾਮਾਨੰਦ।

ਤਾਂ ਇਹ ਤੁਕ ਗ਼ਲਤ ਹੈ। ਜਿਹੜਾ ਬੰਦਾ ਕਹਿੰਦਾ ਹੈ ਕਿ ਮੇਰਾ ਮੁਕਤੀ ਦਾਤਾ ਗੁਰੂ ਨਾਨਕ ਹੈ ਪਰ ਥੋੜ੍ਹਾ ਜਿਹਾ ਰਾਮਾਨੰਦ ਵੀ ਹੈ, ਉਸ ਦਾ ਕਿਸੇ ਇਕ ਗੁਰੂ ਤੇ ਭਰੋਸਾ ਨਹੀਂ, ਨਾ ਗੁਰੂ ਨਾਨਕ ਜੀ ਤੇ ਨਾ ਰਾਮਾਨੰਦ ਜੀ ਤੇ।

ਜੇ ਕਬੀਰ ਜੀ ਦਾ ਮੁਕਤੀ ਦਾਤਾ ਗੁਰੂ ਨਾਨਕ ਹੁੰਦਾ ਤਾਂ ਉਹ ਇਸ ਤੁਕ ਵਿਚ ਰਾਮਾਨੰਦ ਦਾ ਨਾਮ ਨਾ ਲੈਂਦਾ, ਸਗੋਂ ਗੁਰੂ ਅਰਜੁਨ ਜੀ ਵਾਂਗ ਗੱਜ ਵੱਜ ਕੇ ਗੁਰੂ ਨਾਨਕ ਦਾ ਨਾਮ ਲੈ ਕੇ ਕਹਿੰਦਾ:'*ਗੁਰੁ ਨਾਨਕੁ ਜਿਨ ਸੁਣਿਆ ਪੇਖਿਆ, ਸੇ ਫਿਰਿ ਗਰਬਾਸਿ ਨ ਪਰਿਆ ਰੇ* ॥ (ਪੰਨਾ ੬੧੨)

ਇਹ ਗਲ ਦੂਜੇ ਭਗਤਾਂ ਬਾਰੇ ਵੀ ਹੈ। ਜੇ ਉਹ ਗੁਰੂ ਨਾਨਕ ਜੀ ਦੇ ਸਿਖ ਹੁੰਦੇ ਤਾਂ ਉਹ ਅਪਣੀ ਬਾਣੀ ਵਿਚ ਗੁਰੂ ਬਾਬਾ ਜੀ ਦਾ ਨਾਮ ਲੈ ਕੇ ਖੁੱਲ੍ਹ ਕੇ ਜ਼ਿਕਰ ਕਰਦੇ।

ਭਾਈ ਗੁਰਦਾਸ ਜੀ ਨੇ ਅਪਣੀ ੧੧ਵੀਂ ਵਾਰ ਵਿਚ ਗੁਰੂ ਬਾਬਾ ਜੀ ਤੋਂ ਲੈ ਕੇ ਛੇਵੇਂ ਗੁਰੂ ਜੀ ਤਕ, ਅਪਣੇ ਜੀਵਨ ਕਾਲ ਦੇ ੨੩੧ ਸਿੱਖਾਂ ਦੇ ਨਾਉਂ ਲਿਖੇ ਹਨ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਉਨ੍ਹਾਂ ਦੀਆਂ ਸਾਖੀਆਂ ਵੀ ਲਿਖੀਆਂ ਹਨ। ਜੇ ਭਗਤ ਵੀ ਗੁਰੂ ਸਾਹਿਬਾਂ ਦੇ ਸਿੱਖ ਹੁੰਦੇ ਤਾਂ ਉਨ੍ਹਾਂ ਦੇ ਨਾਮ ਵੀ ਭਾਈ ਗੁਰਦਾਸ ਜੀ ਲਿਖਦੇ।

ਠੀਕ ਹੈ,'ਸਵਈਏ ਮਹਲੇ ੧' ਵਿਚ ਕਵੀ ਕਲਸਹਾਰ ਨੇ ਲਿਖਿਆ ਹੈ:

*ਗੁਣ ਗਾਵੈ ਰਵਿਦਾਸੁ ਭਗਤ, ਜੈ ਦੇਵ ਤ੍ਰਿਲੋਚਨ ॥*
*ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮਲੋਚਨ ॥*
*ਭਗਤੁ ਬੇਣਿ ਗੁਣ ਰਵੈ, ਸਹਜਿ ਆਤਮ ਰੰਗੁ ਮਾਣੈ ॥*

ਪਰ ਕਲਸਹਾਰ ਨੇ ਤਾਂ ਇੰਦਰ, ਪ੍ਰਹਿਲਾਦ, ਜਨਕ, ਕਪਲ, ਜਮਦਗਨ, ਪਰਸੁ ਰਾਮ, ਊਧਉ, ਅਕੂਰ, ਬਿਦਰ, ਬ੍ਰਹਮਾ, ਸ਼ੇਸ਼ਨਾ, ਮਹਾਂਦੇਵ, ਸੁਖਦੇਵ, ਪਰੀਖਤ, ਗੋਤਮ ਰਿਖੀ, ਬਿਆਸ ਮੁਨਿ, ਨੌ ਨਾਥ, ਮਾਂਧਾਤਾ, ਬਲਿ ਰਾਜਾ, ਭਰਥਰਿ, ਦੁਰਬਾਸ਼ਾ ਰਿਸ਼ੀ, ਰਾਜਾ ਪ੍ਰਰੂ ਅਤੇ ਅੰਗੈ੍ਰ, ਆਦਿਕ ਨੂੰ ਵੀ ਗੁਰੂ ਨਾਨਕ ਜੀ ਦੇ ਗੁਣ ਗਾਉਂਦੇ ਦੱਸਿਆ ਹੈ। ਜੋ ਗੁਣ ਗਾਂਦੇ ਹਨ, ਉਹ ਸਿੱਖ ਹਨ ਗੁਰੂ ਜੀ ਦੇ। ਪਰ ਇਨ੍ਹਾਂ ਸਾਰਿਆਂ ਪਰਮਾਣਾ ਨੂੰ ਸਮਝਣ ਦੀ ਲੋੜ ਹੈ।

ਫਿਰ ਇਹ ਵੀ ਗੱਲ ਹੈ ਕਿ ਜੇ ਭਗਤ ਗੁਰਸਿੱਖ ਹੁੰਦੇ ਤਾਂ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਜੀ ਵਿਚ ਚੜ੍ਹਾਉਣ ਦੀ ਲੋੜ ਹੀ ਨਾ ਪੈਂਦੀ। ਜਦ ਉਨ੍ਹਾਂ ਦੇ ਗੁਰੂ, ਗੁਰੂ ਨਾਨਕ ਜੀ ਦੀ ਬਾਣੀ ਸੀ ਤਾਂ ਇਹੀ ਕਾਫ਼ੀ ਸੀ। ਜੇ ਭਲਾ ਚੜ੍ਹਾਈ ਵੀ ਜਾਂਦੀ ਤਾਂ ਸਿਰਲੇਖਾਂ ਵਿਚ ਉਨ੍ਹਾਂ ਦੇ ਨਾਵਾ ਅੱਗੇ 'ਭਗਤ' ਸ਼ਬਦ ਨਾ ਹੁੰਦਾ। ਜੇ ਸਿਰਲੇਖ ਜ਼ਰੂਰੀ ਹੁੰਦਾ ਤਾਂ ਉਹ ਕੋਈ ਹੋਰ ਸ਼ਬਦ ਹੁੰਦਾ।

137. ਪੰਨਾ 522: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਦਾ ਲਿਖਣਾ ਕਿ ਗੁਰੂ ਜੀ ਭਗਤਾਂ ਦੇ ਖ਼ਿਆਲਾਂ ਤੋਂ ਪ੍ਰਭਾਵਿਤ ਹੋਏ, ਇਕ ਸਿਖ ਵਿਦਵਾਨ ਲਈ ਦੁਰਭਾਗ ਦੀ ਗੱਲ ਹੈ।

ਟਿੱਪਣੀ: ਜੋ ਸਜੱਣ ਪ੍ਰੋ. ਜੀ ਨੂੰ ਸਮਝਣ ਦੀ ਕੋਸ਼ਿਸ਼ ਜਾਣ ਬੁੱਝਕੇ ਨਹੀਂ ਕਰਦ, ਮੰਦ ਭਾਗੀ ਤਾਂ ਉਹ ਹਨ।

138. ਪੰਨਾ 522: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ ਪਹਿਲਾਂ ਭਗਤ ਕਬੀਰ ਜੀ ਦਾ ਦੇਹਾਂਤ 1518 ਤੋਂ ਦੂਰ ਪਹਿਲਾਂ ਹੋ ਚੁੱਕਾ ਲਿਖਿਆ ਹੈ ਪਰ ਫਿਰ ਲਿਖ ਦਿੱਤਾ ਕਿ ਭਗਤ ਰਵਿਦਾਸ ਜੀ ਕਬੀਰ ਜੀ ਦੇ ਸਮਕਾਲੀ ਸਨ।

ਟਿੱਪਣੀ: ਪ੍ਰੋ. ਜੀ ਨੇ ਅਪਣੀ ਰਾਏ ਬਦਲਣ ਦਾ ਕਾਰਨ ਸ਼ੀਰਸ਼ਕ 'ਸ਼ੰਕਾ' ਵਿਚ ਲਿਖਿਆ ਹੈ। ਦੇਖੋ 'ਦਰਪਣ', ਪੋਥੀ ਪੰਜਵੀਂ, ਪੰਨਾ ੭੪੨ ।

139. ਪੰਨਾ 523: ਰਵਿਦਾਸ ਪੰਥੀ ਗ੍ਰੰਥਾਂ ਵਿਚ, ਸਮੇਤ ਆਜ਼ਾਦ ਜੀ ਦੇ, ਗੁਰੂ ਨਾਨਕ ਜੀ ਨਾਲ ਰਵਿਦਾਸ ਦੇ ਮੇਲ ਦਾ ਸੰਮਤ 1555 ਦੱਸਿਆ ਗਿਆ ਹੈ।

ਟਿੱਪਣੀ: ਇਸ ਸੰਮਤ ਵਿਚ ਤਾਂ ਗੁਰੂ ਬਾਬਾ ਜੀ ਨੇ ਹਾਲਾਂ ਉਦਾਸੀਆਂ ਵੀ ਆਰੰਭ ਨਹੀਂ ਸਨ ਕੀਤੀਆਂ। ਸੰਮਤ 1563 ਵਿਚ ਕੀਤੀਆਂ ਸਨ। ਰਵਿਦਾਸ ਜੀ ਦਾ ਗੁਰੂ ਬਾਬਾ ਜੀ ਨਾਲ ਮੇਲ ਕਿੱਥੇ ਹੋਇਆ ?

140. ਪੰਨਾ 523: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਗੁਰੂ ਨਾਨਕ ਜੀ ਦਾ ਕਬੀਰ ਜੀ ਨਾਲ ਮੇਲ ਹੋਇਆ ਵੀ ਮੰਨਦੇ ਹਨ। ਫੇਰ ਚੁੱਪ ਧਾਰ ਗਏ।

ਟਿੱਪਣੀ: ਪ੍ਰੋ. ਜੀ ਲਿਖਦੇ ਹਨ: 'ਮੈਕਾਲਿਫ਼ ਅਨੁਸਾਰ ਇਹ ਨਤੀਜਾ ਕੱਢਣਾ ਪੈਂਦਾ ਹੈ ਕਿ ਸਤਿਗੁਰੂ ਜੀ ਕਬੀਰ ਜੀ ਨੂੰ ਮਿਲੇ ਸਨ'। ਪਰ ਇਸ ਗੱਲ ਨੂੰ ਉਹ 'ਸ਼ੰਕਾ' ਸਿਰਲੇਖ ਵਿਚ ਖੰਡਨ ਕਰ ਗਏ ਸਨ। ਦੇਖੋ 'ਦਰਪਣ', ਪੋਥੀ ਪੰਜਵੀਂ, ਪੰਨਾ ੭੪੨ ।

141. ਪੰਨਾ 524: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ ਪਹਿਲੀ ਮਗਹਰ ਦੇਸ਼ ਵਾਲੀ ਗੱਲ ਵੀ ਛੱਡ ਦਿੱਤੀ ਹੈ।

ਟਿੱਪਣੀ: ਪ੍ਰੋ. ਜੀ ਨੇ ਮਗਹਰ ਦੇਸ਼ ਵਾਲੀ ਗੱਲ ਛੱਡੀ ਨਹੀਂ। ਉਹ ਤਾਂ ਲਿਖਦੇ ਹਨ,' ਬ੍ਰਾਹਮਣਾਂ ਦਾ ਪਾਜ ਖੋਲ੍ਹਣ ਲਈ ਕਬੀਰ ਜੀ ਆਖ਼ਰੀ ਉਮਰੇ ਮਗਹਰ ਹੀ ਜਾ ਵਸੇ, ਦੇਖੋ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ' ਪੰਨਾ ੭੭।

142. ਪੰਨਾ 524: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ ਕਈ ਪੋਜ਼ੀਸ਼ਨਾਂ ਬਦਲੀਆਂ ਹਨ।...

ਟਿੱਪਣੀ: 'ਗੁਰੂ ਨਾਨਕ ਜੀ ਦਾ ਕਬੀਰ ਜੀ ਨੂੰ ਮਿਲਣ ' ਵਾਲਾ ਖ਼ਿਆਲ ਪ੍ਰੋ. ਜੀ ਦਾ ਸੰਨ ੧੯੪੭ ਵਿਚ ਸੀ। ਫਿਰ ਇਸ ਵਿਚ ਸ਼ੰਕਾ ਉਤਪੰਨ ਹੋ ਗਿਆ ਤਾਂ ਇਸ ਵਿਚਾਰ ਨੂੰ ਛੱਡ ਦਿੱਤਾ। ਇਹ ਕੋਈ ਵੱਡੀ ਗੱਲ ਨਹੀਂ। ਕਦੀ ਕਦੀ ਬੰਦੇ ਨੂੰ ਖ਼ਿਆਲ ਬਦਲਨੇ ਵੀ ਪੈ ਸਕਦੇ ਹਨ।

143. ਪੰਨਾ 525: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਗੁਰੂ ਨਾਨਕ ਦੇਵ ਜੀ ਨੂੰ ਕਬੀਰ ਜੀ ਦੀ ਬਾਣੀ ਨਕਲ ਕਰਨ ਲਈ ਨੱਠ ਭੱਜ ਕਰਦੇ ਦਿਖਾ ਰਹੇ ਹਨ। ਪ੍ਰੋ. ਜੀ ਨੇ ਤੀਰ-ਅੰਦਾਜ਼ੀ ਕੀਤੀ ਹੈ।

ਟਿੱਪਣੀ: ਪ੍ਰੋ. ਜੀ ਨੇ ਇਉਂ ਬਿਲਕੁਲ ਨਹੀਂ ਕੀਤਾ। ਠੰਢੇ ਦਿਲ ਨਾਲ ਪੜ੍ਹਨ

ਵਾਲਿਆਂ ਨੂੰ ਪਤਾ ਲੱਗ ਜਾਂਦਾ ਹੈ।

144. ਪੰਨਾ 526: ਗਿਆਨੀ ਜੀ ਲਿਖਦੇ ਹਨ: ਸੁਲਤਾਨ ਨੇ ਖੁਸ਼ ਹੋਕੇ ਨਾਮਦੇਵ ਜੀ ਨੂੰ ਕੁਝ ਧਨ ਦਿੱਤਾ।

ਟਿੱਪਣੀ: ਸੁਲਤਾਨ ਵਲੋਂ ਇਹ ਧਨ ਦੇਣ ਵਾਲੀ ਗੱਲ ਬਿਲਕੁਲ ਗ਼ਲਤ ਹੈ ਕਿਉਂਕਿ ਨਾਮਦੇਵ ਜੀ ਆਪ ਇਸ ਦਾ ਜ਼ਿਕਰ ਨਹੀਂ ਕਰਦੇ। ਲਿਖਦੇ ਹਨ:

*ਨਾਮਾ ਕਹੈ, ਸੁ ਕਹੁ ਬਾਦਿਸਾਹ ॥ ਇਹੁ ਕਿਛੁ ਪਤੀਆ ਮੁਝੈ ਦਿਖਾਇ ॥ ੨੩॥*
*ਇਸ ਪਤੀਆ ਕਾ ਇਹੈ ਪਰਵਾਨ ॥ ਸਾਚਿ ਸੀਲਿ ਚਾਲਹੁ, ਸੁਲਤਾਨ ॥ ੨੪॥*

ਭਾਵ: ਨਾਮਦੇਵ ਆਖਦਾ ਹੈ: ਹੇ ਬਾਦਸ਼ਾਹ ! ਸੁਣ। ਮੈਨੂੰ ਇਕ ਇਹ ਤਸੱਲੀ ਦਿਵਾ ਦੇਹ। ਇਸ ਇਕਰਾਰ ਦਾ ਮਾਪ ਸਬੂਤ ਇਹ ਹੋਵੇਗਾ ਕਿ ਹੇ ਸੁਲਤਾਨ! ਤੂੰ ਅੱਗੇ ਲਈ ਸੱਚ ਵਿਚ ਚਲੇਂ, ਚੰਗੇ ਸੁਭਾਉ ਵਿਚ ਤੁਰੇਂ।

145. ਪੰਨਾ 527: ਗਿਆਨੀ ਜੀ ਨਾਮਦੇਵ ਜੀ ਦੇ ਤਿੰਨ ਤੁਕਾਂਗ ਦੇ ਕੇ ਲਿਖਦੇ ਹਨ: ਪ੍ਰੋ. ਜੀ ਇਨ੍ਹਾਂ ਸ਼ਬਦਾਂ ਨੂੰ ਔਖੇ ਦੱਸ ਕੇ ਗੁਰੂ ਨਾਨਕ ਜੀ ਵਲੋਂ ਸਰਲ ਕਰ ਕੇ ਸੁਖਾਲਾ ਲਿਖਣ ਦੀ ਗੱਲ ਕਹੀ ਹੈ।

ਟਿੱਪਣੀ: ਪ੍ਰੋ. ਜੀ ਨੇ ਇਹ ਤਾਂ ਨਹੀਂ ਕਿਹਾ ਕਿ ਨਾਮਦੇਵ ਜੀ ਦੇ ਸ਼ਬਦ ਵਿਚ ਫਾਰਸੀ ਜਾਂ ਸੰਸਕ੍ਰਿਤ ਦੇ ਸ਼ਬਦ ਹਨ। ਉਨ੍ਹਾਂ ਦਾ ਭਾਵ ਤਾਂ ਇਹ ਹੈ ਕਿ ਇਸ ਸ਼ਬਦ ਦੀ ਭਾਸ਼ਾ ਮੁਕਾਬਿਲਤਨ ਔਖੀ ਹੈ, ਗੁਰੂ ਬਾਬਾ ਜੀ ਨੇ ਅਪਣੇ ਸ਼ਬਦ ਵਿਚ ਮੁਕਾਬਲਿਤਨ ਸੁਖਾਲੀ ਬੋਲੀ ਵਰਤੀ ਹੈ।

146. ਪੰਨਾ 527: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਲਿਖਦੇ ਹਨ,'ਇਨ੍ਹਾਂ ਸ਼ਬਦਾਂ ਵਿਚ ਇਕ ਹੋਰ ਫ਼ਰਕ ਇਹ ਵੀ ਦਿਸਦਾ ਹੈ,... ।'

ਟਿੱਪਣੀ: ਗਿਆਨੀ ਜੀ ਨੇ 'ਹੋਰ' ਸ਼ਬਦ ਆਪ ਹੀ ਵਧਾ ਦਿੱਤਾ ਹੈ।

147. ਪੰਨਾ 528: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਕਹਿੰਦੇ ਹਨ- ਨਾਮਦੇਵ ਜੀ ਕਹਿੰਦੇ ਹਨ, ਸਤਿਗੁਰੂ ਦੇ ਮਿਲਣ ਨਾਲ ਮੇਰੇ ਮਨ ਵਿਚ ਇਕ ਸੁੰਦਰ ਤਬਦੀਲੀ ਆਈ।

ਟਿੱਪਣੀ: ਪ੍ਰੋ. ਜੀ ਦੇ ਸ਼ਬਦ ਇਹ ਹਨ: ਹੁਣ ਗੁਰੂ ਦੀ ਕਿਰਪਾ ਨਾਲ ਮੇਰੀ ਉਸ ਪ੍ਰਭੂ ਨਾਲ ਜਾਨ ਪਛਾਣ ਹੋ ਗਈ ਹੈ ਤਾਂ ਦਾਸ ਨਾਮਦੇਵ ਅਡੋਲ ਅਵਸਥਾ ਵਿਚ ਟਿਕ ਗਿਆ ਹਾਂ।

148. ਪੰਨਾ 528: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਦੇ ਖ਼ਿਆਲਾਂ ਅਨੁਸਾਰ ਗੁਰੂ ਨਾਨਕ ਜੀ ਤਾਂ ਨਾਮਦੇਵ ਦੇ ਗੁਰੂ ਹੋ ਹੀ ਨਹੀਂ ਸਨ ਸਕਦੇ।

ਟਿੱਪਣੀ: ਪ੍ਰੋ. ਜੀ ਨੇ ਇਹ ਤਾਂ ਨਹੀਂ ਕਿਹਾ ਕਿ ਗੁਰੂ ਨਾਨਕ ਜੀ ਨਾਮਦੇਵ ਜੀ ਦੇ ਗੁਰੂ ਹੋ ਹੀ ਨਹੀਂ ਸਨ ਸਕਦੇ। ਹਾਂ, ਉਨ੍ਹਾਂ ਨੇ ਨਾਮਦੇਵ ਜੀ ਦੇ ਗੁਰੂ ਦਾ ਨਾਮ ਨਹੀਂ ਲਿਖਿਆ ਅਤੇ ਲਿਖਣਾ ਜ਼ਰੂਰੀ ਵੀ ਨਹੀਂ ਹੈ। ਉਹ ਇਹ ਜ਼ਰੂਰ ਲਿਖਦੇ ਹਨ: ਪੰਡਰਪੁਰ ਤੋਂ ਨੇੜੇ ਵਦਵਲ ਦੇ ਵਸਨੀਕ ਮਹਾਤਮਾ ਵਿਸ਼ੋਭਾ ਜੀ ਦੀ ਸੰਗਤਿ ਦਾ ਅਵਸਰ ਨਾਮਦੇਵ ਜੀ ਨੂੰ ਮਿਲਦਾ ਰਿਹਾ। ਦੇਖੋ 'ਦਰਪਣ' ਪੋਥੀ ਪੰਜਵੀਂ, ਪੰਨਾ

੬੯੨। ਸ਼ਾਇਦ ਉਹ ਹੀ ਨਾਮਦੇਵ ਦੇ ਗੁਰੂ ਹੋਣ।

149. ਪੰਨਾ 529: ਗਿਆਨੀ ਜੀ ਲਿਖਦੇ ਹਨ: ਕਈ ਲੇਖਕਾਂ ਨੇ ਨਾਮ ਦੇਵ ਜੀ ਦਾ ਪੰਜਾਬ ਆਉਣਾ ਮੰਨਿਆ ਹੈ।

ਟਿੱਪਣੀ: ਭਗਤ ਮਾਲ ਵਿਚ ਤਾਂ ਜ਼ਿਕਰ ਨਹੀਂ ਹੈ। ਦੇਖੋ 'ਦਰਪਣ', ਪੋਥੀ ਪੰਜਵੀਂ, ਪੰਨਾ ੬੯੨।

150.ਪੰਨਾ532; ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਲਿਖਦੇ ਹਨ,' ਅਸੀਂ ਦੱਸਦੇ ਹਾਂ, ਗੁਰਬਾਣੀ ਦੀ ਤਾਂ ਰਚਨਾ ਹੀ ਭਗਤ ਬਾਣੀ ਦੇ ਪ੍ਰਭਾਵ ਹੇਠ ਹੋਈ ਹੈ।'

ਟਿੱਪਣੀ: ਪ੍ਰੋ. ਜੀ ਬਾਰੇ ਇਹ ਸੋਚਣਾ ਅਕਲ ਦੇ ਅੰਨ੍ਹਿਆਂ ਦੀ ਸ਼ਰਾਰਤ ਹੈ।

151. ਪੰਨਾ 533: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਨੇ ਬੇਣੀ ਜੀ ਨੂੰ ਬ੍ਰਹਮਣ ਕਲਪ ਲਿਆ ਹੈ।

ਟਿੱਪਣੀ: ਨਿਰਾ ਪ੍ਰੋ. ਜੀ ਹੀ ਨਹੀ, ਸਾਰੇ ਵਿਦਵਾਨਾ ਦਾ ਇਹ ਖ਼ਿਆਲ ਹੈ। ਇਹ ਪ੍ਰੋ. ਜੀ ਦੀ ਕਲਪਣਾ ਨਹੀਂ।

152. ਪੰਨਾ 533: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਬੇਣੀ ਜੀ ਤੋਂ ਗੁਰੂ ਨਾਨਕ ਜੀ ਨੂੰ ਪ੍ਰਭਾਵਤ ਹੋਏ ਮੰਨਦੇ ਹਨ।

ਟਿੱਪਣੀ: ਪ੍ਰੋ. ਜੀ ਬਾਰੇ ਇਹ ਸੋਚਣਾ ਮੰਦ-ਭਾਗੀਆਂ ਦਾ ਕੰਮ ਹੈ।

153. ਪੰਨਾ 533: ਗਿਆਨੀ ਜੀ ਲਿਖਦੇ ਹਨ: ਬੇਣੀ ਜੀ 'ਬ੍ਰਹਮ ਭੱਟ' ਸਨ।

ਟਿੱਪਣੀ: ਤਦ ਤਾਂ ਗਿਆਨੀ ਜੀ ਨੂੰ ਵੀ ਮੰਨਣਾ ਪਵੇਗਾ ਕਿ ਬੇਣੀ ਜੀ ਬ੍ਰਹਮਣ ਸਨ ਕਿਉਂ ਕਿ 'ਬ੍ਰਹਮ ਭੱਟ' ਵੀ ਬ੍ਰਹਮਣ ਹੀ ਹੁੰਦੇ ਹਨ। ਮੇਰਾ ਇਕ ਗੁਜਰਾਤੀ ਦੋਸਤ 'ਬ੍ਰਹਮ ਭੱਟ' ਸੀ। (ਪੰਨਾ 537 ਉੱਤੇ ਗਿਆਨੀ ਜੀ ਵੀ ਮੰਨ ਗਏ ਹਨ ਕਿ ਬੇਣੀ ਜੀ ਬ੍ਰਹਮਣ ਸਨ।)

154. ਪੰਨਾ 535: ਗਿਆਨੀ ਜੀ ਲਿਖਦੇ ਹਨ:'ਪਹਰਿਆਂ ਕੈ ਘਰਿ ਗਾਵਣਾ' ਦੀ ਸੂਚਨਾ ਸਿਰਫ਼ ਗਾਉਣ ਬਾਰੇ ਹੀ ਨਹੀਂ, ਸਗੋਂ ਉਨ੍ਹਾਂ ਪਹਰਿਆਂ ਦੇ ਭਾਵਾਂ ਨਾਲ ਮੇਲ ਕੇ ਸਮਝਣ ਬਾਰੇ ਵੀ ਹੈ।

ਟਿੱਪਣੀ: ਗੁਰੂ ਜੀ ਨੇ 'ਗਾਵਣਾ' ਹੀ ਲਿਖਿਆ ਹੈ।

155. ਪੰਨਾ 536: ਗਿਆਨੀ ਜੀ ਲਿਖਦੇ ਹਨ:-ਕੋਈ ਦੱਸੇ ਕਿ ਬੇਣੀ ਜੀ ਨੇ ਕਿਸ ਗੁਰੂ ਤੋਂ ਗੰਮਤਾ ਹਾਸਿਲ ਕੀਤੀ।

ਟਿੱਪਣੀ: ਬੇਣੀ ਜੀ ਦੇ ਗੁਰੂ ਦਾ ਨਾਉਂ ਆਉਣਾ ਜ਼ਰੂਰੀ ਨਹੀਂ। ਗੁਰੂ ਬਾਬਾ ਜੀ ਨੇ ਬੇਣੀ ਜੀ ਦੀ ਬਾਣੀ ਦੇਖੀ ਸੁਣੀ ਤਾਂ ਉਸ ਨੂੰ ਅਪਣੇ ਖਿਆਲਾਂ ਨਾਲ ਮਿਲਦੀ ਸਮਝਕੇ ਪ੍ਰਭਾਵਿਤ ਹੋ ਗਏ।

156. ਪੰਨਾ 538: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਲਿਖਦੇ ਹਨ ਕਿ ਸਤਿਗੁਰੂ ਜੀ ਦੇ ਖ਼ਿਆਲ ਉੱਤੇ ਰਵਿਦਾਸ ਦੇ ਸ਼ਬਦ ਦਾ ਜ਼ਰੂਰ ਅਸਰ ਪਿਆ।

ਟਿੱਪਣੀ: ਪ੍ਰੋ: ਜੀ ਨੇ ਲਿਖਿਆ ਹੈ: 'ਅਸਰ ਹੋਇਆ ਜਾਪਦਾ ਹੈ', ਪਰ ਗਿਆਨੀ ਜੀ ਨੇ ਅਪਣੇ ਮਤਲਬ ਲਈ ਬਣਾ ਲਿਆ,'ਜ਼ਰੂਰ ਅਸਰ ਪਿਆ,' ਭਾਵ

'ਜ਼ਰੂਰ' ਆਪ ਹੀ ਜੜ ਲਿਆ।

157. ਪੰਨਾ 539: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਲਿਖਦੇ ਹਨ ਕਿ 'ਉਰਸਾ' ਸ਼ਬਦ ਪੰਜਾਬੀ ਨਹੀਂ।

ਟਿੱਪਣੀ: ਇਸ ਦਾ ਭਾਵ ਜੋ ਪ੍ਰੋ. ਜੀ ਨੇ ਲਿਆ ਹੈ, ਉਹ ਇਹ ਹੈ: ਪੰਜਾਬ ਵਿਚ ਆਮ ਕਵੀਆਂ ਦੀ ਵਰਤੋਂ ਵਿਚ ਇਹ ਸ਼ਬਦ 'ਉਰਸਾ' ਨਹੀਂ ਮਿਲਦਾ। ਦੇਖੋ, 'ਗੁਰਮਤਿ ਪ੍ਰਕਾਸ਼', ਪੰਨਾ ੫੪।

158. ਪੰਨਾ 540: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਵੱਲੋਂ ਗੁਰੂ ਨਾਨਕ ਜੀ ਦਾ 'ਉਰਸਾ' ਸ਼ਬਦ ਰਵਿਦਾਸ ਜੀ ਦੀ ਬਾਣੀ ਤੋਂ ਨਕਲ ਕਰਨਾ ਲਿਖਣਾ, ਦੂਸ਼ਤ ਤੇ ਦੁਖਦਾਈ ਕਲਪਣਾ ਹੈ।

ਟਿੱਪਣੀ: ਪ੍ਰੋ. ਜੀ ਲਿਖਦੇ ਹਨ: 'ਇਸ ਨਤੀਜੇ ਤੇ ਅੱਪੜ ਸਕੀਦਾ ਹੈ ਕਿ 'ਉਰਸਾ' ਸ਼ਬਦ ਗੁਰੂ ਬਾਬਾ ਜੀ ਨੇ ਰਵਿਦਾਸ ਜੀ ਦੀ ਬਾਣੀ ਵਿਚੋਂ ਲਿਆ ਹੈ।' ਦੇਖੋ 'ਗੁਰਮਤਿ ਪ੍ਰਕਾਸ਼' ਪੰਨਾ ੫੪। ਪਰ ਇਉਂ ਲਿਖਣਾ ਕੋਈ ਪਥੱਰ ਤੇ ਲਕੀਰ ਤਾਂ ਨਹੀਂ, ਸਾਧਾਰਨ ਗੱਲ ਹੈ।

159. ਪੰਨਾ 541: ਗਿਆਨੀ ਜੀ ਲਿਖਦੇ ਹਨ: 'ਗੁਰਮਤਿ' ਸ਼ਬਦ ਦਾ 'ਉਰਸਾ' ਸ਼ਬਦ ਨਾਲ ਜ਼ਿਕਰ ਕਰਨਾ ਹਾਸੋਹੀਣਾ ਹੈ।

ਟਿੱਪਣੀ: ਜੇ 'ਗੁਰਮਤਿ' ਸ਼ਬਦ ਦਾ ਜ਼ਿਕਰ 'ਮਨਮਤਿ' ਸ਼ਬਦ ਨਾਲ ਹੋ ਸਕਦਾ ਹੈ, ਤਾਂ 'ਉਰਸਾ' ਸ਼ਬਦ ਨਾਲ ਹੋਣਾ ਵੀ ਹਾਸੋਹੀਣਾ ਨਹੀਂ।

160. ਪੰਨਾ 541: ਗਿਆਨੀ ਜੀ ਲਿਖਦੇ ਹਨ: ਮੂਲ ਮੰਤਰ ਦਾ ਉੱਚਾਰਨ 'ਵੇਈਂ ਪ੍ਰਵੇਸ਼' ਸਮੇਂ ਹੋਇਆ।

ਟਿੱਪਣੀ: ਗੁਰੂ ਬਾਬਾ ਜੀ ਨੂੰ 'ਵੇਈਂ ਪ੍ਰਵੇਸ਼' ਕਰਨ ਦੀ ਜ਼ਰੂਰਤ ਨਹੀਂ ਸੀ, ਵਾਹਿਗੁਰੂ ਤਾਂ ਉਨ੍ਹਾਂ ਦੇ ਅੰਦਰ ਸੀ। ਉਹ ਵਾਹਿਗੁਰੂ ਦਾ ਰੂਪ ਸਨ।

161. ਪੰਨਾ 541: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਦੀ ਧਾਰਨਾ ਹੈ ਕਿ ਰਵਿਦਾਸ ਜੀ ਗੁਰੂ ਬਾਬਾ ਜੀ ਦੇ ਗੁਰੂ ਸਨ ਤੇ ਸਤਿਗੁਰਾਂ ਨੇ 'ਸਤਿਨਾਮ' ਸ਼ਬਦ ਰਵਿਦਾਸ ਜੀ ਤੋਂ ਲਿਆ।

ਟਿੱਪਣੀ: ਪ੍ਰੋ. ਜੀ ਦੀ ਇਹ ਧਾਰਨਾ ਨਹੀਂ ਸੀ। ਈਰਖਾਲੂ ਦਿਮਾਗ਼ ਹੀ ਪ੍ਰੋ. ਜੀ ਬਾਰੇ ਇਹ ਸੋਚਦੇ ਹਨ।

162. ਪੰਨਾ 541: ਗਿਆਨੀ ਜੀ ਲਿਖਦੇ ਹਨ: 'ਰਵਿਦਾਸ ਦਰਸ਼ਨ' ਵਿਚ ਓਅੰਕਾਰ ਸਤਿਨਾਮ ਸਿਰਲੇਖ ਹੈ।

ਟਿੱਪਣੀ: ਪਰ ਸ੍ਰੀ ਗੁਰੂ ਗ੍ਰੰਥ ਜੀ ਵਿਚ ਸਿਰਲੇਖ (੧ਓ ਸਤਿਨਾਮੁ) ਹੈ।

163. ਪੰਨਾ 542: ਗਿਆਨੀ ਜੀ ਲਿਖਦੇ ਹਨ: 'ਕਬੀਰ ਸਾਗਰ' ਵਿਚ ਹਰਖੰਡ ਦੇ ਆਰੰਭ ਵਿਚ ਕਬੀਰ ਜੀ ਦੇ ਦਿੱਤੇ ਹੋਏ ਚਿਤੱਰ ਉੱਤੇ ਮੋਟੇ ਅਖਰਾਂ ਨਾਲ 'ਸਤਿਨਾਮੁ' ਲਿਖਿਆ ਹੋਇਆ ਹੁੰਦਾ ਹੈ।

ਟਿੱਪਣੀ: 'ਸਤਿਨਾਮ' ਨਹੀਂ, ਬਲਕਿ 'ਸਤਯਨਾਮ' ਹੁੰਦਾ ਹੈ, ਜਿਵੇਂ ਪੰਨਾ ੯

ਵਾਲੀ ਪਲੇਟ ਜ਼ਾਹਿਰ ਕਰਦੀ ਹੈ।

164. ਪੰਨਾ 544: 'ਆਰਤੀ' ਦਾ ਉਚਾਰਨ ਗੁਰੂ ਜੀ ਨੇ 'ਵੇਈ ਪ੍ਰਵੇਸ਼' ਸਮੇਂ ਕੀਤਾ, ਜਗਨ ਨਾਥ ਪੁਰੀ ਨਹੀਂ, ਜਿਵੇਂ ਪ੍ਰੋ. ਜੀ ਨੇ ਲਿਖਿਆ ਹੈ।

ਟਿੱਪਣੀ: ਸਾਡਾ ਇਤਿਹਾਸ 'ਆਰਤੀ' ਦਾ ਉਚਾਰਨ ਜਗਨ ਨਾਥ ਪੁਰੀ ਹੀ ਮੰਨਦਾ ਹੈ, ਸੋ ਪ੍ਰੋ. ਜੀ ਨੇ ਵੀ ਇਹ ਮੰਨ ਲਿਆ। ਪਰ ਇਸ ਵਿਚ ਹਠ ਦੀ ਕਿਹੜੀ ਗੱਲ ਹੈ ? ਜੇ ਕੋਈ ਉਸ ਦਾ ਉਚਾਰਨ ਪਹਿਲਾਂ ਵੀ ਮੰਨ ਲਵੇ ਤਾਂ ਉਸ ਦੀ ਮਰਜ਼ੀ।

165. ਪੰਨਾ 546: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਕਹਿ ਰਹੇ ਹਨ ਕਿ ਗੁਰੂ ਨਾਨਕ ਜੀ ਨੇ ਪੀਪੇ ਤੋਂ ਇਹ ਗਿਆਨ ਪ੍ਰਾਪਤ ਕੀਤਾ।

ਟਿੱਪਣੀ: ਪ੍ਰੋ. ਜੀ ਨੇ ਲਿਖਿਆ ਹੈ ਕਿ 'ਗੁਰੂ ਜੀ ਪੀਪਾ ਜੀ ਤੋਂ ਪ੍ਰਭਾਵਿਤ ਹੋਏ' ਪਰ ਗਿਆਨੀ ਜੀ ਨੇ ਬਦਲਾ ਕੇ ਇਹ ਲਿਖ ਦਿੱਤਾ ਹੈ,'ਗੁਰੂ ਜੀ ਨੇ ਪੀਪਾ ਜੀ ਤੋਂ 'ਗਿਆਨ ਪ੍ਰਾਪਤ ਕੀਤਾ। ਧੰਨ ਈਮਾਨਦਾਰੀ !

166. ਪੰਨਾ 546: ਗਿਆਨੀ ਜੀ ਲਿਖਦੇ ਹਨ: ਪ੍ਰੋ. ਜੀ ਅਨੁਸਾਰ ਕੀ ਗੁਰੂ ਜੀ ਨੇ ਭਗਤਾਂ ਦੀ ਬਾਣੀ ਦੀ ਨਕਲ ਕੀਤੀ ? ਕੀ ਮਾਂਗਵਾਂ ਮਾਲ ਹੀ ਇੱਕਠਾ ਕੀਤਾ ?

ਟਿੱਪਣੀ: ਪ੍ਰੋ. ਜੀ ਅਨੁਸਾਰ ਗੁਰੂ ਬਾਬਾ ਜੀ ਨੇ ਨਾ ਕਿਸੇ ਦੀ ਨਕਲ ਕੀਤੀ, ਨਾ ਮੰਗ ਮੰਗ ਬਾਣੀ ਇੱਕਠੀ ਕੀਤੀ, ਸਿਰਫ਼ ਅਪਣੇ ਖ਼ਿਆਲਾਂ ਨਾਲ ਮਿਲਦੀ ਭਗਤਾਂ ਦੀ ਬਾਣੀ ਹੀ ਇਕੱਤਰ ਕੀਤੀ। ਇਹ ਗੁਨਾਹ ਨਹੀਂ।

167. ਪੰਨਾ 558: ਗਿਆਨੀ ਜੀ ਲਿਖਦੇ ਹਨ: 'ਬੇਦੀ ਬੰਸ ਪ੍ਰਕਾਸ਼' ਵਿਚ ਲਕਸ਼ਮੀ ਬਾਈ ਨੇ ਲਿਖਿਆ ਹੈ ਕਿ ਗੁਰੂ ਅੰਗਦ ਜੀ ਨੂੰ ਬਾਬਾ ਸ੍ਰੀ ਚੰਦ ਜੀ ਨੇ ਸਰਾਪ ਦਿੱਤਾ।

ਟਿੱਪਣੀ: ਗੁਰੂ ਅੰਗਦ ਜੀ ਗੁਰੂ ਬਾਬੇ ਦਾ ਰੂਪ ਸਨ। ਗੁਰੂ ਬਾਬਾ ਵਾਹਿਗੁਰੂ ਦਾ ਰੂਪ ਸਨ। ਸੋ ਗੁਰੂ ਅੰਗਦ ਜੀ ਵੀ ਵਾਹਿਗੁਰੂ ਦਾ ਰੂਪ ਸਨ। ਉਨ੍ਹਾਂ ਨੂੰ ਬਾਬਾ ਸ੍ਰੀ ਚੰਦ ਦਾ ਸਰਾਪ ਕਿਵੇਂ ਲੱਗ ਸਕਦਾ ਹੈ ? ਬਾਬਾ ਸ੍ਰੀ ਚੰਦ ਦਾ ਗੁਰੂ ਅੰਗਦ ਜੀ ਨੂੰ ਸਰਾਪ ਦੇਣਾ ਗੁਰੂ ਨਾਨਕ ਨੂੰ ਸਰਾਪ ਦੇਣਾ ਸੀ। ਇਹੋ ਜਿਹੀਆਂ ਸਾਖੀਆਂ ਗੁਰੂ ਦੋਖੀਆਂ ਦੀਆਂ ਘੜੀਆਂ ਹੋਈਆਂ ਹਨ।

168. ਪੰਨਾ 559: ਗਿਆਨੀ ਜੀ 'ਬੇਦੀ ਬੰਸ ਪ੍ਰਭਾਸ਼' ਦਾ ਹਵਾਲਾ ਦਿੰਦੇ ਹਨ: ਗੁਰੂ 'ਅੰਗਦ ਜੀ ਨੇ ਅਪਣੇ ਸੇਵਾ ਭਾਵ ਨਾਲ ਬਾਬਾ ਸ੍ਰੀ ਚੰਦ ਨੂੰ ਖੁਸ਼ ਕਰਕੇ ਕੋੜ੍ਹ ਦਾ ਸਰਾਪ ਬਖ਼ਸ਼ਵਾ ਲਿਆ।

ਟਿੱਪਣੀ: ਇਸ ਸਰਾਪ ਦਾ ਅਸਰ ਤੀਜੇ ਤੇ ਚੌਥੇ ਗੁਰੂ ਸਾਹਿਬਾਂ ਤੇ ਕੀ ਹੋਇਆ ? ਲਕਸ਼ਮੀ ਬਾਈ ਨੇ ਇਹ ਗੱਲਾਂ ਲਿਖ ਕੇ ਅਕਲ ਦਾ ਕੰਮ ਨਹੀਂ ਕੀਤਾ।

169. ਪੰਨਾ 562: ਗਿਆਨੀ ਜੀ ਲਿਖਦੇ ਹਨ: ਗੋਇੰਦਵਾਲ ਵਾਲੀਆਂ

ਪੋਥੀਆਂ ਗੁਰੂ ਅਮਰਦਾਸ ਜੀ ਨੇ ਲਿਖਾਈਆਂ।

ਟਿੱਪਣੀ: ਜੇ ਉਹ ਲਿਖਾਉਂਦੇ ਤਾਂ ਉਹ ਪੋਥੀਆਂ ਗੁਰਗੱਦੀ ਦੇਣ ਸਮੇਂ ਗੁਰੂ ਰਾਮਦਾਸ ਜੀ ਨੂੰ ਦਿੰਦੇ ਅਤੇ ਇਸ ਤਰ੍ਹਾਂ ਗੁਰੂ ਦੀ ਅਮਾਨਤ ਅਗਲੇ ਗੁਰੂ ਪਾਸ ਜਾਂਦੀ, ਨਾ ਕਿ ਖਾਨਦਾਨੀ ਅਮਾਨਤ ਬਣਦੀ।

170. ਪੰਨਾ 563: ਗਿਆਨੀ ਜੀ ਲਿਖਦੇ ਹਨ: ਗੁਰੂ ਨਾਨਕ ਤੇ ਗੁਰੂ ਅੰਗਦ ਨੇ ਭਗਤਾਂ ਦਾ ਜ਼ਿਕਰ ਤਕ ਨਹੀਂ ਕੀਤਾ।

ਟਿੱਪਣੀ: ਇਹ ਕੁਝ ਕਰਨਾ ਸਤਿਗੁਰਾਂ ਲਈ ਜ਼ਰੂਰੀ ਨਹੀਂ ਸੀ।

171. ਪੰਨਾ 565: ਗਿਆਨੀ ਜੀ ਲਿਖਦੇ ਹਨ: 'ਸਾਖੀਆਂ ਗੁਰੂ ਵੰਸ਼ ਕੀਆਂ ਵਿਚ ਉਨ੍ਹਾਂ ਦੇ ਲਿਖਣ ਦਾ ਸੰਮਤ 1526 ਦਸਿਆ ਹੈ।

ਟਿੱਪਣੀ: ਇਹ ਸੰਮਤ ਲੇਖਕ ਨੂੰ ਸੰਮਤ 1469 ਲਿਖਣਾ ਚਾਹੀਦਾ ਸੀ, ਜਦਕਿ ਉਹ ਆਪ ਲਿਖਦਾ ਹੈ ਕਿ ਇਹ ਗੱਲ ਗੁਰੂ ਨਾਨਕ ਜੀ ਦੇ ਚਲਾਣੇ ਤੋਂ ਪੰਝੀ ਤੀਹ ਸਾਲ ਪਿੱਛੋਂ ਦੀ ਹੈ।

172. ਪੰਨਾ 572: ਗਿਆਨੀ ਜੀ ਲਿਖਦੇ ਹਨ: ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਲਿਖਿਆ ਹੈ,' ਨਾਮਾ ਕਬੀਰ ਪੂਰੇ ਭਗਤ'।

ਟਿੱਪਣੀ: ਕੀ ਬਾਕੀ ਭਗਤ ਅਧੂਰੇ ਸਨ ? ਕਿਸੇ ਨੇ ਬਹੁਤ ਸ਼ਰਧਾ ਵਿਚ ਆ ਕੇ ਇਹ ਗੱਲ ਲਿਖ ਦਿੱਤੀ।

173. ਪੰਨਾ 572: ਗਿਆਨੀ ਜੀ ਲਿਖਦੇ ਹਨ: ਗੋਇੰਦਵਾਲ ਵਾਲੀਆਂ ਪੋਥੀਆਂ: ਵਿਚ ਰਾਮਾਨੰਦ ਜੀ ਦਾ ਇਕ ਪਦਾ, ਦੋ ਵਾਰ, ਵੱਖੋ ਵੱਖਰੀ ਥਾਂ ਲਿਖਿਆ ਹੋਇਆ ਹੈ।

ਟਿੱਪਣੀ: ਗੁਰੂ ਗ੍ਰੰਥ ਜੀ ਵਿਚ ਰਾਮਾਨੰਦ ਜੀ ਦਾ ਇਕ ਹੀ ਪਦਾ ਹੈ। ਜੇ ਇਹ ਪੋਥੀਆਂ ਗੁਰੂ ਅਮਰਦਾਸ ਜੀ ਦੀ ਦੇਖ ਰੇਖ ਵਿਚ ਲਿਖੀਆਂ ਜਾਂਦੀਆਂ ਤਾਂ ਉਹ ਪਦਾ ਦੋ ਵਾਰੀ ਨਹੀਂ ਸੀ ਲਿਖਿਆ ਜਾਣਾ।

174. ਪੰਨਾ 572: ਗਿਆਨੀ ਜੀ ਲਿਖਦੇ ਹਨ; ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਫ਼ਰੀਦ ਜੀ ਦਾ ਪਦਾ 'ਤਪਿ ਤਪਿ ਲੁਹਿ ਲੁਹਿ' ਦੋ ਵਾਰ ਲਿਖਿਆ ਗਿਆ ਹੈ ।

ਟਿੱਪਣੀ : ਇਹ ਪਦਾ ਵੀ ਇਕ ਵਾਰ ਹੀ ਹੁੰਦਾ, ਜੇ ਪੋਥੀਆਂ ਤੀਜੇ ਗੁਰੂ ਜੀ ਲਿਖਾਉਂਦੇ।

175. ਪੰਨਾ 572: ਗਿਆਨੀ ਜੀ ਲਿਖਦੇ ਹਨ: ਕਈ ਸ਼ਬਦ ਪੋਥੀਆਂ ਵਿਚ ਹੋਰ ਰਾਗਾਂ ਵਿਚ ਹਨ ਅਤੇ ਗੁਰੂ ਗ੍ਰੰਥ ਜੀ ਵਿਚ ਹੋਰ ਰਾਗਾਂ ਵਿਚ।

ਟਿੱਪਣੀ: ਇਸ ਤੋਂ ਵੀ ਇਹੀ ਸਾਬਿਤ ਹੁੰਦਾ ਹੈ ਕਿ ਇਹ ਪੋਥੀਆਂ ਤੀਜੇ ਗੁਰੂ ਜੀ ਨੇ ਨਹੀਂ ਸਨ ਲਿਖਾਈਆਂ।

176. ਪੰਨਾ 572: ਗਿਆਨੀ ਜੀ ਲਿਖਦੇ ਹਨ: ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਭਗਤਾਂ ਦੀ ਕੁੱਝ ਬਾਣੀ ਐਸੀ ਵੀ ਹੈ, ਜੋ ਗੁਰੂ ਗ੍ਰੰਥ ਜੀ ਵਿਚ ਨਹੀਂ।

ਉਹ ਸ਼ਬਦ ਸਹੰਸਰ ਰਾਮ ਨੇ ਸੁਣ ਸੁਣਾ ਕੇ ਲਿਖੇ ਹੋਣਗੇ।

ਟਿੱਪਣੀ: ਗੁਰੂ ਅਮਰਦਾਸ ਜੀ ਸੁਣ ਸੁਣਾ ਕੇ ਲਿਖਣ ਦੀ ਆਗਿਆ ਨਹੀਂ ਸਨ ਦੇ ਸਕਦੇ। ਸੋ ਪੋਥੀਆਂ ਗੁਰੂ ਜੀ ਨੇ ਨਹੀਂ ਲਿਖਾਈਆਂ।

177. ਪੰਨਾ 548: ਗਿਆਨੀ ਜੀ ਲਿਖਦੇ ਹਨ ਕਿ ਅਰਥ ਕਰਦਿਆਂ ਪ੍ਰੋ. ਜੀ ਦੇ ਭਟਕਣ ਦਾ ਕਾਰਨ ਉਨ੍ਹਾਂ ਦੇ ਵਿਚਾਰਾਂ ਉਤੇ ਕਮਿਊਨਿਜ਼ਮ ਦਾ ਪ੍ਰਭਾਵ ਪੈਣਾ ਸੀ।

ਟਿੱਪਣੀ : ਇਹ ਗੱਲ ਬਿਲਕੁਲ ਗੱਲਤ ਹੈ। ਪ੍ਰੋ. ਜੀ ਨੇ ਪੰਜਾਹਵਿਆਂ ਵ੍ਹਿਚ ਮੈਨੂੰ ਕੇਨੀਆਂ ਵਿਚ ਇਕ ਚਿੱਠੀ ਵਿਚ ਲਿਖਿਆ ਸੀ ਕਿ ਕੁਝ ਬੰਦੇ ਮੈਨੂੰ ਕਮਿਊਨਿਸਟ ਸਮਝਦੇ ਹਨ। ਮੈਂ ਉਨ੍ਹਾਂ ਨੂੰ ਲਿਖਿਆ ਸੀ ਕਿ ਏਥੇ ਮੈਨੂੰ ਵੀ ਕੁੱਝ ਬੰਦੇ ਕਮਿਊਨਿਸਟ ਕਹਿੰਦੇ ਹਨ ਪਰ ਪਿੱਠ ਪਿੱਛੇ, ਸਾਮ੍ਹਣੇ ਨਹੀਂ। ਜੇ ਬੰਦਾ ਕੋਈ ਵੀ ਗੱਲ ਆਮ ਲੋਕਾਂ ਦੇ ਬਣੇ ਹੋਏ ਖ਼ਿਆਲਾਂ ਦੇ ਉਲਟ ਕਹੇ ਤਾਂ ਭਾਵੇਂ ਲੋਕ ਗ਼ਲਤ ਹੀ ਹੋਣ ਅਤੇ ਕਹਿਣ ਵਾਲਾ ਠੀਕ ਹੀ ਹੋਵੇ, ਲੋਕ ਉਸ ਨੂੰ ਝਟ ਕਮਿਊਨਿਸਟ ਸਮਝ ਲੈਂਦੇ ਹਨ। ਮੈਨੂੰ ਇਸ ਸਮੇਂ ਇਸ ਸ਼ਹਿਰ ਵਿਚ ਵੀ ਇਕ ਦੋ ਬੰਦੇ 'ਕੌਮ ਨਸ਼ਟ' ਹੀ ਸਮਝਦੇ ਹਨ।

ਜੇ ਪ੍ਰੋ. ਜੀ ਕਮਿਊਨਿਸਟ ਹੁੰਦੇ ਤਾਂ ਸ੍ਰੀ ਦਰਬਾਰ ਸਾਹਿਬ ਕਮੇਟੀ ਉਨ੍ਹਾਂ ਨੂੰ 'ਗੁਰਬਾਣੀ ਵਿਆਕਰਣ' ਲਿਖਣ ਤੇ ਸ੍ਰੀ ਅਕਾਲ ਤਖ਼ਤ ਬੁਲਾ ਕੇ ਇਨਾਮ ਕਿਉਂ ਦਿੰਦੀ? ਸੋ ਕਮੇਟੀ ਉਨ੍ਹਾਂ ਨੂੰ ਸ਼ਹੀਦ ਸਿਖ ਮਿਸ਼ਨਰੀ ਕੌਲਿਜ' ਦਾ ਸਾਲਾਂ ਬੱਧੀ ਪ੍ਰਿੰਸੀਪਲ ਕਿਉਂ ਬਣਾਈ ਰੱਖਦੀ, ਅਤੇ ਕਮੇਟੀ ਉਨ੍ਹਾਂ ਵਲੋਂ ਕੀਤੇ ਗਏ ਟੀਕੇ ਦੇ ਸੈੱਟ ਮੁਲ ਲੈ ਲੈ ਕੇ ਲੋੜਵੰਦਾਂ ਨੂੰ ਕਿਉਂ ਦਿੰਦੀ ?

ਉਨ੍ਹਾਂ ਨੇ 'ਦਰਪਣ' ਦੀ ਆਖ਼ਰੀ, ਦਸਵੀਂ ਪੋਥੀ ਦੇ ਅੰਤ ਵਿਚ ਪੰਨਾ ੬੯੨ ਦੇ ਅੰਤ ਵਿਚ ਲਿਖਿਆ ਹੈ: 'ਤੇਰੀ ਮਿਹਰ! ਤੇਰੀ ਮਿਹਰ! ਤੇਰੀ ਮਿਹਰ! ਤੇਰੀ ਮਿਹਰ!' ਏਸੇ ਪੋਥੀ ਦੇ ਪੰਨਾ ੭੭੬ ਦੇ ਵਿਚਕਾਰ ਲਿਖਿਆ ਹੈ:"ਗੁਰੂ ਪਾਤਸ਼ਾਹ ਅਪਣੀ ਮਿਹਰ ਨਾਲ ਸਾਰਾ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਸਮਾਪਤ।" ਉਹ ਅਪਣੀ ਜੀਵਨੀ 'ਮੇਰੀ ਜੀਵਨ ਕਹਾਣੀ' ਦੇ ਆਰੰਭ ਵਿਚ ਲਿਖਦੇ ਹਨ:

*ਮੈਂ ਅਪਣੇ ਸਤਿਗੁਰ ਨਾਨਕ ਨੂੰ ਨਿਰੰਕਾਰ ਨ ਆਖਾਂ ਤਾਂ ਕੀ ਆਖਾਂ ?*
*ਮੈਂ ਅਪਣੇ ਕਲਗੀਆਂ ਵਾਲੇ ਨੂੰ ਦਾਤਾਰ ਨ ਆਖਾਂ ਤਾਂ ਕੀ ਆਖਾਂ ?*

ਉਨ੍ਹਾਂ ਮੈਨੂੰ ੨੬ ਅਪ੍ਰੈਲ, ੧੯੬੧ ਨੂੰ ਲਿਖੀ ਗਈ ਇਕ ਚਿੱਠੀ ਵਿਚ ਲਿਖਿਆ: "ਗੁਰੂ ਪਾਤਿਸ਼ਾਹ ਮਿਹਰ ਕਰਨ। ਤੁਹਾਡੀ ਮਿਹਨਤ ਸਫ਼ਲ ਹੋਵੇ: ਅਰਦਾਸ ਜ਼ਰੂਰ ਕਰਦੇ ਰਹਿਣਾ। 'ਜੋ ਮਾਗਹਿ ਠਾਕੁਰ ਅਪੁਨੇ ਤੇ, ਸੋਈ ਸੋਈ ਦੇਵੈ'। "ਕੀ ਇਹੋ ਜਿਹੀਆਂ ਲਿਖਤਾਂ ਕੋਈ ਕਮਿਊਨਿਸਟ ਲਿਖ ਸਕਦਾ ਹੈ?

ਉਹ ਰਹਿਤਵਾਨ, ਨਿਤਨੇਮੀ ਗੁਰਸਿਖ ਵਿਦਵਾਨ ਸਨ।

ਮੈਂ ਉੱਪਰ ਜੋ ਕੁੱਝ ਲਿਖਿਆ ਹੈ, ਉਨ੍ਹਾਂ ਨਾਲ ਅਪਣੇ ਸੰਬੰਧ ਦੀ ਬਿਨਾ ਤੇ ਲਿਖਿਆ ਹੈ। ਮੇਰਾ ਸੰਬੰਧ ਉਨ੍ਹਾਂ ਨਾਲ ੧੯੨੯ ਤੋਂ ਲੈ ਕੇ, ਜਦ ਉਹ ਖਾਲਸਾ

ਕੌਲਿਜ ਅੰਮ੍ਰਿਤਸਰ ਆਏ ਅਤੇ ਮੈਂ ਓਥੇ ਪੜ੍ਹਦਾ ਸਾਂ, ੧੯੭੭ ਤਾਈਂ, ਜਦ ਉਨ੍ਹਾਂ ਦਾ ਦੇਹਾਂਤ ਹੋ ਗਿਆ, ੪੮ ਸਾਲ ਰਿਹਾ। ਇਹ ਸੰਬੰਧ ਬਹੁਤ ਹੀ ਨੇੜੇ ਦਾ ਸੀ। ਉਨ੍ਹਾਂ ਦਾ ਵੱਡਾ ਪੁੱਤਰ ਸ. ਕਰਤਾਰ ਸਿੰਘ ਮੇਰਾ ਜਮਾਤੀ ਸੀ। ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਮੈਂ ੧੯੩੪-੩੫ ਵਿਚ, ਰੋਜ਼ ਉਨ੍ਹਾਂ ਦੇ ਘਰ ਜਾਕੇ, ਇਕ ਇਕ ਘੰਟਾ ਪੜ੍ਹ ਕੇ, ਉਨ੍ਹਾਂ ਤੋਂ ਇਕ ਵਿਦਿਆਰਥੀ ਦੀ ਹੈਸੀਅਤ ਵਿਚ ਸ੍ਰੀ ਗੁਰੂ ਗ੍ਰੰਥ ਜੀ ਦੇ ਵਿਆਕਰਣ ਅਨੁਸਾਰ ਅਰਥ ਕੀਤੇ, ਤੇ ਇੰਟਰ-ਲੀਫ਼ ਕਰਵਾਈਆਂ ਹੋਈਆਂ ਪੋਥੀਆਂ ਵਿਚ ਔਖੇ ਸ਼ਬਦਾਂ ਤੇ ਤੁਕਾਂ ਆਦਿਕ ਦੇ ਲੋੜੀਂਦੇ ਨੋਟ ਲਏ। ਉਨ੍ਹਾਂ ਹੀ ਮੈਨੂੰ ਆਪ ਕਹਿਕੇ 'ਸ਼ਹੀਦ ਮਿਸ਼ਨਰੀ ਕੌਲਿਜ' ਦੇ ਰਾਗੀ ਜੀ, ਗਿਆਨੀ ਆਤਮਾ ਸਿੰਘ ਜੀ ਤੋਂ ਹਾਰਮੋਨੀਅਮ ਤੇ ਕੀਰਤਨ ਸਿਖਵਾਇਆ। ਉਨ੍ਹਾਂ ਦੀ ਸਿਫ਼ਾਰਿਸ਼ ਨਾਲ ਹੀ ਮੈਂ ੧੯੩੯ ਵਿਚ ਅਫ਼ਰੀਕਾ ਗਿਆ। ਮੇਰੇ ਕਾਰਨ ਮੇਰੇ ਪਿਤਾ ਜੀ ਦਾ ਸੰਬੰਧ ਵੀ ਪ੍ਰੋ. ਜੀ ਨਾਲ ਹੋ ਗਿਆ ਸੀ, ਇਸੇ ਕਰਕੇ ਇਕ ਦੋ ਵਾਰੀ ਜਦ ਉਹ ਸ੍ਰੀ ਅੰਮ੍ਰਿਤਸਰ ਗਏ ਤਾਂ ਉਨ੍ਹਾਂ ਦੇ ਘਰ ਹੀ ਠਹਿਰੇ। ਪ੍ਰੋ. ਜੀ ਦੇ ਚੜ੍ਹਾਈ ਕਰਨ ਦੀ ਖ਼ਬਰ ਵੀ ਮੈਨੂੰ ਉਨ੍ਹਾਂ ਦੇ ਸਭ ਤੋਂ ਛੋਟੇ ਪੁੱਤਰ ਡਾ. ਦਲਜੀਤ ਸਿੰਘ ਜੀ ਨੇ ਹੀ ਚਿੱਠੀ ਰਾਹੀਂ ਏਥੇ ਇੰਗਲੈਂਡ ਭੇਜੀ ਸੀ।

ਉਨ੍ਹਾਂ ਦੇ ਵਿਚਾਰ ਆਧੁਨਿਕ ਸਨ। ਜੇ ਸ. ਸੰਤ ਸਿੰਘ ਜੀ ਸੇਖੋਂ ਲਿਖਦੇ ਹਨ ਕਿ ਪ੍ਰੋ. ਜੀ ਕਮਿਊਨਿਸਟਾਂ ਦਾ ਖੁਲ੍ਹਾ ਸਮਰਥਨ ਕਰਦੇ ਸਨ ਤਾਂ ਸੇਖੋਂ ਜੀ ਨੇ ਇਸ ਦਾ ਇਹ ਮਤਲਬ ਤਾਂ ਨਹੀਂ ਲਿਆ ਕਿ ਪ੍ਰੋ. ਜੀ ਸਿੱਖ ਨਹੀਂ ਸਨ। ਉਹ ਕਮਿਊਨਿਸਟਾਂ ਦੀਆਂ ਸਾਰੀਆਂ ਗੱਲਾਂ ਦਾ ਸਮਰਥਨ ਨਹੀਂ ਸੀ ਕਰਦੇ ਅਤੇ ਨਾ ਉਹ ਕਮਿਊਨਿਸਟ ਸਨ। ਉਹ ਇਹੀ ਕਹਿੰਦੇ ਸਨ ਕਿ ਗੁਰੂ ਜੀ ਨੇ ਸਾਨੂੰ ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ ਹੈ। ਸਭ ਨੂੰ ਰੋਜ਼ਗਾਰ ਦੇਣਾ ਭਾਈਚਾਰੇ ਦਾ, ਸਮਾਜ ਦਾ ਕੰਮ ਹੈ, ਸਰਕਾਰ ਦਾ ਕੰਮ ਹੈ, ਅਤੇ ਮਾਇਆ ਪਾਪਾਂ ਬਾਝੋਂ ਇਕੱਠੀ ਨਹੀਂ ਹੁੰਦੀ, ਆਦਿਕ। ਉਹ ਇਹ ਵੀ ਕਹਿੰਦੇ ਸਨ ਕਿ ਗੁਰੂ ਜੀ ਦੀ ਆਗਿਆ ਅਨੁਸਾਰ ਸਿੱਖ ਨਾਮ ਵੀ ਜਪੇ। ਉਨ੍ਹਾਂ ਕਦੇ ਨਹੀਂ ਸੀ ਕਿਹਾ ਕਿ ਨਾਮ ਨਾ ਜਪੋ, ਬਾਣੀ ਨਾ ਪੜ੍ਹੋ ਤੇ ਰਹਿਤ ਨਾ ਰੱਖੋ।

ਪਿੱਛੇ ਜਿਹੇ ਗਿਆਨੀ ਗੁਰਦਿਤ ਸਿੰਘ ਜੀ ਇਸ ਦੇਸ਼ ਵਿਚ ਆਏ, ਉਨ੍ਹਾਂ ਬਰਮਿੰਘਮ ਵਾਲੇ ਸ. ਮਦਨ ਸਿੰਘ ਜੀ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਉਨ੍ਹਾਂ ਗਿਆਨੀ ਜੀ ਨਾਲ ਮੁਲਾਕਾਤ ਦਾ ਕੰਮ ਬਰਮਿੰਘਮ ਵਾਲੇ ਸ. ਅਵਤਾਰ ਸਿੰਘ ਜੀ ਨੂੰ ਸੌਂਪਿਆ। ੨੫ ਸਤੰਬਰ ਨੂੰ ਪੰਜ ਵਿਅਕਤੀ ਸ. ਮਦਨ ਸਿੰਘ; ਉਨ੍ਹਾਂ ਦੀ ਪਤਨੀ ਬੀਬੀ ਕਿਰਪਾਲ ਕੌਰ, ਸ. ਅਵਤਾਰ ਸਿੰਘ, ਸ.ਜਸਵੰਤ ਸਿੰਘ ਤੇ ਸ. ਹਰਿਭਜਨ ਸਿੰਘ ਬਰਮਿੰਘਮ ਤੋਂ ਰਗਬੀ (Rugby) ਗਏ। ਇਸ ਸ਼ਹਿਰੋਂ ਮੈਂ, ਮੇਰਾ ਪੁੱਤਰ ਡਾ. ਬਲਬੀਰ ਸਿੰਘ ਤੇ ਮੇਰਾ ਜਵਾਈ ਸ. ਕੁਲਦੀਪ ਸਿੰਘ ਗਏ। ਅਸੀਂ ਰਾਤੀਂ ਸਾਢੇ ਤਿੰਨ ਘੰਟੇ ਗਿਆਨੀ ਜੀ ਨਾਲ ਗੱਲ ਕੀਤੀ। ਹੋਰ ਕਿਸੇ ਨੇ ਗਿਆਨੀ ਜੀ ਦੀ ਕਿਤਾਬ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ)' ਪੜ੍ਹਿਆ

ਨਹੀਂ ਸੀ। ਮੈਂ ਥੋੜਾ ਜਿਹਾ ਪੜ੍ਹ ਸਕਿਆ ਸਾਂ। ਮੈਂ 65 ਨੁਕਤੇ ਮਾਰਕ ਕੀਤੇ ਹੋਏ ਸਨ। ਅਸੀਂ ਸਾਰਿਆਂ ਨੇ ਵਿਚਾਰ ਕੀਤੀ। ਅੰਤ ਵਿਚ ਗਿਆਨੀ ਜੀ ਨੇ ਮੈਨੂੰ ਕਿਹਾ, 'ਜਿਨਾਂ ਤੁਸੀਂ ਪ੍ਰੋ. ਜੀ ਦੇ ਹੱਕ ਵਿਚ ਬੋਲੇ ਹੋ, ਓਨਾ ਤਾਂ ਸ਼ਾਇਦ, ਜੇ ਉਹ ਭੀ ਹੁੰਦੇ, ਤਾਂ ਨਾ ਬੋਲਦੇ।' ਉਨ੍ਹਾਂ ਕਿਹਾ, 'ਮੈਂ ਅਗਲੀ ਐਡੀਸ਼ਨ ਵਿਚ ਪ੍ਰੋ. ਜੀ ਦੇ ਵਿਰੁਧ ਲਿਖੇ ਹੋਏ 547-549 ਤਾਈਂ ਢਾਈ ਕੁ ਸਫ਼ੇ ਨਹੀਂ ਛਾਪਾਂਗਾ। ਮੈਂ ਵੀ ਸਮਝਦਾ ਹਾਂ ਕਿ ਉਹ ਪੰਨੇ ਠੀਕ ਨਹੀਂ। ਉਨ੍ਹਾਂ ਮੈਨੂੰ ਕਿਹਾ,'ਤੁਸੀਂ ਇਹ ਸਾਰੀ ਕਿਤਾਬ ਪੜ੍ਹਕੇ ਸਾਰੇ ਲੋੜ੍ਹੀਂਦੇ ਨੁਕਤੇ ਨੋਟ ਕਰਕੇ ਮੈਨੂੰ ਇੰਡੀਆ ਭੇਜਿਓ। ਮੈਂ ਵਿਚਾਰ ਕਰਕੇ ਉਨ੍ਹਾਂ ਤੇ ਯੋਗ ਅਮਲ ਕਰਾਂਗਾ।'

ਗਿਆਨੀ ਜੀ ਨੇ ਪਹਿਲੀ ਅਕਤੂਬਰ ਨੂੰ ਇੰਡੀਆ ਲਈ ਉੜਨਾ ਸੀ। ਮੇਰਾ ਲੈਮਿੰਗਟਨ -ਸਧਾ ਦਾ ਇਕ ਮਿੱਤਰ ਸ. ਤ੍ਰਿਲੋਚਨ ਸਿੰਘ ਲੰਡਨ, ਗਿਆਨੀ ਅਮੋਲਕ ਸਿੰਘ ਜੀ ਦੇ ਘਰ ਗਿਆ। ਓਥੇ ਗਿਆਨੀ ਗੁਰਦਿਤ ਸਿੰਘ ਜੀ ਵੀ ਸਨ। ਮੇਰੀ ਗੱਲ ਚੱਲੀ ਤਾਂ ਗਿਆਨੀ ਜੀ ਨੇ ਇਹ ਗੱਲ ਮੁੜ ਦੁਹਰਾਈ, 'ਜਿੰਨੀ ਡੀਫੈਂਸ ਸ. ਰਤਨ ਸਿੰਘ ਜੀ ਨੇ ਪ੍ਰੋ. ਸਾਹਿਬ ਸਿੰਘ ਜੀ ਦੀ ਕੀਤੀ ਹੈ, ਓਨੀ ਤਾਂ ਸ਼ਾਇਦ, ਜੇ ਉਹ ਜੀਵਤ ਹੁੰਦੇ, ਉਹ ਆਪਣੀ ਨਾ ਕਰਦੇ '।

ਹੈਰਾਨੀ ਦੀ ਗਲ ਇਹ ਹੈ ਕਿ ਉਨ੍ਹਾਂ ਇਹ ਨਾ ਦੱਸਿਆ ਕਿ ਉਨ੍ਹਾਂ ਅਪਣੀ ਕਿਤਾਬ ਵਿਚ ਪ੍ਰੋ. ਜੀ ਨੂੰ ਕਮਿਊਨਿਸਟ ਗਰਦਾਨਿਆ ਹੈ ਅਤੇ ਢਾਈ ਕੁ ਪੰਨੇ ਤਾਂ ਖਾਸ ਉਨ੍ਹਾਂ ਦੇ ਵਿਰੁੱਧ ਹੀ ਕਾਲੇ ਕੀਤੇ ਹਨ।

178. ਪੰਨਾ 549: ਗਿਆਨੀ ਜੀ ਲਿਖਦੇ ਹਨ: ਸ਼੍ਰੋਮਣੀ ਕਮੇਟੀ ਪ੍ਰੋ. ਜੀ ਦਾ ਲਿਖਿਆ ਹੋਇਆ ਟੀਕਾ ਛਾਪਣ ਲਈ ਤਿਆਰ ਨਹੀਂ ਸੀ। ਪਰ ਮਾਇਕ ਮਦਦ ਦੇਣ ਲਈ ਤਿਆਰ ਸੀ। ਕਮੇਟੀ ਨੇ ਇਹ ਫ਼ੈਸਲਾ ਕਿਸੇ ਭਾਨੀਮਾਰ ਦੇ ਕਹਿਣ ਉਤੇ ਨਹੀਂ ਲਿਆ, ਉਨ੍ਹਾਂ ਨੇ ਟੀਕੇ ਦੇ ਗੁਣ ਦੋਸ਼ ਦੇਖ ਕੇ ਹੀ ਲਿਆ ਸੀ।

ਟਿੱਪਣੀ: ਗਿਆਨੀ ਜੀ ਪਾਸ ਇਸ ਉੱਪਰਲੇ ਰੀਮਾਰਕਸ ਦਾ ਕੋਈ ਸਬੂਤ ਨਹੀਂ। ਉਨ੍ਹਾਂ ਨੇ ਈਰਖਾ ਵੱਸ ਹੋ ਕੇ ਹੀ ਇਹ ਗੱਲ ਲਿਖੀ ਹੈ।

ਪ੍ਰੋ. ਜੀ ਨੇ ਇਹ ਗੱਲ ਮੈਨੂੰ ਕੇਨੀਆ(Kenya) ਚਿੱਠੀ ਵਿਚ ਵੀ ਲਿਖੀ ਸੀ। ਕਮੇਟੀ ਵੀ ਨਾ ਮੰਨੀ। ਸਿੰਘ ਬ੍ਰਦਰਜ਼ ਵੀ ਨਾ ਮੰਨੇ। ਮੈਂ ਲਿਖਿਆ ਸੀ ਕਿ ਉਸ ਸਮੇਂ ਮੇਰੀ ਸਾਰੀ ਬਚਤ ਪੰਦਰਾਂ ਹਜ਼ਾਰ ਸ਼ਲਿੰਗ (ਦਸ ਹਜ਼ਾਰ ਰੁਪਏ) ਸੀ, ਜੋ ਮੈਂ ਇਸ ਮਹਾਨ ਕੰਮ ਲਈ ਭੇਟ ਕਰ ਸਕਦਾ ਸਾਂ। ਪਰ ਉਨ੍ਹਾਂ ਲਿਖਿਆ:'ਦਸ ਹਜ਼ਾਰ ਰੁਪਇਆ ਮੇਰੇ ਪਾਸ ਹੈ। ਮੇਰੇ ਵਾਲਾ ਦਸ ਹਜ਼ਾਰ ਵੀ ਹੋਵੇ ਤਾਂ ਵੀ ਵੀਹ ਹਜ਼ਾਰ ਨਾਲ ਕੰਮ ਨਹੀਂ ਸਰਨਾ, ਘਟੋ ਘੱਟ ਸੱਤਰ ਹਜ਼ਾਰ ਰੁਪਇਆ ਚਾਹੀਦਾ ਹੈ।' ਆਖ਼ਿਰ ਪ੍ਰੋ. ਜੀ ਦੇ ਗੂੜ੍ਹੇ ਮਿੱਤਰ ਪ੍ਰੋ. ਵਰਿਆਮ ਸਿੰਘ ਜੀ ਦੇ ਰਸੂਖ ਨਾਲ ਰਾਜ ਪਬਲਿਸ਼ਰਜ਼ ਵਾਲੇ ਸ੍ਰੀ ਸੋਹਨ ਲਾਲ ਖੰਨਾ ਜੀ ਮੰਨ ਗਏ। ਮੈਨੂੰ ਇਹ ਸਾਰੀ ਗੱਲ ਖੰਨਾ ਜੀ ਨੇ ਵੀ ਦੱਸੀ ਸੀ।

179. ਪੰਨਾ 549: ਗਿਆਨੀ ਜੀ ਦਾ ਅੰਦਰਲਾ ਖ਼ਿਆਲ ਹੈ ਕਿ ਪ੍ਰੋ. ਜੀ ਗੁਰੂ

ਗ੍ਰੰਥ ਜੀ ਵਿਚ ਵਰਨਣ ਕੀਤੀਆਂ ਕਰਾਮਾਤਾਂ ਤੇ ਯਕੀਨ ਨਹੀਂ ਸੀ ਰੱਖਦੇ।

ਟਿੱਪਣੀ : ਜੋ ਕੰਮ ਰੱਬੀ ਬੰਦੇ ਕਰ ਦਿੰਦੇ ਹਨ ਪਰ ਆਮ ਬੰਦੇ ਨਹੀਂ ਕਰ ਸਕਦੇ, ਉਨ੍ਹਾਂ ਕੰਮਾਂ ਨੂੰ ਲੋਕ 'ਕਰਾਮਾਤਿ' ਸਮਝਦੇ ਹਨ। ਗੁਰੂ ਸਾਹਿਬ ਕਰਾਮਾਤਾਂ ਦੇ ਵਿਰੁੱਧ ਸਨ। ਗੁਰੂ ਬਾਬਾ ਜੀ ਨੇ 'ਜਪੁ' ਬਾਣੀ ਵਿਚ ਹੀ ਉਚਾਰ ਦਿੱਤਾ ਸੀ: 'ਰਿਧਿ ਸਿਧਿ ਅਵਰਾ ਸਾਦ'।

ਦਸਵੇਂ ਗੁਰੂ ਜੀ ਨੇ ਬਿਚਿਤ੍ਰ ਨਾਟਕ ਵਿਚ ਫੁਰਮਾਇਆ ਹੈ ਕਿ ਕਰਾਮਾਤਾਂ ਦਿਖਾਉਣੀਆਂ ਚੰਗੀ ਗੱਲ ਨਹੀਂ ਅਤੇ ਰੱਬ ਦੇ ਬੰਦਿਆਂ ਨੂੰ ਕਰਾਮਾਤਾਂ ਦਿਖਾਂਦਿਆਂ ਲਾਜ ਆਉਂਦੀ ਹੈ:

*ਨਾਟਕ ਚੇਟਕ ਕੀਏ ਕੁਕਾਜਾ ਪ੍ਰਭ ਲੋਗਨ ਕਹ ਆਵਤ ਲਾਜਾ ॥*

ਗੁਰੂ ਹਰਿਗੋਬਿੰਦ ਜੀ ਨੇ ਤਾਂ ਅਪਣੇ ਪੁੱਤਾਂ ਬਾਬਾ ਅਟਲ ਜੀ ਤੇ ਬਾਬਾ ਗੁਰਦਿੱਤਾ ਜੀ ਨੂੰ ਵੀ 'ਕਰਾਮਾਤਿ' ਦਿਖਾਉਣ ਤੋਂ ਵਰਜਿਆ ਸੀ ਕਿਉਂਕਿ ਇਹ ਰਸਤਾ ਚੰਗਾ ਨਹੀਂ ਸੀ।

ਗੁਰੂ ਹਰਿਰਾਇ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੇ ਕਰਾਮਾਤਾਂ ਦਿਖਾਈਆਂ। ਸਿੱਟਾ ਨਿਕਲਿਆ ? ਅਹੰਕਾਰ ਆ ਗਿਆ ਤੇ ਚਿਰ ਲਈ ਵਿੱਛੜ ਗਏ।

ਕਰਤਾਰਪੁਰ ਵਿਚ ਇਕ ਬ੍ਰਹਮਣ ਅਪਣੇ ਇਕਲੌਤੇ ਪੁੱਤ ਦੀ ਲੋਥ ਗੁਰੂ ਹਰਿਰਾਇ ਜੀ ਦੀ ਹਜ਼ੂਰੀ ਵਿਚ ਲੈ ਆਇਆ ਅਤੇ ਹਠ ਕਰਕੇ ਕਿਹਾ ਕਿ ਜੇ ਮੇਰੇ ਪੁੱਤ ਨੂੰ ਨਹੀਂ ਜਿਵਾਓਗੇ ਤਾਂ ਭੁੱਖਾ ਤਿਹਾਇਆ ਮੈਂ ਵੀ ਏਥੇ ਹੀ ਮਰ ਜਾਵਾਂਗਾ। ਸਿੱਖਾਂ ਵਿਚ ਚਰਚਾ ਚੱਲੀ। ਕਿਸੇ ਨੂੰ ਤਰਸ ਆਇਆ। ਕਿਸੇ ਨੂੰ ਗੁਰੂ ਘਰ ਦੀ ਇੱਜ਼ਤ ਦਾ ਫ਼ਿਕਰ ਪਿਆ। ਸਿੱਖਾਂ ਅਰਜ਼ ਕੀਤੀ ਬੱਚੇ ਨੂੰ ਜਿਵਾ ਦਿਓ। ਗੁਰੂ ਜੀ ਨੇ ਕਿਹਾ, ਜੇ ਐਨਾ ਤਰਸ ਹੈ ਤਾਂ ਕੋਈ 'ਆਪਾ' ਵਾਰੇ, ਜਾਨ ਦੇ ਥਾਂ ਜਾਨ ਵਾਰੇ'।

ਸੋ ਕਰਾਮਾਤਿ 'ਆਪਾ' ਭੇਟ ਮੰਗਦੀ ਹੈ, 'ਆਪੇ ਦੀ ਖ਼ਾਂਤਿਰ' ਨਹੀਂ ਦਿਖਾਈ ਜਾਂਦੀ। ਗੁਰੂ ਬਾਬਾ ਜੀ ਨੇ ਆਪ ਕਰਾਮਾਤਾਂ ਨਹੀਂ ਦਿਖਾਈਆਂ। ਵਾਹਿਗੁਰੂ ਨੇ ਉਨ੍ਹਾਂ ਦੀ ਖ਼ਾਤਿਰ ਚਮਤਕਾਰ ਦਿਖਾਏ। ਜੇ ਸੁਤੇ ਵੀ, ਕੋਈ ਗੱਲ ਗੁਰੂ ਜੀ ਦੇ ਮੂਹੋਂ ਨਿਕਲੀ ਤਾਂ ਵਾਹਿਗੁਰੂ ਨੇ ਪੂਰੀ ਕੀਤੀ: 'ਪ੍ਰਭ ਜੀ ਬਸਹਿ ਸਾਧ ਕੀ ਰਸਨਾ'-ਸੁਖਮਨੀ। ਗੁਰੂ ਗ੍ਰੰਥ ਜੀ ਵਿਚ ਨਾਮਦੇਵ ਜੀ ਦੀ ਗਊ ਜੀਊਂਦੀ , ਕਰਨ ਆਦਿਕ ਕਰਾਮਾਤਾਂ ਆਉਂਦੀਆਂ ਹਨ। ਕਬੀਰ ਜੀ ਦੀਆਂ ਕਰਾਮਾਤਾਂ ਵੀ ਆਉਂਦੀਆਂ ਹਨ। ਉਨ੍ਹਾਂ ਦੀ ਬਾਣੀ ਤੋਂ ਪਤਾ ਲੱਗਦਾ ਹੈ ਕਿ ਉਹ ਕਰਾਮਾਤਾਂ ਭਗਤਾਂ ਨੇ ਆਪ ਨਹੀਂ ਸਨ ਦਿਖਾਈਆਂ, ਵਾਹਿਗੁਰੂ ਨੇ ਅਪਣੇ ਭਗਤਾਂ ਦੀ ਲਾਜ ਰੱਖਣ ਲਈ ਆਪ ਵਰਤਾਈਆਂ ਸਨ।

ਸੋ ਗਿਆਨੀ ਜੀ ਦੀ ਇਹ ਵਿਚਾਰ ਗ਼ਲਤ ਹੈ ਕਿ ਪ੍ਰੋ. ਜੀ ਕਰਾਮਾਤਾਂ ਤੇ ਯਕੀਨ ਨਹੀਂ ਸਨ ਕਰਦੇ। ਉਹ ਪੂਰਾ ਯਕੀਨ ਰੱਖਦੇ ਸਨ ਪਰ ਸ੍ਰੀ ਗੁਰੂ ਗ੍ਰੰਥ ਜੀ

ਦੀ ਆਗਿਆ ਅਨੁਸਾਰ, ਕਿ ਵਹਿਮੀ ਢੋਲਿਆਂ ਵਾਗ ਅੰਨ੍ਹੇ ਵਾਹ!

ਪ੍ਰੋ. ਜੀ ਦੇ 'ਕਰਾਮਾਤਿ' ਬਾਰੇ ਵਿਚਾਰ ਜਾਨਣ ਲਈ 'ਗੁਰਮਤਿ ਪ੍ਰਕਾਸ਼' ਵਿਚ ਪੰਨਾ ੬੫ ਤੋਂ 73 ਤਾਈਂ ਉਨ੍ਹਾਂ ਦਾ ਲੇਖ 'ਕਰਾਮਾਤਿ' ਪੜ੍ਹਿਆ ਜਾ ਸਕਦਾ ਹੈ।

## ਸਾਰੀ ਵਿਚਾਰ ਦਾ ਨਿਚੋੜ

ਸਾਡਾ ਵਿਚਾਰ ਇਹ ਹੈ:

1. 'ਬੁਰਹਾਨਪੁਰ ਵਾਲੀ ਜਨਮ ਸਾਖੀ' ਤੇ 'ਪੁਰਾਤਨ ਜਨਮ ਸਾਖੀ' ਗ਼ਲਤੀਆਂ ਨਾਲ ਭਰੀਆਂ ਹੋਈਆਂ ਹਨ।

2. 'ਮਿਹਰਬਾਨ ਵਾਲੀ ਜਨਮ ਸਾਖੀ' ਨੂੰ ਅਸੀਂ ਮੰਨਦੇ ਹੀ ਨਹੀਂ, ਨਾਹੀ 'ਗੁਰੂ ਹਰਿਸਹਾਇ ਵਾਲੀ ਪੋਥੀ ਨੂੰ ।

3. ਗੋਇੰਦਵਾਲ ਵਾਲੀਆਂ ਪੋਥੀਆਂ ਗੁਰੂ ਅਮਰ ਦਾਸ ਜੀ ਨੇ ਨਹੀਂ ਲਿਖਵਾਈਆਂ। ਨਾ ਹੀ ਇਹ ਸ੍ਰੀ ਗੁਰੂ ਗ੍ਰੰਥ ਜੀ ਲਿਖਣ ਸਮੇਂ ਸ੍ਰੀ ਅੰਮ੍ਰਿਤਸਰ ਲਿਜਾਈਆਂ ਗਈਆਂ।

4. ਪ੍ਰੋ. ਬਲਦੇਵ ਉਪਾਧਿਆ, ਰਾਮਚੰਦਰ ਸ਼ੁਕਲ, ਡਾ.ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਭੰਡਾਰਕਰ ਦਿੱਤਾ ਵਾਮਨ ਤੇ ਪ੍ਰੋ. ਖ਼ਲੀਕ ਜ਼ਮਾਨੀ ਦੀਆਂ ਲਿਖਤਾਂ ਪਾਏਦਾਰ ਨਹੀਂ। ਕਿਸੇ ਭਗਤ ਦੇ ਜਨਮ ਸਾਲ ਦਾ ਪਤਾ ਨਹੀਂ। ਉਮਰ ਤੇ ਮਰਨ ਕਾਲ ਦੇ ਅੰਦਾਜ਼ੇ ਹਨ।

5. ਫ਼ਰੀਦ ਜੀ ਤੇ ਬਾਰਾਂ ਭਗਤਾਂ ਦੀ ਬਾਣੀ ਗੁਰੂ ਨਾਨਕ ਜੀ ਨੇ ਹੀ ਲਿਆਂਦੀ।

6. ਪਰਮਾਨੰਦ ਦੀ ਬਾਣੀ ਸ਼ਾਇਦ ਤੀਜੀ ਪਾਤਸ਼ਾਹੀ ਸਮੇਂ ਆਈ ਹੋਵੇ।

7. ਸੂਰਦਾਸ ਦੀ ਬਾਣੀ ਸ਼ਾਇਦ ਤੀਜੀ, ਚੌਥੀ ਜਾਂ ਪੰਜਵੀਂ ਪਾਤਿਸ਼ਾਹੀ ਦੇ ਸਮੇਂ ਲਿਆਂਦੀ ਗਈ ਹੋਵੇ।

8. ਕਿਸੇ ਗੁਰੂ ਜੀ ਦੀ ਕਿਸੇ ਵੀ ਭਗਤ ਜਾਂ ਫ਼ਰੀਦ ਜੀ ਨਾਲ ਮੁਲਾਕਾਤ ਨਹੀਂ ਹੋਈ। ਉਨ੍ਹਾਂ ਦੀ ਬਾਣੀ ਉਨ੍ਹਾਂ ਦੇ ਉੱਤਰ ਅਧਿਕਾਰੀਆਂ ਜਾਂ ਸ਼ਰਧਾਲੂਆਂ ਤੋਂ ਮਿਲੀ। ਜੇ ਫ਼ਰੀਦ ਜੀ ਜਾਂ ਭਗਤ, ਗੁਰੂ ਸਾਹਿਬਾਨ ਨੂੰ ਮਿਲਦੇ ਤਾਂ ਉਹ ਬਾਣੀ ਵਿਚ ਜ਼ਰੂਰ ਖੁੱਲ੍ਹ ਕੇ 'ਗੁਰੂ ਨਾਨਕੁ' ਲਿਖਦੇ ਅਤੇ ਉਨ੍ਹਾਂ ਨੂੰ ਅਪਣਾ ਇਕੋ ਇਕ ਗੁਰੂ ਮੰਨਦੇ। ਉਸ ਹਾਲਤ ਵਿਚ ਉਹ ਗੁਰਸਿਖ ਹੁੰਦੇ ਅਤੇ ਉਨ੍ਹਾਂ ਦੀ ਬਾਣੀ ਦੀ ਗੁਰੂ ਗ੍ਰੰਥ ਜੀ ਵਿਚ ਚੜ੍ਹਾਏ ਜਾਣ ਦੀ ਲੋੜ ਹੀ ਨਾ ਰਹਿੰਦੀ। ਜੇ ਚੜ੍ਹਾਈ ਵੀ ਜਾਂਦੀ ਤਾਂ ਸਿਰਲੇਖ ਵਿਚ 'ਸੇਖ' ਜਾਂ 'ਭਗਤ' ਸ਼ਬਦਾਂ ਵੀ ਵਰਤੋਂ ਨਾ ਹੁੰਦੀ।

9. ਅਪਣੇ ਪਹਿਲੇ ਜੀਵਨ ਵਿਚ ਭਗਤ ਭਾਵੇ ਕਿਸ ਮੱਤ ਦੇ ਵੀ ਪੁਜਾਰੀ ਹੋਣ, ਸਾਡਾ ਉਨ੍ਹਾਂ ਨਾਲ ਸੰਬੰਧ ਉਨ੍ਹਾਂ ਦੀ ਗੁਰੂ ਗ੍ਰੰਥ ਜੀ ਵਿਚ ਲਿਖੀ ਬਾਣੀ ਕਰਕੇ ਹੈ। ਉਨ੍ਹਾਂ ਦੀ ਜੋ ਬਾਣੀ ਚੜ੍ਹਾਈ ਗਈ, ਉਹ ਬਿਲਕੁਲ ਗੁਰੂ ਆਸ਼ੇ ਅਨੁਸਾਰ ਹੈ। ਜੇ ਨਾ ਹੁੰਦੀ ਤਾਂ ਚੜ੍ਹਾਈ ਹੀ ਨਾ ਜਾਂਦੀ। ਗੁਰੂ ਗ੍ਰੰਥ ਜੀ ਵਿਚ ਭਗਤਾਂ ਦੇ ਪੁਰਾਣੇ

ਤਜਰਬੇ ਨਹੀਂ ਲਿਖੇ ਗਏ, ਸਿਰਫ਼ ਗੁਰੂ ਸਾਹਿਬਾਂ ਵਾਂਗ ਰੱਬ ਦੀ ਉਪਾਸਨਾ ਹੀ ਲਿਖੀ ਗਈ ਹੈ। ਜੇ ਅਸੀਂ ਭਗਤਾਂ ਦੇ ਕੁੱਝ ਸ਼ਬਦਾਂ ਨੂੰ ਉਨ੍ਹਾਂ ਦੇ ਪੁਰਾਣੇ ਤਜਰਬੇ ਸਮਝਦੇ ਹਾਂ ਤਾਂ ਇਹ ਸਾਡੀ ਸਮਝ ਦਾ ਘਾਟਾ ਹੈ।

ਮਿਸਾਲ ਦੇ ਤੌਰ ਤੇ ਅਸੀਂ ਕਹੀਏ ਕਿ ਭੈਰਉ ਵਿਚ 'ਦੂਧੁ ਕਟੋਰੈ, ਗਡਵੈ ਪਾਨੀ' ਵਾਲੇ ਸ਼ਬਦ ਵਿਚ ਨਾਮਦੇਵ ਜੀ ਦੇ ਪੱਥਰ ਪੂਜਣ ਦਾ ਹਾਲ ਹੈ ਤਾਂ ਇਸਦਾ ਮਤਲਬ ਤਾਂ ਇਹ ਹੋਇਆ ਕਿ ਅਸੀਂ ਵੀ ਪੱਥਰ ਪੂਜਣ ਦਾ ਤਜਰਬਾ ਕਰ ਸਕਦੇ ਹਾਂ ਅਤੇ ਪਿੱਛੋਂ ਤਰੱਕੀ ਕਰਕੇ ਵਾਹਿਗੁਰੂ ਨੂੰ ਪੂਜਣ ਦਾ। ਜੋ ਕੁੱਝ ਗੁਰੂ ਸਾਹਿਬਾਂ ਕੀਤਾ ਹੈ ਜਾਂ ਭਗਤਾਂ ਨੇ ਕੀਤਾ ਹੈ, ਬਾਣੀ ਉਹੋ ਕੁੱਝ ਕਰਨ ਦੀ ਸਾਨੂੰ ਸਭ ਨੂੰ ਆਗਿਆ ਦਿੰਦੀ ਹੈ;

*ਗੁਰਿ ਕਹਿਆ ਸਾ ਕਾਰ ਕਮਾਵਹੁ॥ ਗੁਰ ਕੀ ਕਰਣੀ ਕਾਹੇ ਧਾਵਹੁ॥*(ਪੰਨਾ ੯੩੩)

ਭਾਵ ਇਹ ਹੈ ਕਿ ਜੋ ਗੁਰੂ ਕਹਿੰਦਾ ਹੈ, ਉਹ ਕੰਮ ਕਰੋ। ਗੁਰੂ ਦੀ ਦੱਸੀ ਹੋਈ ਕਾਰ ਤੋਂ ਭੱਜਦੇ ਕਿਉਂ ਹੋ ?

ਗੁਰਬਾਣੀ ਤਾਂ ਇਹ ਫੁਰਮਾਉਂਦੀ ਹੈ:

*(1) ਜਿਸੁ ਪਾਹਣ ਕਉ ਠਾਕੁਰ ਕਹਿਤਾ ਓਹੁ ਪਾਹਣੁ ਲੈ ਉਸ ਕਉ ਡੂਬਤਾ"॥*
*ਗੁਨਹਗਾਰ ਲੂਣ ਹਰਾਮੀ ॥ ਪਾਹਣ ਨਾਵ ਨ ਪਾਰਿਗਰਾਮੀ ॥੩॥ (ਪੰ. ੭੩੯)*

*(2) ਜੋ ਪਾਥਰ ਕਉ ਕਹਿਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥*
*ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲਿ ਅਜਾਂਈ ਜਾਇ ॥੧॥*
*ਨਾ ਪਾਥਰੁ ਬੋਲੈ, ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥੧॥ (ਪੰਨਾ ੧੧੬੦)*

*(3) ਕਾਹੂ ਲੈ ਪਾਹਨੁ ਪੂਜਿ ਧਰਯੋ ਸਿਰਿ, ਕਾਹੂ ਲੈ ਲਿੰਗੁ ਗਰੇ ਲਟਕਾਇਓ॥......*
*ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੌ ਪੂਜਨ ਧਾਇਓ ॥*
*ਕੂਰ ਕ੍ਰਿਆ ਉਰਝਿਓ ਸਭਹੀ ਜਗੁ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੨੦॥੩੦॥ (ਅਕਾਲ ਉਤਤਤਿ)*

*(4) ਕਾਹੇ ਕੋ ਪੂਜਤ ਪਾਹਨ ਕੋ ਕਛੁ ਪਾਹਨ ਮੈ ਪਰਮੇਸਰ ਨਾਹੀਂ॥੧੯॥*
*ਫੋਕਟ ਧਰਮ ਭਯੋ ਫਲਹੀਨ ਜੁ ਪੂਜ ਸਿਲਾ ਜੁਗ ਕੋਟਿ ਗਵਾਈ ॥*
*ਸਿਧਿ ਕਹਾ ਸਿਲ ਕੇ ਪਰਸੇ, ਬਲ ਬ੍ਰਿਧਿ ਘਟੀ, ਨਵ ਨਿਧਿ ਨ ਪਾਈ ॥੨੦॥*
*ਜੌ ਜੁਗ ਤੈਂ ਕਰਹੈ ਤਪਸਾ ਕਛੁ ਤੋਹਿ ਪ੍ਰਸੰਨ ਨ ਪਾਹਨ ਕੈਹੈ ॥*
*ਹਾਥ ਉਠਾਇ ਭਲੀ ਬਿਧਿ ਸੋ, ਜੜ੍ਹ, ਤੋਹਿ ਕਛੂ ਬਰਦਾਨ ਨਾ ਦੈ ਹੈ ॥*
*ਕੌਨ ਭਰੋਸ ਭਯੋ ਤਿਹ ਕੋ, ਕਹੁ, ਭੀਰਪਰੀ ਨਹਿ ਆਨ ਬਚੈ ਹੈ ॥...॥*
*ਪਾਹਨ ਕਉ ਅਸਥਾਲਯ ਕੋ ਸਿਰ ਨਯਾਤ ਫਿਰਯੋ, ਕਛੁ ਹਾਥ ਨ ਆਯੋ*

*॥..॥੧੬ ॥ (ਸਵਈਏ)*

*(5) ਕਹਾਂ ਭਯੋ ਜੋ ਅਤਿ ਹਿਤ ਚਿਤ ਕਰਿ ਬਹੁ ਬਿਧਿ ਸਿਲਾ ਪੁਜਾਈ॥
ਪਾਨ ਥਕੇ ਪਾਹਨ ਕਹ ਪਰਸਤ, ਕਛੁ ਕਰਿ ਸਿਧਿ ਨ ਆਈ॥
ਅੱਛਤ ਧੂਪ ਦੀਪ ਅਰਪਤ ਹੈ, ਪਾਹਨ ਕਛੂ ਨ ਲੈਹੈ ॥
ਤਾਂ ਮੈ ਕਹਾ ਸਿਧਿ ਹੈ, ਰੇ ਜੜ੍ਹ, ਤੋਹਿ ਕਹਾਂ ਬਰ ਦੈ ਹੈ ॥
ਜੌ ਜੀਅ ਹੋਤ, ਦੇਤ ਕਛੁ ਤੁਹਿ ਕਰ, ਮਨ ਬਚ ਕਰਮ ਬਿਚਾਰ ॥
ਕੇਵਲ ਏਕ ਸਰਣ ਸੁਆਮੀ ਬਿਨ ਯੌ ਨਹਿ ਕਤਹਿ ਉਧਾਰ ॥*

*(ਦੇਵ ਗੰਧਾਰੀ ਪਾਤਿਸ਼ਾਹੀ ੧੦)*

*(6) ਪਾਇ ਪਰੋ ਪਰਮੇਸਰ ਕੇ, ਜੜ੍ਹ, ਪਾਹਨ ਮੈ ਪਰਮੇਸਰ ਨਾਹੀ ॥
(ਬਚਿਤ੍ਰ ਨਾਟਕ)*

*(7)* ਬਿਚਿਤ੍ਰ ਨਾਟਕ ਵਿਚ ਦਸਵੇਂ ਗੁਰੂ ਜੀ ਅਪਣੇ ਬਾਰੇ ਵੀ ਲਿਖਦੇ ਹਨ:
'ਪਖਾਣ ਪੂਜਹੋਂ ਨਹੀ'॥

*13 ਦੰਸਬਰ 1991*

# ਰਾਗ-ਮਾਲਾ

ਰਾਗ-ਮਾਲਾ ਦਾ ਅਰਥ ਹੈ - ਰਾਗਾਂ ਦੀ ਮਾਲਾ, ਰਾਗਾਂ ਦੀ ਲੜੀ, ਰਾਗਾਂ ਦੀ ਸੂਚੀ, ਰਾਗਾਂ ਦੀ ਲਿਸਟ। ਕਈ ਸੰਗੀਤ-ਆਚਾਰੀਆ ਹੋਏ ਹਨ ਜਿਨ੍ਹਾਂ ਨੇ ਆਪਣੇ ਆਪਣੇ ਤਰੀਕੇ ਨਾਲ ਰਾਗਾਂ ਦੀ ਵੰਡ ਕੀਤੀ ਹੈ, ਜੋ ਆਪੋ ਵਿੱਚ ਪੂਰੀ ਤਰ੍ਹਾਂ ਨਹੀਂ ਮਿਲਦੀ। ਹਰ ਤਰੀਕਾ ਜੁਦਾ ਜੁਦਾ ਮੱਤ ਅਖਵਾਂਦਾ ਹੈ, ਪ੍ਰਸਿੱਧ ਮੱਤ ਇਹ ਹਨ :-

**1. ਸ਼ਿਵ ਮੱਤ** : ਇਸ ਵਿੱਚ ਰਾਗ ਛੇ ਹੀ ਹਨ। ਸਿਰੀ ਰਾਗ ਪਹਿਲਾ ਹੈ, ਭੈਰਵ ਤੇ ਮੇਘ ਰਾਗ ਵੀ ਹਨ, ਪਰ ਤਿੰਨ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਅੰਤਲੀ ਰਾਗ-ਮਾਲਾ ਨਾਲ ਨਹੀਂ ਮਿਲਦੇ। ਹਰੇਕ ਰਾਗ ਦੀਆਂ ਸਿਰਫ਼ ਵਹੁਟੀਆਂ ਹੀ ਦਿੱਤੀਆਂ ਹੋਈਆਂ ਹਨ ਤੇ ਦਿੱਤੀਆਂ ਵੀ ਛੇ ਛੇ ਹਨ। ਇਸ ਮੱਤ ਦੀਆਂ ਦੋ ਰਾਗ-ਮਾਲਾਂ ਹਨ, ਪਰ ਉਹ ਵੀ ਆਪੋ ਵਿੱਚ ਨਹੀਂ ਮਿਲਦੀਆਂ।

**2. ਕਾਲੀ ਨਾਥ ਮੱਤ ਜਾਂ ਕ੍ਰਿਸ਼ਨ ਮੱਤ** : ਇਸ ਮੱਤ ਦੀ ਇਕ ਰਾਗ - ਮਾਲਾ ਹੈ। ਇਸ ਦੇ ਛੇ ਰਾਗ ਤਾਂ ਸ਼ਿਵ ਮੱਤ ਅਨੁਸਾਰ ਹੀ ਹਨ, ਵਹੁਟੀਆਂ ਵੀ ਹਰਿਕ ਦੀਆਂ ਛੇ ਛੇ ਹਨ, ਪਰ ਸਾਰੀਆਂ ਦੇ ਨਾਉਂ ਸ਼ਿਵ ਮੱਤ ਵਾਲੀਆਂ ਨਾਲ ਨਹੀਂ ਮਿਲਦੇ।

**3. ਭਰਤ ਮੱਤ** : ਬੈਜੂ ਬਾਵਰਾ ( ਬੈਜ ਨਾਥ ਬਾਵਰਾ) ਤੇ ਤਾਨ ਸੈਨ ਇਸ ਮੱਤ ਦੇ ਮਸ਼ਹੂਰ ਗਾਇਕ ਤੇ ਵਜੰਤ੍ਰੀ ਸਨ। ਇਸ ਮੱਤ ਦੀ ਵੀ ਇਕ ਰਾਗ-ਮਾਲਾ ਹੈ। ਛੇ ਰਾਗਾਂ ਦਾ ਕ੍ਰਮ ( ਤਰਤੀਬ) ਤੇ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਅੰਤਲੀ ਰਾਗ-ਮਾਲਾ ਵਾਲੇ ਹੀ ਹਨ, ਹਰਿਕ ਦੀਆਂ ਵਹੁਟੀਆਂ ਵੀ ਪੰਜ ਪੰਜ ਹਨ ਅਤੇ ਪੁੱਤ ਵੀ ਅੱਠ ਅੱਠ ਹਨ, ਪਰ ਕਈ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਅੰਤਲੀ ਰਾਗ-ਮਾਲਾ ਤੋਂ ਵੱਖਰੇ ਹਨ। ਵਾਧਾ ਇਹ ਹੈ ਕਿ ਹਰਿਕ ਰਾਗ ਦੀਆਂ ਅੱਠ ਅੱਠ ਨੂੰਹਾਂ ਵੀ ਦਿੱਤੀਆਂ ਹੋਈਆਂ ਹਨ।

**4. ਹਨੂਮਾਨ ਮੱਤ** : ਇਸ ਮੱਤ ਦੀਆਂ ਪੰਜ ਰਾਗ-ਮਾਲਾਂ ਹਨ। ਛੇ ਰਾਗਾਂ ਦਾ ਕ੍ਰਮ ( ਤਰਤੀਬ ) ਤੇ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅੰਤਲੀ ਰਾਗ-ਮਾਲਾ ਵਾਲੇ ਹੀ ਹਨ, ਹਰਿਕ ਰਾਗ ਦੀਆਂ ਵਹੁਟੀਆਂ ਵੀ ਪੰਜ ਪੰਜ ਤੇ ਪੁੱਤ ਵੀ ਅੱਠ ਅੱਠ ਹੀ ਹਨ, ਪਰ ਕਈ ਨਾਉਂ ਉਸ ਤੋਂ ਵੱਖਰੇ ਹਨ। ਇਕ ਰਾਗ-ਮਾਲਾ ਵਿੱਚ ਅੱਠ ਅੱਠ ਨੂੰਹਾਂ ਵੀ ਦਿੱਤੀਆਂ ਹੋਈਆਂ ਹਨ, ਬਲਕਿ ਇਸ ਵਿੱਚ ਸਿਰੀ ਰਾਗ ਦੇ ਪੁੱਤ ਤੇ ਨੂੰਹਾਂ ਨੌਂ ਨੌਂ ਹਨ। ਇਕ ਦੂਜੀ ਰਾਗ-ਮਾਲਾ ਵਿੱਚ ਭੈਰਵ ਦੀਆਂ ਤਿੰਨ, ਮੇਘ ਰਾਗ ਦੀਆਂ ਸੱਤ ਤੇ ਬਾਕੀ ਰਾਗਾਂ ਦੀਆਂ ਪੰਜ ਪੰਜ ਧੀਆਂ ਵੀ ਦਿੱਤੀਆਂ ਹੋਈਆਂ ਹਨ, ਨਾਲੇ ਦੋਹਤੇ ਪੋਤ੍ਰੇ ਵੀ ਦਿੱਤੇ ਹੋਏ ਹਨ।

**5. ਸਿੱਧ ਸਾਰਸਵੱਤ ਮੱਤ** : ਇਸ ਦੀ ਇਕ ਰਾਗ-ਮਾਲਾ ਹੈ, ਜਿਸ ਵਿੱਚ ਸੱਤ ਰਾਗ ਹਨ, ਜਿਨ੍ਹਾਂ ਵਿੱਚ ਬਸੰਤ ਰਾਗ ਵੀ ਸੱਤਵੇਂ ਨੰਬਰ ਤੇ ਗਿਣਿਆ ਗਿਆ ਹੈ। ਪਹਿਲੇ ਛੇ ਰਾਗਾਂ ਦੀ ਤਰਤੀਬ ਤੇ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਅੰਤਲੀ ਰਾਗ-ਮਾਲਾ ਵਾਲੇ ਹੀ ਹਨ। ਹਰਿਕ ਦੀਆਂ ਪੰਜ ਪੰਜ ਹੀ ਵਹੁਟੀਆਂ ਹਨ। ਹਾਂ, ਬਸੰਤ ਰਾਗ ਦੀਆਂ ਸੱਤ ਹਨ। ਸਾਰੇ ਰਾਗਾਂ ਦੀਆਂ ਵਹੁਟੀਆਂ ਦੇ ਕਈ ਨਾਉਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਅੰਤਲੀ ਰਾਗ-ਮਾਲਾ ਨਾਲੋਂ ਵੱਖਰੇ ਹਨ।

**6. ਰਾਗਾਰਣਵ ਮੱਤ** : ਇਸ ਦੀ ਇਕ ਰਾਗ-ਮਾਲਾ ਹੈ, ਰਾਗ ਤਾਂ ਛੇ ਹੀ ਹਨ ਪਰ ਭੈਰਵ ਤੇ ਮਾਲ- ਕੌਂਸ ਤੋਂ ਬਿਨਾਂ ਚਾਰ ਰਾਗ ਹੋਰ ਸਾਰੇ ਮੱਤਾਂ ਦੀਆਂ ਰਾਗ-ਮਾਲਾਂ ਨਾਲੋਂ ਜੁਦਾ ਹਨ। ਵਹੁਟੀਆਂ ਹਰਿਕ ਦੀਆਂ ਪੰਜ ਪੰਜ ਹੀ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅੰਤਲੀ ਰਾਗ-ਮਾਲਾ ਨਾਲੋਂ ਵੱਖਰੀਆਂ ਹਨ।

ਸੰਗੀਤ ਮੱਤ ਤਾਂ ਹੋਰ ਵੀ ਹਨ, ਜਿਵੇਂ ਸੋਮਨਾਥ ਮੱਤ, ਮਤੰਗ ਮੱਤ, ਪਾਸਟਿਕ ਮੱਤ, ਸਾਰੰਗ ਦੇਵ ਮੱਤ, ਕਸ਼ਿਅਪ ਮੱਤ, ਭਾਵ ਭੱਟ ਮੱਤ ਤੇ ਸੰਗੀਤ ਰਤਨਾਕਰ ਮੱਤ ਆਦਿਕ। ਪਰ ਇਨ੍ਹਾਂ ਦੀਆਂ ਰਾਗ-ਮਾਲਾਂ ਦੀ ਵੰਡ ਗਭਰੂਆਂ, ਵਹੁਟੀਆਂ, ਪੁੱਤਾਂ, ਧੀਆਂ, ਨੂੰਹਾਂ, ਪੋਤਰਿਆਂ ਤੇ ਦੋਹਤਰਿਆਂ ਅਨੁਸਾਰ ਨਹੀਂ। ਕਿਸੇ ਨੇ ਸੰਪੂਰਨ, ਖੌੜਵ ਤੇ ਔਡਵ ਅਨੁਸਾਰ ਵੰਡ ਕੀਤੀ ਹੈ। ਕਿਸੇ ਨੇ ਭਾਖਾਂਗ, ਕ੍ਰਿਆਂਗ, ਉਪਾਂਗ, ਦੇਸੀ ਤੇ ਮਾਰਗੀ ਅਨੁਸਾਰ। ਕਿਸੇ ਨੇ ਗ੍ਰਾਮ, ਉਪਰਾਗ, ਬਿਭਾਖਾ ਰਾਗ, ਸ਼ੁੱਧ ਛਾਯਾ ਲਗਾ, ਸੰਕੀਰਣ ਅਨੁਸਾਰ। ਬਹੁਤ ਰਾਗ-ਮਾਲਾਂ ਹਨ, ਪਰ ਉਹ ਆਪੋ ਵਿੱਚ ਮਿਲਦੀਆਂ ਨਹੀਂ।

ਉਪਰਲੀ ਵਿਚਾਰ ਤੋਂ ਪਤਾ ਲਗਦਾ ਹੈ ਕਿ ਸੰਗੀਤ ਦੀਆਂ ਰਾਗ-ਮਾਲਾਂ ਜੁਦਾ ਜੁਦਾ ਹਨ। ਇਕ ਰਾਗ-ਮਾਲਾ ਵਿੱਚ ਜੋ ਕਿਸੇ ਰਾਗ ਦੀ ਵਹੁਟੀ ਹੈ, ਉਹੀ ਕਿਸੇਂ ਦੂਜੀ ਰਾਗ-ਮਾਲਾ ਵਿੱਚ ਕਿਸੇ ਹੋਰ ਰਾਗ ਦਾ ਪੁੱਤ ਹੈ, ਉਹੀ ਕਿਸੇ ਤੀਜੀ ਰਾਗ-ਮਾਲਾ ਵਿੱਚ ਕਿਸੇ ਹੋਰ ਰਾਗ ਦੀ ਧੀ ਹੈ, ਉਹੀ ਕਿਸੇ ਚੌਥੀ ਰਾਗ-ਮਾਲਾ ਵਿੱਚ ਕਿਸੇ ਹੋਰ ਰਾਗ ਦੀ ਨੂੰਹ ਹੈ, ਉਹੀ ਕਿਸੇ ਪੰਜਵੀਂ ਰਾਗ-ਮਾਲਾ ਵਿੱਚ ਕਿਸੇ ਹੋਰ ਰਾਗ ਦਾ ਪੋਤਰਾ ਹੈ ਅਤੇ ਉਹੀ ਕਿਸੇ ਛੇਵੀਂ ਰਾਗ-ਮਾਲਾ ਵਿੱਚ ਕਿਸੇ ਹੋਰ ਰਾਗ ਦਾ ਦੋਹਤਾ ਹੈ। ਸੋ ਇਹ ਰਾਗ-ਮਾਲਾ ਸਿਰਫ਼ ਸੰਗੀਤਕਾਰਾਂ ਦੀ ਸੁਵਿਧਾ ਲਈ ਹੀ ਹਨ ਅਤੇ ਇਨ੍ਹਾਂ ਤੋਂ ਇਹੀ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਸੁਰ-ਪਰਿਵਰਤਣ ਨਾਲ ਅੱਗੇ ਤੋਂ ਅੱਗੇ ਰਾਗ ਬਣਦੇ ਹਨ ਅਤੇ ਕਿਵੇਂ ਮਿਲਦੀਆਂ ਸੁਰਾਂ ਵਾਲੇ ਰਾਗ ਇਕ ਪਰਿਵਾਰ ਦੇ ਮੰਨੇ ਗਏ ਹਨ ਪਰ ਆਪਣੇ ਆਪਣੇ ਜੁਦਾ ਜੁਦਾ ਤਰੀਕੇ ਨਾਲ।

ਰਾਗ ਜੀਵ ਨਹੀਂ ਹਨ ਕਿ ਇਨ੍ਹਾਂ ਵਿੱਚ ਪਤੀ, ਪਤਨੀਆਂ, ਪੁੱਤ, ਧੀਆਂ, ਨੂੰਹਾਂ, ਪੋਤਰੇ ਤੇ ਦੋਹਤਰੇ ਹੋਣ। ਰਾਗਾਂ ਦੇ ਸਰੂਪ ਤੇ ਭੇਸ ਸੰਗੀਤ ਆਚਾਰੀਆਂ ਦੀ ਮਨੋ-ਕਲਪਣਾ ਹੈ, ਉਹ ਵੀ ਜੁਦੀ ਜੁਦੀ । ਨਾਂ ਹੀ ਰਾਗਾਂ ਦੀ ਗਿਣਤੀ ਸਿਰਫ਼ 84 ਜਾਂ 132 ਜਾਂ 180 ਜਾਂ 228 ਜਾਂ 276 ਹੈ। ਇਹ ਤਾਂ ਸਦਾ ਵੱਧਦੀ ਆਈ ਹੈ ਅਤੇ ਵੱਧਦੀ ਰਹੇਗੀ। ਰਾਗ ਰਾਗਣੀਆਂ ਦੇ ਪਰਿਵਾਰਾਂ ਦਾ ਅੰਤ ਨਹੀਂ ਅਤੇ ਉਨ੍ਹਾਂ ਰਾਹੀਂ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰਣ ਵਾਲਿਆਂ ਦਾ ਅੰਤ ਨਹੀਂ।

*ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥* (ਰਹਿਰਾਸ)

ਆਈਏ, ਹੁਣ ਵੀਚਾਰ ਕਰੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅੰਤਲੀ ਰਾਗ-ਮਾਲਾ ਤੇ। ਮਾਧਵ-ਨਲ ਇਕ ਸੰਗੀਤਕਾਰ ਤੇ ਵਿਦਵਾਨ ਪੰਡਿਤ ਸੀ ਅਤੇ ਕਾਮ-ਕੰਦਲਾ ਇਕ ਸੰਗੀਤਕਾਰ-ਨਾਚੀ। ਇਨ੍ਹਾਂ ਦੀ ਪ੍ਰੇਮ ਕਹਾਣੀ ਮਨੋ-ਕਲਿਪਤ ਨਹੀਂ, ਇਤਿਹਾਸਕ ਹੈ। ਪੁਸ਼ਪਾ ਨਗਰੀ, ਜਿੱਥੇ ਰਾਜਾ ਗੋਬਿੰਦ ਚੰਦ ਰਾਜ ਕਰਦਾ ਸੀ, ਮੱਧ ਪ੍ਰਦੇਸ਼ ਵਿੱਚ ਸੀ। ਅੱਜਕਲ੍ਹ ਇਸ ਥਾਂ ਦਾ ਨਾਉਂ ਬਿਲਹਾਰੀ ਹੈ, ਜੋ ਕਟਨੀ ਰੇਲਵੇ ਸਟੇਸ਼ਨ ਤੋਂ 10 ਮੀਲ ਪੱਛਮ ਵੱਲ ਭਰਹੁਤ ਤੇ ਜੱਬਲ ਪੁਰ ਦੇ ਵਿਚਕਾਰ ਹੈ। ਇਹ ਰਾਜਾ ਸੰਨ 862 ਈ. ਵਿੱਚ ਹੋਇਆ ਹੈ। ਆਰਕਿਔਲੋਜੀਕਲ ਸਰਵੇ ਔਫ਼ ਇੰਡੀਆ ਦੀ ਰਿਪੋਰਟ ਨੰ: 9 ਤੇ 37 ਵਿੱਚ ਲਿਖਿਆ ਹੈ ਕਿ ਬਿਲਹਾਰੀ ਵਿੱਚ ਮਾਧਵਨਲ ਨੇ ਆਪਣੀ ਪ੍ਰੇਮਕਾ ਕਾਮ ਕੰਦਲਾ ਲਈ ਮਹਿਲ ਬਣਵਾਇਆ ਸੀ ਜਿਸ ਦੇ ਖੰਡਰ ਹਾਲਾਂ ਵੀ ਉਥੇ ਮਿਲਦੇ ਹਨ। ਇਕ ਰਿਪੋਰਟ ਵਿੱਚ ਕਾਮ ਕੰਦਲਾ ਦੇ ਮੰਦਰ ਦੀ ਤਸਵੀਰ ਵੀ ਦਿੱਤੀ ਹੋਈ ਹੈ। ਇਹ ਪ੍ਰੇਮੀ, ਰਾਜਾ ਗੋਬਿੰਦ ਚੰਦ ਦੇ ਸਮੇਂ ਹੋਏ ਹਨ।

ਕਥਾ ਅਨੁਸਾਰ ਕਾਮ ਕੰਦਲਾ 84 ਰਾਗ ਗਾਇਆ ਕਰਦੀ ਸੀ। ਇਨ੍ਹਾਂ ਪ੍ਰੇਮੀਆਂ ਦਾ ਪ੍ਰੇਮ-ਕਿੱਸਾ ਆਲਿਮ ਕਵੀ ਨੇ, ਜੋ ਮੁਸਲਮਾਨ ਸੀ, ਪੁਰਾਣੀਆਂ ਲਿਖਤਾਂ ਦੇ ਆਧਾਰ ਤੇ ਹਿੰਦੀ ਵਿੱਚ ਸੰਨ ਹਿਜਰੀ 991 ਭਾਵ ਸੰਮਤ ਬਿਕ੍ਰਮੀ 1640 ਤੇ ਸੰਨ ਈਸਵੀ 1583 ਵਿੱਚ ਲਿਖਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਝਣ ਤੋਂ 21 ਸਾਲ ਪਹਿਲਾ। ਉਨ੍ਹਾਂ 84 ਰਾਗਾਂ ਦੀ ਰਾਗ-ਮਾਲਾ ਹੀ ਮਾਧਵਨਲ ਤੇ ਕਾਮ ਕੰਦਲਾ ਗ੍ਰੰਥ ਵਿੱਚ ਹੈ।

ਅਪਣੀ ਰਚਨਾ ਵਿੱਚ ਕਵੀ ਆਲਿਮ ਨੇ ਲਿਖਿਆ ਹੈ :-

*'ਸੰਮਤ ਨੌਂ ਸੌ ਏਕਾਨਵਾ ਆਹੀਂ'।*

ਆਲਿਮ ਕਵੀ ਇਹ ਵੀ ਲਿਖਦਾ ਹੈ

*ਕਛੁ ਆਪਨ ਕਛੁ ਪਰ-ਕ੍ਰਿਤ ਜੋਰੋਂ। ਯਥਾ ਸ਼ਕਤਿ ਕਰਿ ਅੱਛਰ ਜੋਰੋਂ।*
*ਕਥਾ ਸਹਸਕ੍ਰਿਤ ਸੁਨ ਕਛੁ ਥੋਰੀ। ਭਾਖਾ ਬਾਂਧਿ ਚੌਪਈ ਜੋਰੀ।*

ਹਿੰਦੀ ਰਚਨਾ ਦੇ ਗੁਰਮੁਖੀ ਲਿਪੀ ਵਿੱਚ ਹੋਏ ਉਤਾਰੇ ਹਿੰਦੀ ਨਾਲੋਂ ਕੁੱਝ ਫਰਕ ਪਾ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਅੰਤਲੀ ਰਾਗ-ਮਾਲਾ ਆਲਿਮ ਕਵੀ ਦੀ ਮਾਧਵਨਲ ਤੇ ਕਾਮਕੰਦਲਾ ਵਾਲੀ ਰਾਗ-ਮਾਲਾ ਨਾਲ ਭਾਵੇਂ ਪੂਰੀ ਤਰ੍ਹਾਂ ਨਹੀਂ ਮਿਲਦੀ, ਪਰ ਬਹੁਤ ਜ਼ਿਆਦਾ ਮਿਲਦੀ ਹੈ। ਹਿੰਦੀ ਨੁਸਖ਼ੇ ਵਿੱਚ ਨਾਵਾਂ ਦਾ ਫ਼ਰਕ ਹੈ ਜਿਵੇਂ 'ਅਸਲੇਖੀ' ਦੀ ਥਾਂ 'ਆਸਾਲੋਭੀ' ਤੇ 'ਚੰਦ੍ਰ ਬਿੰਬ ' ਦੀ ਥਾਂ 'ਚੰਦਰਗ੍ਰਸਨ'; 'ਵਿਹੰਗ' ਤੇ 'ਹਰਯਾਵਲ' ਆਦਿਕ ਨਵੇਂ ਨਾਉਂ ਵੀ ਹਨ।

ਸੱਭ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤਲੇ ਸਮੇਂ ਵਿੱਚ ਲਿਖਿਆ, 'ਰਾਗ-ਮਾਲਾ ਸ੍ਰੀ ਗੁਰੂ ਕ੍ਰਿਤ ਨਹਿ'। ਭਾਈ ਕਾਨ੍ਹ ਸਿੰਘ ਜੀ ਨਾਭਾ, ਪੰਡਿਤ ਤਾਰਾ ਸਿੰਘ ਜੀ ਨਰੋਤਮ, ਗਿਆਨੀ ਗਿਆਨ ਸਿੰਘ ਜੀ, ਭਾਈ ਰਣਧੀਰ ਸਿੰਘ ਜੀ ਤੇ ਡਾ. ਸਾਹਿਬ ਸਿੰਘ ਜੀ ਵੀ ਇਹ ਨਿਸ਼ਚਾ ਰੱਖਦੇ ਸਨ।

ਅੱਗੇ ਚਲਣ ਤੋਂ ਪਹਿਲਾਂ ਇਕ ਵਿਦਵਾਨ ਸੰਤ ਜੀ ਦੇ ਰਾਗ-ਮਾਲਾ ਅਤੇ ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਕੁੱਝ ਭੁਲੇਖਿਆਂ ਤੇ ਸੰਖੇਪ ਵਿਚਾਰ ਕਰਨੀ ਵੀ ਜ਼ਰੂਰੀ ਹੈ :-

*1. ਜੇ ਆਲਿਮ ਕਵੀ ਮੁਸਲਮਾਨ ਸੀ ਤਾਂ ਉਸ ਨੇ ਹਿੰਦੂ ਰੀਤੀ ਨਾਲ ਮੰਗਲ ਕਿਉਂ* ਕੀਤਾ?

*ਉ:* ਹਿੰਦੂ ਰੀਤੀ ਨਾਲ ਮੰਗਲ ਕਰਨਾ ਇਕ ਮੁਸਲਮਾਨ ਕਵੀ ਲਈ ਵੀ ਕੋਈ ਗੁਨਾਹ ਨਹੀਂ ਇਹ ਉਸ ਦੀ ਆਪਣੀ ਮਰਜ਼ੀ ਹੈ। ਇਸ ਤੋਂ ਅੱਗੇ ਉਸ ਨੇ ਮੁਸਲਿਮ ਰੀਤੀ ਨਾਲ ਵੀ ਕੀਤਾ ਹੈ।

*2. ਅਕਬਰ ਦੇ ਅਹਿਲਕਾਰਾਂ ਵਿੱਚ ਆਲਿਮ ਕਵੀ ਦਾ ਨਾ ਨਿਸ਼ਾਨ ਨਹੀਂ।*

*ਉ:* ਆਲਿਮ ਕਵੀ ਅਕਬਰ ਦਾ ਅਹਿਲਕਾਰ ਨਹੀਂ ਸੀ, ਜ਼ਰੂਰੀ ਨਹੀਂ ਕਿ ਹਰਿਕ ਕਵੀ ਅਕਬਰ ਦਾ ਦਰਬਾਰੀ ਹੋਵੇ ਜਾਂ ਹਰਿਕ ਕਵੀ ਨੂੰ ਅਕਬਰ ਜਾਣਦਾ ਹੋਵੇ।

*3. ਆਲਿਮ ਕਵੀ ਸ਼ਾਹ ਜਹਾਨ ਦੇ ਪੁੱਤ ਸ਼ਹਿਜ਼ਾਦਾ ਮੁਅੱਜ਼ਿਮ ਦਾ ਦਰਬਾਰੀ ਹੋਇਆ ਹੈ।*

*ਉ:* ਸ਼ਾਹਿਜ਼ਾਦਾ ਮੁਅੱਜ਼ਿਮ, ਜੋ ਔਰੰਗਜ਼ੇਬ ਦੀ ਮੌਤ ਪਿੱਛੋਂ ਬਹਾਦਰ ਸ਼ਾਹ ਬਣਿਆ, ਦੇ ਸਮੇਂ ਆਲਿਮ ਕਵੀ ਹੋਰ ਹੋਇਆ ਹੈ। ਇਹੋ ਆਲਿਮ ਕਵੀ ਹੀ ਦਸਮੇਸ਼ ਜੀ ਦਾ ਸਮਕਾਲੀ ਸੀ। (ਦੇਖੋ ਪੰਨਾ 7 - 32 ਮਾਧਵਨਲ ਕਾਮਕੰਦਲਾ ਕ੍ਰਿਤ ਕਵੀ ਆਲਿਮ ਤੇ ਰਾਗਮਾਲਾ ਨਿਰਣਯ-ਪੜਚੋਲ- ਸੰਪਾਦਕ ਸ਼ਮਸ਼ੇਰ ਸਿੰਘ 'ਅਸ਼ੋਕ', ਰੀਸਰਚ ਸਕੌਲਰ, ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਇਹ ਜਾਣਕਾਰੀ ਨਾਗਰੀ ਪ੍ਰਚਾਰਿਣੀ ਸਭਾ ਬਨਾਰਸ ਦੀਆਂ ਸੰਨ 1904, ਸੰਨ 1906, ਸੰਨ 1907, ਸੰਨ 1908, ਸੰਨ 1909, ਸੰਨ 1923, ਸੰਨ 1924, ਸੰਨ 1925 ਤੇ ਸੰਨ 1944 ਦੀਆਂ ਰਿਪੋਰਟਾਂ ਤੇ ਆਧਾਰਿਤ ਹੈ।

*4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 51 ਮਹਾਂ ਪੁਰਸ਼ਾਂ ਦੀ ਬਾਣੀ ਹੈ।*

*ਉ:* ਇਹ ਗਲ ਸਰਾਸਰ ਗਲਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ, ਨੌਵੀਂ ਪਾਤਸ਼ਾਹੀ, ਬਲਵੰਡ ਸੱਤਾ, ਬਾਬਾ ਸੁੰਦਰ ਜੀ, 15 ਭਗਤਾਂ ਅਤੇ 11 ਭੱਟਾਂ ਦੀ ਬਾਣੀ ਹੈ, ਭਾਵ 35 ਮਹਾਂ ਪੁਰਸ਼ਾਂ ਦੀ। ਛੇਵੇਂ ਪਾਤਸ਼ਾਹ, ਗੋਰਖ, ਭਰਥਰਿ, ਚੌਪੀ ਚੰਦ, ਸੰਮਨ ਅਤੇ ਮੂਸਨ ਆਦਿ ਕਿਸੇ ਦੀ ਬਾਣੀ ਨਹੀਂ। ਬਲਕਿ ਖੋਜੀ ਲੋਕ ਤਾਂ ਇਹ ਜਾਣਦੇ ਹਨ ਕਿ ਸੰਮਨ ਤੇ ਮੂਸਨ ਕੋਈ ਹੋਏ ਹੀ ਨਹੀਂ।

*5. ਨੌਵੇਂ ਗੁਰੂ ਜੀ ਦੀ ਬਾਣੀ ਚਾੜ੍ਹਨ ਵਾਸਤੇ ਪੰਚਮ ਪਾਤਸ਼ਾਹ ਨੇ ਲੋੜ ਅਨੁਸਾਰ* ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੋਰੇ ਪੱਤਰੇ ਰੱਖ ਲਏ।

*ਉ:* ਇਹ ਗਲ ਗਲਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਦਿਆਂ ਭਾਈ ਗੁਰਦਾਸ ਜੀ ਪੰਜਵੀਂ ਪਾਤਸ਼ਾਹੀ ਦੀ ਆਗਿਆ ਅਨੁਸਾਰ ਗਿਣਤੀ ਦੇ ਪੱਤ੍ਰਿਆਂ ਦੀਆਂ ਸੰਚੀਆਂ (ਜੁਜ਼) ਲੈਂਦੇ ਸਨ। ਕਿਸੇ ਰਾਗ ਦੇ ਖਤਮ ਹੋਣ ਤੇ ਕਿਸੇ ਲਿਖੀ ਜਾ ਰਹੀ ਸੰਚੀ ਦੇ ਜਿੰਨੇ ਪੱਤਰੇ ਬਚ ਰਹਿੰਦੇ ਸਨ, ਉਹ ਖਾਲੀ ਰਹਿਣ ਦਿੱਤੇ ਜਾਂਦੇ ਸਨ ਅਤੇ ਅਗਲਾ ਰਾਗ ਨਵੀਂ ਸੰਚੀ ਤੋਂ ਆਰੰਭ ਕੀਤਾ ਜਾਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਜ ਕਲ੍ਹ

ਵਰਗੇ ਪੰਨੇ ਨਹੀਂ ਸਨ। ਆਮੋ ਸਾਮ੍ਹਣੇ ਦੇ ਦੋ ਪੰਨਿਆਂ ਤੇ ਇੱਕੋ ਅੰਕ ਪਾਇਆ ਜਾਂਦਾ ਸੀ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 974 ਪੱਤਰਿਆਂ ਵਿੱਚੋਂ 293 ਪੱਤ੍ਰੇ ਖਾਲੀ ਸਨ। ਅੱਜ ਕਲ੍ਹ ਦੇ ਹਿਸਾਬ ਨਾਲ 1948 ਪੰਨਿਆਂ ਵਿੱਚੋਂ 586 ਪੰਨੇ ਖਾਲੀ ਸਨ। ਲਿੱਖੇ ਹੋਏ ਪੱਤਰੇ ਸਿਰਫ਼ 681 ਸਨ ਜਾਂ ਅੱਜ ਕਲ ਦੇ ਹਿਸਾਬ ਨਾਲ 1362 ਪੰਨੇ।

*6. ਭਾਈ ਚੌਪਾ ਸਿੰਘ ਜੀ ਆਪਣੇ ਰਹਿਤਨਾਮੇ ਵਿੱਚ ਲਿਖਦੇ ਹਨ ਕਿ ਭੋਗ "ਸਿਆਹੀ ਕੀ ਵਿਧੀ" ਪੜ੍ਹ ਕੇ ਪਾਉ।*

ਉ: ਇਹ ਗਲ ਬਿਲਕੁਲ ਗਲਤ ਹੈ। ਉਹ ਲਿਖਦੇ ਹਨ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਸ਼ਲੋਕਾਂ ਪਰ ਪਾਵੇ।"

*7. ਸੰਨ ਹਿਜਰੀ 991 ਵਿੱਚ ਸੰਮਤ ਬਿਕ੍ਰਮੀ 1630 ਸੀ, 1640 ਨਹੀਂ ਸੀ।*

ਉ: ਸੰਨ ਹਿਜਰੀ 991 ਵਿੱਚ ਸੰਮਤ 1640 ਹੀ ਸੀ, 1630 ਨਹੀਂ ਸੀ। ਹਿਜਰੀ ਸਾਲ ਹਿਜਰੀ ਸਾਲਾਂ ਵਿੱਚੋਂ ਤਾਂ ਕੱਢੇ ਜਾ ਸਕਦੇ ਹਨ, ਪਰ ਬਿਕ੍ਰਮੀ ਸਾਲਾਂ ਵਿੱਚੋਂ ਹਿਜਰੀ ਸਾਲ ਨਹੀਂ ਕੱਢੇ ਜਾਂਦੇ। ਉਨ੍ਹਾਂ ਨੂੰ ਬਿਕ੍ਰਮੀ ਸਾਲਾਂ ਵਿੱਚ ਬਦਲ ਕੇ ਕੱਢਿਆ ਜਾਂਦਾ ਹੈ।

*8. ਭਾਈ ਸੰਤੋਖ ਸਿੰਘ ਜੀ ਨੂੰ ਭਰਮਾ ਦਿੱਤਾ ਗਿਆ ਇਸ ਲਈ ਉਨ੍ਹਾਂ ਰਾਗ-ਮਾਲਾ ਦਾ ਖੰਡਨ ਕੀਤਾ।*

ਉ: ਇਸ ਗੱਲ ਦਾ ਕੋਈ ਸਬੂਤ ਨਹੀਂ, ਸੋ ਗਲਤ ਹੈ।

*9. ਸੰਤ ਭਾਈ ਸੋਭਾ ਸਿੰਘ, ਅੰਮ੍ਰਿਤਸਰ, ਜੋ ਭਾਈ ਸੰਤੋਖ ਸਿੰਘ ਜੀ ਦਾ ਸਮਕਾਲੀ ਸੀ, ਨੇ ਰਾਗ-ਮਾਲਾ ਦਾ ਖੰਡਨ ਕੀਤਾ ਤਾਂ ਉਸ ਦੀ ਜ਼ਬਾਨ ਬੰਦ ਹੋ ਗਈ ਤੇ ਕੋੜ੍ਹ ਹੋ ਗਿਆ। ਭਾਈ ਤਾਰਾ ਸਿੰਘ ਨਰੋਤਮ ਨੇ ਰਾਗ-ਮਾਲਾ ਦਾ ਖੰਡਨ ਕੀਤਾ ਤਾਂ ਉਨ੍ਹਾਂ ਦੀ ਜ਼ਬਾਨ ਬੰਦ ਹੋ ਗਈ।*

ਉ: ਇਹ ਗੱਲ ਗਲਤ ਹੈ। ਜ਼ਬਾਨ ਕਿਸੇ ਦੀ ਵੀ ਬੰਦ ਹੋ ਸਕਦੀ ਹੈ, ਕੋੜ੍ਹ ਕਿਸੇ ਨੂੰ ਵੀ ਹੋ ਸਕਦਾ ਹੈ। ਇਕ ਮਿਤ੍ਰ ਨੂੰ, ਕੁੱਝ ਸਾਲ ਹੋਏ, ਦਿਲ ਦਾ ਦੌਰਾ ਪੈ ਗਿਆ। ਇੱਕ ਦੋਖੀ ਨੇ ਗੱਲ ਉਡਾਈ, " ਦੇਖਿਆ ਇਹ ਰਾਗ-ਮਾਲਾ ਨਹੀਂ ਪੜ੍ਹਦਾ ਤਾਂ ਹੀ ਦਿਲ ਦਾ ਦੌਰਾ ਪਿਆ ਹੈ ।" ਪਿੱਛੇ ਜਿਹੇ ਉਸ ਦੋਖੀ ਨੂੰ ਵੀ ਦਿਲ ਦਾ ਦੌਰਾ ਪੈ ਗਿਆ, ਹਾਲਾਂ ਕਿ ਉਹ ਰਾਗ-ਮਾਲਾ ਸਦਾ ਪੜ੍ਹਦਾ ਸੀ। ਬੜਾ ਸ਼ਰਮਿੰਦਾ ਹੋਇਆ ਤੇ ਪਛੁਤਾਇਆ।

10. ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਲਿਖਿਆ ਹੈ:-

*ਰਾਗਨ ਕੀ ਬਿਨਤੀ ਸੁਨੀ ਗੁਰ ਅਰਜਨ ਸੁਖ-ਖਾਨ।*
*ਰਾਗ-ਮਾਲਾ ਤਬ ਹੀ ਰਚੀ ਭੋਗ ਤਾਂਹਿ ਪਰ ਠਾਨ।*

ਉ: ਲਿਖਾਰੀ ਨੇ ਇਹ ਗਲਤ ਲਿਖਿਆ ਹੈ। ਰਾਗ ਦੇਹ ਧਾਰੀ ਨਹੀਂ ਹੁੰਦੇ ਜੋ ਬੇਨਤੀ ਕਰ ਸਕਣ।

11 ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਲਿਖਿਆ ਹੈ:-

*ਲੈ ਆਗਿਆ ਸਭ ਕੀ ਤਬੈ ਬੁੱਢੈ ਪਾਇਓ ਭੋਗ।*
*ਰਾਗ-ਮਾਲਾ ਪੜ੍ਹ ਪ੍ਰੇਮ ਸੌਂ ਗੁਰੂ ਗ੍ਰੰਥ ਜੀ ਜੋਗ। 13 ।*

*ਹੋਰ: ਪਾਵੋ ਭੋਗ ਰਾਗ-ਮਾਲਾ ਪੜ੍ਹ। ਛਿਨ ਮਹਿ ਪਾਪ ਜਾਹਿੰ ਤੁਮਰੇ ਸੜ।*

ਉ: ਕਰਤਾ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਨੇ ਅਪਣੇ ਖਿਆਲ ਲਿਖੇ ਹਨ ਅਤੇ ਅਪਣੇ ਹੀ ਖਿਆਲ ਗੁਰੂ ਜੀ ਦੇ ਮੂੰਹੋਂ ਵੀ ਕੱਢਵਾ ਦਿੱਤੇ ਹਨ। ਇਹ ਸ੍ਰੀ ਮੁੱਖ ਵਾਕ ਨਹੀਂ, ਗੁਰੂ ਬਚਨ ਨਹੀਂ।

ਆਈਏ, ਮੁੜ ਅਪਣੇ ਵਿਸ਼ੇ ਵਲ।

"ਸਿਖ ਰਹਿਤ ਮਰਯਾਦਾ ਦੀ ਪਹਿਲੀ ਐਡੀਸ਼ਨ (1938) ਵਿੱਚ ਲਿਖਿਆ ਗਿਆ ਸੀ: 'ਭੋਗ ਮੁੰਦਾਵਣੀ ਤੇ ਪਾਇਆ ਜਾਵੇ, ਪਰ ਰਾਗ-ਮਾਲਾ ਨਾ ਪੜ੍ਹੀ ਜਾਵੇ, ਪਰ ਰਾਗ-ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ ਕਿਉਂਕਿ ਇਸ ਗੱਲ ਬਾਰੇ ਪੰਥ ਵਿੱਚ ਅਜੇ ਤਕ ਮਤ-ਭੇਦ ਹੈ।"

ਪਰ ਸੰਨ 1945 ਤੋਂ ਪਿੱਛੋਂ ਦੀਆਂ ਐਡੀਸ਼ਨਾਂ ਵਿੱਚ ਹੇਠ ਲਿਖੇ ਅਨੁਸਾਰ ਸੋਧ ਕਰ ਦਿੱਤੀ ਗਈ:

"ਭੋਗ ਮੁੰਦਾਵਣੀ ਉਤੇ ਜਾਂ ਰਾਗ-ਮਾਲਾ ਪੜ੍ਹ-ਕੇ ਸਥਾਨਿਕ ਰੀਤੀ ਅਨੁਸਾਰ ਪਾਇਆ ਜਾਵੇ। ਰਾਗ-ਮਾਲਾ ਬਾਰੇ ਅਜੇ ਤੱਕ ਪੰਥ ਵਿੱਚ ਮਤਭੇਦ ਹੈ, ਇਸ ਲ਼ਈ ਰਾਗ-ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾਂ ਕਰੇ।"

ਅਸਾਂ ਸਹਿਤਕ ਤੌਰ ਤੇ ਦੋ ਵਿਚਾਰਾਂ ਕਰਨੀਆਂ ਹਨ:-

(1) ਕੀ ਰਾਗ-ਮਾਲਾ ਗੁਰੂ ਕ੍ਰਿਤ ਹੈ?

(2) ਕੀ ਇਹ ਸਤਿਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਚੜ੍ਹਾਈ?

ਆਈਏ, ਪਹਿਲਾਂ ਰਾਗ-ਮਾਲਾ ਦਾ ਢਾਂਚਾ ਦੇਖੀਏ।

**ਰਾਗ-ਮਾਲਾ ਦਾ ਢਾਂਚਾ**

(ਚੌਪਈ) ਛੇ ਰਾਗ, ਹਰਿਕ ਦੀਆਂ ਪੰਜ ਪੰਜ ਵਹੁਟੀਆਂ ਤੇ ਅੱਠ ਅੱਠ ਪੁੱਤਰ।

***1. ਭੈਰਉ ਰਾਗ***

ਵਹੁਟੀਆਂ—ਭੈਰਵੀ, ਬਿਲਾਵਲੀ, ਪੁੰਨਿਆਕੀ, ਬੰਗਲੀ, ਅਸਲੇਖੀ।

ਪੁੱਤਰ—ਪੰਚਮ, ਹਰਖ, ਦਿਸਾਖ, ਬੰਗਾਲਮ, ਮਧੁ, ਮਾਧਵ। ੧ ।

(ਦੋਹਿਰਾ) ਲਲਤ, ਬਿਲਾਵਲ ।੧ ।

***2. ਮਾਲ-ਕਉਸਕ***

(ਚੌਪਈ) ਵਹੁਟੀਆਂ—ਗੋਂਡਕਰੀ, ਦੇਵਗੰਧਾਰੀ, ਗੰਧਾਰੀ, ਸੀਹੁਤੀ, ਧਨਾਸਰੀ।

ਪੁੱਤਰ—ਮਾਰੂ, ਮਸਤ-ਅੰਗ, ਮੇਵਾਰਾ, ਪ੍ਰਬਲ ਚੰਡ, ਕਉਸਕ, ਉਭਾਰਾ, ਖਉਖਟ, ਭਉਰਾਨਦ ।੧ ।

***3. ਹਿੰਡੋਲ***

(ਸੋਰਠਾ) ਪੰਜ ਵਹੁਟੀਆਂ, ਅੱਠ ਪੁੱਤਰ।

(ਚੌਪਈ) ਵਹੁਟੀਆਂ - ਤੇਲੰਗੀ, ਦੇਵਕਰੀ, ਬਸੰਤੀ, ਸੰਦੂਰ, ਸਹਸ ਅਹੀਰੀ।

ਪੁੱਤਰ—ਸੁਰਮਾਨੰਦ, ਭਾਸਕਰ, ਚੰਦਰ ਬਿੰਬ, ਮੰਗਲਨ, ਸਰਸਬਾਨ, ਬਿਨੋਦਾ,

ਬਸੰਤ, ਕਮੋਦਾ।

*4. ਦੀਪਕ* ।੧ ।

(ਦੋਹਿਰਾ)—ਵਹੁਟੀਆਂ - ਕਛੇਲੀ, ਪਟਮੰਜਰੀ, ਟੋਡੀ, ਕਾਮੋਦੀ, ਗੂਜਰੀ।

ਪੁੱਤਰ—ਕਾਲੰਕਾ, ਕੁੰਤਲ, ਰਾਮਾ, ਕਮਲ ਕੁਸਮ, ਚੰਪਕ, ਗਉਰਾ, ਕਾਨਰਾ, ਕਲ੍ਯਾਨਾ ।੧ ।

*5. ਸਿਰੀਰਾਗ*

(ਚੌਪਈ)—ਵਹੁਟੀਆਂ - ਬੈਰਾਰੀ, ਕਰਨਾਟੀ, ਗਵਰੀ, ਆਸਾਵਰੀ, ਸਿੰਧਵੀ।੧ ।

(ਦੋਹਿਰਾ)—ਪੁੱਤਰ ਸਾਲੂ, ਸਾਰਗ, ਸਾਗਰਾ, ਗੋਂਡ, ਗੰਭੀਰ, ਗੁੰਡ, ਕੁੰਭ, ਹਮੀਰ ।੧ ।

*6. ਮੇਘ ਰਾਗ*

(ਚੌਪਈ)ਵਹੁਟੀਆਂ—ਸੋਰਠਿ, ਗੋਂਡ, ਮਲਾਰੀ, ਆਸਾ, ਸੂਹਉ ।੧ ।

(ਚੌਪਈ)ਪੁੱਤਰ—ਬੈਰਾਧਰ, ਗਜਧਰ, ਕੇਦਾਰਾ, ਜਬਲੀਧਰ, ਨਟ, ਜਲਧਾਰਾ, ਸੰਕਰ, ਸਿਆਮਾ ।੧ ।

(ਦੋਹਿਰਾ)—6 ਰਾਗ, 30 ਵਹੁਟੀਆਂ, 84 ਪੁੱਤਰ ।੧ ।੧ ।

ਹੁਣ ਆਈਏ, ਹੇਠ ਲਿਖੇ ਨੁਕਤੇ ਆਪਾ ਠੰਡੇ ਦਿਲ ਨਾਲ ਵਿਚਾਰੀਏ :-

(1) ਰਾਗ-ਮਾਲਾ ਸਿਰਫ਼ ਰਾਗਾਂ ਦੀ ਲਿਸਟ ਹੈ। ਇਸ ਵਿੱਚ ਆਤਮਿਕ ਗਿਆਨ ਦਾ ਭੋਰਾ ਵੀ ਨਹੀਂ। ਜਿਹੜੇ ਵਿਅਕਤੀ ਰਾਗ-ਮਾਲਾ ਦੇ ਤਥਾ-ਕਥਿਤ ਅੰਤ੍ਰੀਵ ਅਰਥ ਕਰਦੇ ਹਨ ਅਤੇ ਲਫ਼ਜ਼ਾਂ ਨੂੰ ਮਨ-ਮਰਜ਼ੀ ਨਾਲ ਤੋੜ ਮਰੋੜ ਕੇ ਇਸ ਤੋਂ ਆਤਮਿਕ ਗਿਆਨ ਦਾ ਉਪਦੇਸ਼ ਮੰਨਦੇ ਹਨ, ਉਹ ਅਰਥ ਵਿਆਕਰਣ ਅਨੁਸਾਰ ਕਤਈ ਠੀਕ ਨਹੀਂ ਮੰਨੇ ਜਾ ਸਕਦੇ। ਉਹ ਵਿਅਕਤੀ ਅੱਖਰਾਂ ਲਫ਼ਜ਼ਾਂ ਤੇ ਲਗਾਂ ਮਾਤ੍ਰਾਂ ਨੂੰ ਭੰਨ ਤੋੜ ਕੇ ਕੁੱਝ ਦਾ ਕੁੱਝ ਬਣਾ ਦਿੰਦੇ ਹਨ। ਉਹ ਵਿਆਕਰਣਿਕ ਨਿਯਮਾਂ ਦੀ ਜੱਖਣਾ ਪੁੱਟ ਕੇ ਅਰਥ ਦਾ ਅਨਰਥ ਕਰ ਦਿੰਦੇ ਹਨ ਅਤੇ ਪੱਲੇ ਕਿਸੇ ਦੇ ਕੁੱਝ ਨਹੀਂ ਪੈਂਦਾ, ਨਾ ਉਨ੍ਹਾਂ ਦੇ ਤੇ ਨਾ ਸ੍ਰੋਤਿਆਂ ਜਾਂ ਪਾਠਕਾਂ ਦੇ।

(2) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰਿਕ ਰਾਗ, ਉਸ ਦੀ ਵਹੁਟੀ, ਪੁੱਤ, ਧੀ, ਨੂੰਹ, ਪੋਤਰੇ,ਦੋਹਤਰੇ ਲਈ ਲਫ਼ਜ਼ "ਰਾਗ" ਵਰਤਿਆ ਹੈ ਜੋ ਪੁਲਿੰਗ ਇਕ ਵਚਨ ਹੈ। ਸੋ ਗੁਰੂ ਸਾਹਿਬਾਨ ਦੇ ਦ੍ਰਿਸ਼ਟੀ-ਕੋਣ ਤੋਂ ਰਾਗ ਤੇ ਰਾਗਣੀਆਂ ਦੀ ਵੰਡ ਕੋਈ ਮਹਾਨਤਾ ਨਹੀਂ ਰਖਦੀ। ਰਾਗ ਰਤਨ ਪਰਵਾਰ ਪਰੀਆਂ ਸਬਦ ਗਾਵਨ ਆਈਆ " ਦਾ ਭਾਵ ਇਹ ਹੈ ਕਿ ਸਤਿਗੁਰੂ ਦੇ ਮੇਲ ਨਾਲ ਮਨ ਨੂੰ ਅਕਹਿ ਆਨੰਦ ਹੋ ਰਿਹਾ ਹੈ ਅਤੇ ਮਨ ਸਹਿਜ ਅਵਸਥਾ ਵਿੱਚ ਲੀਨ ਹੋ ਕੇ ਇਉਂ ਸਿਫ਼ਤ ਸਲਾਹ ਕਰ ਰਿਹਾ ਹੈ ਵਾਹਿਗੁਰੂ ਦੀ ਕਿ ਮਾਨੋ ਸੋਹਣੀਆਂ ਰਾਗਣੀਆਂ, ਅਪਣੇ ਪਤੀਆਂ ਸੋਹਣੇ ਰਾਗਾਂ ਤੇ ਪਰਵਾਰਾਂ ਸਮੇਤ ਸਿਫ਼ਤ ਸਲਾਹ ਕਰਲ ਆਈਆਂ ਹੋਈਆਂ ਹਨ।

ਕਿਸੇ ਇੰਦਪੁਰੀ ਤੋਂ ਪਰੀਆਂ ਨਹੀਂ ਆਉਂਦੀਆਂ। ਗੁਰਸਿੱਖਾਂ ਲਈ ਇੰਦਰ, ਇੰਦਰਪੁਰੀ ਤੇ ਪਰੀਆਂ ਦੀ ਕੋਈ ਮਹਾਨਤਾ ਨਹੀਂ। ਰਾਗਾਂ ਦਾ ਕੋਈ ਭੌਤਿਕ ਸਰੀਰ

ਨਹੀਂ, ਸੋ ਉਨ੍ਹਾਂ ਨੂੰ ਹਿੰਦੂ, ਸਿੱਖ ਜਾਂ ਮੁਸਲਿਮ ਆਦਿਕ ਨਹੀਂ ਸਮਝਣਾ ਚਾਹੀਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨਹਦ ਸ਼ਬਦ, ਅਨਹਤ ਸ਼ਬਦ, ਅਨਾਹਤ ਸ਼ਬਦ, ਅਨਾਹਦ ਸ਼ਬਦ, ਅਨਹਤ ਨਾਦ, ਅਨਹਦ ਨਾਦ, ਅਨਹਦ ਬਾਣੀ, ਅਨਹਤ ਬਾਣੀ, ਅਨਾਹਦ ਬਾਣੀ ਜਾਂ ਪੰਚ ਸ਼ਬਦ ਦਾ ਜ਼ਿਕਰ ਆਉਂਦਾ ਹੈ। ਉਹ ਵੀ ਮਨ ਦੀ ਵਿਸਮਾਦ ਅਵਸਥਾ ਪ੍ਰਗਟ ਕਰਨ ਲਈ ਰਾਗ-ਮਈ ਸੰਕੇਤ ਹਨ। ਭਾਵ ਇਹ ਹੈ ਕਿ ਨਾਮ ਸਿਮਰਨ ਨਾਲ ਸਾਡੇ ਅੰਦਰ ਉਹ ਇਕ-ਰਸ ਖ਼ੁਸ਼ੀ ਆਉਂਦੀ ਹੈ ਮਾਨੋ, ਸ੍ਰੇਸ਼ਟ ਕਿਸਮ ਦੇ ਵਾਜੇ ਸੁਣ ਕੇ ਆ ਰਹੀ ਹੋਵੇ।

ਸਾਡੇ ਅੰਦਰ ਢੋਲਕੀਆਂ ਚਿਮਟੇ ਨਹੀਂ ਵੱਜ ਰਹੇ। ਹਰਿਕ ਤਰ੍ਹਾਂ ਦੇ ਵਾਜੇ ਤਾਂ ਅਸੀਂ ਆਪ ਵੀ ਵਜਾ ਕੇ ਸੁਣ ਸਕਦੇ ਹਾਂ। ਅੰਦਰਲੇ ਵਾਜੇ, ਸ਼ਬਦ, ਨਾਦ, ਧੁਨਾਂ, ਵਜਾਈਆਂ ਨਹੀਂ ਵੱਜਦੀਆਂ, ਇਹ ਰੌ ਤਾਂ ਅਨਹਦ ਝੁਨਕਾਰਾਂ ਰਾਹੀਂ ਅਨੁਭਵ ਹੀ ਹੁੰਦੀ ਹੈ। ਸਿਤਾਰ, ਮ੍ਰਿਦੰਗ, ਛੈਣੇ, ਘੜਾ ਤੇ ਬੰਸਰੀ ਆਦਿਕ ਵਾਜੇ ਜਿਨ੍ਹਾਂ ਚਸਕਾਲੂਆਂ ਨੂੰ ਸੁਣਦੇ ਹਨ, ਉਹ ਉਨ੍ਹਾਂ ਦੀ ਮਨੋ-ਕਲਪਨਾ ਹੀ ਹੁੰਦੀ ਹੈ। ਉਹ ਸਿਰਫ਼ ਉਹੋ ਜਿਹੇ ਵਾਜੇ ਹੀ ਸੁਣਦੇ ਹਨ, ਜਿਹੋ ਜਿਹੇ ਉਨ੍ਹਾਂ ਹੱਥੀਂ ਵਜਾਏ ਹੋਣ, ਕੰਨੀਂ ਸੁਣੇ ਹੋਣ। ਅਣਸੁਣੀ ਆਵਾਜ਼ ਦਾ ਅਨੁਭਵ ਦਿਮਾਗ ਨੂੰ ਅਥਵਾ ਮਨ ਨੂੰ ਹੋ ਹੀ ਨਹੀਂ ਸਕਦਾ। ਇਸੇ ਲਈ ਹੀ ਪੰਚ ਸ਼ਬਦ ਵੀ ਪੰਜ ਪੰਜ ਕਿਸਮ ਦੇ ਮੰਨੇ ਗਏ ਹਨ ਅਤੇ ਇਉਂ ਪੰਝੀ ਸ਼ਬਦ ਹੋ ਜਾਂਦੇ ਹਨ।

(3). ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰਿਕ ਬਾਣੀ-ਸੰਗ੍ਰਹ ਮੰਗਲਾ ਚਰਨ ਦੇ ਕਿਸੇ ਰੂਪ ਨਾਲ ਆਰੰਭ ਹੁੰਦਾ ਹੈ ਅਤੇ ਉਸ ਸੰਗ੍ਰਹਿ ਵਿੱਚੋਂ ਬਾਣੀ ਰਚਨਹਾਰ ਦਾ ਪਤਾ ਵੀ ਲੱਗ ਜਾਂਦਾ ਹੈ। ਜੇ ਉਸ ਸੰਗ੍ਰਹਿ ਵਿੱਚ ਕਿਸੇ ਥਾਂ ਰਚਨਹਾਰ ਦਾ ਨਾਉਂ ਨਾ ਵੀ ਹੋਵੇ ਤਦ ਵੀ ਉਸ ਸੰਗ੍ਰਹਿ ਵਿਚਲੇ ਹੀ ਕਿਸੇ ਅਗਲੇ ਪਿਛਲੇ ਹਵਾਲੇ ਤੋਂ ਪਤਾ ਲਗ ਜਾਂਦਾ ਹੈ, ਰਚਨਹਾਰ ਦਾ। ਰਾਗ-ਮਾਲਾ ਇਕ ਸੰਗ੍ਰਹਿ ਹੈ। ਇਸ ਦੇ ਆਰੰਭ ਵਿਚ "ੴ ਸਤਿ ਗੁਰਪ੍ਰਸਾਦਿ", ਮੰਗਲਾਚਰਨ ਵੀ ਹੈ ਪਰ ਰਾਗ-ਮਾਲਾ ਦੇ ਰਚਨਹਾਰ ਦਾ ਪਤਾ ਨਹੀਂ ਲਗਦਾ। ਭਾਵੇਂ ਅੱਜ ਕੱਲ੍ਹ ਢਕੌਂਸਲੇ ਤਾਂ ਕਈ ਮਾਰੇ ਜਾਂਦੇ ਹਨ।

(4) "ਪੁਨਹ" ਸੰਸਕ੍ਰਿਤ ਦਾ ਸ਼ਬਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਦਾ ਪੁਰਾਣੀ ਪੰਜਾਬੀ ਰੂਪ "ਫੁਨਿ" ਹੀ ਵਰਤਿਆ ਗਿਆ ਹੈ ਪਰ ਰਾਗ-ਮਾਲਾ ਵਿੱਚ "ਪੁਨਿ" ਵਰਤਿਆ ਗਿਆ ਹੈ ਜਿਵੇਂ "ਪੁਨਿ ਅਸਲੇਖੀ ਕੀ ਭਈ ਬਾਰੀ: ਪੁਨਿ ਆਇਉ ਹਿੰਡੋਲ", "ਪੁਨਿ ਆਈ ਦੀਪਕ ਕੀ ਬਾਰੀ,", " ਪੁਨਿ ਗਾਵਹਿ ਆਸਾ ਗੁਨ ਗੁਨੀ," "ਊਚੈ ਸੁਰਿ ਸੂਹਉ ਪੁਨਿ ਕੀਨੀ", "ਪੁਨਿ ਗਾਵਹਿ ਸੰਕਰ ਆਉ ਸ੍ਹਿਆਮਾ।"

(5) ਰਾਗ-ਮਾਲਾ ਵਿੱਚ ਸੱਤ ਚਉਪਈਆਂ ਹਨ। ਜਿਨ੍ਹਾਂ ਦੇ ਚਰਨ ਚਾਰ, ਛੇ ਜਾਂ ਦਸ ਹਨ। ਪਿੰਗਲ ਅਨੁਸਾਰ ਚੌਪਈ ਦੇ ਚਾਰ ਪੈਰ, ਚਾਰ ਚਰਨ ਹੀ ਹੋ ਸਕਦੇ ਹਨ।

(6) ਰਾਗ-ਮਾਲਾ ਦੀ ਪਹਿਲੀ ਚੌਪਈ ਵਿੱਚ ਹੀ ਭੈਰਉ ਰਾਗ ਦੇ ਪੁੱਤਾਂ ਦੇ ਨਾਉ ਨਹੀਂ ਮੁਕਾਏ ਗਏ ਅਤੇ ਅਗਲਾ ਦੋਹਿਰਾ ਵੀ ਇਸ ਕੰਮ ਲਈ ਵਰਤਿਆ ਗਿਆ ਹੈ। ਇਹ ਵਿਉਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਹੀਂ। ਚੌਪਈ ਦਿਆਂ ਦਸ ਚਰਨਾਂ ਵਿੱਚ ਦੋ

ਚਰਨ, ਹੋਰ ਲਿੱਖ ਕੇ ਸਾਰੇ ਪੁੱਤ ਲਿਆਂਦੇ ਜਾ ਸਕਦੇ ਸਨ। ਨਾਲੇ ਚੌਪਈ ਦੇ ਬਾਰਾਂ ਚਰਨ ਹੋਣ ਕਰਕੇ ਪਿੰਗਲ ਦਾ ਰੂਲ ਨਾ ਟੁੱਟਦਾ; ਚਾਰ ਜਾਂ ਚਾਰ ਦੇ ਮਲਟੀਪਲਜ਼ (multiples) ਹੋਣੇ ਪਿੰਗਲ ਅਨੁਸਾਰ ਠੀਕ ਹਨ।

(7) "ਗੋਂਡ" ਸਿਰੀ ਰਾਗ ਦਾ ਪੁੱਤ ਵੀ ਹੈ- "ਸਾਲੂ ਸਾਰਗ ਅਉਰ ਗੋਡ ਗੰਭੀਰ"। ਪਰ "ਗੋਂਡ" ਮੇਘ ਰਾਗ ਦੀ ਵਹੁਟੀ ਵੀ ਹੈ- "ਸੋਰਠਿ ਗੋਂਡ ਮਲਾਰੀ ਧੁਨੀ"। ਇਹ ਗੱਲ ਬੜੀ ਅਜੀਬ ਹੈ! ਇਸ ਝਟਪਟੇ ਲਿੰਗ-ਪਰਿਵਰਤਨ ਦਾ ਕੀ ਕਾਰਨ? ਲਿਖਾਰੀ ਨੇ ਇੰਝ ਕਿਉਂ ਕੀਤਾ? ਆਲਿਮ ਕਵੀ ਦੀ ਰਾਗ-ਮਾਲਾ ਦੇ ਹਿੰਦੀ ਨੁਸਖ਼ੇ ਵਿੱਚ ਸਿਰੀ ਰਾਗ ਦੇ ਪੁੱਤ ਦਾ ਨਾਉਂ "ਗਵਰਾ" ਲਿਖਿਆ ਹੈ- "ਮਾਲਵ ਸਾਰਗ ਸਾਰਗਾ ਅਰ ਗਵਰਾ ਗੰਭੀਰ" ਅਤੇ ਮੇਘ ਰਾਗ ਦੀ ਵਹੁਟੀ ਦਾ ਨਾਉਂ "ਕੁੰਭਨੀ"- "ਪੁਨਿ ਗਾਵਹਿ ਆਸਾ ਕੁੰਭਨੀ"। ਪਰ ਗੁਰਮੁਖੀ ਨੁਸਖ਼ਿਆਂ ਵਿੱਚ ਇਹੀ ਗ਼ਲਤੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅੰਤਲੀ ਰਾਗ-ਮਾਲਾ ਵਿੱਚ ਹੈ।

ਆਈਏ, ਅਗਲੇ ਚਾਰ ਨੁਕਤਿਆਂ ਤੇ ਵਿਚਾਰ ਕਰਨ ਦੀ ਮਦਦ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਰਾਗਾਂ ਤੇ ਕੁੱਝ ਵਿਚਾਰ ਕਰੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੇਠਲੇ 31 ਰਾਗ ਹਨ :-

ਸਿਰੀ ਰਾਗ, ਮਾਝ, ਗਉੜੀ ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ, ਨਾਰਾਇਨ, ਮਾਲੀਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਤੇ ਜੈਜਾਵੰਤੀ।

ਇਸ ਤੋਂ ਬਿਨਾਂ ਹੇਠ ਲਿਖੇ ਪੰਜ ਰਾਗ ਹੋਰ ਰਾਗਾਂ ਨਾਲ ਰਲਾ ਕੇ ਗਾਉਣ ਦੀ ਹਦਾਇਤ ਹੈ :-

ਲਲਤ, ਹਿੰਡੋਲ, ਭੋਪਾਲੀ, ਬਿਭਾਸ, ਕਾਫੀ।

"ਆਸਾਵਰੀ" ਰਾਗ "ਆਸਾ" ਦੇ ਵਿੱਚ ਹੀ ਦਰਜ ਹੈ।

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁਲ 31+5+1= 37 ਰਾਗਾਂ ਦਾ ਵਰਨਣ ਹੈ।

*ਹੁਣ ਅਗਲਾ ਨੁਕਤਾ।*

(8) ਰਾਗ-ਮਾਲਾ ਵਿੱਚ ਦਿੱਤੇ ਗਏ ਵੱਡੇ ਛੇ ਰਾਗਾਂ ਵਿੱਚ ਭੈਰਉ ਰਾਗ ਪਹਿਲਾਂ ਹੈ, ਪਰ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚੌਵੀਵਾਂ ਹੈ।

(9) ਰਾਗ-ਮਾਲਾ ਵਿੱਚ ਦਿੱਤੇ ਗਏ ਵੱਡੇ ਛੇ ਰਾਗਾਂ ਵਿੱਚ, ਸਿਰੀ ਰਾਗ ਪੰਜਵਾਂ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਹ ਸਭ ਤੋਂ ਪਹਿਲਾਂ ਹੈ। ਜੇ ਰਾਗ-ਮਾਲਾ ਗੁਰੂ ਕ੍ਰਿਤ ਹੁੰਦੀ ਤਾਂ ਉਹ ਰਾਗਮਾਲਾ ਵਿੱਚ ਵੀ ਇਸ ਰਾਗ ਨੂੰ ਹੀ ਪਹਿਲ ਦਿੰਦੇ। ਸ਼ਿਵ ਮੱਤ ਤੇ ਕਾਲੀ ਨਾਥ ਮੱਤ (ਕ੍ਰਿਸ਼ਨ ਮੱਤ) ਵੀ ਤਾਂ ਸਿਰੀ ਰਾਗ ਨੂੰ ਹੀ ਪਹਿਲ ਦਿੰਦੇ ਹਨ।

(10) ਰਾਗ-ਮਾਲਾ ਵਿੱਚ ਦਿੱਤੇ ਗਏ ਵੱਡੇ ਛੇ ਰਾਗਾਂ ਵਿੱਚੋਂ, ਚਾਰ ਰਾਗ-ਮਾਲਕਉਸਕ, ਹਿੰਡੋਲ, ਦੀਪਕ ਤੇ ਮੇਘ ਰਾਗ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ

ਹਨ ਹੀ ਨਹੀਂ। ਹਾਂ," ਹਿੰਡੋਲ" ਨੂੰ "ਬਸੰਤ" ਰਾਗ ਨਾਲ ਰਲਾ ਕੇ ਗਾਉਣ ਦੀ ਹਿਦਾਇਤ ਜ਼ਰੂਰ ਹੈ।

(11) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਗਏ 31 ਰਾਗਾਂ ਵਿੱਚੋਂ ਹੇਠਲੇ 9 ਰਾਗ ਇਸ ਰਾਗ-ਮਾਲਾ ਵਿੱਚ ਹਨ ਹੀ ਨਹੀਂ - ਮਾਝ, ਬਿਹਾਗੜਾ, ਵਡਹੰਸ, ਜੈਤਸਰੀ, ਰਾਮਕਲੀ, ਮਾਲੀ ਗਉੜਾ, ਤੁਖਾਰੀ, ਪ੍ਰਭਾਤੀ ਤੇ ਜੈਜਾਵੰਤੀ।

ਹੋਰਨਾਂ ਰਾਗਾਂ ਨਾਲ ਰਲਾ ਕੇ ਗਾਏ ਜਾਣ ਦੀ ਹਿਦਾਇਤ ਵਾਲੇ ਪੰਜ ਰਾਗਾਂ ਵਿੱਚੋਂ ਹੇਠ ਲਿਖੇ ਤਿੰਨ ਰਾਗ ਇਸ ਰਾਗ-ਮਾਲਾ ਵਿੱਚ ਨਹੀਂ ਹਨ:- ਭੋਪਾਲੀ, ਬਿਭਾਸ ਤੇ ਕਾਫ਼ੀ।

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਰਤੇ ਗਏ 31+5+1 = 37 ਰਾਗਾਂ ਵਿੱਚੋਂ 12 ਰਾਗ ਇਸ ਰਾਗ-ਮਾਲਾ ਵਿੱਚ ਹਨ ਹੀ ਨਹੀਂ ਅਤੇ ਇਸ ਵਿੱਚ 59 ਉਨ੍ਹਾਂ ਰਾਗਾਂ ਦਾ ਜ਼ਿਕਰ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਹੀਂ ਹਨ।

ਕਿੰਨੀ ਹੈਰਾਨੀ ਦੀ ਗੱਲ ਹੈ! ਜੇ ਰਾਗ-ਮਾਲਾ ਗੁਰੂ ਕ੍ਰਿਤ ਹੁੰਦੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚਲੇ ਸਾਰੇ ਰਾਗ ਇਸ ਵਿੱਚ ਹੁੰਦੇ ਨਾ ਕਿ ਉਨ੍ਹਾਂ ਵਿੱਚੋਂ ਸਿਰਫ਼ 25 ਰਾਗ ਹੀ।

*ਆਈਏ, ਹੁਣ ਦੂਜੀ ਵਿਚਾਰ ਵਲ।*

ਕੀ ਇਹ ਰਾਗ-ਮਾਲਾ ਸ੍ਰੀ ਗੁਰੂ ਅਰਜਨ ਦੇਵ ਜੀ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੜ੍ਹਾਈ ਹੈ ?

ਮੈਂ ਸੰਨ 1934-35 ਵਿੱਚ ਖਾਲਸਾ ਕਾਲਿਜ ਅੰਮ੍ਰਿਤਸਰ ਵਿੱਚ ਪ੍ਰੋ. ਸਾਹਿਬ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਪੜ੍ਹਨ ਸਮੇਂ ਉਨ੍ਹਾਂ ਪਾਸ ਬੈਠ ਕੇ ਤੇ ਉਨ੍ਹਾਂ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਤੋਂ ਅੰਤ ਤਾਈਂ ਦਿੱਤੇ ਗਏ ਸਾਰੇ ਅੰਕਾਂ ਦੀ ਖੋਜ ਪੜਤਾਲ ਕੀਤੀ ਸੀ। ਰੋਜ਼ ਇੱਕ ਇੱਕ ਘੰਟਾ ਘੋਖ ਕਰ ਕੇ ਸਾਡੇ 16 ਘੰਟੇ ਲੱਗੇ ਸਨ। ਕੋਈ ਵੀ ਵਿਅਕਤੀ ਇਹ ਖੋਜ ਪੜਤਾਲ ਕਰ ਕੇ ਦੇਖ ਸਕਦਾ ਹੈ। ਇਸ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਗਏ ਸਾਰੇ ਅੰਕਾਂ ਦੀ ਇਕ ਖਾਸ ਵਿਉਂਤ ਹੈ। ਇਹ ਵਿਉਂਤ ਰਾਗ-ਮਾਲਾ ਵਿੱਚ ਨਹੀਂ ਹੈ।

ਰਾਗ-ਮਾਲਾ ਦਾ ਅੰਕ-ਢੰਗ ਉਨ੍ਹਾਂ ਵਾਰਾਂ ਵਾਲਾ ਚਾਹੀਦਾ ਸੀ, ਜਿਨ੍ਹਾਂ ਦੀਆਂ ਪੌੜੀਆਂ ਤੋਂ ਪਹਿਲਾਂ ਸਲੋਕ ਦਿੱਤੇ ਹੋਏ ਹੁੰਦੇ ਹਨ। ਰਾਗ-ਮਾਲਾ ਵਿੱਚ ਸ਼ਲੋਕਾਂ ਤੇ ਪੌੜੀਆਂ ਦੀ ਥਾਂ ਚੌਪਈਆਂ ਤੇ ਦੋਹਿਰੇ ਹਨ। ਪਰ ਰਾਗ-ਮਾਲਾ ਵਿੱਚ ਹਰਿਕ ਥਾਂ ਅੰਕ ੧ ਜੜਿਆ ਹੋਇਆ ਹੈ, ਜਿਵੇਂ :-

(ਚੌਪਈ)---------------------।੧।<br>
(ਦੋਹਿਰਾ)--------------------।੧।<br>
(ਚੌਪਈ)---------------------।੧।<br>
(ਸੋਰਠਾ)--------------------।੧।<br>
(ਚੌਪਈ)---------------------।੧।

(ਦੋਹਿਰਾ)-------------------- ।੧।
(ਚੌਪਈ)-------------------- ।੧।
(ਚੌਪਈ)-------------------- ।੧।
(ਦੋਹਿਰਾ)-------------------- ।੧।
(ਚੌਪਈ)-------------------- ।੧।
(ਚੌਪਈ)-------------------- ।੧।
(ਦੋਹਿਰਾ)-------------------- ।੧।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਅੰਕ-ਵਿਉਂਤ ਹੇਠ ਲਿਖੇ ਅਨੁਸਾਰ ਹੋਣੀ ਸੀ। (ਮਿਸਾਲ ਲਈ ਦੇਖੀਏ "ਜੈਤਸਰੀ ਕੀ ਵਾਰ ਮਹਲਾ" ੪ ਦਾ ਅੰਕ-ਢੰਗ) :-

(ਚੌਪਈ)---------------------- ।੧।
(ਦੋਹਿਰਾ)---------------------- ।੧।
(ਚੌਪਈ)---------------------- ।੧।
(ਸੋਰਠਾ)---------------------- ।੨।
(ਚੌਪਈ)---------------------- ।੧।
(ਦੋਹਿਰਾ)---------------------- ।੩।
(ਚੌਪਈ)---------------------- ।੧।
(ਚੌਪਈ)---------------------- ।੨।
(ਦੋਹਿਰਾ)---------------------- ।੪।
(ਚੌਪਈ)---------------------- ।੧।
(ਚੌਪਈ)---------------------- ।੨।
(ਦੋਹਿਰਾ)---------------------- ੫।੧।

ਸਾਫ਼ ਜ਼ਾਹਿਰ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿੱਚ ਰਾਗ-ਮਾਲਾ ਦਰਜ ਕਰਨ ਵਾਲੇ ਵਿਅਕਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਅੰਕ-ਵਿਉਂਤ ਦਾ ਗਿਆਨ ਨਹੀਂ ਸੀ, ਨਹੀਂ ਤਾਂ ਉਹ ਹਰਿਕ ਥਾਂ ਏਕਾ ਏਕਾ ਜੜਨ ਦੀ ਮਹਾਨ ਭੁੱਲ ਨਾ ਕਰਦਾ। ਪਰ ਉਸ ਦੀ ਇਹ ਭੁੱਲ ਸਾਡੇ ਲਈ ਗੁਣਕਾਰੀ ਸਾਬਿਤ ਹੋਈ ਹੈ ਕਿਉਂਕਿ ਇਸ ਨਾਲ ਸਾਨੂੰ ਪਤਾ ਲੱਗ ਗਿਆ ਹੈ ਕਿ ਇਹ ਰਾਗ-ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਤਿਗੁਰਾਂ ਦੀ ਚੜ੍ਹਾਈ ਹੋਈ ਨਹੀਂ ਹੈ।

ਛਾਪੇ ਦੀਆਂ ਬੀੜਾਂ ਵਿੱਚ ਰਾਗ-ਮਾਲਾ ਹੈ। ਇਹ ਬੀੜਾਂ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਦੇ ਉਤਾਰੇ ਮੰਨੇ ਜਾਂਦੇ ਹਨ। ਉਹ ਬੀੜ ਦਸਵੇਂ ਪਾਤਸ਼ਾਹ ਨੇ ਲਗਪਗ ਡੇਢ ਸਾਲ ਵਿੱਚ ਭਾਈ ਮਨੀ ਸਿੰਘ ਜੀ ਨੂੰ ਲਿਖਾਈ ਮੰਨੀ ਜਾਂਦੀ ਹੈ। ਉਹ ਬੀੜ ਵੀ ਇਸ ਵੇਲੇ ਹੈ ਨਹੀਂ ਤਾਂ ਕਿ ਉਸ ਤੋਂ ਦੇਖ ਸਕੀਏ ਕਿ ਉਸ ਵਿੱਚ ਰਾਗ-ਮਾਲਾ ਹੈ ਜਾਂ ਨਹੀਂ। ਕਈ ਖੋਜੀ ਸੱਜਨ ਇਹ ਮੰਨਦੇ ਹਨ ਕਿ ਕੁੱਝ ਹੱਥ ਲਿਖਤ ਬੀੜਾਂ ਵਿੱਚ ਰਾਗ-ਮਾਲਾ ਤੇ ਕਈ ਹੋਰ ਕੱਚੀਆਂ ਬਾਣੀਆਂ ਧੀਰਮਲੀਆਂ ਦੀ ਮਦਦ ਨਾਲ ਜੰਡਿਆਲੇ ਗੁਰੂ ਦੇ ਉਨ੍ਹਾਂ

ਹੰਦਾਲੀਆਂ ਨੇ ਚੜ੍ਹਵਾਈਆਂ, ਜਿਨ੍ਹਾਂ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਵੀ ਲਿਖਵਾਈ ਅਤੇ ਸਮੇਂ ਦੀ ਸਰਕਾਰ ਨੂੰ ਸੂਹਾਂ ਦੇ ਕੇ ਅਨੇਕਾਂ ਸਿੰਘ ਸ਼ਹੀਦ ਕਰਵਾਏ। ਇਹ ਸ਼ਰਾਰਤ ਹੰਦਾਲੀਆਂ ਨੇ ਗੁਰੂ ਸਾਹਿਬਾਂ ਤੇ ਸਿਖਾਂ ਨੂੰ ਬਦਨਾਮ ਕਰਨ ਲਈ ਧੀਰਮਲੀਆਂ ਨਾਲ ਮਿਲ ਕੇ ਰਚੀ, ਈਰਖਾ ਵੱਸ ਹੋ ਕੇ। ਇਤਿਹਾਸ ਦੱਸਦਾ ਹੈ ਕਿ ਭਾਈ ਗੁਰਦਾਸ ਜੀ ਲਿਖਤ ਬੀੜ ਛੇਵੇਂ ਪਾਤਸ਼ਾਹ ਨੇ ਸੰਨ 1634 ਵਿੱਚ ਆਪਣੇ ਦੂਜੇ ਪੁੱਤ ਬਾਬਾ ਧੀਰਮਲ ਜੀ ਪਾਸ ਕਰਤਾਰ ਪੁਰ ਰਹਿਣ ਦਿੱਤੀ ਸੀ ਤੇ ਆਪ ਕੀਰਤ ਪੁਰ ਜਾ ਵਸੇ ਸਨ। ਇਹੀ ਬੀੜ ਅੱਜ ਕੱਲ੍ਹ ਸ੍ਰੀ ਕਰਤਾਰ ਪੁਰੀ ਬੀੜ " ਨਾਉ ਨਾਲ ਪ੍ਰਸਿੱਧ ਹੈ। ਉਦੋਂ ਤੋਂ ਲੈ ਕੇ ਅੱਜ ਤਾਈਂ ਇਹ ਬੀੜ ਸ੍ਰੀ ਅੰਮ੍ਰਿਤਸਰ ਨਹੀਂ ਆਈ। ਇੱਕ ਵਾਰੀ ਬਾਬਾ ਧੀਰਮਲ ਜੀ 1664 ਵਿੱਚ " ਬਾਬੇ ਬਕਾਲੇ" ਲਿਆਏ ਸਨ ਆਪਣੇ ਆਪ ਨੂੰ ਗੁਰੂ ਸਾਬਿਤ ਕਰਨ ਲਈ ਪਰ ਸਫਲ ਨਾ ਹੋਏ। ਭਾਈ ਮੱਖਣ ਸ਼ਾਹ ਲੁਬਾਣਾ ਤੇ ਹੋਰ ਸਿੱਖਾਂ ਨੇ ਧੀਰਮਲੀਆਂ ਪਾਸੋਂ ਇਹ ਬੀੜ ਖੋਹ ਵੀ ਲਈ ਸੀ, ਪਰ ਨੌਵੇਂ ਗੁਰੂ ਜੀ ਨੇ ਵਾਪਸ ਕਰਵਾ ਦਿੱਤੀ ਸੀ।

ਕਰਤਾਰ ਪੁਰੀ ਬੀੜ ਧੀਰਮਲੀਆਂ ਪਾਸੋਂ ਮੰਗਵਾ ਕੇ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਕਿਲ੍ਹੇ ਦੇ ਅੰਦਰ " ਮੋਤੀ ਮੰਦਰ " ਵਿੱਚ ਰੱਖੀ ਸੀਂ, ਜਿਸ ਦਾ ਰੋਜ਼ ਪ੍ਰਕਾਸ਼ ਹੁੰਦਾ ਸੀ ਤੇ ਮਹਾਰਾਜਾ ਦਰਸ਼ਨ ਕਰਦਾ ਤੇ ਪਾਠ ਸੁਣਦਾ ਸੀ। ਪ੍ਰੋ. ਸੀਤਾ ਰਾਮ ਕੋਹਲੀ ਅਨੁਸਾਰ ਇਹ ਬੀੜ ਸੰਨ 1818 ਵਿੱਚ ਲਾਹੌਰ ਪੁੱਜੀ ਸੀ ਅਤੇ ਪੰਜਾਬ ਸਰਕਾਰ ਦੇ ਰਿਕਾਰਡ ਦੀਆਂ ਲਿਖਤਾਂ ਅਨੁਸਾਰ ਸੰਨ 1830 ਵਿੱਚ। ਸਿੱਖ ਰਾਜ ਦੇ ਅੰਤ ਤਾਈਂ ਇਹ ਬੀੜ ਲਾਹੌਰ ਹੀ ਰਹੀ ਅਤੇ ਪਿੱਛੋਂ ਅੰਗ੍ਰੇਜ਼ੀ ਸਰਕਾਰ ਦੀ ਮੰਜ਼ੂਰੀ ਨਾਲ ਧੀਰਮਲੀਆਂ ਨੂੰ ਵਾਪਸ ਕੀਤੀ ਗਈ।

ਮਤਲਬ ਇਹ ਹੈ ਕਿ ਕਰਤਾਰ ਪੁਰੀ ਬੀੜ ਸੰਨ 1634 ਤੋਂ ਲੈ ਕੇ ਪ੍ਰੈਕਟੀਕਲੀ ਕਰਤਾਰ ਪੁਰ ਹੀ ਰਹੀ, ਸੋ ਹਿੰਦਾਲੀਆਂ ਨੂੰ ਧੀਰਮਲੀਆਂ ਨਾਲ ਮਿਲ ਕੇ ਸ਼ਰਾਰਤ ਕਰਨ ਦਾ ਖੁੱਲ੍ਹਾ ਸਮਾਂ ਮਿਲ ਗਿਆ।

ਜੇ ਪੰਜਵੇਂ ਤੋਂ ਦਸਵੇਂ ਪਾਤਸ਼ਾਹ ਦੇ ਸਮੇਂ ਵਿੱਚ ਇਹ ਸ਼ਰਾਰਤ ਹੁੰਦੀ ਤਾਂ ਉਹ ਜ਼ਰੂਰ ਇਸ ਦਾ ਖੰਡਨ ਕਰਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀਆਂ ਨੂੰ ਸੁਚੇਤ ਕਰ ਦਿੰਦੇ ਤੇ ਰਾਗ-ਮਾਲਾ ਨੂੰ ਹੱਥ-ਲਿਖਤ ਬੀੜਾਂ ਵਿੱਚ ਲਿਖਣੋਂ ਵਰਜ ਦਿੰਦੇ।

ਪਿੱਛੋਂ ਕਈ ਲਿਖਾਰੀ ਹੱਥ-ਲਿਖਤ ਬੀੜਾਂ ਵਿੱਚ ਰਾਗ-ਮਾਲਾ ਲਿਖਣ ਲੱਗ ਪਏ , ਪਰ ਕਈਆਂ ਨੇ ਨਾ ਲਿਖੀ। ਖ਼ਾਲਸਾ ਜੀ ਨੂੰ ਜੰਗਾਂ, ਯੁੱਧਾਂ, ਲੜਾਈਆਂ, ਭਿੜਾਈਆਂ ਦੇ ਕਾਰਨ ਸੰਕਟ ਤੇ ਕਸ਼ਟ ਦਾ ਸਮਾਂ ਹੋਣ ਕਰਕੇ, ਇਹ ਗੱਲ ਗੌਲਣ ਦਾ, ਸੋਚਣ ਦਾ ਵਿਹਲ ਹੀ ਨਾ ਲੱਗਾ ਕਿ ਇਹ ਰਾਗ ਮਾਲਾ ਕਈ ਬੀੜਾਂ ਵਿੱਚ ਕਿਉਂ ਚਾੜ੍ਹੀ ਜਾ ਰਹੀ ਹੈ? ਨਤੀਜੇ ਵਜੋਂ ਪਿੱਛੋਂ ਛਾਪੇ ਦੀਆਂ ਸਾਰੀਆਂ ਬੀੜਾਂ ਵਿੱਚ ਰਾਗ-ਮਾਲਾ ਛਪਣੀ ਪ੍ਰਚਲਿਤ ਹੋ ਗਈ ਤੇ ਹਾਲਾਂ ਤਾਈਂ ਵੀ ਮੱਖੀ ਤੇ ਮੱਖੀ ਮਾਰੀ ਜਾ ਰਹੀ ਹੈ। ਇਸ ਮਹਾਨ ਭੁੱਲ ਦੀ ਭੇਡ-ਚਾਲ ਨੇ ਖ਼ਾਲਸਾ ਪੰਥ ਨੂੰ ਹੈਰਾਨ ਕਰ ਰੱਖਿਆ ਹੈ ਤੇ ਇਸ ਤੋਂ ਛੁਟਕਾਰਾ ਨਸੀਬ ਹੋਣਾ ਕਠਿਨ ਸਮੱਸਿਆ ਬਣੀ ਪਈ ਹੈ। ਕਾਸ਼! ਸਾਨੂੰ ਐਨੀ ਅਕਲ ਤੇ ਸ਼ਕਤੀ ਮਿਲ ਜਾਏ ਕਿ ਅਸੀਂ ਇਸ ਉਲਝਣ ਨੂੰ ਸੁਲਝਾ ਸਕੀਏ।

# ਗੁਰਮਤਿ ਸਾਹਿਤ

(ੳ) ਸੌ ਸਾਖੀ ਕੁਝ ਨੁਕਤੇ

(ਅ) ਕਲਕੀ ਅਵਤਾਰ

(ੲ) ਸਾਖੀ ਪੋਥੀ ਤੇ ਸੁਹੇਵਾ

# 'ਸੌ ਸਾਖੀ'- ਕੁਝ ਨੁਕਤੇ

'ਪੰਜਾਬ ਟਾਈਮਜ਼' ਵਲੋਂ ਪਾਠਕਾਂ ਨੂੰ ਪ੍ਰੇਰਨ ਦੇ ਨਤੀਜੇ ਵਜੋਂ ਮੈਂ 'ਕਲਕੀ ਅਵਤਾਰ' ਤੇ 'ਸੌ ਸਾਖੀ', ਲੇਖ ਭੇਜਿਆ ਸੀ, ਜੋ 18 ਜਨਵਰੀ 1985 ਵਾਲੇ 'ਪੰਜਾਬ ਟਾਈਮਜ਼' ਵਿਚ ਛਪਿਆ ਸੀ। ਉਸਦੇ ਪਿਛੋਂ 8 ਮਾਰਚ 1985 ਵਾਲੇ 'ਪੰਜਾਬ ਟਾਈਮਜ਼' ਵਿਚ ਡਾ. ਚੰਨ ਜੀ ਵਲੋਂ ਲਿਖਿਆ 'ਸ਼ਬਦ ਤੋਂ ਅਰਥਾਂ ਤਕ' ਲੇਖ ਛਪਿਆ ਜੋ 'ਸੌ ਸਾਖੀ' ਬਾਰੇ ਹੀ ਸੀ। ਉਸ ਵਿਚ ਉਹਨਾਂ ਮੇਰਾਂ ਨਾਉਂ ਵੀ ਘਸੋੜ ਦਿਤਾ। ਚੰਨ ਜੀ ਮੇਰੇ ਅਜ਼ੀਜ਼ ਹਨ ਸੋ ਮੈਂ ਉਹਨਾਂ ਨੂੰ ਸਿਰਫ਼ ਫ਼ੋਨ ਤੇ ਗਿਲਾ ਕੀਤਾ।

ਹੁਣ 'ਦੇਸ ਪ੍ਰਦੇਸ' ਦੇ ਵਿਸਾਖੀ ਅੰਕ ਵਿਚ ਚੰਨ ਜੀ ਦਾ ਲੇਖ ' ਭਵਿੱਖਤ ਵਚਨ ਅਟੱਲ ਹਨ' ਛਪਿਆ ਹੈ, ਉਹ ਵੀ 'ਸੌ ਸਾਖੀ' ਬਾਰੇ ਹੀ ਹੈ। ਮੈਂ ਵਾਦ ਵਿਵਾਦ ਵਿਚ ਪੈਣਾ ਨਹੀਂ ਚਾਹੁੰਦਾ ਕਿਉਂਕਿ ਇਸ ਵਲੋਂ ਸਾਨੂੰ ਗੁਰੂ ਜੀ ਨੇ ਵੀ ਹੋੜਿਆ ਹੈ ਪਰ ਆਪਣੇ ਲੇਖ ਦੇ ਅੰਤ ਵਿਚ ਚੰਨ ਜੀ ਨੇ ਲਿਖਿਆ ਹੈ! 'ਗੁਰੂ ਸੰਗਤਿ ਦੇ ਸ਼ੰਕੇ ਦੂਰ ਕਰਨ ਦਾ ਯਤਨ ਸਦਾ ਕਰਦੇ ਰਹਾਂਗੇ'। ਉਸ ਅਨੁਸਾਰ ਮੈਂ ਤਿੰਨ ਚਾਰ ਨੁਕਤੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ,

1. 'ਸਹਿਆ' ਵਾਲੀ ਸਾਖੀ ਵਿਚ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:

ਤਬਹਿ ਖਾਲਸਾ ਵਸਹਿ ਹਮਾਰਾ।
ਗੁੜਲੀ ਚਲਹਿ ਤੁਰਕ ਕੋ ਮਾਰਾ।..............||੪੫||

ਸ੍ਰੀ ਦਸਮੇਸ਼ ਜੀ 'ਅਕਾਲ ਉਸਤਤਿ' ਵਿਚ ਫ਼ੁਰਮਾਂਦੇ ਹਨ :-

ਹਿੰਦੂ, ਤੁਰਕ ਕੋਈ ਰਾਫ਼ਜ਼ੀ, ਇਮਾਮ ਸ਼ਾਫ਼ੀ,
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ||.......
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਯੋ ||੧੫||੮੫||
ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ,
ਮਾਨਸ ਸਭੈ ਏਕ, ਪੈ ਅਨੇਕ ਕੋ ਭ੍ਰਮਾਉ ਹੈ ||.........||੧੬||੮੬||

ਸੋ ਜੇ ਸਾਖੀ ਵਾਲੀ ਉਪਰਲੀ ਗੱਲ ਗੁਰੂ ਜੀ ਵਲੋਂ ਕਹੀ ਗਈ ਹੁੰਦੀ, ਤਾਂ ਚੌਪਈ ਦੇ ਚਰਨ ਇਉਂ ਹੋਣੇ ਸਨ :

*ਤਬਹਿ ਖਾਲਸਾ ਵਸਹਿ ਹਮਾਰਾ।*
*ਗੁੜਲੀ ਚਲਹਿ ਦੁਸ਼ਟ ਕੋ ਮਾਰਾ।*

ਭਾਵ 'ਤੁਰਕ' ਦੇ ਥਾਂ 'ਦੁਸ਼ਟ' ਸ਼ਬਦ ਵਰਤਿਆ ਜਾਂਦਾ। ਸੋ ਸਾਫ਼ ਹੈ ਕਿ ਸਾਖੀ

ਵਿਚ ਦਿੱਤਾ ਗਿਆ ਇਹ ਵਿਚਾਰ ਗੁਰੂ ਜੀ ਦਾ ਨਹੀਂ। ਨਾਲੇ ਜਿਸ ਲਿਖਾਰੀ ਨੇ 'ਤੁਰਕ' ਸ਼ਬਦ ਵਰਤਿਆ ਹੈ, ਉਸਦਾ ਭਾਵ ਵੀ ਉਸ ਸਮੇਂ ਦੇ ਤੁਰਕਾਂ ਤੋਂ ਹੈ।

ਰਹੀ ਗੱਲ 'ਜੰਡ ਪਿੱਪਲ' ਦੀ। ਸੰਨ 1934 ਦੇ ਅੰਤ ਵਿਚ ਮੇਰੇ ਪਿਤਾ ਜੀ ਨੇ ਵੀ, ਜਦ ਉਹ ਅਨੂਪਗੜ੍ਹ, ਰਿਆਸਤ ਬੀਕਾਨੇਰ ਵਿਚ ਆਪਣੇ ਮੁਰੱਬੇ ਵਿਚ ਰਹਿੰਦੇ ਸਨ, ਬਾਂਗਰ ਜਾ ਕੇ ਉਸ ਜੰਡ ਪਿੱਪਲ ਨੂੰ ਦੇਖਿਆ ਸੀ। ਉਹਨਾਂ ਦੱਸਿਆ ਸੀ ਕਿ ਜੰਡ ਦੇ ਸਾਰੇ ਪਾਸੀਂ ਪਿੱਪਲ ਛਾ ਰਿਹਾ ਹੈ ਅਤੇ ਥੋੜ੍ਹੇ ਸਾਲਾਂ ਤਾਈਂ ਜੰਡ ਨੂੰ ਆਪਣੇ ਥੱਲੇ ਦਬਾ ਲਵੇਗਾ।

ਫਿਰ ਅਫ਼ਰੀਕਾ ਵਿਚ ਸੰਨ 1940 ਵਿਚ ਸੁਣਿਆ ਕਿ ਹੁਣ ਜੰਡ ਬਿਲਕੁਲ ਦੱਬ ਗਿਆ ਹੈ ਤੇ ਪਿੱਪਲ ਉਸਤੇ ਛਾ ਗਿਆ ਹੈ। ਸੋ ਇਸ ਸਾਲ ਅੰਗਰੇਜ਼ ਇੰਡੀਆ ਛੱਡ ਜਾਣਗੇ। ਓਧਰੋਂ ਦੂਜਾ ਸੰਸਾਰ-ਯੁੱਧ ਤਾਂ ਲੱਗਾ ਹੋਇਆ ਹੀ ਸੀ। ਸੋਜਨਤਾ ਦਾ ਹੌਂਸਲਾ ਬੜਾ ਵਧਿਆ। ਕੇਨੀਆਂ ਦੇ ਐੱਲਡੋਰੈਟ ਸ਼ਹਿਰ ਵਿਚ ਮੇਰਾ ਇਕ ਨਾਮਧਾਰੀ ਦੋਸਤ ਸਰਦਾਰ ਜੋਗਿੰਦਰ ਸਿੰਘ ਸੀ, ਰੇਲਵੇ ਵਿਚ ਕਾਰਪੈਂਟਰ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਤੇ ਪਾਠ-ਅਰਥ ਨਹੀਂ ਸੀ ਜਾਣਦਾ। ਤਿਲੰਗ ਮਹਲਾ ੧ ਵਿਚ ਇਕ ਤੁਕ ਹੈ:

*ਆਵਨਿ ਅਠਤਰੈ, ਜਾਨਿ ਸਤਾਨਵੈ,*
*ਹੋਰੁ ਭੀ ਉਠਸੀ ਮਰਦ ਕਾ ਚੇਲਾ॥............॥੨॥੩॥੫॥*

ਮੇਰਾ ਦੋਸਤ ਇਸਦਾ ਮਤਲਬ ਨਾ ਸਮਝਦਾ ਹੋਇਆ ਸੁਣੀਆਂ ਹੋਈਆਂ ਗੱਲਾਂ ਦਾ ਹੀ ਅੰਧ ਵਿਸ਼ਵਾਸ਼ੀ ਸੀ। ਸਾਨੂੰ ਗੁਰੂ ਜੀ ਨੇ ਵਿਸ਼ਵਾਸ਼ ਦਾ ਉਪਦੇਸ਼ ਤਾਂ ਦਿੱਤਾ ਹੈ, ਪਰ ਅੰਨ੍ਹੇ ਵਿਸ਼ਵਾਸ਼ ਦਾ ਨਹੀ। ਸਲੋਕ ਵਾਰਾਂ ਤੇ ਵਧੀਕ ਮਹਲਾਂ ੧ ਵਿਚ ਫ਼ਰਮਾਨ ਹੈ :

*ਸੁਣਿ, ਮੁੰਧੇ ਹਰਣਾਖੀਏ ! ਗੂੜਾ ਵੈਣੁ ਅਪਾਰੁ ॥*
*ਪਹਿਲਾਂ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥........॥੨॥*

ਭਾਵ:-ਹੇ ਹਰਨ ਦੀਆਂ ਅੱਖਾਂ ਵਰਗੀਆਂ ਸੋਹਣੀਆਂ ਅੱਖਾਂ ਵਾਲੀਏ, ਭੋਲੀਏ ਜਵਾਨ ਕੁੜੀਏ, ਭਾਵ ਹੇ ਜਗਤ ਰਚਨਾ ਵਿਚੋਂ ਸੋਹਣੀ ਜੀਵ-ਇਸਤ੍ਰੀਏ ! ਮੇਰੀ ਇਕ ਬਹੁਤ ਡੂੰਘੀ ਭੇਦ ਦੀ ਗੱਲ ਸੁਣ। ਉਹ ਗੱਲ ਇਹ ਹੈ ਕਿ ਜਦੋਂ ਕੋਈ ਚੀਜ਼ ਖਰੀਦਣ ਲੱਗੀਏ ਤਾਂ ਪਹਿਲਾਂ ਉਸ ਚੀਜ਼ ਨੂੰ ਪਰਖ ਕੇ ਤਦੋਂ ਉਸਦਾ ਵਪਾਰ ਕਰਨਾ ਚਾਹੀਦਾ ਹੈ, ਤਦੋਂ ਉਹ ਖਰੀਦਣੀ ਚਾਹੀਦੀ ਹੈ।

ਮੈਂ ਉਸ ਮਿੱਤਰ ਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਕਿ 'ਸਤਾਨਵੈਂ' ਦਾ ਅਰਥ ਸੰਮਤ 1997 ਜਾਂ ਸੰਨ 1940 ਨਹੀਂ ਬਲਕਿ ਸੰਮਤ 1597 ਜਾਂ ਸੰਨ 1540 ਹੈ। ਪਰ ਉਹ ਮੰਨਿਆ ਹੀ ਨਾ। ਸੰਨ 1940 ਦੇ ਅਗਸਤ ਵਿਚ ਹੀ ਉਹ ਸੱਜਣ ਐੱਲਡੋਰੈਟ ਛੱਡ ਕੇ ਚਲਾ ਗਿਆ ਅਤੇ ਮੁੜ ਨਹੀਂ ਮਿਲਿਆ।

ਓਧਰੋਂ ਚਿਟੇ ਸੰਨ 1940 ਵਿਚ ਭਾਰਤ ਛੱਡ ਕੇ ਨਾ ਗਏ ਪਰ ਅੰਧ-ਵਿਸ਼ਵਾਸ਼ੀ ਤਾਂ ਇਹੀ ਕਹੀ ਗਏ ਕਿ ਚਲੋ, ਸੰਨ 1940 ਵਿਚ ਨਾ ਸਹੀ, ਸੰਨ 1947 ਵਿਚ ਹੀ ਸਹੀ, ਛਡ ਤਾਂ ਗਏ। ਚਲੋ, ਗੱਲ ਤੋਰਨ ਲਈ ਇਹੀ ਮੰਨ ਲੈਂਦੇ ਹਾਂ, ਪਰ ਕੀ ਉਦੋਂ ਦਾ ਪਿੱਪਲ

ਨਾਲ ਦੱਬਿਆ ਤੇ ਢਕਿਆ ਹੋਇਆ ਜੰਡ ਫਿਰ ਨੰਗਾ ਹੋ ਗਿਆ ਹੈ ਕਿਉਂਕਿ ਸਾਡੇ ਚੰਨ ਜੀ ਲਿਖਦੇ ਹਨ : ਪ੍ਰਾਪਤ ਸੂਚਨਾ ਮੁਜਬ ਆਉਣ ਵਾਲੇ ਦਸ ਵਰ੍ਹੇ ਤਕ 'ਜੰਡ ਦਾ ਨਾਮ ਨਿਸ਼ਾਨ ਖਤਮ ਹੋ ਜਾਵੇਗਾ ਅਤੇ ਸਤਿਗੁਰੂ ਜੀ ਦੇ ਭਵਿੱਖਤ ਬਚਨ ਭਲੀ-ਭਾਂਤ ਪੂਰੇ ਹੋ ਜਾਣਗੇ' ? ਗੁਰੂ ਜੀ ਦਾ ਉਪਦੇਸ਼ ਤਾਂ ਸਾਨੂੰ ਵਾਹਿਗੁਰੂ-ਭਗਤੀ, ਆਪਣੀ ਸਰੀਰਕ ਤੇ ਦਿਮਾਗੀ ਸ਼ਕਤੀ ਤੇ ਏਕਤਾ ਰਾਹੀਂ ਆਪਣਾ ਭਵਿੱਖ ਸਵਾਰਨ ਦਾ ਹੈ। ਪਰ ਅਸੀਂ ਇਨਸਾਨ ਦਾ ਭਵਿੱਖ
ਜੰਡਾਂ ਪਿੱਪਲਾਂ ਤੇ ਨਿਰਭਰ ਹੋਣਾ ਮੰਨਣ ਦੀ ਰੀਝ ਵੀ ਰਖਦੇ ਹਾਂ। ਧੰਨ ਹਾਂ ਅਸੀਂ ! ਬਲਿਹਾਰ ਜਾਈਏ ਅਪਣੀ ਅਕਲ ਤੋਂ ! ਪਤਾ ਨਹੀਂ, ਇਹ ਜੰਡ ਕਿੰਨੀ ਵਾਰੀ ਦੱਬਿਆ ਤੇ ਢਕਿਆ ਜਾਣਾ ਹੈ ਅਤੇ ਕਿੰਨੀ ਵਾਰੀ ਮੁੜ ਨੰਗਾ ਹੋਣਾ ਹੈ।

2. 'ਪੁਸ਼ਕਰ ਰਾਜ ਤੀਰਥ' ਦੀ ਸਾਖੀ ਵਿਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ

ਗੁਰ ਕਹਿਓ, ਆਇਓ ਚਲ ਕਾਲਾ।
ਦੁਸ਼ਟਨ ਕੋ ਭਾ ਤੇਜ ਬਸਾਲਾ।

ਭਾਵ:- ਗੁਰੂ ਜੀ ਨੇ ਕਿਹਾ, 'ਇਹੋ ਜਿਹਾ ਸਮਾਂ ਆ ਗਿਆ ਹੈ ਕਿ ਦੁਸ਼ਟਾਂ ਦਾ ਤੇਜ ਬਹੁਤ ਹੋ ਗਿਆ ਹੈ, ਵਧ ਗਿਆ ਹੈ।' ਕਵਿਤਾ ਵਿਚ ਮਾਤ੍ਰਾਂ ਦੀ ਗਿਣਤੀ ਠੀਕ ਰੱਖਣ ਲਈ 'ਭਇਆ ਦੇ ਥਾਂ 'ਭਾ' ਵਰਤ੍ਰਿਆ ਗਿਆ ਹੈ।

ਸੋਸਾਫ਼ ਹੈ ਕਿ ਲਿਖਾਰੀ ਦੀ ਕਲਮ ਗੁਰੂ ਜੀ ਦੇ ਮੂੰਹੋਂ ਉਸ ਸਮੇਂ ਦੇ ਹਾਲਾਤ ਦਾ ਜ਼ਿਕਰ ਕਰਵਾ ਰਹੀ ਹੈ, ਨਾ ਕਿ ਇਸ ਸਮੇਂ ਦਾ।

3. ਭਾਈ ਸੰਤੋਖ ਸਿੰਘ ਜੀ ਹੇਠਲੇ ਦੋਹਿਰੇ ਵਿਚ ਲਿਖਦੇ ਹਨ :

ਘਰ ਘਰ ਉਜਰੈ, ਘਰ ਵਸੈ, ਘਰ ਘਰ ਰੋਵੇ ਨਾਰ।
ਘਰ ਘਰ ਪੂਜਾ, ਘਰ ਘੁਮੰਡ, ਘਰ ਘਰ ਹੋਇ ਮਰ-ਮਾਰ।

ਪਰ ਉਜੜਨਾ, ਵਸਣਾ, ਤੀਵੀਂਆਂ ਦਾ ਰੋਣਾ, ਪੂਜਾ ਪਾਠ, ਅਹੰਕਾਰ ਅਤੇ ਮਾਰੋ-ਮਾਰੀ ਤਾਂ ਸੰਸਾਰ ਦੇ ਹਰ ਹਿੱਸੇ ਵਿਚ ਸਦਾ ਵਾਪਰਦੇ ਰਹੇ ਹਨ, ਵਾਪਰ ਰਹੇ ਹਨ ਅਤੇ ਵਾਪਰਦੇ ਰਹਿਣਗੇ। ਇਹ ਕਿਰਿਆਵਾਂ ਕਿਸੇ ਇਕ ਸਮੇਂ ਲਈ ਰੀਜ਼ਰਵ ਨਹੀਂ ਹੁੰਦੀਆਂ ਤੇ ਨਾ ਹੀ ਕਿਸੇ ਇਕ ਦੇਸ਼ ਲਈ।

4. ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਸ੍ਰੀ ਮੁਖ ਭਨਿਓ ਗਰੀਬ ਨਿਵਾਜ।
ਸ਼ਸਤ੍ਰਨ ਕੇ ਅਧੀਨ ਹੈ ਰਾਜ।
ਬਿਨਾਂ ਰਾਜ ਨਹੀਂ ਧਰਮ ਚਲੇ ਹੈ।
ਧਰਮ ਬਿਨਾਂ ਸਭ ਦਲੇ ਮਲੇ ਹੈ।

ਭਾਵ:- ਗਰੀਬ-ਨਿਵਾਜ ਗੁਰੂ ਜੀ ਨੇ ਆਪਣੇ ਮੁਖਾਰ ਬਿੰਦ ਤੋਂ ਫ਼ਰਮਾਇਆ: 'ਰਾਜ ਸ਼ਸਤ੍ਰਾਂ ਅਧੀਨ ਹੋ ਸਕਦਾ ਹੈ, ਹਥਿਆਰਾਂ ਦੀ ਮਦਦ ਨਾਲ ਹੀ ਹੋ ਸਕਦਾ ਹੈ ਪਰ ਰਾਜ ਬਿਨਾਂ ਧਰਮ ਨਹੀਂ ਚਲ ਸਕਦਾ ਅਤੇ ਧਰਮ ਤੋਂ ਬਿਨਾਂ ਸਾਰੇ ਦਲੇ ਮਲੇ ਜਾਂਦੇ

ਹਨ।

ਠੀਕ ਹੈ, ਹਰਿੱਕ ਕੌਮ ਰਾਜ ਕਰਨ ਦੀ ਇੱਛਾ ਰਖਦੀ ਹੈ, ਹਰਿੱਕ ਧਰਮ ਰਾਜ ਕਰਨ ਦੀ ਉਮੰਗ ਰਖਦਾ ਹੈ, ਸੋ 'ਰਾਜ ਕਰੇਗਾ ਖਾਲਸਾ' ਬਿਲਕੁਲ ਜਾਇਜ਼ ਅਕਾਂਖਿਆ ਹੈ ਅਤੇ ਰਾਜ ਲਈ ਹਥਿਆਰਾਂ ਦੀ ਲੋੜ ਵੀ ਹੁੰਦੀ ਹੈ। ਧਰਮ ਤੇ ਨਾ ਚਲ ਕੇ ਦੁਨੀਆਂ ਦੁਖੀ ਵੀ ਹੁੰਦੀ ਹੈ। ਪਰ ਗੁਰੂ ਜੀ ਇਹ ਗੱਲ ਨਹੀਂ ਸੀ ਕਹਿ ਸਕਦੇ ਕਿ ਰਾਜ ਬਿਨਾਂ ਧਰਮ ਚੱਲ ਹੀ ਨਹੀਂ ਸਕਦਾ। ਨਹੀਂ ਤਾਂ ਸਵਾਲ ਪੈਦਾ ਹੋ ਸਕਦਾ ਹੈ ਕਿ ਸੰਨ 1469 ਵਿਚ ਗੁਰੂ ਬਾਬੇ ਦੇ ਅਵਤਰਨ ਤੋਂ ਲੈ ਕੇ ਸੰਨ 1708 ਵਿਚ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤਾਈਂ 239 ਸਾਲ ਰਾਜ ਤੋਂ ਬਿਨਾਂ ਧਰਮ ਕਿਵੇਂ ਚੱਲਿਆ ?

ਸਾਫ਼ ਹੈ ਕਿ ਰਾਜ ਮਾਨਣਾ ਕੋਈ ਗੁਨਾਹ ਨਹੀਂ ਪਰ ਧਰਮ ਰਾਜ ਤੋਂ ਉੱਚਾ ਹੈ। ਗੁਰੂ ਬਾਬੇ ਨੇ ਗੁਰੂ ਅੰਗਦ ਜੀ ਨੂੰ 'ਪੰਥ ਕਰਨਾ' ਦਾ ਉਪਦੇਸ਼ ਦਿੱਤਾ ਸੀ,
ਪੰਥ-ਵ੍ਰਿਧੀ ਦਾ ਉਪਦੇਸ਼ ਹੀ ਅਗਲੇ ਸਾਰੇ ਗੁਰੂ ਆਪਣੇ ਉਤਰਾ ਅਧਿਕਾਰੀਆਂ ਨੂੰ ਦਿੰਦੇ ਰਹੇ ਅਤੇ ਅਕਾਲ ਪੁਰਖ ਨੇ ਦਸਮੇਸ਼ ਜੀ ਨੂੰ ਵੀ ਇਹੀ ਆਦੇਸ਼ ਦਿੱਤਾ ਸੀ:

*ਮੈਂ ਅਪਨਾ ਸੁਤ ਤੋਹਿ ਨਿਵਾਜਾ॥*
*ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥*
*ਜਾਹਿ ਤਹਾਂ ਤੈਂ ਧਰਮ ਚਲਾਇ ॥*
*ਕੁਬੁੱਧਿ ਕਰਨ ਤੇ ਲੋਕ ਹਟਾਇ ॥੨੯॥.................*
*ਜਹਾਂ ਤਹਾਂ ਤੁਮ ਧਰਮ ਬਿਥਾਰੋ ॥*
*ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥*

ਧਰਮ ਤੇ ਚੱਲਣ ਵਾਲਾ ਤਾਂ ਵਾਹਿਗੁਰੂ ਅੱਗੇ ਇਹ ਅਰਦਾਸ ਵੀ ਕਰ ਸਕਦਾ ਹੈ

*ਰਾਜੁ ਨ ਚਾਹਉ ਮੁਕਤਿ ਨ ਚਾਹਉ,*
*ਮਨਿ ਪ੍ਰੀਤਿ ਚਰਨ ਕਮਲਾਰੇ ॥..........*॥੨॥੩॥੨॥੨੯॥ *(ਦੇਵ ਗੰਧਾਰੀ ਮਹਲਾ ੫)*

ਧਰਮੀ ਨੂੰ ਰਾਜ ਤੋਂ ਵੀ ਇਨਕਾਰ ਨਹੀਂ ਪਰ ਉਹ ਘਸਿਆਰਾ ਬਨਣ ਲਈ ਵੀ ਤਿਆਰ ਹੈ :

*ਜੇ ਰਾਜ ਬਹਾਲੇ ਤਾਂ ਹਰਿ-ਗੁਲਾਮੁ,*
*ਘਾਸੀ ਕਉ ਹਰਿ-ਨਾਮ ਕਢਾਈ ॥.........॥੪॥੨॥੮॥੪੬॥*

*(ਗਉੜੀ ਬੈਰਾਗਣਿ ਮਹਲਾ ੪)*

ਭਾਵ :- ਜੇ ਵਾਹਿਗੁਰੂ ਆਪਣੇ ਸੇਵਕ ਨੂੰ ਰਾਜ-ਤਖਤ ਉਤੇ ਬਿਠਾ ਦੇਵੇ ਤਦ ਵੀ ਉਹ ਵਾਹਿਗੁਰੂ ਦਾ ਗੁਲਾਮ ਹੀ ਰਹਿੰਦਾ ਹੈ ਅਤੇ ਵਾਹਿਗੁਰੂ ਆਪਣੇ ਸੇਵਕ ਘਸਿਆਰੇ ਦੇ ਮੂੰਹੋਂ ਵੀ ਅਪਣਾ ਨਾਮ ਹੀ ਜਪਾਂਦਾ ਹੈ।

*ਜੌ ਰਾਜ ਦੇਹਿ ਤ ਕਵਨ ਬਡਾਈ ?*
*ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ?..........*॥੪॥੧॥ *(ਗੂਜਰੀ ਨਾਮਦੇਵ ਜੀ)*

ਧਰਮੀ ਨੂੰ ਪਤਾ ਹੁੰਦਾ ਹੈ :

*ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥............ ॥੫॥੨॥* *(ਗਉੜੀ ਸੁਖਮਨੀ)*

ਹਾਂ, ਜੇ ਧਰਮੀ ਪੁਰਖਾਂ ਦਾ ਰਾਜ ਹੋਵੇ ਤਾਂ ਉਹ ਦੂਜੇ ਰਾਜਾਂ ਨਾਲੋਂ ਚੰਗਾ ਹੁੰਦਾ ਹੈ। ਉਸ ਰਾਜ ਨੂੰ ਕੋਈ ਰਾਮ-ਰਾਜ ਕਹਿ ਲੈਂਦਾ ਹੈ, ਕੋਈ ਜਨਕ-ਰਾਜ, ਗਿਆਨ-ਰਾਜ, ਰਾਜ-ਜੋਗ ਜਾਂ ਸੋਸ਼ਲਿਸਟ-ਰਾਜ ਆਦਿਕ। ਦੂਜੇ ਪਾਸੇ, ਅਧਰਮੀ ਪੁਰਸ਼ਾਂ ਦਾ ਰਾਜ ਛੇਤੀ ਨਾਸ਼ ਹੋ ਜਾਂਦਾ ਹੈ ਅਤੇ ਨਾਸ਼ ਤੋਂ ਪਹਿਲਾਂ ਜਨਤਾ ਦਾ ਆਚਰਣ ਡਿਗ ਪੈਂਦਾ ਹੈ:

*ਜਿਸ ਨੋ ਆਪਿ ਖੁਆਏ ਕਰਤਾ, ਖੁਸਿ ਲਏ ਚੰਗਿਆਈ॥੩॥.....*

ਕਹਿੰਦੇ ਹਨ: 'ਤਪੋਂ ਰਾਜ, ਰਾਜੋਂ ਨਰਕ'। ਰਾਜ ਮਿਹਨਤ ਨਾਲ ਹੀ ਮਿਲਦਾ ਹੈ, ਜੇ ਚੰਗਾ ਨਾ ਹੋਵੇ ਤਾਂ ਦੁਖੀ ਵੀ ਕਰਦਾ ਹੈ। ਰਾਜ ਭਾਵੇਂ ਧਰਮੀਆਂ ਦਾ ਹੋਵੇ ਕਿ ਅਧਰਮੀਆਂ ਦਾ, ਸਦਾ ਥਿਰ ਤਾਂ ਕੋਈ ਰਹਿ ਨਹੀਂ ਸਕਦਾ ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਰਾਜ ਹੋਵੇ ਹੀ ਨਾ। ਸਦਾ ਦਾ ਰਾਜ ਤਾਂ ਸਾਰੀ ਦੁਨੀਆਂ ਨਾਲ ਪਿਆਰ ਕਰਨਾ ਹੈ ਪਰ ਅਸੀਂ ਇਨਸਾਨ ਜਾਂ, ਕਹਿ ਲਵੋ, ਹੈਵਾਨ ਇਉਂ ਨਹੀਂ ਕਰ ਸਕਦੇ।

ਸੋ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਆਪ ਸਿਖ ਬਣੀਏ, ਹੋਰਨਾਂ ਨੂੰ ਬਣਾਈਏ; ਆਪ ਰਹਿਤਵਾਨ ਬਣੀਏ, ਹੋਰਨਾਂ ਨੂੰ ਬਣਾਈਏ; ਆਪ ਕੁਰਹਿਤਾਂ ਤੋਂ ਬਚੀਏ, ਹੋਰਨਾਂ ਨੂੰ ਬਚਾਈਏ; ਆਪ ਨਿਤਨੇਮ ਕਰੀਏ, ਹੋਰਨਾਂ ਤੋਂ ਕਰਾਈਏ। ਸਾਡੀ ਕਹਿਣੀ ਤੇ ਕਰਨੀ ਇਕ ਹੋਵੇ। ਝੂਠੇ ਦਮਗਜ਼ੇ ਨਾ ਮਾਰੀਏ, ਨਿਰੀਆਂ ਨਾਅਰੇਬਾਜ਼ੀਆਂ ਨਾਲ ਕੰਮ ਨਹੀਂ ਚਲਣਾ। ਅਸੀਂ ਆਪਣੇ ਚੰਗੇ ਆਚਰਣ ਦੀ ਛਾਪ ਆਪਣੇ ਆਲੇ ਦੁਆਲੇ ਲਾਈਏ। ਆਪਣੇ ਵਿਰੋਧੀਆਂ ਨੂੰ ਸੋਧਣ ਜਾਂ ਗੱਡੀ ਚੜ੍ਹਾਨ ਦੇ ਡਰਾਵੇ ਨਾ ਦੇਈਏ ਸਗੋਂ ਪ੍ਰੇਮ ਤੇ ਦਲੀਲ ਨਾਲ ਸਿੱਖੀ ਵਲ ਪ੍ਰੇਰੀਏ ਤਾਂ ਕਿ ਇਕ ਪੰਜਾਬ ਕੀ, ਸਾਰਾ ਭਾਰਤ ਬਲਕਿ ਸਾਰੀ ਦੁਨੀਆਂ ਖਾਲਿਸਤਾਨ ਬਣ ਜਾਵੇ। ਪਰ ਜਿੰਨਾ ਚਿਰ ਅਸੀਂ ਆਪ ਖਾਲਸੇ ਨਹੀਂ ਬਣਦੇ, ਆਪ ਆਨੰਦਪੁਰ ਵਾਸੀ ਨਹੀਂ ਬਣਦੇ, ਸਾਨੂੰ ਕੋਈ ਸਫ਼ਲਤਾ ਨਹੀਂ ਮਿਲ ਸਕਦੀ। ਜੇ ਮਿਲ ਵੀ ਜਾਵੇ ਤਾਂ ਕਾਇਮ ਨਹੀਂ ਰਹਿ ਸਕਦੀ। ਅੱਜ ਤਾਂ ਸਾਡੀ ਹਾਲਤ 'ਬਾਰਾਂ ਪੂਰਬੀਏ ਤੇਰਾਂ ਚੁੱਲ੍ਹੇ' ਵਾਲੀ ਹੈ। ਅਸੀਂ ਆਪਣੇ ਲੀਡਰਾਂ ਨੂੰ ਨਿੰਦਦੇ ਵੀ ਹਾਂ ਅਤੇ ਉਹਨਾਂ ਨੂੰ ਮੁੜ ਮੁੜ ਚੁਣੀ ਵੀ ਜਾਂਦੇ ਹਾਂ। ਇਹ ਕਿਹੜੀ ਅਕਲਮੰਦੀ ਹੈ ? ਅਸੀਂ ਸਾਰੇ ਹੀ ਲੀਡਰ ਹਾਂ। ਸਾਡੇ ਵਿਚ ਫੁਟ ਹੈ। ਸਾਡੇ ਲੀਡਰਾਂ ਵਿਚ ਏਕਤਾ ਨਹੀਂ।

ਅੰਤ ਵਿਚ ਆਪਣੀ ਹਾਸੋਹੀਣੀ ਹਾਲਤ ਦੀਆਂ ਇਕ ਦੋ ਸਾਧਾਰਨ ਮਿਸਾਲਾਂ ਦਿੰਦਾ ਹਾਂ।

ਲਮਿੰਗਟਨ-ਸੱਪਾ ਕਿਸੇ ਪੱਬੀ-ਸਿੱਖ ਦੇ ਘਰ ਅਖੰਡ ਪਾਠ ਸੀ। ਘਰ ਵਾਲਿਆਂ ਪਾਠ ਦੌਰਾਨ ਪੱਬ ਜਾਣੋਂ, ਸ਼ਰਾਬ ਪੀਣੋਂ ਪਰਹੇਜ਼ ਕੀਤਾ ਪਰ ਪਾਠੀਆਂ ਵਿਚੋਂ ਇਕ ਨੀਲੀ ਦਸਤਾਰ ਵਾਲਾ ਅਤੇ ਦਾੜ੍ਹੀ-ਰੰਗਾ ਪਾਠੀ ਆਪਣੀ ਰੋਲ ਲਾ ਕੇ ਘਰ ਵਾਲਿਆਂ ਨੂੰ ਆਖਣ ਲੱਗਾ : 'ਮੇਰਾ ਤਾਂ ਸ਼ਰਾਬ ਦਾ ਅਮਲ ਟੁੱਟਦਾ ਹੈ, ਸੋ ਮੈਨੂੰ ਮੇਰੇ ਘਰ ਛੱਡ ਕੇ ਨ ਆਵੋ ਬਲਕਿ ਝਟਪਟ ਪੱਬ ਵਿਚ ਪੁਚਾਵੋ।'

ਮੇਰੇ ਸੰਨ 1976 ਵਿਚ ਇਸ ਦੇਸ਼ ਵਿਚ ਆਉਣ ਪਿਛੋਂ ਦੀ ਗੱਲ ਹੈ ਕਿ ਪਹਿਲਾਂ ਪਹਿਲ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਦੀ ਕਮੇਟੀ ਦੀ ਫ਼ੋਟੋ ਦੇਖੀ। ਦਿਲ

ਬੜਾ ਖੁਸ਼ ਹੋਇਆ ਕਿ ਕਾਲੀਆਂ ਦਾੜ੍ਹੀਆਂ ਵਾਲੇ ਨੌਜਵਾਨ ਅੱਗੇ ਆ ਰਹੇ ਹਨ ਪਰ ਪਤਾ ਲੱਗਾ ਕਿ ਨੌਜਵਾਨ ਤਾਂ ਥੋੜ੍ਹੇ ਹੀ ਸਨ, ਬਾਕੀ ਜ਼ਿਆਦਾਤਰ ਤਾਂ ਦਾੜ੍ਹੀ-ਰੰਗੇ, ਖਿਜ਼ਾਬੀਏ ਸਿੱਖ ਸਨ। ਹੈਰਾਨੀ ਹੋਈ ਪਰ ਇਹੋ ਜਿਹੇ ਸੱਜਣਾਂ ਤੇ ਤਾਂ ਜ਼ੌਕ ਦਾ ਇਹ ਸ਼ਿਅਰ ਢੁਕਦਾ ਹੈ। ਸ਼ਿਅਰ ਪੜ੍ਹ ਕੇ ਹੀ ਆਪਣੇ ਮਨ ਨੂੰ ਸਮਝਾ ਲੈਂਦੇ ਹੋਣਗੇ:-

*ਨਹੀਂ ਖਿਜ਼ਾਬ ਸੇ ਮਤਲਬ, ਮਗਰ ਯਿਹ ਮੂਇ-ਸੁਫ਼ੇਦ*
*ਸਿਆਹ-ਫ਼ਾਮ ਹੂਏ ਮਾਤਮਿ-ਜਵਾਨੀ ਮੇਂ।*

# ਕਲਕੀ ਅਵਤਾਰ' ਤੇ 'ਸੌ ਸਾਖੀ'

'ਕਲਕੀ ਅਵਤਾਰ' ਅਤੇ 'ਸੌ ਸਾਖੀ' ਦੀ ਬੜੀ ਚਰਚਾ ਚਲ ਰਹੀ ਹੈ। ਕਈ ਵਾਰੀ ਅਸੀਂ ਕਿਸੇ ਵਿਸ਼ੇ ਤੇ ਇੰਕਸ਼ਾਫ਼ ਨਾ ਕਰਦੇ ਹੋਏ ਮੱਖੀ ਤੇ ਮੱਖੀ ਮਾਰੀ ਜਾਂਦੇ ਹਾਂ। ਜਗਤ ਦੀ ਭੇਡ ਚਾਲ ਹੈ !

'ਕਲਕੀ ਅਵਤਾਰ' ਦਾ ਹੀ ਦੂਜਾ ਨਾਮ 'ਨਿਹਕਲੰਕ ਅਵਤਾਰ' ਹੈ। ਵਿਸ਼ਨੂ ਪੁਰਾਨ ਵਿਚ ਲਿਖਿਆ ਗਿਆ ਹੈ ਕਿ ਘੋਰ ਕਲਜੁਗ ਸਮੇਂ ਸੰਭਲ ਨਗਰ, ਜ਼ਿਲਾ ਮੁਰਾਦਾਬਾਦ, ਉਤਰ ਪ੍ਰਦੇਸ਼ ਵਿਚ ਵਿਸ਼ਨੂ ਦੱਤ ਬ੍ਰਾਹਮਣ ਦੇ ਘਰ ਕਲਕੀ ਅਵਤਾਰ ਪ੍ਰਗਟੇਗਾ। ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖ ਧਰਮ ਤਥਾ-ਕਥਿਤ ਮਨੌਤ ਅਨੁਸਾਰ ਜੁੱਗਾਂ ਨੂੰ ਮੰਨਦਾ ਹੀ ਨਹੀਂ । ਪਾਠਕ ਰਾਮਕਲੀ ਮਹਲਾ ੧ ਦੀ ਪਹਿਲੀ ਅਸ਼ਟਪਦੀ ਵਿਚਾਰ ਸਕਦੇ ਹਨ, ਜੋ ਇਉਂ ਆਰੰਭ ਹੁੰਦੀ ਹੈ।

*ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤੁ ਰਹੈ॥*
*ਸਾ ਧਰਤੀ, ਸੋ ਪਉਣ ਝੁਲਾਰੇ, ਜੁਗ ਜੀਅ ਖੇਲੇ, ਥਾਵ ਕੈਸੇ ?*

ਦੂਜੀ ਗੱਲ ਇਹ ਹੈ ਕਿ ਦਸਮੇਸ਼ ਜੀ ਨੇ 'ਚੌਬੀਸ ਅਉਤਾਰ' ਦੀ ਭੂਮਿਕਾ ਵਿਚ ਲਿਖਿਆ ਹੈ:

*ਜੋ ਚਉਬੀਸ ਅਵਤਾਰ ਕਹਾਏ।*
*ਤਿਨ ਭੀ ਤੁਮ, ਪ੍ਰਭ ! ਤਨਕ ਨ ਪਾਏ।*

ਗੁਰੂ ਜੀ ਨੇ ਇਥੇ ਭੂਤਕਾਲ ਵਰਤਿਆ ਹੈ। ਇਸ ਦਾ ਭਾਵ ਇਹ ਹੈ ਕਿ ਗੁਰੂ ਜੀ ਇਨ੍ਹਾਂ ਨੂੰ ਹੋ ਚੁੱਕੇ ਮੰਨਦੇ ਹਨ। ਇਸ ਲਈ ਕਲਕੀ ਅਵਤਾਰ ਵੀ ਹੋ ਗੁਜ਼ਰਿਆ ਹੈ ਕਿਉਂਕਿ ਉਹਨਾਂ ਉਸਨੂੰ ਚਉਬੀਸਵਾਂ ਅਵਤਾਰ ਗਿਣਿਆ ਹੈ:

ਚਉਬੀਸਵੇਂ ਕਲਕੀ ਅਵਤਾਰਾ। ਤਾ ਕਰ ਕਹੋਂ ਪ੍ਰਸੰਗ ਸੁਧਾਰਾ ॥੧॥

ਛੰਤ ੧੭੮ ਵਿਚ ਲਿਖਿਆ ਹੈ:

'ਉਪਜਿਓ ਆਨ ਕਲਕੀਵਤਾਰ।'

ਭਾਵ ਕਲਕੀ ਅਵਤਾਰ ਪੈਦਾ ਹੋਇਆ। ਅੱਗੇ ਸੋਰਠਾ ਪੜ੍ਹੀਏ:

*ਇਮ ਕਲਕੀ ਅਵਤਾਰ, ਜੀਤੇ ਜੁੱਧ ਸਭੈ ਨ੍ਰਿਪਤਿ॥*
*ਕੀਨੋ ਰਾਜ ਸੁਧਾਰ, ਬੀਸ ਸਹੰਸ ਦਸ ਲਖ ਬਰਖ॥੫੭੬॥*

ਭਾਵ ਉਸਨੇ ਦਸ ਲਖ ਵੀਹ ਹਜ਼ਾਰ ਵਰ੍ਹੇ ਰਾਜ ਕੀਤਾ। ਅੰਤ ਵਿਚ ਲਿਖਿਆ ਹੈ:

*ਇਹ ਭਾਂਤ ਪੂਰਨ ਸੁਧਾਰ ॥ ਭਏ ਚੌਬਿਸੇ ਅਵਤਾਰ ॥੫੮੮॥*

ਇਸ ਤੋਂ ਅੱਗਲੇ ਚੈਪਟਰ ਵਿਚ 'ਮਹਿਦੀ ਮੀਰ' ਦੇ ਸਾਰੀ ਦੁਨੀਆਂ ਜਿੱਤਣ ਅਤੇ

ਅੰਤ ਆਪਣੇ ਨਾਸ਼ ਦਾ ਹਾਲ ਹੈ। 'ਨਿਹ ਕਲੰਕ ਅਵਤਾਰ' ਵਿਚ ੧੪੧ ਤੋਂ ੧੫੫ ਤਾਈਂ ਪੰਦਰਾਂ ਸਵਈਆ ਛੰਦ ਐਸੇ ਹਨ ਜਿਹਨਾਂ ਵਿਚ ਹਰਿਕ ਦੇ ਅੰਤ ਵਿਚ ਇਹ ਚਰਨ ਆਉਂਦਾ ਹੈ:

ਭਲ ਭਾਗ ਭਯਾ ਇਹ ਸੰਭਲ ਕੇ, ਹਰਿਜੂ ਹਰਿਮੰਦਰ ਆਵਹਗੇ ॥

ਇਸ ਲਾਈਨ ਦਾ ਭਾਵ ਇਹ ਹੈ: ਸੰਭਲ ਨਗਰ ਦੇ ਲੋਕਾਂ ਦਾ ਭਾਗ ਹੈ। ਇਹ ਬੜਾ ਚੰਗਾ ਹੈ ਕਿ ਉਹਨਾਂ ਦਾ ਰਾਜਾ ਕਲਕੀ ਅਵਤਾਰ ਇਸ ਥਾਂ ਹਰਿਮੰਦਰ ਵਿਚ ਆਇਆ ਹੈ, ਭਾਵ ਸਰੀਰ ਵਿਚ ਆਇਆ ਹੈ, ਉਸਨੇ ਜਨਮ ਲਿਆ ਹੈ। 'ਨਿਹਕਲੰਕ ਅਵਤਾਰ' ਵਿਚ ਵਰਤੇ ਗਏ ਭਵਿਖੱਤ ਕਾਲ ਨੂੰ ਅਰਥ ਕਰਨ ਲੱਗਿਆ ਵਰਤਮਾਨ ਕਾਲ ਵਿਚ ਲੈਣਾ ਹੈ। ਗੁਰਬਾਣੀ ਵਿਚ ਇਸ ਦੀਆਂ ਬਥੇਰੀਆਂ ਮਿਸਾਲਾਂ ਮਿਲਦੀਆਂ ਹਨ। ਜਿਵੇਂ, 'ਪ੍ਰਭੂ ! ਕੀਜੈ ਕ੍ਰਿਪਾਨਿਧਾਨ' ਵਾਲੇ ਸ਼ਬਦ ਵਿਚ ਜਾਂ ਅਕਾਲ ਉਸਤਤਿ ਵਿਚ 'ਸ੍ਰਾਵਗ ਸੁੱਧ' ਸਵਈਆਂ ਵਿਚਲੇ ਪੰਜਵੇਂ ਸਤਵੇਂ ਤੇ ਅਠਵੇਂ ਸਵਈਏਂ ਵਿਚ ਜਾਂ 'ਖੂਕ ਮਲਹਾਰੀ' ਵਾਲੇ ਕਬਿੱਤਾਂ ਵਿਚ ਸਤਾਰ੍ਹਵਾਂ ਤੇ ਅਠਾਰ੍ਹਵੇ ਕਬਿੱਤ ਮਿਸਾਲ ਦੇ ਤੌਰ ਤੇ 'ਸਾਧ ਸਮੂਹ ਪ੍ਰਸੰਨ ਫਿਰੈ ਜਗਿ, ਸਤ੍ਰ ਸਭੈ ਅਵਲੋਕਿ ਚਪੈਂਗੇ' ਦਾ ਭਾਵ ਹੈ: ਸਾਰੇ ਚੰਗੇ ਬੰਦੇ ਦੁਨੀਆਂ ਵਿਚ ਖੁਸ਼ ਰਹਿੰਦੇ ਹਨ ਅਤੇ ਉਹਨਾਂ ਨਾਲ ਵੈਰ ਕਰਨ ਵਾਲੇ ਉਹਨਾਂ ਨੂੰ ਖੁਸ਼ ਦੇਖ ਕੇ ਦਬਕ ਜਾਂਦੇ ਹਨ।

ਅਫ਼ਸੋਸ ਹੈ ਕਿ ਸਾਡੇ ਪ੍ਰਚਾਰਕ ਹਾਲਾਂ ਤਾਈਂ ਵੀ ਕਹੀ ਜਾ ਰਹੇ ਹਨ: 'ਦਸਮੇਸ਼ ਜੀ ਆਪਣੇ ਜੀਵਨ ਵਿਚ ਹਰਿਮੰਦਰ ਸਾਹਿਬ ਨਹੀਂ ਸਨ ਗਏ। ਉਹ ਕਹਿ ਗਏ ਸਨ ਕਿ ਅਸੀਂ ਕਲਕੀ ਅਵਤਾਰ ਬਣਕੇ ਹਰਿਮੰਦਰ ਸਾਹਿਬ ਆਵਾਂਗੇ, ਤਾਂਹੀ ਲਿਖਿਆ ਹੈ—'ਹਰਿਜੂ ਹਰਿਮੰਦਰ ਆਵੇਗੇ।' ਕੋਈ ਇਹ ਨਹੀਂ ਸੋਚਦਾ ਕਿ ਗੁਰੂ ਜੀ ਆਪਣੇ ਆਪ ਨੂੰ 'ਹਰਿਜੂ' ਕਿਵੇਂ ਕਹਿ ਸਕਦੇ ਸਨ। ਜੇ ਕਲਕੀ ਅਵਤਾਰ ਗੁਰੂ ਗੋਬਿੰਦ ਸਿੰਘ ਹੈ, ਤਦ ਤਾਂ ਸਾਰੇ ਹੀ ਚੌਬੀ ਅਵਤਾਰ ਗੁਰੂ ਗੋਬਿੰਦ ਸਿੰਘ ਹਨ, ਕੱਛ (ਕੱਛੂ) ਅਵਤਾਰ, ਮੱਛ ਅਵਤਾਰ ਤੇ ਬੈਰਾਹ (ਸੂਰ) ਅਵਤਾਰ ਵੀ ਗੁਰੂ ਗੋਬਿੰਦ ਸਿੰਘ ਹਨ, ਕਿਉਂਕਿ ਇਹ ਤਿੰਨੇ ਵੀ 'ਕਲਕੀ ਅਵਤਾਰ' ਸਮੇਤ, ਵਿਸ਼ਨੂ ਦੇ ਅਵਤਾਰ ਹੀ ਮੰਨੇ ਜਾਂਦੇ ਹਨ। ਪਰ ਦਸਮੇਸ਼ ਜੀ ਤਾ ਵਿਸ਼ਨੂੰ ਨੂੰ ਵੀ ਨਹੀਂ ਸਨ ਮੰਨਦੇ। ਸੋ ਉਹ ਵਿਸ਼ਨੂ ਦਾ ਰੂਪ ਨਹੀਂ ਸਨ।

ਕਿੰਨਾ ਸ਼ਰਮਾਨਕ ਹੈ ਇਸ ਲਈ ਇਹ ਕੁਝ ਸੋਚਣਾ। ਗੁਰਸਿਖਾਂ ਲਈ ਇਹ ਸ਼ੋਭਾ ਨਹੀਂ ਦਿੰਦਾ। ਇਹ ਊਟਪਟਾਂਗ ਸੋਚ ਤਾਂ ਭੰਗੀਆਂ, ਪੋਸਤੀਆਂ, ਅਫ਼ੀਮੀਆਂ ਲਈ ਹੈ। ਕੀ ਇਹੀ ਹੈ ਸਾਡਾ ਨਿਰਾਲਾਪਨ ? ਪਤਾ ਨਹੀਂ, ਸਾਡੇ ਵਿਚ ਨਿਰਾਲਾਪਨ ਕਦੋਂ ਆਵੇਗਾ ! ਜਾਪਦਾ ਹੈ, ਗਿਆਨੀਆਂ ਨੇ 'ਕਲਕੀ' ਅਤੇ ਕਲਗੀ ਨੂੰ ਇਕੋ ਸ਼ਬਦ ਸਮਝ ਕੇ 'ਕਲਗੀਧਰ' ਨੂੰ 'ਕਲਕੀ ਅਵਤਾਰ' ਸਮਝ ਰੱਖਿਆ ਹੈ। 'ਚਉਬੀਸ ਅਵਤਾਰ' ਗੁਰੂ ਜੀ ਨੇ ਸੰਸਕ੍ਰਿਤ ਵਿਚੋਂ ਹਿੰਦੀ ਵਿਚ ਸੁਤੰਤਰ ਤੌਰ ਤੇ ਇਸ ਲਈ ਨਹੀਂ ਸਨ ਅਨੁਵਾਦੇ ਕਿ ਉਹ ਆਪਣੇ ਆਪ ਨੂੰ ਇਹਨਾਂ ਦਾ ਰੂਪ ਸਮਝਦੇ ਸਨ ਬਲਕਿ ਇਸ ਲਈ ਕਿ ਇਹਨਾਂ ਨੂੰ ਧਰਮ ਯੁਧ ਲਈ ਚਾਅ ਸੀ। ਜਿਹਾ ਕਿ ਉਹਨਾਂ 'ਕ੍ਰਿਸ਼ਨਾਵਤਾਰ' ਦੇ ਅੰਤ ਵਿਚ ਲਿਖਿਆ ਹੈ:

*ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ॥*
*ਅਵਰ ਬਾਸਨਾ ਨਾਹਿ, ਪ੍ਰਭ ! ਧਰਮ ਯੁੱਧ ਕੇ ਚਾਇ॥੨੪੯੧॥*
*ਆਈਏ, ਹੁਣ 'ਸੌ ਸਾਖੀ' ਬਾਰੇ ਵਿਚਾਰੀਏ।*

ਮੈਂ ਆਪਣੇ ਮਾਪਿਆਂ, ਬਜ਼ੁਰਗਾਂ, ਟੀਚਰਾਂ ਅਤੇ ਪ੍ਰਚਾਰਕਾਂ ਤੋਂ 'ਸੌ ਸਾਖੀ' ਬਾਰੇ ਸੁਣਦਾ ਆ ਰਿਹਾ ਸਾਂ ਕਿ ਉਹ ਮਿਲਦੀ ਨਹੀਂ ਕਿਉਂਕਿ ਅੰਗਰੇਜ਼ੀ ਸਰਕਾਰ ਨੇ ਉਸਦੇ ਛਾਪਣ ਤੇ ਰੋਕ ਲਾਈ ਹੋਈ ਹੈ। ਜਦ 1929 ਵਿਚ ਦਸਵੀਂ ਪਾਸ ਕਰਕੇ ਮੈਂ ਖਾਲਸਾ ਕਾਲਜ ਤੋਂ ਅੰਮ੍ਰਿਤਸਰ ਦਾਖਲ ਹੋਇਆ ਤਾਂ 'ਬਾਜ਼ਾਰ ਮਾਈ ਸੇਵਾਂ' ਵਿਚ ਕਿਤਾਬਾਂ ਦੀਆਂ ਦੁਕਾਨਾਂ ਤੋਂ 'ਸੌ ਸਾਖੀ' ਬਲਕਿ 'ਪੰਜ ਸੌ ਸਾਖੀ' ਵੀ ਦੇਖੀ। ਪਰ ਮੈਨੂੰ ਦਸਿਆ ਗਿਆ ਕਿ ਉਹ ਨਕਲੀ ਸੀ ਅਤੇ ਅਸਲੀ ਤਾਂ ਹੱਥ ਲਿਖਤ ਨੁਸਖੇ ਸਨ।

ਮੈਂ ਹੱਥ ਲਿਖਤ ਦੀ ਭਾਲ ਵਿਚ ਸਾਂ ਕਿ ਸੰਨ 1934 ਦੇ ਅੰਤ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੀਏ ਦੇ ਸਤਸੰਗੀ, ਸੰਤ ਤੇਜਾ ਸਿੰਘ, ਐਮ. ਏ., ਐਲ ਐਲ. ਬੀ., ਏ . ਐਮ. (ਹਾਰਵਰਡ) ਨੇ ਮੈਨੂੰ ਗੁਜਰਾਂਵਾਲੇ ਦਸਿਆ ਕਿ ਉਹਨਾ ਪਾਸ ਇਕ ਹੱਥ ਲਿਖਤ 'ਸੌ ਸਾਖੀ' ਹੈ, ਅਤੇ ਉਹਨਾ ਕਿਹਾ ਕਿ ਜੇ ਮੈਂ ਉਹਨਾਂ ਪਾਸ ਜ਼ਿਲਾ ਪਟਿਆਲਾ ਦੀ ਤਹਿਸੀਲ ਸੁਨਾਮ ਦੇ ਪਿੰਡ ਚੀਮਾ ਵਿਚ ਰਹਿਣ ਲਈ ਕੁੱਝ ਸਮਾਂ ਕਢ ਸਕਾਂ ਤਾਂ ਉਹ ਮੈਨੂੰ 'ਸੌ ਸਾਖੀ' ਪੜ੍ਹਾ ਦੇਣਗੇ। ਸੰਤ ਅਤਰ ਸਿੰਘ ਜੀ ਦਾ ਜਨਮ ਸੀ ਉਸ ਪਿੰਡ ਦਾ। ਸੰਤ ਤੇ ਜਾ ਸਿੰਘ ਜੀ ਉਹਨਾ ਦੀ ਯਾਦ ਵਿਚ ਉਥੇ ਗੁਰਦੁਆਰਾ ਅਤੇ ਸਰੋਵਰ ਬਣਾ ਰਹੇ ਸਨ।

ਮੈਂ ਸੱਤ ਮਹੀਨੇ ਉਹਨਾਂ ਪਾਸ ਰਿਹਾ। ਜੇ ਮੈਂ ਉਹਨਾਂ ਦੇ ਡੇਰੇ ਦੀ ਬਦ-ਇੰਤਜ਼ਾਮੀ ਦਾ ਹਾਲ ਲਿਖਾਂ ਤਾਂ ਗੱਲ ਲੰਮੀ ਹੋ ਜਾਵੇਗੀ: ਨਾਲੇ ਉਸ ਅਨੁਸ਼ਾਸਨਹੀਣਤਾ ਦਾ ਇਸ ਲੇਖ ਨਾਲ ਸਬੰਧ ਨਹੀਂ। ਹਾਂ, ਇਹ ਜ਼ਰੂਰ ਲਿਖਣਾ ਪੈ ਰਿਹਾ ਹੈ ਕਿ ਸੰਤ ਜੀ ਮੈਥੋਂ ਆਪਣੇ ਪੁਤਰ ਸ. ਮੁਕੰਦ ਸਿੰਘ ਦੇ ਪੁੱਤਰ ਭਾਵ ਆਪਣੇ ਪੋਤੇ ਨੂੰ ਇੰਗਲਿਸ਼ ਪੜ੍ਹਾਉਣ ਅਤੇ ਆਪਣੀਆਂ ਚਿੱਠੀਆਂ ਦਾ ਉਤਰ ਲਿਖਵਾਉਣ ਦੀ ਵੇਤਨ ਰਹਿਤ ਸੇਵਾ ਲੈਂਦੇ ਰਹੇ। ਇਕ ਦਿਨ ਉਹਨਾ ਮੈਨੂੰ ਇਕ ਚਿੱਟੇ ਘਸਮੈਲੇ ਕਪੜੇ ਵਿਚੋਂ ਕਢ ਕੇ ਇਕ ਹੱਥ ਲਿਖਤ ਵਿਖਾਈ। ਕਾਲੀ ਇੰਕ ਨਾਲ ਲਿਖੀ ਹੋਈ ਪੰਜਾਬੀ ਸੀ। ਆਮ ਐਕਸਰਸਾਈਜ਼ ਬੁਕ ਦੇ ਆਕਾਰ ਦੀ ਵਰਕੇ ਪਤਾ ਨਹੀਂ ਮੋਟੇ ਸਨ ਕਿ ਪਤਲੇ। ਘੱਟੋ ਘੱਟ ਅੱਠਤਾਲੀ ਅਤੇ ਵੱਧੋ ਵੱਧ ਛਿਆਨਵੇਂ ਕੁ ਸਫ਼ਿਆਂ ਦੀ ਹੋਵੇਗੀ। ਉਹਨਾਂ ਮੈਨੂੰ ਉਸਦੇ ਪੜ੍ਹਨ ਦੀ ਆਗਿਆ ਨਾ ਦਿੱਤੀ। ਉਹ ਅੱਜ ਕਲ੍ਹ ਅੱਜ ਕਲ੍ਹ ਕਰਦੇ ਰਹੇ ਪਰ ਪੜ੍ਹਾਈ ਮੈਨੂੰ ਬਿਲਕੁਲ ਨਾ। ਤਦ ਨੂੰ ਉਹ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਜਾਣ ਲੱਗੇ। ਮੈਨੂੰ ਕਹਿਓ ਸੁ 'ਏਥੇ ਸਾਡਾ ਵਿਹਲ ਨਹੀਂ ਲੱਗਾ। ਚੱਲ, ਸਾਡੇ ਨਾਲ ਪਾਉਂਟਾ ਸਾਹਿਬ, ਉਥੇ ਤੈਨੂੰ 'ਸੌ ਸਾਖੀ' ਪੜ੍ਹਾਵਾਂਗੇ।' ਜਥੇ ਨਾਲ ਉਹ ਆਪਣੇ ਪੋਤੇ ਸੁਰਿੰਦਰ ਸਿੰਘ ਨੂੰ ਵੀ ਲਿਜਾ ਰਹੇ ਸਨ। ਮੈਂ ਸੋਚਿਆ ਕਿ ਸ਼ਾਇਦ ਉਥੇ ਵੀ ਮੈਨੂੰ 'ਸੌ ਸਾਖੀ' ਨਾ ਪੜ੍ਹਾ ਸਕਣ ਅਤੇ ਸਿਰਫ਼ ਆਪਣੇ ਪੋਤੇ ਨੂੰ ਇੰਗਲਿਸ਼ ਪੜ੍ਹਾਉਣ ਅਤੇ ਲਿਖ੍ਹਾ ਪੜ੍ਹੀ ਦਾ ਕੰਮ ਹੀ ਦੇਈ ਰੱਖਣ। ਸੋ ਮੈਂ ਨਾ ਗਿਆ। ਸੰਤ ਜੀ ਨੇ ਪਾਉਂਟੇ ਸਾਹਿਬ ਪੁਜਦਿਆਂ ਹੀ ਚੀਮੀਂ ਆਪਣੇ ਮੁਖੀ ਸੇਵਾਦਾਰ ਭਾਈ ਗੋਪਾਲ ਸਿੰਘ, ਜਿਸਦੀ ਅੱਲ 'ਸਤਿਨਾਮ' ਸੀ, ਨੂੰ ਚਿੱਠੀ ਪਾਈ। ਉਸ ਵਿਚ ਮੇਰੇ ਬਾਰੇ

ਲਿਖਿਆ: 'ਭਾਈ ਰਤਨ ਸਿੰਘ ਦਾ ਭਲਾ ਏਥੇ ਆ ਕੇ ਹੈ ਜਾਂ ਚੀਮੀਂ ਰਹਿ ਕੇ, ਹੋਰ ਕਿਤੇ ਨਹੀਂ। ਜੇ ਉਹ ਅੰਮ੍ਰਿਤਸਰ ਜਾਣਾ ਚਾਹੁੰਦਾ ਹੈ ਤਾਂ ਉਸਨੂੰ ਕਿਰਾਇਆ ਨਹੀਂ ਦੇਣਾ।' 'ਸਤਿਨਾਮ' ਵਿਚਾਰਾ ਸਚਮੁਚ 'ਸਤਿਨਾਮ' ਸੀ। ਉਸਨੇ ਉਹ ਚਿਠੀ ਮੈਨੂੰ ਪੜ੍ਹਾ ਦਿਤੀ, ਨਾਲੇ ਮੈਨੂੰ ਵੀਹ ਰੁਪਏ ਦੇ ਦਿੱਤੇ। ਇਸ ਤਰ੍ਹਾਂ ਮੈਂ ਸੰਤ ਜੀ ਤੋਂ 'ਸੌ ਸਾਖੀ' ਵਿਚੋਂ ਸਿਰਫ਼ ਇਕ 'ਸਾਖੀ' ਹੀ ਪੜ੍ਹ ਸਕਿਆ। ਪਾਠਕ ਆਪੋ ਆਪਣੇ ਅੰਦਾਜ਼ੇ ਅਨੁਸਾਰ 'ਮਹਾਂ ਪੁਰਸ਼ਾਂ ਦੇ ਇਸ ਚੋਜ' ਨੂੰ ਤੋਲ ਸਕਦੇ ਹਨ।

ਸੰਤ ਅਤਰ ਸਿੰਘ ਜੀ ਮਸਤੂਆਣੀਆਂ ਨੂੰ ਕਿਸੇ ਨੇ ਕਿਹਾ,'ਸੰਤ ਜੀ, ਆਪ ਜੀ ਬਾਰੇ, ਤਾਂ 'ਸੌ ਸਾਖੀ' ਵਿਚ ਵੀ ਜ਼ਿਕਰ ਹੈ। ਲਿਖਿਆ ਹੈ—ਰਾਮ ਸਿੰਘ ਸੂਰਾ, ਅਤਰ ਸਿੰਘ ਪੂਰਾ। ਸੰਤ ਜੀ ਨੇ ਉਤਰ ਦਿੱਤਾ: ਪ੍ਰੇਮੀਆਂ ! 'ਸੌ ਸਾਖੀ' ਹੈ ਜਾਂ ਨਹੀਂ, ਅਸਲੀ ਹੈ ਕਿ ਨਕਲੀ, ਉਸ ਵਿਚ ਸਾਡਾ ਨਾਉਂ ਲਿਖੇ ਨਾਲ ਹੈ ਜਾਂ ਨਹੀਂ ਇਸ ਨਾਲ ਸਾਨੂੰ ਕੋਈ ਫ਼ਰਕ ਨਹੀਂ ਪੈਣਾ ਚਾਹੀਦਾ। ਨਾਉਂ ਲਿਖਣ ਨਾਲ ਅਸੀਂ ਵੱਡੇ ਨਹੀਂ ਹੋ ਜਾਂਦੇ। ਨਾ ਲਿਖੇ ਹੋਣ ਨਾਲ ਘਟ ਨਹੀਂ ਜਾਂਦੇ, ਜੋ ਹਾਂ, ਹਾਂ ਹੀ। ਇਨ੍ਹਾਂ ਹਉਮੈ ਦੇ ਵਿਚਾਰਾਂ ਤੇ ਕਾਬੂ ਪਾ ਕੇ ਸਾਨੂੰ 'ਵਾਹਿਗੁਰੂ' ਮੰਤਰ ਦਾ ਆਸਰਾ ਲੈਣਾ ਹੀ ਲੋੜੀਂਦਾ ਹੈ।' ਸੰਤ ਜੀ ਦਾ ਫਰਵਰੀ ਸੰਨ 1926 ਵਿਚ ਦੇਹਾਂਤ ਹੋ ਗਿਆ। ਉਨਾਂ ਦੇ ਅੰਤਮ ਸੰਸਕਾਰ ਦੇ ਥਾਂ ਬਣਾਏ ਗਏ ਗੁਰਦਵਾਰੇ ਵਿਚ ਫਰਵਰੀ ਸੰਨ 1934 ਵਿਚ ਉਹਨਾਂ ਦੀ ਬਰਸੀ ਮਨਾਏ ਜਾਣ ਦੇ ਉਪਲਕਸ਼ ਵਿਚ ਮੈਨੂੰ ਵੀ ਮਸਤੂਆਣੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਦੀਵਾਨ ਵਿਚ ਕਾਲੀ ਦਸਤਾਰ ਵਾਲੇ ਇਕ ਰਹਿਤਵਾਨ ਸਿੰਘ ਨੂੰ 'ਸੌ ਸਾਖੀ' ਦੇ ਹਵਾਲੇ ਦੇ ਕੇ ਸੰਤ ਜੀ ਦੀ ਉਸਤਤਿ ਕਰਦੇ ਸੁਣਿਆ।

ਸੰਨ 1940 ਤੋਂ ਪਹਿਲਾਂ ਇਹ ਅਫ਼ਵਾਹ ਫੈਲੀ ਕਿ ਇਸ ਸਾਲ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਲਈ ਰੂਸ ਇੰਡੀਆ ਤੇ ਹੱਲਾ ਬੋਲੇਗਾ। ਪਰ ਜਦ ਰੂਸ ਪੰਜਾਬੇ ਆਵੇ, ਰੁਪਏ ਸੇਰ ਅੰਨ ਵਿਕਾਵੇ; ਪਰ ਗੁਰੂ ਕਾ ਸਿੱਖ ਭੁੱਖਾ ਨਾ ਜਾਵੇ।' ਇਹ ਦੰਦ ਕਥਾ ਵੀ ਚੱਲੀ ਕਿ 'ਮਾਝੇ ਦਾ ਮੈਦਾ, ਦੁਆਬੇ ਦਾ ਦਲੀਆ ਤੇ ਮਾਲਵੇ ਦਾ ਦੁਫਾਕੜ' ਹੋ ਜਾਵੇਗਾ ਅਤੇ ਜਿਹੜੇ ਲੋਕ ਸੰਤ ਅਤਰ ਸਿੰਘ ਜੀ ਦੇ ਉੱਦਮ ਨਾਲ ਬਣਵਾਏ ਗਏ ਗੁਰਦਵਾਰਾ ਗੁਰ-ਸਾਗਰ, ਮਸਤੂਆਣੇ ਜਾਂ ਰਿਆਸਤ ਮੰਡੀ ਵਿਚ ਸ੍ਰੀ ਦਸਮੇਸ਼ ਜੀ ਦੀ ਯਾਦ ਵਿਚ ਬਣਾਏ ਗੁਰਦਵਾਰਾ ਰਵਾਲਸਰ ਪਨਾਹ ਲੈ ਲੈਣਗੇ, ਉਹੀ ਬਚਣਗੇ। ਗੱਲ ਉਡਾਈ ਗਈ ਕਿ ਸੰਤ ਜੀ ਨੇ ਗੁਰਦਵਾਰਾ ਮਸਤੂਆਣਾ ਇਸ ਉਦੇਸ਼ ਲਈ ਵੀ ਬਣਵਾਇਆ ਸੀ। ਸੰਨ 1940 ਵਿਚ ਆਮ ਜਨਤਾ ਤਾਂ ਰਵਾਲਸਰ ਜਾਂ ਮਸਤੂਆਣੇ ਨਾ ਗਈ, ਪਰ ਕੂਕੇ, ਨਾਮਧਾਰੀ ਸਿੱਖ ਕਿਉਂਕਿ 'ਸੌ ਸਾਖੀ' ਨੂੰ ਉਹੀ ਮਾਨਤਾ ਦਿੰਦੇ ਹਨ, ਜੋ ਹਿੰਦੂ ਭਾਈਚਾਰੇ ਵਿਚ ਭਵਿੱਖਤ ਪੁਰਾਣ ਨੂੰ ਦਿੱਤੀ ਜਾਂਦੀ ਹੈ ਅਤੇ ਆਪੋ ਆਪਣੀ ਅਕਲ ਅਨੁਸਾਰ ਬੁਝਾਰਤਾਂ ਵਾਂਗ ਕਹੇ ਗਏ ਵਾਕਾਂ ਦੇ ਅਨੇਕ ਅਰਥ ਕਰਕੇ ਮਨ-ਪਰਚਾਵਾ ਵੀ ਕਰਦੇ ਰਹਿੰਦੇ ਹਨ, ਸਤਿਕਾਰਯੋਗ ਬਾਬਾ ਪ੍ਰਤਾਪ ਸਿੰਘ ਜੀ ਦੇ ਨੇਤ੍ਰਿਤਵ ਵਿਚ ਭੈਣੀ ਸਾਹਿਬੋਂ ਰਵਾਲਸਰ ਚਲੇ ਗਏ। ਸਿੱਖ ਸਮਾਚਾਰ ਪੱਤਰਾਂ ਨੇ ਰੌਲਾ ਪਾਇਆ ਕਿ ਪਹਿਲਾਂ

ਤਾਂ ਰਵਾਲਸਰ ਵੀ ਬੰਬਾਂ ਤੋਂ ਸੁਰਖਿਅਤ ਨਹੀਂ, ਜੇ ਹੈ ਵੀ ਤਾਂ ਸੋਚਣ ਵਾਲੀ ਗੱਲ ਹੈ ਕਿ ਜਿਹੜਾ ਗੁਰੂ ਦਸਮੇਸ਼ ਸਦਾ ਜਨਤਾ ਵਿਚ ਰਹਿ ਕੇ ਉਸਦੇ ਦੁੱਖਾਂ ਸੁੱਖਾਂ ਦਾ ਭਾਈਵਾਲ ਰਿਹਾ, ਬੜੀ ਬੁਜ਼ਦਿਲੀ ਹੈ ਕਿ ਉਸ ਦੇ ਸਿੱਖ ਮੌਤੋਂ ਡਰਦੇ ਰਵਾਲਸਰ ਦੌੜ ਗਏ ਹਨ। ਉਧਰੋਂ ਉਸ ਇਲਾਕੇ ਵਿਚ ਮਹਿੰਗਾਈ ਵਧ ਗਈ, ਨਾਲੇ ਮੰਡੀ ਦੇ ਰਾਜਾ ਨੂੰ ਡਰ ਬੈਠ ਗਿਆ ਕਿ ਕਿਤੇ ਇਹ ਸਿੱਖ ਮੇਰੀ ਰਿਆਸਤ ਵਿਚ ਗੜਬੜ ਹੀ ਨਾ ਕਰ ਦੇਣ। ਸੋ ਬੜੀ ਮੁਸ਼ਕਲ ਨਾਲ ਉਸਨੇ ਨਾਮਧਾਰੀਆਂ ਦੇ ਡੇਰੇ ਉੱਥੋਂ ਚੁਕਵਾਏ।

'ਸੌ ਸਾਖੀ' ਅਨੁਸਾਰ ਭਾਈ ਗੁਰਬਖਸ਼ ਸਿੰਘ ਜੀ ਧਰਮ ਦਾ ਤੱਤ ਜਾਨਣ ਲਈ ਕਈ ਸਵਾਲ ਦਸਮੇਸ਼ ਜੀ ਤੋਂ ਪੁੱਛਦੇ ਰਹਿੰਦੇ ਸਨ। ਸਦਾ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਇਤਿਹਾਸ ਦੱਸਦਾ ਹੈ ਕਿ ਉਹ ਬ੍ਰਹਮ ਗਿਆਨੀ ਸਨ। ਅੰਮ੍ਰਿਤ ਛਕਣ ਤੋਂ ਪਹਿਲਾਂ ਭਾਈ ਸਾਹਿਬ ਦਾ ਨਾਉਂ ਭਾਈ ਰਾਮਕੁੰਵਰ ਸੀ। ਕਈ ਸੱਜਣ ਇਸ ਨਾਉਂ ਦਾ ਹੀ ਉਚਾਰਣ ਭਾਈ ਰਾਮ ਕੌਰ ਵੀ ਕਰ ਲੈਂਦੇ ਹਨ। ਭਾਈ ਸਾਹਿਬ ਜੀ ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ ਸਨ। ਤਰਤੀਬ ਇਹ ਹੈ:—ਭਾਈ ਭਾਨਾ, ਭਾਈ ਸਰਵਣ, ਭਾਈ ਝੰਡਾ, ਭਾਈ ਗੁਰਦਿੱਤਾ ਤੇ ਭਾਈ ਰਾਮਕੁੰਵਰ (ਗੁਰਬਖਸ਼ ਸਿੰਘ)। ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਭਾਈ ਸਾਹਿਬ ਨੇ ਸਾਰਾ ਗੁਰ ਇਤਿਹਾਸ ਖਾਲਸੇ ਨੂੰ ਸੁਣਾਇਆ। ਇਹਨਾਂ ਦਾ ਦੇਹਾਂਤ ਸੰਨ 1761 ਵਿਚ ਆਪਣੇ ਪਿੰਡ ਰਮਦਾਸ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ।

ਕਿਹਾ ਜਾਂਦਾ ਹੈ ਕਿ ਭਾਈ ਗੁਰਬਖਸ਼ ਸਿੰਘ ਦੇ ਪ੍ਰਸ਼ਨਾਂ ਦੇ ਸ੍ਰੀ ਦਸਮੇਸ਼ ਜੀ ਵਲੋਂ ਦਿਤੇ ਗਏ ਜੋ ਉਤਰ ਭਾਈ ਸਾਹਿਬ ਨੇ ਆਪਣੇ ਸਹਿਯੋਗੀ ਭਾਈ ਸਾਹਿਬ ਸਿੰਘ ਨੂੰ ਲਿਖਵਾਏ, ਉਹੀ 'ਸੌ ਸਾਖੀ' ਵਿਚ ਦਰਜ ਹਨ। ਕਈ ਤਾਂ ਇਸ ਪੋਥੀ ਨੂੰ ਸ੍ਰੀ ਦਸਮੇਸ਼ ਜੀ ਦੀ ਰਚਨਾ ਵੀ ਮੰਨਦੇ ਹਨ। ਪਰ ਇਸਦੀ ਕਵਿਤਾ ਪ੍ਰਗਟ ਕਰਦੀ ਹੈ ਕਿ ਇਹ ਕਿਸੇ ਸਾਧਾਰਨ ਵਿਦਿਆ ਅਤੇ ਸਾਧਾਰਨ ਸਮਝ ਵਾਲੇ ਵਿਅਕਤੀਆਂ ਦੀ ਰਚਨਾ ਹੈ। ਇਸ ਦੀ ਕਵਿਤਾ ਪਿੰਗਲ ਦੇ ਨਿਯਮਾਂ ਅਨੁਕੂਲ ਨਹੀਂ, ਜਿਵੇਂ:-

*ਗੁਰੂ ਹਰਿ ਰਾਇ ਸਮਾਇ ਕਰ, ਕ੍ਰਿਸ਼ਨ ਸੇਵੀਏ ਗੁਰ ਤੇਗ਼ ਬਹਾਦਰ ਧੀਰ॥*
*ਗੁਰੂ ਗੋਬਿੰਦ ਸਿੰਘ ਅਰਿ ਮ੍ਰਿਗ ਤੁਰਕਨ ਕੋ, ਸ਼ਠ ਬੀਰ॥*
*ਇਸ ਪੋਥੀ ਦੀ ਰਚਨਾ ਦਾ ਸੰਮਤ ਇਉਂ ਲਿਖਿਆ ਹੈ:—*
*ਸੰਮਤ ਬਿਕ੍ਰਮ ਭੂਪਤੀ ਸਤਾਰਾਂ ਸ਼ਤ ਨੌ ਏਕ॥*
*ਮਾਹਿਣੈ ਸਾਖੀ ਵਾਰ ਗੁਰੂ ਮਲਕੀ ਦੁਤਿਆ ਭੇਕ॥*

ਸੋ ਇਹ ਪੋਥੀ ਸੰਮਤ 1791 ਬਿਕ੍ਰਮੀ ਭਾਵ ਸੰਨ 1734 ਈਸਵੀ ਵਿਚ ਲਿਖੀ ਗਈ। ਫਿਰ ਲਿਖਿਆ ਹੈ: 'ਸਤਾਰਾਂ ਸੌ ਇਕਾਸੀ ਸਾਖੀਆਂ ਮੈਂ ਲਿਖੀਆਂ ਭਾਵ ਸੰਨ 1724 ਈਸਵੀ ਵਿਚ ਲਿਖਿਆਂ। ਇਹ ਦੂਜਾ ਸਾਲ ਕਿਸੇ ਹੋਰ ਲਿਖਾਰੀ ਨੇ ਸਾਖੀਆਂ ਵਧ ਘੱਟ ਕਰਕੇ ਲਿਖਿਆ ਹੋਇਆ ਜਾਪਦਾ ਹੈ। ਸੋ ਇਹ 'ਸੌ ਸਾਖੀ' ਭਾਈ ਸਾਹਿਬ ਸਿੰਘ ਦੀ ਲਿਖਤ ਵੀ ਨਹੀਂ। ਇਸ ਵਿਚ ਮਿਲਾਵਟ ਮੁਛਾ ਦਾਸ ਬ੍ਰਾਹਮਣ, ਨਰੈਣ ਦਾਸ ਅਤੇ ਪਤਾ ਨਹੀਂ ਹੋਰ ਕਿਸ ਕਿਸ ਨੇ ਕੀਤੀ ਹੈ। ਹੋ ਸਕਦਾ ਹੈ ਕਿ ਇਸ ਵਿਚ ਇਸ

ਸਮੇਂ ਵੀ ਮਿਲਾਵਟ ਹੋ ਰਹੀ ਹੋਵੇ ਅਤੇ ਅੱਗੇ ਲਈ ਵੀ ਹੁੰਦੀ ਰਹੇ। ਜੇ ਕੋਈ ਰੋਕਥਾਮ ਨਾ ਕੀਤੀ ਗਈ।

ਭਦੌੜ ਨਿਵਾਸੀ ਸਰ ਅਤਰ ਸਿੰਘ ਮਹਾਮਹੋਪਾਧਿਆ ਨੇ ਲੁਧਿਆਣੇ ਵਿਚ ਬਹੁਤ ਚੰਗੀ ਲਾਇਬਰੇਰੀ ਬਣਾਈ ਸੀ। ਉਸਦਾ ਦੇਹਾਂਤ ਸੰਨ 1896 ਵਿਚ ਹੋਇਆ ਸੀ। ਉਸਦੇ ਖਿਆਲ ਅਨੁਸਾਰ ਇਹ ਪੋਥੀ ਸੰਨ 1845 ਤੋਂ ਵੀ ਪਿਛੋਂ ਲਿਖੀ ਗਈ ਜਦ ਕਿ ਕਸ਼ਮੀਰ ਦੀ ਰਿਆਸਤ, ਰਿਆਸਤ ਜੰਮੂ ਦੇ ਰਾਜਾ ਗੁਲਾਬ ਸਿੰਘ ਨੂੰ ਅੰਗਰੇਜ਼ਾਂ ਨੇ ਵੇਚ ਦਿਤੀ ਕਿਉਂਕਿ ਸੰਨ 1845 ਦੀ ਸਿਖ-ਅੰਗਰੇਜ਼ ਲੜਾਈ ਦਾ ਹਰਜਾਨਾ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਤੇ ਸਾਢੇ ਤਿੰਨ ਕਰੋੜ ਰੁਪਿਆ ਪਾਇਆ। ਪਰ ਦਰਬਾਰ ਪੌਣੇ ਤਿੰਨ ਕਰੋੜ ਰੁਪਏ ਦਾ ਪ੍ਰਬੰਧ ਹੀ ਆਪਣੇ ਖਜ਼ਾਨੇ ਵਿਚੋਂ ਕਰ ਸਕਦਾ ਸੀ। ਸੋ ਅੰਗਰੇਜ਼ਾਂ ਨੇ 75 ਲੱਖ ਰੁਪਏ ਵਿਚ ਕਸ਼ਮੀਰ ਵੇਚ ਦਿੱਤਾ, ਇਸੇ ਲਈ ਪੋਥੀ ਵਿਚ ਲਿਖਿਆ ਗਿਆ ਹੈ:

*ਦੇਸ ਬੇਚ ਕਰ ਜਾਂਹਿ ਫਿਰੰਗੀ। ਗਾਜੇਂਗੇ ਤਬ ਮੋਰ ਭੁਜੰਗੀ।* (ਸਾਖੀ ੮੫)

'ਸੌ ਸਾਖੀ' ਦਾ ਪ੍ਰਭਾਵ ਮਹਾਰਾਜਾ ਦਲੀਪ ਸਿੰਘ ਤੇ ਉਸਦੀ ਮਾਤਾ, ਮਹਾਰਾਣੀ ਜਿੰਦ ਕੌਰ ਅਤੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਏ ਆਦਿਕ ਨੇ ਇਹੋ ਜਿਹਾ ਪਾ ਦਿਤਾ ਸੀ ਕਿ ਭਾਵੇਂ ਉਸਨੇ 24 ਮਈ 1886 ਨੂੰ ਅਦਨ ਵਿਚ ਅੰਮ੍ਰਿਤ ਛਕਣ ਪਿਛੋਂ ਵੀ ਰਹਿਤ ਦੀ ਪਾਲਣਾ ਨਹੀਂ ਸੀ ਕੀਤੀ ਅਤੇ ਨਾ ਹੀ ਕੁਰਹਿਤਾਂ ਛੱਡੀਆਂ। ਪਰ ਫਿਰ ਵੀ ਉਸਨੇ ਸਰ ਰੌਬਰਟ ਮੋਂਟਗੋਮਿਰੀ ਦੇ ਨਾਉਂ ਇੰਡੀਆਂ ਔਫ਼ਿਸ ਨੂੰ ਲਿਖੀ ਗਈ ਆਪਣੀ 28 ਫਰਵਰੀ ਸੰਨ 1887 ਵਾਲੀ ਚਿਠੀ ਵਿਚ ਆਪਣੇ ਆਪ ਨੂੰ ਸਿੱਖ ਕੌਮ ਦਾ ਮਹਾਰਾਜਾ ਅਤੇ ਗੁਰੂ ਲਿਖਣ ਦੀ ਮਹਾਨ ਅਵੱਗਿਆ ਕੀਤੀ।

ਭਾਵੇਂ ਭਾਈ ਸੰਤੋਖ ਸਿੰਘ ਜੀ ਨੇ 'ਗੁਰ-ਪ੍ਰਤਾਪ-ਸੂਰਯ,' ਜੋ ਉਹਨਾਂ ਸੰਨ 1843 ਵਿਚ ਪੂਰਾ ਕੀਤਾ, ਵਿਚ 'ਸੌ ਸਾਖੀ' ਦੇ ਕਈ ਪ੍ਰਸੰਗ ਆਪਣੀ ਕਵਿਤਾ ਵਿਚ ਬਦਲ ਕੇ ਜਿਉਂ ਦੇ ਤਿਉਂ ਲਿਖ ਦਿੱਤੇ ਹਨ ਪਰ ਇਸ ਪੋਥੀ ਵਿਚ ਇਤਿਹਾਸ ਵਿਰੁਧ ਬਹੁਤ ਗੱਲਾਂ ਹਨ।

ਆਈਏ, ਭਾਈ ਕਾਨ੍ਹ ਸਿੰਘ ਜੀ ਵਲੋਂ ਦਿੱਤੀਆਂ ਗਈਆਂ ਕੁਝ ਮਿਸਾਲਾਂ ਨੋਟ ਕਰੀਏ:

1. ਸਈਅਦਾਂ ਦੀ ਉਤਪਤੀ ਪਾਂਡਵਾਂ ਵੇਲੇ ਹੋਈ (ਸਾਖੀ ੧)
2. ਖੱਲ ਵਿਚੋਂ ਪ੍ਰਗਟ ਹੋਣ ਕਰਕੇ ਖਾਲਸੇ ਦਾ ਨਾਉਂ ਖਾਲਸਾ ਹੋਇਆ (ਸਾਖੀ ੧੩)
3. ਈਸਾ ਦਾ ਜਨਮ ਮੂਸਾ ਤੋਂ ਪਹਿਲਾਂ ਹੋਇਆ। (ਸਾਖੀ ੧੪)
4. ਹਰੀਚੰਦ ਦੀ ਕਥਾ ਬਚਿੱਤਰ ਨਾਟਕ ਵਿਚ ਦਿੱਤੀ ਗਈ ਉਸਦੀ ਕਥਾ ਦੇ ਵਿਰੁੱਧ ਹੈ। (ਸਾਖੀ ੨੦)
5. ਸ੍ਰੀ ਦਸਮੇਸ਼ ਜੀ ਨੇ ਕਿਹਾ ਕਿ ਅਸੀਂ ਸਤਲੁਜ ਦਾ ਧਨ ਬਿਕ੍ਰਮੀ ਸੰਮਤ ੧੮੯੯ ਵਿਚ ਲਵਾਂਗੇ, ਭਾਵ ਸੰਨ ੧੮੪੨ ਈਸਵੀ ਵਿਚ। (ਸਾਖੀ ੩੭)

ਸਾਖੀ ਨੰ: ੩੭ ਵਿਚ ਲਿਖਿਆ ਗਿਆ ਹੈ ਕਿ ਕਾਜ਼ੀ ਸਲਾਰਦੀਨ ਨੇ ਪੁੱਛਿਆ ਕਿ

ਗੁਰੂ ਪੀਰ ਨੂੰ ਮੱਥਾ ਟੇਕਣ ਦਾ ਕੀ ਲਾਭ ਹੈ ? ਜਦ ਕਿ ਸੱਭ ਕੁਝ ਕਿਸਮਤ ਅਨੁਸਾਰ ਹੀ ਹੋਣਾ ਹੈ। ਸ੍ਰੀ ਦਸਮੇਸ਼ ਜੀ ਨੇ ਉਸਨੂੰ ਸਮਝਾਇਆ ਕਿ ਜਿਵੇਂ ਮੁਹਰ ਦੇ ਪੁੱਠੇ ਅੱਖਰ ਲਾਉਣ ਸਮੇਂ ਸਿੱਧੇ ਹੋ ਜਾਂਦੇ ਹਨ, ਤਿਵੇਂ ਮਹਾਂਪੁਰਸ਼ਾਂ ਅੱਗੇ ਸਿਰ ਝੁਕਾਉਣ ਨਾਲ ਮੱਥੇ ਦੇ ਲੇਖ ਬਦਲ ਕੇ ਸਿੱਧੇ ਭਾਵ ਚੰਗੇ ਹੋ ਜਾਂਦੇ ਹਨ।

ਆਈਏ, ਇਸ ਮਿਸਾਲ ਨੂੰ ਵਿਚਾਰੀਏ।

ਸਾਡੇ ਮੱਥੇ ਉਤੇ ਕਿਸੇ ਭਾਸ਼ਾ ਵਿਚ ਕੋਈ ਲੇਖ ਲਿਖੇ ਹੋਏ ਨਹੀਂ ਦਿਸਦੇ। ਆਪਾਂ ਮੁਰਦਿਆਂ ਦੀਆਂ ਖੋਪਰੀਆਂ ਦੀ ਜਾਂਚ ਕਰਕੇ ਦੇਖ ਸਕਦੇ ਹਾਂ। ਡਾਕਟਰਾਂ ਸਰਜਨਾਂ ਨੂੰ ਪੁੱਛ ਸਕਦੇ ਹਾਂ। ਗੁਰਬਾਣੀ ਵਿਚ ਦਿਤੇ ਗਏ 'ਮੱਥੇ ਦੇ ਲੇਖ' ਸਾਡੇ ਦਿਮਾਗ ਉਤੇ ਪਏ ਹੋਏ ਚੰਗੇ ਮਾੜੇ ਸੰਸਕਾਰ ਹਨ। ਗੁਰਬਾਣੀ ਸਾਨੂੰ ਦਸਦੀ ਹੈ ਕਿ ਮਹਾਂਪੁਰਖਾਂ ਦੇ ਚਰਨੀਂ ਲੱਗਿਆਂ, ਉਹਨਾਂ ਅੱਗੇ ਸਿਰ ਨਿਵਾਇਆਂ, ਉਨ੍ਹਾਂ ਉਤੇ ਭਰੋਸਾ ਲਿਆਇਆਂ, ਉਹਨਾਂ ਦੀ ਗੱਲ ਸੁਣਿਆਂ ਅਤੇ ਉਸਨੂੰ ਮੰਨ ਕੇ ਜੀਵਨ ਵਿਚ ਢਾਲਣ ਨਾਲ ਸਾਡੇ ਭੈੜੇ ਸੰਸਕਾਰ ਬਦਲ ਕੇ ਚੰਗੇ ਹੋ ਜਾਂਦੇ ਹਨ। ਭਾਵ ਮੱਥੇ ਦੇ ਭਾਗ ਜਾਗ ਪੈਂਦੇ ਹਨ। ਮੱਥੇ ਦੇ ਲੇਖ ਬਦਲ ਜਾਂਦੇ ਹਨ, ਮੱਥੇ ਦੇ ਲੇਖ ਉਘੜ ਪੈਂਦੇ ਹਨ।

ਪਰ ਠੱਪੇ ਦੀ ਮਿਸਾਲ ਬੜੀ ਹਾਸੋਹੀਣੀ ਤੇ ਗ਼ਲਤ ਹੈ। ਗੁਰੂ ਜੀ ਇਹੋ ਜਿਹੀ ਮਿਸਾਲ ਕਦੇ ਵੀ ਨਹੀਂ ਸਨ ਵਰਤ ਸਕਦੇ। ਦੇਖੀਏ, ਠੱਪੇ ਦੇ ਪੁੱਠੇ ਅਖਰ ਜਦ ਕਾਗਜ਼ ਤੇ ਲਗਦੇ ਹਨ ਤਾਂ ਉਨ੍ਹਾਂ ਦੀ ਕਾਗਜ਼ ਉਤੇ ਲਗੀ ਛਾਪ ਸਿਧੀ ਹੋ ਜਾਂਦੀ ਹੈ। ਕਾਗਜ਼ ਤੇ ਉਹ ਅਖਰ ਸਿਧੇ ਹੋ ਜਾਂਦੇ ਹਨ, ਪਰ ਠੱਪੇ ਉਤੇ ਤਾਂ ਪੁੱਠੇ ਦੇ ਪੁੱਠੇ ਹੀ ਰਹਿੰਦੇ ਹਨ। ਇਸੇ ਤਰ੍ਹਾਂ ਸਾਡੇ ਮੱਥੇ ਦੇ ਠੱਪੇ ਦੀ ਸਿੱਧੀ ਛਾਪ ਤਾਂ ਮਹਾਂਪੁਰਸ਼ਾਂ ਦੇ ਚਰਨਾਂ ਤੇ ਜਾ ਲਗਦੀ ਹੈ, ਸਾਡਾ ਠੱਪਾ ਤਾਂ ਪੁੱਠਾ ਹੀ ਰਹਿੰਦਾ ਹੈ। ਸਾਨੂੰ ਕੀ ਲਾਭ ? ਜੇ ਕੋਈ ਹੈ ਵੀ ਤਾਂ ਮਹਾਂਪੁਰਸ਼ਾਂ ਨੂੰ ਹੋ ਸਕਦਾ ਹੈ।

ਠੀਕ ਹੈ ਕਿ ਉਦਾਹਰਣ ਦਾ ਇਕ ਅੰਗ ਹੀ ਲੈਣਾ ਚਾਹੀਦਾ ਹੈ ਪਰ ਜਦ ਇਹ ਮਿਸਾਲ ਹੈ ਹੀ ਗਲਤ ਤਾਂ ਇਸਦਾ ਅੰਗ ਕਿਹੜਾ ਲਿਆ ਜਾ ਸਕਦਾ ਹੈ ? ਪਰ ਹੈਰਾਨੀ ਦੀ ਗੱਲ ਹੈ ਕਿ ਸਾਡੇ ਸੰਤ, ਮਹਾਂਪੁਰਸ਼, ਗਿਆਨੀ ਤੇ ਪ੍ਰਚਾਰਕ ਇਹ ਮਿਸਾਲ ਬੇਸੋਚੇ ਸਮਝੇ ਦੇਈ ਜਾ ਰਹੇ ਹਨ। ਸ਼ਾਇਦ 'ਸੌ ਸਾਖੀ' ਵਿਚ ਦਿੱਤੀ ਗਈ ਉਪਰ ਲਿਖੀ ਗਈ ਮਿਸਾਲ ਦਾ ਅਸਰ ਉਹਨਾਂ ਉਤੇ ਵੀ ਹੋਵੇ !

ਬੜੀ ਅਜੀਬ ਗਲ ਹੈ, ਅੱਜ ਪੰਥ ਉਤੇ ਭਾਰੀ ਹੈ ਤਾਂ 'ਸੌ ਸਾਖੀ' ਦੀਆਂ ਸਾਖੀਆਂ ਵੀ ਛਪਣੀਆਂ ਤੇ ਪ੍ਰਚਾਰਨੀਆਂ ਅਰੰਭ ਹੋ ਗਈਆਂ ਹਨ, ਪਹਿਲਾਂ ਚੁੱਪ ਕਿਉਂ ਰਹੀਆਂ ਇਹ ?

'ਢਾਈ ਲੱਖ ਖਾਲਸਾ ਹੋਵੇ ਸ਼ਹੀਦ।। ਸੱਤਰ ਲੱਖ ਹਿੰਦੂ ਮਰ ਜਾਵੇ' ਵਿਚ ਸਿੱਖਾਂ ਤੇ ਹਿੰਦੂਆਂ, ਦੋਹਾਂ ਦੇ ਮਰਨ ਦੀ ਪਰਸੈਂਟੇਜ ਤਕਰੀਬਨ ਇਕੋ ਜਿਹੀ ਰੱਖੀ ਗਈ ਹੈ, ਭਾਵ ਇਕ ਫ਼ੀ ਸਦੀ। 'ਸੱਤਰ ਕ੍ਰੋੜ ਸੇ ਸਤਾਰਾਂ ਕ੍ਰੋੜ ਬਚ ਜਾਵੇਂ' ਵਿਚ ਭਾਰਤ ਦੀ ਅਜੋਕੀ ਆਬਾਦੀ ਤਕਰੀਬਨ ਠੀਕ ਹੀ ਲਈ ਗਈ ਹੈ। ਅੱਜਕਲ੍ਹ ਸਿਰਫ਼ ਘੋੜਿਆਂ ਦੀ ਹੀ ਪੁੱਛ ਨਹੀਂ, ਟੈਂਕਾਂ ਆਦਿਕ ਦੀ ਵੀ ਹੈ। 'ਛਿਆਨਵੇਂ ਕ੍ਰੋੜ ਖਾਲਸਾ' ਪੰਜਾਬ ਵਿਚ ਨਹੀਂ ਸਮਾਂ

ਸਕਦਾ, ਇਸ ਲਈ ਸਾਰਾ ਭਾਰਤ ਚਾਹੀਦਾ ਹੈ। 'ਸਵਾ ਲਾਖ ਜਬ ਧੁਖੇ ਪਲੀਤਾ। ਤਬ ਉਦੈ ਅਸਤ ਲੌ ਖਾਲਸੇ ਜੀਤਾ' ਅਨੁਸਾਰ ਚੜ੍ਹਦੇ ਤੋਂ ਲਹਿੰਦੇ ਤਾਈਂ ਤਾਂ ਖਾਲਸਾ ਜਿੱਤ ਸਕਦਾ ਹੈ, ਪਰ ਲਿਖਾਰੀ ਨੇ ਗੱਲ ਪੂਰੀ ਤਰ੍ਹਾਂ ਸਾਫ਼ ਨਹੀਂ ਕੀਤੀ। ਦੂਜੀ ਗੱਲ ਇਹ ਹੈ ਕਿ ਅੱਜਕਲ੍ਹ ਸਿਰਫ਼ ਸਵਾ ਲੱਖ ਪਲੀਤਾ ਧੁਖਾਇਆਂ ਕੀ ਬਣਦਾ ਹੈ ? ਨਾਲੇ ਬੰਦੂਕਾਂ ਪਲੀਤਾ ਧੁਖਾ ਕੇ ਚਲਾਉਣ ਵਾਲੀਆਂ ਵੀ ਨਹੀਂ, ਫਿਰ ਬੰਦੂਕਾਂ ਨਾਲ ਟੈਂਕਾਂ ਅਤੇ ਹਵਾਈ ਜਹਾਜ਼ਾਂ ਆਦਿਕ ਬਹੁਤ ਕੁੱਝ ਦੀ ਲੋੜ ਹੈ।

ਉਪਰਲੇ ਪੈਰੇ ਵਿਚ ਮਿਸਾਲਾਂ ਦੇਣ ਤੋਂ ਮੇਰਾ ਭਾਵ ਇਹ ਹੈ ਕਿ ਅਜਕਲ੍ਹ ਅਸੀਂ ਕੋਈ ਵੀ ਤੁਕਬੰਦੀ ਕਿਸੇ ਨੂੰ ਸੁਣਾ ਕੇ ਕਹਿ ਦਿੰਦੇ ਹਾਂ ਕਿ ਇਹ ਵਾਕ ਸੌ ਸਾਖੀ ਦੇ ਹਨ। ਕੋਈ ਸੱਚ ਝੂਠ ਦਾ ਨਿਤਾਰਾ ਨਹੀਂ ਕਰ ਸਕਦਾ। ਭਾਰਤ ਵਿਚ ਜੇ ਅੰਗਰੇਜ਼ 'ਸੌ ਸਾਖੀ' ਛਾਪਣ ਨਹੀਂ ਸੀ ਦਿੰਦੇ ਤਾਂ ਉਹ ਅਮਰੀਕਾ ਵਿਚ ਛਾਪਈ ਜਾ ਸਕਦੀ ਸੀ। 'ਗ਼ਦਰ' ਦੇ ਪ੍ਰੈਸ ਪਾਸੋਂ।

ਸੰਨ 1836 ਈਸਵੀ ਦੀ ਹੱਥ ਲਿਖਤ 'ਸੌ ਸਾਖੀ' ਸਿਖ ਰੈਫ਼ਿਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਸੀ ਅਤੇ ਉਸਦਾ ਨੰਬਰ 1595 ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਉਸਨੂੰ ਛਪਵਾ ਸਕਦੀ ਸੀ। ਜੇ 'ਸਾਚੀ ਸਾਖੀ' ਛਪ ਕੇ ਵਿਕ ਸਕਦੀ ਹੈ ਤਾਂ 'ਸੌ ਸਾਖੀ' ਕਿਉਂ ਨਹੀਂ ਬਾਹਰ ਦੀ ਹਵਾ ਲੈਂਦੀ ? ਸੋ ਜੇ ਕਿਸੇ ਪਾਸ ਪੁਰਾਣੀ ਤੋਂ ਪੁਰਾਣੀ ਹੱਥ ਲਿਖਤ 'ਸੌ ਸਾਖੀ' ਹੈ, ਤਦ ਉਸਨੂੰ ਚਾਹੀਦਾ ਹੈ ਕਿ ਉਸਨੂੰ ਛਾਪਣ ਛਪਵਾਉਣ ਦੀ ਖੇਚਲ ਕਰੇ ਤਾਂ ਕਿ ਜਨਤਾ ਧੋਖੇ ਵਿਚ ਨਾ ਰਹੇ ਅਤੇ ਸੱਚ ਝੂਠ ਦਾ ਨਿਤਾਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕੇ।

*ਜਨਵਰੀ 1985*

# ਸੌ ਸਾਖੀ (ਰਤਨਮਾਲ), ਸਾਖੀ ਪੋਥੀ ਤੇ 'ਸੁਹੇਵਾ'

ਪਿਛਲੇ ਮਹੀਨੇ 'ਦੇਸ ਪ੍ਰਦੇਸ' ਵਿਚ ਦੋ ਲੇਖ 'ਜੰਡ ਤੇ ਪਿੱਪਲ' ਬਾਰੇ ਪੜ੍ਹੇ। ਮੈਂ ਵਿਸਥਾਰ ਵਿਚ ਜਾਣਾ ਨਹੀਂ ਚਾਹੁੰਦਾ, ਸਿਰਫ਼ ਹੇਠ ਲਿਖਿਆ ਵਿਚਾਰ ਪ੍ਰਗਟ ਕਰਦਾ ਹਾਂ:—

'ਸੌ ਸਾਖੀ' ਦਾ ਅਸਲ ਤੇ ਪਹਿਲਾ ਨਾਉਂ 'ਰਤਨ ਮਾਲ' ਸੀ, ਦੇਖੋ 'ਮਹਾਨ ਕੋਸ਼, ਪੰਨਾ 1021

ਇਹ ਨਾਉਂ 'ਸਾਖੀ ਪੋਥੀ' ਦਾ ਨਹੀਂ ਸੀ, ਨਾਲੇ ਨਾਉਂ ਸਿਰਫ਼ 'ਰਤਨ ਮਾਲ' ਸੀ, 'ਗੁਰ ਰਤਨ ਮਾਲ' ਨਹੀਂ ਸੀ।

'ਸਾਖੀ ਪੋਥੀ' ਬਿਲਕੁਲ ਵਖਰੀ ਪੁਸਤਕ ਹੈ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾਂ ਸਾਰਾ ਸਫਰਨਾਮਾ ਨਹੀਂ। ਇਸ ਵਿਚ ਸਿਰਫ਼ ਉਨ੍ਹਾਂ ਦੇ ਮਾਲਵਾ ਦੇਸ਼ ਰਟਨ ਦੀਆਂ ਸਾਖੀਆਂ ਹੀ ਹਨ ? ਨਾਲੇ ਸਾਖੀਆਂ ਸਿਰਫ਼ ਉਨ੍ਹਾਂ ਦੀਆਂ ਹੀ ਨਹੀਂ ਬਲਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਵੀ ਹਨ। ੩੮ ਸਾਖੀਆਂ ਨੌਵੇਂ ਗੁਰੂ ਜੀ ਦੀਆਂ ਹਨ ਅਤੇ ੮੦ ਦਸਮੇਸ਼ ਦੀ ਦੀਆਂ ਕੁਲ ੧੧੮ ਸਾਖੀਆਂ ਹਨ। ਇਸ ਪੁਸਤਕ ਦੀ ਪਹਿਲੀ ਛਾਪ ਖਾਲਸਾ ਸਮਾਚਾਰ ਅੰਮ੍ਰਿਤਸਰ ਨੇ ਨਵੰਬਰ ੧੯੫੦ ਵਿਚ ਪ੍ਰਕਾਸ਼ਿਤ ਕੀਤੀ ਸੀ। ਸਿਰਫ਼ ੧੪੦ ਪੰਨਿਆਂ ਦੀ ਕਿਤਾਬ ਹੈ। 'ਸੁਹੇਵੇ ਡੇਰਾ' ਸਾਖੀ ਨੰ: ੧੧੧ ਹੈ, ਜੋ ਸਿਰਫ਼ ਸਾਢੇ ਤਿੰਨ ਸਤਰਾਂ ਦੀ ਹੈ। ਸ਼ਬਦ ਇਹ ਹਨ:—

ਅਗੇ ਡੇਰਾ ਸੁਹੇਵੇ ਸਤੀਂ ਕੋਹੀਂ, ਓਥੇ ਜੰਡ ਸੀ ਵਡਾ। ਗੁਰੂ ਜੀ ਕਹਿੰਦੇ: 'ਇਸ ਜੰਡ ਕੇ ਵੀਚ ਜਿਸ ਦਿਨ ਪਿਪਲ ਲਗੁ:, ਆਪ ਪਿਪਲ ਮੱਲ ਗਇਆ, ਜੰਡ ਮਰ ਗਇਆ, ਉਦੋ ਖਾਲਸੇ ਦਾ ਰਾਜ ਹੋਊ'॥੧੧੧॥

'ਸਾਖੀ ਪੋਥੀ' ਦੇ ਲਿਖਾਰੀ ਦੇ ਨਾਉਂ ਦਾ ਪਤਾ ਨਹੀਂ। ਭਾਵੇਂ ਕਰਤਾ ੬੧ਵੀਂ ਸਾਖੀ ਵਿਚ ਲਿਖਦਾ ਹੈ: 'ਸ੍ਰੀ ਗੁਰੂ ਜੀ ਸਹਾਇ॥ ਮੇਰੀ ਕਰੋ ਸਹਾਇ॥

ਸ੍ਰੀ ਗੋਬਿੰਦ ਸਿੰਘ ਰਾਇ॥ ਭੌਜਲ ਪਾਰ ਲੰਘਾਇ॥' ਪਰ ਦੂਜੀ ਸਾਖੀ ਵਿਚ ਲਿਖਦਾ ਹੈ: 'ਸ੍ਰੀ ਸਤਿਗੁਰੂ ਜੀ ਸਹਾਇ॥ ਬਾਬਾ ਗੁਰ ਦਿੱਤਾ॥ ਦੀਨਦੁਨੀ ਦਾ ਟਿੱਕਾ ਜੀਉ ਪਿੰਡ ਜਿਨ ਦਿੱਤਾ। ਐਬ ਗੁਰਸਿਵਰੇ ਨਿਤ ਨਿਤ ਨਿਤ੍ਹਾ। ਸੋਜਾਪਦਾ ਹੈ ਕਿ 'ਸਾਖੀ ਪੋਥੀ' ਦਾ ਲਿਖਾਰੀ ਕੋਈ ਵਿਦਵਾਨ ਉਦਾਸੀ ਸਾਧੂ ਸੀ। ਭਾਈ ਵੀਰ ਸਿੰਘ ਜੀ ਅਨੁਸਾਰ ਇਹ ਪੁਸਤਕ ੧੮੮੦ ਬਿਕਰਮੀ (ਸੰਨ ੧੮੨੩) ਦੇ ਲਾਗੇ ਛਾਗੇ ਲਿਖੀ ਗਈ।

ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ' ਲਿਖਣ ਲਈ ਜਿਨ੍ਹਾਂ ਸ੍ਰੋਤਾਂ (sources)ਤੋਂ ਮਦਦ ਲਈ ਸੀ, ਉਨ੍ਹਾਂ ਵਿਚ 'ਸੌ ਸਾਖੀ' ਤੇ 'ਸਾਖੀ ਪੋਥੀ' ਵੀ ਸਨ। ਕਵੀ

ਜੀ ਨੇ ਛੋਟੀਆਂ ਸਾਖੀਆਂ ਨੂੰ ਕਵਿਤਾ ਦੇ ਰੂਪ ਵਿਚ ਸ਼ਿੰਗਾਰ ਕੇ ਵੱਡਾ ਕਰ ਦਿੱਤਾ। ਉਨ੍ਹਾਂ ਛੋਟੀਆਂ ਸਾਖੀਆਂ ਵਿਚੋਂ ਜਿਹੜੀਆਂ ਉਨ੍ਹਾਂ ਦੇ ਮਨ ਨਾ ਲਗੀਆਂ ਉਹ ਉਨ੍ਹਾਂ ਨਹੀਂ ਲਿਖੀਆਂ ਪਰ ਕਈ ਸਾਖੀਆਂ ਗੁਰਮਤਿ ਤੋਂ ਉਲਟ ਤੇ ਵਹਿਮਾ ਭਰਮਾਂ ਨਾਲ ਭਰੀਆਂ ਵੀ ਲਿਖ ਮਾਰੀਆਂ।

ਅੱਜ ਕੱਲ੍ਹ 'ਸੌ ਸਾਖੀ' ਦੇ ਸ਼ਰਧਾਲੂ ਇਸ ਵਿਚ ਨਵੀਆਂ ਨਵੀਆਂ ਸਾਖੀਆਂ ਪਾ ਕੇ ਇਉਂ ਵਧਾ ਕਰ ਰਹੇ ਹਨ, ਜ੍ਹਿਵੇਂ ਕੋਈ ਪਾਣੀਂ ਪਾ ਪਾ ਲੱਸੀ ਨੂੰ ਵਾਧਾ ਰਿਹਾ ਹੋਵੇ। ਕੱਲ੍ਹ ਹੀ ਏਥੇ ਇਕ ਸੱਜਣ ਇਕ 'ਸੌ ਸਾਖੀ' ਪੜ੍ਹ ਰਿਹਾ ਸੀ, ਜਿਸ ਵਿਚ ੧੧੭ ਸਾਖੀਆਂ ਹਨ।

ਗੁਰੂ ਸਾਹਿਬਾਨ ਨੇ ਸਾਨੂੰ ਵਾਹਿਗੁਰੂ ਦੇ ਲੜ ਲਾਇਆ ਹੈ, ਅਪਣੇ ਵਿਚ ਸ਼ਕਤੀ ਪੈਦਾ ਕਰਨ ਲਈ ਉਪਦੇਸ਼ ਦਿੱਤਾ ਹੈ। ਸਾਨੂੰ ਜੰਡਾਂ ਤੇ ਪਿਪੱਲਾਂ ਦੇ ਲੜ ਨਹੀਂ ਲਾਇਆ। ਹਾਂ, ਕਈ ਹਿੰਦੂ ਸੱਜਣ ਜੰਡ ਨੂੰ ਜ਼ਰੂਰ ਰਾਖਸ਼ ਮੰਨਦੇ ਹਨ ਅਤੇ ਪਿੱਪਲ ਨੂੰ ਦੇਵਤਾ। ਕਈ ਤਾਂ ਪਿੱਪਲ ਨੂੰ 'ਬ੍ਰਹਮਾ' ਦੇਵਤਾ ਨਾਲ ਵੀ ਤੁਲਨਾ ਦਿੰਦੇ ਹਨ।

ਵਾਹਿਗੁਰੂ ਅਵਿਨਾਸ਼ੀ, ਹੈ ਖਾਲਸਾ ਵਾਹਿਗੁਰੂ ਦਾ ਹੈ। ਸੋ ਖਾਲਸਾ ਵੀ ਨਾਸ਼ ਰਹਿਤ ਹੈ। ਦਸਮੇਸ਼ ਜੀ ਇਹ ਨਹੀਂ ਸਨ ਆਖ ਸਕਦੇ ਕਿ ਖਾਲਸਾ 4000 ਸਾਲ ਵਧੇ ਫੁਲੇਗਾ। ਗੁਰੂ ਜੀ ਅਨੁਸਾਰ ਤਾਂ ਖਾਲਸਾ ਜਨਮ ਤੋਂ ਹੀ ਵਧਦਾ ਫੁੱਲਦਾ ਆ ਰਿਹਾ ਹੈ ਅਤੇ ਸਦਾ ਲਈ ਵਧਦਾ ਫੁਲਦਾ ਰਹੇਗਾ। ਖ਼ਾਲਸ ਦਾ ਕਦੇ ਨਾਸ਼ ਨਹੀਂ। ਖਾਲਸ ਦਾ ਰਾਜ ਵੀ ਅਟੱਲ ਹੈ।

ਨਾ ਹੀ ਖਾਲਸੇ ਲਈ ੯੬ ਕ੍ਰੋੜ ਦੀ ਬੰਦਸ਼ ਹੈ। ਪੰਜਾਬ ਵਿਚ ਤਾਂ ੯੬ ਕ੍ਰੋੜ ਆ ਨਹੀਂ ਸਕਦਾ। ੯੬ ਕ੍ਰੋੜ ਲਈ ਸਾਰੇ ਭਾਰਤ ਨੂੰ ਖਾਲਸੇ ਦਾ ਪ੍ਰੇਮੀ ਬਣਾਉਣਾ ਪਵੇਗਾ। ਸਾਰੇ ਸੰਸਾਰ ਵਿਚ ਖਾਲਸੇ ਨੂੰ ਫੈਲਾਉਣ ਲਈ ਇਸ ਸਮੇਂ ਵੀ ਅਰਬਾਂ ਦੀ ਗਿਣਤੀ ਦੀ ਲੋੜ ਹੈ। ਇਹ ਗਿਣਤੀ ਵੀ ਪ੍ਰੇਮ ਪ੍ਰਚਾਰ ਨਾਲ ਹੀ ਹੋ ਸਕਦੀ ਹੈ। ਖਾਲਸੇ ਨੂੰ ਗੁਰੂ ਜੀ ਨੇ ਦੀਰਘ ਦ੍ਰਿਸ਼ਟੀ ਬਖ਼ਸ਼ੀ ਹੈ, ਉਸ ਤੇ ਪਹਿਰਾ ਦੇਣ ਦੀ ਲੋੜ ਹੈ।

*ਅਗਸਤ ੧੯੮੮*

# ਸਿੱਖ ਸਿਧਾਂਤ

| |
|---|
| (ੳ) ਸ਼ਬਦ ਗੁਰੂ |
| (ਅ) ਮਾਲਾ ਰਾਹੀਂ ਸਿਮਰਨ |
| (ੲ) ਸਾਧ ਸੰਤ |
| (ਸ) ਸੰਤਾਂ ਦੇ ਚੋਜ |
| (ਹ) ਸਾਬਤ ਸੂਰਤ ਦਸਤਾਰ ਸਿਰਾ |
| (ਕ) ਅੰਮ੍ਰਿਤ |
| (ਖ) ਕੇਸਕੀ |
| (ਗ) ਗੁਰਮਤਿ ਤੇ ਸੰਗੀਤ |
| (ਘ) ਕੀ ਬੀਬੀਆਂ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਸਕਦੀਆਂ ਹਨ? |
| (ਙ) ਕੌਮਾਂ ਅੰਗ ਨਹੀਂ ਹੁੰਦੀਆਂ |
| (ਚ) ਗੁਰਸਿੱਖ ਪ੍ਰੀਤਾਂ |

# ਸ਼ਬਦ ਗੁਰੂ ਗ੍ਰੰਥ,
# ਗੁਰੂ ਖਾਲਸਾ ਪੰਥ,
# ਦੇਹਧਾਰੀ ਗੁਰੂ ਪ੍ਰਪੰਚ

'ਗੁਰੂ' ਸੰਸਕ੍ਰਿਤ ਸ਼ਬਦ ਹੈ। ਇਹ 'ਗ੍ਰਿ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਨਿਗਲਣਾ ਤੇ ਸਮਝਾਉਣਾ,'। ਸੋ ਗੁਰੂ ਦਾ ਅਰਥ ਹੈ 'ਉਹ ਵਿਅਕਤੀ, ਜੋ ਆਪਣੇ ਸਿੱਖ ਦੇ ਅਗਿਆਨ ਨੂੰ ਖਾ ਜਾਂਦਾ ਹੈ, ਨਾਸ਼ ਕਰ ਦਿੰਦਾ ਹੈ ਅਤੇ ਉਸ ਨੂੰ ਗਿਆਨ ਦਿੰਦਾ ਹੈ'। ਗੁਰੂ ਲਈ ਗੁਰਬਾਣੀ ਵਿਚ 'ਉਸਤਾਦ','ਪੀਰ' ਅਤੇ 'ਰਸੂਲ' ਸ਼ਬਦ ਵੀ ਆਉਂਦੇ ਹਨ, ਜੋ ਅਰਬੀ ਫਾਰਸੀ ਦੇ ਹਨ। ਪਰ ਹਿੰਦੀ ਪੰਜਾਬੀ ਤੇ ਗੁਜਰਾਤੀ ਆਦਿਕ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਵਰਤੇ ਜਾਂਦੇ ਹਨ। ਗੁਰਬਾਣੀ ਵਿਚ ਗੁਰੂ ਲਈ 'ਪਾਧਾ' ਸ਼ਬਦ ਵੀ ਵਰਤਿਆ ਗਿਆ ਹੈ, ਜੋ ਸੰਸਕ੍ਰਿਤ ਦੇ ਸ਼ਬਦ 'ਉਪਾਧਯਾਯ' ਤੋਂ ਹੈ। ਆਮ ਬੋਲੀ ਵਿਚ ਅਸੀਂ ਗੁਰੂ ਲਈ 'ਮੁਰਸ਼ਿਦ' ਭਾਵ ਇਰਸ਼ਾਦ, ਹੁਕਮ ਕਰਨ ਵਾਲਾ,'ਸ਼ਿਕਸ਼ਕ','ਅਧਿਆਪਕ' ਅਤੇ ਟੀਚਰ ਸ਼ਬਦ ਵੀ ਵਰਤਦੇ ਹਾਂ।

'ਸਿੱਖ' ਸ਼ਬਦ ਸੰਸਕ੍ਰਿਤ ਦੇ 'ਸ਼ਿਸ਼ਯ' ਤੋਂ ਹੈ, ਭਾਵ ਸ਼ਿਕਸ਼ਾ, ਸਿਖਿਆ ਲੈਣ ਵਾਲਾ। ਸਿੱਖ ਦੀ ਥਾਂ ਗੁਰਬਾਣੀ ਵਿਚ 'ਚੇਲਾ','ਚਾਟੜਾ' ਅਤੇ ਫਾਰਸੀ ਦਾ ਸ਼ਬਦ 'ਮੁਰੀਦ' ਵੀ ਵਰਤਿਆ ਜਾਂਦਾ ਹੈ। ਆਮ ਬੋਲੀ ਵਿਚ ਅਸੀਂ ਸਿੱਖ ਦੇ ਥਾਂ ਫਾਰਸੀ ਸ਼ਬਦ 'ਸ਼ਾਗਿਰਦ' ਅਤੇ ਅੰਗ੍ਰੇਜ਼ੀ ਸ਼ਬਦ 'ਡਿਸਾਈਪਲ' ਅਤੇ 'ਪਿਊਪਲ' ਵੀ ਵਰਤਦੇ ਹਨ। 'ਸ਼ਬਦ' ਸੰਸਕ੍ਰਿਤ ਦਾ ਸ਼ਬਦ ਹੈ ਇਸ ਦੇ ਕਈ ਅਰਥ ਹਨ। 'ਸ਼ਬਦ' ਦਾ ਪ੍ਰਾਕ੍ਰਿਤ ਰੂਪ 'ਸੱਦ' ਹੈ ਜੋ ਪੰਜਾਬੀ ਵਿਚ ਵੀ 'ਸੱਦ' ਹੀ ਰਿਹਾ ਹੈ, ਅਤੇ ਜਿਸ ਦਾ ਅਰਥ ਹੈ 'ਸੱਦਾ', 'ਸੁਨੇਹਾ','ਸੰਦੇਸ਼','ਪੈਗਾਮ','ਪਿਆਮ','ਹੁਕਮ'।

ਹਰ ਤਰ੍ਹਾਂ ਦਾ ਗਿਆਨ ਹਾਸਿਲ ਕਰਨ ਲਈ ਗੁਰੂ ਦੀ ਲੋੜ ਹੁੰਦੀ ਹੈ। ਭਗਤ ਦਾ ਗੁਰੂ ਨਾਰਦ ਮੁਨੀ ਸੀ। ਰਾਜਾ ਬਲਿ ਦਾ ਗੁਰੂ ਸ਼ੁੱਕਰ ਸੀ। ਸ੍ਰੀ ਰਾਮ ਚੰਦਰ ਜੀ ਦਾ ਗੁਰੂ ਵਸ਼ਿਸ਼ਟ ਮੁਨੀ ਸੀ। ਸ੍ਰੀ ਕ੍ਰਿਸ਼ਨ ਜੀ ਦਾ ਗੁਰੂ ਸੋਨਦੀਪਨਿ ਸੀ। ਸ਼ੁਕਦੇਵ—ਸੁਖਦੇਵ ਜੀ ਦਾ ਗੁਰੂ ਰਾਜਾ ਜਨਕ ਸੀ। ਰਾਜਾ ਜਨਮੇਜਾ ਦਾ ਗੁਰੂ ਵਿਆਸ ਰਿਸ਼ੀ ਸੀ। ਸਮਰਾਟ ਸਕੰਦਰ ਦਾ ਗੁਰੂ ਅਰਸਤੂ—ਐਰਿਸਟੋਟਲ ਸੀ। ਭਗਤ ਨਾਮਦੇਵ ਜੀ ਦਾ ਗੁਰੂ ਵਿਸ਼ੋਭਾ ਖੇਚਰ ਸੀ। ਭਗਤ ਕਬੀਰ ਦਾ ਗੁਰੂ ਸੁਆਮੀ ਰਾਮਾਨੰਦ ਸੀ। ਦੱਤਾਤ੍ਰੇਯ, ਜੋ ਚੌਬੀਸ ਅਵਤਾਰਾਂ ਵਿਚੋਂ ਇਕ ਹੈ, ਨੇ ਤਾਂ ਸਗੋਂ ਚੌਵੀ ਗੁਰੂ ਧਾਰਨ ਕੀਤੇ, ਜਿਨ੍ਹਾਂ ਦੇ ਨਾਉਂ ਗ੍ਰੰਥ ਪਾਤਸ਼ਾਹੀ ਦਸਵੀਂ ਅਨੁਸਾਰ ਇਹ ਹਨ: ਧਰਤੀ, ਪਾਣੀ, ਹਵਾ, ਆਕਾਸ਼, ਚੰਦ, ਅੱਗ, ਸੂਰਜ, ਕਬੂਤਰ, ਸਰਾਲ, ਸਮੁੰਦਰ, ਹਾਥੀ, ਭੌਰਾ, ਪਤੰਗਾ, ਸ਼ਹਿਦ ਚੋਣ ਵਾਲੀ ਤੀਵੀਂ, ਹਰਨ, ਮੱਛੀ, ਵੇਸਵਾ, ਗਿਰਝ, ਸ਼ਿਕਾਰੀ, ਬਾਲਕ, ਕੁਆਰੀ ਕੰਨਿਆ,

ਤੀਰ-ਗਰ, ਮੱਕੜੀ ਤੇ ਤਿੱਤਲੀ। ਕਈ ਮਹਾਂਪੁਰਖਾਂ ਨੂੰ ਵਾਹਿਗੁਰੂ ਦੀ ਮਿਹਰ ਨਾਲ, ਕਿਸੇ ਦੇਹਧਾਰੀ ਗੁਰੂ ਦੀ ਮਦਦ ਤੋਂ ਬਿਨਾ ਵੀ ਗਿਆਨ ਹੋ ਜਾਂਦਾ ਹੈ, ਸੋ ਉਨ੍ਹਾਂ ਦਾ ਗੁਰੂ ਵਾਹਿਗੁਰੂ ਹੀ ਹੁੰਦਾ ਹੈ।

ਪਰ ਆਈਏ ਆਪਾਂ ਆਪਣੇ ਸਿੱਖ ਧਰਮ ਵਲ ਆਈਏ।

ਦਸ਼ਮੇਸ਼ ਜੀ ਦਾ ਗੁਰੂ ਬਾਬਾ ਨਾਨਕ ਸੀ ਪਰ ਉਹ ਇਹ ਵੀ ਫੁਰਮਾਂਦੇ ਹਨ:'ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਅਹੁ ਹਮਾਰਾ॥੯॥' ਇਸ ਦਾ ਭਾਵ ਇਹ ਹੈ ਕਿ ਜਦੋਂ ਵਾਹਿਗੁਰੂ ਕਿਸੇ ਮਹਾਂਪੁਰਖ ਨੂੰ ਸੰਸਾਰ ਵਿਚ ਗਿਆਨ ਪਰਗਟ ਕਰਨ ਲਈ ਭੇਜਦਾ ਹੈ ਤਾਂ ਉਹ ਮਹਾਂਪੁਰਖ ਵੀ ਗੁਰੂ ਹੈ। ਉਹ ਗੁਰੂ ਹੀ ਵਾਹਿਗੁਰੂ-ਹੁਕਮ, ਵਾਹਿਗੁਰੂ-ਨਾਮ, ਵਾਹਿਗੁਰੂ-ਸ਼ਬਦ ਸੰਸਾਰ ਨੂੰ ਸਿਖਾਂਦਾ ਹੈ। 'ਹੁਕਮ','ਨਾਮ' ਤੇ 'ਸ਼ਬਦ', ਇਹ ਤਿੰਨੇ ਇੱਕੋ ਹੀ ਪਦਾਰਥ ਦੀਆਂ ਵੱਖ ਵੱਖ ਦ੍ਰਿਸ਼ਟੀ ਕੋਣ ਤੋਂ ਕੇਵਲ ਵਖ ਵਖ ਝਾਕੀਆਂ ਹੀ ਹਨ:

*ਚਹੁ ਦਿਸਿ ਹੁਕਮ ਵਰਤੈ, ਪ੍ਰਭ ਤੇਰਾ, ਚਹੁ ਦਿਸਿ ਨਾਮ ਪਤਾਲੰ॥*
*ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ, ਕਰਮਿ ਮਿਲੈ ਬੈਆਲੰ॥...॥੮॥੧॥੪॥*

*(ਮਲਾਰ ਮ:੧, ਅਸਟਪਦੀਆ, ਘਰੁ੨)*

ਸਾਡੇ ਪਹਿਲੇ ਗੁਰੂ ਬਾਬਾ ਨਾਨਕ ਜੀ ਦਾ ਗੁਰੂ ਵਾਹਿਗੁਰੂ ਸੀ, ਵਾਹਿਗੁਰੂ-ਸ਼ਬਦ ਸੀ।

ਦੇਖੀਏ, ਰਾਮਕਲੀ ਮਹਲਾ ੧, ਸਿਧ ਗੋਸਟਿ ਦੀ ਇਕੀਵੀਂ ਪਉੜੀ ਵਿਚ ਜੋਗੀਆਂ ਨੇ ਬਾਬਾ ਜੀ ਨੂੰ ਪੁਛਿਆ: 'ਆਦਿ ਕਉ ਕਵਨੁ ਬੀਚਾਰੁ ਕਥੀਅਲੇ? ਸੁੰਨ ਕਹਾ ਘਰ ਵਾਸੋ?' ਭਾਵ 'ਤੁਸੀਂ ਸੰਸਾਰ ਦੇ ਮੁੱਢ ਦਾ ਕੀ ਵੀਚਾਰ ਕਰਦੇ ਹੋ ? ਉਦੋਂ ਸੁੰਨ ਵਾਹਿਗੁਰੂ, ਅਫੁਰ ਵਾਹਿਗੁਰੂ, ਨਿਰਗੁਣ ਸਰੂਪ ਵਾਹਿਗੁਰੂ ਦਾ ਵਾਸਾ ਕਿਥੇ ਸੀ ?' ਗੁਰੂ ਜੀ ਨੇ ਤੇਈਵੀਂ ਪਉੜੀ ਵਿਚ ਉੱਤਰ ਦਿੱਤਾ:'ਆਦਿ ਕਉ ਬਿਸਮਾਦੁ ਬੀਚਾਰ ਕਥੀਅਲੇ, ਸੁੰਨ ਨਿਰੰਤਰਿ ਵਾਸੁਲੀਆ।' ਭਾਵ 'ਦੁਨੀਆਂ ਦੇ ਮੁਢ ਦਾ ਵੀਚਾਰ ਤਾਂ ਅਸਚਰਜ ਹੀ ਕਿਹਾ ਜਾ ਸਕਦਾ ਹੈ, ਉਦੋਂ ਇਕ ਰਸ ਵਾਹਿਗੁਰੂ ਦਾ ਹੀ ਵਜੂਦ ਸੀ।'

ਇਸੇ ਤਰ੍ਹਾਂ ਅਠਵੰਜਵੀਂ ਪਉੜੀ ਵਿਚ ਜੋਗੀਆਂ ਨੇ ਸਵਾਲ ਕੀਤਾ:' ਸੁ ਸਬਦ ਕਾ ਕਹਾ ਵਾਸੁ ਕਥੀਅਲੇ, ਜਿਤੁ ਤਰੀਐ ਭਵਜਲੁ ਸੰਸਾਰੋ ?' ਭਾਵ 'ਜਿਸ ਸ਼ਬਦ ਦੀ ਰਾਹੀਂ ਦੁੱਤਰ ਸਾਗਰ ਤਰੀਦਾ ਹੈ, ਉਸ ਸ਼ਬਦ ਦਾ ਟਿਕਾਣਾ ਕਿਥੇ ਕਿਹਾ ਜਾ ਸਕਦਾ ਹੈ?' ਬਾਬਾ ਜੀ ਨੇ ਨਾਹਠਵੀਂ ਪਉੜੀ ਵਿਚ ਉੱਤਰ ਦਿੱਤਾ:' ਸੁ ਸਬਦ ਕਉ ਨਿਰੰਤਰ ਵਾਸੁ ਅਲਖੰ, ਜਹ ਦੇਖਾ, ਤਹ ਸੋਈ। ਪਵਨ ਕਾ ਵਾਸਾ, ਸੁੰਨ ਨਿਵਾਸਾ, ਅਕਲ ਕਲਾ-ਧਰ ਸੋਈ।' ਭਾਵ 'ਜਿਸ ਸ਼ਬਦ ਦੀ ਰਾਹੀਂ ਦੁੱਤਰ ਸਾਗਰ ਤਰੀਦਾ ਹੈ, ਉਹ ਸ਼ਬਦ ਹਰ ਥਾਂ ਭਰਪੂਰ ਹੈ। 'ਸ਼ਬਦ' ਅਲੱਖ ਵਾਹਿਗੁਰੂ ਦਾ ਰੂਪ ਹੈ। ਮੈਂ ਤਾਂ ਜਿਧਰ ਦੇਖਦਾ ਹਾਂ ਸ਼ਬਦ ਨੂੰ ਇਕ ਰਸ ਥਾਂ ਮਿਲਿਆ ਹੋਇਆ ਹੈ ਭਾਵ ਉਹ ਸ਼ਬਦ ਹੀ ਸ਼ਬਦ ਹੈ, ਜਿਵੇਂ ਅਫੁਰ ਹਰ ਥਾਂ ਹੈ। 'ਸ਼ਬਦ' ਉਹੀ ਹੈ। ਜਿਵੇਂ ਅਫੁਰ ਵਾਹਿਗੁਰੂ ਦਾ ਵਾਸਾ ਹਰ ਥਾਂ ਹੈ। ਇਸੇ

ਤਰ੍ਹਾਂ ਸ਼ਬਦ ਦਾ ਵਾਸਾ ਹਰ ਥਾਂ ਹੈ। 'ਸ਼ਬਦ' ਉਹੀ ਹੈ ਜੋ ਪੂਰਨ ਸੱਤਾਧਾਰੀ ਹੈ, ਜੋ ਵਾਹਿਗੁਰੂ ਹੈ, ਭਾਵ ਵਾਹਿਗੁਰੂ ਤੇ ਉਸ ਦੀ ਸਿਫਤ ਦਾ 'ਸ਼ਬਦ' ਇੱਕ ਹੀ ਹਨ।'

ਏਸੇ ਤਰ੍ਹਾਂ ਤਰਤਾਲਵੀਂ ਪਉੜੀ ਵਿਚ ਸਿੱਧਾਂ ਨੇ ਬਾਬਾ ਜੀ ਨੂੰ ਪ੍ਰਸ਼ਨ ਕੀਤਾ: 'ਕਵਣ ਮੂਲੁ ? ਕਵਣ ਮਤਿ-ਵੇਲਾ? ਤੇਰਾ ਕਵਣ ਗੁਰੂ, ਜਿਸ ਕਾ ਤੂ ਚੇਲਾ?' ਭਾਵ 'ਜੀਵਨ ਦਾ ਮੂਲ ਕੀ ਹੈ ? ਇਹ ਮਨੁੱਖਾ ਜਨਮ ਕਿਹੜੀ ਸਿਖਿਆ ਲੈਣ ਦਾ ਸਮਾਂ ਹੈ ? ਤੂੰ ਕਿਸ ਗੁਰੂ ਦਾ ਚੇਲਾ ਹੈਂ ? ' ਗੁਰੂ ਜੀ ਨੇ ਚੁਤਾਲਵੀਂ ਪਉੜੀ ਵਿਚ ਜਵਾਬ ਦਿੱਤਾ :'ਪਵਨ ਅਰੰਭ, ਸਤਿਗੁਰ-ਮਤਿ ਵੇਲਾ। ਸਬਦੁ ਗੁਰੂ, ਸੁਰਤਿ-ਧੁਨਿ ਚੇਲਾ।' ਭਾਵ 'ਸੁਆਸ ਹੀ ਹਸਤੀ ਦਾ ਮੁੱਢ ਹਨ। ਇਹ ਮਨੁੱਖਾ ਜਨਮ ਸਤਿਗੁਰੂ ਦੀ ਸਿਖਿਆ ਲੈਣ ਦਾ ਸਮਾਂ ਹੈ। 'ਸ਼ਬਦ' ਮੇਰਾ ਗੁਰੂ ਹੈ। ਮੇਰੀ ਸੁਰਤਿ ਦਾ ਟਿਕਾਉ ਉਸ ਸ਼ਬਦ-ਗੁਰੂ ਦਾ ਚੇਲਾ ਹੈ, ਸਿੱਖ ਹੈ।'

ਸੋ ਜਿਵੇਂ ਵਾਹਿਗੁਰੂ ਗੁਰੂ ਹੈ, ਏਸੇ ਤਰ੍ਹਾਂ ਸ਼ਬਦ ਗੁਰੂ ਹੈ।

'ਪਵਣ ਗੁਰੂ' ਦਾ ਭਾਵ ਹੈ, 'ਪ੍ਰਾਣ ਜੀਵਾਂ ਦੇ ਸਰੀਰਾਂ ਲਈ ਐਨਾ ਜ਼ਰੂਰੀ ਹੈ, ਜਿੰਨਾ ਗੁਰੂ ਜੀਵਾਂ ਦੀ ਆਤਮਾ ਲਈ ਹੈ। 'ਨਿਰਗੁਣ ਸ਼ਬਦ' ਅਗੋਚਰ ਹੈ ਪਰ ਜਦ ਇਹ ਪ੍ਰਗਟ ਹੁੰਦਾ ਹੈ ਤਾਂ ਇਹ ਲਿਖਣ ਪੜ੍ਹਣ, ਆਖਣ ਸੁਣਨ ਵਿਚ ਆ ਜਾਂਦਾ ਹੈ।

ਬੋਲੀਆਂ ਹਜ਼ਾਰਾਂ ਹਨ, ਸੋ 'ਸ਼ਬਦ' ਵੀ ਅਨੇਕ-ਰੂਪ ਹੈ। ਕਿਤੇ ਇਹ ਸਾਦਾ ਤੋਂ ਸਾਦਾ ਆਵਾਜ਼ ਦੀ ਨਕਲ ਕਰਕੇ ਬਣਾਇਆ ਗਿਆ ਹੈ, ਜਿਵੇਂ 'ਅੱਲਾਹ' ਸ਼ਬਦ ਅਰਬੀ ਬੱਚੇ ਦੇ ਮੂੰਹੋਂ ਨਿਕਲੀ ਹੋਈ ਪਹਿਲੀ ਸਾਦਾ ਤੋਂ ਸਾਦਾ ਆਵਾਜ਼ 'ਅਲ' ਤੋਂ ਹੈ। ਏਸੇ ਤਰ੍ਹਾਂ 'ਓ' ਵੀ ਭਾਰਤੀ ਬੱਚੇ ਦੇ ਮੂੰਹੋਂ ਨਿਕਲੀ ਸਾਦਾ ਆਵਾਜ਼ ਹੈ।

ਸੰਸਕ੍ਰਿਤ ਸ਼ਬਦ 'ਓਂ' ਤਿੰਨ ਅੱਖਰਾਂ ਦਾ ਬਣਿਆ ਹੋਇਆ ਸਮਝਿਆ ਜਾਂਦਾ ਹੈ' ਅ, ਓ ਅਤੇ ਮ। 'ਅ' ਹੈ 'ਵੈਸ਼ਵਾਨਰ' ਭਾਵ ਜੀਵਾਂ ਦੇ ਜਾਗਣ ਸਮੇਂ ਦੀ ਆਤਮਾ। 'ਓ' ਹੈ 'ਤੈਜਸ', ਭਾਵ ਸੁਪਨਾ ਆਉਣ ਸਮੇਂ ਦੀ ਆਤਮਾ। 'ਮ' ਹੈ 'ਪ੍ਰਾਗਯ', ਭਾਵ ਡੂੰਘੀ ਨੀਂਦੇ ਸੌਣ ਸਮੇਂ ਦੀ ਆਤਮਾ। ਸੋ 'ਓ' ਉਹ ਹਸਤੀ ਹੈ, ਜਿਸ ਵਿਚ ਸਾਰਾ ਜਗਤ ਸਮਾ ਜਾਂਦਾ ਹੈ।

ਉਪਨਿਸ਼ਦਾਂ ਦੇ ਪਿੱਛੋਂ ਦੇ ਸਮੇਂ ਵਿਚ 'ਓਂ' ਸ਼ਬਦ ਵਿਸ਼ਨੂੰ, ਸ਼ਿਵ ਤੇ ਬ੍ਰਹਮਾਂ ਦੇ ਸਮੁਦਾਇ ਲਈ ਵਰਤਿਆ ਜਾਣ ਲੱਗ ਪਿਆ। ਇਸ ਸ਼ਬਦ ਲਈ ਸੰਸਕ੍ਰਿਤ ਵਿਚ 'ਪ੍ਰਣਵ' ਤੇ 'ਏਕਾਕਸ਼ਰ' ਵੀ ਵਰਤੇ ਜਾਂਦੇ ਹਨ।

'ਅਮਰ ਕੋਸ਼' ਅਨੁਸਾਰ 'ਓਂ' ਦੇ ਤਿੰਨ ਅਰਥ ਹਨ : ੧. ਧਰਮ ਪੁਸਤਕਾਂ ਦੇ ਆਦਿ ਅੰਤ ਵਿਚ, ਅਰਦਾਸ ਜਾਂ ਚੰਗੇ ਕੰਮ ਦੇ ਆਰੰਭ ਵਿਚ ਵਰਤਿਆਂ ਜਾਣ ਵਾਲਾ ਪਵਿੱਤਰ ਅੱਖਰ। ੨. ਕਿਸੇ ਹੁਕਮ, ਪ੍ਰਸ਼ਨ ਦੇ ਉੱਤਰ ਵਿਚ ਆਦਰ ਲਈ 'ਹਾਂ ਜੀ' ਆਖਣਾ। ੩. ਬ੍ਰਹਮਾ।

ਇਨ੍ਹਾਂ ਵਿਚੋਂ ਕਿਹੜਾ ਅਰਥ ਲੈਣਾ ਹੈ ਸਿੱਖ ਧਰਮ ਵਿਚ, ਉਸ ਨੂੰ ਪੱਕਾ ਕਰਨ ਲਈ ਗੁਰੂ ਬਾਬੇ ਨੇ 'ਓਂ' ਦੇ ਪਹਿਲਾਂ '੧' ਲਾ ਦਿੱਤਾ, ਅਤੇ ਭਾਵ ਇਹ ਲਿਆ ਕਿ 'ਉਹ ਹਸਤੀ ਜੋ ਸਿਰਫ ਇੱਕ ਹੈ'। ਏਸੇ ਤਰ੍ਹਾਂ 'ਓਂ' ਨਾਲ 'ਕਾਰ' ਪਿੱਛੇਤਰ ਲਾ ਦਿੱਤਾ। ਇਹ

ਸੰਸਕ੍ਰਿਤ ਦਾ ਪਿਛੇਤਰ ਹੈ, 'ਨਾਂਵ' ਦੇ ਅਖੀਰ ਵਿੱਚ ਵਰਤਿਆ ਜਾਂਦਾ ਹੈ, ਪੁਲਿੰਗ ਤੇ ਇਸਤ੍ਰੀ ਲਿੰਗ ਵਿਚ। ਇਸ ਦੇ ਲਾਇਆਂ 'ਲਿੰਗ' ਵਿਚ ਕੋਈ ਫ਼ਰਕ ਨਹੀਂ ਪੈਂਦਾ। ਇਸ ਦਾ ਅਰਥ ਹੈ 'ਇਕ ਰਸ'। ਸ੍ਰੀ ਗੁਰੂ ਨਾਨਕ ਜੀ ਨੇ 'ਕਾਰ' ਦੀ ਥਾਂ '͡' ਚਿੰਨ੍ਹ ਵਰਤਿਆ ਹੈ। ਸੋ '੧ਓਂਕਾਰੁ' ਦੇ ਤਿੰਨ ਹਿੱਸੇ ਹਨ-ਇਕ, ਓਂ ਅਤੇ ਕਾਰੁ ਅਤੇ ਇਸ ਦਾ ਅਰਥ ਹੈ 'ਉਹ ਓ ਜੋ ਇੱਕ ਹੈ ਅਤੇ ਇੱਕ ਰਸ ਹੈ।' ਬਾਬਾ ਜੀ ਨੇ ਇਸ ਨੂੰ '੧ਓ' ਲਿਖਿਆ ਹੈ। ਗੁਰਬਾਣੀ ਵਿਚ ਇਸ ਦੇ ਚਾਰ ਰੂਪ ਹਨ : ੧ਓ, ਓਅੰ, ਓਅੰਕਾਰੁ ਅਤੇ ਏਕੰਕਾਰੁ। ਇਸ ਦਾ ਭਾਵ ਹੈ ਕਿ '੧ਓ' ਦਾ ਉੱਚਾਰਨ 'ਇਕ ਓਅੰਕਾਰੁ', 'ਏਕ ਓਅੰਕਾਰ', 'ਇਕੰਨਕਾਰੁ' ਜਾ 'ਏਕੰਕਾਰੁ' ਕਰਨਾ ਹੈ।

ਇਕ ਸੁਆਦਲੀ ਗੱਲ ਇਹ ਵੀ ਹੈ ਕਿ ਬਾਬਾ ਜੀ ਨੇ 'ਓ' ਨੂੰ ਓਅੰ ਬੁਲਾਇਆ ਹੈ, ਭਾਵੇਂ 'ਓ' ਅਤੇ ਅੰਤ ਵਿਚ 'ਅੰ' ਲਿਖਿਆ ਹੋਇਆ ਨਹੀਂ ਹੈ। ਸੋ ਜਿਹੜੇ ਸੱਜਣ ਹਠ ਕਰਦੇ ਹਨ ਕਿ ਗੁਰਬਾਣੀ ਵਿੱਚ ਜਿੱਥੇ ਗੁਰੂ ਜੀ ਨੇ ਟਿੱਪੀ ਜਾਂ ਬਿੰਦੀ ਨਹੀਂ ਲਾਈ, ਸਾਨੂੰ ਵੀ ਨਹੀਂ ਲਾਉਣੀ ਚਾਹੀਦੀ, ਨਹੀਂ ਤਾਂ ਪਾਠ ਗਲਤ ਹੋ ਜਾਂਦਾ ਹੈ, ਆਪਣੇ ਭੁਲੇਖੇ ਤੋਂ ਮੁਕਤ ਤਾਂ ਗੁਰਸਿੱਖੀ ਦਾ ਪਹਿਲਾ 'ਸ਼ਬਦ' ਪੜ੍ਹਨ ਨਾਲ ਹੀ ਹੋ ਜਾਂਦੇ ਹਨ। ਜਦ 'ਓ' ਦੀ ਥਾਂ 'ਓਅੰ' ਬੁਲਾਂਦੇ ਹਨ। ਅਸਲ ਗਲ ਤਾਂ ਇਹ ਹੈ ਕਿ ਭਾਵੇਂ ਗੁਰਬਾਣੀ ਵਿਚ ਕਈ ਥਾਵੀਂ ਲੋੜ ਹੁੰਦਿਆਂ ਵੀ ਗੁਰੂ ਜੀ ਨੇ ਟਿੱਪੀ ਬਿੰਦੀ ਨਹੀਂ ਲਾਈ ਪਰ ਜੇ ਅਸੀਂ ਪਾਠ ਕਰਦਿਆਂ ਨਾ ਲਾਈਏ ਤਾਂ ਪਾਠ ਗਲਤ ਹੋ ਜਾਂਦਾ ਹੈ ਅਤੇ ਅਰਥ ਦਾ ਅਨਰਥ ਹੋ ਜਾਂਦਾ ਹੈ। ਗੁਰੂ ਜੀ ਨੇ ਕਿਤੇ ਕਿਤੇ ਸਾਨੂੰ ਸਮਝਾਣ ਲਈ ਟਿੱਪੀ, ਬਿੰਦੀ ਲਾਈ ਹੈ। ਪਰ ਬਹੁਤ ਥਾਈਂ ਨਹੀਂ ਲਾਈ ਤਾਂ ਕਿ ਅਸੀਂ ਸੋਚ ਕੇ ਆਪ ਹੀ ਲਾਉਣ ਦੀ ਥਾਂ ਲਾ ਲਈਏ। ਗੁਰੂ ਸਾਹਿਬ ਅਤੇ ਉਸ ਸਮੇਂ ਦੇ ਸਿੱਖ ਸੱਭ ਯੋਗ ਥਾਂਈਂ ਟਿੱਪੀਆਂ, ਬਿੰਦੀਆਂ ਲਾ ਕੇ ਲਫ਼ਜ਼ਾਂ ਦਾ ਸ਼ੁੱਧ ਉੱਚਾਰਣ ਕਰਿਆ ਕਰਦੇ ਸਨ।

ਸਾਡੇ ਕਈ ਉੱਘੇ ਵਿਦਵਾਨ ਕਹੇ ਜਾਂਦੇ ਪ੍ਰਚਾਰਕ ਵੀ ਟਿੱਪੀਆਂ, ਬਿੰਦੀਆਂ ਨਾ ਲਾਉਣ ਦਾ ਹੀ ਪ੍ਰਚਾਰ ਕਰਦੇ ਹਨ ਅਤੇ ਆਪਣੀ ਗੱਲ ਦੀ ਪ੍ਰੋੜ੍ਹਤਾ ਵਿਚ ਗੁਰੂ ਨਾਨਕ ਜੀ ਦੇ ਬਸੰਤ ਰਾਗ ਵਿਚਲੇ ਇਕ ਸ਼ਬਦ ਦੇ 'ਰਹਾਉ' ਦੀਆਂ ਦੋ ਤੁਕਾਂ ਵਿਚੋਂ ਦੂਜੀ ਤੁੱਕ ਕੋਟ ਕਰ ਦਿੰਦੇ ਹਨ : 'ਅਖਰ ਲਿਖੇ, ਸੇਈ ਗਾਵਾ, ਅਵਰ ਨਾ ਜਾਣਾ ਬਾਣੀ।' ਉਹ ਅਰਥ ਸਮਝਣ ਵਿਚ ਟਪਲਾ ਖਾ ਜਾਂਦੇ ਹਨ। 'ਰਹਾਉ' ਦੀਆਂ ਦੋਵੇ ਤੁਕਾਂ ਇਉਂ ਹਨ : 'ਮੇਰੇ ਸਾਹਿਬਾ !, ਹਉ ਆਪੇ ਭਰਮਿ ਭੁਲਾਣੀ॥ ਅਖਰ ਲਿਖੇ, ਸੇਈ ਗਾਵਾ, ਅਵਰ ਨਾ ਜਾਣਾ ਬਾਣੀ ॥ ੧॥ ਰਹਾਉ॥' ਪਰ ਆਪਣੇ ਸੰਦਰਭ ਵਿਚ ਇਸ ਕੋਟੇਸ਼ਨ ਦਾ ਅਰਥ ਇਹ ਹੈ: ਹੇ ਮੇਰੇ ਵਾਹਿਗੁਰੂ ! ਮੈਂ ਆਪ ਹੀ ਮਾਇਆ ਦੇ ਮੋਹ ਦੀ ਭਟਕਣਾ ਵਿਚ ਪੈ ਕੇ ਜੀਵਨ ਦੇ ਸਹੀ ਰਸਤੇ ਤੋਂ ਭੁਲੀ ਹੋਈ ਹਾਂ। ਇਸ ਭਟਕਣਾ ਵਿਚ ਪੈ ਕੇ ਕੀਤੇ ਹੋਏ ਕੰਮਾਂ ਦੇ ਜਨਮਾਂ ਜਨਮਾਂਤਰਾਂ ਦੇ ਜੋ ਸੰਸਕਾਰ ਮੇਰੇ ਮਨ ਉੱਤੇ ਪਏ ਹੋਏ ਹਨ, ਮੈਂ ਉਨ੍ਹਾਂ ਨੂੰ ਹੀ ਗਾਂਦੀ ਚਲੀ ਜਾ ਰਹੀ ਹਾਂ। ਭਾਵ ਉਨ੍ਹਾਂ ਦੀ ਹੀ ਪ੍ਰੇਰਨਾ ਨਾਲ ਮੁੜ ਮੁੜ ਉਹੋ ਜਿਹੇ ਕੰਮ ਹੀ ਕਰਦੀ ਚਲੀ ਜਾ ਰਹੀ ਹਾਂ। ਮੈਂ ਆਪਣੇ ਮਨ ਦੀ ਕੋਈ ਹੋਰ ਘਾੜਤ ਘੜਨੀ ਨਹੀਂ ਜਾਣਦੀ ਭਾਵ ਮੈਂ ਐਸੇ ਕੋਈ ਕੰਮ ਕਰਨੇ ਨਹੀਂ ਜਾਣਦੀ, ਜਿਨ੍ਹਾਂ ਨਾਲ ਮੇਰੇ ਅੰਦਰੋਂ ਮਾਇਆ ਦੇ

ਮੋਹ ਦੇ ਸੰਸਕਾਰ ਮੁੱਕ ਜਾਣ।'

ਭਾਵੇਂ ਬਾਬਾ ਜੀ ਨੇ ਗੁਰਬਾਣੀ '੧ਓ ਤੋਂ ਆਰੰਭ ਕੀਤੀ ਅਤੇ ਭਾਵੇਂ ਗੁਰਬਾਣੀ ਵਿਚ ਰੱਬ ਦੇ ਅਨੇਕ ਨਾਉਂ ਹਨ, ਪਰ ਉਨ੍ਹਾਂ ਆਪ 'ਵਾਹਿਗੁਰੂ' ਸ਼ਬਦ ਹੀ ਜਪਿਆ ਅਤੇ ਸਿੱਖਾਂ ਤੋਂ ਜਪਾਇਆ। ਅਸੀਂ ਅਜ ਵੀ ਇਹੀ ਸ਼ਬਦ ਜਪਦੇ ਹਾਂ। ਇਸ ਨੂੰ ਹੀ 'ਸਤਿਨਾਮੁ ਤੇਰਾ ਪਰਾ ਪੂਰਬਲਾ' ਕਿਹਾ ਗਿਆ ਹੈ।

'ਵਾਹਿਗੁਰੂ' ਦੇ ਦੋ ਅਰਥ ਹਨ : ੧. ਅਕਾਲ ਪੁਰਖ ਧੰਨ ਹੈ। ੨. ਅਕਾਲ ਪੁਰਖ ਦਾ ਰੂਪ ਸਤਿਗੁਰੂ ਧੰਨ ਹੈ। ਸੁਲ਼ਤਾਨ ਪੁਰ ਦਾ ਇਕ ਭੱਟ, ਰੱਈਆ ਸੀ, ਜਿਸ ਦੇ ਛੇ ਪੁੱਤਰ ਸਨ। ਭਾਈ ਗੁਰਦਾਸ ਜੀ ਦੀ ਗਿਆਰ੍ਹਵੀਂ ਵਾਰ ਦੀ ਇੱਕੀਵੀਂ ਪਉੜੀ ਅਨੁਸਾਰ, ਉਨ੍ਹਾਂ ਵਿਚੋਂ ਭਿੱਖਾ ਸ੍ਰੀ ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ। ਗੁਰੂ ਅਰਜਨ ਦੇਵ ਜੀ ਦੇ ਗੁਰੂ-ਪਦ ਸੰਭਾਲਣ ਤੋਂ ਥੋੜੀ ਦੇਰ ਪਿੱਛੋਂ ਭਿੱਖਾ ਆਪਣੇ ਨੌਂ ਭਤੀਜਿਆਂ ਅਤੇ ਇਕ ਹੋਰ ਸਾਥੀ ਭੱਟ ਨੱਲ੍ਹ ਨੂੰ ਨਾਲ ਲੈ ਕੇ ਗੋਇੰਦਵਾਲ ਗੁਰ-ਦਰਬਾਰੇ ਆਇਆ। ਉਨ੍ਹਾਂ ਵਿਚੋਂ ਚੋਖੇ ਭੱਟ ਦਾ ਪੁੱਤ ਗਯੰਦ ਭੱਟ ਸ੍ਰੀ ਗੁਰੂ ਰਾਮਦਾਸ ਦੀ ਸਿਫ਼ਤ ਵਿਚ ਉਚਾਰੇ ਗਏ ਆਪਣੇ ਤੇਰਾਂ ਸਵੱਈਆਂ ਵਿਚੋਂ ਛੇਵੇਂ ਸਵਈਏ ਵਿਚ 'ਵਾਹਿਗੁਰੂ' ਸ਼ਬਦ ਵਰਤਦਾ ਹੈ। ਪਰ ਓਥੇ ਇਸ ਦਾ ਅਰਥ ਹੈ 'ਹੇ ਗੁਰੂ ਰਾਮਦਾਸ ! ਤੂੰ ਧੰਨ ਹੈ।'

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਵਾਹਿਗੁਰੂ' ਸ਼ਬਦ ਕਿਤੇ ਵੀ ਅਕਾਲ ਪੁਰਖ ਲਈ ਨਹੀਂ ਆਇਆ, ਪਰ ਕਈ ਸੱਜਣਾਂ ਨੇ 'ਨਾਨਕ ਦਾਸ ! ਕਹਹੁ ਗੁਰ ਵਾਹੁ'॥੪॥ ੨੧ (ਆਸਾ ਮਹਲਾ ੫) ਤੋਂ ਵਾਹਿਗੁਰੂ ਅਤੇ 'ਵਾਹਿਗੁਰੂ' ਸ਼ਬਦ 'ਅਕਾਲ ਪੁਰਖ' ਦੇ ਅਰਥ ਵਿਚ ਘੜ ਲਏ ਹਨ। ਭਾਵੇਂ ਇਸ ਤੁਕ ਦਾ ਮਤਲਬ ਇਹ ਹੈ : ਹੇ ਨਾਨਕ ਦਾਸ ! ਗੁਰੂ ਜੀ ਨੂੰ ਧੰਨ ਕਹੋ'। ਭਸੌੜੀਏ ਸੱਜਣ ਤਾਂ 'ਵਾਹਿਗੁਰੂ' ਦੇ ਥਾਂ ਬੁਲਾਂਦੇ ਅਤੇ ਲਿਖਦੇ ਵੀ 'ਵਾਹੁਗੁਰੂ' ਹੀ ਹਨ। ਜਿਨ੍ਹਾਂ ਨੇ ਗੁਰ ਵਾਹ' ਤੋਂ 'ਵਾਹਿਗੁਰੂ' ਬਣਾ ਲਿਆ ਹੈ, ਉਨ੍ਹਾਂ ਵਲੋਂ ਇਹ ਧੂ ਘਸੀਟ ਕੇ ਆਪਣਾ ਪੱਖ ਜਤਾਉਣ ਵਾਲੀ ਗੱਲ ਹੈ, ਭੁਲੇਖਾ ਹੈ, ਅਸਲੀਅਤ ਨਹੀਂ।

'ਵਾਹਿਗੁਰੂ' ਗੁਰ ਮੰਤਰ ਦਾ ਵਿਸਥਾਰ ਹੈ। 'ਜਪੁ' ਦੀ ਬਾਣੀ, ਅਤੇ 'ਜਪੁ ਜੀ' ਦਾ ਵਿਸਥਾਰ ਹੈ 'ਸ੍ਰੀ ਗੁਰੂ ਗ੍ਰੰਥ'। ਤਿਲਿੰਗ ਮਹਲਾ ੧ ਵਿਚ ' ਜੈਸੀ ਮੈ ਆਵੈ ਖਸਮ ਦੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ' ਅਨੁਸਾਰ ਗੁਰਬਾਣੀ' ਵਾਹਿਗੁਰੂ ਦੀ ਹੈ, ਅਤੇ 'ਬਾਣੀ ਗੁਰੂ, ਗੁਰੂ ਹੈ ਬਾਣੀ' ਅਨੁਸਾਰ ਗੁਰੂ ਤੇ ਬਾਣੀ ਵੀ ਇਕ ਹਨ।ਸੋ ਵਾਹਿਗੁਰੂ, ਸਤਿਗੁਰੂ ਤੇ ਬਾਣੀ ਇਕ ਹਨ।

'ਖਸਮ ਕੀ ਬਾਣੀ' ਜਦੋਂ ਆਉਂਦੀ ਸੀ ਤਾ ਬਾਬਾ ਹੀ ਫਰਮਾਂਦੇ ਸਨ; ਭਾਈ ਮਰਦਾਨਾ ਜੀ! ਰਬਾਬ ਨੂੰ ਵਜਾਵੋ, ਬਾਣੀ ਆਈ'। ਬਾਣੀ ਕਿਤੋਂ ਬਾਹਰੋਂ ਨਹੀ ਸੀ ਆਉਂਦੀ, ਕਿਤੋਂ ਉਪਰੋ, ਅਕਾਸ਼ ਵਿਚੋਂ ਨਹੀਂ ਸੀ ਉੱਤਰਦੀ, ਨਾਜ਼ਲ ਨਹੀਂ ਸੀ ਹੁੰਦੀ ਬਲਕਿ ਅੰਦਰੋਂ, ਅੰਤਰ ਆਤਮਾ ਤੋਂ ਮੂੰਹ ਰਾਹੀਂ ਬਾਹਰ ਆਉਂਦੀ ਸੀ। ਇਹੀ ਇਲਹਾਮ ਸੀ, ਇਹੀ ਆਕਾਸ਼ ਬਾਣੀ ਸੀ। 'ਸ਼ਬਦ' ਸਾਰੇ ਹੈ, ਸਾਡੇ ਅੰਦਰ ਵੀ ਹੈ, ਅੰਦਰੋਂ ਵੀ ਪਰਗਟ ਹੋ ਜਾਂਦਾ ਹੈ, ਬਾਹਰੋਂ ਆਉਣ ਦੀ ਲੋੜ ਨਹੀਂ ਰਹਿੰਦੀ।

ਦਸਮੇਸ਼ ਜੀ ਨੂੰ ਵੀ ਜਦੋਂ 'ਅਕਾਲ ਪੁਰਖ ਵਾਚ ਇਸ ਕੀਟ ਪ੍ਰਤਿ' ਅਨੁਭਵ ਹੋਇਆ ਸੀ ਅਤੇ ਜਦੋਂ ਉਨ੍ਹਾਂ ਪ੍ਰਤਿ 'ਅਕਾਲ ਪੁਰਖ ਵਾਚ' ਹੋਇਆ ਸੀ, 'ਮੈਂ ਆਪਣਾ ਸੁਤ ਤੋਹਿ ਨਿਵਾਜਾ'। ਇਹ ਵੀ ਆਤਮਾ ਦੀ ਆਵਾਜ਼ ਸੀ ਕਿਉਂਕਿ ਗੁਰੂ ਜੀ 'ਦ੍ਵੈ ਤੇ ਏਕ ਰੂਪ ਹੋਇ ਗਇਓ' ਸੀ।

'ਪੱਟੀ' ਤਾਂ ਬਾਬਾ ਜੀ ਨੇ ਗੋਪਾਲ ਪਾਧੇ ਪਾਸ ਸੱਤ ਸਾਲ ਦੀ ਉਮਰੇ ਹੀ ਲਿੱਖ ਦਿੱਤੀ ਸੀ। ਸੰਨ ੧੫੦੭ ਤੋਂ ੧੫੧੫ ਤਾਈਂ ਆਪਣੀ ਅੱਠ ਸਾਲ ਦੀ ਪਹਿਲੀ ਉਦਾਸੀ, ਪ੍ਰਚਾਰ ਫੇਰੀ ਵਿੱਚ ਜਦੋਂ 'ਬਾਬਾ ਆਇਆ ਤੀਰਥੈ, ਤੀਰਥ-ਪੁਰਬ ਸਭੈ ਫਿਰਿ ਦੇਖੈ।' ਬਾਬਾ ਜੀ ਨੇ ਕਈ ਹਿੰਦੂ ਭਗਤਾਂ ਦੀ ਬਾਣੀ ਇਕੱਠੀ ਕਰ ਲਈ ਸੀ ਅਤੇ ਨਰਮਦਾ ਨਦੀ ਦੇ ਕੰਢੇ 'ਓਅੰਕਾਰ ਮੰਦਰ' ਵਿਚ 'ਰਾਮਕਲੀ ਦੱਖਣੀ' ਰਾਗ ਵਿਚ 'ਓਅੰਕਾਰੁ ਬਾਣੀ ਵੀ ਉਚਾਰ ਲਈ ਸੀ।

ਸੰਨ ੧੫੧੭-੧੫੧੮ ਵਿਚ ਆਪਣੇ ਇਕ ਸਾਲ ਦੇ ਪ੍ਰਚਾਰ ਦੌਰੇ ਦੌਰਾਨ 'ਫਿਰਿ ਜਾ ਚੜੇ ਸੁਮੇਰ ਪੁਰ'। ਸੰਨ ੧੫੧੮-੧੫੨੧ ਤਾਂਈਂ ਆਪਣੀ ਤਿੰਨ ਸਾਲ ਦੀ ਤੀਜੀ ਭਾਵ ਅੰਤਲੀ ਉਦਾਸੀ ਵਿਚ ਜਦੋਂ 'ਬਾਬਾ ਫਿਰਿ ਮੱਕੇ ਗਿਆ' ਤਾਂ ਜਾਣ ਸਮੇਂ ਪਾਕਪਟਨ ਤੋਂ ਸ਼ੇਖ ਫਰੀਦ ਦੀ ਗੱਦੀ ਤੇ ਗਿਆਰ੍ਹਵੇਂ ਥਾਂ ਸ਼ੇਖ ਇਬਰਾਹੀਮ, ਜਿਸ ਨੂੰ ਪੰਜਾਬੀ ਲੋਕ 'ਸ਼ੇਖ ਬ੍ਰਹਮ' ਕਹਿੰਦੇ ਸਨ, ਤੋਂ ਸ਼ੇਖ ਫਰੀਦ ਦਾ ਕਲਾਮ, ਬਾਣੀ ਲੈ ਲਈ।

ਸੰਨ ੧੫੨੧ ਵਿਚ ਰਾਵੀ ਨਦੀ ਕੰਢੇ ਕਰਤਾਰ ਪੁਰ ਆ ਕੇ 'ਮਲਾਰ ਦੀ ਵਾਰ' ਉਚਾਰੀ। ਸੰਨ ੧੫੩੨ ਵਿਚ ਓਥੇ ਹੀ 'ਆਸਾ ਦੀ ਵਾਰ', 'ਜਪੁ ਜੀ' ਅਤੇ 'ਤੁਖਾਰੀ ਬਾਰਾ ਮਾਹ' ਉਚਾਰਨ ਕੀਤੇ। ਫ਼ਰਵਰੀ ਸੰਨ ੧੫੩੯ ਵਿਚ 'ਮੇਲਾ ਸੁਣਿ ਸਿਵਰਾਤ ਦਾ ਬਾਬਾ ਅਚਲ ਬਟਾਲੇ ਆਈ', ਸਿੱਧਾਂ ਨਾਲ ਗੋਸ਼ਟੀ ਕੀਤੀ ਅਤੇ ਪਿੱਛੋਂ ਆਰਾਮ ਨਾਲ 'ਸਿਧ ਗੋਸਟਿ' ਬਾਣੀ ਉਚਾਰੀ, ਜਿਸ ਦੇ ਦੋ ਅਰਥ ਹਨ : 'ਸਿੱਧਾਂ ਨਾਲ ਚਰਚਾ' ਅਤੇ 'ਵਾਹਿਗੁਰੂ ਨਾਲ ਮੇਲ'।

ਪਹਿਲਾਂ ਤੋਂ ਬਾਬਾ ਜੀ ਸ਼ਬਦ-ਗੁਰੂ ਦੀ ਇੱਜ਼ਤ ਕਰਦੇ ਸਨ। ਗੁਰਬਾਣੀ ਕਿਤਾਬ ਵਿੱਚ ਲਿਖ ਕੇ ਸਾਂਭ ਕੇ ਰਖਦੇ ਸਨ। ਜਦੋਂ 'ਬਾਬਾ ਫਿਰਿ ਮੱਕੇ ਗਿਆ, ਨੀਲ ਬਸਤਰ ਧਾਰੇ ਬਨਵਾਰੀ। ਆਸਾ ਹਥਿ, ਕਿਤਾਬ ਕਛਿ, ਕੂਜਾ ਬਾਂਗ ਮੁਸੱਲਾ ਧਾਰੀ"। ਤਾਂ ਜਿਹੜੀ ਕਿਤਾਬ ਉਨ੍ਹਾਂ ਗਾਤਰੇਂ ਪਾਈ ਹੋਈ ਸੀ, ਉਹ ਉਸ ਵੇਲੇ ਤਾਈਂ ਰਚੀ ਹੋਈ ਅਪਣੀ ਬਾਣੀ, ਭਗਤਾਂ ਤੇ ਸ਼ੇਖ ਜੀ ਦੀ ਇੱਕਠੀ ਕੀਤੀ ਹੋਈ ਬਾਣੀ ਦਾ ਸੰਗ੍ਰਹਿ ਸੀ। ਇਹ ਉਹੀ ਸੰਗ੍ਰਹਿ ਸੀ, ਜਿਸ ਬਾਰੇ ਮੱਕੇ ਦਾ ਜ਼ਿਕਰ ਕਰਦਿਆਂ ਹੋਇਆਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

*ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ॥..............*
*ਪੁਛਨਿ :'ਖੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ'॥*

ਬਾਬਾ ਜੀ ਨੇ ਸਾਰੀ ਬਾਣੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ। ਉਨ੍ਹਾਂ ਨੇ ਆਪਣੀ ਬਾਣੀ ਸਮੇਤ ਸਾਰੀ ਬਾਣੀ ਸ੍ਰੀ ਗੁਰੂ ਅਮਰਦਾਰ ਜੀ ਨੂੰ ਸੌਂਪੀ। ਇਸ ਤਰ੍ਹਾਂ ਅੱਗੇ ਤੋਂ ਅੱਗੇ ਸ੍ਰੀ ਗੁਰੂ ਰਾਮਦਾਸ ਜੀ ਰਾਹੀਂ ਸਾਰੀ ਬਾਣੀ ਸ੍ਰੀ ਗੁਰੂ ਅਰਜੁਨ ਦੇਵ ਜੀ ਪਾਸ ਆ

ਗਈ।

ਸਾਰੇ ਗੁਰੂ ਜੀ ਬਾਣੀ ਨਾਲ, ਵਾਹਿਗੁਰੂ ਸ਼ਬਦ ਨਾਲ ਪਿਆਰ ਕਰਦੇ ਸਨ। ਇਸ ਅੰਮ੍ਰਿਤ ਦੀ ਧਾਰਾ ਨੂੰ ਕਦੀ ਵੀ ਮਨੋਂ ਨਹੀਂ ਸੀ ਭੁਲਾਂਦੇ। ਜਿੱਥੇ ਤੀਜੇ ਗੁਰੂ ਜੀ ਫਰਮਾਂਦੇ ਹਨ, 'ਆਵਹੁ, ਸਿਖ ਸਤਿਗੁਰ ਕੇ ਪਿਆਰਿਹੋ। ਗਾਵਹੁ ਸਚੀ ਬਾਣੀ', ਓਥੇ ਪੰਜਵੇਂ ਗੁਰੂ ਜੀ ਬਾਣੀ ਬਾਰੇ ਫਰਮਾਂਦੇ ਹਨ : 'ਹਮਾਰੀ ਪਿਆਰੀ, ਅੰਮ੍ਰਿਤ ਧਾਰੀ॥ ਗੁਰਿ ਨਿਮਖਨ ਮਨ ਤੇ ਟਾਰੀ, ਰੇ।'

ਪੰਜਵੇਂ ਗੁਰੂ ਜੀ ਦੀ ਦੇਖ ਰੇਖ ਵਿਚ ਭਾਈ ਗੁਰਦਾਸ ਜੀ ਨੇ ਪੰਜਵੇ ਗੁਰੂ ਜੀ ਦੀ ਬਾਣੀ, ਬਾਬਾ ਸੁੰਦਰ ਜੀ ਦੀ 'ਸੱਦ' ਅਤੇ ਭੱਟਾਂ ਦੀ ਬਾਣੀ ਸਮੇਤ, ਪਹਿਲੀ ਸਾਰੀ ਬਾਣੀ ਲਿਖੀ। ਜਦੋਂ ਰਾਗਾਂ ਦਾ ਤੱਤਕਰਾ ਵੀ ਲਿਖ ਲਿਆ ਤਾਂ ਓਥੇ ਬਾਣੀ ਦੀ ਲਿਖਤ ਪੂਰੀ ਹੋਣ ਦੀ ਤਿਥ ਇਉਂ ਲਿਖੀ ਹੈ : 'ਸੂਚੀ ਪਤ੍ਰ ਪੋਥੀ ਕਾ, ਤਤਕਰਾ ਰਾਗਾਂ ਕਾ, ਸੰਮਤ ੧੬੬੧, ਮਿਤੀ ਭਾਦਉ ਵਦੀ ਏਕਮ ੧ ਪੋਥੀ ਲਿਖਿ ਪਹੁਚੇ।' ਪੋਥੀ ਸ਼ਬਦ ਤੇ ਸ਼ੰਕਾ ਨਹੀਂ ਸੀ ਹੋ ਸਕਦੀ ਕਿਉਂਕਿ' ਪੋਥੀ ਪਰਮੇਸਰ ਕਾ ਥਾਨੁ' ਹੈ।

ਪਿੱਛੋਂ 'ਤਤਕਰਾ ਸਬਦਾ ਕਾ' ਆਰੰਭ ਕੀਤਾ, ਸ੍ਰੀ ਅੰਮ੍ਰਿਤਸਰ ਵਿਚ ਹੀ ਜਿਲਦ ਬਨ੍ਹਾਈ ਤੇ ਸੁਕਾਈ ਗਈ। ਇਸ ਸਾਰੇ ਕੰਮ ਨੂੰ ਭਾਦੋਂ ਵਦੀ ੧੫ ਤਾਈਂ ਪੰਦਰਾਂ ਦਿਨਾਂ ਵਿਚ ਮੁਕਾ ਕੇ ਭਾਦੋਂ ਸ਼ੁਦੀ ੧ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ 'ਆਦਿ ਬੀੜ' ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ।

ਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਬੰਨੋ ਜੀ ਦੀ ਦੇਖ ਰੇਖ ਵਿੱਚ ਸ੍ਰੀ ਅੰਮ੍ਰਿਤਸਰ ਵਿਚ ਹੀ ਇਸ ਬੀੜ ਦਾ ਉਤਾਰਾ ਹੋਇਆ, ਅਤੇ ਸੰਮਤ ੧੬੬੧, ਅਸੂਵਦੀ ਏਕਮ ਨੂੰ ਇਹ ਕੰਮ ਪੂਰਾ ਹੋ ਕੇ ਰਾਗਾਂ ਦਾ ਅਤੇ ਫਿਰ ਸ਼ਬਦਾਂ ਦਾ ਤਤਕਰਾ ਲਿਖਣਾ ਸ਼ੁਰੂ ਹੋਇਆ। ਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਬੰਨੋ ਇਸ ਬੀੜ ਨੂੰ ਆਪਣੇ ਪਿੰਡ ਮਾਂਗਟ ਖਹਿਰਾ, ਜ਼ਿਲਾ ਗੁਜਰਾਤ ਲੈ ਗਿਆ। 'ਖਹਿਰਾ' ਸ਼ਬਦ ਤੋਂ 'ਖਹਿਰੀ' ਅਤੇ ਫਿਰ 'ਖਾਰੀ' ਬੀੜ ਇਸ ਦਾ ਨਾਉਂ ਪੈ ਗਿਆ। ਗੁਰੂ ਜੀ ਦੇ ਜੀਵਨ ਕਾਲ ਵਿਚ ਹੀ ਭਾਈ ਬੰਨੋ ਵਾਲੀ ਬੀੜ ਦੇ ਤਿੰਨ ਹੋਰ ਉਤਾਰੇ ਹੋ ਗਏ, ਜੋ ਬੋਹਤ, ਪਿੰਡੀ ਲਾਲਾ, ਅਤੇ ਵਾਸੂ ਵਾਲੀਆਂ ਬੀੜਾਂ ਕਹੀਆਂ ਜਾਂਦੀਆਂ ਹਨ। ਇਹ ਤਿੰਨੇ ਪਿੰਡ ਵੀ ਜ਼ਿਲਾ ਗੁਜਰਾਤ ਵਿਚ ਹੀ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਪਿੱਛੋਂ ਸ੍ਰੀ ਗੁਰੂ ਅਰਜੁਨ ਦੇਵ ਜੀ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨੀਵੀਂ ਥਾਂ ਬੈਠਦੇ ਸਨ ਅਤੇ ਨਮਸਕਾਰ ਕਰਦੇ ਸਨ। ਏਸੇ ਤਰ੍ਹਾਂ ਹੀ ਸ੍ਰੀ ਗੁਰੂ ਹਰਿਗੋਬਿੰਦ, ਗੁਰੂ ਹਰਿ ਰਾਇ, ਗੁਰੂ ਹਰਿ ਕ੍ਰਿਸ਼ਨ, ਗੁਰੂ ਤੇਗ ਬਹਾਦੁਰ ਤੇ ਦਸਮੇਸ਼ ਵੀ ਕਰਦੇ ਰਹੇ।

ਦਸਮੇਸ਼ ਜੀ ਨੇ ਸ੍ਰੀ ਦਮਦਮਾ ਸਾਹਿਬ ਵਿਚ ਆਪਣੀ ਦੇਖ ਰੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਬੀੜ, ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਜੋ 'ਦਮਦਮੀ ਬੀੜ' ਕਰਕੇ ਪ੍ਰਸਿੱਧ ਹੈ ਅਤੇ ਜਿਸ ਦੇ ਉਤਾਰੇ ਹੀ ਉਦੋਂ ਤੋਂ ਸਾਰੇ ਪ੍ਰਕਾਸ਼ ਹੁੰਦੇ ਹਨ।

ਰਹਿਤਨਾਮਿਆਂ ਵਿਚੋਂ ਹਵਾਲੇ ਦੇਣ ਤੋਂ ਪਹਿਲਾਂ ਹੇਠਲੀ ਵਿਚਾਰ ਜ਼ਰੂਰੀ ਹੈ।

ਭਾਈ ਦਇਆ ਸਿੰਘ, ਭਾਈ ਨੰਦ ਲਾਲ, ਭਾਈ ਚੌਂਪਾ ਸਿੰਘ, ਭਾਈ ਦੇਸਾ ਸਿੰਘ, ਭਾਈ ਪ੍ਰਹਿਲਾਦ ਸਿੰਘ ਅਤੇ ਭਾਈ ਸੁਮੇਰ ਸਿੰਘ ਦੇ ਨਾਉਂ ਥੱਲੇ ਰਹਿਤਨਾਮੇ ਮਿਲਦੇ ਹਨ। ਭਾਈ ਦਇਆ ਸਿੰਘ ਦਾ ਸਭ ਨੂੰ ਪਤਾ ਹੀ ਹੈ। ਭਾਈ ਚੌਂਪਾ ਸਿੰਘ ਜੀ ਪਹਿਲਾਂ ਦਸਮੇਸ਼ ਜੀ ਦੇ ਖਿਡਾਵੇ ਵੀ ਰਹੇ ਸਨ। ਭਾਈ ਸੁਮੇਰ ਸਿੰਘ ਜੀ ਤਖਤ ਪਟਣਾ ਸਾਹਿਬ ਦੇ ਮਹੰਤ ਸਨ। ਭਾਈ ਦਇਆ ਸਿੰਘ ਤੇ ਚੌਪਾ ਸਿੰਘ ਦੇ ਰਹਿਤਨਾਮੇ ਵਾਰਤਿਕ ਵਿਚ ਹਨ ਅਤੇ ਬਾਕੀ ਦੇ ਕਵਿਤਾ ਵਿਚ।

ਭਾਈ ਪ੍ਰਹਿਲਾਦ ਸਿੰਘ ਦਾ ਰਹਿਤਨਾਮਾ ਇਸ ਦੋਹਿਰੇ ਤੋਂ ਆਰੰਭ ਹੁੰਦਾ ਹੈ: "ਅਬਚਲ ਨਗਰ ਬੈਠੇ ਗੁਰੂ, ਮਨ ਮੇਂ ਕੀਆ ਬਿਚਾਰ॥ ਬੋਲਿਆ ਪੂਰਾ ਸਤਿਗੁਰੂ ਮੂਰਤਿ ਸ੍ਰੀ ਕਰਤਾਰ ॥੧॥" ਪਰ ਅੱਗੇ ਜਾਕੇ ਰਹਿਤਨਾਮਾ ਲਿਖਣ ਦਾ ਸਾਲ ਇਉਂ ਦਿੱਤਾ ਹੈ: "ਸੰਮਤ ਸਤ੍ਰਹਿ ਸੈ ਭਏ, ਬਰਖ ਬਵੰਜਾ ਨਿਹਾਰ॥ ਮਾਘ ਵਦੀ, ਤਿਥਿ ਪੰਚਮੀ ਵੀਰਵਾਰ ਸੁਭ ਵਾਰ॥ ੩੫॥" ਸੰਮਤ 1752 ਭਾਵ ਸੰਨ 1695 ਵਿਚ ਤਾਂ ਦਸਮੇਸ਼ ਜੀ ਆਨੰਦਪੁਰ ਹੀ ਸਨ, 'ਨਿਰਮਲ ਪੰਥ' ਨੂੰ 'ਖਾਲਸਾ ਪੰਥ' ਵਿਚ ਵੀ ਨਹੀਂ ਸੀ ਢਾਲਿਆ ਗਿਆ। ਗੁਰੂ ਜੀ ਹਾਲਾਂ ਅਬਚਲ ਨਗਰ ਨਹੀਂ ਸੀ ਪਧਾਰੇ ਅਤੇ 'ਅਬਚਲ ਨਗਰ' ਨਾਉਂ ਵੀ ਗੁਰੂ ਜੀ ਦੇ ਸੰਨ 1708 ਵਿਚ ਜੋਤੀ ਜੋਤ ਸਮਾਉਣ ਪਿੱਛੋਂ ਹੀ ਪ੍ਰਚਲਿਤ ਹੋਇਆ। ਸੋ ਹੋ ਸਕਦਾ ਹੈ ਕਿ ਕਿਸੇ ਨੇ ਸ਼ਰਾਰਤ ਕਰਕੇ ਅਬਚਲ ਨਗਰ ਵਾਲੀ ਗੱਲ ਪਿਛੋਂ ਘਸੋੜ ਦਿੱਤੀ ਹੋਵੇ।

ਭਾਈ ਰਣਧੀਰ ਸਿੰਘ ਜੀ ਨੇ 'ਸਿੰਘਾਂ ਦਾ ਪੰਥ ਨਿਰਾਲਾ' ਦੇ ਸਤਾਰ੍ਹਵੇਂ ਪੰਨੇ ਤੇ 'ਗੁਰੂ ਉਪਦੇਸ਼ ਹਿੱਤ ਉਪਦੇਸ਼ਨੀ ਰਹਿਤਨੀ ਰਹਿਤਨਾਮਾ' ਦਾ ਹਵਾਲਾ ਦਿੰਦਿਆ ਲਿਖਿਆ ਹੈ: 'ਕਛ, ਕੜਾ, ਕਿਰਪਾਨ, ਕੰਘਾ, ਕੇਸਕੀ॥ ਇਹ ਪੰਜ ਕਕਾਰੀ ਰਹਿਤ ਧਾਰੇ ਸਿਖ ਸੋਈ॥" ਪਰ ਭਾਲ ਕਰਨ ਤੋਂ ਵੀ ਇਹ ਰਹਿਤਨਾਮਾ ਕਿਤਿਓਂ ਮਿਲ ਨਹੀਂ ਰਿਹਾ।

ਇਹੀ ਦੋਤੁਕੀ ਪ੍ਰੋ. ਅਮਰਜੀਤ ਕੌਰ ਨੇ 'ਗੁਰਸਿਖ ਰਹਿਣੀ' ਦੇ ਪੰਨਾ ਉਨੱਤੀ ਉੱਤੇ ਦਿੱਤੀ ਹੈ ਪਰ ਉਨ੍ਹਾਂ ਨੇ ਲਿਖਿਆ ਹੈ ਕਿ ਉਨ੍ਹਾਂ ਇਹ 'ਰਹਿਤਨਾਮਾ ਭਾਈ ਚੌਪਾ ਸਿੰਘ' ਤੋ ਲਈ ਹੈ। ਭਾਈ ਚੌਪਾ ਸਿੰਘ ਦੇ ਰਹਿਤਨਾਮੇ ਵਿਚ ਇਹ ਦੋ ਤੁਕੀ ਹੈ ਨਹੀਂ, ਫਿਰ ਉਹ ਰਹਿਤਨਾਮਾ ਤਾਂ ਹੈ ਵੀ ਨਸਰ ਵਿਚ।

ਜਦ ਸੰਨ 1979 ਦੇ ਆਰੰਭ ਵਿਚ ਮੈਂ 'ਗੁਰਸਿਖ ਰਹਿਣੀ' ਪੜ੍ਹੀ ਤਾ ਮੈਂ ਪ੍ਰੋ: ਅਮਰਜੀਤ ਕੌਰ ਨੂੰ ਇਕ ਪੱਤਰ ਲਿਖ ਕੇ ਇਹ ਮੰਗ ਕੀਤੀ ਕਿ ਮੈਨੂੰ ਦਸਿਆ ਜਾਵੇ ਕਿ ਭਾਈ ਚੌਪਾ ਸਿੰਘ ਦਾ ਇਹ ਰਹਿਤਨਾਮਾ ਕਿਥੋਂ ਮਿਲ ਸਕਦਾ ਹੈ ਤਾਂ ਕਿ ਮੈਂ ਵੀ ਪੜ੍ਹ ਕੇ ਦੇਖ ਸਕਾਂ। ਮੈਂ ਉਨ੍ਹਾਂ ਨੂੰ ਇਸ ਵਿਸ਼ੇ ਤੇ ਸਾਰੀ ਗੱਲ ਲਿਖੀ ਸੀ ਪਰ ਉਨ੍ਹਾਂ ਨੇ ਮੈਨੂੰ ਉੱਤਰ ਨਹੀਂ ਦਿੱਤਾ।

ਇਸ ਤੋਂ ਪਿੱਛੋਂ ਮੈਂ ਗੁਰਦਵਾਰਾ ਬੇਬੇ ਨਾਨਕੀ ਜੀ, ਬਰਮਿੰਘਮ ਵਿਚ ਲੁਧਿਆਣਾ ਵਾਲੇ ਰਾਗੀ ਜੀਵਨ ਸਿੰਘ ਜੀ ਤੋਂ ਵੀ ਉਪਰਲੀ ਸਾਰੀ ਗੱਲ ਬਾਰੇ ਪੁੱਛਿਆ ਪਰ ਉਨ੍ਹਾਂ ਕਿਹਾ, 'ਮੈਨੂੰ ਤਾਂ ਪਤਾ ਨਹੀਂ, ਤੁਸੀਂ ਲਿਖ ਕੇ ਦੇ ਦਿਓ, ਮੈਂ ਤੁਹਾਨੂੰ ਇੰਡੀਆਂ ਤੋਂ ਪਤਾ ਮੰਗਵਾ ਦਿਆਂਗਾ।' ਮੈਂ ਇਕ ਕਾਗਜ਼ ਤੇ ਆਪਣੇ ਪਤੇ ਸਮੇਤ ਉਪਰਲੀ ਦੋ-ਤੁਕੀ

ਲਿਖ ਦਿੱਤੀ ਅਤੇ ਲਿਖਿਆ ਕਿ ਪਤਾ ਦਿਓ ਕਿ ਉਹ ਰਹਿਤਨਾਮਾ ਕਿਹੜਾ ਹੈ ਅਤੇ ਕਿਥੋਂ ਮਿਲਦਾ ਹੈ, ਜਿਸ ਵਿਚੋਂ ਇਹ ਲਈ ਗਈ ਹੈ। ਮੈਨੂੰ ਕੋਈ ਉੱਤਰ ਨਹੀਂ ਮਿਲਿਆ।

ਪੁਰਾਤਨ ਸਿਖ ਸਾਹਿਤ ਵਿਚ 'ਕੇਸਕੀ' ਸ਼ਬਦ ਕਿਤੇ ਨਹੀਂ ਮਿਲ ਰਿਹਾ। ਹਾਂ, ਮਹਾਨ ਕੋਸ਼ ਵਿਚ ਇਸ ਦਾ ਅਰਥ ਜ਼ਰੂਰ ਦਿੱਤਾ ਗਿਆ ਹੈ।

ਉਪਰ ਵਾਲੀ ਸਾਰੀ ਗੱਲ ਦਾ ਭਾਵ ਇਹ ਹੈ ਕਿ ਹੋ ਸਕਦਾ ਹੈ ਕਿ ਰਹਿਤਨਾਮਿਆਂ ਵਿਚ ਕੋਈ ਮਿਲਾਵਟ ਗੁਰਮਤਿ ਵਿਰੋਧੀ, 'ਬਿਪਰਨ ਕੀ ਰੀਤ' ਵਾਂਲੇ ਤੱਤਾਂ ਵਲੋਂ ਕੀਤੀ ਗਈ ਹੋਵੇ ਪਰ ਇਨ੍ਹਾਂ ਵਿਚ ਕਈ ਗੱਲਾਂ ਗੁਰਮਤਿ ਵਿਰੋਧੀ ਜ਼ਰੂਰ ਹਨ। ਇਸ ਲਈ ਹੀ ਸੰਨ 1938 ਵਿਚ ਪਹਿਲੀ ਵਾਰੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ 'ਸਿਖ ਰਹਿਤ ਮਰਯਾਦਾ' ਛਪਵਾਈ, ਜਿਸ ਵਿਚ ਪੁਰਾਤਨ ਰਹਿਤਨਾਮਿਆਂ ਦੀਆਂ ਗੁਰਮਤਿ ਅਨੁਸਾਰ ਗੱਲਾਂ ਦਾ ਨਿਚੋੜ ਵੀ ਹੈ ਅਤੇ ਹੈ ਵੀ ਸਾਦਾ ਪ੍ਰੋਜ਼ ਵਿਚ। ਖਰੜਾ ਪ੍ਰੋ. ਤੇਜਾ ਸਿੰਘ ਜੀ ਖਾਲਸਾ ਕੌਲਿਜ ਅੰਮ੍ਰਿਤਸਰ ਵਾਲਿਆਂ ਦੇ ਨੇਤ੍ਰਿਤਵ ਵਿਚ 'ਰਹੁ ਰੀਤ ਕਮੇਟੀ' ਨੇ ਸੰਨ 1932 ਵਿਚ ਤਿਆਰ ਕੀਤਾ ਜਿਸ ਦੇ ਹਰ ਇਕ ਆਈਟਮ ਤੇ ਪਿਛੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਉਸ ਸਮੇਂ ਦੇ ਪੰਥ -ਵਿਦਵਾਨਾਂ ਨੇ ਚਰਚਾ ਕੀਤੀ ਸੀ, ਅਤੇ ਖੁਲ੍ਹੀ ਚਰਚਾ, ਸਮਾਂ ਲਾ ਕੇ ਲੋੜ ਪਿਆਂ ਸੰਨ 1945 ਵਿਚ ਇਸ ਵਿਚ ਸੋਧ ਵੀ ਕੀਤੀ ਗਈ। ਸੱਤਰਵਿਆਂ ਵਿਚ ਸ੍ਰੀ ਦਮਦਮਾਂ ਸਾਹਿਬ, ਸਾਬੋ ਕੀ ਤਲਵੰਡੀ ਨੂੰ ਪੰਜਵਾਂ ਤਖਤ ਵੀ ਪ੍ਰਵਾਨ ਕਰ ਲਿਆ ਗਿਆ। ਸੋਧ ਹੁਣ ਵੀ ਹੋ ਸਕਦੀ ਹੈ, ਸਦਾ ਹੋ ਸਕਦੀ ਹੈ ਪਰ ਮਰਯਾਦਾ ਅਨੁਸਾਰ ਯਤਨ ਕਰਕੇ ਨਾ ਕਿ ਆਪਹੁਦਰੀਆ ਕਰਕੇ।ਹਰ ਹਾਲਤ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਛਪਵਾਈ ਹੋਈ 'ਸਿਖ ਰਹਿਤ ਮਰਯਾਦਾ' ਵਿਅਕਤੀਗਤ ਲਿਖੇ ਗਏ ਰਹਿਤਨਾਮਿਆਂ ਨਾਲੋਂ ਜ਼ਿਆਦਾ ਪ੍ਰਮਾਣੀਕ ਹੈ।

ਆਪੋ ਆਪਣੇ ਰਹਿਤਨਾਮੇ ਬਨਾਉਣ ਨਾਲ ਮਰਯਾਦਾ ਅੱਗੇ ਨਾਲੋਂ ਵੀ ਵਿਗੜ ਰਹੀ ਹੈ। ਜ਼ਿਲਾ ਹੋਸ਼ਿਆਰਪੁਰ ਦੇ ਇਕ ਸੰਤ ਦਾ ਜਥਾ ਅੰਮ੍ਰਿਤ ਛਕਾਉਣ ਵੇਲੇ 'ਕਮਰ-ਕੱਸਾ' ਨੂੰ ਵੀ ਕਕਾਰਾਂ ਵਿਚ ਗਿਣ ਕੇ 'ਛੇ ਕਕਾਰ ' ਦੱਸਦਾ ਹੈ। ਜ਼ਿਲਾ ਗੁਰਦਾਸਪੁਰ ਦੇ ਇਕ ਸੰਤ ਦਾ ਜਥਾ ਕੇਸ, ਕੱਛ ਤੇ ਕੰਘਾ ਤਿੰਨ ਕਕਾਰ ਹੀ ਦੱਸਦਾ ਹੈ। ਨਿਹੰਗ ਸਿੰਘਾਂ ਦੇ ਇਕ ਵਹੀਰ ਦਾ ਜਥੇਦਾਰ ਸੰਤਾ ਸਿੰਘ ਹੁਕਮਨਾਮਾ ਜਾਰੀ ਕਰਦਾ ਹੈ ਕਿ ਭੰਗ ਦਾ ਭੋਗ ਵੀ ਲਾਵੋ, ਅਖੰਡ ਪਾਠ ਸਮੇਂ ਨਾਰੀਅਲ ਤੇ ਕੁੰਭ ਵੀ ਰਖੋ ਅਤੇ ਸ਼ਸਤ੍ਰਾਂ ਨੂੰ ਬਕਰੇ ਦੇ ਲਹੂ ਦਾ ਟਿੱਕਾ ਲਾਵੋ ਅਤੇ ਸੁਗੰਧੀ ਭੇਟਾ ਕਰੋ। ਨਿਹੰਗ ਸਿੰਘ ਭੰਗ ਨੂੰ 'ਸੁਖ ਨਿਧਾਨ' ਕਹਿੰਦੇ ਹਨ, ਹਾਲਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੱਬ ਦੇ ਨਾਮ ਨੂੰ ਹੀ 'ਸੁਖ ਨਿਧਾਨ' ਭਾਵ 'ਸੁਖਾਂ ਦਾ ਖਿਜ਼ਾਨਾ' ਕਿਹਾ ਗਿਆ ਹੈ। ਕੋਈ ਸੰਤ ਕਹਿੰਦਾ ਹੈ ਕਿ ਕੜਾਹ ਪ੍ਰਸ਼ਾਦ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ ਲਗਦਾ ਹੈ ਅਤੇ ਉਸ ਸੰਤ ਦੇ ਉੱਤਰ ਅਧਿਕਾਰੀ ਮਹੰਤ ਪਰਵਾਨਗੀ ਲਈ ਕੜਾਹ ਪ੍ਰਸ਼ਾਦ ਵਿਚ ਕਿਰਪਾਨ ਭੇਟ ਨਹੀਂ ਕਰਦੇ। 'ਬਾਰਾਂ ਪੂਰਬੀਏ, ਤੇਰਾਂ ਚੁੱਲ੍ਹੇ' ਬਣਦੇ ਜਾ ਰਹੇ ਹਨ।

ਆਈਏ, ਹੁਣ 'ਰਹਿਤਨਾਮਾ ਭਾਈ ਨੰਦ ਲਾਲ' ਵਿਚੋਂ ਹੇਠਲੀਆਂ ਤੁਕਾਂ ਪੜ੍ਹੀਏ:

ਸ੍ਰੀ ਗੁਰੂ ਵਾਚ : ਚੌਪਈ ॥..........ਦਰਸ਼ਨ ਕਰੋ ਮੇਰਾ ਪੁਨ ਆਏ॥੩॥
ਨੰਦ ਲਾਲ ਵਾਚ : ਦੋਹਾ ॥
ਤੁਮ ਜੋ ਕਹਾ, ਗੁਰਦੇਵ ਜੀ! ਦਰਸ਼ਨ ਕਰੋ ਮੋਹਿ ਆਇ॥
ਲਖੀਏ ਤੁਮਰਾ ਦਰਸ ਕਹਾਂ, ਕਹੋ ਮੋਹਿ ਸਮਝਾਇ॥੯॥
ਸ੍ਰੀ ਗੁਰੂ ਵਾਚ: ਦੋਹਾ॥ ਤੀਨ ਰੂਪ ਹੈ ਮੋਹਿ ਕੇ, ਸੁਨਹੁ, ਨੰਦ ! ਚਿਤ ਲਾਇ॥
ਨ੍ਰਿਗੁਣ, ਸ੍ਰਗੁਣ ਗੁਰ-ਸ਼ਬਦ ਹੈਂ, ਕਹੋਂ ਤੋਹਿ ਸਮਝਾਇ॥੧੧॥
ਚੌਪਈ॥ ਏਕ ਰੂਪ ਤਿਹ ਗੁਣ ਤੇ ਪਰੇ॥----॥੧੧॥
ਦੂਸਰ ਰੂਪ ਗ੍ਰੰਥ ਜੀ ਜਾਨ॥-----॥੧੩॥
ਜੋ ਸਿਖ ਗੁਰ-ਦਰਸ਼ਨ ਕੀ ਚਾਹਿ॥
ਦਰਸਨ ਕਰੇ ਗ੍ਰੰਥ ਜੀ ਆਇ॥੧੫॥
ਜੋ ਮਮ ਸਾਥ ਚਾਹੇ ਕਰ ਬਾਤ॥
ਗ੍ਰੰਥ ਜੀ ਪੜ੍ਹੋ, ਵਿਚਾਰੈ ਸਾਥ॥੧੯॥
ਜੋ ਮੁਝ ਬਚਨ ਸੁਣਨ ਕੀ ਚਾਹਿ॥
ਗ੍ਰੰਥ ਜੀ ਪੜ੍ਹੋ ਸੁਣੈ ਚਿਤ ਲਾਇ॥੨੦॥
ਤੀਸਰ ਰੂਪ ਸਿਖ ਹੈ ਮੋਰ॥
ਗੁਰਬਾਣੀ ਰਤ ਜਿਹ ਨਿਸ ਭੋਰ॥੨੨॥
ਨੰਦ ਲਾਲ ਵਾਚ॥------
ਚੌਪਈ॥ ਤੁਮਰਾ ਨਿਰਗੁਣ ਰੂਪ ਅਪਾਰਾ॥
ਸੋ ਕਿਮ ਦੇਖੋ ? ਦੀਨ ਦਿਆਰਾ ॥੩੧॥
ਸ੍ਰੀ ਗੁਰੂ ਵਾਚ:------
ਗੁਰਸਿਖ ਸਰਗੁਣ ਰੂਪ ਸੁ ਜਾਨ॥
ਪ੍ਰਿਥਮ ਸੇਵ ਗੁਰ ਹਿਤ ਚਿਤ ਕਾਨ॥੩੪॥
ਗੁਰਸਿਖ-ਸੇਵ ਸ਼ਬਦ ਜੋ ਗਹੋ॥
ਸ਼ਬਦ ਸਰੂਪ ਸੋ ਇਹ ਬਿਧ ਲਹੋ॥੩੫॥
ਸ਼ਬਦ-ਸਰੂਪ-ਵਾਕ ਜੋ ਧਾਰੇ॥
ਤਿਸ ਤੇ ਲਖ ਹੈਂ ਅਪਰ ਅਪਾਰੇ॥
ਸਮਤ ਸਤ੍ਰਹ ਸਹਸ ਸੁ ਬਾਵਨ॥
ਮਘਰ ਸੁਦੀ ਨੌਮੀ ਸੁਖਦਾਵਨ॥੩੯
ਸੁਰ ਗੁਰਵਾਰ ਸਤਦ੍ਰਵ-ਤੀਰ॥
ਬਚਨ ਕਹੈ ਨੰਦ ਲਾਲ ਸੁ ਬੀਰ॥੪੦॥:

ਸੋ ਪਤਾ ਲਗਦਾ ਹੈ ਕਿ ਇਹ ਰਹਿਤਨਾਮਾ ਭਾਈ ਨੰਦ ਲਾਲ ਜੀ ਨੇ ਸੰਮਤ 1752 ਭਾਵ ਸੰਨ 1695 ਵਿਚ ਮੱਘਰ ਸੁਦੀ ਨੌਵੀਂ, ਸ਼ੁਕਰਵਾਰ, ਸਤਲੁਜ ਨਦੀ ਦੇ ਕੰਢੇ ਭਾਵ ਸ੍ਰੀ ਆਨੰਦਪੁਰ ਸਾਹਿਬ ਵਿਚ ਲਿਖਿਆ। ਭਾਵ 'ਖਾਲਸਾ' ਸਾਜਣ ਤੋਂ ਵੀ ਚਾਰ ਕੁ

ਸਾਲ ਪਹਿਲਾਂ। ਪਤਾ ਲਗਦਾ ਹੈ ਕਿ ਉਸ ਵੇਲੇ ਵੀ ਗੁਰੂ ਜੀ ਦੇ ਦੋ ਸਰਗੁਣ ਸਰੂਪ ਸਨ: ਸ਼ਬਦ ਗੁਰੂ ਗ੍ਰੰਥ ਜੀ ਅਤੇ ਗੁਰਸਿਖ।

ਸੰਨ 1699 ਦੀ ਵੈਸਾਖੀ ਤੋਂ ਗੁਰਸਿਖ ਲਈ 'ਖਾਲਸਾ' ਸ਼ਬਦ ਵੀ ਪੱਕਾ ਹੋ ਗਿਆ। ਭਾਵੇਂ ਇਹ ਪ੍ਰਚਲਿਤ ਤਾਂ ਛੇਵੇਂ ਗੁਰੂ ਜੀ ਦੇ ਸਮੇਂ ਤੋਂ ਹੀ ਹੋ ਗਿਆ ਸੀ, ਜਿਸ ਦੀਆਂ ਮਿਸਾਲਾਂ ਛੇਵੀਂ ਅਤੇ ਨੌਵੀਂ ਪਾਤਸ਼ਾਹੀ ਦੇ ਹੁਕਮਨਾਮਿਆਂ ਤੋਂ ਮਿਲਦੀਆਂ ਹਨ।

'ਸਰਬ ਲੋਹ' ਗ੍ਰੰਥ ਵਿਚ ਦਸ਼ਮੇਸ਼ ਜੀ ਦਾ ਨਾਉਂ 'ਦਾਸ ਗੋਬਿੰਦ' ਅਤੇ 'ਸ਼ਾਹ ਗੋਬਿੰਦ' ਆਦਿਕ ਲਿਖਿਆ ਹੈ। ਨਾਲੇ ਬਿਨਾਂ ਹੀ ਪ੍ਰਕਰਣ ਦੇ ਖਾਲਸਾ ਸਾਜਣ ਅਤੇ ਪੰਥ ਨੂੰ ਗੁਰਿਆਈ ਦੇਣ ਦਾ ਹਾਲ ਹੈ। ਇਸ ਦੇ ਛੇ ਚੈਪਟਰ ਹਨ। ਇਸ ਵਿਚ ਹਾਲ ਤਾਂ 'ਸਰਬ ਲੋਹ' ਤੇ 'ਬ੍ਰਿਜਨਾਥ ਦੈਂਤ' ਦੀ ਲੜਾਈ ਦਾ ਹੈ ਪਰ ਕਰਤਾ ਇਸ ਨੂੰ ਮੋਹ ਤੇ ਵਿਵੇਕ ਦੀ ਲੜਾਈ ਵੀ ਦੱਸਦਾ ਹੈ। ਜੇ ਇਹ ਗ੍ਰੰਥ ਅੰਮ੍ਰਿਤ ਸੰਸਕਾਰ ਤੋਂ ਪਹਿਲਾਂ ਦਾ ਹੈ ਤਾਂ ਇਸ ਵਿਚ 'ਖਾਲਸਾ' ਸੰਬੰਧੀ ਲੇਖ ਕਿਵੇਂ ਆ ਗਏ ਅਤੇ ਜੇ ਇਹ ਅੰਮ੍ਰਿਤ ਸੰਚਾਰ ਤੋਂ ਪਿਛੋਂ ਦੀ ਰਚਨਾ ਹੈ ਤਾਂ ਇਸ ਵਿਚ ਗੁਰੂ ਜੀ ਲਈ 'ਦਾਸ ਗੋਬਿੰਦ' ਤੇ 'ਸ਼ਾਹ ਗੋਬਿੰਦ' ਆਦਿਕ ਨਾਉਂ ਕਿਉਂ ਵਰਤੇ ਗਏ? ਵੱਡੀ ਗੱਲ ਇਹ ਹੈ ਕਿ ਇਸ ਵਿਚ ਪਿੰਗਲ ਦੀ ਇਕ ਪੁਸਤਕ 'ਰੂਪ ਦੀਪ ਭਾਸ਼ਾ ਪਿੰਗਲ' ਦਾ ਜ਼ਿਕਰ ਹੈ, ਜੋ ਦਸਮੇਸ਼ ਦੀ ਦੇ ਜੋਤੀ ਜੋਤ ਸਮਾਉਣ ਤੋਂ ਗਿਆਰਾਂ ਸਾਲ ਪਿਛੋਂ ਸੰਨ 1719 ਵਿਚ ਰਚੀ ਗਈ ਸੀ। ਸੋ ਇਹ ਗੁਰੂ ਜੀ ਦੀ ਰਚਨਾ ਨਹੀਂ। ਪੰਡਿਤ ਤਾਰਾ ਸਿੰਘ ਜੀ ਦੀ ਖੋਜ ਅਨੁਸਾਰ 'ਸਰਬ ਲੋਹ' ਗ੍ਰੰਥ ਸ੍ਰੀ ਪਟਨਾ ਸਾਹਿਬ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਜੀ ਦੀ ਰਚਨਾ ਹੈ। ਖੈਰ!

ਸਰਬ ਲੋਹ ਵਿਚ ਵੀ 'ਖਾਲਸਾ ਮਹਿਮਾ' ਹੈ:

ਖਾਲਸਾ ਮੇਰੋ ਰੂਪ ਹੈ ਖਾਸ। ---<br>
ਖਾਲਸਾ ਮੇਰੋ ਸਤਿਗੁਰ ਪੂਰਾ।---<br>
ਖਾਲਸੇ ਕਾ ਹੌਂ ਧਰੋ ਧਿਆਨ।---<br>
ਯਾ ਮੈ ਰੰਚ ਨ ਮਿਥਿਆ ਭਾਖੀ।<br>
ਪਰਬ੍ਰਹਮ ਗੁਰੂ ਨਾਨਕ ਸਾਖੀ।<br>
ਹਉ ਖਾਲਸੇ ਕਾ, ਖਾਲਸਾ ਮੇਰੋ।<br>
ਓਤ ਪੋਤ ਸਾਗਰ ਬੂੰਦੇਰੋ।

ਜਿਵੇਂ ਪਹਿਲਾਂ ਲਿਖਿਆ ਜਾ ਚੁੱਕਾ ਹੈ, ਭਾਈ ਪ੍ਰਹਿਲਾਦ ਸਿੰਘ ਜੀ ਨੇ ਵੀ ਆਪਣਾ ਰਹਿਤਨਾਮਾ ਅੰਮ੍ਰਿਤ ਸੰਸਕਾਰ ਤੋਂ ਚਾਰ ਸਾਲ ਪਹਿਲਾਂ ਲਿਖਿਆ ਸੀ। ਉਹ ਲਿਖਦਾ ਹੈ:

ਦੋਹਰਾ॥ ਗੁਰੂ ਖਾਲਸਾ ਮਾਨੀਐ ਪਰਗਟ ਗੁਰੂ ਕੀ ਦੇਹ॥<br>
ਜੋਇ ਸਿਖ ਮਿਲਬੋ ਚਹੈ, ਖੋਜ ਇਨੋ ਮੈ ਲੇਹ॥੨੪॥-----<br>
ਚੌਪਈ॥ ਅਕਾਲ ਪੁਰਖ ਕੀ ਮੂਰਤਿ ਏਹ॥<br>
ਪ੍ਰਗਟਿਓ ਆਪ ਖਾਲਸਾ ਦੇਹ॥<br>
ਮਮ ਰੰਚਕ ਮਿਥਿਆ ਨਹੀਂ ਭਾਖੀ॥

ਗੁਰ ਨਾਨਕ ਗੁਰ ਅੰਗਦ ਸਾਖੀ ॥੨੮॥
ਦੋਹਰਾ॥ ਅਕਾਲ ਪੁਰਖ ਕੇ ਬਚਨ ਸਿਉ ਪਰਗਟ ਚਲਾਇਓ ਪੰਥ ॥
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ ॥੩੦॥
ਦੋਹਰਾ॥ ਸਤਿ ਅਕਾਲ ਸ੍ਰੀ, ਵਾਹਿਗੁਰੂ, ਪਰਮ ਬੀਜ ਇਹ ਮੰਤ ॥
ਸਭ ਸਿੱਖਨ ਕੋ ਬਚਨ ਹੈ, ਗੁਰੂ ਮਾਨੀਓ ਗ੍ਰੰਥ ॥੩੮॥

ਸੋ ਹੁਕਮਨਾਮਿਆਂ ਵਾਂਗ, ਭਾਈ ਨੰਦ ਲਾਲ ਅਤੇ ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮਿਆਂ ਤੋਂ ਵੀ ਇਹੀ ਸਾਬਤ ਹੁੰਦਾ ਹੈ ਕਿ ਅੰਮ੍ਰਿਤ ਸੰਸਕਾਰ ਤੋਂ ਪਹਿਲਾਂ ਹੀ ਗੁਰਸਿਖਾਂ ਲਈ, ਗੁਰ ਸੰਗਤਿ ਲਈ, 'ਗੁਰੂ ਖਾਲਸਾ' ਨਾਉਂ ਪ੍ਰਚਲਿਤ ਹੋ ਚੁੱਕਾ ਸੀ। ਭਾਈ ਗੁਰਦਾਸ ਸਿੰਘ ਜੀ ਦੀ ਵਾਰ, ਜੋ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਅੰਤ ਵਿਚ ਨੰਬਰ 41 ਤੇ ਦਿੱਤੀ ਹੋਈ ਹੈ, ਦੀ ਪਹਿਲੀ ਪਉੜੀ ਵਿਚ 'ਗੁਰਸੰਗਤਿ ਕੀਨੀ ਖਾਲਸਾ' ਦਾ ਵੀ ਇਹੀ ਭਾਵ ਹੈ ਕਿ 'ਦਸਮੇਸ਼ ਜੀ ਨੇ ਗੁਰ ਸੰਗਤਿ ਨੂੰ ਗੁਰੂ ਖਾਲਸਾ ਵਿਚ ਤਬਦੀਲ ਕਰ ਦਿੱਤਾ'।

ਗੁਰੂ ਬਾਬਾ ਜੀ ਨੇ ਕਿਹਾ ਸੀ: 'ਬਾਬਾ ਮੜ੍ਹੀ ਨ ਗੋਰ, ਗੁਰ ਅੰਗਦ ਕੇ ਹੀਅ ਮੇਂ। ਜਉ ਫੁਨਿ ਸੰਗਤਿ ਓਰ, ਨਿਸ ਦਿਨ ਬਸਬੋ ਹਉ ਕਰਉ।' ਏਸੇ ਤਰ੍ਹਾਂ ਦਸਮੇਸ਼ ਜੀ ਨੇ ਕਿਹਾ: 'ਮੈਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਵਿਚ ਹਾਂ।'

ਸ਼ਬਦ ਗੁਰੂ, ਗੁਰਬਾਣੀ ਪਹਿਲਾਂ ਤੋਂ ਹੀ ਗੁਰੂ ਦਾ ਰੂਪ ਸੀ। ਇਸੇ ਤਰ੍ਹਾਂ ਹੀ ਗੁਰਸਿੱਖ ਗੁਰੂ ਦਾ ਰੂਪ ਸੀ। ਜਦ ਸੰਨ 1699 ਦੀ ਵੈਸਾਖੀ ਨੂੰ ਖਾਲਸਾ ਸਾਜਿਆ ਗਿਆ ਅਤੇ ਦਸਮੇਸ਼ ਜੀ ਵੀ ਖਾਲਸੇ ਤੋਂ ਅੰਮ੍ਰਿਤ ਪਾਨ ਕਰਕੇ 'ਖਾਲਸਾ' ਬਣ ਗਏ, ਉਸੇ ਵੇਲੇ ਤੋਂ ਹੀ ਖਾਲਸਾ ਗੁਰੂ ਦਾ ਰੂਪ ਹੋ ਗਿਆ। ਕਈ ਇਤਿਹਾਸਕਾਰ ਕਹਿੰਦੇ ਹਨ ਕਿ ਗੁਰੂ ਜੀ ਨੇ ਖਾਲਸਾ ਜੀ ਨੂੰ ਗੁਰਿਆਈ ਅੱਠ ਪੋਹ ਭਾਵ ਬਾਈ ਦਸੰਬਰ, 1704 ਦੀ ਰਾਤ ਨੂੰ ਚਮਕੌਰ ਦੀ ਕੱਚੀ ਗੜ੍ਹੀ ਛੱਡਣ ਵੇਲੇ ਦਿੱਤੀ। ਅਸਲ ਗੱਲ ਇਹ ਹੈ ਕਿ ਖਾਲਸਾ ਤਾਂ ਪਹਿਲਾਂ ਹੀ ਗੁਰੂ ਹੋ ਗਿਆ ਸੀ। ਗੁਰੂ ਜੀ ਖਾਲਸੇ ਦੀ ਬਹਾਦਰੀ ਤਾਂ ਪਹਿਲਾਂ ਹੀ ਦੇਖ ਚੁੱਕੇ ਸਨ। ਖਾਲਸਾ ਗੁਰੂ ਦਾ ਰੂਪ ਸੀ ਅਤੇ ਤਾਂ ਹੀ ਉਸ ਦਿਨ ਗੁਰੂ ਜੀ ਨੇ ਆਪਣੇ ਰੂਪ ਗੁਰੂ ਖਾਲਸੇ ਦਾ ਹੁਕਮ ਮੰਨ ਕੇ, ਬੇਨਤੀ ਮੰਨ ਕੇ ਗੜ੍ਹੀ ਛੱਡੀ ਸੀ।

ਏਸ ਤਰ੍ਹਾਂ ਕਈ ਇਤਿਹਾਸਕਾਰ ਲਿਖਦੇ ਹਨ ਕਿ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਜੀ ਨੂੰ ਗੁਰਿਆਈ ਆਪਣੇ ਜੋਤੀ ਜੋਤ ਸਮਾਉਣ ਵਾਲੇ ਦਿਨ ਛੇ ਕੱਤਕ ਭਾਵ ਸੱਤ ਅਕਤੂਬਰ, 1708 ਈਸਵੀ ਨੂੰ ਦਿੱਤੀ ਸੀ। ਪਰ ਅਸਲੀਅਤ ਇਹ ਹੈ ਕਿ 'ਗੁਰਸ਼ਬਦ', ਗੁਰਬਾਣੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੀ ਗੁਰੂ ਸੀ। ਗੁਰੂ ਬਾਬਾ ਜੀ ਇਸ ਲਈ ਹੀ ਸਾਡੇ ਗੁਰੂ ਜੀ ਹਨ ਕਿਉਂਕਿ ਸਾਨੂੰ 'ਗੁਰਸ਼ਬਦ' ਉਨ੍ਹਾਂ ਰਾਹੀਂ ਪ੍ਰਾਪਤ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਪੰਜਵੇਂ ਗੁਰੂ ਜੀ ਦਾ ਵੀ ਗੁਰੂ ਸੀ। ਏਸੇ ਤਰ੍ਹਾਂ ਗੁਰੂ ਗ੍ਰੰਥ ਜੀ ਦਸਮੇਸ਼ ਜੀ ਦੇ ਵੀ ਗੁਰੂ ਸਨ। ਇਸ ਲਈ 'ਗੁਰੂ ਮਾਨੀਓ ਗ੍ਰੰਥ' ਦਾ ਭਾਵ ਇਹ ਤਾਂ ਨਹੀਂ ਲਿਆ ਜਾ ਸਕਦਾ ਕਿ ਗੁਰੂ ਗ੍ਰੰਥ ਜੀ ਪਹਿਲਾਂ ਗੁਰੂ ਨਹੀਂ ਸਨ। ਅਸਲ ਵਿਚ ਇਸ ਦਾ ਭਾਵ ਇਹ ਲੈਣਾ ਹੈ ਕਿ ਦਸਮੇਸ਼ ਜੀ ਨੇ ਖਾਲਸਾ ਜੀ ਨੂੰ ਪਹਿਲਾਂ ਤੋਂ ਹੀ ਦਿੱਤੀ ਜਾ

ਰਹੀ ਸਿੱਖਿਆ ਦਿੱਤੀ:

*'ਗੁਰੂ ਖਾਲਸਾ ਜੀ ! ਜਿਸ ਤਰ੍ਹਾਂ ਆਪਾਂ ਸਾਰੇ ਪਹਿਲਾਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਸ਼ਬਦ ਗੁਰੂ ' ਮੰਨ ਰਹੇ ਹਾਂ, ਏਸੇ ਤਰ੍ਹਾਂ ਹੀ ਸਦਾ ਲਈ ਮੰਨਣਾ ਹੈ। ਵਾਹਿਗੁਰੂ ਦੇ ਹੁਕਮ ਅਨੁਸਾਰ ਮੈਂ ਗੁਰੂ ਨਾਨਕ ਜੀ ਤੋਂ ਲੈ ਕੇ ਦਸ ਦੇਹਾਂ ਧਾਰ ਚੁਕਾ ਹਾਂ। ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਮੇਰੀ ਦੇਹ ਦਾ ਅੰਤ ਆ ਗਿਆ ਹੈ। ਮੈਂ ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਦੇਹਧਾਰੀ ਪ੍ਰਥਾ ਖਤਮ ਕਰ ਰਿਹਾ ਹਾਂ। ਅੱਗੇ ਲਈ ਸਿਰਫ ' ਗੁਰੂ ਗ੍ਰੰਥ ' ਅਤੇ 'ਖਾਲਸਾ ਪੰਥ ' ਹੀ ਗੁਰੂ ਹਨ। ਤੁਸੀਂ ਪਹਿਲਾਂ ਤੋਂ ਹੀ ਮੇਰੀ ਦੇਹ ਹੋ। ਹੁਣ ਮੈਂ ਤੁਹਾਡੇ ਵਿਚ ਅਭੇਦ ਹੋ ਰਿਹਾ ਹਾਂ। ਸੋਸਭ ਨੇ ਗੁਰਸਿਖਾਂ, ਗੁਰੂ ਖਾਲਸਾ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਗਿਆਨ ਹਾਸਿਲ ਕਰਨਾ ਹੈ ਅਤੇ ਉਸ ' ਗੁਰ-ਸ਼ਬਦ-ਗਿਆਨ ' ਰਾਹੀਂ ਹੀ ਵਾਹਿਗੁਰੂ ਨੂੰ ਯਾਦ ਕਰਕੇ ਉਸ ਵਿਚ ਅਭੇਦ ਹੋਣਾ ਹੈ। ਸੋ' ਦੀਦਾਰ ਖਾਲਸੇ ਕਾ, ਪਰਚਾ ਗੁਰ-ਸ਼ਬਦ ਕਾ, ਪੂਜਾ ਸ੍ਰੀ ਅਕਾਲ ਪੁਰਖ ਜੀ ਕੀ' ਤੇ ਪਹਿਰਾ ਦੇਣਾ ਹੈ। ਸ੍ਰੀ ਗੁਰੂ ਗ੍ਰੰਥ ਤੇ ਖਾਲਸਾ ਪੰਥ - ਤੁਸੀਂ ਦੋਵੇਂ ਹੀ ਮੇਰਾ ਪ੍ਰਗਟ ਰੂਪ ਹੋ ਪਰ ਇਸ ਪਰਗਟ ਰੂਪ ਵਿਚ ਫਰਕ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਜੀ ਮੇਰੀ ਜੋਤ ਹੈ, ਮੇਰਾ ਆਤਮਕ ਰੂਪ ਹੈ, ਅਤੇ ਖਾਲਸਾ ਪੰਥ ਮੇਰਾ ਸਰੀਰਕ ਰੂਪ ਹੈ, ਭੌਤਿਕ ਰੂਪ ਹੈ। ਤੁਸੀਂ ਰਹਿਬਰੀ, ਗਾਈਡੈਂਸ, ਹੁਕਮ ਸ੍ਰੀ ਗੁਰੂ ਗ੍ਰੰਥ ਤੋਂ ਲੈਣਾ ਹੈ, ਅਤੇ ਉਸ ਤੇ ਅਮਲ ਤੁਸੀਂ ਆਪ ਕਰਨਾ ਕਰਾਉਣਾ ਹੈ, ਤੁਸੀਂ ਹੀ ਉਸ ਦੀ ਸਿਖਿਆ ਦਾ ਪ੍ਰਚਾਰ ਸਾਰੇ ਸੰਸਾਰ ਤੇ ਪ੍ਰਸਾਰ ਕਰਨਾ ਹੈ, ਫੈਲਾਉਣਾ ਹੈ।'*

ਕਈ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸਿਆਲ ਵਿਚ ਗਰਮ ਰੁਮਾਲੇ ਵਰਤਦੇ ਹਨ। ਉਹ ਇਹ ਨਹੀਂ ਸਮਝਦੇ ਕਿ ' ਸ਼ਬਦ - ਗੁਰੂ ' ਨੂੰ ਸਰਦੀ ਨਹੀਂ ਲਗਦੀ। ਉਹ ਗਰਮੀਆਂ ਵਿਚ ਸ੍ਰੀ ਗੁਰੂ ਗ੍ਰੰਥ ਜੀ ਨੂੰ ਪੱਖੇ ਝੱਲਦੇ ਹਨ ਅਤੇ ਝੂਲਿਆਂ ਵਿਚ ਝੂਟੇ ਦਿੰਦੇ ਹਨ। ਉਹ ਇਹ ਨਹੀਂ ਸਮਝਦੇ ਕਿ ' ਸ਼ਬਦ - ਗੁਰੂ ' ਗਰਮੀ ਨੀਂ ਲਗ ਸਕਦੀ'। ਉਹ ਲਵਾਂਦੇ ਹਨ। ਉਹ ਇਹ ਨਹੀਂ ਸਮਝਦੇ ਕਿ 'ਸ਼ਬਦ-ਗੁਰੂ' ਨੂੰ ਭੁੱਖ ਨਹੀਂ ਲਗ ਸਕਦੀ। ਇਨ੍ਹਾਂ ਸਾਰੀਆਂ ਕੁਰੀਤੀਆਂ ਦਾ ਕਾਰਨ ਅਨਪੜ੍ਹ ਅਤੇ ' ਬਿਪਰਨ ਕੀ ਰੀਤ ' ਦੇ ਪ੍ਰਭਾਵ ਥੱਲੇ ਆਏ ਹੋਏ ਕਈ ਗ੍ਰੰਥੀ ਅਤੇ ਸੋ ਕੋਲਡ ਸੰਤ ਹਨ ਅਤੇ ਸਿੱਧੀ ਸਾਦੀ ਜਨਤਾ ਨੂੰ ਵਹਿਮਾਂ, ਭਰਮਾਂ, ਭੁਲੇਖਿਆਂ ਵਿਚ ਪਾਈ ਜਾ ਰਹੇ ਹਨ। ਇਹ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੂਰਤੀ ਦਾ ਦਰਜਾ ਦੇ ਕੇ ਸ੍ਰੀ ਗੁਰੂ ਗ੍ਰੰਥ ਤੇ ਖਾਲਸਾ ਪੰਥ ਦੀ ਨਿਰਾਦਰੀ ਕਰ ਰਹੇ ਹਨ। ਪਤਾ ਨਹੀਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਸ ਬਾਰੇ ਕੀ ਕਰ ਰਹੀ ਹੈ ? ਖਾਲਸਾ ਪੰਥ ਨੂੰ ਅੱਖਾਂ ਖੋਲ੍ਹ ਕੇ, ਕੰਨ ਖੋਲ੍ਹ ਕੇ ਸੁਚੇਤ ਹੋਣ ਦੀ ਲੋੜ ਹੈ।

ਮਹਾਂਪੁਰਖੋ ! ਗਰਮੀ ਸਰਦੀ ਤਾਂ ਲਗਦੀ ਹੈ ਪਰ ਗੁਰੂ ਖਾਲਸਾ ਨੂੰ, ਸੋ ਉਸਨੂੰ ਇਸ਼ਨਾਨ ਕਰਨ ਕਰਾਉਣ ਦੀ ਲੋੜ ਹੈ, ਭੁਖ ਤਾਂ ਲਗਦੀ ਹੈ ਪਰ ਗੁਰੂ ਖਾਲਸਾ ਨੂੰ, ਸੋ ਗੁਰੂ ਦਾ ਲੰਗਰ ਗੁਰੂ ਖਾਲਸਾ ਲਈ, ਗੁਰ ਸੰਗਤਿ ਲਈ ਹੈ।

**ਕੁਝ ਪਦ-ਛੇਦ ਬਾਰੇ** : ਜਦ ਵੀ ਕੋਈ ਨਵਾਂ ਕੰਮ ਚਾਲੂ ਹੋਵੇ ਤਾਂ ਭਾਵੇਂ ਉਹ

ਚੰਗਾ ਹੀ ਹੋਵੇ, ਜਨਤਾ ਵਿਚ ਪਹਿਲਾਂ ਪਹਿਲਾਂ ਉਸ ਦੀ ਵਿਰੋਧਤਾ ਹੋਣੀ ਸੰਭਵ ਹੁੰਦੀ ਹੈ। ਜਿਵੇਂ ਜਦੋਂ ਇਸ ਸਦੀ ਦੇ ਸ਼ੁਰੂ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪਹਿਲਾਂ ਪਹਿਲਾਂ ਬਿਜਲੀ ਲੱਗੀ ਤਾਂ ਜਨਤਾ ਨੇ ਬੜੀ ਮੁਖਾਲਫਿਤ ਕੀਤੀ। ਜਦੋਂ ਪਿਛੋਂ ਬਿਜਲੀ ਦੇ ਪੱਖੇ ਲੱਗੇ ਤਦ ਵੀ। ਪਹਿਲਾਂ ਭਾਰਤ ਦੀਆਂ ਸਾਰੀਆਂ ਬੋਲੀਆਂ ਦੇ ਗ੍ਰੰਥ ਪਦ-ਛੇਦ ਤੋਂ ਬਿਨਾਂ ਜੁੜਵੇਂ ਲਫਜ਼ਾਂ ਵਿਚ ਹੀ ਹੁੰਦੇ ਸਨ। ਬ੍ਰਿਟਿਸ਼ ਰਾਜ ਵੇਲੇ ਜਦ ਅੰਗ੍ਰਜ਼ੀ ਦੀ ਦੇਖਾ ਦੇਖੀ ਬਿਸਰਾਮ ਚਿੰਨ੍ਹਾਂ ਤੇ ਪਦ-ਛੇਦ ਦਾ ਰਿਵਾਜ ਪਿਆ ਤਾਂ ਨਤੀਜੇ ਵਜੋਂ ਅੱਜ ਸਾਰੇ ਗ੍ਰੰਥ ਪਦ-ਛੇਦ ਵਾਲੇ ਹੁੰਦੇ ਹਨ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਦ-ਛੇਦ ਕਰ ਕੇ ਲਿਖਣ ਦੀ ਗੱਲ ਪਹਿਲਾਂ ਪਹਿਲ ਚੱਲੀ ਤਾਂ ਇਸ ਦੇ ਵਿਰੁੱਧ ਬੜਾ ਰੌਲਾ ਮਚਿਆ। ਖਾਲਸਾ ਕੌਲਿਜ ਅੰਮ੍ਰਿਤਸਰ ਵਿਚ ਮੈਂ ਪਦ-ਛੇਦ ਬਾਰੇ 1929 ਦੇ ਅੰਤ ਵਿਚ ਪ੍ਰੋ. ਤੇਜਾ ਸਿੰਘ ਜੀ ਪਾਸ ਗੱਲ ਕੀਤੀ। ਉਨ੍ਹਾਂ ਮੈਨੂੰ ਬੜੀ ਆਸਾਨੀ ਨਾਲ ਗੱਲ ਇਉਂ ਸਮਝਾਈ। ਕਹਿਣ ਲੱਗੇ: " ਕਹੁਨਾਨਕਸੰਤਰੇਨਮਾਗਉ ' ਤੁਕਾਂਗ ਨੂੰ ਪੜ੍ਹਨ ਵੇਲੇ ਜੇ ਕੋਈ ਪਾਠੀ ਸਾਰੇ ਅੱਖਰ ਅਤੇ ਲਗਾਂ ਠੀਕ ਬੁਲਾਵੇ ਪਰ ਪਦ-ਛੇਦ ਦਾ ਖਿਆਲ ਨਾ ਰਖ ਕੇ ਪਾਠ ਕਰੇ 'ਕਹੁ ਨਾਨਕ ! ਸੰਤਰੇ ਨ ਮਾਗਉ ' ਤਾਂ ਸਹੀ ਪਾਠ ਸਮਝਣ ਵਾਲਾ ਪਾਠੀ ਝੱਟ ਕਹਿ ਦਿੰਦਾ ਹੈ, 'ਭਰਾਵਾ। ਗੁਰੂ ਜੀ ਨੂੰ ਸੰਤਰੇ ਨਹੀਂ ਚਾਹੀਦੇ, ਸੰਤ-ਰੇਨ ਚਾਹੀਦੀ ਹੈ,ਸੋਸ਼ੁਧ ਪਾਠ ਪਦ-ਛੇਦ ਅਨੁਸਾਰ 'ਕਹੁ ਨਾਨਕ ! ਸੰਤ-ਰੇਨ ਮਾਗਉ ' ਹੈ। ਸੋਜੇ ਸ੍ਰੀ ਗੁਰੂ ਗ੍ਰੰਥ ਜੀ ਪਦ-ਛੇਦ ਕਰ ਕੇ ਵੀ ਛਾਪਣੇ ਆਰੰਭ ਹੋ ਜਾਣ, ਤਾਂ ਕੀ ਹਰਜ਼ ਹੈ ? ਸਗੋਂ ਚੰਗਾ ਹੋਵੇਗਾ, ਅਤੇ ਸ਼ੁੱਧ ਪਾਠ ਕਰਨਾ ਤੇ ਅਰਥ ਸਮਝਣਾ ਪਹਿਲਾਂ ਨਾਲੋਂ ਸੁਖਾਲਾ ਹੋਵੇਗਾ। ਸੁਖਾਲ ਹੋਣਾ ਚੰਗਾ ਹੈ ਨਾ ਕਿ ਮਾੜਾ।

ਅਸੀਂ ਇਹ ਨਹੀਂ ਕਹਿੰਦੇ ਕਿ ਸਾਡੇ ਗੁਰੂ ਬਾਬਾ ਜੀ ਤੋਂ ਪਹਿਲਾਂ ਜਗਤ ਵਿਚ ਕੋਈ ਦੇਹਧਾਰੀ ਸਤਿਗੁਰੂ ਨਹੀਂ ਸੀ, ਅਤੇ ਨਾ ਹੀ ਅਸੀਂ ਇਹ ਹਠ ਕਰਦੇ ਹਾਂ ਕਿ ਦਸਮੇਸ਼ ਜੀ ਤੋਂ ਪਿਛੋਂ ਸੰਸਾਰ ਵਿਚ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ। ਜਿੰਨੇ ਮਰਜ਼ੀ ਹੋਣ, ਜੰਮ ਜੰਮ ਹੋਣ। ਪਰ ਜਿਥੇ ਤਾਈਂ ਸਾਡੇ ਸਿੱਖ ਪੰਥ ਦਾ ਸਵਾਲ ਹੈ, ਸਾਡਾ ਦੇਹਧਾਰੀ ਗੁਰੂ ਸਿਰਫ ਖਾਲਸਾ ਪੰਥ ਹੈ। ਸਾਡਾ ਇਤਰਾਜ਼ ਇਹੀ ਹੈ। ਕਿ ਗੁਰਸਿਖਾਂ ਦੇ ਭੇਸ ਵਿਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਦੇ ਅਰਥ ਆਪਣੇ ਮਤਲਬ ਲਈ ਗ਼ਲਤ ਵਰਤ ਕੇ ਦੇਹਧਾਰੀ ਗੁਰੂ ਦਾ ਪ੍ਰਪੰਚ ਚਲਾਉਣਾ ਗਲਤ ਹੈ। ਭੇਖੀ ਗੁਰੂ ਤੇ ਉਨ੍ਹਾਂ ਦੇ ਸਿੱਖ ਦੇਹਧਾਰੀ ਗੁਰੂ ਦੀ ਜ਼ਰੂਰਤ ਦਾ ਪ੍ਰਚਾਰ ਕਰਦੇ ਹੋਏ ਕੁਝ ਦਲੀਲਾਂ ਦਿੰਦੇ ਹਨ। ਉਨ੍ਹਾਂ ਦਾ ਉੱਤਰ ਸੰਖੇਪ ਵਿਚ ਇਹ ਹੈ:

1) ' ਹਰਿ, ਜੁਗਹ ਜੁਗੋ, ਜੁਗ ਜੁਗਹ ਜੁਗੋ, ਸਦ ਪੀੜੀ ਗੁਰੂ ਚਲੰਦੀ' ਤੁਕ ਦਾ ਹਵਾਲਾ ਦੇ ਕੇ ਉਹ ਕਹਿੰਦੇ ਹਨ : 'ਦੇਖੋ ਸੰਤੋ ! ਗੁਰੂ ਜੀ ਤਾਂ ਆਪ ਲਿਖਦੇ ਹਨ ਕਿ ਗੁਰੂ ਜੀ ਦੀ ਪੀੜ੍ਹੀ ਸਦਾ ਚਲਦੀ ਰਹਿੰਦੀ ਹੈ, ਉਸ ਅਨੁਸਾਰ ਹੀ ਅਸੀਂ ਗੁਰੂ ਹਾਂ। ' ਪਰ ਇਹ ਗਲਤ ਅਰਥ ਉਹ ਆਪਣੇ ਮਤਲਬ ਲਈ ਕਰ ਲੈਂਦੇ ਹਨ। ਇਹ ਤੁਕ ਸ੍ਰੀ ਰਾਗ ਮਹਲਾ ੪, ਘਰੁ ੨ ਦੇ ਪਹਿਲੇ ਛੰਤ ਦੇ ਪੰਜਵੇਂ ਬੰਦ ਵਿਚੋਂ ਹੈ। ਸਾਰੇ ਛੰਤ ਵਿਚ ਜ਼ਿਕਰ ਹੈ ਕਿ ਜੀਵ ਕਿਵੇਂ ਗੁਰੂ ਦਾ ਦਰਸ਼ਨ ਕਰਦਾ ਹੈ, ਕਿਵੇਂ ਉਸ ਨੂੰ ਵਾਹਿਗੁਰੂ ਦੀ ਪ੍ਰਾਪਤੀ

ਹੁੰਦੀ ਹੈ, ਸਤਸੰਗੀਆਂ ਨਾਲ ਮਿਲ ਕੇ ਕਿਵੇਂ ਜੀਵਨ ਬਤੀਤ ਹੁੰਦਾ ਹੈ। ਕਿਵੇਂ ਹਰਿੱਕ ਸਤਸੰਗੀ ਸਤਿਗੁਰੂ ਅੱਗੇ ਅਰਦਾਸ ਕਰਦਾ ਹੈ ਅਤੇ ਕਿਵੇਂ ਸਤਸੰਗ ਦੀ ਬਰਕਤ ਨਾਲ ਅਨੇਕ ਜੀਵ ਸਿਮਰਨ ਦੇ ਰਸਤੇ ਪੈ ਜਾਂਦੇ ਹਨ ? ਵਿਚਾਰ ਗੋਚਰੀ ਤੁਕ ਆਪੂੰ ਤੋਂ ਪਿਛਲੀ ਤੁਕ, ਭਾਵ ਦੋ ਤੁਕਾਂ ਨਾਲ ਮਿਲ ਕੇ ਇਉਂ ਹੈ :-

*ਹਰਿ ਰਾਮ ਰਾਮ, ਮੇਰੇ ਬਾਬਲਾ ! ਪਿਰ ਮਿਲਿ ਧਨ - ਵੇਲ ਵਧੰਦੀ।।*
*ਹਰਿ, ਜੁਗਹ ਜੁਗੋ, ਜੁਗ ਜੁਗਹ ਜੁਗੋ, ਸਦ ਪੀੜੀ ਗੁਰੂ ਚਲੰਦੀ।।*
*ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ, ਜਿਨੀ ਗੁਰਮੁਖਿ ਨਾਮੁ ਧਿਆਇਆ।।-----*

ਇਸ ਕੋਟੇਸ਼ਨ ਦਾ ਭਾਵ ਇਹ ਹੈ : 'ਹੇ ਮੇਰੇ ਗੁਰੂ ਪਿਤਾ ! ਹਰੀ ਪਤੀ, ਰਾਮ ਪਤੀ, ਵਾਹਿਗੁਰੂ ਨਾਲ ਮਿਲ ਕੇ ਜੀਵ ਇਸਤ੍ਰੀ ਦੀ ਵੇਲ ਵਧਣ ਲਗ ਪੈਂਦੀ ਹੈ, ਪੀੜ੍ਹੀ ਚਲ ਪੈਂਦੀ ਹੈ। ਭਾਵ ਉਸ ਦੀ ਸੰਗਤ ਵਿਚ ਰਹਿ ਕੇ ਅਨੇਕ ਜੀਵ ਸਿਮਰਨ ਦਾ ਜੀਵਨ ਇਖਤਿਆਰ ਕਰਦੇ ਹਨ। ਅਨੇਕਾਂ ਜੁਗਾਂ ਤੋਂ ਸਦਾ ਤੋਂ ਹੀ ਗੁਰੂ ਦੀ, ਪ੍ਰਭੂ-ਪਤੀ ਦੀ, ਵਾਹਿਗੁਰੂ ਦੀ ਪੀੜ੍ਹੀ ਚਲੀ ਆਉਂਦੀ ਹੈ। ਹਰੇਕ ਜੁਗ ਵਿਚ ਸਤਿਗੁਰੂ ਦੀ ਪੀੜ੍ਹੀ, ਨਾਦੀ ਸੰਤਾਨ ਦੇ ਰੂਪ ਵਿਚ ਚਲ ਪੈਂਦੀ ਹੈ। ਜਿਨ੍ਹਾਂ ਨੇ ਗੁਰੂ ਨੂੰ ਮਿਲ ਕੇ ਵਾਹਿਗੁਰੂ ਦਾ ਨਾਮ ਸਿਮਰਿਆ ਹੈ, ਉਹ ਗੁਰੂ ਦੀ ਪੀੜ੍ਹੀ ਹਨ, ਉਹ ਗੁਰੂ ਦੀ ਨਾਦੀ ਸੰਤਾਨ ਹਨ।' ਸੋ ਇਨ੍ਹਾਂ ਤੁਕਾਂ ਵਿਚ ਕਿਸੇ ਖਾਸ ਦੇਹਧਾਰੀ ਵਲ ਇਸ਼ਾਰਾ ਨਹੀਂ ਹੈ।

2) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ ਕੌਣ ਦੱਸੇ ?

ਅਰਥ ਤਾਂ ਕੋਈ ਵੀ ਗੁਰਸਿੱਖ, ਸੰਤ, ਗਿਆਨੀ ਦੱਸ ਸਕਦਾ ਹੈ, ਪਰ ਉਹ ਗੁਰੂ ਨਹੀਂ। ਕੋਈ ਟੀਚਰ, ਪ੍ਰੋਫੈਸਰ ਨਿਊਟਨ ਦੇ ਨਿਸ਼ਚਲਤਾ-ਸਿੱਧਾਂਤ (Laws of Inertia) ਪੜ੍ਹਾ ਸਕਦਾ ਹੈ, ਪਰ ਉਹ ਨਿਊਟਨ ਹੋਣ ਦਾ ਦਾਅਵਾ ਨਹੀਂ ਕਰ ਸਕਦਾ।

3) ਦੇਹਧਾਰੀ ਗੁਰੂ ਵਿਚ ਖਿੱਚ ਹੁੰਦੀ ਹੈ।

ਖਿੱਚ ਨਿਰੇ ਸਰੀਰ ਵਿਚ ਹੀ ਨਹੀਂ ਹੁੰਦੀ। ਨਿਰਮਲ ਜੀਵਨ ਵਿਚ ਵੀ ਹੁੰਦੀ ਹੈ, ਜੋ ਦੇਹਾਂਤ ਪਿਛੋਂ ਵੀ ਰਹਿੰਦੀ ਹੈ। ਮਹਾਂਪੁਰਸ਼ ਅਮਰ ਹੁੰਦੇ ਹਨ।

4) ਦੇਹਧਾਰੀ ਗੁਰੂ ਮਿਸਾਲ ਕਾਇਮ ਕਰਦਾ ਹੈ।

ਸਾਡਾ ਦਸਮੇਸ਼ ਜੀ ਵੀ ਆਪਣੀ ਮਿਸਾਲ ਕਾਇਮ ਰੱਖਦਾ ਹੈ ਅਤੇ ਖਾਲਸਾ ਪੰਥ ਵਿਚ ਜੀਵਨ ਵਾਲੇ ਗੁਰਸਿੱਖਾਂ, ਗੁਰਮੁਖਾਂ, ਸੰਤਾਂ ਦੀ ਕੋਈ ਘਾਟ ਨਹੀਂ। ਪਰ ਉਹ ਆਪਣੇ ਆਪ ਨੂੰ ਗੁਰੂ ਨਹੀਂ ਕਹਾਂਦੇ। ਭਾਈ ਨੰਦ ਲਾਲ ਜੀ ਨੇ 'ਜ਼ਿੰਦਗੀ ਨਾਮਾ' ਵਿਚ ਫਰਮਾਇਆ ਹੈ:

ਜ਼ੀਸਤਨ ਦਰ ਬੰਦਗੀ ਔਲਾ ਬਵਦ।।
ਗਰ ਚਿ ਸਰ ਤਾ ਪਾ ਹਮਾ ਮੌਲਾ ਬਵਦ।।੪੭੨।।

ਭਾਵ : ਭਾਵੇਂ ਕੋਈ ਸਿਰ ਤੋਂ ਪੈਰਾਂ ਤਾਈਂ ਪੂਰਨ ਤੌਰ ਤੇ ਵਾਹਿਗੁਰੂ ਦਾ ਰੂਪ ਭੀ ਹੋ ਜਾਏ, ਫਿਰ ਵੀ ਵਾਹਿਗੁਰੂ ਦੀ ਬੰਦਗੀ ਵਿਚ ਜੀਉਣਾ ਹੀ ਸਭ ਤੋਂ ਉੱਤਮ ਹੈ।

ਸੋ ਖਾਲਸਾ ਪੰਥ ਵਿਚ ਬਾਬਾ ਬੁੱਢਾ, ਭਾਈ ਗੁਰਦਾਸ , ਭਾਈ ਨੰਦ ਲਾਲ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਤਾਰੂ ਸਿੰਘ, ਭਾਈ ਬੀਰ ਸਿੰਘ ਨੌਰੰਗਾਬਾਦ,

ਬਾਬਾ ਕਰਮ ਸਿੰਘ ਹੋਤੀ ਅਤੇ ਸੰਤ ਅਤਰ ਸਿੰਘ ਮਸਤੂਆਣਾ ਵਰਗੇ ਅਨੇਕ ਜਾਣੇ ਅਨਜਾਣੇ ਗੁਰਸਿਖ, ਸੰਤ ਹੋਏ ਹਨ, ਜੋ ਗੁਰੂ ਦਾ ਰੂਪ ਹੋਏ ਹਨ ਪਰ ਕਿਸੇ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਹਾਇਆ।

5) ਦੇਹਧਾਰੀ ਗੁਰੂ ਰੂਹਾਨੀ ਸ਼ਕਤੀ ਨਾਲ ਮਦਦ ਕਰਦਾ ਹੈ।

ਰੂਹਾਨੀ ਸ਼ਕਤੀ ਦੇਹਾਂਤ ਪਿਛੋਂ ਵੀ ਰਹਿੰਦੀ ਹੈ, ਸਦਾ ਰਹਿੰਦੀ ਹੈ, ਸੋ ਭਾਵੇਂ ਸਤਿਗੁਰੂ ਵਾਹਿਗੁਰੂ ਵਿਚ ਅਭੇਦ ਹਨ ਪਰ ਉਹ ਹੁਣ ਵੀ ਸਾਡੀ ਮਦਦ ਸਦਾ ਕਰਦੇ ਹਨ। ਵਾਹਿਗੁਰੂ ਦੀ ਮਦਦ ਗੁਰੂ ਦੀ ਮਦਦ ਹੈ। ਗੁਰੂ ਦੀ ਮਦਦ 'ਗੁਰੂ ਖਾਲਸਾ' ਰਾਹੀਂ ਹੁੰਦੀ ਹੈ।

6) ਦੇਹਧਾਰੀ ਗੁਰੂ ਬੋਲਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਬੋਲਦਾ ਨਹੀਂ।

ਦੇਹਧਾਰੀ ਗੁਰੂ ਨੂੰ ਅੱਖਾਂ ਨਾਲ ਦੇਖਿਆ ਜਾਂਦਾ ਹੈ ਅਤੇ ਉਸ ਦਾ ਉਪਦੇਸ਼ ਕੰਨਾ ਨਾਲ ਸੁਣ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਅਸੀਂ ਅੱਖਾਂ ਨਾਲ ਪੜ੍ਹਦੇ ਹਾਂ ਅਤੇ ਉਸ ਦਾ ਹੁਕਮ ਕੰਨਾ ਨਾਲ ਸੁਣਦੇ ਹਾਂ। ਦੋਹਾਂ ਹਾਲਤਾਂ ਵਿਚ ਅੱਖ ਅਤੇ ਕੰਨ, ਉਹੀ ਦੋ ਦੋ ਗਿਆਨ ਇੰਦਰੇ ਹੀ ਵਰਤੇ ਜਾਂਦੇ ਹਨ। ਫਰਕ ਕੀ ਹੋਇਆ? ਸੋ ਜਿਹੜੇ ਸੱਜਣ ਦੇਹਧਾਰੀ ਗੁਰੂ ਨਾਲੋਂ ਗੁਰਬਾਣੀ ਨੂੰ' ਘੱਟ ਦਰਜਾ ਦਿੰਦੇ ਹਨ, ਉਹ ਇਹ ਭੁੱਲ ਜਾਂਦੇ ਹਨ ਕਿ ਜਦੋਂ ਉਨ੍ਹਾਂ ਦਾ ਆਪਣਾ ਦੇਹਾਂਤ ਹੋ ਗਿਆ ਤਾਂ ਕੀ ਉਨ੍ਹਾਂ ਦਾ ਹੁਣ ਵਾਲਾ ਉਪਦੇਸ਼ ਸਚਾ ਨਹੀਂ ਰਹੇਗਾ? ਇਉਂ ਮੰਨੀਏ ਤਾਂ ਕਿਸੇ ਭੀ ਧਰਮ ਪੁਸਤਕ ਦਾ ਰਤਾ ਵੀ ਮੁੱਲ ਨਹੀਂ ਰਹਿੰਦਾ। ਸੋ ਸਤਿਗੁਰੂ ਦਾ ਉਪਦੇਸ਼ ਵਾਹਿਗੁਰੂ ਦਾ ਉਪਦੇਸ਼ ਹੈ, ਸਦਾ ਲਈ ਹੈ।

7) ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਦੁਕਾਨਾਂ ਤੇ ਵਿਕਦਾ ਹੈ, ਸੋ ਇਹ ਗੁਰੂ ਕਿਵੇਂ?

ਜਿਵੇਂ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਾਹਿਗੁਰੂ ਦਾ, ਸਤਿਗੁਰੂ ਦਾ ਪਰਗਟ ਜੋਤ ਸਰੂਪ, ਆਤਮਕ ਰੂਪ, ਸ਼ਬਦ ਰੂਪ ਹੈ। ਸ਼ਬਦ ਤਾਂ ਕਾਗਜ਼ ਉੱਤੇ ਹੀ ਲਿਖਿਆ ਜਾ ਸਕਦਾ ਹੈ ਅਤੇ ਇੰਕ ਨਾਲ ਹੀ ਲਿਖਿਆ ਜਾ ਸਕਦਾ ਹੈ। ਛਪਾਈ ਦਾ ਖਰਚ ਵੀ ਹੁੰਦਾ ਹੈ, ਖਰੀਦਿਆ ਵੀ ਪੈਸੇ ਨਾਲ ਹੀ ਜਾ ਸਕਦਾ ਹੈ। ਸੋ ਜੇ ਇਹ ਦੁਕਾਨਾਂ ਤੇ ਵਿਕਦਾ ਹੈ ਤਾਂ ਇਸ ਵਿਚ ਕੀ ਮਿਹਣਾ ਹੈ, ਕੀ ਘਾਟਾ ਹੈ? ਭੇਖੀ ਗੁਰੂ ਵੀ ਤਾਂ ਇਸ ਦੀ ਸ਼ਰਨ ਲੈਂਦੇ ਹਨ, ਭਾਵੇਂ ਗਲਤ ਅਰਥ ਕਰਕੇ, ਵਿਚ ਵਾਧੂ ਤੁਕਾਂ ਲਾ ਕੇ ਅਤੇ ਤੁਕਾਂ ਬਦਲਾ ਕੇ ਜਨਤਾ ਨੂੰ ਭਰਮਾਂਦੇ ਹਨ।

ਦਸਮੇਸ਼ ਜੀ ਪਿਛੋਂ ਆਨੰਦਪੁਰ ਦਾ ਸੋਢੀ ਗੁਲਾਬ ਸਿੰਘ ਸੰਨ 1711 ਦੇ ਆਰੰਭ ਤੋਂ ਆਪ ਨੂੰ ਗੁਰੂ ਜੀ ਦਾ ਉੱਤਰ ਅਧਿਕਾਰੀ ਗੁਰੂ ਕਹਾਉਣ ਲੱਗ ਪਿਆ ਸੀ। ਪਰ ਇਸ ਦੀ ਬੰਸ ਨਹੀਂ ਚੱਲੀ। ਇਹ ਗੁਰੂ ਹਰਿ ਗੋਬਿੰਦ ਜੀ ਦੇ ਪੁੱਤਰ ਬਾਬਾ ਸੂਰਜ ਮੱਲ ਦੇ ਦੋ ਪੁੱਤਰਾਂ ਵਿਚੋਂ ਇਕ ਸੀ। ਅੱਜ ਕੱਲ੍ਹ ਦੇ ਆਨੰਦਪੁਰੀ ਸੋਢੀ ਇਸ ਦੇ ਭਰਾ ਸ਼ਿਆਮ ਸਿੰਘ ਦੀ ਔਲਾਦ ਹਨ।

**ਹੁਣ ਕੁਝ ਕੁ ਨਵੇਂ ਨਿਰੰਕਾਰੀਆਂ, ਰਾਧਾ ਸੁਆਮੀਆਂ ਤੇ ਨਾਮਧਾਰੀਆਂ ਬਾਰੇ।**

ਨਵੇਂ ਨਿਰੰਕਾਰੀਆਂ ਬਾਰੇ ਤਾਂ ਆਪਾਂ ਬਥੇਰਾ ਜਾਣਦੇ ਹਾਂ। ਇਹ ਸ਼ਾਇਦ ਸੁਧਰ

ਜਾਣ ? ਰਾਧਾ ਸੁਆਮੀ ਮੱਤ ਆਗਰਾ ਨਿਵਾਸੀ ਇਕ ਸਿੱਖ ਭਾਈ ਸ਼ਿਵ ਦਿਆਲ ਜੀ ਨੇ ਚਲਾਇਆ।

ਰਾਧਾ ਉਸ ਦੀ ਵਹੁਟੀ ਦਾ ਨਾਉਂ ਸੀ। ਭਾਈ ਜੀ ਨੂੰ ਸੁਆਮੀ ਕਹਿਣ ਲੱਗ ਪਏ ਅਤੇ ਇਸ ਤਰ੍ਹਾਂ 'ਰਾਧਾ ਸੁਆਮੀ' ਮੱਤ ਦਾ ਆਰੰਭ ਹੋ ਗਿਆ। ਆਗਰੇ ਦੀ ਗੱਦੀ ਵਾਲੇ ਤਾਂ ਮੋਨੇ ਅਤੇ ਟੋਪੀਪੋਸ਼ ਹੀ ਹੁੰਦੇ ਹਨ ਪਰ ਪੰਜਾਬ ਵਿਚ ਬਿਆਸ ਵਾਲਾ ਡੇਰਾ ਪਿੰਡ ਘੁਮਾਣ, ਜ਼ਿਲਾ ਗੁਰਦਾਸ ਪੁਰ ਦੇ, ਬਾਬਾ ਜੈਮਲ ਸਿੰਘ ਨੇ ਚਲਾਇਆ। ਉਸ ਪਿਛੋਂ ਬਾਬਾ ਸਾਵਣ ਸਿੰਘ, ਬਾਬਾ ਜਗਤ ਸਿੰਘ ਅਤੇ ਬਾਬਾ ਚਰਨ ਸਿੰਘ ਹੋਏ ਹਨ। ਇਨ੍ਹਾਂ ਦੇ ਸਿੱਖ ਸਰੂਪ ਨੂੰ ਦੇਖ ਕੇ ਕਈ ਸਿੱਖ ਵੀ ਇਨ੍ਹਾਂ ਦੇ ਪਿਛੇ ਲੱਗੀ ਜਾਂਦੇ ਹਨ। ਕਈ ਜੱਟ ਇਨ੍ਹਾਂ ਨੂੰ ਜੱਟ ਸਮਝ ਕੇ ਇਨ੍ਹਾਂ ਦੇ ਸਿਖ ਬਣੀ ਜਾਂਦੇ ਹਨ। ਬਿਆਸ ਦੇ ਡੇਰੇ ਵਾਲੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕਰਿਆ ਕਰਦੇ ਸਨ। ਡੇਰੇ ਵਿਚ ਜ਼ਿਲਾ ਅੰਮ੍ਰਿਤਸਰ ਦਾ ਇਕ ਸਿਖ ਬਾਬਾ ਮਿੱਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਵੀ ਕਰਿਆ ਕਰਦਾ ਸੀ। ਇਹ ਗੱਲ ਤੀਹਵਿਆਂ ਦੀ ਹੈ, ਜਦੋਂ ਬਾਬਾ ਸਾਵਣ ਸਿੰਘ ਦਾ ਸਮਾਂ ਸੀ। ਅਜ ਕੱਲ੍ਹ ਇਨ੍ਹਾਂ ਨੇ ਡੇਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਬੰਦ ਕਰ ਦਿੱਤਾ ਹੋਇਆ ਹੈ। ਇਹ ਲੋਕ ਗੁਰਬਾਣੀ ਵਿਚ ਆਪਦੇ ਵਲੋਂ ਹੀ ਹੋਰ ਤੁਕਾਂ ਰਲਾ ਰਹੇ ਹਨ ਅਤੇ ਅਰਥ ਵੀ ਆਪਣੇ ਢੰਗ ਨਾਲ, ਸੁਆਰਥ ਵਜੋਂ, ਤੋੜ ਮਰੋੜ ਕੇ ਗਲਤ ਕਰ ਰਹੇ ਹਨ। ਗੁਰਬਾਣੀ ਵਿਚ ਮਨ-ਘੜਤ ਤੁਕਾਂ ਵੀ ਰਲਾ ਰਹੇ ਹਨ, ਜਿਵੇਂ 'ਸੁਖਮਨੀ' ਦੀ ਪੰਦਰਵੀਂ ਅਸ਼ਟਪਦੀ ਦੇ ਪੰਜਵੇਂ ਪਦੇ ਵਿਚ ਬਾਬਾ ਸਾਵਣ ਸਿੰਘ ਨੇ ਕੱਚੀ ਬਾਣੀ ਦੀ ਇਹ ਤੁਕਬੰਦੀ ਵੀ ਦਰਜ ਕਰ ਦਿੱਤੀ ਹੈ:

ਸਪਤ ਲੋਕ ਕੇ ਊਪਰ ਧਾਵੈ॥ ਅਲਖ ਅਗਮ ਕੀ ਜਬ ਗਤ ਪਾਵੈ॥
ਤਿਸ ਕੇ ਊਪਰ ਸੰਤਨ-ਧਾਮੁ॥ ਨਾਨਕ ਦਾਸ ਕੀਆ ਬਿਸਰਾਮ॥

1929 ਦੇ ਨੇੜੇ ਤੇੜੇ ਕੁਝ ਪੰਥ ਦਰਦੀਆਂ ਨੇ 'ਰਾਧਾ ਸੁਆਮੀ ਮੱਤ ਵਿਚਾਰਨੀ ਸਭਾ" ਬਣਾਈ ਸੀ ਜਿਸ ਦੇ ਕਰਤਿਆਂ ਧਰਤਿਆਂ ਵਿਚ ਗਿਆਨੀ ਲਾਭ ਸਿੰਘ, ਮੁਖ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਅਤੇ ਗਿਆਨੀ ਹਰਿਚਰਨ ਸਿੰਘ ਸਿੱਖ ਮਿਸ਼ਨਰੀ ਵੀ ਸਨ। ਗਿਆਨੀ ਹਰਿਚਰਨ ਸਿੰਘ ਨੇ ਸ਼ਹੀਦ ਸਿੱਖ ਮਿਸ਼ਨਰੀ ਕੋਲਿਜ ਅੰਮ੍ਰਿਤਸਰ ਦੇ ਸ਼ਾਇਦ ਪਹਿਲੇ ਬੈਚ ਵਿਚ ਪ੍ਰਿੰ. ਗੰਗਾ ਸਿੰਘ ਦੇ ਸਮੇਂ 'ਪ੍ਰਚਾਰਕ' ਕੋਰਸ ਕੀਤਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਿਆਨੀ ਜੀ ਨੂੰ ਪੁਰਸਕਾਰ ਵਜੋਂ ਇਕ ਸ਼ਾਨਦਾਰ ਖਿਲਅਤ, ਗਾਉਨ ਵੀ ਦਿੱਤਾ ਸੀ। ਇਹ ਸ਼ਾਇਦ ਕਪੂਰਥਲੇ ਦੇ ਸਨ। ਇਸ ਸਭਾ ਦਾ ਪ੍ਰੋਗਰਾਮ ਇਹ ਹੁੰਦਾ ਸੀ ਕਿ ਜਿਥੇ ਬਾਬਾ ਸਾਵਣ ਸਿੰਘ ਜੀ ਰਾਧਾ ਸੁਆਮੀ ਦੀਵਾਨ ਲਾਉਂਦੇ ਸਨ, ਓਸ ਹੀ ਸ਼ਹਿਰ ਜਾਂ ਪਿੰਡ ਵਿਚ ਇਸ ਸਭਾ ਵਾਲੇ ਗੁਰਸਿਖਾਂ ਦਾ ਦੀਵਾਨ ਲਾ ਲੈਂਦੇ ਸਨ। ਇਸ ਸਭਾ ਵਾਲੇ ਬਾਬਾ ਸਾਵਣ ਸਿੰਘ ਨੂੰ ਸਦਾ ਚੈਲਿੰਜ ਕੀਤਾ ਕਰਦੇ ਸਨ ਕਿ ਉਹ ਉਨ੍ਹਾਂ ਨਾਲ ਕਿਸੇ ਵੀ ਨਿਅਤ ਥਾਂ ਤੇ ਵਿਚਾਰ ਵਟਾਂਦਰਾ ਕਰੇ। ਪਰ ਉਸ ਨੇ ਕਦੇ ਸਭਾ ਦਾ ਚੈਲੰਜ ਮੰਜ਼ੂਰ ਨਹੀਂ ਸੀ ਕੀਤਾ। ਸੰਨ 1932 ਦੀਆਂ ਗਰਮੀਆਂ ਵਿਚ ਕਪੂਰਥਲੇ ਇਕ ਦੀਵਾਨ ਸਮੇਂ ਗਿਆਨੀ ਹਰਿਚਰਨ ਸਿੰਘ

ਨੇ ਮੈਨੂੰ ਦਸਿਆ ਸੀ : ' ਜਿਹੜਾ ਬੰਦਾ ਰਾਧਾ ਸੁਆਮੀ ਮੱਤ ਦੇ ਵਿਰੁੱਧ ਮੇਰੇ ਦਸ ਲੈਕਚਰ ਸੁਣ ਲਵੇ, ਉਹ ਰਾਧਾ ਸੁਆਮੀ ਨਹੀਂ ਬਣਦਾ । ਪਰ ਜਿਹੜੇ ਬਣੇ ਹੋਏ ਹਨ, ਉਹ ਨਹੀਂ ਹਟਦੇ ।

ਕਈ ਚਿਰ ਤੋਂ ਉਸ ਸਭਾ ਬਾਰੇ ਮੈਨੂੰ ਕੋਈ ਪਤਾ ਨਹੀਂ । ਹਾਂ, ਗਿਆਨੀ ਪਰਤਾਪ ਸਿੰਘ , ਪ੍ਰੋ. ਨਰਾਇਣ ਸਿੰਘ ਅਤੇ ਪਿੰਗਲਵਾੜੇ ਵਾਲੇ ਆਦਿਕ ਸੱਜਣ ਸਿੱਖ ਜਨਤਾ ਨੂੰ ਰਾਧਾ ਸੁਆਮੀ ਮੱਤ ਦੇ ਪੰਜੇ ਤੋਂ ਬਚ ਕੇ ਰਹਿਣ ਲਈ ਪ੍ਰੇਰਦੇ ਰਹੇ ਹਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਕਾਰਵਾਈ ਕਰ ਕੇ ਰਾਧਾ ਸੁਆਮੀਆਂ ਨੂੰ ਗੁਰਬਾਣੀ ਵਿਚ ਮਿਲਾਵਟ ਕਰਨੋਂ ਰੋਕਣਾ ਚਾਹੀਦਾ ਹੈ ।

ਦਸਮੇਸ਼ ਜੀ ਸੰਨ 1708 ਵਿਚ ਜੋਤੀ ਜੋਤ ਸਮਾ ਗਏ ਸਨ । ਨਾਭੇ ਦੇ ਲਾਗੇ ਇਕ ਝਿੜੀ ਵਿਚ ਬਾਬਾ ਅਜਾਪਾਲ ਸਿੰਘ ਜੀ ਰਹਿੰਦੇ ਸਨ । ਉਨ੍ਹਾਂ ਦਾ ਦੇਹਾਂਤ ਚੌਦਾਂ ਜੂਨ, 1812 ਨੂੰ ਹੋਇਆ ਉਨ੍ਹਾਂ ਪਿਛੋਂ ਉਨ੍ਹਾਂ ਦੇ ਡੇਰੇ ਦੇ ਮਹੰਤ ਭਾਈ ਕਾਨ੍ਹ ਸਿੰਘ ਦੇ ਪੜਦਾਦਾ ਬਾਬਾ ਸਰੂਪ ਸਿੰਘ, ਫਿਰ ਭਾਈ ਜੀ ਦੇ ਪਿਤਾ ਬਾਬਾ ਨਰਾਇਣ ਸਿੰਘ, ਫਿਰ ਭਾਈ ਸਾਹਿਬ ਦੇ ਮੋਟੇ ਭਰਾ ਭਾਈ ਬਿਸ਼ਨ ਸਿੰਘ ਅਤੇ ਫਿਰ ਭਾਈ ਜੀ ਦੇ ਪੁੱਤ ਭਾਈ ਭਗਵੰਤ ਸਿੰਘ ਜੀ ਸਨ । ਖੈਰ ! ਨਾਮਧਾਰੀ ਇਹ ਕਹਿੰਦੇ ਹਨ ਕਿ ਦਸਮੇਸ਼ ਜੀ ਸੰਨ 1708 ਵਿਚ ਜੋਤੀ ਜੋਤ ਨਹੀਂ ਸਨ ਸਮਾਏ ਬਲਕਿ ਬਾਬਾ ਅਜਾਪਾਲ ਸਿੰਘ ਦੇ ਭੇਖ ਵਿਚ ਗੁਪਤ ਤੌਰ ਤੇ ਰਹਿ ਰਹੇ ਸਨ ਅਤੇ ਸੰਨ 1812 ਵਿਚ ਜੋਤੀ ਜੋਤ ਸਮਾਏ । ਨਾਮਧਾਰੀ ਕਹਿੰਦੇ ਹਨ ਕਿ ਬਾਬਾ ਬਾਲਕ ਸਿੰਘ ਨੇ ਜਿਸ ਨੂੰ ਇਹ ਆਪਣਾ ਗਿਆਰ੍ਹਵਾਂ ਗੁਰੂ ਮੰਨਦੇ ਹਨ, ਬਾਬਾ ਅਜਾਪਾਲ ਸਿੰਘ ਭਾਵ ਦਸਮੇਸ਼ ਜੀ ਤੋਂ ਗੁਰਿਆਈ ਪ੍ਰਾਪਤ ਕੀਤੀ । ਬਾਬਾ ਬਾਲਕ ਸਿੰਘ ਪਿੰਡ ਛੋਦੀ, ਜ਼ਿਲਾ ਅਟਕ ਵਿਚ ਅਰੋੜਾ ਖਾਨਦਾਨ ਵਿਚ ਜੰਮਿਆ ਸੀ । ਪਰ ਪਿਛੋਂ ਇਸੇ ਹੀ ਜ਼ਿਲੇ ਦੇ ਪਿੰਡ ਹਜ਼ਰੋ ਆ ਗਿਆ ਸੀ । ਏਥੇ ਇਹ ਭਗਤ ਜਵਾਹਰ ਮੱਲ ਦਾ ਸਿੱਖ ਬਣਿਆ । ਸੋ ਬਾਬਾ ਬਾਲਕ ਸਿੰਘ ਭਗਤ ਜਵਾਹਰ ਮੱਲ ਦਾ ਸਿੱਖ ਸੀ ਜਾਂ ਬਾਬਾ ਅਜਾਪਾਲ ਸਿੰਘ ਦਾ ? ਦੋਹਾਂ ਦਾ ਕਿਵੇਂ ਹੈ ? ਏਸੇ ਤਰ੍ਹਾਂ ਬਾਬਾ ਅਜਾਪਾਲ ਸਿੰਘ ਦਾ ਉਤਰ ਅਧਿਕਾਰੀ ਬਾਬਾ ਸਰੂਪ ਸਿੰਘ ਸੀ ਜਾਂ ਬਾਬਾ ਬਾਲਕ ਸਿੰਘ ? ਦੋਵੇਂ ਕਿਵੇਂ ਹਨ ? ਸਾਫ ਹੈ ਕਿ ਨਾਮਧਾਰੀ ਇਹ ਸਾਬਤ ਨਹੀਂ ਕਰ ਸਕਦੇ ਕਿ ਬਾਬਾ ਬਾਲਕ ਸਿੰਘ ਦਸਵੇਂ ਗੁਰੂ ਜੀ ਦਾ ਸਿੱਖ ਸੀ ।

ਬਾਬਾ ਬਾਲਕ ਸਿੰਘ ਨੇ ' ਜਗਿਆਸੀ - ਅਭਿਆਸੀ ' ਸੰਪ੍ਰਦਾ ਚਲਾਈ । ਨਾਮਧਾਰੀ ਆਪਣਾ ਬਾਰ੍ਹਵਾਂ ਗੁਰੂ ਬਾਬਾ ਰਾਮ ਸਿੰਘ ਨੂੰ ਮੰਨਦੇ ਹਨ । ਉਨ੍ਹਾਂ ਦਾ ਜਨਮ ਇਕ ਤਰਖਾਣ ਘਰਾਣੇ ਵਿਚ, ਪਿੰਡ ਭੈਣੀ, ਜ਼ਿਲਾ ਲੁਧਿਆਣਾ ਵਿਚ ਹੋਇਆ । ਇਹ ਬਾਬਾ ਬਾਲਕ ਸਿੰਘ ਦੇ ਸਤਸੰਗੀ ਸਨ । ਕਿਉਂਕਿ ਬਾਬਾ ਰਾਮ ਸਿੰਘ ਜੀ ਅੰਮ੍ਰਿਤ ਵੇਲੇ ਸਤਲੁਜ ਨਦੀ ਵਿਚ ਇਸ਼ਨਾਨ ਕਰਦੇ ਹੋਏ ਪਾਣੀ ਵਿਚ ਖਲੋ ਕੇ ਕੂਕਾਂ ਮਾਰ ਮਾਰ 'ਵਾਹਿਗੁਰੂ ! ਵਾਹਿਗੁਰੂ !' ਦਾ ਜਾਪ ਕਰਿਆ ਕਰਦੇ ਸਨ, ਸੋ' ਜਗਿਆਸੀ -ਅਭਿਆਸੀ' ਸੰਪ੍ਰਦਾ ਦਾ ਨਾਉਂ ' ਕੂਕਾ ' ਸੰਪ੍ਰਦਾ ਪੈ ਗਿਆ ਅਤੇ ਪਿਛੋਂ 'ਨਾਮਧਾਰੀ' ਸੰਪ੍ਰਦਾ ਵੀ । ਇਤਿਹਾਸ ਦੱਸਦਾ ਹੈ ਕਿ ਬਾਬਾ ਰਾਮ ਸਿੰਘ ਜੀ ਦਾ ਦੇਹਾਂਤ ਦੇਸ਼ ਨਿਕਾਲੇ ਦੇ ਦੌਰਾਨ

ਰੰਗੂਨ ਵਿਚ ਸੰਨ 1885 ਵਿਚ ਹੋਇਆ ਪਰ ਨਾਮਧਾਰੀ ਮੰਨਦੇ ਹਨ ਕਿ ਬਾਬਾ ਰਾਮ ਸਿੰਘ ਜੀ ਹਾਲਾਂ ਜੀਉਂਦੇ ਹਨ ।ਕਿਉਂਕਿ ਉਨ੍ਹਾਂ ਦੀ ਇਕ ਘੋੜੀ ਚੀਨੀ, ਭਾਵ ਚਿੱਟੇ ਰੰਗ ਦੀ ਸੀ, ਇਸ ਲਈ ਨਾਮਧਾਰੀ ਉਨ੍ਹਾਂ ਨੂੰ ' ਚੀਨੀ ਵਾਲਾ ' ਕਹਿ ਕੇ ਵੀ ਪੁਕਾਰਦੇ ਹਨ ।ਬਾਬਾ ਜੀ ਦੀ ਗੈਰ - ਹਾਜ਼ਰੀ ਵਿਚ ਉਨ੍ਹਾਂ ਦਾ ਛੋਟਾ ਭਰਾ ਬੁੱਧ ਸਿੰਘ ਗੁਰੂ ਬਣਿਆ ਪਰ ਹਰੀ ਸਿੰਘ ਨਾਉਂ ਥੱਲੇ । ਬਾਬਾ ਹਰੀ ਸਿੰਘ ਪਿਛੋਂ ਉਨ੍ਹਾਂ ਦਾ ਪੁੱਤ ਬਾਬਾ ਪ੍ਰਤਾਪ ਸਿੰਘ ਗੁਰੂ ਬਣਿਆ । ਸੰਨ 1959 ਤੋਂ ਬਾਬਾ ਜਗਜੀਤ ਸਿੰਘ ਗੁਰੂ ਹੈ । ਇਹ ਬਾਬਾ ਪ੍ਰਤਾਪ ਸਿੰਘ ਦਾ ਵੱਡਾ ਪੁੱਤ ਹੈ । ਬਾਬਾ ਹਰੀ ਸਿੰਘ ਤੇ ਬਾਬਾ ਪ੍ਰਤਾਪ ਸਿੰਘ ਆਪਣੇ ਆਪ ਨੂੰ ਗੁਰੂ ਤਾਂ ਕਹਾਂਦੇ ਰਹੇ ਪਰ ਅਰਦਾਸ ਨਾਮਧਾਰੀ ਆਪਣੇ ਬਾਰ੍ਹਵੇਂ ਗੁਰੂ ਰਾਮ ਸਿੰਘ ਤਾਈਂ ਹੀ ਕਰਦੇ ਰਹੇ ।

**ਹੁਣ ਕੁਝ ਕੁ ਜ਼ਰੂਰੀ ਘਟਨਾਵਾਂ ਲਿਖਦਾ ਹਾਂ ।**

ਤੀਹਵਿਆਂ ਦੇ ਆਰੰਭ ਦੀ ਗੱਲ ਹੈ । ਨਾਮਧਾਰੀ ਬਾਬਾ ਪ੍ਰਤਾਪ ਸਿੰਘ ਤੇ ਉਨ੍ਹਾਂ ਦੇ ਰਾਗੀ ਜਥੇ ਵਲੋਂ ਨਾਭਾ ਐਸਟੇਟ, ਸ਼ਿਮਲਾ ਦੀ ਇਕ ਕੋਠੀ ਵਿਚ ਆਸਾ ਦੀ ਵਾਰ ਦਾ ਕੀਰਤਨ ਸੀ । ਛੋਟਾ ਜਿਹਾ ਹੋਲ ਸੀ । ਸੰਗਤਿ ਜ਼ਿਆਦਾ ਨਹੀਂ ਸੀ । ਭਾਈ ਕਾਨ੍ਹ ਸਿੰਘ ਜੀ ਵੀ ਸੰਗਤਿ ਵਿਚ ਸਨ । ਭਾਈ ਸਾਹਿਬ ਦੀ ਇੱਜ਼ਤ ਬਾਬਾ ਪ੍ਰਤਾਪ ਸਿੰਘ ਜੀ ਵੀ ਕਰਦੇ ਸਨ ਅਤੇ ਉਨ੍ਹਾਂ ਦੇ ਗੋਡੀਂ ਹੱਥ ਲਾਉਣ ਨੂੰ ਝੁਕਿਆ ਕਰਦੇ ਸਨ । ਭਾਈ ਸਾਹਿਬ, ਬਾਬਾ ਜੀ ਨਾਲੋਂ ਉਮਰ ਵਿਚ ਵੀ ਵੱਡੇ ਸਨ, ਵਿਦਿਆ ਵਿਚ ਵੀ । ਮੈਂ ਵੀ ਸੰਗਤਿ ਵਿਚ ਹਾਜ਼ਿਰ ਸੀ । ਮੈਂ ਭਾਈ ਸਾਹਿਬ ਤੋਂ ਜ਼ਰਾ ਪਿਛੇ ਦਰਵਾਜ਼ੇ ਨੇੜੇ ਕੰਧ ਨਾਲ ਬੈਠਾ ਸੀ । ਦੋ ਨਾਮਧਾਰੀ ਸਿੱਖ ਦੀਵਾਨ ਵਿਚ ਹੀ ਉੱਚੀ ਉੱਚੀ ਇਕ ਦੂਜੇ ਨਾਲ ਖਹਿਬੜਨ ਲਗ ਪਏ । ਭਾਈ ਸਾਹਿਬ ਨੇ ਹੌਲੀ ਜਿਹੀ ਵਿਅੰਗਮਈ ਢੰਗ ਨਾਲ ਕਿਹਾ: ' ਮਹਾਰਾਜ ਜੀ ! ਆਪ ਦੇ ਸ਼ਿੱਸ਼ ਦੀਵਾਨ ਵਿਚ ਵੀ ਆਪਣੇ ਆਪ ਤੇ ਕਾਬੂ ਨਹੀ ਰੱਖ ਸਕਦੇ । ' ਬਾਬਾ ਜੀ ਨੇ ਹੌਲੀ ਜਿਹੀ ਉੱਤਰ ਦਿੱਤਾ : ' ਜੇ ਆਪਣੇ ਆਪ ਨੂੰ ਕਾਬੂ ਵਿਚ ਰੱਖਣ ਵਾਲੇ ਹੁੰਦੇ ਤਾਂ ਚੀਨੀ ਵਾਲੇ ਨੂੰ ਜ਼ਲ੍ਹਾਵਤਨ ਕਿਉਂ ਹੋਣਾ ਪੈਂਦਾ ?'

ਪੰਜਾਹਵਿਆਂ ਵਿਚ ਬਾਬਾ ਪ੍ਰਤਾਪ ਸਿੰਘ ਜੀ ਆਪਣੇ ਜਥੇ ਸਮੇਤ ਈਸਟ ਅਫਰੀਕਾ ਵਿਚ ਪਹਿਲੇ ਨਾਮਧਾਰੀ ਪ੍ਰਚਾਰ ਦੌਰੇ ਤੇ ਆਏ । ਸਾਡੇ ਸ਼ਹਿਰ ਐਲਡੋਰੈਟ, ਕੀਨੀਆ ਵਿਚ ਮੇਰਾ ਇਕ ਸਾਥੀ ਟੀਚਰ, ਨਾਮਧਾਰੀ ਦੋਸਤ ਗੁਰਸੇਵਕ ਸਿੰਘ ਸੀ । ਮੈਂ ਉਪਰ ਵਾਲੀ ਗੱਲ ਉਸ ਨੂੰ ਦੱਸੀ । ਉਸ ਨੇ ਇਹੀ ਗੱਲ ਆਪਣੇ ਗੁਰੂ ਬਾਬਾ ਜੀ ਨਾਲ ਕਰ ਦਿੱਤੀ । ਉਨ੍ਹਾਂ ਨੇ ਗੁਰਸੇਵਕ ਸਿੰਘ ਨੂੰ ਕਿਹਾ : 'ਮੈਨੂੰ ਤਾਂ ਵੀਹ ਸਾਲ ਪਹਿਲਾਂ ਦੀ ਗਲ ਯਾਦ ਨਹੀਂ ਕਿ ਮੈਂ ਇਉਂ ਕਿਹਾ ਸੀ ਕਿ ਨਹੀਂ ਪਰ ਐਨਾ ਜ਼ਰੂਰ ਹੈ ਕਿ ਮੇਰੇ ਸਿੱਖਾਂ ਨੇ ਕਦੀ ਬੇਦਾਅਵਾ ਲਿਖ ਕੇ ਨਹੀਂ ਦਿੱਤਾ । ' ਗੁਰਸੇਵਕ ਸਿੰਘ ਨੇ ਇਹ ਗੱਲ ਮੈਨੂੰ ਦੱਸੀ ਅਤੇ ਕਿਹਾ ਇਹ ਬੰਦਾ ਕੀ ਹੋਇਆ ਜਿਹੜਾ ਦਸਮੇਸ਼ ਜੀ ਦੀ ਬਰਾਬਰੀ ਕਰਦਾ ਹੈ ਬਲਕਿ ਆਪਣੇ ਆਪ ਨੂੰ ਉਨ੍ਹਾਂ ਤੋਂ ਵੀ ਚੰਗਾ ਸਮਝਦਾ ਹੈ, ਅਤੇ ਨਾਮਧਾਰੀ ਸਿੱਖਾਂ ਨੂੰ, ਗੁਰਸਿਖਾਂ ਨਾਲੋਂ ਵੀ ਚੰਗਾ ਸਮਝਦਾ ਹੈ, ਅੱਜ ਤੋਂ ਮੈਂ ਨਾਮਧਾਰੀ ਨਹੀਂ ।' ਠੀਕ ਹੀ ਉਸ ਦਿਨ ਤੋਂ ਗੁਰਸੇਵਕ ਸਿੰਘ ਨਾਮਧਾਰੀ ਨਹੀਂ ਰਿਹਾ ।

ਓਸੇ ਦੌਰੇ ਵਿਚ ਹੀ ਐੱਲਡੋਰੈੱਟ ਵਾਲੇ ਗੱਜਣ ਸਿੰਘ ਠੇਕੇਦਾਰ, ਜੋ ਨਾਮਧਾਰੀ ਸੀ, ਦੇ ਘਰ ਨਾਮਧਾਰੀ ਜਥੇ ਨੇ ਸ਼ਨੀਵਾਰ ਤ੍ਰਿਕਾਲਾਂ ਨੂੰ ਦੀਵਾਨ ਸਜਾਇਆ। ਉਸ ਦੀਵਾਨ ਵਿਚ ਇਕ ਬਿਰਧ ਅਤੇ ਮਧਰੇ ਕੱਦ ਦੇ ਨਾਮਧਾਰੀ, ਸੂਬਾ ਦਸੌਂਧਾ ਸਿੰਘ ਨੇ, ਜੋ ਬੰਗਾ-ਨਵਾਂ ਸ਼ਹਿਰ ਦੇ ਇਲਾਕੇ ਦਾ ਸੀ, ਆਪਣੇ ਵਿਆਖਿਆਨ ਵਿਚ ਇਹ ਗਲ ਵੀ ਗੱਜ ਵੱਜ ਕੇ ਕਹੀ : 'ਓਏ ਰਾਮਗੜ੍ਹੀਆ ਭਰਾਵੋ ! ਤੁਸੀਂ ਆਪਣੇ ਘਰਾਂ ਵਿਚ ਹੋਰ ਗੁਰੂਆਂ ਤੇ ਸੰਤਾਂ ਦੀਆਂ ਤਸਵੀਰਾਂ, ਫੋਟੋਆਂ ਵੀ ਤਾਂ ਲਾਂਦੇ ਹੀ ਹੋ, ਕੀ ਤੁਸੀਂ ਉਨ੍ਹਾਂ ਨੂੰ ਗੁਰੂ ਵੀ ਨਾ ਮੰਨੋ, ਪਰ ਕੀ ਤੁਸੀਂ ਇਨ੍ਹਾਂ ਨੂੰ ਆਪਣਾ ਇਕ ਰਾਮਗੜ੍ਹੀਆ ਭਰਾ ਸੰਤ ਸਮਝ ਕੇ ਵੀ ਇਨ੍ਹਾਂ ਦੀ ਫੋਟੋ ਨਹੀਂ ਲਾ ਸਕਦੇ ? ਕਿਸੇ ਰਾਮਗੜ੍ਹੀਆ ਘਰ ਵਿਚ ਵੀ ਇਨ੍ਹਾਂ ਦੀ ਫੋਟੋ ਦੇਖਣ ਨੂੰ ਨਹੀਂ ਮਿਲ ਰਹੀ। ਕੀ ਇਹ ਸ਼ਰਮ ਦੀ ਗੱਲ ਨਹੀਂ ਤੁਹਾਡੇ ਲਈ ? ਓਏ ਰਾਮਗੜ੍ਹੀਆ ਭਰਾਵੋ ! ' ਸੰਗਤ ਵਿਚੋਂ ਕੋਈ ਨਾ ਬੋਲਿਆ। ਬਾਬਾ ਜੀ ਵੀ ਚੁੱਪ ਰਿਹਾ। ਸਗੋਂ ਬੁੱਲ੍ਹਾਂ ਵਿਚ ਮੁਸਕਰਾਉਣ ਲੱਗ ਪਿਆ।

ਦੂਜੇ ਦਿਨ, ਐਤਵਾਰ, ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੀ। ਦੀਵਾਨ ਵਿਚ ਹੀ ਇਕ ਨਾਮਧਾਰੀ ਸੱਜਣ ਸੰਗਤ ਵਿਚ ਫਿਰ ਫਿਰ ਕੇ ਲੋੜਵੰਦਾਂ ਨੂੰ 'ਅੰਮ੍ਰਿਤ' ਦੀ ਇਕ ਇਕ ਚੁਲੀ ਪਿਆਈ ਜਾਂਦਾ ਸੀ, ਅਤੇ ਇਕ ਦੂਜਾ ਨਾਮਧਾਰੀ ਸੱਜਣ 'ਜਹਾਜ਼ੇ ਚੜ੍ਹੇ ਵਿਅਕਤੀਆਂ ਦਾ ਨਾਉਂ ਆਪਣੇ ਨਾਮਧਾਰੀ ਰੈਜਿਸਟਰ ਵਿਚ ਲਿਖੀ ਜਾਂਦਾ ਸੀ। ਪਤਾ ਨਹੀਂ, ਉਹ 'ਅੰਮ੍ਰਿਤ' ਕਿਸ ਨੇ, ਕਿੱਥੇ ਅਤੇ ਕਿਵੇਂ ਤਿਆਰ ਕੀਤਾ ਸੀ।

ਰਾਗੀ ਜਥੇ ਨੇ ਆਸਾ ਦੀ ਵਾਰ ਦੀ ਤੇਰ੍ਹਵੀਂ ਪਉੜੀ ਨਾਲ ਲੱਗੇ ਹੋਏ ਦੂਜੇ ਸਲੋਕ ਦੀ ਤੁਕ 'ਨੀਲ ਬਸਤ੍ਰ ਪਠਾਣੀ ਅਮਲੁ ਗਵਾਇਆ' ਕੀਤਾ। 'ਲੇ' ਕ੍ਰਿਆ ਨੂੰ 'ਕੇ' ਸੰਬੰਧਕ ਬਣਾ ਲਿਆ, 'ਪਹਿਰੇ' - 'ਪਹਿਨੇ' ਨੂੰ 'ਫਾੜੇ' - 'ਪਾੜ ਸੁੱਟੇ' ਬਣਾ ਲਿਆ ਅਤੇ 'ਕੀਆ' ਅਨਿਸ਼ਚਿਤ ਭੂਤ ਕਾਲ , ਅੱਨ ਪੁਰਖ , ਇਕ ਵਚਨ ਨੂੰ 'ਗਵਾਇਆ' ਪ੍ਰੇਰਨਾਰਥਕ ਅਨਿਸ਼ਚਿਤ ਭੂਤ ਕਾਲ, ਅੱਨ ਪੁਰਖ, ਇਕ ਵਚਨ ਬਣਾ ਲਿਆ। 'ਕੀਆ' ਨੂੰ 'ਗਵਾਇਆ' ਬਣਾ ਕੇ ਅਲੰਕਾਰ ਦਾ ਵੀ ਖ਼ੂਨ ਕਰ ਦਿੱਤਾ ਕਿਉਂਕਿ ਪਹਿਲੀ ਤੁਕ 'ਕਲਿ ਮਹਿ ਬੇਦੁ ਅਥਰਬਣੁ ਹੋਆ, ਨਾਉ ਖੁਦਾਈ ਅਲਹੁ 'ਭਇਆ' ਨਾਲ ਰਲਾ ਕੇ ਪੜ੍ਹਿਆਂ ਨਾ ਹੀ ਇਸ ਤੁਕ ਦਾ ਵਜ਼ਨ, ਤੋਲ, ਅੰਤ ਅਨੁਪ੍ਰਾਸ, ਤੁਕਾਂਤ, ਕਾਫੀਆਂ ਹੀ ਰਹਿੰਦਾ ਹੈ, ਅਤੇ ਨਾ ਤਾਲ, ਲੈਅ ਹੀ।

ਮੈਂ ਖਿਆਲ ਕੀਤਾ ਕਿ ਦੀਵਾਨ ਦੀ ਸਮਾਪਤੀ ਪਿਛੋਂ ਬਾਬਾ ਪ੍ਰਤਾਪ ਸਿੰਘ ਜੀ ਨਾਲ ਇਸ ਗਲਤ ਪਾਠ ਬਾਰੇ ਵਿਚਾਰ ਵਟਾਂਦਰਾ ਕਰਾਂ। ਸੋ ਮੈਂ ਆਪਣੇ ਇਕ ਦੋਸਤ ਗ੍ਰੰਥੀ ਬਖਤਾਵਰ ਸਿੰਘ ਜੀ ਨਾਲ ਬਾਬਾ ਜੀ ਦੇ ਕਮਰੇ ਵਿਚ ਗਿਆ। ਅਸੀਂ ਦੋਵੇਂ ਫਤਹ ਗਜਾ ਕੇ ਦਰੀ ਉੱਤੇ ਬੈਠ ਗਏ, ਦੋ ਤਿੰਨ ਨਾਮਧਾਰੀ ਸੱਜਣ ਵੀ ਬੈਠੇ ਸਨ। ਬਾਬਾ ਜੀ ਚੌਂਕੜੀ ਮਾਰੀ ਬੈਠੇ ਸਨ ਪਲੰਘ ਤੇ, ਨਾਲੇ ਚਿੱਟੀ ਉਨ ਦੀ ਮਾਲਾ ਫੇਰਦੇ ਫੇਰਦੇ ਗੱਲਾਂ ਕਰਦੇ ਸਨ। ਸਾਥੋਂ ਪਹਿਲਾਂ ਵੀ ਕੋਈ ਗੱਲ ਚੱਲ ਰਹੀ ਸੀ । ਸਾਡੇ ਹੁੰਦਿਆਂ ਬਾਬਾ ਜੀ ਨੇ ਇਹ ਗੱਲ ਆਖੀ : 'ਚੀਨੀ ਵਾਲਾ ਹਾਲਾਂ ਦੇਹ ਵਿਚ ਹੈ, ਇਸ ਵੇਲੇ ਰੂਸ ਵਿਚ ਹੈ ਅਤੇ ਯੋਗ ਸਮਾਂ ਆਇਆ ਰੂਸ ਤੋਂ ਆਵੇਗਾ।' ਮੈਥੋਂ ਨਾ ਰਿਹਾ ਗਿਆ ਅਤੇ ਮੈਂ ਧੀਰਜ

ਨਾਲ ਕਿਹਾ : 'ਬਾਬਾ ਜੀ ! ਜੇ ਤੁਸੀਂ ਬੁਰਾ ਨਾ ਮੰਨੋ ਤਾਂ ਮੈਨੂੰ ਆਪ ਜੀ ਦੀ ਇਸ ਗੱਲ ਬਾਰੇ ਸ਼ੰਕਾ ਹੈ ! ' ਮੈ ਬੋਲਿਆ : 'ਬਾਬਾ ਜੀ ! ਇਤਿਹਾਸ ਦੱਸਦਾ ਹੈ ਕਿ ਚੀਨੀ ਵਾਲੇ ਦਾ ਦੇਹਾਂਤ ਰੰਗੂਨ ਵਿਚ ਸੰਨ 1885 ਵਿਚ ਹੋ ਗਿਆ ਸੀ। ਚਲੋ, ਇਕ ਮਿੰਟ ਲਈ ਮੰਨ ਲੈਂਦੇ ਹਾਂ ਕਿ ਉਹ ਹਾਲਾਂ ਜੀਉਂਦੇ ਹਨ। ਹੁਣ ਗੱਲ ਇਹ ਹੈ ਕਿ ਅੱਗੇ ਤਾਂ ਇੰਡੀਆ ਗੁਲਾਮ ਸੀ ਅਤੇ ਉਹ ਸਮਝਦੇ ਹੋਣਗੇ ਕਿ ਵਿਦੇਸ਼ੀ ਬ੍ਰਿਟਿਸ਼ ਸਰਕਾਰ ਉਨ੍ਹਾਂ ਨੂੰ ਇੰਡੀਆ ਆਉਣ ਨਹੀਂ ਦੇਵੇਗੀ ਅਤੇ ਜੇ ਆ ਗਏ ਤਾਂ ਤੰਗ ਕਰੇਗੀ। ਪਰ ਹੁਣ ਤਾਂ ਸੰਨ 1947 ਤੋਂ ਭਾਰਤ ਦਾ ਆਪਣਾ ਰਾਜ ਹੈ, ਸੋ ਜੇ ਚੀਨੀ ਵਾਲੇ ਆ ਜਾਣ ਤਾਂ ਉਨ੍ਹਾਂ ਨੂੰ ਕੋਈ ਰੋਕ ਨਹੀਂ ਹੋ ਸਕਦੀ ਬਲਕਿ ਇਜ਼ਤ ਹੋਵੇਗੀ। ਸ. ਅਜੀਤ ਸਿੰਘ ਨੂੰ ਵੀ ਆਪਣੀ ਸਰਕਾਰ ਨੇ ਜਲਾਵਤਨੀ ਕੱਟ ਰਹੇ ਨੂੰ ਦੇਸ਼ ਮੰਗਵਾ ਹੀ ਲਿਆ ਸੀ। ਸੋ ਚੀਨੀ ਵਾਲੇ ਨੂੰ ਹੁਣ ਆਉਣ ਵਿਚ ਕੀ ਸੰਕੋਚ ਹੈ ? ਉਹ ਰੂਸ ਵਿਚ ਕੀ ਕਰ ਰਹੇ ਹਨ ? ਲੋਕੀਂ ਤਾਂ ਬ੍ਰਿਟਿਸ਼ ਰਾਜ ਸਮੇਂ ਵੀ ਕੀਨੀਆ, ਜਬੂਦੀ ਅਤੇ ਫ੍ਰਾਂਸ ਰਾਹੀਂ ਗੁਪਤ ਤੌਰ ਤੇ ਰੂਸ ਜਾ ਆਉਂਦੇ ਸਨ। ਚਲੋ, ਉਦੋਂ ਤਾਂ ਤੁਸੀਂ ਰੂਸ ਨਹੀਂ ਸੀ ਜਾ ਸਕਦੇ ਕਿਉਂਕਿ ਤੁਸੀਂ ਕਮਿਊਨਿਸਟ ਨਹੀਂ ਸਾਓ ਅਤੇ ਇਸ ਲਈ ਕਿਸੇ ਨੇ ਚੋਰੀ ਛਿਪੀ ਜਾਣ ਲਈ ਵੀ ਆਪ ਜੀ ਦੀ ਮਦਦ ਨਹੀਂ ਸੀ ਕਰਨੀ, ਫਿਰ ਨਾ ਆਪ ਕਮਿਊਨਿਸਟ ਬਣ ਸਕਦੇ ਸੀ ਅਤੇ ਨਾ ਚੋਰੀ ਛਿਪੀ ਜਾ ਸਕਦੇ ਸੀ। ਹੁਣ ਆਜ਼ਾਦ ਹਿੰਦ ਵਿਚੋਂ ਤਾਂ ਬਥੇਰੇ ਲੋਕ ਜ਼ਾਹਿਰਾ ਤੌਰ ਤੇ ਰਸ਼ੀਆ ਜਾ ਆਉਂਦੇ ਹਨ, ਕੀ ਤੁਸੀਂ ਵੀ ਓਥੇ ਜਾ ਕੇ ਚੀਨੀ ਵਾਲੇ ਨੂੰ ਮਿਲੇ ਹੋ ? ਜੇ ਨਹੀਂ ਮਿਲੇ ਤਾਂ ਕਿਉਂ ? ਕੀ ਤੁਸੀਂ ਉਨ੍ਹਾਂ ਨਾਲ ਕਦੀ ਲਿਖਾ ਪੜ੍ਹੀ ਕੀਤੀ ਹੈ ? ਜੇ ਕੀਤੀ ਹੈ ਤਾਂ ਉਹ ਦੇਸ਼ ਆਉਣ ਬਾਰੇ ਕੀ ਕਹਿੰਦੇ ਹਨ ? ਜੇ ਤੁਸੀਂ ਉਨ੍ਹਾਂ ਨੂੰ ਕਦੇ ਚਿੱਠੀ ਵੀ ਨਹੀਂ ਪਾਈ ਤਾਂ ਕਿਉਂ ? ਕੀ ਕਦੀ ਕੋਈ ਫੋਨ ਵੀ ਨਹੀਂ ਕੀਤਾ ? ਜੇ ਭਲਾ ਕਿਸੇ ਹੋਰ ਨੇ ਉਨ੍ਹਾਂ ਨੂੰ ਫੋਨ ਕਰਨਾ ਹੋਵੇ, ਤਾਰ ਦੇਣੀ ਹੋਵੇ ਜਾਂ ਚਿੱਠੀ ਪਾਉਣੀ ਹੋਵੇ ਤਾਂ ਕੀ ਤੁਸੀਂ ਉਨ੍ਹਾਂ ਦਾ ਫੋਨ ਨੰਬਰ ਅਤੇ ਰਿਹਾਇਸ਼ੀ ਪਤਾ ਦੱਸ ਸਕਦੇ ਹੋ ? ਜੇ ਨਹੀਂ ਦੱਸ ਸਕਦੇ ਤਾਂ ਕਿਉਂ ?

ਇਹ ਸੁਣ ਕੇ ਬਾਬਾ ਪ੍ਰਤਾਪ ਸਿੰਘ ਜੀ ਤਾਂ ਮੇਰੇ ਮੂੰਹ ਵਲ ਵੇਖਣ। ਉਨ੍ਹਾਂ ਤੋਂ ਉੱਤਰ ਤਾਂ ਕੋਈ ਨਾ ਸਰਿਆ, ਸਿਰਫ ਇਹ ਸ਼ਬਦ ਕਹੇ : 'ਭਾਈ, ਚੀਨੀ ਵਾਲੇ ਦੀਆਂ ਚੀਨੀ ਵਾਲਾ ਜਾਣੇ ! ਮੈਨੂੰ ਕੀ ਪਤਾ ? ' ਮੈਂ ਵੀ ਅੱਗੇ ਗੱਲ ਤੋਰਨੀ ਠੀਕ ਨਾ ਸਮਝੀ ਕਿਉਂਕਿ ਮੇਰਾ ਮਤਲਬ ਤਾਂ ਹੱਲ ਹੋ ਗਿਆ ਸੀ।

ਆਸਾ ਦੀ ਵਾਰ ਵਿਚਲੀ ਤੁਕ ਦੇ ਗਲਤ ਪਾਠ ਬਾਰੇ ਮੈਂ ਗੱਲ ਬਾਹਿਰ ਕੱਢੀ ਅਤੇ ਨਾਮਧਾਰੀ ਸਪਤਾਹਿਕ ਪੱਤਰ ' ਸਤਜੁਗਿ ' ਵਿਚ ਵੀ ਚਰਚਾ ਛਿੜੀ। ਗੱਲ ਇਹ ਸੀ : ' ਜਾਂ ਤਾਂ ਅਸੀਂ ਦਸਮੇਸ਼ ਜੀ ਤੋ ਅੱਗੇ ਦੇਹਧਾਰੀ ਗੁਰੂ ਮੰਨਦੇ ਹੀ ਨਾ। ਜੇ ਹੁਣ ਬਾਰ੍ਹਵੇਂ ਗੁਰੂ ਤਾਈਂ ਮੰਨ ਰਹੇ ਹਾਂ ਤਾਂ ਅੱਗੇ ਲਈ ਵੀ ਸਦਾ ਮੰਨਦੇ ਰਹਿਣਾ ਚਾਹੀਦਾ ਹੈ।'

ਉਸ ਦਲੀਲ ਦਾ ਹੀ ਸਿੱਟਾ ਹੈ ਕਿ ਅੱਜ ਨਾਮਧਾਰੀ ਅਰਦਾਸ ਵਿਚ ਬਾਬਾ ਰਾਮ ਸਿੰਘ ਤੋਂ ਅੱਗੇ ਆ ਰਹੇ ਨਾਮਧਾਰੀ ਗੁਰੂਆਂ ਦੇ ਨਾਉਂ ਵੀ ਹਨ, ਭਾਵੇਂ ਉਨ੍ਹਾਂ ਅੱਗੇ ਨੰਬਰ ਉਚਾਰੇ ਜਾਂਦੇ ਕਿਉਂਕਿ ਬਾਬਾ ਰਾਮ ਸਿੰਘ ਨੂੰ ਹਾਲਾਂ ਜੀਊਂਦਾ ਮੰਨਿਆ ਜਾ

ਰਿਹਾ ਹੈ।

ਕੁਝ ਸਰਕਰਦਾ ਨਾਮਧਾਰੀ ਇਸ ਸਾਰੀ ਕਾਰਵਾਈ ਨਾਲ ਸਹਿਮਤੀ ਨਾ ਰਖਦੇ ਹੋਏ ਨਰਾਜ਼ ਹਨ।

ਸੋ ਇਨ੍ਹਾਂ ਨਵੇਂ ਨਿਰੰਕਾਰੀਆਂ, ਰਾਧਾ ਸੁਆਮੀਆਂ ਅਤੇ ਨਾਮਧਾਰੀਆਂ ਨੂੰ ਐਨੀ ਆਮਦਨੀ ਹੈ, ਪ੍ਰਭੁਤਾ ਹੈ ਕਿ ਗੁਰੂਡੰਮ ਦਾ ਪ੍ਰਪੰਚ ਛਡਣ ਨੂੰ ਦਿਲ ਨਹੀਂ ਕਰਦਾ, ਜੇ ਕਰੇ ਵੀ ਤਾਂ ਲਾਕੜੀ ਛਡਣ ਨਹੀਂ ਦਿੰਦੇ।

ਇਕ ਵਾਰੀ ਖਾਲਸਾ ਕੋਲਿਜ, ਅੰਮ੍ਰਿਤਸਰ ਵਿਚ ਪ੍ਰੋ. ਤੇਜਾ ਸਿੰਘ ਜੀ ਦੇ ਘਰ ਬਾਬਾ ਪਤਾਪ ਸਿੰਘ ਜੀ ਨੇ ਕਿਹਾ, 'ਮੈਂ ਤਾਂ ਗੁਰੂ ਨਹੀਂ।' ਭਾਈ ਨਿਧਾਨ ਸਿੰਘ ਆਲਮ ਬੋਲ ਉਠਿਆ : 'ਪ੍ਰਤਾਪ ਸਿੰਘ ਤੂੰ ਨਾ ਕਹਿ ਕਿ ਤੂੰ ਕੌਣ ਹੈ ਜਾਂ ਨਹੀਂ, ਤੂੰ ਸਾਨੂੰ ਪੁੱਛ ਕਿ ਤੂੰ ਕੌਣ ਹੈ? ਤੂੰ ਸਾਡਾ ਗੁਰੂ ਹੈਂ।'

ਪ੍ਰੋ. ਗੰਡਾ ਸਿੰਘ, ਗਿਆਨੀ ਪਰਤਾਪ ਸਿੰਘ ਅਤੇ ਸ. ਇੰਦਰ ਸਿੰਘ ਆਦਿਕ ਪੰਥ ਦਰਦੀ ਕੋਸ਼ਿਸ਼ ਕਰਦੇ ਹਨ, ਕਿ ਗੁਰਸਿਖ ਜਨਤਾ ਨਾਮਧਾਰੀ ਪ੍ਰਭਾਵ ਤੋਂ ਬਚ ਕੇ ਰਹੇ।

ਸੋ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਸ਼ਬਦ ਗੁਰੂ ਗ੍ਰੰਥ ਸਾਹਿਬ ਤੇ ਪੂਰਾ ਭਰੋਸਾ ਰਖੀਏ, ਗੁਰੂ ਖਾਲਸਾ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਸਿਖ ਕੇ, ਵਿਅਕਰਣ ਅਨੁਸਾਰ ਠੀਕ ਅਰਥ ਸਮਝ ਕੇ, ਗੁਰੂ ਜੀ ਦੀ ਸਿਖਿਆ ਉੱਤੇ ਚਲ ਕੇ ਵਿਕਾਰਾਂ ਤੋਂ ਮੁਕਤੀ ਹਾਸਿਲ ਕਰਕੇ ਵਾਹਿਗੁਰੂ ਦੇ ਲੜ ਲਗੀਏ।

ਜਦੋਂ ਗੁਰਸਿਖ ਅਰਦਾਸ ਕਰਦਾ ਹੈ: 'ਹੇ ਅਕਾਲ ਪੁਰਖ! ਖਾਲਸਾ ਤੇਰਾ ਹੈ। ਤੇਰੀ ਸਦਾ ਫਤਹ ਹੈ। ਫਿਰ ਖਾਲਸੇ ਦੀ ਫਤਹ ਕਿਉਂ ਨਹੀਂ ਹੁੰਦੀ?' ਤਾਂ ਅਕਾਲ ਪੁਰਖ ਉੱਤਰ ਦਿੰਦਾ ਹੈ: 'ਹੇ ਖਾਲਸਾ! ਤੂੰ ਮੇਰੇ ਪੁੱਤ ਗੋਬਿੰਦ ਸਿੰਘ ਦਾ ਰੂਪ ਹੈਂ, ਸੋ ਮੇਰੇ ਰੂਪ, ਮੇਰੇ ਪੁੱਤ ਦੇ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ਼ਰਧਾ ਲਿਆ, ਉਸ ਨੂੰ ਸਮਝ, ਉਸ ਦੇ ਹੁਕਮ ਅਨੁਸਾਰ ਚੱਲ, ਭੇਖੀ ਗੁਰੂਆਂ ਤੋਂ ਬਚ, 'ਬਿਪਰਨ ਕੀ ਰੀਤ' ਤੋਂ ਉੱਚਾ ਉਠ, ਆਪਣੇ ਟੀਚਿਆਂ ਨੂੰ ਗੁਰਮਤਿ ਅਨੁਸਾਰ ਬਣਾ, ਮਨ ਨੀਵਾਂ ਕਰ, ਮੱਤ ਉੱਚੀ ਰਖ, ਮੱਤ ਦਾ ਰਾਖਾ ਮੈਨੂੰ ਸਮਝ, ਫੇਰ ਦੇਖੀਂ ਮੇਰਾ ਪੁੱਤ ਫਤਹ ਨੂੰ ਕਿਵੇਂ ਤੇਰੇ ਚਰਨਾਂ ਤੇ ਸੀਸ ਨਿਵਾਉਣ ਲਈ ਮਜਬੂਰ ਕਰਦਾ ਹੈ। ਜੇ ਤੂੰ ਮੇਰੀ ਮੱਤ, ਮੇਰੇ, ਪੁੱਤ ਦੀ ਮੱਤ ਨਹੀਂ ਲੈਂਦਾ ਤਾਂ ਮੈਂ ਤੇਰੀ ਕਿਵੇਂ ਪਰਤੀਤ ਕਰਾਂ, ਮੇਰਾ ਪੁੱਤ ਤੇਰੀ ਕਿਵੇਂ ਪਰਤੀਤ ਕਰੇ!

ਸੋ ਚੋਰਾਂ ਦਾ ਕੰਮ ਹੈ ਚੋਰੀ ਕਰਨਾ, ਠਗਾਂ ਦਾ ਕੰਮ ਹੈ ਠਗੀ ਕਰਨਾ, ਪਰ ਜੇ ਘਰ ਵਾਲੇ ਸੁਚੇਤ ਹੋਣ, ਪਹਿਰੇਦਾਰ ਸੁਚੇਤ ਹੋਣ ਤਾਂ ਘਰ ਦਾ ਬਚਾਉ ਹੋ ਸਕਦਾ ਹੈ। ਵੀਰਾਨ ਘਰਾਂ ਵਿਚ ਹੀ ਕਿਰਲੀਆਂ ਸੂੰਦੀਆਂ ਹਨ। ਵੀਰਾਨ ਬਾਗਾਂ ਵਿਚ ਹੀ ਉੱਲੂ ਬੋਲਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਮ੍ਰਿਤ ਭਰਪੂਰ ਸਾਗਰ ਹੈ, ਅਸੀਂ ਇਸ ਵਿਚੋਂ ਅੰਮ੍ਰਿਤ ਪੀਣ ਦੀ ਥਾਂ ਛੱਪੜਾਂ ਉਤੇ ਆਸਾਂ ਰੱਖਦੇ ਹਾਂ। ਨਾ ਅਸੀਂ ਨਾਮ-ਅੰਮ੍ਰਿਤ ਪੀਂਦੇ ਹਾਂ, ਨਾ ਪਿਲਾਂਦੇ ਹਾਂ। ਇਹੀ ਹੈ ਸਾਡੀ ਬਦ-ਕਿਸਮਤੀ, ਇਹੀ ਹਨ ਸਾਡੇ ਦੁਰਭਾਗ!

# ਮਾਲਾ - ਸਿੱਖ ਧਰਮ ਵਿੱਚ
# ਇਸ ਰਾਹੀਂ ਗਿਣਤੀ ਕਰਕੇ ਸਿਮਰਨ ਦਾ ਵਿਧਾਨ ਨਹੀਂ

ਮਾਲਾ, ਜਪਮਾਲ, ਜਪਮਾਲਾ, ਜਪਮਾਲੀ, ਜਪਨੀ, ਸਿਮਰਨੀ ਅਤੇ ਸਿਮਰਨਾ—ਸਭ ਦਾ ਅਰਥ ਹੈ 'ਜਪ ਕਰਨ ਦੀ ਮਾਲਾ।'

ਹਿੰਦੂ ਗਰੰਥਾਂ ਵਿਚ ਮਾਲਾ ਤਿੰਨ ਤਰ੍ਹਾਂ ਦੀ ਲਿਖੀ ਹੈ :

1. ਕਰ-ਮਾਲਾ—ਉਂਗਲੀਆਂ ਉੱਪਰ ਗਿਣਤੀ ਕਰ ਕੇ ਨਾਮ ਜਪਣਾ।
2. ਵਰਣ-ਮਾਲਾ—ਅੱਖਰਾਂ ਨੂੰ ਮਾਲਾ ਕਲਪ ਕੇ ਨਾਮ ਜਪਣਾ।
3. ਅਕਸ਼-ਮਾਲਾ—ਮਣਕਿਆਂ ਦੀ ਮਾਲਾ ਜੋ ਰੁਦ੍ਰਾਖ, ਕਮਲ ਦੇ ਬੀਜ, ਹਾਥੀ ਦੰਦ, ਸ਼ੰਖ ਦੇ ਟੁਕੜੇ, ਚੰਦਨ, ਤੁਲਸੀ, ਮੋਤੀ, ਬਿਲੌਰ, ਮੂੰਗਾ ਅਤੇ ਸੋਨੇ ਦੇ ਮਣਕਿਆਂ ਦੀ ਹੁੰਦੀ ਹੈ।

ਯੋਗਿਨੀ-ਤੰਤਰ ਵਿਚ ਮਹਾਂਦੇਵ ਦਾ ਵਚਨ ਹੈ ਕਿ 25 ਮਣਕਿਆਂ ਦੀ ਮਾਲਾ ਮੁਕਤੀਦਾਇਕ, 27 ਦੀ ਪੁਸ਼ਟੀਕਾਰਕ, 30 ਦੀ ਧਨ-ਦਾਇਕ, 50 ਦੀ ਮੰਤਰ-ਸਿਧੀਕਾਰਕ ਅਤੇ 108 ਮਣਕੇ ਦੀ ਸਰਬ-ਸਿੱਧੀ-ਦਾਇਕ ਹੈ।

ਤੰਤਰ-ਸ਼ਾਸਤਰ ਵਿਚ ਲਿਖਿਆ ਹੈ ਕਿ ਸੰਸਕ੍ਰਿਤ ਬਾਵਨ-ਅੱਖਰੀ ਦੇ 50 ਅੱਖਰਾਂ ਦਾ ਸਿੱਧਾ ਅਤੇ ਫਿਰ ਪੁੱਠਾ ਪਾਠ ਕਰਨ ਨਾਲ 100 ਗਿਣਤੀ ਹੁੰਦੀ ਹੈ, ਫਿਰ ਅੱਠ ਵਰਗਾਂ ਦਾ ਪਹਿਲਾ ਪਹਿਲਾ ਅੱਖਰ ਲੈਣ ਤੋਂ 8 ਦੀ ਗਿਣਤੀ ਹੁੰਦੀ ਹੈ, ਅਤੇ ਇਸ ਤਰ੍ਹਾਂ ਸਰਬ-ਸਿਧੀ-ਦਾਇਕ 108 ਮਣਕੇ ਦੀ ਮਾਲਾ ਹੈ।

ਇਹ ਵੀ ਲਿਖਿਆ ਹੈ ਕਿ ਇਕ ਇਕ ਰਾਸ਼ੀ ਦੇ ਨੌ ਅੱਖਰ ਹਨ, ਬਾਰਾਂ ਨਾਏਂ 108 ਗਿਣਤੀ ਹੁੰਦੀ ਹੈ। ਹੋਰ ਪ੍ਰਕਾਰ ਦਸਿਆ ਹੈ ਕਿ ਇਕ ਇਕ ਨਛੱਤਰ ਦੇ ਚਾਰ ਚਾਰ ਅੱਖਰ ਹਨ, ਸਤਾਈ ਚੌਕੇ 108 ਬਣਦੇ ਹਨ।

ਜੈਨੀਆਂ ਦੀ ਮਾਲਾ 111 ਮਣਕੇ ਦੀ ਹੁੰਦੀ ਹੈ।

ਈਸਾਈਆਂ ਦੀ ਮਾਲਾ, ਰੋਜ਼ਰੀ 150 ਮਣਕਿਆ ਦੀ ਹੁੰਦੀ ਹੈ। ਹਰੇਕ ਦਸ ਛੋਟੇ ਮਣਕਿਆਂ ਪਿਛੋਂ ਇਕ ਇਕ ਵੱਡਾ ਮਣਕਾ ਹੁੰਦਾ ਹੈ।

ਈਸਾਈ 55 ਮਣਕੇ ਦੀ ਮਾਲਾ, ਚੈਪਲੇਟ ਵੀ ਰੱਖਦੇ ਹਨ। ਇਸ ਵਿਚ 50 ਛੋਟੇ ਅਤੇ ਪੰਜ ਵੱਡੇ ਮਣਕੇ ਹੁੰਦੇ ਹਨ।

ਮੁਸਲਮਾਨਾਂ ਦੀ ਮਾਲਾ,'ਤਸਬੀ' ਦਾ ਮੂਲ 'ਸਬਹ', 'ਸੁਬਹਾਨ' ਹੈ। ਹਿੰਦੂ ਮਾਲਾ ਦੇ ਸਭ ਤੋਂ ਵੱਡੇ ਮਣਕੇ ਨੂੰ 'ਮੇਰੂ' ਕਹਿੰਦੇ ਹਨ, ਮੁਸਲਮਾਨ ਉਸ ਨੂੰ 'ਇਮਾਮ' ਕਹਿੰਦੇ ਹਨ। ਰੱਬ ਦੇ 99 ਗੁਣ ਵਾਚਕ ਨਾਉਂ ਅਤੇ ਇਕ ਖਾਸ ਨਾਉਂ 'ਅੱਲਾ' ਰਖਣ ਲਈ 100

ਮਣਕੇ ਦੀ ਤਸਬੀ ਹੁੰਦੀ ਹੈ ਪਰ ਕਈ ਮੁਸਲਮਾਨ 'ਇਮਾਮ' ਸਮੇਤ 101 ਮਣਕੇ ਦੀ ਤਸਬੀ ਵੀ ਰੱਖਦੇ ਹਨ।

ਹਜ਼ਰਤ ਮੁਹੰਮਦ ਸਾਹਿਬ ਨੇ ਤਸਬੀ ਕਦੇ ਨਹੀਂ ਸੀ ਵਰਤੀ। ਮੁਸਲਮਾਨਾਂ ਵਿਚ ਇਸ ਦਾ ਪ੍ਰਚਾਰ ਈਸਾਈਆਂ ਅਤੇ ਫਿਰ ਹਿੰਦੂਆਂ ਦੀ ਰੀਸ ਕਰਨ ਨਾਲ ਹੋਇਆ ਹੈ। 'ਵਹਾਬੀ' ਮੁਸਲਮਾਨ ਅਜ ਵੀ ਤਸਬੀ ਨਹੀਂ ਰਖਦੇ, ਉਹ ਰੱਬ ਦੇ ਨਾਉਂ ਉਂਗਲੀਆਂ ਉਪਰ ਗਿਣ ਲੈਂਦੇ ਹਨ।

ਸੂਫ਼ੀ ਵੀ ਮਾਲਾ, ਤਸਬੀ ਨਹੀਂ ਵਰਤਦੇ। ਸਾਈਂ ਬੁੱਲ੍ਹੇ ਸ਼ਾਹ ਫ਼ਰਮਾਂਦੇ ਹਨ:

*ਫੂਕ ਮੁਸੱਲਾ, ਭੰਨ ਸੁੱਟ ਲੋਟਾ।।*
*ਨਾ ਫੜ ਮਾਲਾ, ਆਸਾ ਮੋਟਾ।।*
*ਆਸ਼ਿਕ ਕਹਿੰਦਾ ਦੇ ਕੇ ਹੋਕਾ।।*
*ਤਰਕ ਹਲਾਲੋਂ ਖਾਹ ਮੁਰਦਾਰ।।*
*ਇਸ਼ਕ ਦੀ ਨਵੀਓਂ ਨਵੀਂ ਬਹਾਰ!*

ਸਾਡੇ ਗੁਰੂ ਸਾਹਿਬਾਨ ਨੇ ਵੀ ਮਾਲਾ ਦੀ ਵਰਤੋਂ ਨਹੀਂ ਕੀਤੀ ਬਲਕਿ ਨਿਖੇਧੀ ਕਰ ਕੇ ਉਸ ਦੀ ਵਰਤੋਂ ਤੋਂ ਸਾਨੂੰ ਵਰਜਿਆ ਹੈ ਪਰ ਸਾਡੇ ਕਈ ਗੁਰਮੁਖਿ, ਸੰਤ, ਮਹਾਂਪੁਰਸ਼ ਆਪ ਵੀ ਮਾਲਾ ਵਰਤਦੇ ਹਨ ਅਤੇ ਆਪਦੇ ਸਤਸੰਗੀਆਂ ਨੂੰ ਵੀ ਵਰਤਣ ਲਈ ਪ੍ਰੇਰਦੇ ਹਨ। ਕਈ ਤਾਂ ਚਿੱਟੀ ਉੱਨ ਦੀਆਂ ਮਾਲਾ ਆਪਣੇ ਸ਼ਰਧਾਲੂਆਂ ਨੂੰ ਵੰਡਦੇ ਵੀ ਹਨ। ਇਹ ਮਾਲਾ-ਪ੍ਰੇਮ ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਦੀ ਰੀਸ ਹੈ। ਸਾਡੇ ਗੁਰਮੁਖਿ ਤਾਂ ਬਲਕਿ ਉਹਨਾਂ ਤੋਂ ਵੀ ਅੱਗੇ ਲੰਘ ਕੇ ਤਿੰਨ ਤਿੰਨ ਮਾਲਾਂ ਧਾਰਦੇ ਹਨ—ਇਕ ਦਸਤਾਰ ਉਤੇ, ਦੂਜੀ ਗਾਤਰੇ ਵਾਂਗ ਗਲ ਵਿਚ ਅਤੇ ਤੀਜੀ ਹੱਥ ਵਿਚ। ਕਈ ਸੰਤ ਫੋਟੋਆਂ ਵਿਚ ਹੱਥ ਵਿਚ ਮਾਲਾ ਫੜੀ ਦਿਸਦੇ ਹਨ, ਕਈ ਮਾਲਾ ਵਾਲਾ ਹੱਥ ਉਚਾ ਕਰ ਕੇ ਮਾਲਾ ਦੀ ਨੁਮਾਇਸ਼ ਕਰਦੇ ਦਿਸਦੇ ਹਨ। ਨੌਵੇਂ ਗੁਰੂ ਜੀ ਦੀ ਤਸਵੀਰ, ਜੋ 'ਢਾਕੇ ਵਾਲੀ' ਕਰ ਕੇ ਮਸ਼ਹੂਰ ਹੈ ਅਤੇ ਜੋ ਮੁਸੱਵਰ ਨੇ ਗੁਰੂ ਜੀ ਦੇ ਸਾਹਮਣੇ ਬੈਠ ਕੇ ਬਣਾਈ ਸੀ, ਤੋਂ ਵੀ ਪਤਾ ਲਗਦਾ ਹੈ ਕਿ ਗੁਰੂ ਜੀ ਮਾਲਾਧਾਰੀ ਨਹੀਂ ਸਨ ਪਰ ਸਾਡੇ ਅਜੋਕੇ ਚਿਤਰਕਾਰ ਗੁਰੂ ਬਾਬੇ ਨੂੰ ਵੀ ਤਿੰਨ ਤਿੰਨ ਮਾਲਾਂ ਨਾਲ ਸ਼ਿੰਗਾਰ ਦਿੰਦੇ ਹਨ ਅਤੇ ਬਾਕੀ ਗੁਰੂ ਸਾਹਿਬਾਨ ਨੂੰ ਵੀ ਮਾਲਾਧਾਰੀ ਪ੍ਰਗਟ ਕਰਦੇ ਹਨ। ਓਧਰੋਂ ਸਾਡੇ ਸੰਤ, ਗਿਆਨੀ, ਢਾਡੀ ਅਤੇ ਪ੍ਰਚਾਰਕ ਬਾਹਾਂ ਉਲਾਰ ਉਲਾਰ, ਧੂਆਂ ਧਾਰ ਸਪੀਚਾਂ ਕਰ ਕੇ ਦਸਦੇ ਹਨ ਕਿ ਦਸਵੇਂ ਗੁਰੂ ਜੀ ਨੇ ਖਾਲਸੇ ਦੇ ਇਕ ਹੱਥ ਵਿਚ ਤਲਵਾਰ ਤੇ ਦੂਜੇ ਵਿਚ ਮਾਲਾ ਫੜਾ ਕੇ ਉਸ ਨੂੰ 'ਸੰਤ-ਸਿਪਾਹੀ' ਬਣਾਇਆ। ਕੋਈ ਇਹ ਨਹੀਂ ਸੋਚਦਾ ਕਿ ਤਲਵਾਰ ਵੀ ਸੱਜੇ ਹੱਥ ਨਾਲ ਵਾਹੀ ਜਾਂਦੀ ਹੈ ਅਤੇ ਮਾਲਾ ਵੀ ਸੱਜੇ ਹੱਥ ਨਾਲ ਫੇਰੀ ਜਾਂਦੀ ਹੈ। ਸੋਖੱਬੇ ਹੱਥ ਮਾਲਾ ਫੜਾਈ ਕਿਵੇਂ ਕਹਿ ਸਕਦੇ ਹਾਂ, ਅਤੇ ਇਕੋ ਹੱਥ ਵਿਚ ਮਾਲਾ ਤੇ ਤਲਵਾਰ ਫੜਾਉਣ ਦਾ ਕੀ ਭਾਵ ? ਜਦ ਕਿ ਇਕੋ ਸਮੇਂ ਦੋਹਾਂ ਦੀ ਵਰਤੋਂ ਨਹੀਂ ਹੋ ਸਕਦੀ ? ਦਸਮ ਗਰੰਥ ਦੇ 'ਕ੍ਰਿਸ਼ਨਾਵਤਾਰ' ਵਿਚ ਇਹ ਤਾਂ ਜ਼ਿਕਰ ਹੈ, 'ਧੰਨ ਜੀਓ ! ਤਿਹ ਕੋ ਜਗ ਮੈ, ਮੁਖਤੇ ਹਰਿ, ਚਿਤ ਮੈ ਜੁੱਧ ਬਿਚਾਰੈ', ਪਰ ਮਾਲਾ ਫੜਾਉਣ

ਬਾਰੇ ਤਾਂ ਗੁਰਬਾਣੀ ਅਤੇ ਇਤਿਹਾਸ ਵਿਚ ਕੋਈ ਜ਼ਿਕਰ ਨਹੀਂ ਆਇਆ ਅਤੇ ਨਾ ਆ ਸਕਦਾ ਸੀ। ਜਦੋਂ ਸਤਿਗੁਰਾਂ ਅਤੇ ਭਗਤਾਂ ਨੇ ਮਾਲਾ ਦਾ ਖੰਡਨ ਕੀਤਾ ਹੈ ਤਾਂ ਦਸਵੇਂ ਗੁਰੂ ਜੀ ਖਾਲਸੇ ਨੂੰ ਮਾਲਾ ਕਿਵੇਂ ਫੜਾ ਸਕਦੇ ਸਨ ? ਸਾਰੇ ਗੁਰੂ ਸਾਹਿਬਾਨ ਦੀ ਜੋਤਿ ਇਕੋ ਸੀ ਅਤੇ ਜੁਗਤੀ ਵੀ ਇਕੋ ਸੀ, ਜਿਸ ਨੂੰ ਅੱਖਾਂ ਵਾਲੇ ਦੇਖ ਸਕਦੇ ਹਨ।

ਆਈਏ, ਜ਼ਰਾ ਹੋਰ ਵਿਚਾਰੀਏ।

ਸੋਰਠਿ ਰਾਗ ਵਿਚ ਕਬੀਰ ਜੀ ਦਾ ਸ਼ਬਦ ਹੈ :

*'ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ॥'*

ਇਸ ਤਰ੍ਹਾਂ ਬਿਲਾਵਲ ਰਾਗ ਵਿਚ ਕਬੀਰ ਜੀ ਦੇ ਸ਼ਬਦ ਵਿਚ ਜ਼ਿਕਰ ਹੈ:

*ਹਮਾਰੇ ਕੁਲ ਕਉਨੈ ਰਾਮੁ ਕਹਿਓ*
*ਜਬ ਕੀ ਮਾਲਾ ਲਈ ਨਿਪੂਤੇ,*
*ਤਬ ਤੇ ਸੁਖੁ ਨ ਭਇਓ॥੧॥ ਰਹਾਉ॥*

ਸਾਧਾਰਨ ਤੌਰ ਤੇ ਪੜ੍ਹਿਆ ਇਉਂ ਜਾਪਦਾ ਹੈ ਕਿ ਸੋਰਠਿ ਰਾਗ ਵਾਲੇ ਸ਼ਬਦ ਵਿਚ ਕਬੀਰ ਜੀ ਰੱਬ ਨੂੰ ਆਖਦੇ ਹਨ ਕਿ ਆਪਣੀ ਮਾਲਾ ਲੈ ਲਓ ਅਤੇ ਬਿਲਾਵਲ ਰਾਗ ਵਾਲੇ ਸ਼ਬਦ ਵਿਚ ਉਹਨਾ ਦੀ ਮਾਂ ਗਿਲ੍ਹਾ ਕਰਦੀ ਹੈ ਕਿ ਜਦ ਦੀ ਮੇਰੇ ਪੁੱਤ, ਔਂਤਰੇ ਕਬੀਰ ਨੇ ਮਾਲਾ ਲਈ ਹੈ, ਤਦ ਤੋਂ ਸੁਖ ਨਹੀਂ।

ਸੁਆਦਲੀ ਗੱਲ ਹੈ ਕਿ ਦੋਹੀਂ ਥਾਈਂ ਗਿਲ੍ਹਾ ਕਰਨ ਦੇ ਸਬੰਧ ਵਿਚ ਹੀ 'ਮਾਲਾ' ਦਾ ਜ਼ਿਕਰ ਹੈ। ਕਦੇ ਰੱਬੀ-ਪਿਆਰ ਵਰਨਣ ਕਰਦਿਆਂ ਭਗਤ ਜੀ ਨੇ ਮਾਲਾ ਦੀ ਗੱਲ ਨਹੀਂ ਕੀਤੀ। ਇਹਨੀਂ ਦੋਹੀਂ ਥਾਈਂ ਲਫ਼ਜ਼ 'ਮਾਲਾ' ਦੀ ਰਾਹੀਂ ਕਿਸੇ ਐਸੇ ਕੰਮ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਜਿਹੜਾ ਕੰਮ ਕਿ ਇਸ ਲਫ਼ਜ਼ 'ਮਾਲਾ' ਦੇ ਵਰਤਣ ਨੂੰ ਪਸੰਦ ਨਹੀਂ। ਕਈ ਲਫ਼ਜ਼ ਪਿਆਰ ਦਾ ਚਿੰਨ੍ਹ ਬਣ ਜਾਂਦੇ ਹਨ ਅਤੇ ਕਈ ਨਫਰਤ ਦਾ। 'ਕਲਗੀ ਵਾਲਾ' ਸਾਡੇ ਵਿਚ ਪਿਆਰ ਦੀ ਖਿੱਚ ਪੈਦਾ ਕਰਦਾ ਹੈ ਪਰ 'ਸਜੱਣ ਠੱਗ' ਸਾਡੇ ਵਿਚ ਘਿਰਣਾ ਪੈਦਾ ਕਰਦਾ ਹੈ। ਮੁਕਦੀ ਗੱਲ, ਜਦੋਂ ਕਿਸੇ ਦਾ ਵੇਖਣ-ਨੂੰ-ਦਿਸਦਾ ਧਾਰਮਿਕ ਕੰਮ ਪਸੰਦ ਨਾ ਆਵੇ ਤਾਂ ਲਫ਼ਜ਼ 'ਮਾਲਾ' ਆਦਿਕ ਮੁਹਾਵਰੇ ਦੇ ਤੌਰ ਤੇ ਵਰਤਿਆ ਜਾਂਦਾ ਹੈ।

ਸੋ 'ਯਹ ਮਾਲਾ ਅਪਨੀ ਲੀਜੈ' ਦਾ ਅਰਥ ਹੈ: ਮੈਨੂੰ ਇਹ ਉਪਰੋਂ-ਦਿਸਦਾ ਧਾਰਮਿਕ ਕੰਮ ਪਸੰਦ ਨਹੀਂ ਹੈ। 'ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ' ਦਾ ਅਰਥ ਹੈ : ਜੇ ਬੰਦੇ ਦਾ ਰੋਟੀ ਦਾ ਸਵਾਲ ਹੀ ਹੱਲ ਨਹੀਂ ਹੋਇਆ ਤਾਂ ਉਹ ਰੱਬ ਦੀ ਭਗਤੀ ਨਹੀਂ ਕਰ ਸਕਦਾ। ਇਹ ਭਗਤੀ ਦਿਖਾਵੇ ਦੀ ਹੀ ਰਹਿ ਜਾਦੀ ਹੈ, ਜੋ ਮੈਨੂੰ ਪਸੰਦ ਨਹੀਂ।

ਪਿੰਡ ਭੜਾਣਾ, ਜ਼ਿਲਾ ਲਾਹੌਰ ਦਾ ਸਿੱਧੂ ਜੱਟ, ਜੱਲ੍ਹਣ ਭਗਤ ਮਾਲਾ ਨਹੀਂ ਸੀ ਫੇਰਦਾ ਕਿਉਂਕਿ ਗੁਰਸਿਖ ਸੀ। ਸੀ ਉਹ ਕਵੀ। ਉਹ ਮਾਲਾ, ਜਪਮਾਲੀ ਅਤੇ ਜਪਮਾਲ ਦੀ ਨਿਖੇਧੀ ਆਪਣੇ ਵਿਅੰਗਮਈ ਤਰੀਕੇ ਨਾਲ ਇਉਂ ਕਰਦਾ ਹੈ :

*ਛੋਟੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ ਵਾਹਿਆ।।*
*ਬੁੱਢੇ ਹੋਏ ਮਾਲਾ ਫੇਰੀ, ਰੱਬ ਦਾ ਉਲਾਂਭਾ ਲਾਹਿਆ।।*
*ਵੱਡਾ ਕਿੱਕਰ ਵੱਢ ਕੇ ਜਪਮਾਲ ਬਣਾਇਆ।।*
*ਉੱਚੇ ਟਿੱਬੇ ਬੈ, ਕੇ ਠਾਹ ਠਾਹ ਵਜਾਇਆ।।*
*ਲੋਕਾਂ ਦੀਆਂ ਜਪਮਾਲੀਆਂ, ਜੱਲ੍ਹਣ ਦਾ ਜਪਮਾਲ।।*
*ਸਾਰੀ ਉਮਰ ਜਪੇਂਦਿਆਂ, ਇਕ ਨਾ ਖੁੱਥਾ ਵਾਲ।।*

ਇਸੇ ਤਰ੍ਹਾਂ ਜਿਹੜੀ ਗੱਲ ਚੰਗੀ ਨਾ ਲਗੇ, ਉਸ ਦਾ ਗਿਲਾ ਕਰਨ ਲਗਿਆਂ, ਆਮ ਤੌਰ ਤੇ, ਗੱਲ ਬੜੀ ਵਧਾ ਕੇ ਆਖੀਦੀ ਹੈ, ਸੋ ਕਬੀਰ ਜੀ ਦੀ ਮਾਂ ਕਬੀਰ ਦੀ ਬੰਦਗੀ ਨੂੰ ਨਫ਼ਰਤ ਨਾਲ ਦੇਖਦੀ ਹੋਈ ਲਫ਼ਜ਼ 'ਮਾਲਾ' ਵਰਤਦੀ ਹੈ, ਸੋ 'ਜਬ ਕੀ ਮਾਲਾ ਲਈ ਨਿਪੂਤੇ, ਤਬ ਤੇ ਸੁਖੁ ਨ ਭਇਓ' ਦਾ ਅਰਥ ਹੈ : ਜਦੋਂ ਦੀ ਮੇਰੇ ਇਸ ਔਂਤਰੇ ਪੁੱਤ ਕਬੀਰ ਨੇ ਭਗਤੀ ਕਰਨੀ ਚਾਲੂ ਕੀਤੀ ਹੈ, ਤਦੋਂ ਤੋਂ ਸਾਨੂੰ ਬਾਕੀ ਘਰ ਵਾਲਿਆਂ ਨੂੰ ਕੋਈ ਸੁਖ ਨਹੀਂ ਹੋਇਆ।

ਉਂਜ ਤਾਂ ਕਬੀਰ ਜੀ ਮਾਲਾ ਨੂੰ ਦਿਖਾਵਾ ਸਮਝਦੇ ਹਨ।.ਦੇਖੀਏ, ਕੁਝ ਮਿਸਾਲਾਂ :

(1) *ਕਬੀਰ ! ਜਪਨੀ ਕਾਠ ਕੀ, ਕਿਆ ਦਿਖਲਾਵਹਿ ਲੋਇ ?*
*ਹਿਰਦੇ ਰਾਮੁ ਨ ਚੇਤਹੀ, ਇਹ ਜਪਨੀ ਕਿਆ ਹੋਇ ?*

(2) *ਕਬੀਰ ! ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ !*
*ਬਾਹਰਿ ਕੰਚਨ ਬਾਹਰਾ ਭੀਤਰਿ ਭਰੀ ਭੰਗਾਰ ।। ੧੪੫।।*

(3) *ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ।।*
*ਗਲੀ ਜਿਹਨਾ ਜਪਮਾਲੀਆ, ਲੋਟੇ ਹਥਿ ਨਿਬਗ।।*
*ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ।।*

*—ਆਸਾ ਕਬੀਰ*

*(4) ਮਾਥੇ ਤਿਲਕੁ, ਹਥਿ ਮਾਲਾ, ਬਾਨਾਂ।।*
*ਲੋਗਨ ਰਾਮੁ ਖਿਲਉਨਾ ਜਾਨਾਂ।।* *—ਭੈਰਉ ਕਬੀਰ*

ਆਸਾ ਦੀ ਵਾਰ ਦੀ 14 ਵੀਂ ਪਉੜੀ ਦੇ ਦੂਜੇ ਸਲੋਕ ਵਿਚ ਵਿਅਰਥ ਕੰਮਾਂ ਦਾ ਜ਼ਿਕਰ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਂਦੇ ਹਨ :

*ਗਲਿ ਮਾਲਾ, ਤਿਲਕੁ ਲਿਲਾਟੰ।। ਦੁਇ ਧੋਤੀ, ਬਸਤ੍ਰ ਕਪਾਟੰ।।*
*ਫਿਰ ਉਹਨਾਂ ਸਾਰੇ ਕੰਮਾਂ ਬਾਰੇ ਇਹ ਫ਼ਰਮਾਂਦੇ ਹਨ :*
*ਜੇ ਜਾਣਸਿ ਬ੍ਰਹਮੰ-ਕਰਮੰ।। ਸਭਿ ਫੋਕਟ ਨਿਸਚਉ ਕਰਮੰ।।*

ਇਸ ਦਾ ਅਰਥ ਹੈ : ਪਰ ਜੇ ਪੰਡਿਤ ਰੱਬ ਦੀ ਸਿਫਤਿ-ਸਲਾਹ ਦਾ ਕੰਮ ਜਾਣਦਾ ਹੋਵੇ ਤਾਂ ਉਸ ਨੂੰ ਨਿਸ਼ਚਾ ਹੋਵੇ ਕਿ ਇਹ ਸਾਰੇ ਕੰਮ ਫੋਕੇ ਹਨ।

ਸੋ ਗੁਰੂ ਨਾਨਕ ਦੇਵ ਜੀ ਮਾਲਾ ਫੇਰਨ ਨੂੰ ਵੀ ਵਿਅਰਥ ਗਿਣਦੇ ਹਨ।

ਇਸੇ ਤਰ੍ਹਾਂ ਆਸਾ ਦੀ ਵਾਰ ਦੀ 16ਵੀਂ ਪਉੜੀ ਦੇ ਪਹਿਲੇ ਸ਼ਲੋਕ ਵਿਚ ਪਾਖੰਡ

ਦਾ ਜ਼ਿਕਰ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਂਦੇ ਹਨ:

*ਧੋਤੀ, ਟਿਕਾ ਤੇ ਜਪਮਾਲੀ, ਧਾਨੁ ਮਲੇਛਾਂ ਖਾਈ॥*
*ਅੰਤਰਿ ਪੂਜਾ, ਪੜਹਿ ਕਤੇਬਾ, ਸੰਜਮੁ ਤੁਰਕਾ, ਭਾਈ !*

ਫਿਰ ਅੰਤ ਵਿਚ ਫਰਮਾਂਦੇ ਹਨ :

*ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ ॥੧॥*

ਇਸ ਦਾ ਅਰਥ ਹੈ : ਹੇ ਭਰਾਵਾ ! ਪਾਖੰਡ ਛੱਡ ਦੇ, ਰੱਬ ਦਾ ਨਾਉਂ ਲਿਆਂ ਹੀ ਤਰੇਂਗਾ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਮਾਲਾ ਫੇਰਨ ਨੂੰ ਵੀ ਪਾਖੰਡ ਸਮਝਦੇ ਹਨ।

ਰਾਮਕਲੀ ਦੀ ਵਾਰ, ਮਹਲਾ ੩ ਦੀ 11ਵੀਂ ਪਉੜੀ ਦੇ ਪਹਿਲੇ ਸ਼ਲੋਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਂਦੇ ਹਨ :

*ਕਾਜੀ ਹੋਇ ਕੇ ਬਹੈ ਨਿਆਇ॥ ਫੇਰੇ ਤਸਬੀ, ਕਰੇ ਖੁਦਾਇ॥*
*ਵੱਢੀ ਲੈ ਕੇ ਹਕੁ ਗਵਾਏ॥ ਜੇ ਕੋ ਪੁੱਛੈ, ਤਾ ਪੜਿ ਸੁਣਾਏ॥*

ਦਸਮ ਗਰੰਥ ਦੇ 'ਚੌਬੀਸ ਅਵਤਾਰ' ਵਿਚ ਵੀ ਜ਼ਿਕਰ ਹੈ :

*ਇਕ ਤਸਬੀ ਇਕ ਮਾਲਾ ਧਰਹੀਂ॥ ਏਕ ਕੁਰਾਨ ਪੁਰਾਨ ਉਚਰਹੀਂ॥*
*ਕਰਤ ਵਿਰੋਧ ਗਏ ਮਰ ਮੂੜ੍ਹਾ॥ ਪ੍ਰਭ ਕੇ ਰੰਗ ਨ ਲਾਗਾ ਗੂੜ੍ਹਾ॥*

ਹੁਣ, ਆਈਏ, ਦੇਖੀਏ ਕਿ ਸਿਖ ਧਰਮ ਅਨੁਸਾਰ 'ਅਸਲੀ ਮਾਲਾ' ਕੀ ਹੈ :

(1) *ਕਬੀਰ ! ਮੇਰੀ ਸਿਮਰਨੀ, ਰਸਨਾ ਊਪਰਿ ਰਾਮੁ॥.... ॥੧॥*

ਸੋ ਜੀਭ ਉੱਤੇ ਹਰ ਵੇਲੇ ਰਾਮ ਦਾ ਨਾਮ ਟਿਕਿਆ ਰਹਿਣਾ—ਇਹ ਸੀ ਕਬੀਰ ਜੀ ਦੀ ਮਾਲਾ।

(2) *ਸਚੁ ਵਰਤੁ, ਸੰਤੋਖੁ ਤੀਰਥੁ, ਗਿਆਨ ਧਿਆਨ ਇਸਨਾਨੁ॥*
*ਦਇਆ ਦੇਵਤਾ, ਖਿਮਾਂ ਜਪਮਾਲੀ, ਤੇ ਮਾਣਸ ਪਰਧਾਨ॥*

—*ਸਾਰੰਗ ਕੀ ਵਾਰ, ਮਹਲਾ ੧*

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਪਰਧਾਨ ਬੰਦਿਆਂ ਦੇ ਲੱਛਣਾਂ ਵਿਚ ਇਹ ਵੀ ਫਰਮਾਂਦੇ ਹਨ ਕਿ ਉਹਨਾਂ ਬੰਦਿਆਂ ਲਈ 'ਦੂਜਿਆਂ ਨੂੰ ਖਿਮਾ ਕਰਨਾ' ਹੀ ਮਾਲਾ ਫੇਰਨਾ ਹੈ।

(3) *ਸਾਲ-ਗ੍ਰਾਮ, ਬਿਪ ! ਪੂਜਿ ਮਨਾਵਹੁ, ਸੁਕ੍ਰਿਤੁ ਤੁਲਸੀ-ਮਾਲਾ॥*
*ਰਾਮ-ਨਾਮੁ ਜਪਿ ਬੇੜਾ ਬਾਧਹੁ, ਦਇਆ ਕਰਹੁ, ਦਇਆਲਾ।'*

—*ਬਸੰਤ ਹਿੰਡੋਲ, ਮਹਲਾ ੧, ਘਰੁ ੧*

ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਕਿਸੇ ਬ੍ਰਾਹਮਣ ਨੂੰ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ : ਹੇ ਬ੍ਰਾਹਮਣ ! ਚੰਗਾ ਕੰਮ ਕਰਨਾ, ਨਾਮ ਜਪਣਾ ਹੀ ਤੁਲਸੀ ਦੀ ਮਾਲ ਫੇਰਨਾ ਹੈ।

(4) *ਤਸਬੀ, ਸਾ, ਤਿਸੁ ਭਾਵਸੀ, ਨਾਨਕ ! ਰਖੈ ਲਾਜ ॥੧॥*

— ਸ਼ਲੋਕ ਮਹਲਾ ੧, ਮਾਝ ਕੀ ਵਾਰ ਮਹਲਾ ੧

ਏਥੇ ਸ੍ਰੀ ਗੁਰੂ ਨਾਨਕ ਦੇਵ ਜੀ 'ਵਾਹਿਗੁਰੂ ਨੂੰ ਭਾਉਣਾ' ਹੀ, 'ਭਾਣਾ ਮੰਨਣਾ' ਹੀ ਤਸਬੀ ਫੇਰਨਾ ਮੰਨਦੇ ਹਨ।

(5) *ਐਸਾ ਜਾਪੁ ਜਪਉ ਜਪਮਾਲੀ॥*
*ਦੁਖ ਸੁਖ ਪਰਹਰਿ ਭਗਤਿ ਨਿਰਾਲੀ ॥੧॥ਰਹਾਉ*

—ਪ੍ਰਭਾਤੀ ਮਹਲਾ ੧ (ਅਸਟਪਦੀ)

ਇਸ ਦਾ ਅਰਥ ਵੀ ਇਹ ਹੈ: ਜਪਮਾਲੀ ਦੇ ਗੇੜ ਵਾਂਗ ਮੈਂ ਲਗਾਤਾਰ ਇਸ ਤਰ੍ਹਾਂ ਵਾਹਿਗੁਰੂ ਦੇ ਗੁਣਾਂ ਦਾ ਜਾਪ ਜਪਦਾ ਹਾਂ ਕਿ ਦੁੱਖਾਂ ਦੀ ਘਬਰਾਹਟ ਅਤੇ ਸੁੱਖਾਂ ਦਾ ਲਾਲਚ ਛੱਡ ਕੇ ਵਾਹਿਗੁਰੂ ਦੀ ਕੇਵਲ-ਭਗਤੀ, ਪ੍ਰੇਮ-ਭਗਤੀ ਹੀ ਕਰਦਾ ਹਾਂ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ 'ਲਗਾਤਾਰ ਨਾਮ ਜਪਣ' ਨੂੰ ਹੀ ਮਾਲਾ ਫੇਰਨਾ ਸਮਝਦੇ ਹਨ।

(6) *ਹਿਰਦੈ ਜਪਨੀ ਜਪਉ ਗੁਣ-ਤਾਸਾ॥*
*ਹਰਿ ਅਗਮ ਅਗੋਚਰ ਅਪਰੰਪਰ ਸੁਆਮੀ,*
*ਜਨ-ਪਗ ਲਗਿ ਧਿਆਵਉ ਹੋਇ ਦਾਸਨ-ਦਾਸਾ॥*

—ਬਿਲਾਵਲ ਮਹਲਾ ੩ ਵਾਰ ਸੱਤ, ਘਰੁ ੧੦

ਏਥੇ ਸ੍ਰੀ ਗੁਰੂ ਅਮਰਦਾਸ ਜੀ 'ਹਿਰਦੇ ਵਿਚ ਨਾਮ ਜਪਣ' ਨੂੰ ਹੀ ਮਾਲਾ ਸਮਝਦੇ ਹਨ।

(7) *ਸੁਕ੍ਰਿਤ ਕਰਣੀ, ਸਾਰੁ, ਜਪਮਾਲੀ॥*
*ਹਿਰਦੈ ਫੇਰਿ, ਚਲੈ ਤੁਧ ਨਾਲੀ ॥੧॥...*

—ਭੈਰਉ ਮਹਲਾ ੪

ਸ੍ਰੀ ਗੁਰੂ ਰਾਮਦਾਸ ਜੀ ਫਰਮਾਉਂਦੇ ਹਨ : ਹੇ ਭਾਈ ! ਵਾਹਿਗੁਰੂ ਦਾ ਨਾਮ ਹਿਰਦੇ ਵਿਚ ਸੰਭਾਲ ਰੱਖ, ਇਹੀ ਹੈ ਸਭ ਤੋਂ ਸਰੇਸ਼ਟ ਕਰਨ-ਯੋਗ ਕੰਮ, ਇਹੀ ਹੈ ਮਾਲਾ। ਇਸ ਵਾਹਿਗੁਰੂ-ਨਾਮ ਸਿਮਰਨ ਦੀ ਮਾਲਾ ਨੂੰ ਹਿਰਦੇ ਵਿਚ ਫੇਰਿਆ ਕਰ। ਇਹ ਵਾਹਿਗੁਰੂ-ਨਾਮ ਤੇਰੇ ਨਾਲ ਚੱਲੇਗਾ।

(8) *ਮਨਿ ਜਪੀਐ ਹਰਿ, ਜਪਮਾਲ॥*

—ਮਾਲੀ-ਗਉੜਾ, ਮਹਲਾ ੪

(9) *ਤਸਬੀ, ਯਾਦ ਕਰਹੁ ਦਸ-ਮਰਦਨ,*
*ਸੁੰਨਤਿ, ਸੀਲ ਬੰਧਾਨਿ ਬਰਾ॥੭॥*

—ਮਾਰੂ ਮਹਲਾ ੫ (ਸੋਲਹਾ ਨੰ: ੩॥੧੨॥)

ਏਥੇ ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ: ਹੇ ਖ਼ੁਦਾ ਦੇ ਬੰਦੇ ! ਦਸਾਂ ਇੰਦ੍ਰਿਆਂ ਨੂੰ ਵੱਸ ਵਿਚ ਲਿਆਉਣ ਵਾਲੇ ਖ਼ੁਦਾ ਨੂੰ ਯਾਦ ਕਰਦੇ ਰਹੋ—ਇਹੀ ਹੈ ਤਸਬੀ।

(10) *ਹਰਿ ਹਰਿ ਅਖਰ ਦੁਇ, ਇਹ ਮਾਲਾ ॥*
*ਜਪਤ ਜਪਤ ਭਏ ਦੀਨ ਦਇਆਲਾ ॥੧॥*

*ਕਰਉ ਬੇਨਤੀ, ਸਤਿਗੁਰ ! ਅਪਨੀ ॥*
*ਕਰਿ ਕਿਰਪਾ ਰਾਖਹੁ ਸਰਣਾਈ,*
*ਮੋ ਕਉ ਦੇਹ ਹਰੇ-ਹਰਿ-ਜਪਨੀ॥੧॥ ਰਹਾਉ॥*
*ਹਰਿ-ਮਾਲਾ ਉਰ ਅੰਤਰਿ ਧਾਰੈ॥*
*ਜਨਮ ਜਨਮ ਕਾ ਦੂਖੁ ਨਿਵਾਰੈ॥੨॥*
*ਹਿਰਦੈ ਸਮ੍ਹਾਲੈ, ਮੁਖਿ ਹਰਿ ਹਰਿ ਬੋਲੈ ।*
*ਸੋ ਜਨੁ ਇਤ ਉਤ ਕਤਹਿ ਨ ਡੋਲੈ॥੩॥*
*ਕਹੁ, ਨਾਨਕ ! ਜੋ ਰਾਚੈ ਨਾਇ॥*
*ਹਰਿ-ਮਾਲਾ ਤਾ ਕੈ ਸੰਗਿ ਜਾਇ ॥੪॥੧੯॥੭੦॥*

ਅਰਥ : ਹੇ ਸਤਿਗੁਰੂ ! ਮੈਂ ਬੇਨਤੀ ਕਰਦਾ ਹਾਂ ਕਿ ਕਿਰਪਾ ਕਰ ਕੇ ਮੈਨੂੰ ਆਪਣੀ ਸ਼ਰਣ ਵਿਚ ਰੱਖ ਅਤੇ ਮੈਨੂੰ 'ਹਰਿ ਹਰਿ' ਨਾਮ ਦੀ ਮਾਲਾ ਦੇਹ॥੧॥

ਹੇ ਭਾਈ ! ਮੇਰੇ ਪਾਸ ਤਾਂ 'ਹਰਿ ਹਰਿ'—ਇਹ ਦੋ ਲਫ਼ਜ਼ਾਂ ਦੀ ਮਾਲਾ ਹੈ, ਇਸ ਹਰਿ-ਨਾਮ -ਮਾਲਾ ਨੂੰ ਜਪਦਿਆਂ ਜਪਦਿਆਂ ਦੀਨਾਂ ਉੱਤੇ ਵੀ ਵਾਹਿਗੁਰੂ ਦਇਆਲ ਹੋ ਜਾਂਦਾ ਹੈ॥੧॥ ਜਿਹੜਾ ਬੰਦਾ ਹਰਿ-ਨਾਮ ਦੀ ਮਾਲਾ ਨੂੰ ਹਿਰਦੇ ਵਿਚ ਘਾਰੀ ਰਖਦਾ ਹੈ, ਉਹ ਆਪਣੇ ਜਨਮ ਮਰਨ ਦਾ ਦੁਖ ਦੂਰ ਕਰ ਲੈਂਦਾ ਹੈ॥੨॥ ਜਿਹੜਾ ਬੰਦਾ ਹਰਿ-ਨਾਮ ਨੂੰ ਹਿਰਦੇ ਵਿਚ ਸੰਭਾਲ ਕੇ ਰੱਖਦਾ ਹੈ ਅਤੇ ਮੂੰਹੋਂ ਹਰਿ-ਹਰਿ-ਨਾਮ ਬੋਲਦਾ ਰਹਿੰਦਾ ਹੈ, ਉਹ ਇਸ ਦੁਨੀਆਂ ਵਿਚ ਅਤੇ ਪਰਲੋਕ ਵਿਚ, ਕਿਤੇ ਵੀ ਨਹੀਂ ਡੋਲਦਾ॥੩॥ ਹੇ ਨਾਨਕ ! ਆਖ—ਜਿਹੜਾ ਬੰਦਾ ਵਾਹਿਗੁਰੂ ਦੇ ਨਾਮ ਵਿਚ ਜੁੜਿਆ ਰਹਿੰਦਾ ਹੈ, ਹਰਿ-ਨਾਮ ਦੀ ਮਾਲਾ ਸਦਾ ਉਸ ਦੇ ਨਾਲ ਨਿਭਦੀ ਹੈ॥੪॥੧੯॥੭੦॥

(11) *ਕਿਨ ਹੀ ਘੂਘਰ-ਨਿਰਤਿ ਕਰਾਈ॥*
*ਕਿਨ ਹੂ ਵਰਤ-ਨੇਮ, ਮਾਲਾ ਪਾਈ॥*
*ਕਿਨ ਹੀ ਤਿਲਕੁ ਗੋਪੀ-ਚੰਦਨ ਲਾਇਆ॥*
*ਮੋਹਿ ਦੀਨ ਹਰਿ ਹਰਿ ਹਰਿ ਧਿਆਇਆ॥੫॥੧॥*

ਰਾਮਕਲੀ ਮਹਲਾ ੫ (ਅਸਟਪਦੀ)

ਗੋਪੀ-ਚੰਦਨ : ਦਵਾਰਿਕਾ ਨਗਰੀ ਵਿਚ ਜਦੋਂ ਸ੍ਰੀ ਕ੍ਰਿਸ਼ਨ ਜੀ ਦਾ ਅੰਤਿਮ-ਸੰਸਕਾਰ ਹੋਇਆ ਤਾਂ ਗੋਪੀਆਂ ਵੀ ਸਤੀ ਹੋ ਗਈਆਂ । ਉਸ ਯਾਦ ਵਿਚ ਓਥੇ 'ਗੋਪੀ-ਚੰਦਨ' ਨਾਉਂ ਦਾ ਇਕ ਸਰੋਵਰ ਹੈ, ਜਿਸ ਦੀ ਮਿੱਟੀ ਪੀਲੀ ਹੈ ਅਤੇ ਉਸ ਪੀਲੀ ਮਿੱਟੀ ਨੂੰ ਗੋਪੀ -ਚੰਦਨ ਕਹਿੰਦੇ ਹਨ ।

ਅਰਥ : ਹੇ ਭਾਈ ! ਕਿਸੇ ਨੇ ਘੁੰਘਰੂ ਬੰਨ੍ਹ ਕੇ ਦੇਵਤਿਆਂ ਅਤੇ ਨਾਚ ਚਾਲੂ ਕੀਤੇ ਹੋਏ ਹਨ, ਕਿਸੇ ਨੇ ਗਲ ਵਿਚ ਮਾਲਾ ਪਾਈ ਹੋਈ ਹੈ ਅਤੇ ਵਰਤ ਰੱਖਣ ਦੇ ਨੇਮ ਧਾਰੇ ਹੋਏ ਹਨ । ਕਿਸੇ ਨੇ ਗੋਪੀ-ਚੰਦਨ ਦਾ ਤਿਲਕ ਲਾਇਆ ਹੋਇਆ ਹੈ, ਪਰ ਮੈਂ ਦੀਨ ਤਾਂ ਵਾਹਿਗੁਰੂ ਨੂੰ ਹੀ ਧਿਆਉਂਦਾ ਹਾਂ ।

ਸੋ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਸਾਫ਼ ਲਿਖਿਆ ਹੈ : 'ਮੈਂ ਮਾਲਾ ਨਹੀਂ

ਵਰਤਦਾ।'

(12) ਭਾਈ ਗੁਰਦਾਸ ਜੀ ਵੀ ਗੁਰਸਿਖ-ਰਸੀਆਂ ਦਾ ਹਾਲ ਲਿਖਦੇ ਹੋਏ ਆਪਣੀ 39ਵੀਂ ਵਾਰ ਦੀ 11ਵੀਂ ਪਉੜੀ ਵਿਚ ਫਰਮਾਉਂਦੇ ਹਨ :

ਮਾਲਾ ਤਸਬੀ ਤੋੜਿ ਕੈ, ਜਿਉ ਸਉ, ਤਿਵੈ ਅਠੋਤਰੁ ਲਾਇਆ॥
'ਮੇਰੁ' 'ਇਮਾਮ' ਰਲਾਇ ਕੈ ਦੁਇ ਮਿਲਿ ਇਕੁ ਵਜੂਦੁ ਹੁਇ
ਚਉਪੜ ਸਾਰੀ ਜੋੜਿ ਜੁੜਾਇਆ ॥੧੧॥

—ਵਾਰਾਂ ਭਾਈ ਗੁਰਦਾਸ

ਅਰਥ : ਗੁਰਸਿੱਖਾਂ ਨੇ ਮਾਲਾ ਤੇ ਤਸਬੀ ਨੂੰ ਤੋੜ ਦਿਤਾ ਹੈ, ਜਿਵੇਂ ਉਸ ਮੁਸਲਮਾਨਾਂ ਦੀ 100 ਮਣਕੇ ਦੀ ਤਸਬੀ ਨੂੰ ਵਿਅਰਥ ਜਾਣਦੇ ਹਨ, ਤਿਵੇਂ ਉਹ ਹਿੰਦੂਆਂ ਦੀ 108 ਮਣਕੇ ਦੀ, ਅਠੋਤਰੀ ਮਾਲਾ ਨੂੰ ਫੋਕਟ ਸਮਝਦੇ ਹਨ, ਭਾਵ ਉਹ ਮਾਲਾ ਤਸਬੀ ਆਦਿਕ ਕਿਸੇ ਤਰ੍ਹਾਂ ਦੀ ਗਿਣਤੀ ਨਾਲ ਭਜਨ ਨਹੀਂ ਕਰਦੇ ਬਲਕਿ 'ਊਠਤ ਬੈਠਤ ਸੋਵਤ ਨਾਮ॥ ਕਹੁ, ਨਾਨਕ ! ਜਨ ਕੇ ਸਦ ਕਾਮ'.ਤੇ ਅਮਲ ਕਰਦੇਹਨ। ਹਿੰਦੂਆਂ ਦੀ ਮਾਲਾ ਦੇ ਸਭ ਤੋਂ ਵਡੇ ਮਣਕੇ 'ਮੇਰੁ' ਅਤੇ ਮੁਸਲਮਾਨਾਂ ਦੀ ਤਸਬੀ ਦੇ ਸਭ ਤੋਂ ਵੱਡੇ ਮਣਕੇ 'ਇਮਾਮ' ਨੂੰ ਵੀ ਉਹ ਫੋਕਾ ਸਮਝਦੇ ਹਨ। ਉਹ ਰਾਮ ਤੇ ਰਹੀਮ ਦੀਆਂ ਗਿਣਤੀਆਂ ਵਿਚ ਨਹੀਂ ਪੈਂਦੇ, ਬਲਕਿ ਰਾਮ ਤੇ ਰਹੀਮ ਨੂੰ ਇਕ ਸਮਝ ਕੇ ਸਾਰੇ ਸੰਸਾਰ ਦੀ ਬਾਜ਼ੀ ਚੌਪੜ ਦੀ ਬਾਜੀ ਦੇ ਜੋੜ ਵਿਚ ਜੋੜਦੇ ਹਨ, ਉਸ ਨੂੰ ਉਸ ਵਰਗਾ ਸਮਝਦੇ ਹਨ ਅਤੇ ਐਸੀ ਜੀਵਨ-ਚਾਲ ਚਲਦੇ ਹਨ ਕਿ ਬਾਜ਼ੀ ਜਿੱਤ ਲੈਂਦੇ ਹਨ। ਸ੍ਰੀ ਗੁਰੂ ਗਰੰਥ ਸਾਹਿਬ ਨਾਲ ਡੂੰਘੀ ਸਾਂਝ ਰੱਖਣ ਦੇ ਇਛੁੱਕ ਪਾਠਕ ਹੋਰ ਪ੍ਰਮਾਣ ਟੋਲਣ ਦੀ ਕੋਸ਼ਿਸ਼ ਵੀ ਕਰ ਸਕਦੇ ਹਨ।

ਉੱਪਰਲੀ ਸਾਰੀ ਵਿਚਾਰ ਦਾ ਸਿੱਟਾ ਸਪਸ਼ਟ ਹੈ। ਫਿਰ ਵੀ ਜੇ ਅਸੀਂ ਨਾਮ ਜਪਣ ਲਈ ਮਾਲਾ ਵਰਤਦੇ ਹਾਂ ਤਾਂ ਜਾਂ ਤਾਂ ਸਾਨੂੰ ਇਸ ਵਿਸ਼ੇ ਬਾਰੇ ਕੋਈ ਪਤਾ ਨਹੀਂ, ਜਾਂ ਅਸੀਂ ਸੰਬੰਧਤ ਪ੍ਰਮਾਣਾਂ ਦਾ ਅਰਥ ਸਮਝਣ ਵਿਚ ਗਲਤੀ ਕਰਦੇ ਹਾਂ, ਜਾਂ ਅਰਥ ਠੀਕ ਸਮਝਦੇ ਹੋਏ ਵੀ ਬੇ-ਪਰਵਾਹੀ ਕਰਦੇ ਹਾਂ ਅਤੇ ਜਾਂ ਫਿਰ ਸਾਡੇ ਵਿਚ ਹਉਮੈ ਦੀ ਢੀਠਾਈ' ਹੈ।

ਜੇ ਕਿਸੇ ਗੁਰਸਿੱਖ, ਸੰਤ, ਮਹਾਂਪੁਰਸ਼ ਨੇ ਮਾਲਾ ਵਰਤਣ ਦੀ ਗਲਤੀ ਕੀਤੀ ਹੈ ਤਾਂ ਉਸ ਦੇ ਸਤਸੰਗੀ ਅਤੇ ਸ਼ਰਧਾਲੂ ਵੀ ਮੱਖੀ ਤੇ ਮੱਖੀ ਮਾਰੀ ਚਲੇ ਜਾ ਰਹੇ ਹਨ। ਕਈਆਂ ਨੂੰ ਭਾਵੇਂ ਹੋਰ ਸਜਣਾਂ ਦੇ ਕਹਿਣ ਨਾਲ ਅੰਦਰੋਂ ਤਾਂ ਸਮਝ ਪੈ ਜਾਂਦੀ ਹੈ ਕਿ ਮਾਲਾ ਨਹੀਂ ਵਰਤਣੀ ਚਾਹੀਦੀ ਪਰ ਉਹ ਫਿਰ ਵੀ ਅੜੀ ਕਰ ਕੇ ਵਰਤੀ ਜਾ ਰਹੇ ਹਨ ਅਤੇ ਸੋਚਦੇ ਹਨ ਕਿ ਜੇ ਹੁਣ ਵਰਤਣੀ ਛੱਡੀ ਤਾਂ ਲੋਕੀਂ ਕਹਿਣਗੇ ਕਿ ਸੰਤ ਜੀ ਪਹਿਲਾਂ ਗਲਤੀ ਕਰਦੇ ਰਹੇ। ਇਸ ਤਰ੍ਹਾਂ ਉਹ ਆਪਣੀ ਪ੍ਰਭਤਾ ਨੂੰ ਸੱਟ ਵੱਜਣ ਦਾ ਖਤਰਾ ਅਨੁਭਵ ਕਰ ਰਹੇ ਹਨ ਅਤੇ ਸੂਖਮ ਤੌਰ ਤੇ ਆਪਣੀ ਹਉਮੈ ਨੂੰ ਪੱਠੇ ਪਾ ਰਹੇ ਹਨ। ਸਾਨੂੰ ਗਲਤੀ ਮੰਨ ਕੇ ਅਗੋਂ ਲਈ ਸੁਧਰਨ ਦੀ ਨੀਤੀ ਅਪਨਾਉਣੀ ਚਾਹੀਦੀ ਹੈ।

ਸਾਡੇ ਲਈ ਸੋਚਣ ਵਾਲੀ ਗੱਲ ਇਹ ਹੈ ਕਿ ਗੁਰਮਤਿ ਵੱਡੀ ਹੈ ਜਾਂ ਹੋਰ ਮੱਤ ਵੱਡੇ

ਹਨ ਜਾਂ ਮਨਮਤਿ ਵੱਡੀ ਹੈ, ਗੁਰੂ ਵੱਡਾ ਹੈ ਜਾਂ ਤਥਾ-ਕਥਿਤ ਸੰਤ ਵੱਡੇ ਹਨ? ਅਸੀਂ ਗੁਰੂ ਦਾ ਹੁਕਮ ਮੰਨਣਾ ਹੈ ਜਾਂ ਨਾਮ-ਧਰੀਕ ਸੰਤਾਂ ਦਾ? ਗੁਰੂ ਸਾਡਾ ਗੁਰੂ ਹੈ ਜਾਂ ਕੋਈ ਇਮਕਾ ਢਿਮਕਾ ਸੰਤ ਸਾਡਾ ਗੁਰੂ ਹੈ। ਕਈ ਵਾਰੀ ਅਸੀਂ ਗੁਰੂ ਨੂੰ ਗੁਰੂ ਮੰਨਦੇ ਹੋਏ ਵੀ ਨਹੀਂ ਮੰਨਦੇ ਕਿਉਂਕਿ ਆਪਣੇ ਮਨ ਦੀ ਮਰਜ਼ੀ ਕਰਦੇ ਹਾਂ। ਭਾਵੇਂ ਉਹ ਕੋਈ ਗਲ ਗੁਰਮਤਿ ਤੋਂ ਵਿਰੁੱਧ ਹੀ ਕਰਨ ਜਾਂ ਕਹਿਣ। ਸੰਤਾਂ ਦਾ ਆਪਣੇ ਆਪ ਨੂੰ ਅਭੁੱਲ ਮੰਨਣਾ ਜਾਂ ਉਹਨਾਂ ਦੇ ਸਤਸੰਗੀਆਂ ਅਤੇ ਸ਼ਰਧਾਲੂਆਂ ਦਾ ਉਹਨਾਂ ਨੂੰ ਅਭੁੱਲ ਮੰਨਣਾ ਵੀ ਮਹਾਨ ਭੁੱਲ ਹੈ। ਇਨਸਾਨ ਤਾਂ ਸਦਾ ਭੁੱਲਣਹਾਰ ਹੈ। ਅਭੁੱਲ ਤਾਂ ਗੁਰੂ ਕਰਤਾਰ ਹੀ ਹੈ।

ਸਾਨੂੰ ਜਾਗਣਾ ਚਾਹੀਦਾ ਹੈ, ਨਹੀਂ ਤਾਂ ਇਹ ਗੱਲ ਵਾਪਰ ਰਹੀ ਹੈ ਜਿਵੇਂ ਇਕ ਬੱਦੂ ਅਰਬੀ ਨੇ, ਜਾਣਾ ਤਾਂ ਸੀ ਕਾਅਬੇ ਨੂੰ ਪਰ ਉਸ ਨੇ ਰਸਤਾ ਫੜਿਆ ਹੋਇਆ ਸੀ ਤੁਰਕਿਸਤਾਨ ਨੂੰ ਜਾਣ ਵਾਲਾ ਤਾਂ ਕਿਸੇ ਨੇ ਉਸਨੂੰ ਬੋਲੀ ਮਾਰੀ :

*ਤਰਸਮ ਕਿ ਬੇ-ਕਾਅਬਾ ਨ ਰਸੀ, ਐ ਆਅਰਾਬੀ।*
*ਈਂ ਰਾਹੁ ਕਿ ਮੇ-ਰਵੀ, ਬਤੁਰਕਿਸਤਾਂ ਅਸਤ।*

***ਖਾਲਸਾ ਜੀ! ਆਓ ਸੰਭਲੀਏ, ਸੰਸਾਰ ਸਾਨੂੰ ਵੀ ਬੋਲੀਆਂ ਮਾਰ ਰਿਹਾ ਹੈ।***

*ਜੁਲਾਈ ੧੯੮੧*

# ਸਾਧ ਸੰਤ

ਗੁਰੂ ਲਈ ਗੁਰਬਾਣੀ ਵਿਚ 'ਉਸਤਾਦ', 'ਪੀਰ' ਤੇ 'ਰਸੂਲ' ਸ਼ਬਦ ਵੀ ਆਉਂਦੇ ਹਨ, ਜੋ ਅਰਬੀ ਫਾਰਸੀ ਦੇ ਹਨ ਪਰ ਹਿੰਦੀ, ਪੰਜਾਬੀ ਤੇ ਗੁਜਰਾਤੀ ਆਦਿਕ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਵਰਤੇ ਜਾਂਦੇ ਹਨ। ਗੁਰਬਾਣੀ ਵਿਚ ਗੁਰੂ ਲਈ 'ਪਾਧਾ' ਸ਼ਬਦ ਵੀ ਵਰਤਿਆ ਗਿਆ ਹੈ, ਜੋ ਸੰਸਕ੍ਰਿਤ ਸ਼ਬਦ 'ਉਪਾਧਯਾਯ' ਤੋਂ ਹੈ। ਆਮ ਬੋਲੀ ਵਿਚ ਅਸੀਂ ਗੁਰੂ ਲਈ 'ਮੁਰਸ਼ਿਦ' ਭਾਵ ਇਰਸ਼ਾਦ ਕਰਨ ਵਾਲਾ, ਹੁਕਮ ਕਰਨ ਵਾਲਾ, 'ਸ਼ਿਖਸ਼ਕ', 'ਅਧਿਆਪਕ' ਅਤੇ 'ਟੀਚਰ' ਸ਼ਬਦ ਵੀ ਵਰਤਦੇ ਹਾਂ।

(੧) ਗੁਰਬਾਣੀ ਵਿਚ ਗੁਰੂ, ਸਤਿਗੁਰ ਲਈ 'ਸਾਧ', 'ਸਾਧੂ' ਤੇ 'ਸੰਤ' ਸ਼ਬਦ ਵੀ ਵਰਤੇ ਗਏ ਹਨ।

(੨) ਗੁਰਬਾਣੀ ਵਿਚ 'ਸਾਧ' ਤੇ 'ਸੰਤ' ਸ਼ਬਦ ਗੁਰਸਿੱਖ ਲਈ ਵੀ ਵਰਤੇ ਗਏ ਹਨ।

(ੳ) 'ਸੁਖਮਨੀ' ਵਿਚ 'ਨਾਮ' ਤੇ ਨਾਮ ਜਪਣ ਵਾਲੇ ਦੀ ਮਹਿਮਾ ਦੱਸਦੇ ਹੋਏ ਪੰਜਵੇਂ ਗੁਰੂ ਜੀ ਫੁਰਮਾਉਂਦੇ ਹਨ :

*ਸਾਧ ਨਾਮ, ਨਿਰੰਮਲ ਤਾ ਕੇ ਕਰਮ । ਪੰਨਾ 296*

ਭਾਵ : ਨਾਮ ਜਪਣ ਵਾਲੇ ਬੰਦੇ ਦਾ ਨਾਉਂ 'ਸਾਧ' ਪੈਂ ਜਾਂਦਾ ਹੈ ਅਤੇ ਉਸ ਦੇ ਕੰਮ ਵਿਕਾਰਾਂ ਦੀ ਮੈਲ ਤੋਂ ਸਾਫ ਹੁੰਦੇ ਹਨ।

(ਅ) ਜਿਨ੍ਹਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤੁ ।।
ਧੰਨੁ ਸਿ ਸੇਈ, ਨਾਨਕਾ ਪੂਰਨੁ ਸੋਈ ਸੰਤੁ ।।
ਗਉੜੀ ਕੀ ਵਾਰ, ਮਹਲਾ ੫ ਪੰਨਾ 309

ਭਾਵ : ਜਿਨ੍ਹਾਂ ਬੰਦਿਆਂ ਨੂੰ ਸਾਹ ਲੈਂਦਿਆਂ ਅਤੇ ਬੁਰਕੀ ਖਾਂਦਿਆਂ ਵੀ ਵਾਹਿਗੁਰੂ ਨਹੀਂ ਵਿਸਰਦਾ ਅਤੇ ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਨਾਮ ਰੂਪੀ ਮੰਤ ਵਸ ਰਿਹਾ ਹੈ, ਹੇ ਨਾਨਕ ! ਉਹ ਧੰਨ ਹਨ, ਉਹੀ ਧੰਨ ਹਨ, ਜੋ ਕੋਈ ਇਹੋ ਜਿਹਾ ਹੈ, ਉਹੀ ਬੰਦਾ ਪੂਰਨ ਸੰਤ ਹੈ।

ਕਈ ਲੋਕ ਜਦ ਕਿਸੇ ਸੰਤ ਨਾਲ ਨਫ਼ਰਤ ਜ਼ਾਹਿਰ ਕਰਨਾ ਚਾਹੁੰਦੇ ਹਨ, ਤਾਂ ਉਸ ਨੂੰ 'ਸੰਤ' ਦੀ ਥਾਂ 'ਸਾਧ' ਲਿਖਦੇ ਹਨ ਕਿਉਂਕਿ ਉਹ ਇਹ ਨਹੀਂ ਜਾਣਦੇ ਕਿ ਇਨ੍ਹਾਂ ਦੋਹਾਂ ਸ਼ਬਦਾਂ ਦਾ ਭਾਵ ਇਕ ਹੀ ਹੈ।

(੩) 'ਸੰਤ' ਸ਼ਬਦ ਗੁਰਬਾਣੀ ਵਿਚ ਕਿਸੇ ਵੀ ਰੱਬ ਦੇ ਪਿਆਰੇ ਲਈ ਵੀ ਵਰਤਿਆ ਗਿਆ ਹੈ, ਜਿਵੇ :

*(ੳ) ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ।। ( ਪੰਨਾ 856)*

(ਅ) ਕਬੀਰ ਜੀ ਰਾਜ ਦੀ ਸ਼ਕਤੀ ਦਾ ਵਰਨਣ ਕਰਦੇ ਹੋਏ ਲਿਖਦੇ ਹਨ:

*ਕਿਆ ਅਪਰਾਧੁ ਸੰਤ ਹੈ ਕੀਨਾ ।। ਬਧਿ ਪੋਟ ਕੁੰਚਰ ਕਉ ਦੀਨਾ ।। (ਪੰਨਾ 871)*

ਭਾਵ : ਇਸ ਦਰਦਨਾਕ ਘਟਨਾ ਨੂੰ ਦੇਖ ਕੇ ਤਮਾਸ਼ਬੀਨ ਪਰ ਮੇਰੇ ਜਾਣੂ ਹਿੰਦੂ ਤੇ ਮੁਸਲਮਾਨ ਲੋਕ ਆਪੋ ਵਿੱਚੀ ਗੱਲਾਂ ਕਰਨ ਲੱਗ ਪਏ; 'ਭਲਾ ਇਸ ਸੰਤ ਕਬੀਰ ਨੇ ਕਿਹੜਾ ਅਪਰਾਧ ਕੀਤਾ ਹੈ ਕਿ ਇਸ ਦੇ ਸਰੀਰ ਦੀ ਗਠੜੀ ਬੰਨ ਕੇ ਇਸ ਨੂੰ ਮਸਤ ਹਾਥੀ ਅੱਗੇ ਪਾ ਦਿੱਤਾ ਗਿਆ ਹੈ? ਇਸ ਨੇ ਤਾਂ ਕੋਈ ਅਪਰਾਧ ਨਹੀਂ ਕੀਤਾ। ਇਸ ਨਾਲ ਇਹ ਜ਼ੁਲਮ ਕਿਉਂ ਹੋ ਰਿਹਾ ਹੈ?

(੪) 'ਸੰਤ' ਸ਼ਬਦ ਗੁਰਬਾਣੀ ਵਿਚ ਵਾਹਿਗੁਰੂ ਲਈ ਵੀ ਆਇਆ ਹੈ, ਜਿਵੇ :

*ਭਾਗੁ ਹੋਆ ਗੁਰਿ ਸੰਤੁ ਮਿਲਾਇਆ ।।*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ।*
*ਸੇਵ ਕਰੀ ਪਲੁ ਚਸਾ ਨ ਵਿਛੁੜਾ,*
*ਜਨ ਨਾਨਕੁ ਦਾਸ ਤੁਮਾਰੇ ਜੀਉ ।। ਪੰਨਾ 97*
*ਸੰਤ - ਸ਼ਾਂਤ ਸਰੂਪ ਵਾਹਿਗੁਰੂ ।*

ਭਾਵ : ਮੇਰਾ ਭਾਗ ਜਾਗ ਪਿਆ ਹੈ ਕਿਉਂਕਿ ਗੁਰੂ ਨੇ ਮੈਨੂੰ ਸ਼ਾਂਤੀ ਦਾ ਸੋਮਾ ਵਾਹਿਗੁਰੂ ਮਿਲਾ ਦਿਤਾ ਹੈ। ਗੁਰੂ ਦੀ ਕਿਰਪਾ ਨਾਲ ਉਸ ਅਬਿਨਾਸੀ ਪ੍ਰਭੂ ਨੂੰ ਮੈ ਆਪਣੇ ਹਿਰਦੇ ਘਰ ਵਿਚ ਹੀ ਪਾ ਲਿਆ ਹੈ। ਹੇ ਦਾਸ ਨਾਨਕ ! ਆਖ ਹੇ ਵਾਹਿਗੁਰੂ ! ਮਿਹਰ ਕਰ ਤਾਂਕਿ ਮੈਂ ਤੇਰੇ ਦਾਸਾਂ ਦੀ ਸੇਵਾ ਕਰਦਾ ਰਹਾਂ ਅਤੇ ਉਨ੍ਹਾਂ ਨਾਲੋਂ ਇਕ ਪਲ ਭਰ ਵੀ ਨਾ ਵਿਛੜਾਂ, ਇਕ ਚਸਾ ਭਰ ਵੀ ਨਾ ਵਿਛੜਾਂ।

ਜੇ ਅਸੀਂ ਇਹ ਸੋਚੀਏ ਕਿ ਕਿਸੇ ਨੂੰ ਸੰਤ ਨਹੀਂ ਕਹਿਣਾ ਚਾਹੀਦਾ ਕਿਉਂਕਿ ਅਸਲ ਸੰਤ ਤਾਂ ਗੁਰੂ ਹਨ ਪਰ ਅਸਲ ਸੰਤ ਤਾਂ ਵਾਹਿਗੁਰੂ ਹੈ, ਤਾਂ ਹੋਰ ਸੋਚ ਵੀ ਫੁਰਦੀ ਹੈ।

(ੳ) ਅਸੀਂ ਕਿਸੇ ਨੂੰ 'ਗੁਰਮੁਖਿ' ਵੀ ਨਹੀਂ ਕਹਿ ਸਕਦੇ ਕਿਉਂਕਿ ਅਸਲ ਗੁਰਮੁਖ ਤਾਂ ਗੁਰੂ ਨਾਨਕ ਹੈ: ਗੁਰਮੁਖਿ ਕਲਿ ਵਿਚ ਪਰਗਟੁ ਹੋਆ ।।੨੭।।੨।। (ਵਾਰ ਭਾਈ ਗੁਰਦਾਸ)।

(ਅ) ਅਸੀਂ ਕਿਸੇ ਨੂੰ 'ਭਾਈ' ਵੀ ਨਹੀਂ ਕਹਿ ਸਕਦੇ ਕਿਉਂਕਿ ਵਾਹਿਗੁਰੂ ਵੀ ਭਾਈ ਹੈ। 'ਰਾਖਿ ਲੇਹੁ, ਭਾਈ ! ਮੇਰੇ ਕਉ ।' (ਸੋਰਠ ਮਹਲਾ ੪)। ਭਾਵ : ਹੇ ਵਾਹਿਗੁਰੂ ! ਮੈਨੂੰ ਬਚਾ ਲੈ।

(ੲ) ਅਸੀਂ ਕਿਸੇ ਨੂੰ 'ਸਰਦਾਰ' ਵੀ ਨਹੀਂ ਕਹਿ ਸਕਦੇ ਕਿਉਂਕਿ ਅਸਲੀ ਸਰਦਾਰ ਤਾਂ ਵਾਹਿਗੁਰੂ ਹੈ। 'ਔਰ ਜਹਾਨ ਨਿਦਾਨ ਕਛੂ ਨਾਹਿ, ਹੇ ਸੁਬਹਾਨ' ਤੁਹੀ

ਸਰਦਾਰਾ ! (ਸਵਈਏ ਪਾਤਿਸ਼ਾਹੀ ੧੦) । ਭਾਵ : ਅੰਤ ਨੂੰ ਹੋਰ ਸਾਰਾ ਸੰਸਾਰ ਨਾਸ਼ਵੰਤ ਹੈ । ਹੇ ਪਵਿੱਤਰ ਵਾਹਿਗੁਰੂ ! ਤੂੰ ਹੀ ਸਰਦਾਰ ਹੈਂ, ਸ਼੍ਰੋਮਣੀ ਹੈਂ ।

(ਸ) ਅਸੀਂ ਕਿਸੇ ਨੂੰ "ਬਾਬਾ" ਵੀ ਨਹੀਂ ਕਹਿ ਸਕਦੇ ਕਿਉਂਕਿ ਬਾਬਾ ਤਾਂ ਗੁਰੂ ਨਾਨਕ ਸਨ 'ਫਿਰਿ ਬਾਬਾ ਗਇਆ ਬਗਦਾਦ ਨੂੰ । ।35 । ।੨ । ।(ਵਾਰਾਂ ਭਾਈ ਗੁਰਦਾਸ) ।

ਸੋ ਸਾਨੂੰ ਨਾਵਾਂ ਦੇ ਚੱਕਰ ਵਿਚ ਨਹੀਂ ਪੈਣਾ ਚਾਹੀਦਾ । ਕਈ ਕਾਰਨਾਂ ਕਰਕੇ ਨਾਉਂ ਪੈ ਜਾਂਦੇ ਹਨ ਜਾਂ ਪਵਾਏ ਜਾਂਦੇ ਹਨ । ਹਾਂ, ਇਹ ਪਰਖਣਾ ਜਨਤਾ ਦਾ ਕੰਮ ਹੈ ਕਿ ਜਿਸ ਵਿਅਕਤੀ ਨੂੰ ਕਿਸੇ ਉਪਾਧੀ ਨਾਲ ਸਵੀਕਾਰਿਆ ਜਾਂਦਾ ਹੈ, ਉਹ ਉਸ ਦੇ ਯੋਗ ਹੈ ਵੀ ਕਿ ਨਹੀਂ । ਸਤਕਾਰਨੀਯ ਵਿਅਕਤੀ ਨੂੰ ਆਪਣੇ ਅੰਦਰ ਝਾਤ ਮਾਰ ਕੇ ਦੇਖਣਾ ਚਾਹੀਦਾ ਹੈ ਕਿ ਕੀ ਉਹ ਉਸ ਸਤਕਾਰ ਦਾ ਪਾਤਰ ਹੈ ਵੀ ਕਿ ਨਹੀਂ ?

(੧) ਸੂਹੀ ਮਹਲਾ ੫, ਗੁਣਵੰਤੀ (ਪੰਨਾ ੭੬੩) ਵਿਚ ਫੁਰਮਾਣ ਹੈ,

*ਜੋ ਦੀਸੈ ਗੁਰ ਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ, ਜੀਉ । ।*
*ਆਖਾ ਬਿਰਥਾ ਜੀਅ ਕੀ, ਗੁਰ ਸਜਣੁ ਦੇਹਿ ਮਿਲਾਇ, ਜੀਉ । ।*

ਭਾਵ : ਮੈਨੂੰ ਜਿਹੜਾ ਵੀ ਗੁਰੂ ਦਾ ਪਿਆਰਾ ਸਿੱਖ ਮਿਲ ਪੈਂਦਾ ਹੈ, ਮੈਂ ਨਿਉਂ ਨਿਉਂ ਕੇ ਭਾਵ ਨਿਮਰਤਾ ਨਾਲ ਉਸ ਦੇ ਪੈਰੀਂ ਲਗਦਾ ਹਾਂ ਅਤੇ ਉਸਨੂੰ ਆਪਣੇ ਦਿਲ ਦੀ ਪੀੜਾ, ਤਾਂਘ ਦੱਸਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਹੇ ਗੁਰਸਿਖ ! ਮੈਨੂੰ ਵੀ ਸੱਜਣ ਗੁਰੂ ਮਿਲਾ ਦੇ ।

(ਕ) ਗਉੜੀ ਦੀ ਵਾਰ, ਮਹਲਾ ੫ ਵਿਚ ਪੰਜਵੇਂ ਗੁਰੂ ਜੀ ਦਾ ਸਲੋਕ ਹੈ:

ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ । ।
ਪਾਉ ਪਖਾਲਾ ਤਿਸ ਕੇ, ਮਨਿ ਤਨਿ ਨਿਤ ਭਾਵਉ । ।
ਨਾਮੁ ਸੁਣੇ, ਨਾਮੁ ਸੰਗ੍ਰਹੈ, ਨਾਮੇ ਲਿਵ ਲਾਵਉ । ।
ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ, ਹਰਿ ਕੇ ਗੁਣ ਗਾਵਉ । ।
ਹਰਿਨਾਮ ਵਪਾਰੀ, ਨਾਨਕਾ ! ਵਡਭਾਗੀ ਪਾਵਉ । ।ਪੰਨਾ 318

ਭਾਵ : ਜੇ ਸਵੇਰੇ ਉੱਠ ਕੇ ਕੋਈ ਗੁਰਸਿੱਖ ਪਰਾਹੁਣਾ ਮੇਰੇ ਘਰ ਆ ਜਾਵੇ ਤਾਂ ਮੈ ਉਸਦੇ ਪੈਰ ਧੋਵਾਂ । ਮੇਰੇ ਮਨ ਵਿਚ, ਮੇਰੇ ਤਨ ਵਿਚ ਉਹ ਸਦਾ ਪਿਆਰਾ ਲੱਗੇ । ਉਹ ਗੁਰਸਿੱਖ ਐਸਾ ਹੋਵੇ ਕਿ ਸਦਾ ਨਾਮ ਸੁਣੇ, ਨਾਮ ਧਨ ਇਕੱਠਾ ਕਰੇ ਅਤੇ ਨਾਮ ਵਿਚ ਹੀ ਸੁਰਤਿ ਜੋੜੀ ਰੱਖੇ । ਐਸੇ ਗੁਰਸਿੱਖ ਦੇ ਆਉਣ ਨਾਲ ਮੇਰਾ ਸਾਰਾ ਘਰ ਤੇ ਧਨ ਪਵਿੱਤਰ ਹੋ ਜਾਵੇ, ਸਫਲ ਹੋ ਜਾਵੇ ਅਤੇ ਮੈਂ ਵੀ ਉਸ ਗੁਰਸਿੱਖ ਦੀ ਬਰਕਤਿ ਨਾਲ ਵਾਹਿਗੁਰੂ ਦੇ ਗੁਣ ਗਾਉਣ ਲੱਗ ਪਵਾਂ । ਪਰ ਹੇ ਨਾਨਕ ! ਐਸਾ ਨਾਮ ਦਾ ਵਪਾਰੀ ਮੈਨੂੰ ਕਿੰਨੇ ਵੱਡੇ ਭਾਗਾਂ ਨਾਲ ਹੀ ਮਿਲ ਸਕਦਾ ਹੈ ।

*(ਹ) ਜਿਨ, ਨਾਨਕੁ, ਸਤਿਗੁਰ ਪੂਜਿਆ, ਤਿਨ ਹਰਿ ਪੂਜ ਕਰਾਵਾ । ਪੰਨਾ 450*

ਭਾਵ : ਨਾਨਕ ਆਖਦਾ ਹੈ, ਜਿਹੜੇ ਬੰਦੇ ਆਪਣੇ ਹਿਰਦੇ ਵਿਚ ਸਤਿਗੁਰੂ

ਦਾ ਆਦਰ ਸਤਿਕਾਰ ਕਰਦੇ ਹਨ, ਵਾਹਿਗੁਰੂ ਜਗਤ ਵਿਚ ਉਨ੍ਹਾਂ ਦਾ ਆਦਰ ਕਰਾਉਂਦਾ ਹੈ।

ਸੋ ਗੁਰੂ ਜੀ ਗੁਰਸਿੱਖਾਂ ਦੇ ਪੈਰੀ ਪੈਣ ਤੇ ਉਨ੍ਹਾਂ ਦੇ ਪੈਰ ਧੋਣ ਦਾ ਉਪਦੇਸ਼ ਸਾਨੂੰ ਦਿੰਦੇ ਹਨ, ਪਰ ਗੁਰਸਿੱਖਾਂ ਦੀ, ਸੰਤਾਂ ਦੀ ਪਛਾਣ ਬੜੀ ਔਖੀ ਹੈ। ਅਸੀਂ ਆਪ ਢਿੱਲੇ ਹਾਂ। ਸਾਡਾ ਸਟੈਂਡਰਡ ਨੀਵਾਂ ਹੈ। ਸਾਡੇ ਸੰਤ ਵੀ ਸਾਡੇ ਸਟੌਕ ਵਿਚੋਂ ਹੀ ਹਨ, ਸੋ ਉਨ੍ਹਾਂ ਦਾ ਸਟੈਂਡਰਡ ਵੀ ਨੀਵਾਂ ਹੈ। ਜਿਹੜਾ ਉਠਦਾ ਹੈ, ਬ੍ਰਹਮ ਗਿਆਨੀ ਬਣ ਜਾਂਦਾ ਹੈ। ਇੱਟ ਚੁੱਕਿਆਂ ਹੇਠੋਂ ਬ੍ਰਹਮ ਗਿਆਨੀ ਮਿਲ ਪੈਂਦਾ ਹੈ। ਬ੍ਰਹਮ ਗਿਆਨੀ ਦੀ ਪਛਾਣ ਵੀ ਤਾਂ ਕੋਈ ਬ੍ਰਹਮ ਗਿਆਨੀ ਕਰ ਸਕਦਾ ਹੈ। ਸਾਡੇ ਲਈ ਤਾਂ ਹਰ ਐਰਾ, ਵਗੈਰਾ, ਨੱਥੂ, ਖੈਰਾ ਬ੍ਰਹਮ ਗਿਆਨੀ ਹੈ।

ਹਿੰਦੂ ਧਰਮ ਵਿਚ 'ਸ੍ਰੀ ਮਾਨ ੧੦੮ ਸੰਤ' ਉਸ ਨੂੰ ਕਹਿੰਦੇ ਹਨ, ਜੋ ਆਪਣੇ ਸ਼ਰਧਾਲੂ ਦੀਆਂ ਸਾਰੀਆਂ ਇਛਾਵਾਂ ਪੂਰਨ ਕਰ ਦੇਵੇ। ਜੈਨ ਧਰਮ ਵਲੋ ਇਹੋ ਜਿਹੇ ਸੰਤ ਨੂੰ 'ਸ੍ਰੀ ਮਾਨ 111 ਸੰਤ' ਕਹਿੰਦੇ ਹਨ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਨਾਭੇ ਦੇ ਮਹਾਰਾਜਾ ਹੀਰਾ ਸਿੰਘ ਨੂੰ 'ਨਾਭਾ ਪਤਿ ਸ੍ਰੀ ੧੦੮ ਮਹਾਰਾਜਾ ਹੀਰਾ ਸਿੰਘ ਜੀ' ਲਿਖਿਆ ਹੈ। ਅੱਜ ਕਲ ਤਾਂ ਕੋਈ ਵਡਭਾਗੀ ਸੰਤ ਹੀ ਹੋਵੇਗਾ, ਜਿਸਦੇ ਨਾਉਂ ਪਿਛੇ ਸ੍ਰੀਮਾਨ ੧੦੮ ਸੰਤ ਦੀ ਪੂਛ ਨਾ ਲਾਈ ਜਾਂਦੀ ਹੋਵੇ। ਵਾਹਿਗੁਰੂ ਜਾਣੇ, ਉਹ ਸੰਤ ਆਪਣੇ ਸ਼ਰਧਾਲੂਆਂ ਦੀਆਂ ਸਾਰੀਆਂ ਇੱਛਾਵਾਂ ਕਿਵੇਂ ਪੂਰਨ ਕਰਦੇ ਹਨ ? ਜੋ ਭੇਖੀ ਸੰਤਾਂ ਦੇ ਨਾਉ ਨਾਲ 'ਸ੍ਰੀਮਾਨ 420 ਸੰਤ' ਲਿਖਿਆ ਜਾਵੇ ਤਾਂ ਕੀ ਠੀਕ ਨਹੀਂ ਰਹੇਗਾ?

ਦਸ ਕੁ ਸਾਲ ਹੋਏ, ਇੰਡੀਆਂ ਤੋਂ ਇਕ ਸੰਤ ਇਸ ਦੇਸ਼ ਵਿਚ ਆਇਆ। ਤੱਪਾ ਦਾ ਸੀ, ਨਾਉਂ ਨਾਰਾਇਣ ਸਿੰਘ ਸੀ। ਉਸ ਦੇ ਸ਼ਰਧਾਲੂਆਂ ਨੇ ਉਸ ਦੀ ਸਿਫ਼ਤ ਵਜੋਂ ਅਖ਼ਬਾਰ ਵਿਚ ਇਕ ਇਸ਼ਤਿਹਾਰ ਦਿੱਤਾ, ਜਿਸ ਦੇ ਮੱਥੇ ਉਤੇ ਸ੍ਰੀ ਗੁਰੂ ਗ੍ਰੰਥ ਜੀ ਦੀ ਇਹ ਤੁਕ ਲਿਖੀ ਹੋਈ ਸੀ;

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ। ।ਪੰਨਾ 1395*

ਇਹ ਤੁਕ 'ਸਵਈਏ ਮਹਲੇ ਤੀਜੇ ਕੇ' ਵਿਚ ਦੀ 'ਕੀਰਤ' ਨਾਮੀ ਭੱਟ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫ਼ਤ ਵਿਚ ਲਿਖੀ ਹੈ, ਜਿਸ ਦਾ ਭਾਵ ਹੈ :

'ਗੁਰੂ ਅਮਰਦਾਸ ਜੀ ਆਪ ਹੀ ਨਾਰਾਇਣ ਰੂਪ ਹੈ, ਜੋ ਆਪਣੀ ਸੱਤਾ ਧਾਰ ਕੇ ਜਗਤ ਵਿਚ ਪਰਵਿਰਤ ਹੋਇਆ ਹੈ।'

ਇਸ ਇਸ਼ਤਿਹਾਰ ਦਾ ਭਾਵ ਤਾਂ ਇਹ ਹੋਇਆ ਕਿ ਮੂਰਖ ਲੋਕ ਸੰਤ ਨਾਰਾਇਣ ਸਿੰਘ ਜੀ ਨੂੰ ਵੀ ਨਾਰਾਇਣ ਦਾ ਰੂਪ ਦੱਸ ਕੇ ਉਸ ਦੀ ਤੁਲਨਾ ਸ੍ਰੀ ਗੁਰੂ ਅਮਰਦਾਸ ਜੀ ਨਾਲ ਕਰ ਰਹੇ ਹਨ। ਸੰਤ ਨਾਰਾਇਣ ਸਿੰਘ ਜੀ ਵੀ ਮੂਰਖ ਹਨ, ਜੋ ਐਸੀ ਤੁਲਨਾ ਪੜ੍ਹ ਸੁਣ ਕੇ ਖੁਸ਼ ਹੋਏ ਅਤੇ ਅਖ਼ਬਾਰ ਵਿਚ ਛਪੀ ਇਸ ਮੂਰਖਤਾ ਦੀ ਸੁਧਾਈ ਨਾ ਕਰਾਈ।

ਸਾਡੀ ਭੇਡ ਚਾਲ ਦੇਖੋ। ਜਾਗ੍ਰਿਤੀ ਆਉਣ ਨਾਲ ਤਥਾ ਕਥਿਤ ਰੰਘਰੇਟੇ,

ਮਜ਼ਹਬੀ, ਸਿੱਖ ਆਪਣੇ ਆਪ ਨੂੰ ਖ਼ਾਲਸਾ ਬ੍ਰਦਰਜ਼ ਲਿਖਣ ਲੱਗ ਪਏ ਅਤੇ ਅੱਜ ਕੱਲ੍ਹ ਕਈ ਸਿੱਖਾਂ ਨੇ ਆਪਣੇ ਨਾਉਂ ਪਿੱਛੇ 'ਖਾਲਸਾ' ਲਿਖਣਾ ਆਰੰਭ ਕਰ ਦਿੱਤਾ ਹੈ। ਗੁਰੂ ਜੀ ਨੇ ਸਾਨੂੰ ਸਿਰਫ਼ 'ਸਿੰਘ' ਦਾ ਸਰਨੇਮ ਦਿੱਤਾ ਸੀ ਪਰ ਅਸੀਂ ਹੋਰ ਹੋਰ ਜੋੜੀ ਜਾ ਰਹੇ ਹਾਂ। ਅਸੀਂ ਕਿਸੇ ਸਿੰਘ ਨੂੰ 'ਖਾਲਸਾ' ਉਪਾਧੀ ਨਾਲ ਬੁਲਾ ਸਕਦੇ ਹਾਂ ਪਰ ਆਪਣੇ ਆਪ ਨੂੰ 'ਖ਼ਾਲਸਾ' ਕਹਿਣਾ ਸ਼ੋਭਾ ਨਹੀਂ ਦਿੰਦਾ। ਡਰ ਹੈ ਕਿ ਹੌਲੀ, ਹੌਲੀ 'ਖ਼ਾਲਸਾ' ਵੀ ਇਕ ਗੋਤ ਬਣ ਜਾਵੇਗਾ। ਲਖਨਊ ਤੋਂ ਛਪਦੇ ਮਾਸਕ ਪੱਤਰ 'ਸਰਦਾਰ' ਦਾ ਸੰਪਾਦਕ ਮੇਰਾ ਮਿੱਤਰ ਸੀ। ਉਹ ਆਪਣੇ ਨਾਉਂ ਪਿੱਛੇ 'ਖ਼ਾਲਸਾ' ਲਿਖਦਾ ਸੀ। ਅੱਜ ਕੱਲ੍ਹ ਉਸਦਾ ਸਾਰਾ ਖਾਨਦਾਨ ਹੀ ਆਪਣੇ ਨਾਵਾਂ ਪਿੱਛੇ 'ਖ਼ਾਲਸਾ' ਸਰਨੇਮ ਵਜੋਂ ਲਿਖਣ ਲੱਗ ਪਿਆ ਹੈ।

ਕਈ ਸੰਤ ਵੀ ਆਪਣੇ ਆਪ ਨੂੰ ਸੰਤ ਕਹਿੰਦੇ ਹਨ ਅਤੇ ਆਪਣੇ ਨਾਉਂ ਅੱਗੇ ਸੰਤ ਲਿਖਦੇ ਹਨ ਜੋ ਗਲ਼ਤੀ ਹੈ।

ਫਿਰ ਅਸੀਂ ਸੰਤਾਂ ਦੇ ਐਨੇ ਸ਼ਰਧਾਲੂ ਬਣ ਰਹੇ ਹਾਂ ਕਿ ਜੇ ਕੋਈ ਸੰਤ ਸਾਨੂੰ ਗਾਲਾਂ ਵੀ ਕੱਢੇ ਤਾਂ ਅਸੀਂ ਉਨ੍ਹਾਂ ਨੂੰ 'ਘਿਉ ਦੀਆਂ ਨਾਲਾਂ ਹੀ ਸਮਝਦੇ ਹਾਂ।' ਕੋਈ ਸੰਤ ਜਿੰਨੀਆਂ ਗਾਲ੍ਹਾਂ ਕੱਢੇ, ਜਿਨ੍ਹਾਂ ਕੁਰਖਤ ਹੋਏ, ਉਨਾ ਹੀ ਅਸੀਂ ਉਸ ਨੂੰ ਪਹੁੰਚਿਆ ਹੋਇਆ ਸਮਝਦੇ ਹਾਂ ਅਤੇ ਮੱਥੇ ਟੇਕਦੇ ਹਾਂ।

ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਬੜਾ ਜ਼ੋਰ ਲਾਇਆ ਕਿ ਲੋਕ ਉਨ੍ਹਾਂ ਨੂੰ ਮੱਥਾ ਨਾ ਟੇਕਣ। ਪਰ ਜਿਨਾਂ ਉਹ ਰੋਕਦੇ, ਲੋਕ ਉਨਾ ਹੋਰ ਉਤਸਾਹਿਤ ਹੁੰਦੇ। ਹਾਰ ਕੇ ਸੰਤਾਂ ਨੇ ਸੋਚਿਆ ਕਿ ਆਪਣਾ ਸਮਾਂ ਕਿਉਂ ਨਸ਼ਟ ਕਰਨਾ ਹੈ, ਨਾਮ ਜਪੋ, ਲੋਕੀਂ ਜੋ ਕਰਨਾ ਹੈ, ਕਰੀ ਜਾਣ।

ਪਰ ਭਾਈ ਰਣਧੀਰ ਸਿੰਘ ਜੀ ਨੇ ਕਿਸੇ ਨੂੰ ਮੱਥਾ ਨਹੀਂ ਟੇਕਣ ਦਿੱਤਾ।

ਠੀਕ ਹੈ, ਮੱਥਾ ਟੇਕਣਾ ਕੋਈ ਗੁਨਾਹ ਨਹੀਂ, ਅਸੀਂ ਆਪਣੇ ਮਾਪਿਆਂ ਤੇ ਬਜ਼ੁਰਗਾਂ ਨੂੰ ਸੀਸ ਨਿਵਾਂਦੇ ਹਾਂ, ਜੋ ਅਸੀਂ ਸੱਚੀ ਮੁੱਚੀ ਦੇ ਗੁਰਮੁਖ ਗੁਰਸਿਖ, ਸੰਤ ਨੂੰ ਵੀ ਨਮਸਕਾਰ ਕਰ ਸਕਦੇ ਹਾਂ।

ਪਰ ਮੈਨੂੰ ਭਾਈ ਵੀਰ ਸਿੰਘ ਜੀ ਦੀ ਦਲੀਲ ਬੜੀ ਚੰਗੀ ਲਗਦੀ ਹੈ। ਉਨ੍ਹਾਂ ਦਾ ਇਕ ਸ਼ਰਧਾਲੂ ਉਨ੍ਹਾਂ ਪਾਸ ਆਇਆ ਤੇ 'ਜੋ ਦੀਸੈ ਗੁਰਸਿੱਖੜਾ' ਵਾਲੀਆਂ ਤੁਕਾਂ ਸੁਣਾ ਕੇ ਕਹਿਣ ਲਗਾ, 'ਤੁਸੀਂ ਗੁਰਸਿੱਖ ਹੋ, ਮੇਰਾ ਦਿਲ ਤੁਹਾਡੇ ਚਰਨ ਛੂਹਣ ਨੂੰ ਕਰਦਾ ਹੈ।' ਭਾਈ ਸਾਹਿਬ ਬੋਲੇ, 'ਤੁਸੀ ਵੀ ਤਾਂ ਗੁਰਸਿੱਖ ਹੋ।' ਮੇਰਾ ਦਿਲ ਵੀ ਤੁਹਾਡੇ ਚਰਨ ਪਰਸਣ ਲਈ ਉਤਾਵਲਾ ਹੈ। ਆਉ, ਆਪਾਂ ਸਮਝੌਤਾ ਕਰ ਲਈਏ। ਸਿਰ ਨਿਵਾ ਕੇ ਇਕ ਦੂਜੇ ਨੂੰ ਫਤਹ ਬੁਲਾ ਲਈਏ। ਜਿਹਾ ਸੀਸ ਝੁਕਾ ਦਿੱਤਾ, ਤਿਹੇ ਚਰਨ ਪਰਸ ਲਏ। ਗੱਲ ਤਾਂ ਸਾਰੀ ਹਲੀਮੀ ਦੀ ਹੀ ਹੈ। ਇਹ ਦਲੀਲ ਸੁਣ ਕੇ ਸ਼ਰਧਾਲੂ ਨੇ ਆਪਣੇ ਸ਼ਬਦ ਵਾਪਸ ਲੈ ਲਏ।

*ਮਈ ੧੯੯੨*

# ਸੰਤਾਂ ਦੇ ਚੋਜ

(੧) ਦਸੰਬਰ ੧੯੩੦ ਦੀ ਗੱਲ ਹੈ ਮੈ ਖਾਲਸਾ ਕੋਲਿਜ ਅੰਮ੍ਰਿਤਸਰ ਪੜਦਾ ਸਾਂ ਅਤੇ ਹਰਿ ਗੋਬਿੰਦ ਹੋਸਟਲ ਵਿਚ ਰਹਿੰਦਾ ਸਾਂ। ਸ਼ਹਿਰ ਵਲੋਂ ਜਾਂਦਿਆਂ ਕੋਲਿਜ ਦੇ ਮੇਨ ਗੇਟ ਦੇ ਸਾਹਮਣੇ ਸੜਕ ਪਾਰ ਬਾਬਾ ਸੋਹਣ ਸਿੰਘ ਨੇ ਦੁੱਧ ਦਹੀਂ ਆਦਿਕ ਵੇਚਣ ਲਈ ਨਵੀਂ ਦੁਕਾਨ ਕਿਰਾਏ ਤੇ ਲਈ ਸੀ। ਬਾਬਾ ਗ਼ਦਰੀ ਬਾਬਿਆਂ ਵਿਚੋਂ ਸੀ। ਅਤੇ ਕੈਦ ਕੱਟ ਕੇ ਆਇਆ ਸੀ। ਉਸਦੀ ਦੁਕਾਨ ਤੇ ਬਾਬਾ ਸੋਹਣ ਸਿੰਘ ਭੱਕਣਾ, ਮਸ਼ਹੂਰ ਗਦਰੀ ਬਾਬਾ ਤੇ ਹੋਰ ਗਦਰੀ ਬਾਬੇ ਅਤੇ ਦੇਸ਼ ਭਗਤ ਵੀ ਆਉਂਦੇ ਜਾਂਦੇ ਸਨ। ਇੱਜ਼ਤ ਅਤੇ ਹੌਂਸਲਾ ਅਫਜ਼ਾਈ ਵਜੋਂ ਕੋਲਿਜ ਦੇ ਕਈ ਵਿਦਿਆਰਥੀ ਵੀ ਬਾਬੇ ਦੀ ਦੁਕਾਨ ਤੋਂ ਦੁੱਧ ਪੀਣ ਲਗ ਪਏ। ਮੈਂ ਵੀ ਉਨ੍ਹਾਂ ਵਿਚੋਂ ਇਕ ਸਾਂ।

ਇਕ ਦਿਨ ਪੰਜ ਕੁ ਵਜੇ ਮੈਂ ਉਸ ਦੁਕਾਨ ਤੇ ਗਿਆ। ਪਾਲਾ ਸੀ, ਬੱਦਲ ਸਨ ਕੁਝ ਕੁ ਭੂਰ ਪੈ ਰਹੀ ਸੀ। ਛੇਹਰਟਾ ਸਾਹਿਬ ਵਲੋਂ ਉਥੇ ਇਕ ਸਿੰਘ ਆਇਆ, ਚਾਲੀ ਕੁ ਸਾਲ ਦਾ ਪਤਲਾ ਲੰਮਾ ਝੰਮਾ ਜਵਾਨ। ਗੋਰਾ ਰੰਗ ਨੀਲੇ ਵਸਤਰ। ਤਿੰਨ ਫੁਟੀ ਕ੍ਰਿਪਾਨ ਧਾਰਕ। ਲੰਮਾ ਬਰਛਾ ਹਥ ਵਿਚ। ਸਿੰਘ ਜਾਣ ਕੇ ਮੈਂ ਆਪਣੇ ਵਲੋਂ ਉਸਨੂੰ ਗਰਮ ਗਰਮ ਦੁੱਧ ਛਕਵਾਇਆ। ਨਾਉਂ ਪੁਛਿਆ। ਕਹਿੰਦਾ ਸੰਤ ਦੀਦਾਰ ਸਿੰਘ। ਫਿਰ ਕਹਿਣ ਲੱਗਾ, 'ਰਾਤੀਂ ਵਿਸ਼ਰਾਮ ਕਰਨ ਲਈ ਜਗ੍ਹਾ ਮਿਲੇਗੀ?' ਮੈਂ ਉਸਨੂੰ ਆਪਣੇ ਨਾਲ ਲੈ ਗਿਆ। ਹਰਿਗੋਬਿੰਦ ਹੋਸਟਲ ਵਿਚ ਇਕੱਲੇ ਇਕੱਲੇ ਵਿਦਿਆਰਥੀ ਲਈ ਛੋਟੇ ਕਮਰੇ, ਕਿਊਬੀਕਲ (cubicles) ਸਨ। ਕਿਚਨ ਦੇ ਇਕ ਸਰਵੈਂਟ ਤੋਂ ਗਰਮ ਪਾਣੀ ਮੰਗਵਾ ਕੇ ਵਰਾਂਡੇ ਵਿਚ ਸੰਤ ਜੀ ਦੇ ਹੱਥ-ਮੂੰਹ-ਪੈਰ ਧੁਵਾਏ, ਪੰਜ ਇਸ਼ਨਾਨ ਕਰਵਾਇਆ। ਅਸੀਂ ਤਾਂ ਡਾਈਨਿੰਗ ਹੋਲ ਵਿਚ ਰੋਟੀ ਖਾਇਆ ਕਰਦੇ ਸਾਂ, ਸੰਤ ਜੀ ਨੂੰ ਕਮਰੇ ਵਿਚ ਹੀ ਮੰਗਵਾ ਦਿੱਤੀ। ਸੌਣ ਲੱਗਿਆ ਆਪਣਾ ਮੰਜਾ ਮੈਂ ਸੰਤ ਜੀ ਨੂੰ ਦੇ ਦਿੱਤਾ। ਆਪ ਚਿਟਾਈ ਤੇ ਬਿਸਤਰਾ ਕਰ ਲਿਆ।

ਸੰਤ ਜੀ ਨੇ ਆਪਣੀਆਂ ਸਿਫ਼ਤਾਂ ਸੁਣਾਈਆਂ, ਜਿਨ੍ਹਾਂ ਵਿਚ ਇਹ ਵੀ ਸਨ; ਮੈਂ ਸੰਸਕ੍ਰਿਤ ਅਤੇ ਅਰਬੀ ਤੇ ਫਾਰਸੀ ਵੀ ਪੜ੍ਹਿਆ ਹੋਇਆ ਹਾਂ, ਮੈ ਵੇਦ, ਗੀਤਾ ਤੇ ਕੁਰਾਨ ਵੀ ਪੜ੍ਹੇ ਹੋਏ ਹਨ। ਮੈ ਭੇਸ ਬਦਲ ਕੇ ਮੱਕੇ ਵੀ ਜਾ ਚੁੱਕਾ ਹਾਂ। ਜਦ ਮੈਂ ਉਨ੍ਹਾਂ ਦੀ ਵਿਦਵਤਾ ਤੇ ਕੋਈ ਹੈਰਾਨੀ ਜ਼ਾਹਿਰ ਨਾ ਕੀਤੀ ਤਾਂ ਉਸ ਨੇ ਪੁਛਿਆ, "ਕੀ ਤੂੰ ਕਿਸੇ ਤੋਂ ਨਾਮ ਲਿਆ ਹੋਇਆ ਹੈ ?' ਮੈ ਉੱਤਰ ਦਿੱਤਾ, ਮੇਰੀ ਮਾਂ ਨੇ ੧੯੧੫

ਵਿਚ ਅੰਮ੍ਰਿਤ ਛਕਿਆ ਸੀ, ਮੈ ਉਸਦੇ ਕੁੱਛੜ ਸਾਂ। ਮੈਨੂੰ ਯਾਦ ਹੈ, ਪੰਜਾਂ ਪਿਆਰਿਆਂ ਨੇ ਮੈਨੂੰ ਵੀ ਬਾਟੇ ਵਿਚੋਂ ਅੰਮ੍ਰਿਤ ਪਿਲਾਇਆ ਸੀ। ਪਰ ਕਿਉਂਕਿ ਮੈਨੂੰ ਪੂਰੀ ਸੋਝੀ ਨਹੀਂ ਸੀ ਉਸ ਸਮੇਂ, ਇਸ ਲਈ ਹੁਣ ਭਾਵੇਂ ਮੈਂ ਰਹਿਤਵਾਨ ਹਾਂ, ਕ੍ਰਿਪਾਨ ਧਾਰਨ ਕੀਤੀ ਹੋਈ ਹੈ, ਭਾਵੇਂ ਨਿਤਨੇਮੀ ਹਾਂ ਅਤੇ ਨਿਤਨੇਮ ਦੀਆਂ ਸਾਰੀਆਂ ਬਾਣੀਆਂ ਯਾਦ ਹਨ ਪਰ ਮੈਂ ਹਾਲਾਂ ਮੁੜ ਅੰਮ੍ਰਿਤ ਛਕਣਾ ਚਾਹੁੰਦਾ ਹਾਂ ਅਤੇ 'ਸੁਖਮਨੀ' ਅਤੇ 'ਆਸਾ ਦੀ ਵਾਰ' ਆਦਿਕ ਹੋਰ ਬਾਣੀਆਂ ਵੀ ਯਾਦ ਕਰਨੀਆਂ ਚਾਹੁੰਦਾ ਹਾਂ। ਤਦ ਵੀ ਮੈਨੂੰ 'ਵਾਹਿਗੁਰੂ' ਮੰਤਰ ਦਾ ਪਤਾ ਹੈ। ਕਿਵੇਂ ਜਪਣਾ ਹੈ ਉਹ ਵੀ ਪਤਾ ਹੈ, ਕਿਤਾਬਾਂ ਪੜ੍ਹਕੇ ਧਾਰਮਿਕ ਟੀਚਰਾਂ ਅਤੇ ਧਰਮ-ਵਿਦਿਆਂ ਦੇ ਪ੍ਰੋਫ਼ੈਸਰਾਂ ਤੋਂ ਸੁਣਕੇ, ਆਪਣੇ ਮਾਪਿਆਂ, ਬਜ਼ੁਰਗਾਂ ਤੋਂ ਸੁਣਕੇ।"

ਸੰਤ ਜੀ : ਭਾਵੇਂ ਤੈਨੂੰ ਨਾਮ ਦਾ ਪਤਾ ਹੀ ਹੈ ਪਰ ਕਿਸੇ ਮਹਾਂ-ਪੁਰਸ਼ ਤੋਂ ਨਾਮ ਲੈਣਾ ਜ਼ਰੂਰੀ ਹੈ।

ਮੈਂ : ਇੱਕ ਇਕੱਲੇ ਸਿੱਖ ਨੂੰ ਕਿਸੇ ਨੂੰ ਨਾਮ ਦੇਣ ਦਾ ਅਧਿਕਾਰ ਨਹੀ। ਦਸ਼ਮੇਸ਼ ਜੀ ਨੇ ਇਹ ਖਤਮ ਕਰ ਦਿੱਤਾ ਸੀ। ਹੁਣ ਤਾਂ ਪੰਜ ਪਿਆਰੇ ਹੀ ਨਾਮ ਦੇ ਸਕਦੇ ਹਨ।

ਸੰਤ ਜੀ ਦੀਆਂ ਅੱਖਾਂ ਮਾਰਖੰਡ ਮਹਿੰ ਵਾਂਗ ਲਾਲ ਹੋ ਗਈਆਂ ਅਤੇ ਉਹ ਗੁੱਸੇ ਵਿੱਚ ਗੱਜ ਕੇ ਬੋਲਿਆ; ਜੇ ਤੂੰ ਸਾਥੋਂ ਨਾਮ ਨਹੀਂ ਲਵੇਂਗਾ ਤਾਂ ਨਰਕਾਂ ਨੂੰ ਜਾਵੇਂਗਾ !

ਮੈਂ : ਮੈਨੂੰ ਗੁਰਬਾਣੀ ਦੀ ਜ਼ਿਆਦਾ ਸਮਝ ਨਹੀਂ ਹਾਲਾਂ, ਭਾਵੇਂ ਮੈਂ ਅਖੰਡ ਪਾਠੀ ਹਾਂ ਪਰ ਜਿੰਨਾ ਕੁ ਪਤਾ ਮੈਨੂੰ ਹੈ, ਉਸ ਅਨੁਸਾਰ ਗੁਰਮੱਤ ਤਾਂ ਲੋਕਾਂ ਦੇ ਮਿੱਥੇ ਹੋਏ "ਨਰਕ" 'ਸੁਰੰਗ' ਵਿਚ ਵਿਸ਼ਵਾਸ ਨਹੀਂ ਰੱਖਦੀ। ਸੋ ਮੈਂ ਵੀ ਨਹੀਂ ਰੱਖਦਾ। ਪਰ ਤੁਹਾਡੇ ਵਰਗੇ ਮਹਾਂ ਪੁਰਖ ਆਪਣੇ ਆਪ ਨੂੰ ਸੁਰਗਾਂ ਵਿਚ ਸਮਝਣ ਵਾਲੇ 'ਨਰਕ ਵਾਸੀ' ਹਨ ਕਿਉਂਕਿ ਅਹੰਕਾਰੀ ਹਨ ਦੁਖੀ ਹਨ।

ਸੰਤ ਜੀ ਚੁੱਪ ਕਰ ਗਏ। ਮੈਂ ਬੱਤੀ ਬੁਝਾ ਦਿੱਤੀ। ਮੈਂ 'ਸੋਚਿਆ, ਚੰਗਾ ਪ੍ਰਾਹੁਣਾ ਆਇਆ, ਬੜਾ ਕ੍ਰੋਧੀ, ਅਹੰਕਾਰੀ ਅਤੇ ਦੁਖਦਾਈ ਸਾਬਤ ਹੋ ਰਿਹਾ ਹੈ।'

ਮੈਂ ਅੰਦਰੋਂ ਡਰ ਵੀ ਗਿਆ। ਕਿਤੇ ਕੋਈ ਭੇਖੀ ਡਾਕੂ ਚੋਰ ਨਾ ਹੋਵੇ ! ਇਸ ਪਾਸ ਲੰਮੀ ਕਿਪ੍ਰਾਨ ਹੈ, ਕਿਤੇ ਮੇਰੇ ਸੁੱਤਿਆਂ ਹੋਇਆ ਮੇਰੇ ਤੇ ਹੱਲਾ ਬੋਲਕੇ ਮੈਨੂੰ ਜਾਨੋ ਨਾ ਮਾਰ ਦੇਵੇ, ਜ਼ਖਮੀ ਨਾ ਕਰ ਦੇਵੇ, ਮੇਰੇ ਪਾਸ ਤਾਂ ਛੋਟੀ ਕ੍ਰਿਪਾਨ ਹੈ, ਮੈਨੂੰ ਤਾਂ ਗੱਤਕਾ ਨਹੀਂ ਆਉਂਦਾ, ਕ੍ਰਿਪਾਨ ਵਰਤਣ ਦੇ ਦਾਉ ਪੇਚ ਨਹੀਂ ਆਉਂਦੇ। ਫਿਰ ਸੋਚਿਆ, ਮੈ ਰੌਲਾ ਪਾ ਦਿਆਂਗਾ। ਗਵਾਂਢੀ ਵਿਦਿਆਰਥੀ ਮੇਰੀ ਮਦਦ ਲਈ ਆ ਜਾਣਗੇ। ਫਿਰ ਸੋਚਿਆ ਭੀੜ ਪਈ ਤਾਂ ਸ਼ਾਇਦ ਕੋਈ ਇੱਕ ਵੀ ਡਰਦਾ ਲਾਗੇ ਨਾ ਆਵੇ। ਫਿਰ ਸੋਚਿਆ, ਗੁਰਬਾਣੀ ਤਾਂ ਦੱਸਦੀ ਹੈ, 'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ," ਸੋ ਸੋਹਿਲਾ ਪੜ੍ਹਕੇ ਬੇਫਿਕਰ ਹੋ ਕੇ ਸੌਂ ਗਿਆ।

ਉਨ੍ਹੀਂ ਦਿਨੀਂ ਮੈਂ ਰੋਜ਼ ਤੜ੍ਹਕੇ ਦੋ ਵਜੇ ਨ੍ਹਾਇਆ ਕਰਦਾ ਸਾਂ। ਆਪਣੇ ਪਾਸ ਇਕ ਫੱਟਾ ਅਤੇ ਬਾਲਟੀ ਰੱਖੀ ਹੋਈ ਸੀ। ਰਾਤ ਨੂੰ ਫੁਟ-ਸਰਵੈਂਟ ਤੋਂ ਬਾਲਟੀ ਪਾਣੀ ਨਾਲ ਭਰਾ ਲੈਂਦਾ ਸੀ ਅਤੇ ਉਸ ਠੰਡੇ ਪਾਣੀ ਨਾਲ ਹੀ ਵਰਾਂਡੇ ਵਿਚ ਨ੍ਹਾ ਲੈਂਦਾ ਸਾਂ। ਉਸ ਦਿਨ ਕਿਚਨ ਵਿਚੋਂ ਇਕ ਹੋਰ ਬਾਲਟੀ ਪਾਣੀ ਦੀ ਮੰਗਵਾ ਲਈ। ਆਪ ਇਸ਼ਨਾਨ ਕੀਤਾ। ਸੰਤ ਜੀ ਨੂੰ ਕਰਵਾਇਆ।

ਸਵੇਰੇ ਅਸੀਂ ਦੋਹਾਂ ਨੇ ਹੀ ਕਿਚਨ ਵਿਚੋਂ ਲਿਆਂਦੀ ਗਈ ਬ੍ਰੇਕਫਾਸਟ ਕੀਤੀ। ਸੰਤ ਜੀ ਗੁੱਸੇ ਦੇ ਭਰੇ ਹੋਏ ਹੀ ਫ਼ਤਹ ਬੁਲਾਕੇ ਚਾਲੇ ਪਾ ਗਏ। ਮੈਂ ਵਾਹਿਗੁਰੂ ਜੀ ਦਾ ਸ਼ੁਕਰ ਕੀਤਾ ਕਿ ਸੰਤ ਜੀ ਤੋਂ ਛੁਟਕਾਰਾ ਮਿਲਿਆ ਅਤੇ ਪੜ੍ਹਨ ਲਈ ਚਲਾ ਗਿਆ।

(੨) ਦੋ ਸੰਤ ਸਨ ਬਠਿੰਡੇ ਦੇ ਇਲਾਕੇ ਦੇ ਜੰਮ ਪਲ। ਇਕ ਦਾ ਜਨਮ ਤੇਲੀਆਂ ਦੇ ਘਰ ਦਾ ਸੀ। ਸੰਤ ਬਣ ਕੇ ਉਸਨੇ ਆਪਣੀ ਇੰਦ੍ਰੀ ਕਟਵਾ ਦਿੱਤੀ, ਪਤਲਾ ਗੋਰਾ ਲੰਮਾ ਜਵਾਨ ਸੀ। ਕੋਰਾ ਅਨਪੜ੍ਹ ਪਰ ਮਿੱਠ ਬੋਲਾ। ਮਸਤੂਆਣੀ ਕਾਲੀ ਦਸਤਾਰ। ਬੱਬਰਾਂ ਨਾਲ ਮਿਲ ਗਿਆ। ਕੁਝ ਤਕਰੀਰਾਂ ਕੀਤੀਆਂ। ੨ ਜੂਨ ੧੯੨੨ ਵਿਚ ਫੜਿਆ ਗਿਆ। ਹਜ਼ਾਰ ਰੁਪਏ ਦੀ ਜ਼ਮਾਨਤ ਮੰਗੀ ਗਈ, ਇਨਕਾਰੀ ਹੋ ਗਿਆ, ਨੌ ਸਾਲ ਦੀ ਜੇਲ੍ਹ ਹੋਈ, ਜਿਹਲਮ ਭੇਜਿਆ ਗਿਆ, ਮੁਆਫੀ ਮੰਗ ਕੇ ਆ ਗਿਆ। ਫਿਰ ਬੱਬਰਾਂ ਦੇ ਵਿਰੁੱਧ ਸਰਕਾਰੀ ਸੂਹੀਆ ਬਣ ਗਿਆ। ਉਸਨੂੰ ਇਕ ਸਰਕਾਰੀ ਪਿਸਟਲ ਵੀ ਮਿਲ ਗਿਆ। ਇਹ ਕਥਿਤ ਸੰਤ ਛੜਾ ਹੀ ਸੀ। ਬੱਬਰਾਂ ਦੀ ਹਿੱਟ ਲਿਸਟ ਤੇ ਆ ਗਿਆ। ਮੇਰੀ ਪਤਨੀ ਦਾ ਸਕਾ ਚਾਚਾ ਬੱਬਰ ਗਿਆਨੀ ਗੁਰਦਿੱਤ ਸਿੰਘ "ਦਲੇਰ" ਮੰਢਾਲੀ ਅਤੇ ਬੱਬਰ ਕਰਤਾਰ ਸਿੰਘ "ਕਿਰਤੀ" ਚੱਕ ਬਾਗੜੀਆਂ, ਦੋ ਵਾਰ ਉਸਨੂੰ ਮਾਰਨ ਲਈ ਨਨਕਾਣਾ ਸਾਹਿਬ ਵੀ ਗਏ ੧੯੩੪-੩੫ ਵਿਚ। ਪਰ ਉਹ ਇਕਲਾ ਕਿਤੇ ਕਾਬੂ ਨਾ ਆਇਆ। ਪਤਾ ਨਹੀ ਉਸਦੀ ਮੌਤ ਪਿਛੋਂ ਕਿਵੇਂ ਤੇ ਕਿੱਥੇ ਹੋਈ।

ਇਸ ਦਾ ਦੂਜਾ ਸਾਥੀ ਆਪਣੇ ਆਪ ਨੂੰ ਜੱਟ ਦੱਸਦਾ ਸੀ, ਲੰਮਾ ਗੋਰਾ ਸੀ, ਮਸਤੂਆਣੀ ਪੱਗ ਬੰਨ੍ਹਦਾ ਸੀ। ਉਸਨੇ ਇਕ ਗੁਰਦੁਆਰਾ ਬਣਾਇਆ ਹੋਇਆ ਸੀ। ਇਹ ਸੰਤ ਕੀਰਤਨ ਵੀ ਕਰ ਲੈਂਦਾ ਸੀ, ਸਾਧਾਰਨ ਤੌਰ ਤੇ। ਸੰਤ ਰੋਜ਼ ਸਵੇਰੇ ਇਕ ਗਲਾਸ ਅਧਰਿੜਕੇ ਦਾ ਪੀਂਦਾ ਸੀ। ਦੁਪਹਿਰ ਨੂੰ ਇਕ ਚੋਪੜੀ ਰੋਟੀ ਘਿਉ ਵਾਲੀ ਦਾਲ ਸਬਜ਼ੀ ਨਾਲ। ਤ੍ਰਿਕਾਲਾਂ ਨੂੰ ਸਿਆਲ ਵਿਚ ਬਾਦਾਮ ਗਿਰੀਆਂ ਦੀ ਇਕ ਮੁੱਠ ਰਗੜ ਕੇ ਇਕ ਗਲਾਸ ਗਰਮ ਦੁੱਧ ਵਿਚ ਰਲਾਕੇ ਪੀਂਦਾ ਸੀ ਅਤੇ ਗਰਮੀਆਂ ਨੂੰ ਇਕ ਮੁੱਠ ਬਾਦਾਮ ਗਿਰੀਆਂ ਦੀ ਸ਼ਰਦਾਈ। ਰਾਤ ਨੂੰ ਦੁਪਹਿਰ ਵਾਂਗ ਹੀ ਚੰਗੀ ਰੋਟੀ ਖਾਂਦਾ ਸੀ। ਸੌਣ ਲਗਿਆਂ ਇਕ ਗਲਾਸ ਦੁਧ ਦਾ ਪੀਂਦਾ ਸੀ। ਸ਼ਰਧਾਲੂ ਲੋਕ ਕਹਿੰਦੇ ਹਨ ਸੰਤਾਂ ਦਾ ਚਿਹਰਾ ਬੜਾ ਦਗ ਦਗ ਕਰਦਾ ਹੈ। ਪਰ ਐਨੀ ਖੁਰਾਕ ਖਾਣ ਨਾਲ ਕੁਕਰਮੀ ਬਦਮਾਸ਼ ਦਾ ਚਿਹਰਾ ਵੀ ਦਗ ਦਗ ਕਰ ਸਕਦਾ ਹੈ।

ਸੰਤ ਨੇ ਮਸ਼ਹੂਰ ਕਰ ਰਖਿਆ ਸੀ ਕਿ ਉਹ ਨਾਮਰਦ ਹੈ ਪਰ ਸੀ ਉਹ ਬਦਚਲਨ। ਸੀ ਵੀ ਸ਼ੈਤਾਨ। ਉਸਨੇ ਗੁਰਦੁਆਰੇ ਤੋਂ ਸੌ ਕੁ ਗਜ਼ ਤੇ ਛੋਟਾ ਜਿਹਾ ਬੁਰਜ ਬਣਾਇਆ ਹੋਇਆ ਸੀ, ਇਕ ਮੰਜੇ ਦੀ ਥਾਂ ਖਾਲੀ ਸੀ, ਇਕ ਮੰਜਾ ਰਖਿਆ ਹੋਇਆ ਸੀ। ਫਰਸ਼ ਤੇ ਦਰੀ ਵਿਛਾਈ ਹੋਈ ਸੀ। ਉਸਨੇ ਆਪਣੇ ਸ਼ਰਧਾਲੂਆਂ ਵਿਚ ਝੂਠੀ ਗੱਲ ਫੈਲਾਈ ਹੋਈ ਸੀ ਕਿ ਜੇ ਕੋਈ ਰਾਤ ਨੂੰ ਸੰਤ ਦੇ ਬੁਰਜ ਪਾਸ ਜਾਵੇ ਤਾਂ ਉਸਨੂੰ ਦਰਵਾਜੇ ਉਤੇ ਇਕ ਸ਼ੇਰ ਪਹਿਰਾ ਦਿੰਦਾ ਦਿਸਦਾ ਹੈ। ਜਿਸਤੋਂ ਡਰਦਾ ਉਹ ਵਾਪਸ ਦੌੜ ਜਾਂਦਾ ਹੈ। ਅਸਲ ਵਿਚ ਉਹ ਉਸ ਬੁਰਜ ਵਿਚ ਕੁਕਰਮ ਕਰਦਾ ਸੀ। ਡੇਰੇ ਦੇ ਇਕ ਸਿੰਘ ਨੇ ਦੇਖ ਲਿਆ, ਉਸਨੂੰ ਝਿੜਕਕੇ ਡੇਰਿਉਂ ਕਢ ਦਿੱਤਾ।

ਲਾਗਲੇ ਇਕ ਪਿੰਡ ਦੀ ਜਾਗੀਰਦਾਰ ਸਰਦਾਰਨੀ ਨਾਲ ਉਹ ਸੰਤ ਖਰਾਬ ਹੋ ਗਿਆ। ਸਰਦਾਰਨੀ ਦੇ ਪਤੀ ਨੂੰ ਪਤਾ ਲੱਗਾ ਅਤੇ ਉਸਨੇ ਆਪਣੀ ਪਤਨੀ ਦੀ ਮਾਰ ਕੁਟਾਈ ਕੀਤੀ। ਪਤਨੀ ਨੇ ਆਪਣੇ ਪਤੀ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਪੈਸੇ ਦੇ ਜ਼ੋਰ ਕੋਈ ਸੂਹ ਨਾ ਨਿਕਲਣ ਦਿੱਤੀ। ਆਮ ਜਨਤਾ ਵਿਚ ਦਸਿਆ ਗਿਆ ਕਿ ਸਰਦਾਰ ਕੁਦਰਤੀ ਮੌਤੇ ਮਰਿਆ ਹੈ।

ਅਖੀਰ ਉਮਰ ਵਿਚ ਇਹ ਸੰਤ ਆਪਣੇ ਇਕ ਸ਼ਰਧਾਲੂ ਦੇ ਘਰ ਦਿੱਲੀ ਰਹਿੰਦਾ ਸੀ। ਉਸਨੂੰ ਘਰ ਵਾਲਿਆਂ ਜੁਦਾ ਕਮਰਾ ਦਿੱਤਾ ਹੋਇਆ ਸੀ। ਇਸਨੇ ਇਕ ਦਿਨ ਤੜਕੇ ਪਾਣੀ ਗਰਮ ਕਰਨ ਲਈ ਕਮਰੇ ਅੰਦਰ ਅੰਗੀਠੀ ਮੰਘਾਈ, ਦਰਵਾਜਾ ਬੰਦ ਰਖਿਆ, ਅੰਗੀਠੀ ਦੇ ਧੂੰਏ ਨਾਲ ਕਮਰਾ ਭਰ ਗਿਆ ਤੇ ਸੰਤ ਸਾਹ ਘੁਟ ਹੋ ਕੇ ਮਰ ਗਿਆ। ਘਰ ਵਾਲਿਆਂ ਸਵੇਰ ਨੂੰ ਦੇਖਿਆ। ਇਹੋ ਜਿਹੇ ਸੰਤਾਂ ਤੋਂ ਬਖਸ਼ੇ ਵਾਹਿਗੁਰੂ।

(੩) ਇਕ ਸੰਤ ਸੀ ਮਾਲਵੇ ਦਾ। ਪਹਿਲਾਂ ਦਰਜੀ ਦਾ ਕਿੱਤਾ ਕਰਦਾ ਸੀ। ਵਹੁਟੀ ਮਰ ਗਈ ਢੋਲਕੀ ਚਿਮਟਾ ਤੇ ਵਾਜਾ ਵਜਾਉਣਾ ਸਿਖ ਲਿਆ, ਬੋਲ ਸੁਰੀਲਾ ਸੀ ਸੰਤ ਬਣ ਗਿਆ। ਮਸਤੂਆਣੀ ਚਿੱਟੀ ਪੱਗ, ਗੋਰਾ ਰੰਗ ਮਧਰਾ ਸਰੀਰ, ਪਤਲਾ। ਆਪਣੇ ਸ਼ਰਧਾਲੂਆਂ ਨੂੰ ਆਪਣੀ ਰੰਗੀਨ ਫੋਟੋ ਵਾਲੇ ਬੈਜ ਪਹਿਨਣ ਨੂੰ ਦਿੰਦਾ ਸੀ ਅਤੇ ਖੁਸ਼ ਹੁੰਦਾ ਸੀ। ਇਸਦੇ ਸ਼ਰਧਾਲੂ ਕਹਿੰਦੇ ਸਨ ਕਿ ਸੰਤ ਜੀ ਭਾਈ ਗੁਰਦਾਸ ਜੀ ਦਾ ਅਵਤਾਰ ਹਨ। "ਕਿੱਥੇ ਰਾਮ ਕਿੱਥੇ ਟੈਂ ਟੈਂ!" ਪਰ ਉਹ ਸ਼ਰਧਾਲੂਆਂ ਨੂੰ ਇਸ ਤਰ੍ਹਾਂ ਕਹਿਣੋ ਰੋਕਦਾ ਨਹੀਂ ਸੀ ਬਲਕਿ ਖੁਸ਼ ਹੁੰਦਾ ਸੀ। ਜਦ ਬਾਹਰ ਦਾ ਪ੍ਰੋਗਰਾਮ ਨਾ ਹੋਵੇ ਤਾਂ ਆਪਣੇ ਜਥੇ ਸਮੇਤ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਇਕ ਤਿੰਨ ਮੰਜ਼ਲੇ ਮਕਾਨ ਵਿਚ ਰਹਿੰਦਾ ਸੀ। ਹੇਠਲੀ ਮੰਜ਼ਿਲ ਵਿਚ ਸਿਰਫ ਇਸ਼ਨਾਨ ਕਰਨ ਲਈ ਨਲਕੇ ਸਨ। ਵਿਚਕਾਰਲੀ ਮੰਜ਼ਿਲ ਵਿਚ ਜਥਾ ਰਹਿੰਦਾ ਸੀ, ਭੁੰਜੇ ਆਸਣ ਵਿਛਾ ਕੇ। ਉਪਰਲੀ ਮੰਜ਼ਿਲ ਵਿਚ ਸੰਤ ਜੀ ਤੇ ਉਸਦੀ ਖਜ਼ਾਨਚੀ, ਵਿਧਵਾ ਨੌਜਵਾਨ ਇਸਤਰੀ ਜੋ ਸੰਤ ਦੇ ਖਾਨਦਾਨ ਵਾਲਿਆਂ ਵਾਲਾ ਕਿੱਤਾ ਕਰਨ ਵਾਲਿਆਂ ਵਿਚੋਂ ਸੀ ਬਹੁਤ ਸੁਨੱਖੀ ਸੀ। ਰਾਤ ਨੂੰ ਉਪਰਲੀ

ਮੰਜ਼ਿਲ ਵਿਚ ਜਾਣਦੀ ਕਿਸੇ ਨੂੰ ਆਗਿਆ ਨਹੀਂ ਸੀ। ਰਾਤ ਨੂੰ ਸੰਤ ਜੀ ਉਪਰ ਚੜ੍ਹਕੇ ਪੌੜੀ ਦੇ ਦਰਵਾਜ਼ੇ ਨੂੰ ਕੁੰਡੀ ਲਾ ਦਿੰਦਾ ਸੀ। ਸੰਤ ਜੀ ਦੇ ਸੌਣ ਨੂੰ ਮੰਜਾ ਇਕ ਹੀ ਸੀ। ਜਥੇ ਦੇ ਮੈਂਬਰ ਵੀ ਅੰਦਰੋ ਅੰਦਰੀ ਸੰਤਾਂ ਦੇ ਆਚਰਣ ਤੇ ਪੂਰਾ ਪੂਰਾ ਸ਼ੱਕ ਕਰਦੇ ਸਨ। ਪਰ ਸੰਤ ਜੀ ਨੂੰ ਇਹ ਗੱਲ ਕਹਿਣ ਦੀ, ਦਲੇਰੀ ਕਿਸੇ ਵਿਚ ਨਹੀਂ ਸੀ। ਕਹਿੰਦੇ ਸਨ; 'ਆਪਾਂ ਨੂੰ ਕੀ ? ਆਪਾਂ ਤਾਂ ਆਨੰਦ ਲੈਣਾ ਹੈ !' ਪਾਕਿਸਤਾਨ ਬਣਨ ਤੇ ਇਕ ਅਮੀਰ ਵਿਧਵਾ ਸੁੰਦਰ ਸਿੱਧੀ ਬੀਬੀ ਜੋ ਉਸ ਸੰਤ ਦੀ ਸ਼ਰਧਾਲੂ ਸੀ, ਉਸ ਪਾਸ ਆ ਕੇ ਗ੍ਰਿਹਸਥੀ ਜੀਵਨ ਬਤੀਤ ਕਰਨ ਲੱਗ ਪਈ।

(੪) ਪੰਜਾਹਵਿਆਂ ਦੇ ਆਰੰਭ ਅਤੇ ਚਾਲੀਵਿਆਂ ਤੇ ਅੰਤ ਕਿਸੇ ਸਮੇਂ ਇੰਡੀਆਂ ਤੋਂ ਇਕ ਬਿਰਧ ਸੰਤ ਆਏ। ਉਚੇ ਲੰਮੇ, ਮੋਟੇ ਡਾਢੇ ਮਸਤੂਆਣੀ ਚਿੱਟੀ ਪਗ ਵਾਲੇ। ਕੇਨੀਆਂ ਵਿਚ ਐਲਡੋਰੈਂਟ ਸ਼ਹਿਰ ਵੀ ਗਏ। ਦੋ ਸ਼ਰਧਾਲੂ ਸਿੰਘ ਉਨ੍ਹਾਂ ਨੂੰ ਆਪਣੇ ਘਰ ਲੈ ਗਏ। ਸਕੇ ਭਰਾ ਸਨ, ਸੰਤ ਜੀ ਨੂੰ ਵੱਖ ਅਤੇ ਜ਼ਰਾ ਦੂਰ ਵਾਲਾ ਕਮਰਾ ਰਿਹਾਇਸ਼ ਲਈ ਦਿੱਤਾ ਗਿਆ। ਤਿੰਨ ਬਾਰਾਂ ਬਾਰਾਂ ਸਾਲ ਦੀਆਂ ਬੀਬੀਆਂ, ਦੋ ਆਪੋ ਵਿਚ ਚਚੇਰੀਆਂ, ਤਾਏਰੀਆਂ ਭੈਣਾਂ ਸਨ ਅਤੇ ਤੀਜੀ ਇਕ ਦੋਸਤ ਦੀ ਧੀ, ਉਹਨਾਂ ਦੀ ਸਹੇਲੀ ਸੀ। ਸੰਤ ਜੀ ਦੇ ਕਮਰੇ ਵਿਚ ਸ਼ਰਧਾ ਵਜੋਂ ਜਾਣ ਲੱਗ ਪਈਆਂ। ਇਕ ਦਿਨ ਸੰਤ ਜੀ ਨੇ ਉਨ੍ਹਾਂ ਨੂੰ ਕਿਹਾ : ਮੇਰੇ ਢਿੱਡ ਦੀ ਤੇਲ ਨਾਲ ਮਾਲਸ਼ ਕਰੋ। ਤਿੰਨਾਂ ਤੋਂ ਵਾਰੀ ਵਾਰੀ ਕਰਵਾਈ। ਫੇਰ ਕਿਹਾ, ਹੁਣ ਤੁਸੀਂ ਆਪਣੇ ਢਿੱਡ ਨੰਗੇ ਕਰੋ, ਮੈਂ ਤੁਹਾਡੇ ਢਿੱਡਾਂ ਦੀ ਮਾਲਿਸ਼ ਕਰਾਂ। ਤਿੰਨਾਂ ਨੇ ਮਾਲਸ਼ ਕਰਵਾਈ। ਸੰਤ ਜੀ ਨੇ ਕਿਹਾ ਕਿਸੇ ਨਾਲ ਇਹ ਗਲ ਨ ਕਰਿਉ। ਪਰ ਉਨ੍ਹਾਂ ਵਿਚੋਂ ਇਕ ਨੇ ਆਪਣੇ ਸਕੇ ਭਰਾ ਨੂੰ ਦੱਸ ਦਿੱਤਾ। ਉਸਨੇ ਅਗੋਂ ਆਪਣੀ ਮਾਂ ਨੂੰ ਦੱਸ ਦਿੱਤਾ। ਡਰਦਿਆਂ ਇਹ ਸਲਾਹ ਕੀਤੀ ਕਿ ਬਚਿਆਂ ਦੇ ਚਾਚੇ ਤਾਏ ਨੂੰ ਇਹ ਗਲ ਨਾ ਦੱਸੀ ਜਾਏ। ਬੀਬੀਆਂ ਅਗੇ ਲਈ ਸੰਤ ਜੀ ਪਾਸ ਨਾ ਜਾਣ ਅਤੇ ਸੰਤ ਜੀ ਨੂੰ ਢੰਗ ਢੰਗ ਨਾਲ ਵਿਦਾ ਕਰ ਦਿੱਤਾ ਜਾਵੇ ਤਾਂਕਿ ਕੋਈ ਗਲ ਬਾਹਰ ਨਾ ਨਿਕਲੇ। ਇਉਂ ਹੀ ਕੀਤਾ ਗਿਆ। ਤਿੰਨੇ ਬੀਬੀਆਂ ਮੇਰੀਆਂ ਵਿਦਿਆਰਥਣਾਂ ਸਨ, ਬੜੀਆਂ ਸ਼ਰੀਫ ਸਨ। ਤਿੰਨਾਂ ਵਿਚੋਂ ਇੱਕ ਬੀਬੀ ਦੇ ਉਸ ਭਰਾ ਨੇ ਇਹ ਗਲ੍ਹ ਮੈਨੂੰ ਦੱਸੀ, ਉਹ ਵੀ ਮੇਰਾ ਵਿਦਿਆਰਥੀ ਸੀ ਬੜਾ ਸ਼ਰੀਫ ਸੀ। ਆਪਣੇ ਘਰ ਦਾ ਹਰਿਕ ਦੁਖ ਸੁਖ ਉਹ ਮੇਰੇ ਨਾਲ ਫਰੋਲ ਲੈਂਦਾ ਸੀ। ਮੈਨੂੰ ਉਸਤੇ ਪੂਰਾ ਭਰੋਸਾ ਸੀ। ਉਹ ਝੂਠ ਨਹੀਂ ਸੀ ਬੋਲਿਆ ਕਰਦਾ। ਇੱਜ਼ਤ ਵਜੋਂ ਮੈਨੂੰ ਪਿਤਾ ਜੀ ਕਹਿ ਕੇ ਬੁਲਾਇਆ ਕਰਦਾ ਸੀ। ਫਿਰ ਕੋਈ ਭਰਾ ਉਹ ਗਲ ਝੂਠੀ ਨਹੀਂ ਦਸ ਸਕਦਾ, ਜਿਸਦਾ ਸਬੰਧ ਉਸਦੀ ਭੈਣ ਨਾਲ ਵੀ ਹੋਵੇ ਅਤੇ ਖਾਨਦਾਨ ਦੀ ਇੱਜ਼ਤ ਨਾਲ ਵੀ।

ਸੰਤ ਜੀ ਨੇ ਇਹ ਗੱਲ ਵੀ ਉੜਾਈ ਕਿ ਉਨ੍ਹਾਂ ਦੀ ਦੇਖ ਰੇਖ ਵਿਚ ਜੋ ਇਕ ਅਖੰਡ ਪਾਠ ਗੁਰਦੁਆਰਾ ਮਕਿੰਡੋ ਵਿਚ ਹੋਇਆ, ਉਥੇ ਭਾਈ ਦਯਾ ਸਿੰਘ ਜੀ ਦੀ ਜਥੇਦਾਰੀ ਵਿਚ ਪੰਜਾਂ ਪਿਆਰਿਆਂ ਨੇ ਆਪ ਆ ਕੇ ਪਾਠ ਕੀਤਾ।

ਇਕ ਵਾਰੀ ਸੰਤ ਜੀ ਟਿੰਬੋਰੂਆਂ (Timboroa) ਦੇ ਨੇੜੇ ਤੇੜੇ ਕਾਰ ਦਾ ਸਫ਼ਰ ਕਰਦੇ ਸਨ। ਕਾਰ ਖੜੀ ਕਰਾ ਕੇ ਸੜਕ ਤੋਂ ਜ਼ਰਾ ਲਾਂਭੇ ਹੋਏ। ਕਾਫੀ ਚਿਰ ਪਿਛੋਂ ਵਾਪਸ ਆਏ ਅਤੇ ਨਾਲਦਿਆਂ ਨੂੰ ਦਸਿਆ; ਮੇਰੀ ਮਾਂ ਹਰਨੀ ਦੀ ਸ਼ਕਲ ਵਿਚ ਇਸ ਥਾਂ ਸੀ। ਮੈਨੂੰ ਮਿਲੀ, ਬੜਾ ਰੋਈ, ਮੈਂ ਵੀ ਰੋਇਆ। ਉਸ ਸਮੇਂ ਉਸਨੇ ਸਰੀਰ ਛੱਡ ਦਿੱਤਾ। ਮੈਂ ਟੋਆ ਪੁੱਟਕੇ ਉਸਨੂੰ ਦੱਬ ਦਿੱਤਾ ਅਤੇ ਅਰਦਾਸ ਕੀਤੀ। ਵਿਚਾਰੀ ਮਾਂ ਨੂੰ ਇੰਡੀਆਂ ਤੋਂ ਬਾਹਰ ਕੇਨੀਆਂ ਵਿਚ ਜਨਮ ਲੈਣਾ ਪਿਆ। ਜਨਮ ਵੀ ਹਰਣੀ ਦਾ ! ਸੰਤ ਜੀ ਨੇ ਪਤਾ ਨਹੀਂ ਟੋਆ ਕਿਵੇਂ ਪੁਟਿਆ ਹੋਵੇਗਾ ! ਕੋਈ ਰੰਬਾ ਕਹੀ ਆਦਿਕ ਤਾਂ ਉਨ੍ਹਾਂ ਕੋਲ ਸੀ ਨਹੀਂ ਅਤੇ ਉਹ ਪਹਾੜੀ ਇਲਾਕਾ ਹੈ, ਜ਼ਮੀਨ ਪੱਥਰੀਲੀ ਹੈ। ਵਿਚਾਰੀ ਮਾਂ ਦਾ ਅੰਤਿਮ ਸੰਸਕਾਰ ਵੀ ਬੜਾ ਸਾਧਾਰਣ ਹੋਇਆ। ਦੇਹ ਨੂੰ ਜਲਾਇਆ ਨਾ ਗਿਆ, ਕੋਈ ਪਾਠ ਨਾ ਹੋਇਆ। ਨਾ ਕੋਈ ਕੀਰਤਨ ਹੋਇਆ। ਸੰਤਾ ਦੇ ਚੋਜ ਸੰਤ ਜੀ ਜਾਨਣ !

## 'ਸੇਲੀ ਟੋਪੀ' ਤੇ 'ਸਾਬਤ ਸੂਰਤਿ, ਦਸਤਾਰ ਸਿਰਾ'

'ਪੱਗ' ਪੰਜਾਬੀ ਦਾ ਸ਼ਬਦ ਹੈ। ਅਲਪਾਰਥਕ ਤੌਰ ਤੇ 'ਪਗੜੀ' ਅਤੇ 'ਪੱਗੜ' ਵੀ ਵਰਤਿਆ ਜਾਂਦਾ ਹੈ। ਕਵਿਤਾ ਵਿਚ 'ਪਾਗ' ਤੇ 'ਪਗਰੀ' ਵੀ ਵਰਤਿਆ ਜਾਂਦਾ ਹੈ। ਆਪਣੇ ਅਸਲੀ ਜਾ ਬਦਲੇ ਹੋਏ ਰੂਪ ਵਿਚ ਇਹ ਸ਼ਬਦ ਭਾਰਤ ਦੀਆਂ ਹਿੰਦੀ, ਉਰਦੂ ਅਤੇ ਗੁਜਰਾਤੀ ਆਦਿਕ ਹੋਰ ਬੋਲੀਆਂ ਵਿਚ ਵੀ ਵਰਤਿਆਂ ਜਾਂਦਾ ਹੈ।

'ਦਸਤਾਰ' ਫਾਰਸੀ ਦਾ ਸ਼ਬਦ ਹੈ। ਇਸਲਾਮ ਦੇ ਆਉਣ ਨਾਲ ਇਹ ਭਾਰਤ ਵਿਚ ਆ ਗਿਆ।

ਸਾਡੇ ਸਾਰੇ ਹਿੰਦੂ ਤੇ ਮੁਸਲਮਾਨ ਬਜ਼ੁਰਗ ਪੱਗ, ਦਸਤਾਰ ਬੰਨ੍ਹਦੇ ਸਨ। ਖ਼ੁਦ ਹਜ਼ਰਤ ਮੁਹੰਮਦ ਸਾਹਿਬ ਵੀ ਦਸਤਾਰ ਬੰਨ੍ਹਦੇ ਸਨ। ਸੂਫੀ, ਫ਼ਕੀਰ ਵੀ ਦਸਤਾਰ ਬੰਨ੍ਹਦੇ ਸਨ। ਇਸਲਾਮ ਵਿਚ ਫ਼ਕੀਰਾਂ ਦੇ ਪੰਜ ਦਰਜੇ ਹਨ : ਵਲੀ, ਗੌਸ, ਕੁਤਬ, ਅਬਦੁਲ ਅਤੇ ਕਲੰਦਰ। ਇਹ ਸਾਰੇ ਵੀ ਦਸਤਾਰ ਬੰਨ੍ਹਦੇ ਸਨ। ਪੀਰ ਹਮਜ਼ਾ ਗੌਸ ਤੇ ਪੀਰ ਵਲੀ ਕੰਧਾਰੀ ਦਾ ਸੰਬੰਧ ਤਾਂ ਸਿੱਖ ਇਤਿਹਾਸ ਨਾਲ ਵੀ ਹੈ।

ਇਸਲਾਮੀ ਦੇਸ਼ਾਂ ਵਿਚ ਆਮ ਲੋਕੀਂ ਦਸਤਾਰ ਬੰਨਦੇ ਸਨ।

ਭਾਰਤ ਤੇ ਹੋਰ ਸਾਰੇ ਦਸਤਾਰ ਬੰਨ੍ਹਣ ਵਾਲੇ ਦੇਸ਼ਾਂ ਵਿਚ ਇਸ ਨੂੰ ਇੱਜ਼ਤ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਅਜਕਲ੍ਹ ਵੀ ਜਿਹੜੇ ਗੁਜਰਾਤੀ ਪੱਗ ਨਹੀਂ ਬੰਨ੍ਹਦੇ, ਕਿਸੇ ਦੀ ਅਰਥੀ ਨਾਲ ਜਾਣ ਵੇਲੇ ਤਾਂ ਉਹ ਵੀ ਬੰਨ੍ਹ ਲੈਂਦੇ ਹਨ।

ਕਿਸੇ ਦੀ ਬੇਇੱਜ਼ਤੀ ਕਰਨੀ ਹੋਵੇ ਤਾਂ ਉਸ ਦੀ ਪੱਗ ਲਾਹ ਦਿੱਤੀ ਜਾਂਦੀ ਹੈ। ਵਾਹ ਲਗਦੀ, ਗੈਰਤ ਵਾਲਾ ਬੰਦਾ, ਆਪਣੀ ਪੱਗ ਕਿਸੇ ਨੂੰ ਲਾਹੁਣ ਨਹੀਂ ਦਿੰਦਾ। ਇਸ ਲਈ ਹੀ 'ਪੱਗ ਲਾਹੁਣੀ' ਮੁਹਾਵਰਾ ਹੈ ਜਿਸ ਦਾ ਅਰਥ ਹੈ 'ਬੇ-ਇਜ਼ਤੀ ਕਰਨੀ'।

'ਵਾਰ ਨਾਦਰ ਸ਼ਾਹ ਦੀ' ਵਿਚ ਕਵੀ ਨਜਾਬਤ ਨੇ ਲਿਖਿਆ ਹੈ :-

'ਤੁਹਾਡੀ ਮਾਲ ਵਲਾਇਤ ਨੂੰ, ਲੁੱਟ ਕੇ ਗਏ ਪੰਜਾਬੀ,
ਲੈ ਗਏ ਸਿਰੋਂ ਉਤਾਰ ਕੇ, ਦਸਤਾਰ ਤੁਹਾਡੀ।'

ਏਥੇ ਵੀ 'ਤੁਹਾਡੀ ਦਸਤਾਰ ਸਿਰੋਂ ਉਤਾਰ ਕੇ ਲੈ ਗਏ' ਦਾ ਮਤਲਬ ਹੈ 'ਤੁਹਾਡੀ ਬੇ-ਇੱਜ਼ਤੀ ਕਰ ਗਏ।'

ਹਿੰਦੂ ਤੇ ਮੁਸਲਮਾਨ ਤੀਵੀਆਂ ਵੀ ਦੁਪੱਟੇ, ਚਾਦਰ ਆਦਿਕ ਨਾਲ ਸਿਰ ਢੱਕ ਕੇ ਰਖਦੀਆਂ ਸਨ। ਸਿਰ ਢੱਕਣ ਨੂੰ ਆਪਣੀ ਇੱਜ਼ਤ ਤੇ ਸੁਹਾਗ ਦੀ ਨਿਸ਼ਾਨੀ

ਸਮਝਦੀਆਂ ਸਨ। ਇਸੇ ਲਈ 'ਸਿਰੋਂ ਨੰਗੀ ਹੋ ਜਾਣਾ' ਮੁਹਾਵਰਾ ਹੈ, ਜਿਸ ਦਾ ਅਰਥ ਹੈ 'ਵਿਧਵਾ ਹੋ ਜਾਣਾ।'

ਕੇਸ ਵੀ ਸਭ ਹਿੰਦੂ ਮੁਸਲਮਾਨ ਰਖਦੇ ਸਨ। ਭਾਰਤ ਵਿਚ ਕੇਸ ਕੱਟਣ ਨੂੰ ਮੌਤ ਦੀ ਸਜ਼ਾ ਦੇ ਬਰਾਬਰ ਸਮਝਿਆ ਜਾਂਦਾ ਸੀ, ਜੋ ਲੋੜ ਪਿਆਂ ਮੌਤ ਦੀ ਸਜ਼ਾ ਕੇਸ ਕੱਟਣ ਵਿਚ ਬਦਲ ਦਿੱਤੀ ਜਾਂਦੀ ਸੀ। ਸਾਡੇ ਹਿੰਦੂ ਬਜ਼ੁਰਗਾਂ ਨੇ ਤਾਂ ਰੱਬ ਦਾ ਇੱਕ ਨਾਉਂ 'ਕੇਸ਼ਵ' ਵੀ ਰਖਿਆ ਹੋਇਆ ਸੀ, ਜਿਸ ਦਾ ਅਰਥ ਹੈ, 'ਕੇਸਾਂ ਵਾਲਾ।'

ਹਿੰਦੂ ਤੇ ਮੁਸਲਮਾਨ ਤੀਵੀਆਂ ਵੀ ਕੇਸ ਨਹੀਂ ਸਨ ਮੁੰਨਦੀਆਂ। ਕੇਸ ਸੁਹਾਗ ਦੀ ਨਿਸ਼ਾਨੀ ਸਮਝੀ ਜਾਂਦੀ ਸੀ। ਇਸ ਲਈ ਹੀ 'ਸਿਰ ਮੁੰਨੀ' ਗਾਲੀ ਦਾ ਅਰਥ 'ਵਿਧਵਾ' ਲਿਆ ਜਾਂਦਾ ਹੈ। ਸਿੰਧ ਵਿਚ ਹਾਲਾਂ ਕਲ੍ਹ ਤਾਈਂ ਰਿਵਾਜ ਸੀ ਕਿ ਵਿਧਵਾ ਹੁੰਦਿਆਂ ਹੀ ਹਿੰਦੂ ਇਸਤਰੀ ਕੇਸ ਮੁਨਾ ਲੈਂਦੀ ਸੀ।

ਆਈਏ, ਹੁਣ ਗੱਲ ਕਰੀਏ ਆਪਣੇ ਸਿੱਖ ਧਰਮ ਦੀ'

ਸ੍ਰੀ ਗੁਰੂ ਨਾਨਕ ਦੇਵ ਜੀ ਕੇਸ-ਧਾਰੀ ਸਨ।

ਬਾਬਾ ਪ੍ਰਿਥੀ ਚੰਦ ਦੇ ਪੁੱਤਰ ਬਾਬਾ ਮਿਹਰਬਾਨ ਦੀ ਆਗਿਆ ਅਨੁਸਾਰ ਕੇਸ਼ੋਰਾਮ ਬ੍ਰਾਹਮਣ ਨੇ ਇਕ ਜਨਮ ਸਾਖੀ ਲਿਖੀ, ਜੋ ਸੰਨ ੧੬੫੧ ਵਿਚ ਮੁੱਕੀ। ਉਸ ਪੋਥੀ ਵਿਚ ਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ ਹੈ :-

'ਜਿਉ ਕਪੜੇ ਉਤਾਰਿ ਨਫਰ ਕਉ ਪਕੜਾਏ,
ਜੂੜਾ ਕਰਿ ਕਰਿ ਜਿਉ ਦਰੀਆਵ ਵਿਚ
ਜਿਉ ਡੁਬਕੀ ਮਾਰੀ, ਤਿਉ ਫੇਰਿ ਨ ਨਿਕਲਿਆ।'

ਫਿਰ ਵਡਹੰਸ ਮਹਲਾ ੧ ਦੂਜੇ ਛੰਤ ਵਿਚ ਗੁਰੂ ਨਾਨਕ ਜੀ ਲਿਖਦੇ ਹਨ :-

'ਤੇਰੇ ਬੰਕੇ ਲੋਇਣ, ਦੰਤ ਰੀਸਾਲਾ"
ਸੋਹਣੇ ਨਕ ਜਿਨ ਲੰਮੜੇ ਵਾਲਾ"।। ਪੰਨਾ ੫੬੧

ਕੋਟੇਸ਼ਨ ਦਾ ਭਾਵ ਇਹ ਹੈ ਕਿ :- 'ਹੇ ਵਾਹਿਗੁਰੂ ! ਸਾਰੀ ਸੁੰਦਰਤਾ ਤੂੰ ਆਪਣੇ ਸਰੂਪ ਤੋਂ ਹੀ ਰਚੀ ਹੈ। ਤੂੰ ਉਹ ਤੀਵੀਆਂ ਮਰਦ ਪੈਦਾ ਕੀਤੇ ਹਨ, ਜਿੰਨ੍ਹਾਂ ਦੇ ਨੈਣ, ਦੰਦ, ਨੱਕ ਤੇ ਕੇਸ ਬਹੁਤ ਹੀ ਸੋਹਣੇ ਲੱਗਦੇ ਹਨ। ਤੂੰ ਹੀ ਸਭ ਵਿਚ ਹੈਂ, ਇਸ ਲਈ ਜਿੰਨ੍ਹਾਂ ਬੰਦਿਆਂ ਦੇ ਬੰਕੇ ਨੈਣ ਹਨ, ਜਿੰਨ੍ਹਾਂ ਦੇ ਸੋਹਣੇ ਦੰਦ ਹਨ, ਜਿੰਨ੍ਹਾਂ ਦੇ ਲੰਮੇ ਨੱਕ ਹਨ, ਜਿੰਨ੍ਹਾਂ ਦੇ ਲੰਮੇ ਕੇਸ ਹਨ, ਉਹ ਅਸਲ ਵਿਚ, ਤੇਰੇ ਹੀ ਬੰਕੇ ਨੈਣ ਹਨ, ਤੇਰੇ ਹੀ ਸੋਹਣੇ ਦੰਦ ਹਨ, ਤੇਰੇ ਹੀ ਸੋਹਣੇ ਨੱਕ ਹਨ, ਤੇਰੇ ਹੀ ਲੰਮੇ ਕੇਸ ਹਨ।'

ਸੋ ਨਿਰਗੁਣ ਵਾਹਿਗੁਰੂ ਦੀ ਸਰਗੁਣ ਸ਼ਕਲ ਬਿਆਨ ਕਰਨ ਵਾਲਾ ਗੁਰੂ ਨਾਨਕ ਆਪ ਵੀ ਅਵੱਸ਼ ਹੀ ਬੰਕ-ਲੋਇਣਾ ਸੀ, ਰਿਸਾਲ-ਦੰਤਾ ਸੀ, ਸੋਹਣ-ਨੱਕਾ ਸੀ, ਲੰਮ-ਵਾਲਾ ਸੀ।

ਸਾਰੇ ਹੀ ਗੁਰੂ ਸਾਹਿਬਾਨ ਕੇਸਧਾਰੀ ਸਨ ਅਤੇ ਪੱਗਾਂ ਬੰਨ੍ਹਦੇ ਸਨ। ਸ੍ਰੀ ਗੁਰੂ ਅਮਰਦਾਸ ਤੇ ਦਸਮੇਸ਼ ਜੀ ਦੇ ਕੰਘੇ ਸਮੇਤ ਕੇਸ ਤਾਂ ਸਾਂਭ ਕੇ ਰੱਖੇ ਹੋਏ ਅੱਜ ਵੀ ਦੇਖੇ ਜਾ ਸਕਦੇ ਹਨ।

ਤਨਖਾਹ-ਨਾਮਾ ਭਾਈ ਨੰਦ ਲਾਲ ਜੀ ਵਿਚ ਦਸਮੇਸ਼ ਜੀ ਦਾ ਹੁਕਮ ਹੈ :-

'ਕੰਘਾ ਦੋਵੇ ਵਕਤ ਕਰ, ਪੱਗ ਚੁਣੈ ਕਰ ਬਾਂਧਈ।।
ਦਾਤਨ ਕਰੇ ਨਿਤ ਨੀਤ, ਨਾ ਦੁਖ ਪਾਵੈ, ਲਾਲ ਜੀ।' ੨੩

ਗੁਰਸਿੱਖਾਂ ਦੇ ਦਿਲ ਵਿਚ ਦਸਤਾਰ ਦੀ ਐਨੀ ਇਜ਼ਤ ਹੈ ਕਿ ਜੇ ਕੋਈ ਸਿੱਖ ਸੰਗਤ ਵਿਚੀ ਲੰਘਦਾ ਹੋਇਆ ਕਿਸੇ ਦੀ ਦਸਤਾਰ ਉਤੇ ਹੱਥ ਰੱਖ ਕੇ ਲੰਘੇ ਤਾਂ ਉਸ ਨੂੰ ਤਨਖਾਹੀਆਂ ਗਿਣਿਆ ਜਾਣ ਦਾ ਡਰ ਹੋ ਜਾਂਦਾ ਹੈ ਕਿਉਂਕਿ ਉਸ ਦੇ ਵਰਤਾਰੇ ਨਾਲ ਅਗਲੇ ਦੀ ਦਸਤਾਰ ਲਹਿਣ ਦਾ ਡਰ ਰਹਿੰਦਾ ਹੈ, ਜਿਸ ਨੂੰ ਸਾਰੇ ਬੇ-ਇਜ਼ਤੀ ਸਮਝਦੇ ਹਨ।

ਆਈਏ, ਹੁਣ ਉਪਰ ਲਿਖੀ ਵਿਚਾਰ ਦੀ ਮਦਦ ਨਾਲ ਵਿਚਾਰ-ਅਧੀਨ ਵਿਸ਼ਿਆਂ ਤੇ ਵਿਚਾਰ ਕਰੀਏ।

(੧) *ਸੇਲੀ ਟੋਪੀ*: ਕਈ ਚਿਤਰਕਾਰਾਂ ਨੇ ਗੁਰੂ ਨਾਨਕ ਦੇਵ ਜੀ ਦਿਆਂ ਚਿੱਤ੍ਰਾਂ ਵਿਚ ਗੁਰੂ ਜੀ ਦੇ ਸਿਰ ਟੋਪੀ ਪਹਿਨਾਈ ਹੋਈ ਹੈ। ਕਈ ਇਤਿਹਾਸਕਾਰਾਂ ਨੇ ਇਹ ਵੀ ਲਿਖ ਦਿੱਤਾ ਹੈ ਕਿ ਜਦ ਪਹਿਲੇ ਚਾਰ ਗੁਰੂ ਜੀ ਆਪ ਤੋਂ ਅਗਲੇ ਗੁਰੂ ਜੀ ਨੂੰ ਗੁਰਤਾ-ਪਦ ਸੌਂਪਦੇ ਸਨ ਤਾਂ ਉਹਨਾਂ ਨੂੰ ਸੇਲੀ ਟੋਪੀ ਪਹਿਨਾਉਂਦੇ ਸਨ। 'ਸੇਲੀ' ਕਾਲੀ ਉਨ ਜਾਂ ਕਾਲੇ ਰੇਸ਼ਮ ਦੀ ਗੁੰਦਵੀ ਰੱਸੀ ਹੁੰਦੀ ਹੈ, ਜਿਸ ਨੂੰ ਫ਼ਕੀਰ ਜਾਂ ਸਾਧੂ ਆਪਣੇ ਸਿਰ ਉਤੇ ਬੰਨ੍ਹੀ ਹੋਈ ਪੱਗ, ਜਾਂ ਟੋਪੀ ਉਤੇ, ਅਰਬੀ ਲੋਕਾਂ ਵਾਂਗ, ਬੰਨਦੇ ਹਨ ਜਾਂ ਜਨੇਊ ਦੀ ਤਰ੍ਹਾਂ ਗਲ ਵਿਚ ਪਹਿਨਦੇ ਹਨ। ਭਾਈ ਬਾਲੇ ਦੀਆਂ ਤਸਵੀਰਾਂ ਵਿਚ ਉਸ ਦੇ ਸਿਰ ਉਤੇ ਟੋਪੀ ਅਤੇ ਉਸ ਉਤੇ ਸੇਲੀ ਦਿਖਾਈ ਹੋਈ ਹੁੰਦੀ ਹੈ।

ਮਲਾਰ ਦੀ ਵਾਰ ਮਹਲਾ ੧ ਦੀ ਉਨੀਵੀਂ ਪਉੜੀ ਨਾਲ ਲਾਏ ਗਏ ਪਹਿਲੇ ਸ਼ਲੋਕ ਵਿਚ ਗੁਰੂ ਨਾਨਕ ਜੀ ਫ਼ੁਰਮਾਂਦੇ ਹਨ :-

*'ਕੁਲਹਾਂ ਦੇਂਦੇ ਬਾਵਲੇ, ਲੈਂਦੇ ਵਡੇ ਨਿਲਜ।।*
*ਚੂਹਾ ਖਡ ਨ ਮਾਵਈ, ਤਿਕਲਿ ਬੰਨ੍ਹੈ ਛਜ।।*
*ਦੇਨ੍ਹਿ ਦੁਆਈ, ਸੇ ਮਰਹਿ, ਜਿਨ ਕਉ ਦੇਨਿ, ਸਿ ਜਾਹਿ।।*
*ਨਾਨਕ ! ਹੁਕਮੁ ਨ ਜਾਪਈ, ਕਿਥੈ ਜਾਇ ਸਮਾਹਿ।।' ਪੰਨਾ ੧੨੮੬*

ਇਸ ਕੋਟੇਸ਼ਨ ਦਾ ਭਾਵ ਇਹ ਹੈ :- 'ਉਹ ਲੋਕ ਪਾਗਲ ਹਨ, ਮੂਰਖ ਹਨ, ਜੋ ਚੇਲਿਆਂ ਨੂੰ ਸੇਲੀ ਟੋਪੀ ਦਿੰਦੇ ਹਨ ਅਤੇ ਆਪਣੇ ਆਪ ਨੂੰ ਮਸ਼ਹੂਰ ਕਰਨ ਲਈ ਆਪਣੇ ਥਾਂ ਗੱਦੀ ਦਿੰਦੇ ਹਨ। ਇਹ ਸੇਲੀ ਟੋਪੀ ਲੈਣ ਵਾਲੇ ਵੀ ਬੇ-ਸ਼ਰਮ ਹਨ, ਜੋ ਨਿਰੀ ਸੇਲੀ ਟੋਪੀ ਨਾਲ ਹੀ ਆਪਣੇ ਆਪ ਨੂੰ ਹੋਰਨਾਂ ਤਾਈਂ ਬਰਕਤ ਦੇਣ ਦੇ ਸਮਰੱਥ ਸਮਝ ਲੈਂਦੇ ਹਨ। ਇਨ੍ਹਾਂ ਦੀ ਹਾਲਤ ਇਹੋ ਜਿਹੀ ਹੁੰਦੀ ਹੈ, ਜਿਵੇਂ ਕੋਈ

ਚੂਹਾ ਵੜ ਤਾਂ ਆਪ ਵੀ ਕਿਸੇ ਖੁੱਡ ਵਿਚ ਨਾ ਸਕੇ, ਓਧਰੋਂ ਆਪਣੇ ਲੱਕ ਨਾਲ ਛੱਜ ਬੰਨ ਲਵੇ ਤੇ ਫਿਰ ਵੜਨਾ ਚਾਹੇ। ਹੇ ਨਾਨਕ ! ਇਹੋ ਜਿਹੀਆਂ ਗੱਦੀਆਂ ਥਾਪ ਕੇ ਜੋ ਹੋਰਨਾਂ ਨੂੰ ਦੁਆਈਂ, ਅਸੀਸਾਂ, ਦੁਆਵਾਂ ਦਿੰਦੇ ਹਨ, ਉਹ ਵੀ ਮਰ ਜਾਂਦੇ ਹਨ ਅਤੇ ਜਿਨ੍ਹਾਂ ਨੂੰ ਉਹ ਅਸੀਸਾਂ ਦਿੰਦੇ ਹਨ, ਉਹ ਵੀ ਮਰ ਜਾਂਦੇ ਹਨ। ਪਰ ਵਾਹਿਗੁਰੂ ਦੀ ਰਜ਼ਾ ਸਮਝੀ ਨਹੀਂ ਜਾ ਸਕਦੀ ਕਿ ਉਹ ਦੋਹਾਂ ਕਿਸਮਾਂ ਦੇ ਲੋਕ ਮਰ ਕੇ ਕਿੱਥੇ ਜਾਂਦੇ ਹਨ? ਭਾਵ ਨਿਰੀਆਂ ਸੇਲੀਆਂ ਟੋਪੀਆਂ ਅਤੇ ਅਸੀਸਾਂ ਹੀ ਵਾਹਿਗੁਰੂ ਅੱਗੇ ਕਬੂਲ ਹੋਣ ਲਈ ਕਾਫੀ ਨਹੀਂ ਅਤੇ ਮੁਰਸ਼ਿਦ ਦੀ ਮੁਰੀਦ ਨੂੰ ਗੁਰੂ ਦੀ ਚੇਲੇ ਨੂੰ ਸੇਲੀ ਟੋਪੀ ਅਤੇ ਅਸੀਸ ਦੇਣੀ ਜੀਵਨ ਦਾ ਸਹੀ ਰਸਤਾ ਨਹੀਂ।'

ਕਹਿੰਦੇ ਹਨ ਕਿ ਔਰੰਗਜ਼ੇਬ ਵੀ ਗੱਦੀਆਂ ਦੇਣ ਲੈਣ ਵਾਲੇ ਮੁਸਲਮਾਨ ਫ਼ਕੀਰਾਂ ਦੇ ਵਿਰੁੱਧ ਬੋਲਣ ਸਮੇਂ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਲੋਕ ਮਿਸਾਲ ਵਜੋਂ ਆਮ ਵਰਤਿਆ ਕਰਦਾ ਸੀ।

ਇਹ ਸ਼ਲੋਕ ਰਚਣ ਵਾਲੇ ਗੁਰੂ ਨਾਨਕ ਦੇਵ ਜੀ ਆਪ ਕਿਵੇਂ ਟੋਪੀ ਲੈ ਸਕਦੇ ਸਨ ਅਤੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ-ਪਦ ਦੇਣ ਵੇਲੇ ਉਨ੍ਹਾਂ ਨੂੰ ਕਿਵੇਂ ਸੇਲੀ ਟੋਪੀ ਪਹਿਨਾ ਸਕਦੇ ਸਨ? ਕੇਸਾਂ ਦੇ ਜੂੜੇ ਉਤੇ ਸੇਲੀ ਟੋਪੀ ਦਾ ਕੀ ਕੰਮ? ਏਸੇ ਤਰ੍ਹਾਂ ਹੀ ਦੂਜੀ, ਤੀਜੀ ਅਤੇ ਚੌਥੀ ਪਾਤਸ਼ਾਹੀ ਵੀ ਇਹ ਕੁੱਝ ਕਿਵੇਂ ਕਰ ਸਕਦੇ ਸਨ? ਇਹੋ ਜਿਹੀਆਂ ਬੇ-ਸਿਰ-ਪੈਰ ਕਹਾਣੀਆਂ ਘੜਨ ਵਾਲਿਆਂ ਨੇ ਜਾਂ ਤਾਂ ਗੁਰੂ ਜੀ ਦਾ ਉਪਰ ਲਿਖਿਆਂ ਸ਼ਲੋਕ ਪੜ੍ਹਿਆ ਨਹੀਂ ਹੋਵੇਗਾ, ਜਾਂ ਇਸ ਦੇ ਅਰਥ ਨਹੀਂ ਸਮਝੇ ਹੋਣਗੇ ਅਤੇ ਜਾ ਫਿਰ ਸਿਖ ਧਰਮ ਨੂੰ ਮਿਲਗੋਭਾ ਬਨਾਉਣ ਲਈ ਮੁਸਲਮਾਨ ਫ਼ਕੀਰਾਂ ਤੇ ਹਿੰਦੂ ਸਾਧਾਂ ਦੇ ਅਸਰ ਹੇਠ ਆ ਕੇ ਸ਼ਰਾਰਤ ਕੀਤੀ ਹੋਵੇਗੀ।

ਸਾਡੇ ਕਈ ਲਿਖਾਰੀ, ਪ੍ਰਚਾਰਕ, ਰਾਗੀ, ਢਾਡੀ ਤੇ ਕਥਾਕਾਰ ਅੱਜ ਵੀ ਸੇਲੀ ਟੋਪੀ ਦੇ ਰੋਣੇ ਰੋਈ ਜਾਂਦੇ ਹਨ। ਜਿੰਨਾ ਛੇਤੀ ਅਸੀਂ ਇਹੋ ਜਿਹੇ ਪਰਚਾਰ ਤੋਂ ਬਾਜ ਆਈਏ, ਓਨਾ ਹੀ ਸਾਰਿਆਂ ਲਈ ਲਾਹੇਵੰਦ ਹੈ। ਸਮੇਂ ਦੀ ਪੁਕਾਰ ਹੈ ਕਿ ਅਸੀਂ ਗੁਰਮਤਿ ਵਿਚਾਰਧਾਰਾ ਨਾਲ ਮੇਲ ਨਾ ਖਾਣ ਵਾਲੀਆਂ ਪ੍ਰਚਲਿਤ ਹੋਈਆਂ ਹੋਈਆਂ ਸਾਖੀਆਂ ਤੋਂ ਸਿਖ ਕੌਮ ਦਾ ਖਹਿੜਾ ਛੁੜਾ ਕੇ ਆਪਣੇ ਇਤਿਹਾਸ ਨਾਲ ਇਨਸਾਫ਼ ਕਰੀਏ।

ਸਾਡੇ ਰਹਿਤਨਾਮਿਆਂ ਵਿਚ ਵੀ ਸਿਖ ਲਈ ਟੋਪੀ ਲੈਣ ਦੀ ਸਖਤ ਮਨਾਹੀ ਹੈ ਪਰ ਸਾਡੇ ਕਈ ਗੁਰਸਿਖ ਮੀਤ ਹੋਰਨਾਂ ਦੀ ਦੇਖਾਦੇਖੀ ਟੋਪੀਆਂ ਦੇ ਸ਼ੌਕੀਨ ਬਣਦੇ ਜਾ ਰਹੇ ਹਨ। ਕਈ ਦਸਤਾਰ ਨੂੰ ਮਾਇਆ ਦੇ ਕੇ ਇਕ ਵਾਰ ਬੰਨ੍ਹ ਲੈਂਦੇ ਹਨ ਅਤੇ ਫਿਰ, ਰੋਜ਼ ਟੋਪੀ ਵਾਂਗ ਹੀ ਲਾਹ ਕੇ ਰੱਖ ਲੈਂਦੇ ਹਨ ਅਤੇ ਓਨਾ ਚਿਰ ਓਹੀ ਪੱਗ ਬੰਨ੍ਹੀ ਜਾਂਦੇ ਹਨ, ਜਿਨ੍ਹਾਂ ਚਿਰ ਉਹ ਉਪਰੋਂ ਗੰਦੀ ਨਾ ਜਾਪਣ ਲੱਗੇ। ਕਈ ਪੁਰਸ਼ਾਰਥੀ ਤਾਂ ਮਹੀਨਾ ਮਹੀਨ੍ਹਾ ਦੋ ਦੋ ਮਹੀਨੇ ਉਹੀ ਪੱਗ ਬੰਨ੍ਹੀ ਰੱਖਦੇ ਹਨ। 'ਕੰਘਾ ਦੋਵੇਂ ਵਕਤ ਕਰ, ਪੱਗ ਚੁਣੈ ਕਰ ਬਾਂਧਈ' ਦੀ ਉਹ ਕੋਈ ਪਰਵਾਹ ਨਹੀਂ

ਕਰਦੇ। ਚੁਫੇਰੇ 'ਹਰੀ-ਆਪ ਹਰੀ -ਆਪ' ਹੋ ਰਹੀ ਹੈ।

ਸਾਨੂੰ ਆਪਣਾ ਨਿਆਰਾਪਣ ਕਾਇਮ ਰੱਖਣਾ ਚਾਹੀਦਾ ਹੈ। ਜਿਸ ਪਿੰਡ ਦੇ ਰਾਹ ਨਹੀਂ ਪੈਣਾ, ਉਸ ਦਾ ਨਾਉਂ ਕੀ ਪੁੱਛਣਾ? ਸੋ ਸਾਨੂੰ ਤਾਂ ਗੁਰਸਿੱਖ ਕ੍ਰਿਕਟ-ਖਿਲਾੜੀਆਂ ਦੇ ਸੰਦਰਭ ਵਿਚ 'ਹੈਟ-ਟ੍ਰਿਕ' ਮੁਹਾਵਰਾ ਵੀ ਨਹੀਂ ਵਰਤਣਾ ਚਾਹੀਦਾ ; ਅਸੀਂ 'ਤਿਹਰ' ਜਾਂ 'ਤਿੱਘੜ' ਆਦਿਕ ਸ਼ਬਦ ਵਰਤ ਸਕਦੇ ਹਾਂ। ਸਾਨੂੰ ਕਿਸੇ ਨੂੰ 'ਸਿਰ-ਮੁੰਨੀ' ਵੀ ਨਹੀਂ ਕਹਿਣਾ ਚਾਹੀਦਾ। 'ਸਿਰ ਮੁਨਾਂਦਿਆਂ ਹੀ ਗੜੇ ਪਏ,' 'ਹਜਾਮਤ ਕਰ ਦੇਣੀ', 'ਸਿਰ ਮੁੰਨ ਦੇਣਾ', 'ਸਿਰ ਗੰਜਾ ਕਰ ਦੇਣਾ', 'ਦਾੜ੍ਹੀ ਪੁੱਟ ਸੁੱਟਣੀ', 'ਦਾੜੀ ਮੁਨਾ ਦੇਣੀ', 'ਸਿਰ ਵਿਚ ਜੁੱਤੀਆਂ ਮਾਰਨੀਆਂ', 'ਕੇਸ ਪੁੱਟ ਦੇਣੇ', ਅਤੇ 'ਦਾੜ੍ਹੀ ਤੇ ਥੁੱਕਣਾ' ਆਦਿਕ ਮੁਹਾਵਰੇ, ਕਹਾਵਤਾਂ ਵਰਤਣ ਤੋਂ ਵੀ ਸਾਨੂੰ ਪਰਹੇਜ਼ ਕਰਨਾ ਚਾਹੀਦਾ ਹੈ।

(੨) ਹੁਣ ਵਿਚਾਰੀਏ 'ਸਾਬਤ ਸੂਰਤਿ, ਦਸਤਾਰ ਸਿਰਾ' ਤੁਕਾਂਗ ਨੂੰ। ਇਸ ਦੇ ਅਰਥ ਆਮ ਤੌਰ ਤੇ ਸਾਰੇ ਸਿਖ ਲਿਖਾਰੀ, ਪਰਚਾਰਕ, ਰਾਗੀ, ਢਾਡੀ ਤੇ ਕਥਾਕਾਰ ਗਲਤ ਕਰੀ ਜਾ ਰਹੇ ਹਨ। ਸਾਰੇ ਇਹੀ ਲਿਖਦੇ ਤੇ ਕਹਿੰਦੇ ਹਨ: 'ਗੁਰੂ ਜੀ ਦਾ ਹੁਕਮ ਹੈ, ਸਾਬਤ ਸੂਰਤਿ ਰੱਖੋ ਅਤੇ ਸਿਰ ਉਤੇ ਦਸਤਾਰ ਸਜਾਵੋ।' ਕਿਤੇ ਕਿਤੇ ਹੀ ਇਸ ਗੁਰ-ਵਾਕ ਦਾ ਸਹੀ ਅਰਥ ਸੁਣਨ ਪੜ੍ਹਨ ਵਿਚ ਆਉਂਦਾ ਹੈ, ਨਹੀਂ ਤਾਂ ਸਾਰੇ ਮੱਖੀ ਤੇ ਮੱਖੀ ਮਾਰੀ ਜਾ ਰਹੀ ਹੈ।

ਸਾਧਾਰਨ ਤੌਰ ਤੇ ਹਰਿੱਕ ਬੰਦੇ ਨੂੰ ਇਹ ਅਰਥ ਠੀਕ ਹੀ ਜਾਪਦਾ ਹੈ। ਪਰ ਅਰਥ ਉਹੀ ਠੀਕ ਹੁੰਦਾ ਹੈ, ਜਿਹੜਾ ਆਪਣੇ ਸੰਦਰਭ ਵਿਚ ਠੀਕ ਹੋਵੇ, ਆਪਣੇ ਰੈਫ਼ਰੈਂਸ, ਆਪਣੇ ਅਗਲੇ ਪਿਛਲੇ ਹਵਾਲੇ ਨਾਲ ਠੀਕ ਹੋਵੇ, ਨਹੀਂ ਤਾਂ ਕਈ ਵਾਰ ਅਰਥ ਦੇ ਅਨਰਥ ਹੋਣ ਦਾ ਡਰ ਰਹਿੰਦਾ ਹੈ।

ਇਹ ਗੁਰ-ਬਚਨ 'ਮਾਰੂ ਸੋਲਹੇ ਮਹਲਾ ਪੰਜਵਾਂ' ਦੇ ਬਾਰ੍ਹਵੇ ਸੋਲਹੇ ਵਿਚੋਂ ਹੈ। 'ਸੋਲਹਾ' ਦਾ ਅਰਥ ਹੈ 'ਸੋਲ੍ਹਾਂ ਪਦਾਂ ਵਾਲਾ ਸ਼ਬਦ' ; ਕਈ ਵਾਰੀ ਪਦ ਸੋਲ੍ਹਾਂ ਤੋਂ ਵੱਧ ਘੱਟ ਵੀ ਹੁੰਦੇ ਹਨ। ਹਾਂ ਜੀ, ਉਸ ਸੋਲਹੇ ਵਿਚ ਗੁਰੂ ਅਰਜਨ ਦੇਵ ਨੇ ਇਕ ਅਬਦਾਲ ਫ਼ਕੀਰ ਨੂੰ ਉਪਦੇਸ਼ ਕੀਤਾ ਹੈ। ਵਰਨਣ ਹੈ; 'ਮਾਰਫਿਤ, ਮਨੁ, ਮਾਰਹੁ, ਅਬਦਾਲਾ !' 'ਅਬਦਾਲਾ' ਦਾ ਅਰਥ ਹੈ : 'ਹੇ ਅਬਦਾਲ ਫ਼ਕੀਰ !' ਉਸ ਉਪਦੇਸ਼ ਦਾ ਸੰਖੇਪ ਇਹ ਹੈ:-

੧. ਰੱਬ ਦੇ ਦਰ ਤੇ ਇਹੋ ਜਿਹਾ ਫ਼ਕੀਰ ਕਬੂਲ ਹੈ ਜੋ ਆਪਣੇ ਆਪ ਨੂੰ ਮੁਸਾਫਿਰ, ਰਾਹੀ ਸਮਝ ਕੇ ਦੁਨੀਆਂ ਵਿਚ ਖਚਤ ਨਾ ਹੋਵੇ ਅਤੇ ਆਪਣੇ ਆਪ ਨੂੰ ਹੋਰ ਫ਼ਕੀਰਾਂ ਦੇ ਪੈਰਾਂ ਦੀ ਖ਼ਾਕ ਸਮਝੇ, ਅਹੰਕਾਰ ਨਾ ਕਰੇ।

੨. ਰੱਬ ਦਾ ਨਾਮ ਅਸਲੀ ਨਮਾਜ਼ ਹੈ।

੩. ਰੱਬ ਉਤੇ ਯਕੀਨ ਅਸਲੀ ਮੁਸੱਲਾ ਹੈ, ਨਮਾਜ਼ ਪੜ੍ਹਨ ਵੇਲੇ ਵਰਤੀ ਜਾਣ ਵਾਲੀ ਸਫ ਹੈ।

੪. ਮਨ ਨੂੰ ਕਾਬੂ ਕਰਨਾ ਹੀ ਅਸਲੀ ਆਸਾ ਹੈ, ਡੰਡਾ ਹੈ, ਸੋਟਾ ਹੈ।

੫. ਇਨਸਾਨੀ ਸਰੀਰ ਅਸਲੀ ਮਸਜਿਦ ਹੈ, ਸਜਦਾ ਕਰਨ ਵਾਲੀ ਥਾਂ ਹੈ, ਮੱਥਾ ਟੇਕਣ ਵਾਲੀ ਥਾਂ ਹੈ, ਮਸੀਤ ਹੈ।

੬. ਮਨ ਅਸਲ ਮਉਲਾਨਾ ਹੈ, ਮੁੱਲਾ ਹੈ।

੭. ਮਨ ਨੂੰ ਪਾਕ, ਪਵਿੱਤਰ ਰੱਖਣਾ ਹੀ ਖੁਦਾ ਦਾ ਕਲਾਮ ਹੈ, ਅਸਲ ਕਲਿਮਾ ਹੈ।

੮. ਰੱਬ ਦੀ ਬੰਦਗੀ ਕਰਨਾ ਹੀ ਅਸਲ ਸ਼ਰ੍ਹਾ, ਅਸਲ ਸ਼ਰੀਅਤ ਹੈ।

੯. ਹਉਮੈ ਦਾ ਤਰਕ, ਤਕੱਬੁਰ ਦਾ ਤਿਆਗ ਹੀ ਤਰੀਕਤਿ ਹੈ, ਮਨ ਨੂੰ ਸਾਫ਼ ਕਰਨ ਦਾ ਤਰੀਕਾ ਹੈ।

੧੦. ਮਨ ਨੂੰ ਕਾਬੂ ਕਰਨਾ ਹੀ ਅਸਲ ਮਾਰਫ਼ਿਤ ਹੈ, ਅਸਲ ਰੱਬੀ ਗਿਆਨ ਹੈ।

੧੧. ਰੱਬ ਨੂੰ ਮਿਲਣਾ, ਵਾਹਿਗੁਰੂ ਦੀ ਹਸਤੀ ਨੂੰ ਸਦਾ, ਸਾਰੇ ਅਨੁਭਵ ਕਰਨਾ, ਮਹਿਸੂਸਣਾ ਹੀ ਅਸਲ ਹਕੀਕਤ ਹੈ, ਚੌਥਾ ਪਦ ਹੈ, ਸਹਜ ਅਵਸਥਾ ਹੈ।

੧੨. ਖੁਦਾ ਨੂੰ ਯਾਦ ਕਰਨਾ ਹੀ ਤੌਰੇਤ, ਜ਼ੰਬੂਰ, ਅੰਜੀਲ ਤੇ ਕੁਰਾਨ ਆਦਿਕ ਪੱਛਮੀ ਧਾਰਮਿਕ ਪੁਸਤਕਾਂ ਦੀ ਤਾਲੀਮ ਹੈ, ਸਿੱਖਿਆ ਹੈ।

੧੩. ਸਭ ਤੇ ਮਿਹਰ, ਤਰਸ ਕਰਨਾ ਮੱਕਾ ਹੈ।

੧੪. ਸਭ ਦੇ ਪੈਰਾਂ ਦੀ ਖਾਕ ਹੋਣਾ, ਨਿਮਰਤਾ ਧਾਰਨ ਕਰਨੀ ਹੀ ਅਸਲ ਰੋਜ਼ਾ ਹੈ, ਵਰਤ ਹੈ।

੧੫. ਪੀਰ ਦੇ ਲਫਜ਼ਾਂ, ਗੁਰੂ ਦੇ ਬਚਨਾਂ ਤੇ ਭਰੋਸਾ ਕਰਨਾ ਹੀ ਅਸਲ ਬਹਿਸ਼ਤ ਹੈ, ਸਵਰਗ ਹੈ।

੧੬. ਖੁਦਾ ਦਾ ਨੂਰ ਹੀ ਅਸਲ ਹੂਰਾਂ ਹਨ, ਬਹਿਸ਼ਤ ਦੀਆਂ ਪਰੀਆਂ ਹਨ, ਜਿੰਨ੍ਹਾਂ ਦਾ ਜ਼ਿਕਰ ਇਸਲਾਮ ਕਰਦਾ ਹੈ।

੧੭. ਖੁਦਾ ਦਾ ਨਾਮ ਹੀ ਅਸਲ ਕਸਤੂਰੀ ਹੈ, ਮਹਿਕ ਹੈ।

੧੮. ਖੁਦਾ ਹੀ ਬੰਦਗੀ ਹੀ ਅਸਲ ਹੁਜਰਾ ਹੈ, ਸਿਮਰਨ ਕਰਨ ਲਈ ਨਿਵੇਕਲਾ ਤੇ ਨਿੱਕਾ ਕਮਰਾ ਹੈ।

੧੯. ਖੁਦਾ ਦੀ ਬੰਦਗੀ ਕਰਨ ਵਾਲਾ ਹੀ ਅਸਲ ਕਾਜ਼ੀ ਹੈ।

੨੦. ਆਪਣੇ ਦਿਲ ਨੂੰ ਸੁਧਾਰਨ ਵਾਲਾ ਹੀ ਅਸਲ ਹਾਜੀ ਹੈ, ਮੱਕੇ ਦਾ ਹੱਜ ਕਰਨ ਵਾਲਾ, ਯਾਤਰਾ ਕਰਨਾ ਵਾਲਾ ਹੈ।

੨੧. ਆਪਣੇ ਅੰਦਰੋਂ ਵਿਕਾਰਾਂ ਨੂੰ ਨਾਸ਼ ਕਰਨ ਵਾਲਾ ਹੀ ਅਸਲ ਮੁੱਲਾ ਹੈ।

੨੨. ਰੱਬ ਦੀ ਸਿਫਤ-ਸਨਾ ਦਾ ਆਸਰਾ ਲੈਣ ਵਾਲਾ ਹੀ ਅਸਲ ਦਰਵੇਸ਼ ਹੈ, ਸੰਤ ਹੈ।

੨੩. ਰੱਬ ਨੂੰ ਸਦਾ ਯਾਦ ਕਰਨਾ ਹੀ ਅਸਲੀ ਤਸਬੀ ਹੈ, ਮਾਲਾ ਹੈ।

੨੪. ਚੰਗਾ ਸੁਭਾਉ ਤੇ ਵਿਕਾਰਾਂ ਤੋਂ ਪਰਹੇਜ਼ ਹੀ ਅਸਲ ਸੁੰਨਤ ਹੈ।

੨੫. ਅਸਲੀ ਪੰਜ ਨਮਾਜ਼ਾ ਇਹ ਹਨ :

(ੳ) ਰੱਬ ਦੀ ਸਿਫ਼ਤਿ, ਪਹਿਲੀ ਨਮਾਜ਼, ਸਲਾਤੁੱਫਜਰ, ਫ਼ਜਰ ਦੀ ਨਮਾਜ਼, ਨਮਾਜ਼ਿ ਸੁਬਾਹ, ਪਹੁ-ਫਟਾਲੇ ਤੋਂ ਲੈ ਕੇ ਸੂਰਜ ਚੜ੍ਹਨ ਤੱਕ ਦੀ ਨਮਾਜ਼।

(ਅ) ਸਬਰ ਸੰਤੋਖ, ਦੂਜੀ ਨਮਾਜ਼, ਸਲਾਤੁੱਜ਼ੁਹਰ, ਨਮਾਜ਼ਿ ਪੇਸ਼ੀਨ, ਸੂਰਜ ਢਲਣ ਵੇਲੇ ਦੀ ਨਮਾਜ਼।

(ੲ) ਹਲੀਮੀ, ਨਿਮਰਤਾ, 'ਤੀਜੀ ਨਮਾਜ਼, ਸਲਾਤੁਲ-ਅਸਰ, ਨਮਾਜ਼ਿ ਦੀਗਰ, ਤੀਜੇ ਪਹਿਰ ਦੀ ਨਮਾਜ਼।

(ਸ) ਸਭ ਦੀ ਖੈਰੀਅਤ, ਸਭ ਦਾ ਭਲਾ ਮੰਗਣਾ, ਚੌਥੀ ਨਮਾਜ਼, ਸਲਾਤੁਲਮਗ਼ਰਿਬ, ਨਮਾਜ਼ਿ ਸ਼ਾਮ, ਸੂਰਜ ਡੁੱਬਣ ਤੋਂ ਲੈ ਕੇ ਅਕਾਸ਼ ਦੀ ਲਾਲੀ ਮਿਟ ਜਾਣ ਤਕ ਦੀ ਨਮਾਜ਼।

(ਹ) ਪੰਜਾਂ ਨਫ਼ਸਾਂ ਨੂੰ, ਵਿਕਾਰਾਂ ਨੂੰ ਕਾਬੂ ਰੱਖਣਾ, ਪੰਜਵੀਂ ਨਮਾਜ਼, ਸਲਾਤੁਲ-ਇਸ਼ਾ, ਨਮਾਜ਼ਿ ਖ਼ੁਫ਼ਤਨ, ਸੌਣ ਵੇਲੇ ਦੀ ਨਮਾਜ਼।

੨੬. ਸਾਰੀ ਦੁਨੀਆਂ ਵਿਚ ਇਕੋ ਰੱਬ ਨੂੰ ਵਸਦਾ ਸਮਝਣਾ, ਮਉਦੀਫਾ ਹੈ, ਵਜ਼ੀਫਾ ਹੈ, ਰੱਬੀ ਕਲਾਮ ਦਾ ਪਾਠ ਹੈ।

੨੭. ਬਦਅਮਲ, ਭੈੜੇ ਕੰਮ ਛੱਡਣੇ ਹੀ ਕੂਜ਼ਾ ਹੈ, ਕੁੱਜੀ ਹੈ, ਜਿਸ ਵਿਚ ਪਾਣੀ ਭਰ ਕੇ ਨਮਾਜ਼ ਪੜ੍ਹਨ ਤੋਂ ਪਹਿਲਾਂ ਵੁਜ਼ੂ ਕਰੀਦਾ ਹੈ, ਪੰਜ-ਇਸ਼ਨਾਨ ਕਰੀਦਾ ਹੈ।

੨੮. ਸਾਰਿਆਂ ਵਿਚ ਇਕੋ ਖ਼ੁਦਾ ਨੂੰ ਹੀ ਸਮਝਣਾ, ਨਮਾਜ਼ ਪੜ੍ਹਨ ਤੋਂ ਪਹਿਲਾਂ ਬਾਂਗ ਆਜ਼ਾਨਾ ਦੇਣੀਆਂ ਹਨ।

੨੯. ਖ਼ੁਦਾ ਦਾ ਬਰਖੁਦਾਰ ਪੁੱਤ, ਸਪੁੱਤਰ ਬਣਨਾ ਹੀ ਬੁਰਗੂ ਵਜਾਉਣਾ ਹੈ, ਸਿੰਗ ਵਜਾਉਣਾ ਹੈ, ਜੋ ਫ਼ਕੀਰ ਵਜਾਂਦੇ ਹਨ।

੩੦. ਹੱਕ ਦੀ ਕਮਾਈ ਕਰਨਾ ਹੀ ਹਲਾਲ ਖਾਣਾ ਹੈ।

੩੧. ਜਿਹੜਾ ਆਪਣੇ ਪੀਰ ਨੂੰ, ਗੁਰੂ ਨੂੰ ਪਛਾਣੇ, ਉਹੀ, ਸਮਝੋ, ਬਹਿਸ਼ਤ ਵਿਚ ਰਹਿੰਦਾ ਹੈ, ਸਵਰਗ ਵਿਚ ਰਹਿੰਦਾ ਹੈ।

੩੨. ਮੁਸਲਮਾਨ ਉਹ ਹੈ, ਜੋ ਮੋਮਦਿਲ ਹੈ, ਨਰਮ ਦਿਲ ਹੈ, ਅੰਦਰੋਂ ਮੈਲਾ ਨਹੀਂ ਅਤੇ ਦੁਨੀਆਂ ਦੇ ਰੰਗ ਤਮਾਸ਼ਿਆਂ ਵਿਚ ਨਹੀਂ ਫਸਦਾ।

੩੩. ਜਿਸ ਬੰਦੇ ਉਤੇ ਰੱਬ ਦੀ ਮਿਹਰ ਹੋਵੇ, ਉਹੀ ਸੂਰਮਾ ਹੈ, ਮਰਦ ਹੈ, ਉਹੀ ਸ਼ੇਖ ਹੈ, ਉਹੀ ਹਾਜੀ ਹੈ, ਉਹੀ ਰੱਬ ਦਾ ਅਸਲ ਬੰਦਾ ਹੈ।

ਇਸ ਉਪਦੇਸ਼ ਦੇ ਤਿੰਨ ਨੁਕਤੇ-ਸੁਬਿਧਾ ਲਈ ਸਮਝ ਲਈਏ ੩੪ ਤੋਂ ੩੬ ਤਾਈ ਸੋਲਹੇ ਦੇ ਬਾਰ੍ਹਵੇ ਪਦ ਵਿਚ ਹਨ, ਜੋ ਇਉਂ ਹਨ :-

"ਕਾਇਆ ਕਿਰਦਾਰ, ਅਉਰਤ ਯਕੀਨਾ"
ਰੰਗ ਤਮਾਸੇ ਮਾਣਿ ਹਕੀਨਾ।।
ਨਾ-ਪਾਕ ਪਾਕ ਕਰਿ, ਹਦੂਰਿ ਹਦੀਸਾ ;
ਸਾਬਤ ਸੂਰਤਿ, ਦਸਤਾਰ ਸਿਰਾ।।੧੨।।"

ਇਸ ਪਦ ਦਾ ਭਾਵ ਇਹ ਹੈ :-

੩੪. ਚੰਗੇ ਕਿਰਦਾਰ, ਚੰਗੇ ਕੰਮ ਕਰਨ ਵਾਲੇ ਆਪਣੇ ਸਰੀਰ ਨੂੰ ਆਪਣੀ ਵਫ਼ਾਦਾਰ ਔਰਤ ਸਮਝ, ਪਤਿਬ੍ਰਤਾ ਇਸਤਰੀ ਸਮਝ :ਅਤੇ ਇਸ ਦੀ ਰਾਹੀਂ ਵਿਕਾਰਾਂ ਦੀ ਥਾਂ ਰੱਬੀ ਮਿਲਾਪ ਦੇ ਰੰਗ ਤਮਾਸ਼ੇ ਮਾਣਿਆ ਕਰ।

੩੫. ਵਿਕਾਰਾਂ ਨਾਲ ਨਾ-ਪਾਕ, ਮਲੀਨ ਹੋਏ ਮਨ ਨੂੰ ਪਾਕ ਕਰ, ਪਵਿੱਤਰ ਕਰ, ਇਹੀ ਹੈ ਹਜ਼ੂਰੀ ਹਦੀਸ, ਇਹੀ ਹੈ ਰੱਬ ਨਾਲ ਮਿਲਾਪ ਪੈਦਾ ਕਰਨ ਵਾਲੀ ਸ਼ਰ੍ਹਾ ਦੀ ਕਿਤਾਬ।

੩੬. ਸੁੰਨਤ ਕਰਾਉਣੀ ਅਤੇ ਲਬਾਂ ਕਟਾਣ ਆਦਿਕ ਕੇਸਾਂ ਦੀ ਬੇ-ਅਦਬੀ ਨੂੰ ਛੱਡ ਕੇ ਆਪਣੀ ਸ਼ਕਲ ਸੂਰਤ ਨੂੰ ਸਾਬਤ ਰੱਖ, ਜਿਉਂ ਦੀ ਤਿਉਂ ਰੱਖ, ਇਉਂ ਕਰਨਾ ਆਪਣੇ ਸਿਰ ਤੇ ਦਸਤਾਰ ਸਮਝ। ਭਾਵ ਇਹ ਹੈ ਕਿ ਇਉਂ ਕਰਨਾ ਇਸ ਜੀਵਨ ਵਿਚ ਅਤੇ ਮੌਤ ਪਿਛੋਂ ਇੱਜ਼ਤ, ਆਦਰ, ਮਾਣ, ਸਤਿਕਾਰ ਦਾ ਵਸੀਲਾ ਬਣ ਜਾਂਦਾ ਹੈ।"

ਜੇ ਅਸੀਂ 'ਸਾਬਤ ਸੂਰਤਿ, ਦਸਤਾਰ ਸਿਰਾ' ਦਾ, ਗੁਰਸਿੱਖਾਂ ਲਈ, ਵਿਆਪਕ ਭਾਵ ਵੀ ਲੈਣਾ ਹੋਵੇ, ਤਾਂ ਉਹ ਵੀ ਇਹੀ ਹੈ : "ਗੁਰਸਿੱਖੋ ! ਸਾਨੂੰ ਆਪਣੀ ਸ਼ਕਲ ਸੂਰਤ ਸਾਬਤ ਰੱਖਣੀ ਚਾਹੀਦੀ ਹੈ, ਕੇਸਾਂ ਦੀ ਬੇ-ਅਦਬੀ ਨਹੀਂ ਕਰਨੀ ਚਾਹੀਦੀ, ਕੇਸ ਛਾਂਗਣੇ ਨਹੀਂ ਚਾਹੀਦੇ, ਕੇਸ ਮੁਨਾਉਣੇ ਨਹੀਂ ਚਾਹੀਦੇ, ਮੁੱਛਾਂ ਨਹੀਂ ਕੱਟਣੀਆਂ ਚਾਹੀਦੀਆਂ। ਇਉਂ ਕਰਨਾ ਇੱਜ਼ਤ ਹਾਸਿਲ ਕਰਨ ਦੇ ਸਾਧਨਾਂ ਵਿਚੋਂ ਸਾਡੇ ਲਈ ਇਕ ਵਿਸ਼ੇਸ਼ ਸਾਧਨ ਹੈ। ਸਾਬਤ ਸੂਰਤਿ ਰੱਬ ਦੀ ਭੰਨੇ, ਬੇ-ਈਮਾਨ।"

ਕਾਸ਼ ! ਅਸੀਂ ਗੁਰਬਾਣੀ ਵਿਆਕਰਣ ਦੇ ਨਿਯਮਾਂ ਅਨੁਸਾਰ ਗੁਰਬਾਣੀ ਦੇ ਸਹੀ ਅਰਥ ਸਮਝਣ ਸਮਝਾਣ ਅਤੇ ਲਿਖਣ ਪਰਚਾਰਨ ਵੱਲ ਜ਼ਰਾ ਹੋਰ ਧਿਆਨ ਦੇਈਏ, ਨਹੀਂ ਤਾਂ ਬੰਦਾ ਹੈਰਾਨ ਨਾ ਹੋਵੇ ਤਾਂ ਕੀ ਹੋਵੇ? ਜਦ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਵੱਡੇ ਗਰੰਥੀ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਵੀ ਇਹ ਸੁਣੇ ਕਿ ਫ਼ਰੀਦ ਜੀ ਨੇ 'ਫਰੀਦਾ ! ਏ ਵਿਸੁ ਗੰਦਲਾ' ਵਿਚ ਤੀਵੀਆਂ ਨੂੰ ਕਿਹਾ ਹੈ 'ਇਹ ਵਿਹੁ ਦੀਆਂ ਗੰਦਲਾਂ' ਹਨ, ਅਤੇ ਵੀਹਵੀਂ ਸਦੀ ਦੇ ਸੱਭ ਤੋਂ ਵੱਡੇ ਕਹੇ ਜਾਣ ਵਾਲੇ ਕਥਾਕਾਰ ਜੀ ਦੇ ਮੁਖਾਰਬਿੰਦ ਤੋਂ ਵੀ ਇਹ ਸੁਣੇ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਮਾਸ ਖਾਣ ਬਾਰੇ ਅਤੇ ਨਾ ਖਾਣ ਬਾਰੇ, ਦੋਵੇਂ ਤਰ੍ਹਾਂ ਦੇ ਪਰਮਾਣ ਬਥੇਰੇ ਮਿਲ ਜਾਂਦੇ ਹਨ। ਹਾਲਾਂਕਿ ਅਸਲੀਅਤ ਇਹ ਹੈ ਕਿ ਗੁਰਬਾਣੀ ਵਿਚ ਕੋਈ ਪਰਸਪਰ ਵਿਰੋਧੀ ਵਿਚਾਰ ਨਹੀਂ ਲਿਖੇ ਗਏ। ਜਿਹੜੇ ਸਾਨੂੰ ਕੰਟ੍ਰਾਡਿਕਟਰੀ ਜਾਪਦੇ ਹਨ, ਉਹ ਸਾਡੀ ਆਪਣੀ ਸਮਝ ਦਾ ਘਾਟਾ ਹੈ ਅਤੇ ਸਾਨੂੰ ਖੋਜ ਕਰਨ ਦੀ ਲੋੜ ਹੈ ਕਿ ਉਹ ਵਿਚਾਰ ਕਿਸ ਸੰਦਰਭ ਵਿਚ ਉਚਾਰੇ ਗਏ ਸਨ !

ਸਤੰਬਰ ੧੯੮੩

# 'ਅੰਮ੍ਰਿਤ' ਸੰਬੰਧੀ ਕੁੱਝ ਭੁਲੇਖਿਆਂ ਤੇ ਸੰਖੇਪ ਵਿਚਾਰ

ਸਿੱਖ ਇਤਿਹਾਸ ਤੋਂ ਅਣਜਾਣ ਸੱਜਣ ਇਹ ਕਹਿੰਦੇ ਹਨ ਕਿ ਦਸਮੇਸ਼ ਪਿਤਾ ਜੀ ਨੇ ਖਾਲਸਾ ਸਿਰਫ਼ ਜੰਗਾਂ ਯੁੱਧਾਂ ਦੀ ਖ਼ਾਤਰ ਇੱਕ ਫੌਜੀ ਸ਼੍ਰੇਣੀ ਤਿਆਰ ਕਰਨ ਲਈ ਹੀ ਅੰਮ੍ਰਿਤ ਛਕਾ ਕੇ ਸਾਜਿਆ ਸੀ। ਪਰ ਸਾਡਾ ਇਤਿਹਾਸ ਦੱਸਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਸੰਨ ੧੬੨੮, ੧੬੩੦, ੧੬੩੧ ਅਤੇ ੧੬੩੨ ਈਸਵੀ ਵਿਚ ਤਰਤੀਬਵਾਰ ਅੰਮ੍ਰਿਤਸਰ, ਕਰਤਾਰਪੁਰ (ਜਾਲੰਧਰ), ਨਥਾਣਾ ਮਹ੍ਰਾਜ ਅਤੇ ਮੁੜ ਕਰਤਾਰਪੁਰ (ਜਾਲੰਧਰ) ਦੀਆਂ ਲੜਾਈਆਂ ਵਿੱਚ, ਜੋ ਕਿ ਸ਼ਾਹਜਹਾਨ ਦੀਆਂ ਫ਼ੌਜਾਂ ਨੇ ਸਿੱਖਾਂ ਤੇ ਠੋਸੀਆਂ ਸਨ, ਜਿੱਤ ਚਾਰੇ ਵਾਰ ਸਿੱਖਾਂ ਦੀ ਹੀ ਹੋਈ ਸੀ ਅਤੇ ਉਦੋਂ ਸਿੱਖ ਅੰਮ੍ਰਿਤਧਾਰੀ ਨਹੀਂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਭੰਗਾਣੀ, ਨਾਦੌਣ ਅਤੇ ਹੁਸੈਨੀ ਯੁੱਧਾਂ ਵਿਚ, ਜੋ ਕ੍ਰਮਵਾਰ ਸੰਨ ੧੬੮੭, ੧੬੮੮ ਅਤੇ ੧੬੮੮-੮੯ ਈਸਵੀ ਦੇ ਸਿਆਲ ਵਿਚ ਲੜੇ ਗਏ, ਵਿਚ ਵੀ ਸਿੱਖਾਂ ਦੀ ਹਾਰ ਕਦੀ ਨਹੀਂ ਸੀ ਹੋਈ, ਅਤੇ ਅੰਮ੍ਰਿਤ ਤਾਂ ਗੁਰੂ ਜੀ ਨੇ ੧੦ ਸਾਲ ਪਿੱਛੋਂ, ਸੰਨ ੧੬੯੯ ਈਸਵੀ ਵਿਚ ਛਕਾਇਆ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਅੰਮ੍ਰਿਤ ਸਿਰਫ਼ ਲੜਾਈਆਂ ਲੜਨ ਲਈ ਹੀ ਨਹੀਂ ਸੀ ਛਕਾਇਆ ਗਿਆ।

ਇਹੋ ਸੱਜਣ ਇਹ ਵੀ ਕਹਿੰਦੇ ਹਨ ਕਿ ਸਿੱਖਾਂ ਨੂੰ ਸਿਰਫ ਇੱਕੋ ਤਰ੍ਹਾਂ ਦੀ ਵਰਦੀ ਦੇਣ ਦੀ ਖ਼ਾਤਰ ਹੀ ਅੰਮ੍ਰਿਤ ਛਕਾਇਆ ਗਿਆ ਸੀ ਪਰ ਇਹ ਗੱਲ ਵੀ ਨਿਰਮੂਲ ਹੈ ਕਿਉਂਕਿ ਇਹ ਵਰਦੀ ਤਾਂ ਸਿੱਖਾਂ ਨੇ ਅੰਮ੍ਰਿਤ ਤੋਂ ਪਹਿਲਾਂ ਹੀ ਅਪਣਾ ਲਈ ਸੀ।

ਕੇਸ ਤਾਂ ਸਾਡੇ ਸਾਰੇ ਬਜ਼ੁਰਗ, ਰਿਸ਼ੀ, ਮੁਨੀ, ਅਵਤਾਰ ਬਲਕਿ ਸਾਰੇ ਧਰਮਾਂ, ਮਜ਼ਹਬਾਂ ਦੇ ਸੰਚਾਲਕ ਰੱਖਿਆ ਕਰਦੇ ਸਨ। ਉਹ ਕੇਸ ਵਾਹੁਣ ਲਈ ਕੰਘੇ ਵੀ ਵਰਤਦੇ ਸਨ; ਕੰਘੇ ਲਈ ਸੰਸਕ੍ਰਿਤ ਸ਼ਬਦ 'ਕੱਚਗ੍ਰਹ' ਹੈ। ਕੇਸ ਕਤਲ ਕਰਾਉਣ ਨੂੰ ਮੌਤ ਤੁੱਲ ਸਮਝਿਆ ਜਾਂਦਾ ਸੀ। ਰੱਬ ਲਈ ਇਕ ਸੰਸਕ੍ਰਿਤ ਸ਼ਬਦ 'ਕੇਸ਼ਵ' ਵੀ ਹੈ, ਜਿਸ ਦਾ ਅਰਥ ਹੀ ਹੈ 'ਕੇਸ-ਧਾਰੀ'। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੇਸ-ਧਾਰੀ ਹੋਣ ਦੀ ਗਵਾਹੀ ਸਿੱਖ-ਇਤਿਹਾਸ ਤੇ ਗੁਰਬਾਣੀ ਦੇ ਰਹੀ ਹੈ। ਪਿੱਛੋਂ ਵੀ ਸਾਰੇ ਗੁਰੂ ਸਾਹਿਬਾਨ ਕੇਸ-ਧਾਰੀ ਹੀ ਸਨ ਅਤੇ ਕੰਘੇ ਵੀ ਰੱਖਦੇ ਸਨ। ਸਿੱਖ ਵੀ ਕੇਸਧਾਰੀ ਸਨ ਅਤੇ ਕੰਘੇ ਵਰਤਦੇ ਸਨ। ਦਸਵੇਂ ਗੁਰੂ ਜੀ ਨੇ ਤਾਂ ਗੁਰ-ਗੱਦੀ ਤੇ ਬੈਠਦਿਆਂ ਹੀ ਸਿੱਖਾਂ ਨੂੰ ਉਚੇਚੇ ਤੌਰ ਤੇ ਕੇਸ ਕਤਲ ਨਾ

ਕਰਾਉਣ ਦਾ ਹੁਕਮ ਦੇ ਦਿੱਤਾ ਸੀ ਅਤੇ ਆਪਣੇ ਗੁਰੂ-ਪਿਤਾ ਤੇਗ ਬਹਾਦੁਰ ਜੀ ਦੀ ਸ਼ਹੀਦੀ ਪਿੱਛੋਂ ਤਾਂ ਕੇਸ-ਧਾਰੀ ਰਹਿਣ ਦੀ ਤਾਕੀਦ ਹੋਰ ਵੀ ਪੱਕੀ ਕਰ ਦਿੱਤੀ ਸੀ। ਪਾਠਕਾਂ ਨੂੰ ਇਸ ਗੱਲ ਦਾ ਧਿਆਨ ਦਿਵਾਉਣਾ ਵੀ ਜ਼ਰੂਰੀ ਹੈ ਕਿ ਸਾਰੇ ਸਿੱਖ-ਗੁਰੂ ਸਾਹਿਬਾਨ ਦਸਤਾਰ-ਧਾਰੀ ਸਨ ਅਤੇ ਗੁਰੂ-ਗੱਦੀਆਂ ਪ੍ਰਾਪਤ ਕਰਨ ਵੇਲੇ ਸਿਹਲੀ-ਟੋਪੀ ਦੀ ਵਰਤੋਂ ਦੀਆਂ ਕਾਢਾਂ ਸਿਰਫ਼ ਸਿਹਲੀ-ਟੋਪੀ ਦੇ ਆਸ਼ਕਾਂ ਦੇ ਦਿਮਾਗ ਦੀਆਂ ਹੀ ਹਨ ਕਿਉਂਕਿ ਉਸ ਸਮੇਂ ਆਮ ਸਾਧੂ-ਸੰਤ ਆਪਣੇ ਚੇਲਿਆਂ ਨੂੰ ਮਹੰਤੀਆਂ ਸੌਂਪਣ ਵੇਲੇ ਉਨ੍ਹਾਂ ਦੀ ਵਰਤੋਂ ਕੀਤਾ ਕਰਦੇ ਸਨ।

ਕ੍ਰਿਪਾਨ ਵੀ ਪ੍ਰਾਚੀਨ ਕਾਲ ਤੋਂ ਦੁਨੀਆਂ ਦੇ ਬਹੁਤ ਸਾਰੇ ਦੇਸਾਂ ਵਿਚ ਵਰਤੀ ਜਾ ਰਹੀ ਸੀ। ਭਾਰਤ ਦੇ ਕਸ਼ੱਤ੍ਰੀ ਵੀ ਤਲਵਾਰ-ਧਾਰੀ ਹੋਇਆ ਕਰਦੇ ਸਨ। ਛੇਵੇਂ ਗੁਰੂ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਤਲਵਾਰ-ਧਾਰੀ ਸਨ। ਨੌਵੇਂ ਗੁਰੂ ਜੀ ਦਾ ਤਾਂ ਨਾਮ ਵੀ ਤੇਗ਼ ਬਹਾਦੁਰ ਸੀ ਅਤੇ ਉਨ੍ਹਾਂ ਨੇ ਆਪਣੇ ਪਿਤਾ ਛੇਵੇਂ ਗੁਰੂ ਜੀ ਦੇ ਵੇਲੇ ਲੜੀਆਂ ਗਈਆਂ ਲੜਾਈਆਂ ਵਿੱਚ ਵੀ ਹਿੱਸਾ ਲਿਆ ਸੀ। ਪਰ ਦਸਵੇਂ ਗੁਰੂ ਜੀ ਨੇ ਤਾਂ ਗੁੱਜਰਾਂ ਦੀਆਂ ਵਧੀਕੀਆਂ ਦੇ ਕਾਰਨ ਹਰ ਇਕ ਸਿੱਖ ਨੂੰ ਕ੍ਰਿਪਾਨ-ਧਾਰੀ ਹੋਣ ਦੀ ਆਗਿਆ ਵਿਸ਼ੇਸ਼ ਤੌਰ ਤੇ ਕਰ ਦਿੱਤੀ ਸੀ।

ਪੁਰਾਤਨ ਸਮੇਂ ਤੋਂ ਹੀ ਇੰਡੀਆ ਦੇ ਯੋਧੇ ਵੈਰੀ ਦੀ ਤਲਵਾਰ ਦਾ ਵਾਰ ਰੋਕਣ ਲਈ ਢਾਲ ਤਾਂ ਰੱਖਦੇ ਹੀ ਸਨ, ਪਰ ਨਾਲ ਆਪਣੇ ਸੱਜੇ ਹੱਥ ਵਿਚ ਲੋਹੇ ਦਾ ਮੋਟਾ ਕੜਾ ਵੀ ਪਾਂਦੇ ਸਨ ਤਾਂਕਿ ਦੂਜੇ ਦੇ ਵਾਰ ਤੋਂ ਆਪਣੇ ਸੱਜੇ ਗੁੱਟ ਦੀ ਰੱਖਿਆ ਵਿੱਚ ਸਹਾਇਤਾ ਮਿਲੇ। ਸੰਨ ੧੬੮੯ ਈ. ਤੋਂ ਪਿੱਛੋਂ ਦਸਵੇਂ ਗੁਰੂ ਜੀ ਨੇ ਭਰਮਾਂ ਵਹਿਮਾਂ ਨੂੰ ਜਿੱਤਣ ਦੀ ਯਾਦ ਵਿੱਚ ਆਪਣੇ ਸਿੱਖਾਂ ਨੂੰ ਵੀ ਖਾਸ ਤੌਰ ਤੇ ਸਰਬ-ਲੋਹ ਦੇ ਕੜੇ ਪਾਉਣ ਦੀ ਆਗਿਆ ਕੀਤੀ । ਜਦ ਕਿ ਉਨ੍ਹਾਂ ਦੇ ਸਿਦਕ ਨੂੰ ਪਰਖਣ ਲਈ ਗੁਰੂ ਜੀ ਨੇ ਇਕ ਡਕਉਂਤ ਨੂੰ ਛਨਿੱਚਰਵਾਰ ਵਾਲੇ ਦਿਨ ਛਨਿੱਛਰ ਦੇਵਤੇ ਦਾ ਧਾਨ-ਤੇਲ, ਮਾਂਹ ਤੇ ਲੋਹਾ ਦਿੱਤਾ ਸੀ, ਪਰ ਗੁਰਸਿੱਖਾਂ ਨੇ ਇਹ ਚੀਜ਼ਾਂ ਉਸ ਤੋਂ ਖੋਹ ਕੇ ਮਾਹਾਂ ਦਾ ਆਟਾ ਪੀਹਕੇ, ਤੇਲ ਵਿੱਚ ਉਸ ਦੀਆਂ ਵੜੀਆਂ ਤਲ ਲਈਆਂ ਸਨ ਅਤੇ ਲੋਹੇ ਨੂੰ ਕੁੱਟ ਕੇ ਉਸ ਦੇ ਕੜੇ ਬਣਾ ਕੇ ਆਪਣੇ ਸੱਜੇ ਹੱਥੀਂ ਪਾ ਲਏ ਸਨ।

ਹਿੰਦੁਸਤਾਨ ਦੇ ਪੁਰਾਣੇ ਲੋਕ ਪਹਿਲਾਂ ਹੀ ਕਛਹਿਰਾ ਪਾਉਂਦੇ ਸਨ। ਸੰਸਕ੍ਰਿਤ ਵਿੱਚ ਸ਼ਬਦ ਹੈ 'ਕਕਸ਼ਾ', ਜਿਸ ਦਾ ਪੰਜਾਬ ਰੂਪ ਹੈ 'ਕੱਛਾ' ਅਤੇ 'ਕਛਿਹਰਾ' ਕਹਿੰਦੇ ਹਨ 'ਸੁਹਣੇ ਕੱਛੇ' ਨੂੰ। ਜਦ ਸ੍ਰੀ ਹਨੂਮਾਨ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਸ੍ਰੀ ਰਾਮਚੰਦ੍ਰ ਜੀ ਨੇ ਉਨ੍ਹਾਂ ਨੂੰ ਇਨਾਮ ਦੇਣਾ ਚਾਹਿਆ ਸੀ ਤਾਂ ਉਨ੍ਹਾਂ ਨੇ ਕੱਛਾ ਹੀ ਮੰਗਿਆ ਸੀ, ਜੋ ਉਨ੍ਹਾਂ ਨੂੰ ਦਿੱਤਾ ਗਿਆ ਸੀ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਤ੍ਰਿਲੋਚਨ ਭਗਤ ਜੀ ਨੇ, ਜੋ ਬ੍ਰਾਹਮਣ ਸਨ, ਕਛਿਹਰੇ ਲਈ ਸ਼ਬਦ 'ਕਛਉਟੀ' ਵਰਤਿਆ ਹੈ। ਸ੍ਰੀ ਰਾਮਚੰਦਰ ਦੀ ਤਰ੍ਹਾਂ ਸ੍ਰੀ ਹਨੂਮਾਨ ਜੀ ਵੀ ਕਛਿਹਰਾ ਪਾਇਆ ਕਰਦੇ ਸਨ। ਮਹਾਂ-ਭਾਰਤ ਦੇ ਸਮੇਂ ਇਕ ਕਿਤਾਬ ਲਿਖੀ

ਗਈ, ਜਿਸ ਦਾ ਨਾਉਂ ਹੈ 'ਨਲ-ਚੰਪੂ' ਜਿਸ ਦਾ ਭਾਵ ਹੈ 'ਨਲ-ਸੈਨਾ'। ਉਸ ਪੁਸਤਕ ਵਿਚ ਰਾਜਾ ਨਲ ਦੀ ਸੈਨਾ ਦਾ ਵਰਨਣ ਹੈ ਅਤੇ ਲਿਖਿਆ ਹੈ ਕਿ ਫ਼ੌਜੀ ਵਰਦੀ ਵਿਚ ਕੱਛਾ ਵੀ ਸ਼ਾਮਿਲ ਸੀ ਕਿਉਂਕਿ ਧੋਤੀਆਂ ਪਹਿਨ ਕੇ ਲੜਾਈ ਨਹੀਂ ਸੀ ਹੋ ਸਕਦੀ। ਪਜਾਮਾ ਤਾਂ ਭਾਰਤੀ ਵਰਦੀ ਵਿੱਚ ਮੁਗਲਾਂ ਦੇ ਰਾਜ ਸਮੇਂ ਹੀ ਆਇਆ ਸੀ, ਜਿਸ ਲਈ, ਫਾਰਸੀ ਜ਼ੁਬਾਨ ਵਿਚ ਲਫ਼ਜ਼ ਹੈ 'ਪਾਇਜਾਮਾ', ਜਿਸ ਦਾ ਅਰਥ ਹੈ 'ਪੈਰਾਂ ਉੱਤੋਂ ਲੰਘਾ ਕੇ ਪਾਇਆ ਜਾਣ ਵਾਲਾ ਲਿਬਾਸ'।

ਔਰੰਗਜ਼ੇਬ ਦੇ ਰੀਪੋਰਟਰ ਗੁਲਾਮ ਮੁਹਈਉਦੀਨ ਨੇ, ਜੋ ਆਨੰਦਪੁਰ ਦੀਆਂ ਰੀਪੋਰਟਾਂ ਸ਼ਹਿਨਸ਼ਾਹ ਨੂੰ ਦਿਆ ਕਰਦਾ ਸੀ, ਰੀਪੋਰਟ ਭੇਜੀ ਸੀ ਕਿ ਵੈਸਾਖੀ ਵਾਲੇ ਦਿਨ, ਪਹਿਲੇ ਦਿਨ ਹੀ ਵੀਹ ਹਜ਼ਾਰ ਸਿੱਖਾਂ ਨੇ ਅੰਮ੍ਰਿਤ ਛਕ ਲਿਆ ਸੀ ਅਤੇ ਕੁਝ ਦਿਨਾਂ ਦੇ ਵਿਚਕਾਰ ਹੀ ਅੱਸੀ ਹਜ਼ਾਰ ਨੇ। ਇਹ ਗੱਲ ਸਾਫ਼ ਦੱਸਦੀ ਹੈ ਕਿ ਸਿੱਖ ਪਹਿਲਾਂ ਹੀ ਕਛਿਹਰਾ ਪਾਉਂਦੇ ਸਨ ਅਤੇ ਸਾਰਿਆਂ ਪਾਸ ਦੋ ਦੋ ਕਛਿਹਰੇ ਸਨ। ਜੇ ਇਉਂ ਨਾ ਹੁੰਦਾ ਤਾਂ ਅੰਮ੍ਰਿਤ ਕਿਵੇਂ ਛਕਦੇ ਕਿਉਂਕਿ ਨਾ ਤਾਂ ਇਤਿਹਾਸ ਵਿਚ ਇਹ ਜ਼ਿਕਰ ਹੈ ਕਿ ਇੱਕ ਲੱਖ ਸੱਠ ਹਜ਼ਾਰ ਕਛਿਹਰੇ ਸਵਾਏ ਗਏ ਅਤੇ ਨਾ ਹੀ ਇਹ ਕਿ ਸਿੱਖਾਂ ਨੂੰ ਹੁਕਮ ਹੋਇਆ ਕਿ ਹਰਿੱਕ ਦੋ ਦੋ ਕਛਿਹਰੇ ਲੈ ਕੇ ਆਵੇ।

ਸੋ 'ਅੰਮ੍ਰਿਤ' ਸੰਜਮੀ-ਜੀਵਨ ਲਈ ਇਕ 'ਪ੍ਰਣ' ਵੀ ਸੀ। ਸਾਨੂੰ ਦਸਮੇਸ਼ ਜੀ ਨੇ ਚਾਰ ਕੁਰਹਿਤਾਂ ਤੋਂ ਵਰਜਿਆ ਹੈ, ਜਿਨ੍ਹਾਂ ਨੂੰ ਸਮਝਣ ਨਾਲ ਸਾਨੂੰ ਪ੍ਰਣ ਦੀ ਸਮਝ ਪੈ ਸਕਦੀ ਹੈ। ਸਵਾਲ ਉਠਦਾ ਹੈ ਕਿ ਕੀ ਅੰਮ੍ਰਿਤ ਛਕਣ ਤੋਂ ਪਹਿਲਾਂ ਦੇ ਸਿੱਖ ਕੁਰਿਹਤਾਂ ਕੀਤਾ ਕਰਦੇ ਸਨ? ਉੱਤਰ ਹੈ, ਬਿਲਕੁੱਲ ਨਹੀਂ।

ਪਹਿਲੇ ਗੁਰੂ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਨੇ, ਗੁਰਬਾਣੀ ਤੇ ਇਤਿਹਾਸ ਦੇ ਕਥਨ ਅਨੁਸਾਰ ਇਹ ਸਿੱਖਿਆ ਵੀ ਦਿੱਤੀ ਸੀ ਕਿ ਸ਼ਰਾਬ ਆਦਿਕ ਨਸ਼ੇ ਨਹੀਂ ਸਨ ਵਰਤਣੇ ਅਤੇ ਆਚਰਣ ਦੀ ਸੰਭਾਲਣਾ ਕਰਨੀ, ਪਰ ਜਦ ਦਸਵੇਂ ਗੁਰੂ ਜੀ ਨੂੰ ਸਬੂਤ ਮਿਲੇ ਕਿ ਤੁਰਕ ਕਾਬੂ ਆਈਆਂ ਹਿੰਦਵਾਣੀਆਂ ਦੀ ਇੱਜ਼ਤ ਲੁੱਟਦੇ ਸਨ ਅਤੇ ਡਰ ਪੈਦਾ ਹੋਇਆ ਕਿ ਕਿਤੇ ਸਿੱਖ ਵੀ ਬਦਲਾ ਲੈਣ ਦੀ ਖਾਤਰ ਕਾਬੂ ਆਈਆਂ ਤੁਰਕਣੀਆਂ ਦੀ ਅਸਮਤ ਨਾ ਲੁੱਟਣ ਤਾਂ ਉਨ੍ਹਾਂ ਪ੍ਰਣ ਵਿੱਚ 'ਤੁਰਕਣੀ ਨਾਲ ਯੁੱਧ ਨਾ ਕਰਨ' ਤੇ ਵੀ ਜ਼ੋਰ ਦਿੱਤਾ ਸੀ, ਜਿਸ ਦਾ ਭਾਵ ਇਹ ਹੈ ਕਿ ਵੈਰੀਆਂ ਦੀਆਂ ਮਾਵਾਂ, ਧੀਆਂ ਅਤੇ ਭੈਣਾਂ ਦੀ ਇੱਜ਼ਤ ਵੀ ਨਹੀਂ ਲੁੱਟਣੀ। ਸਮੁੱਚੇ ਤੌਰ ਤੇ 'ਪਰ-ਇਸਤ੍ਰੀ-ਗਮਨ' ਦੀ ਤਾਂ ਪਹਿਲਾਂ ਹੀ ਮਨਾਹੀ ਸੀ।

ਤੰਬਾਕੂ ਵਲਾਇਤ ਵਿੱਚ ਮਹਾਰਾਣੀ ਐਲਜ਼ਾਬੈਥ ਪਹਿਲੀ ਦੇ ਰਾਜ ਸਮੇਂ ਸਰ ਵੌਲਟਰ ਰੈਲੇ ਲਿਆਇਆ ਸੀ। ਇੰਡੀਆਂ ਵਿੱਚ ਉਦੋਂ ਸਮਰਾਟ ਅਕਬਰ ਦਾ ਰਾਜ ਸੀ। ਭਾਰਤ ਵਿੱਚ ਤੰਬਾਕੂ ਜਹਾਂਗੀਰ ਦੇ ਸਮੇਂ ਸਰ ਟੌਮਸ ਰੋ ਲਿਆਇਆ। ਜਹਾਂਗੀਰ ਨੇ ਇਸ ਨੂੰ ਨਾ ਪੀਣ ਦੇ ਹੁਕਮ ਜ਼ਾਰੀ ਕੀਤੇ ਪਰ ਕਿਉਂਕਿ ਉਹ ਆਪ ਜਗਤ-ਜੂਠ ਹੁੱਕਾ ਪੀਂਦਾ ਸੀ, ਇਸ ਲਈ ਉਸ ਦੇ ਹੁਕਮ ਨੂੰ ਜਨਤਾ ਨੇ ਨਾ ਮੰਨਿਆ। ਪੰਡਿਤਾਂ, ਉਲਮਾਵਾਂ ਅਤੇ ਪਾਦਰੀਆਂ ਨੇ ਵੀ ਹੁੱਕਾ

ਨਾ ਪੀਣ ਦੀਆਂ ਹਦਾਇਤਾਂ ਕੀਤੀਆਂ ਪਰ 'ਮਰਜ਼ ਬੜ੍ਹਤਾ ਗਿਆ, ਜੂੰ ਜੂੰ ਦਵਾ ਕੀ' ਅਨੁਸਾਰ ਇਹ ਆਮ ਵਰਤਿਆ ਜਾਣ ਲੱਗਾ। ਇਸ ਲਈ ਗੁਰਸਿੱਖ ਨੂੰ ਇਸ ਨਵੇਂ ਨਸ਼ੇ ਤੋਂ ਬਚਣ ਲਈ ਵੀ ਸਤਿਗੁਰਾਂ ਪ੍ਰਣ ਲਿਆ।

ਭਾਰਤ ਵਿੱਚ ਚਿਰੰਕਾਲ ਤੋਂ ਜਨਤਾ ਝਟਕਾ ਖਾਂਦੀ ਸੀ ਪਰ ਤੁਰਕ ਹਾਕਮਾਂ ਨੇ ਭਾਰਤੀਆਂ ਦੇ ਅੰਦਰੋਂ ਗ਼ੈਰਤ ਦੂਰ ਕਰਨ ਲਈ ਰਾਜ-ਦਬਾਉ ਪਾਇਆ ਕਿ ਗੈਰ-ਮੁਸਲਿਮ ਵੀ ਮੁਸਲਮਾਨਾਂ ਵਾਂਗ ਕੁੱਠਾ ਖਾਣ। ਇਸ ਅਯੋਗ ਰੋਅਬ ਦੇ ਉਲਟ ਆਵਾਜ਼ ਉਠਾਉਣ ਲਈ ਦਸਮੇਸ਼ ਜੀ ਨੇ ਪ੍ਰਣ ਵਿਚ ਹੁੱਕਮ ਕੀਤਾ ਕਿ ਜੇ ਕੋਈ ਗੁਰਸਿੱਖ ਮਾਸ ਖਾਣਾ ਚਾਹੇ ਤਾਂ ਝਟਕਾ ਹੀ ਖਾਵੇ।

ਸੋ ਅੰਮ੍ਰਿਤ ਇੱਕ ਪ੍ਰਣ ਵੀ ਹੈ ਜੋ ਸਿਰਫ਼ ਉਸ ਸਮੇਂ ਲਈ ਹੀ ਨਹੀਂ ਸੀ ਬਲਕਿ ਅੱਜ ਲਈ ਵੀ ਹੈ ਅਤੇ ਅੱਗੇ ਲਈ ਵੀ ਹੋਵੇਗਾ। ਇਹ ਪ੍ਰਣ ਰਹਿੰਦੀ ਦੁਨੀਆਂ ਤਾਈਂ ਸਦਾ-ਸਦਾ ਲਈ ਹੈ। ਇਹ ਪ੍ਰਣ ਉੱਚੇ ਆਚਰਣ ਲਈ ਹੈ ਅਤੇ ਊਚ-ਨੀਚ ਦਾ ਭੇਦ ਮਿਟਾ ਕੇ ਖਾਲਸਾ ਜਥੇਬੰਦੀ ਦੀ ਵਰਦੀ ਨੂੰ ਸਦਾ ਕਾਇਮ ਰੱਖਣ ਲਈ ਹੈ। ਇਹ ਪ੍ਰਣ ਗੁਰੂ ਬਾਬਾ ਜੀ ਦੇ ਚਲਾਏ ਹੋਏ ਮਿਸ਼ਨ ਦੀ ਪੂਰਨਤਾ ਹੈ, ਜਿਸ ਦਾ ਆਸ਼ਾ ਧਾਰਮਿਕ, ਭਾਈਚਾਰਕ, ਸਦਾਚਾਰਿਕ, ਆਰਥਿਕ ਅਤੇ ਰਾਜਨੈਤਿਕ ਆਦਕਿ ਹਰ ਤਰ੍ਹਾਂ ਦੀਆਂ ਵਧੀਕੀਆਂ ਦੇ ਵਿਰੁੱਧ ਇਨਸਾਨ ਨੂੰ ਜਾਗ੍ਰਿਤ ਕਰਕੇ ਸਦਾ-ਸਦਾ ਲਈ ਸੰਤ-ਸਿਪਾਹੀ ਬਨਾਉਣਾ ਸੀ। ਚਿੜੀਆਂ ਨੂੰ ਵੀ ਬਾਜ਼ਾਂ ਤੋਂ ਨਿਰਭੈ ਕਰਾਉਣਾ ਸੀ ਅਤੇ ਗਾਈਆਂ ਨੂੰ ਵੀ ਸ਼ੇਰਾਂ ਤੋਂ ਬਲਵਾਨ ਬਨਾਉਣਾ ਸੀ। ਜੋ ਮਿਸ਼ਨ ਸੰਨ ੧੪੬੯ ਤੋਂ ੧੭੦੮ ਈਸਵੀ ਤਾਈਂ, ੨੩੯ ਸਾਲ ਦਾ ਸਮਾਂ, ਦਸ ਪੀੜ੍ਹੀਆਂ ਤਾਈਂ ਚਾਲੂ ਰਿਹਾ ਅਤੇ ਜਿਸ ਦੀ ਪੂਰਤੀ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਾਨੂੰ 'ਆਗਿਆ-ਪਾਲਣ' ਦੀ ਸਿੱਖਿਆ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਨੇ 'ਏਕਤਾ' ਦੀ, ਸ੍ਰੀ ਗੁਰੂ ਰਾਮਦਾਸ ਜੀ ਨੇ 'ਸੇਵਾ' ਦੀ, ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਆਤਮ-ਬਲੀਦਾਨ' ਦੀ, ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ 'ਇੰਸਾਫ' ਦੀ, ਸ੍ਰੀ ਗੁਰੂ ਹਰਿ ਰਾਏ ਜੀ ਨੇ 'ਦਇਆ' ਦੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ 'ਨੇਤਾ-ਚੁਨਣ' ਦੀ ਅਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ 'ਗੰਭੀਰਤਾ' ਦੀ। ਇਹ ਮਿਸ਼ਨ ਗੁਰੂ ਬਾਬਾ ਜੀ ਇਕ ਪੁਸ਼ਤ ਵਿੱਚ ਹੀ ਪੂਰਾ ਨਹੀਂ ਸਨ ਕਰ ਸਕਦੇ ਕਿਉਂਕਿ ਮੁਰਦਾ ਜਨਤਾ ਵਿਚ ਸ੍ਵੈ-ਸਤਿਕਾਰ ਦੀ ਰੂਹ ਪਾਉਣ ਲਈ ਸਮੇਂ ਦੀ ਲੋੜ ਸੀ। ਹੁਣ ਸਿੱਧੀ ਅਤੇ ਸਾਫ਼ ਗੱਲ ਇਹ ਹੈ ਕਿ ਜਦ ਗੁਰਸਿੱਖ ਨੇ ਕੋਈ ਨਾ ਕੋਈ ਬਾਣਾ ਤਾਂ ਧਾਰਨ ਕਰਨਾ ਹੀ ਹੈ, ਫਿਰ ਆਪਣੇ ਸਤਿਗੁਰਾਂ ਦਾ ਅਪਨਾਇਆ ਹੋਇਆ ਗੁਰਮੁਖੀ ਬਾਣਾ ਕਿਉਂ ਨਾ ਅਪਣਾਵੇ ?

ਇਸ ਪ੍ਰਣ ਦੀ ਮਹਾਨਤਾ ਇਸ ਗੱਲੋਂ ਵੀ ਪਰਖੀ ਜਾ ਸਕਦੀ ਹੈ ਕਿ ਕੁਰਿਹਤਾਂ ਤੋਂ ਬਚਣ ਦਾ ਇਹ ਪ੍ਰਣ ਦਸਮੇਸ਼ ਜੀ ਨੇ ਆਪ ਵੀ ਤਖਤ ਸ੍ਰੀ ਕੇਸਗੜ ਸਾਹਿਬ ਵਿੱਚ ਸੰਗਤਿ ਦੇ ਹਜ਼ੂਰ ਖੜੋ ਕੇ ਪੰਜਾਂ ਪਿਆਰਿਆਂ ਦੇ ਅੱਗੇ ਲਿਆ ਅਤੇ ਜਦ ਸਾਬੋ ਕੀ ਤਲਵੰਡੀ ਭਾਈ ਡੱਲੇ ਨੇ ਗੁਰੂ ਜੀ ਦੇ ਚਰਨਾਂ ਵਿਚ ਰਹਿਣ ਲਈ

ਪੀੜ੍ਹੀ ਜਿੰਨੀ ਥਾਂ ਮੰਗੀ ਤਾਂ ਸਤਿਗੁਰਾਂ ਬਚਨ ਕੀਤਾ ਕਿ ਉਹ ਥਾਂ ਤਾਂ ਅੰਮ੍ਰਿਤ ਛਕ ਕੇ, ਪ੍ਰਣ ਲੈ ਕੇ ਖਾਲਸੇ ਨਾਲ ਸਾਂਝ ਪਾ ਕੇ ਹੀ ਮਿਲ ਸਕਦੀ ਹੈ। ਇਸ ਲਈ ਹੀ ਅਗਲੇ ਦਿਨ ਉਸ ਨੇ ਪਰਵਾਰ ਸਮੇਤ 'ਗੁਰੂ ਦੇ ਜਹਾਜ਼ ਚੜ੍ਹਨ' ਦੀ ਬੇਨਤੀ ਕਰ ਦਿੱਤੀ ਸੀ, ਜੋ ਓਸੇ ਵੇਲੇ ਪਰਵਾਨ ਹੋ ਗਈ ਸੀ।

ਇਹ ਸ਼ੰਕਾ ਵੀ ਕੀਤਾ ਜਾਂਦਾ ਹੈ ਕਿ ਜਦ ਗੁਰਬਾਣੀ ਤੇ ਸਿੱਖ-ਇਤਿਹਾਸ ਵਿੱਚ ਜੰਞੂ ਤੇ ਇਤਰਾਜ਼ ਕੀਤਾ ਜਾਂਦਾ ਹੈ ਤਾਂ ਪੰਜ ਕਕਾਰਾਂ ਦੀ ਰਹਿਤ ਤੇ ਗੁਰੂ ਜੀ ਨੇ ਜ਼ੋਰ ਕਿਉਂ ਦਿੱਤਾ ? ਜੰਞੂ ਤੇ ਇਤਰਾਜ਼ ਇਹ ਸੀ ਕਿ ਇੱਕ ਪਾਸੇ ਤਾਂ ਇਸ ਨੂੰ ਮੁਕਤੀ ਦਾ ਸਾਧਨ ਮੰਨਿਆ ਜਾਂਦਾ ਸੀ ਅਤੇ ਦੂਜੇ ਪਾਸੇ ਸ਼ੂਦਰਾਂ ਤੇ ਇਸਤ੍ਰੀਆਂ ਨੂੰ ਇਸ ਦੇ ਪਾਉਣ ਦਾ ਅਧਿਕਾਰ ਨਹੀਂ ਸੀ ਅਤੇ ਫਿਰ ਬ੍ਰਾਹਮਣਾਂ, ਖੱਤ੍ਰੀਆਂ ਤੇ ਵੈਸ਼ਾਂ ਲਈ ਜੁਦਾ ਜੁਦਾ ਕਿਸਮ ਦੇ ਜਨੇਊ ਸਨ। ਸੋ ਗੁਰੂ ਬਾਬੇ ਦਾ ਦਸ ਸਾਲ ਦੀ ਉਮਰੇ ਜੰਞੂ ਦੇ ਵਿਰੁੱਧ ਨਾਅਰਾ ਇਹ ਸੀ ਕਿ ਆਤਮਕ ਜੀਵਨ ਲਈ ਉਹ ਸੂਤ ਦਾ ਜਨੇਊ ਕੰਮ ਨਹੀਂ ਸੀ ਆ ਸਕਦਾ।

ਪਰ ਜਦ ਦਸਵੇਂ ਗੁਰੂ ਜੀ ਸਾਨੂੰ ਪੰਜ ਕਕਾਰ ਦੀ ਰਹਿਤ ਰੱਖਣ ਲਈ ਪ੍ਰੇਰਦੇ ਹਨ ਤਾਂ ਇਹ ਹੀ ਨਹੀਂ ਕਹਿੰਦੇ ਕਿ ਇਹ ਕਕਾਰ ਮੁਕਤੀ ਦਾਤਾ ਹਨ ਬਲਕਿ ਇਹ ਫੁਰਮਾਉਂਦੇ ਹਨ ਕਿ ਰਹਿਤਾਂ ਗੁਰਸਿੱਖਾਂ ਦੇ ਅੰਦਰਲੇ ਆਤਮਕ ਜੀਵਨ ਦੇ ਬਾਹਰਲੇ ਚਿੰਨ੍ਹ ਹਨ। ਇਹ ਚਿੰਨ੍ਹ ਜ਼ਰੂਰੀ ਹਨ ਅਤੇ ਇਨ੍ਹਾਂ ਤੋਂ ਮੁਆਫ਼ੀ ਨਹੀਂ ਮਿਲ ਸਕਦੀ। ਜਿਵੇਂ ਖੇਤੀ ਦੀ ਰਾਖੀ ਲਈ ਢਿੰਗਰੀ ਦੀ ਵਾੜ ਜ਼ਰੂਰੀ ਹੈ, ਜਿਵੇਂ ਬਾਗ਼ ਦੀ ਰਾਖੀ ਲਈ ਕਿੱਕਰਾਂ ਦੀ ਵਾੜ ਜ਼ਰੂਰੀ ਹੈ, ਜਿਵੇਂ ਚੰਦਨ ਦੇ ਰੁੱਖ ਦੀ ਰਾਖੀ ਉਸ ਨਾਲ ਲਿਪਟੇ ਹੋਏ ਸੱਪ ਕਰਦੇ ਸਨ, ਜਿਵੇਂ ਘਰ ਦੀ ਰਾਖੀ ਲਈ ਬੂਹੇ ਨੂੰ ਜੰਦਰਾ ਲਾਈਦਾ ਹੈ ਅਤੇ ਜਿਵੇਂ ਘਰ ਦੀ ਰਾਖੀ ਲਈ ਹੀ ਕੁੱਤਾ ਜਾਗਦਾ ਹੈ, ਤਿਵੇਂ ਹੀ ਖਾਲਸੇ ਦੀ ਅੰਦਰਲੇ ਗੁਣਾਂ ਦੀ ਰਾਖੀ ਬਾਹਰਲੇ ਪੰਜ ਚਿੰਨ੍ਹ ਕਰਦੇ ਹਨ। ਪਰ ਗੁਰੂ ਜੀ ਨੇ ਇਹ ਵੀ ਫ਼ਰਮਾਇਆ ਸੀ ਕਿ ਜੇ ਅੰਦਰੂਨੀ ਜੀਵਨ ਚੰਗਾ ਨਹੀਂ ਤਾਂ ਬਾਹਰਲੀਆਂ ਰਹਿਤਾਂ ਵੀ ਕਿਸੇ ਕੰਮ ਨਹੀਂ। ਸੋ ਅੰਮ੍ਰਿਤ ਛਕੇ ਬਿਨਾਂ ਕੇਸ ਵੀ ਵਿਅਰਥ ਹਨ। ਕੇਸ ਜ਼ਰੂਰੀ ਹਨ ਪਰ ਆਂਤ੍ਰਿਕ ਰਹਿਤ ਹੀ ਕੇਸਾਂ ਦਾ ਗਹਿਣਾ ਹੈ ਅਤੇ ਰਹਿਤ ਬਿਨਾ ਕੇਸ ਵੀ ਦੁੱਖ ਰੂਪ ਹਨ :-

ਧਰੇ ਕੇਸ ਪਾਹੁਲ ਬਿਨਾ, ਭੇਖੀ ਮੂਰਖ ਸਿਖ। (ਰਤਨਮਾਲਾ)
ਰਹਿਤ ਸੋ ਕੇਸਨ ਕੋ ਅਤਿ ਭੂਖਣ। ਰਹਿਤ ਬਿਨਾ ਸਿਰ ਕੇਸ ਭੀ ਦੂਖਨ ।

*(ਰਹਿਤਨਾਮਾ-ਭਾਈ ਦੇਸਾ ਸਿੰਘ ਜੀ)*

ਜੋ ਸਿੱਖ ਬਾਹਰਲੀ ਰਹਿਤ ਨਹੀਂ ਰੱਖ ਸਕਦੇ, ਉਹ ਅੰਦਰਲੀ ਵੀ ਨਹੀਂ ਰੱਖ ਸਕਦੇ ਕਿਉਂਕਿ ਅੰਦਰਲੀ ਰਹਿਤ ਧਾਰਨ ਕਰਨੀ ਬਾਹਰਲੇ ਚਿੰਨ੍ਹ ਧਾਰਨ ਨਾਲੋਂ ਕਠਿਨ ਹੈ :-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ, ਅੰਮ੍ਰਿਤਸਰਿ ਨਾਵੈ।

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ।
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿਨਾਮੁ ਧਿਆਵੈ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵੈ।

(ਪੰਨਾ੩੦੬)

ਹਾਂ, ਅੰਦਰਲੀ ਰਹਿਤ ਬਾਹਰਲੇ ਚਿੰਨ੍ਹ ਧਾਰਨ ਕਰਨ ਲਈ ਮਦਦ ਕਰਦੀ ਹੈ ਅਤੇ ਬਾਹਰਲੇ ਚਿੰਨ੍ਹ ਅੰਦਰੂਨੀ ਰਹਿਤ ਧਾਰਨ ਕਰਨ ਹਿਤ ਸਹਾਈ ਹੁੰਦੇ ਹਨ। ਦੋਵੇਂ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਇਕ ਦੂਜੇ ਦੇ ਮਦਦਗਾਰ ਹਨ।

ਜੇ ਸਾਨੂੰ ਗੁਰੂ ਜੀ ਦੀ ਦੱਸੀ ਹੋਈ ਰਹਿਤ ਧਾਰਨ ਕਰਨ ਦਾ ਸ਼ੌਕ ਨਹੀਂ ਤਾਂ ਸਾਨੂੰ ਗੁਰੂ ਜੀ ਨਾਲ ਵੀ ਪੂਰਾ ਪਿਆਰ ਨਹੀਂ। ਜਿਨ੍ਹਾਂ ਨੂੰ ਸਤਿਗੁਰਾਂ ਨਾਲ ਪਿਆਰ ਹੈ, ਉਨ੍ਹਾਂ ਨੂੰ ਰਹਿਤ ਧਾਰਨ ਕਰਨੀ ਭਾਰੀ ਨਹੀਂ ਲੱਗਦੀ, ਰਹਿਤ ਉਨ੍ਹਾਂ ਦੇ ਜੀਵਨ ਦਾ ਅੰਗ ਬਣ ਜਾਂਦੀ ਹੈ ਅਤੇ ਸਹਿਜ ਸੁਭਾਇ ਹੀ ਉਹ ਬੜੀ ਆਸਾਨੀ ਨਾਲ ਰਹਿਤ ਰੱਖ ਸਕਦੇ ਹਨ।

ਮਜਨੂੰ ਨੂੰ ਲੈਲਾ ਦੀ ਦਰਗਾਹ ਦਾ, ਗਲੀ ਦਾ ਕੁੱਤਾ ਵੀ ਪਿਆਰਾ ਲਗਦਾ ਹੈ ਅਤੇ ਉਹ ਉਸ ਕੁੱਤੇ ਦੇ ਪੈਰੀਂ ਵੀ ਪੈਂਦਾ ਹੈ ਭਾਵੇਂ ਦੁਨੀਆਂ ਉਸ ਨੂੰ ਇਹ ਕਰਦਿਆਂ ਦੇਖ ਖਿੱਲੀਆਂ ਹੀ ਕਿਉਂ ਨਾ ਮਾਰੇ :

ਲੈਲਾ ਦੀ ਦਰਗਾਹ ਦਾ ਕੁੱਤਾ, ਮਜਨੂੰ ਦੇਖਿ ਲੋਭਾਣਾ।
ਕੁੱਤੇ ਦੀ ਪੈਰੀ ਪਵੈ, ਹੜਿ ਹੜਿ ਹਸੈ ਲੋਕੁ ਵਿਡਾਣਾ।

*(ਵਾਰਾਂ ਭਾਈ ਗੁਰਦਾਸ ਜੀ)*

ਰੱਬ ਦੇ ਸੱਚੇ ਪ੍ਰੇਮੀ ਭਗਤ ਨਾਮਦੇਵ ਜੀ ਆਪਣੇ ਪ੍ਰੀਤਮ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਰੂਪ ਵਿਚ ਤੱਕ ਕੇ ਉਨ੍ਹਾਂ ਨਾਲ ਸੰਬੰਧਿਤ ਹਰ ਇਕ ਚੀਜ਼ ਤੋਂ ਸਦਕੜੇ ਜਾਂਦੇ ਹਨ :-

ਧਨਿ ਧੰਨਿਓ ਰਾਮ-ਬੇਨੁ ਬਾਜੈ। ਮਧੁਰ ਮਧੁਰ ਧੁਨਿ ਅਨਹਤ ਗਾਜੈ। ।੧। ਰਹਾਉ।

ਧਨਿ ਧਨਿ ਮੇਘਾ-ਰੋਮਾਵਲੀ। ਧਨਿ ਧਨਿ ਕ੍ਰਿਸ਼ਨ ਓਢੈ ਕਾਂਬਲੀ।੧।
ਧਨਿ ਧਨਿ ਤੂ, ਮਾਤਾ ਦੇਵਕੀ। ਜਿਹ ਗ੍ਰਿਹਿ ਰਮਈਆ ਕਮਲਾਪਤੀ।੨।
ਧਨਿ ਧਨਿ ਬਨਖੰਡ ਬਿੰਦ੍ਰਾਬਨਾ। ਜਹ ਖੇਲੈ ਸ੍ਰੀ ਨਾਰਾਇਨਾ ।੩।
ਬੇਨੁ ਬਜਾਵੈ, ਗੋਧਨੁ ਚਰੈ। ਨਾਮੇ ਕਾ ਸੁਆਮੀ ਆਨਦ ਕਰੈ।੪।

(ਮਾਲੀ ਗਉੜਾ ਨਾਮਦੇਵ ਜੀ ਪੰਨਾ ੯੮੮)

ਇਸੇ ਤਰ੍ਹਾਂ ਹੀ ਗੁਰਸਿੱਖ ਵੀ ਗੁਰੂ ਜੀ ਦੇ ਮਾਤਾ ਪਿਤਾ ਤੋਂ ਬਲਿਹਾਰ ਜਾਂਦੇ ਹਨ; ਜਿਸ ਥਾਂ ਗੁਰੂ ਰਹਿੰਦਾ ਹੈ, ਉਹ ਥਾਂ ਵੀ ਉਨ੍ਹਾਂ ਨੂੰ ਸੋਹਣਾ ਲਗਦਾ ਹੈ। ਉਨ੍ਹਾਂ ਨੂੰ ਗੁਰੂ ਜੀ ਦੀ ਅੰਮ੍ਰਿਤ-ਰਸਨਾ ਵੀ ਚੰਗੀ ਲਗਦੀ ਹੈ। ਉਨ੍ਹਾਂ ਨੂੰ ਗੁਰੂ ਜੀ ਦੀ ਦੇਹ ਵੀ ਚੰਗੀ ਲਗਦੀ ਹੈ, ਜਿਸ ਨੂੰ ਦੇਖ ਕੇ ਉਹ ਖੁਸ਼ ਵੀ ਹੁੰਦੇ ਹਨ ਅਤੇ ਉਨ੍ਹਾਂ ਨੂੰ ਗੁਰੂ ਜੀ ਦੇ ਕੇਸ ਅਤੇ ਗੁਰੂ ਜੀ ਵਲੋਂ ਦ੍ਰਿੜ੍ਹਾਏ ਹੋਏ ਕੇਸ ਅਤੇ ਹੋਰ ਰਹਿਤਾਂ

ਵੀ ਪਿਆਰੀਆਂ ਲੱਗਦੀਆਂ ਹਨ :

*ਹਉ ਵੇਖਿ ਵੇਖਿ ਗੁਰੂ ਵਿਗਸਿਆ, ਗੁਰ ਸਤਿਗੁਰ ਦੇਹਾ ।*

*(ਤਿਲੰਗ ਮਹਲਾ ੪)*

*ਦੀਨੋ ਦੁਨੀਆਂ ਦਰ ਕਮੰਦੇ ਆਂ ਪਰੀ ਰੁਖਸਾਰਿ ਮਾ ।*
*ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿ ਮਾ ।*

*(ਦੀਵਾਨਿ ਗੋਯਾ -ਭਾਈ ਨੰਦ ਲਾਲ ਜੀ)*

ਜਿਵੇਂ ਸਾਰੰਗੀ ਵਿਚ ਮਾੜਾ ਜਿਹਾ ਚੀਰ ਹੌਲੀ ਹੌਲੀ ਵਧ ਕੇ ਉਸ ਦੇ ਰਾਗ ਨੂੰ ਮੂਲੋਂ ਹੀ ਬੰਦ ਕਰ ਦਿੰਦਾ ਹੈ, ਤਿਵੇਂ ਹੀ ਰਹਿਤ ਤੇ ਮਾੜੀ ਜਿਹੀ ਅਸ਼ਰਧਾ ਵੀ ਹੌਲੀ ਹੌਲੀ ਗੁਰਸਿੱਖੀ ਤੋਂ ਦੂਰ ਲਿਜਾ ਸਕਦੀ ਹੈ :

Unfaith in aught is want of faith in all,
It is the little rift within the lute,
That by and by will make the music mute,
And ever widening slowly silence all. (Tennnyson)

*(1974)*

# ਕੇਸਕੀ

(੧) ਜਦ ਸੰਮਤ ੧੭੫੬ ਦੀ ਵੈਸਾਖੀ ਨੂੰ ਦਸਮੇਸ਼ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ 'ਨਿਰਮਲ ਪੰਥ' ਨੂੰ ਗੁਰੂ ਬਾਬੇ ਦੇ ਪ੍ਰੋਗਰਾਮ ਅਨੁਸਾਰ ਹੀ 'ਖਾਲਸਾ ਪੰਥ' ਵਿਚ ਬਦਲਿਆ, ਉਦੋਂ ੩੦ ਮਾਰਚ ਸੰਨ ੧੬੯੯ ਸੀ। ਇਸ ਤੋਂ ਦੋ ਕੁ ਮਹੀਨੇ ਪਿੱਛੋਂ ੨੬ ਜੇਠ ਸੰਮਤ ੧੭੫੬, ਭਾਵ ੨੫ ਮਈ ਸੰਨ ੧੬੯੯ ਨੂੰ ਦਸਮੇਸ਼ ਜੀ ਨੇ ਕਾਬੁਲ ਦੀ ਸੰਗਤਿ ਵਲ ਇਕ ਹੁਕਮਨਾਮਾ ਜਾਰੀ ਕੀਤਾ, ਜਿਸ ਵਿਚ ਪੰਜ ਕਕਾਰਾਂ ਦਾ ਜ਼ਿਕਰ ਇਉਂ ਹੈ :-

------ਕੇਸ ਰਖਣੇ, ਇਹ ਸਾਡੀ ਮੋਹਰ ਹੈ। ਕਛ ਕਿਰਪਾਨ ਦਾ ਵਿਸਾਹ ਕਰਨਾ ਨਾਹੀ। ਸਰਬ ਲੋਹ ਦਾ ਕੜਾ ਹਥ ਰਖਣਾ। ਦੋਨੋ ਵਕਤ ਕੇਸਾਂ ਦੀ ਪਾਲਣਾ ਕੰਘੇ ਸਉ ਕਰਨੀ। ਸਰਬਤ ਸੰਗਤ ਅਭਾਖਿਆ ਦਾ ਕੁਠਾ ਮਾਸ ਖਾਵੈ ਨਾਹੀ। ਤਮਾਕੂ ਨਾ ਵਰਤਣਾ। --------!'

ਉਪਰ ਲਿਖੇ ਹੁਕਮਨਾਮੇ ਵਿਚ ਕੇਸਕੀ ਦਾ ਕੋਈ ਜ਼ਿਕਰ ਨਹੀਂ।

(੨) 'ਗ੍ਰੰਥ ਪਾਤਸ਼ਾਹੀ ਦਸਵੀਂ' ਵਿਚ ਫਾਰਸੀ ਬੋਲੀ ਦੇ ਸ਼ਿਅਰ ਇਉਂ ਹਨ :-

ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ਿ ਕਾਫ਼।
ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ਼।
ਕੜਾ, ਕਾਰਦੋ, ਕਾਛ, ਕੰਘਾ, ਬਿਦਾਂ,
ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।

ਭਾਵ :- 'ਕਾਰਦ' ਫ਼ਾਰਸੀ ਦਾ ਸ਼ਬਦ ਹੈ, ਮਤਲਬ ਹੈ ਇਸ ਦਾ 'ਕਿਰਪਾਨ।

ਬਿਦਾ -, ਇਸ ਤੋਂ ਇਲਾਵਾ।

ਸਿਖੀ ਦੇ ਪੰਜ ਚਿੰਨ ਇਹ ਹਨ ਜੋ 'ਕਾਫ਼' ਹਰਫ਼ ਨਾਲ, ਭਾਵ 'ਕੱਕਾ' ਅੱਖਰ ਨਾਲ ਆਰੰਭ ਹੁੰਦੇ ਹਨ। ਇਨ੍ਹਾਂ ਦੇ ਨਾਂ ਰੱਖਣ ਦੀ ਮੁਆਫ਼ੀ ਕਿਸੇ ਸਿੱਖ ਨੂੰ ਨਹੀਂ ਮਿਲ ਸਕਦੀ। ਚਾਰ ਚਿੰਨ੍ਹ ਤਾਂ ਹਨ - ਕੜਾ, ਕਰਦ, ਕੱਛ (ਕਛਹਿਰਾ) ਅਤੇ ਕੰਘਾ। ਇਨ੍ਹਾਂ ਤੋਂ ਇਲਾਵਾ ਪੰਜਵਾ ਚਿੰਨ੍ਹ ਕੇਸ ਹਨ ਅਤੇ ਕੇਸਾਂ ਤੋਂ ਬਿਨਾਂ ਉਪਰਲੇ ਚਾਰੇ ਚਿੰਨ੍ਹਾਂ ਦੀ ਕੋਈ ਮਹਾਨਤਾ ਨਹੀਂ।

ਇਨ੍ਹਾਂ ਚਿੰਨ੍ਹਾਂ ਵਿਚ ਵੀ ਕੇਸਕੀ ਦਾ ਕੋਈ ਜ਼ਿਕਰ ਨਹੀਂ।

(੩) ਪੁਰਾਤਨ ਰਹਿਤਨਾਮਿਆਂ ਵਿਚ ਵੀ ਪੰਜ ਕੱਕੇ ਉਪਰ ਲਿਖੇ ਅਨੁਸਾਰ

ਹੀ ਲਿਖੇ ਹਨ,ਜਿਵੇਂ :

ਕੱਛ, ਕੇਸ, ਕੰਘਾ, ਕਿਰਪਾਨ।
ਕੜਾ ਔਰ ਜੋ ਕਰੋਂ ਬਖਾਨ।
ਇਹ ਕੱਕੇ ਪੰਜ ਤੁਮ ਮਾਨੋ।
ਗੁਰੂ ਗ੍ਰੰਥ ਕੋ ਸਭ ਤੁਮ ਜਾਨੋ।

-(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

ਰਹਿਤਨਾਮਿਆਂ ਵਿਚ ਵੀ ਪੰਜ ਕੱਕਿਆਂ ਵਿਚ ਕੇਸਕੀ ਦਾ ਕਿਤੇ ਜ਼ਿਕਰ ਨਹੀਂ।

(੪) ਰਹਿਤਨਾਮਾਂ ਤਾਂ ਕੋਈ ਸਿਖ, ਕੋਈ ਜਥਾ, ਕੋਈ ਸੰਤ ਵੀ ਲਿਖ ਸਕਦਾ ਹੈ ਪਰ ਸਿੱਖ ਪੰਥ ਵਲੋਂ ਤਿਆਰ ਕੀਤਾ ਗਿਆ ਰਹਿਤਨਾਮਾ ਜ਼ਿਆਦਾ ਪ੍ਰਮਾਣਿਕ ਹੋਵੇਗਾ। ਇਹ ਸੋਚ ਕੇ ਸ੍ਰੋ. ਗੁ. ਪ੍ਰ. ਕਮੇਟੀ ਨੇ ਰਹਿਤ ਮਰਯਾਦਾ ਦਾ ਇਕ ਖਰੜਾ ਤਿਆਰ ਕਰਨ ਲਈ ਇਕ 'ਰੁਹ-ਰੀਤ ਸਬ-ਕਮੇਟੀ' ਬਣਾਈ, ਜਿਸਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਸਨ। ਉਨ੍ਹਾਂ ਸਮੇਤ ਕੁੱਲ ਮੈਂਬਰ ੨੫ ਸਨ, ਜਿਨ੍ਹਾਂ ਵਿਚ ਭਾ. ਰਣਧੀਰ ਸਿੰਘ ਜੀ ਵੀ ਸਨ।

ਸੰਨ ੧੯੩੧ ਵਿਚ ਮੈਂ ਖਾਲਸਾ ਕੌਲਿਜ, ਅੰਮ੍ਰਿਤਸਰ ਵਿਚ ਪੜ੍ਹਦਾ ਸਾਂ। ਪ੍ਰੋ. ਤੇਜਾ ਸਿੰਘ ਜੀ ਸਾਨੂੰ 'ਅੰਗ੍ਰੇਜ਼ੀ ਕਵਿਤਾ' ਪੜ੍ਹਾਂਦੇ ਸਨ। ਉਹ ਰੋਜ਼ ਸਭ ਵਲੋਂ ਦਰਸ਼ਨ ਕਰਨ ਦੇ ਨਿਯਤ ਸਮੇਂ ਤੋਂ ਪਹਿਲਾਂ ਇਕ ਘੰਟਾ ਧਰਮਸ਼ਾਲਾ (ਸ੍ਰੀ ਗੁਰਦੁਵਾਰਾ ਸਾਹਿਬ) ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕੀਤਾ ਕਰਦੇ ਸਨ। ਥੋੜੇ ਕੁ ਵਿਦਿਆਰਥੀ ਹੀ ਇਸ ਦਾ ਲਾਭ ਲੈਂਦੇ ਸਨ। ਮੈਂ ਵੀ ਉਨ੍ਹਾਂ ਵਿਚੋਂ ਇਕ ਸਾਂ। ਇਸ ਕਰਕੇ ਪ੍ਰੋ. ਤੇਜਾ ਸਿੰਘ ਜੀ ਨਾਲ ਮੇਲ ਜੋਲ ਦਾ ਸਮਾਂ ਮੈਨੂੰ ਵੀ ਮਿਲਿਆ। ਉਨ੍ਹਾਂ ਦੱਸਿਆ ਸੀ ਕਿ ਪੁਰਾਤਨ ਰਹਿਤ-ਨਾਮਿਆਂ ਵਿਚ ਕੁੱਝ ਗੱਲਾਂ ਗੁਰਬਾਣੀ, ਗੁਰਮਤਿ ਤੋਂ ਉਲਟ ਹਨ। ਸ਼੍ਰੋ: ਕਮੇਟੀ ਚਾਹੁੰਦੀ ਹੈ ਕਿ ਉਹ ਗੱਲਾਂ ਕੱਢ ਦਿੱਤੀਆਂ ਜਾਣ, ਨਾਲੇ ਸਾਰੇ ਰਹਿਤਨਾਮਿਆਂ ਵਿਚਲੀਆਂ ਸਾਂਝੀਆਂ ਗੱਲਾਂ ਨੂੰ ਵਰਤਮਾਨ ਸਮੇਂ ਅਨੁਸਾਰ ਤਰਤੀਬ ਦੇ ਕੇ ਵਾਰਤਿਕ ਵਿਚ ਲਿਖ ਕੇ ਛਪਵਾਈਏ।

ਖ਼ੈਰ ! ਇਸ ਸਬ-ਕਮੇਟੀ ਦੇ ਤਿੰਨ ਸਮਾਗਮ ੪-੫ ਅਕਤੂਬਰ ੧੯੩੧, ਤੇ ੩ ਜਨਵਰੀ ਤੇ ੩੧ ਜਨਵਰੀ ੧੯੩੨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੇ ਹੋਏ। ੨੫ ਮੈਂਬਰਾਂ ਵਿਚੋਂ ੧੪ ਮੈਂਬਰਾਂ ਨੇ ਭਾਗ ਲਿਆ। ੪ ਹੋਰ ਸੱਜਣ ਵੀ ਕਦੀ ਕਦੀ ਭਾਗ ਲੈਂਦੇ ਰਹੇ। ਖਰੜਾ ਸ਼੍ਰੋ: ਕਮੇਟੀ ਨੂੰ ਪੇਸ਼ ਕੀਤਾ ਗਿਆ।

ਸ਼੍ਰੋ: ਕਮੇਟੀ ਦੀ ਇੱਛਾ ਅਨੁਸਾਰ ੮ ਮਈ ੧੯੩੨ ਨੂੰ ਖਰੜੇ ਤੇ ਮੁੜ ਵੀਚਾਰ ਹੋਈ, ਜਿਸ ਵਿਚ ਘਟੋ ਘਟ ੧੦ ਮੈਬਰ ਹਾਜ਼ਰੀ ਭਰਦੇ ਸਨ। ਜਿਨ੍ਹਾਂ ਵਿਚ ਭਾ. ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਗਿਆਨੀ ਨਾਹਰ ਸਿੰਘ ਜੀ ਵੀ ਸਨ। ਗਿਆਨੀ ਜੀ ਮੇਰੇ ਦੋਸਤ ਸ. ਉਜਾਗਰ ਸਿੰਘ ਨਾਰੰਗਵਾਲ ਪਾਸ ਹੋਸਟਲ ਵਿਚ

ਆਉਂਦੇ ਰਹਿੰਦੇ ਸਨ, ਇਸ ਕਰਕੇ ਮੇਰੇ ਨਾਲ ਵੀ ਉਨ੍ਹਾਂ ਦੀ ਜਾਣ ਪਛਾਣ ਸੀ।

ਕਈ ਸੱਜਣਾਂ ਦੇ ਜ਼ੋਰ ਦੇਣ ਤੇ ਖਰੜੇ ਤੇ ਮੁੜ ਵੀਚਾਰ ਕਰਨ ਲਈ 'ਰਹੁ-ਰੀਤ ਕਮੇਟੀ' ਦਾ ਇਕ ਹੋਰ ਸਮਾਗਮ ੨੬ ਸਤੰਬਰ ੧੯੩੨ ਨੂੰ ਹੋਇਆ। ਇਸ ਵਿਚ ਨੌ ਮੈਂਬਰ ਹਾਜ਼ਿਰ ਸਨ, ਜਿਨ੍ਹਾਂ ਵਿਚ ਉਪਰ ਵਾਲੇ ਗਿਆਨੀ ਨਾਹਰ ਸਿੰਘ ਜੀ ਵੀ ਸਨ। ਸੰਤ ਤੇਜਾ ਸਿੰਘ ਐਮ. ਏ. ਨੇ ਵੀ ਵੀਚਾਰ ਵਿਚ ਹਿੱਸਾ ਲਿਆ। ੧ ਅਕਤੂਬਰ ੧੯੩੨ ਨੂੰ ਖਰੜਾ ਸ਼੍ਰੋ: ਕਮੇਟੀ ਨੂੰ ਫਿਰ ਪੇਸ਼ ਕੀਤਾ ਗਿਆ। ਕਮੇਟੀ ਨੇ ਇਹ ਖਰੜਾ ਛਪਵਾਇਆ ਅਤੇ ਇਸ ਬਾਰੇ ਸੰਗਤਾਂ ਦੀ ਰਾਏ ਪੁੱਛੀ। ਪਰ ਸੱਜਣਾਂ ਤੇ ਸਭਾਵਾਂ ਨੇ, ਅਤੇ ੨੧ ਪੰਥਕ ਜਥਿਆਂ ਨੇ ਰਾਏ ਭੇਜੀ, ਜਿਨ੍ਹਾਂ ਵਿਚ ਪੰਜਾਬੋਂ ਬਾਹਰ ਰਹਿਣ ਵਾਲੇ ਤੇ ਵਿਦੇਸ਼ਾਂ ਵਿਚ ਰਹਿਣ ਵਾਲੇ ਸੱਜਣ ਤੇ ਪੰਥਕ ਜਥੇ ਵੀ ਸਨ।

ਇਸ ਖਰੜੇ ਨੂੰ 'ਸਰਬ ਹਿੰਦ ਸਿੱਖ ਮਿਸ਼ਨ ਬੋਰਡ' ਅਤੇ 'ਸ਼੍ਰੋ: ਗੁ. ਪ੍ਰ. ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ' ਨੇ ਵਖ ਵਖ ਸਮੇਂ ਤੇ ਜੁਦਾ ਜੁਦਾ ਤੌਰ ਤੇ ੧੯੩੬ ਨੂੰ ਪ੍ਰਵਾਨਗੀ ਦਿੱਤੀ।

ਸੰਨ ੧੯੩੮ ਵਿਚ 'ਸਿੱਖ ਰਹਿਤ ਮਰਯਾਦਾ' ਸ਼੍ਰੋ: ਕਮੇਟੀ ਨੇ ਪਹਿਲੀ ਵਾਰ ਛਪਵਾਈ। ੭ ਜਨਵਰੀ ੧੯੪੫ ਨੂੰ 'ਧਾਰਮਿਕ ਸਲਾਹਕਾਰ ਕਮੇਟੀ' ਨੇ ਜਿਸ ਵਿਚ ੮ ਸੱਜਣ ਹਾਜਿਰ ਸਨ, 'ਸਿਖ ਰਹਿਤ ਮਰਯਾਦਾ' ਵਿਚ ਕੁਝ ਵਾਧੇ ਘਾਟੇ ਕਰਨ ਦੀ ਸਿਫ਼ਾਰਿਸ਼ ਕੀਤੀ। ੩ ਫਰਵਰੀ ੧੯੪੫ ਨੂੰ ਸ਼੍ਰੋ: ਗੁ. ਪ੍ਰ: ਕਮੇਟੀ ਨੇ ਵਾਧਾ ਘਾਟਾ ਕਰਨ ਦੀ ਪ੍ਰਵਾਨਗੀ ਦੇ ਦਿੱਤੀ।

ਇਸ 'ਸਿੱਖ਼ ਰਹਿਤ ਮਰਯਾਦਾ' ਦੀਆਂ ਸਾਰੀਆਂ ਐਡੀਸ਼ਨਾਂ ਵਿਚ ਪੰਜ ਕਕਾਰਾਂ ਵਿਚ ਕੇਸਾਂ ਦੀ ਥਾਂ ਕੇਸਕੀ ਦਾ ਨਾਂਉਂ ਨਹੀਂ।

(੫) ਭਾਈ ਰਣਧੀਰ ਸਿੰਘ ਜੀ ਨੇ 'ਸਿੰਘਾਂ ਦਾ ਪੰਥ ਨਿਰਾਲਾ' ਦੇ ਪੰਨਾ ੧੭ ਤੇ ਕਿਸੇ 'ਗੁਰੂ ਉਪਦੇਸ਼ ਹਿੱਤ ਉਪਦੇਸ਼ਨੀ ਰਹਿਤਨੀ ਰਹਿਤਨਾਮਾ' ਦਾ ਹਵਾਲਾ ਦਿੰਦਿਆ ਲਿਖਿਆ ਹੈ:-

ਕੱਛ, ਕੜਾ, ਕਿਰਪਾਨ, ਕੰਘਾ, ਕੇਸਕੀ।।
ਇਹ ਪੰਜ ਕਕਾਰੀ ਰਹਿਤ ਧਾਰੇ ਸਿੱਖ ਸੋਈ।।

ਭਾਲ ਕਰਨ ਤੋਂ ਵੀ ਇਹ ਉਪਰ ਲਿਖਿਆ ਰਹਿਤਨਾਮਾ ਕਿਤਿਓਂ ਨਹੀਂ ਮਿਲਿਆ। 'ਮਹਾਨ ਕੋਸ਼' ਵਿਚ ੧੭ ਪੁਰਾਤਨ ਰਹਿਤਨਾਮਿਆਂ ਦੇ ਨਾਉਂ ਦਿੱਤੇ ਗਏ ਹਨ, ਉਨ੍ਹਾਂ ਵਿਚ ਵੀ ਇਹ ਨਾਉਂ ਨਹੀਂ। ਜੇ ਭਾਈ ਸਾਹਿਬ ਜੀ ਸਰੀਰ ਵਿਚ ਹੁੰਦੇ ਤਾਂ ਉਨ੍ਹਾਂ ਤੋਂ ਪੁਛ ਲੈਂਦੇ, ਹੁਣ ਤਾਂ ਸ਼ਾਇਦ ਉਨ੍ਹਾਂ ਦਾ ਕੋਈ ਸੰਗੀ ਸਾਥੀ ਹੀ ਇਸ ਬਾਰੇ ਗਲ ਖੋਲ੍ਹ ਸਕੇ ਅਤੇ ਦੱਸੇ ਕਿ ਇਹ ਕਿੱਥੋਂ ਮਿਲ ਸਕਦਾ ਹੈ ਤਾਂ ਕਿ ਪੜ੍ਹਿਆ ਜਾ ਸਕੇ।

ਸੰਨ ੧੯੭੯ ਵਿਚ ਮੈਂ ਗੁਰਦਵਾਰਾ ਬੇਬੇ ਨਾਨਕੀ ਜੀ, ਬਰਮਿੰਘਮ ਵਿਚ ਲੁਧਿਆਣੇ ਵਾਲੇ ਰਾਗੀ ਜੀਵਨ ਸਿੰਘ ਜੀ ਤੋਂ ਵੀ ਉਪਰ ਲਿਖੇ ਰਹਿਤਨਾਮੇ ਬਾਰੇ

ਪੁੱਛਿਆ ਪਰ ਉਨ੍ਹਾਂ ਕਿਹਾ, 'ਮੈਨੂੰ ਤਾਂ ਪਤਾ ਨਹੀਂ, ਤੁਸੀਂ ਨਾਉਂ ਲਿਖ ਕੇ ਦੇ ਦਿਓ, ਮੈਂ ਤੁਹਾਨੂੰ ਇੰਡੀਆਂ ਤੋਂ ਪਤਾ ਮੰਗਵਾ ਦਿਆਂਗਾ।' ਮੈਂ ਇਕ ਕਾਗਜ਼ ਤੇ ਆਪਣੇ ਪਤੇ ਸਮੇਤ ਉਪਰਲੀ ਦੋ ਤੁਕੀ ਲਿਖ ਦਿੱਤੀ ਅਤੇ ਲਿਖਿਆ ਕਿ ਪਤਾ ਦਿਉ ਕਿ ਉਪਰਲਾ ਰਹਿਤਨਾਮਾ ਕਿਥੋਂ ਮਿਲ ਸਕਦਾ ਹੈ, ਜਿਸ ਵਿਚੋਂ ਇਹ ਲਈ ਗਈ ਹੈ। ਮੈਨੂੰ ਕੋਈ ਉਤਰ ਨਹੀਂ ਮਿਲਿਆ।

(੬) ਉਪਰ ਵਾਲੀ ਦੋਤੁਕੀ ਹੀ ਪ੍ਰੋ. ਅਮਰਜੀਤ ਕੌਰ ਨੇ 'ਗੁਰਮਤਿ ਰਹਿਣੀ' ਦੇ ਪੰਨਾ ੨੯ ਤੇ ਲਿਖੀ ਹੈ ਪਰ ਉਨ੍ਹਾਂ ਨੇ ਲਿਖਿਆ ਹੈ ਕਿ ਉਨ੍ਹਾਂ ਨੇ ਇਹ 'ਰਹਿਤਨਾਮਾ' ਭਾ. ਚੌਪਾ ਸਿੰਘ ਜੀ' ਤੋਂ ਲਿਆ ਹੈ। 'ਰਹਿਤਨਾਮਾ ਭਾ: ਚੌਪਾ ਸਿੰਘ ਜੀ' ਵਿਚ ਇਹ ਦੋਤੁਕੀ ਹੈ ਹੀ ਨਹੀਂ ਨਾਲੇ ਉਹ ਰਹਿਤਨਾਮਾ ਤਾਂ ਹੈ ਹੀ ਨਸਰ ਵਿਚ।

ਜਦ ਸੰਨ ੧੯੭੯ ਵਿਚ ਮੈਂ 'ਗੁਰਮਤਿ ਰਹਿਣੀ' ਪੜ੍ਹੀ ਤਾਂ ਮੈਂ ਪ੍ਰੋ. ਅਮਰਜੀਤ ਕੌਰ ਨੂੰ ਇਕ ਪੱਤਰ ਲਿਖ ਕੇ ਬੇਨਤੀ ਕੀਤੀ ਕਿ ਮੈਨੂੰ ਦੱਸਿਆ ਜਾਵੇ ਕਿ ਇਹ 'ਰਹਿਤਨਾਮਾ ਭਾ. ਚੌਪਾ ਸਿੰਘ' ਕਿੱਥੋਂ ਮਿਲ ਸਕਦਾ ਹੈ ਤਾਂ ਕਿ ਪੜ੍ਹਿਆ ਜਾ ਸਕੇ। ਮੈਂ ਉਨ੍ਹਾਂ ਨੂੰ ਇਸ ਵਿਸ਼ੇ ਉਤੇ ਕਾਫ਼ੀ ਕੁਝ ਲਿਖਿਆ ਸੀ ਪਰ ਉਨ੍ਹਾਂ ਨੇ ਮੈਨੂੰ ਉੱਤਰ ਨਹੀਂ ਦਿੱਤਾ।

(੭) ਪੁਰਾਤਨ ਸਿੱਖ ਸਾਹਿਤ ਵਿਚ 'ਕੇਸਕੀ' ਸ਼ਬਦ ਕਿਤੇ ਨਹੀਂ ਮਿਲ ਰਿਹਾ। ਹਾਂ, 'ਮਹਾਨ ਕੋਸ਼' ਵਿਚ ਇਸ ਸ਼ਬਦ ਦਾ ਅਰਥ ਤਾਂ ਦਿੱਤਾ ਹੈ, ; 'ਛੋਟੀ ਪੱਗ ਜੋ ਕੇਸਾ ਦੀ ਰੱਖਿਆ ਲਈ ਪਹਿਨੀ ਜਾਂਦੀ ਹੈ। ਪਰ 'ਪੰਜ ਕਕਾਰ', 'ਪੰਜ ਕੱਕੇ' ਦੇ ਅਰਥਾਂ ਵਿਚ ਕੇਸਾਂ ਦੀ ਥਾਂ ਕੇਸਕੀ ਨੂੰ ਨਹੀਂ ਮੰਨਿਆ ਗਿਆ।

(੮) ਪ੍ਰੋ. ਪਿਆਰਾ ਸਿੰਘ 'ਪਦਮ' ਨੇ 'ਭੱਟ ਵਹੀ ਪਰਗਣਾ ਥਾਨੇਸਰ' ਵਿਚੋਂ ਇਹ ਹਵਾਲਾ ਦਿੱਤਾ ਹੈ :

'ਸ੍ਰੀ ਗੁਰੂ ਗੋਬਿੰਦ ਸਿੰਘ ਜੀ ------, ਸਾਲ ਸਤ੍ਰਾ ਸੋ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ -----। ਕੰਘਾ, ਕਰਦ, ਕੇਸਕੀ, ਕੜਾ ਸਭ ਕੋ ਦੀਆ। ਸਭ ਕੇਸ-ਧਾਰੀ ਕੀਏ। -----ਆਗੈ, ਗੁਰੂ ਕੀ ਸਤਿਗੁਰੂ ਜਾਣੈ। ਗੁਰੂ ਗੁਰੂ ਜਪਣਾ। ਗੁਰੂ ਹਰ ਥਾਈ ਸਹਾਈ 'ਹੋਗੁ'।

(ੳ) ਪਤਾ ਨਹੀਂ, ਕਿਸ ਭੱਟ ਨੇ ਇਹ ਵਾਰਤਾ ਵਹੀ ਵਿਚ ਚਾੜ੍ਹੀ ਅਤੇ ਕਦੋਂ ਚਾੜ੍ਹੀ ਹੈ। ਪਰ ਜਾਪਦਾ ਹੈ ਕਿ ਲਿਖਾਰੀ ਨੂੰ ਸੰਮਤ ਅਤੇ ਵਾਰ ਦਾ ਸਹੀ ਪਤਾ ਨਹੀਂ ਸੀ। ਉਸ ਨੂੰ ਲਿਖਣਾ ਚਾਹੀਦਾ ਸੀ, 'ਸਾਲ ਸਤ੍ਰਾ ਸੌ ਛਿਆਵਨ (ਛਪਨ) ਵੀਰਵਾਰ ਵੈਸਾਖੀ ਕੇ ਦਿਹੁੰ'।

(ਅ) ਕੱਛ (ਕਛਹਿਰਾ) ਦਾ ਲਿਖਾਰੀ ਨੇ ਪੰਜਾਂ ਕਕਾਰਾਂ ਵਿਚ ਜ਼ਿਕਰ ਹੀ ਨਹੀਂ ਕੀਤਾ।

(ੲ) 'ਅਗੈ ਗੁਰੂ ਕੀ ਗੁਰੂ ਜਾਣੈ' ਲਿਖਣ ਤੋਂ ਜਾਪਦਾ ਹੈ ਕਿ ਲਿਖਾਰੀ ਨੂੰ ਭਰੋਸਾ ਨਹੀਂ ਸੀ ਕਿ ਉਹ ਠੀਕ ਲਿਖ ਰਿਹਾ ਸੀ ਜਾਂ ਗਲਤ।

(ਸ) 'ਗੁਰੂ ਗੁਰੂ ਜਪਣਾ। ਗੁਰੂ ਹਰ ਥਾਈ ਸਹਾਈ ਹੋਗੁ।' ਇਹ

ਲਿਖਣ-ਸ਼ੈਲੀ ਤਾਂ ਗੁਰੂ ਸਾਹਿਬਾਨ ਵਲੋਂ ਸੰਗਤਾਂ ਨੂੰ ਭੇਜੇ ਗਏ ਹੁਕਮਨਾਮਿਆਂ ਦੀ ਹੈ। ਲਿਖਾਰੀ ਦਾ ਵਹੀਂ ਵਿਚ ਵਾਰਤਾ ਦਰਜ ਕਰਦਿਆਂ ਇਹ ਕੁੱਝ ਨਾ ਲਿਖਦਿਆਂ ਵੀ ਸਰ ਸਕਦਾ ਸੀ।

(ਹ) ਖ਼ੈਰ ! ਇਹ ਗੱਲ ਤਾਂ ਠੀਕ ਹੈ ਕਿ ਲਿਖਾਰੀ ਨੇ 'ਕੇਸਕੀ' ਨੂੰ ਕਕਾਰ ਗਿਣਿਆ ਹੈ।

(੯) 'ਅੰਮ੍ਰਿਤ' ਨਾਮੀ ਮਾਸਿਕ-ਪੱਤਰ ਤਰਨਤਾਰਨ ਤੋਂ ਨਿਕਲਿਆ ਕਰਦਾ ਸੀ। ਉਸ ਵਿਚ ਸੰਨ ੧੯੩੦-੩੧ ਵਿਚ ਇਹ ਚਰਚਾ ਛਿੜੀ ਸੀ ਕਿ ਕਕਾਰ ਪੰਜ ਹਨ ਜਾਂ ਚਾਰ। ਇਹ ਵਿਚਾਰ ਦਿੱਤੀ ਗਈ ਸੀ ਕਿ ਕੇਸ ਤਾਂ ਸਰੀਰ ਦਾ ਅੰਗ ਹਨ, ਇਹ ਕਕਾਰ ਨਹੀਂ। ਸੋ ਕਕਾਰ ਚਾਰ ਹੀ ਹਨ, ਭਾਵ ਰਹਿਤਾਂ ਚਾਰ ਹੀ ਹਨ, ਜਿਵੇਂ ਬੱਜਰ ਕੁਰਹਿਤਾਂ ਚਾਰ ਹਨ। ਦੋਹਾਂ ਦੀ ਗਿਣਤੀ ਇਕੋ ਜਿਹੀ ਚਾਰ ਚਾਰ ਹੀ ਹੈ। ਇਸ ਵਿਚਾਰ ਦਾ ਹੁੰਘਾਰਾ ਕਿਸੇ ਨੇ ਨਹੀਂ ਸੀ ਦਿੱਤਾ।

(੧੦) ਜ਼ਿਲ੍ਹਾ ਹੋਸ਼ਿਆਰਪੁਰ ਦਾ ਇਕ 'ਸੰਤ' ਪੰਜ ਕਕਾਰਾਂ ਦੀ ਥਾਂ ਛੇ ਕਕਾਰ ਮੰਨਦਾ ਹੈ। ਉਹ 'ਕਮਰ-ਕਸੇ' ਨੂੰ ਛੇਵਾਂ ਕਕਾਰ ਪ੍ਰਚਾਰਦਾ ਹੈ।

(੧੧) ਜ਼ਿਲਾ ਗੁਰਦਾਸਪੁਰ ਦਾ ਇਕ 'ਸੰਤ' ਤਿੰਨ ਕੱਕੇ ਹੀ ਪ੍ਰਚਾਰਦਾ ਹੈ -ਕੇਸ, ਕੰਘਾ ਤੇ ਕਛਹਿਰਾ।

(੧੨) ਸਾਰੀ ਵਿਚਾਰ ਦਾ ਨਤੀਜਾ ਇਹ ਹੈ ਕਿ ਪੰਜਾਂ ਕਕਾਰਾਂ ਵਿਚ ਕੇਸ ਹੀ ਹਨ। ਜ਼ਰੂਰੀ ਨਹੀਂ ਕਿ ਸਾਰੇ ਚਿੰਨ੍ਹ ਸਰੀਰੋਂ ਬਾਹਰਲੇ ਹੀ ਹੋਣ। ਕੋਈ ਚਿੰਨ੍ਹ ਸਰੀਰ ਦਾ ਅੰਗ ਹੀ ਹੋ ਸਕਦਾ ਹੈ, ਜਿਵੇਂ ਕੇਸ ਹਨ। ਕੇਸ ਰੱਖਣ ਨੂੰ ਰਹਿਤਾਂ ਵਿਚ ਅਤੇ ਕੇਸ ਮੁਨਾਉਣ ਜਾਂ ਛਾਂਗਣ ਨੂੰ ਕੁਰਹਿਤਾਂ ਵਿਚ ਗਿਣਿਆ ਗਿਆ ਹੈ। ਇਹ ਕੁਝ ਇਸ ਲਈ ਕੀਤਾ ਗਿਆ ਹੈ ਕਿ ਕੇਸਾਂ ਦੀ ਮਹਾਨਤਾ ਬਾਕੀ ਦੋ ਚਿੰਨ੍ਹਾਂ ਨਾਲੋਂ ਜ਼ਿਆਦਾ ਹੈ ਕਿਉਂਕਿ ਇਹ 'ਗੁਰੂ ਦੀ ਮੁਹਰ' ਹਨ। ਹੋਰ ਚਿੰਨ੍ਹਾਂ ਤੋਂ ਅਨਗਹਿਲੀ ਕਰਨ ਵਾਲਾ ਤਾਂ 'ਤਨਖਾਹੀਆਂ' ਹੀ ਗਿਣਿਆਂ ਜਾਂਦਾ ਹੈ ਪਰ ਕੇਸਾਂ ਦੀ ਬੇਅਦਬੀ ਕਰਨ ਵਾਲਾ 'ਪਤਿਤ' ਹੋ ਜਾਂਦਾ ਹੈ। 'ਤਨਖਾਹੀਏ' ਨੂੰ ਤਾਂ ਮੁਆਫ਼ੀ ਹੀ ਲੈਣੀ ਪੈਂਦੀ ਹੈ ਪਰ 'ਪਤਿਤ' ਨੂੰ ਮੁੜ ਅੰਮ੍ਰਿਤ ਛਕਣਾ ਪੈਂਦਾ ਹੈ।

ਮਾਵਾਂ, ਧੀਆਂ, ਭੈਣਾਂ ਅਤੇ ਖੋਦੇ ਸਿੰਘ, ਜਿਨ੍ਹਾਂ ਦੇ ਦਾੜ੍ਹੀ ਮੁੱਛਾਂ ਨਹੀਂ ਹਨ, 'ਪਤਿਤ' ਜਾਂ 'ਤਨਖਾਹੀਏ' ਨਹੀਂ ਗਿਣੇ ਜਾ ਸਕਦੇ। ਉਨ੍ਹਾਂ ਦੇ ਕੇਸ ਪੈਦਾ ਹੀ ਨਹੀਂ ਹੋਏ, ਉਨ੍ਹਾਂ ਕਟਾਏ ਨਹੀਂ।

'ਦਸਤਾਰ ਫ਼ਾਰਸੀ ਦਾ ਸ਼ਬਦ ਹੈ, ਇਸਲਾਮ ਦੇ ਨਾਲ ਇਹ ਵੀ ਭਾਰਤ ਵਿਚ ਆ ਗਿਆ। 'ਪੱਗ' ਪੰਜਾਬੀ ਦਾ ਸ਼ਬਦ ਹੈ। ਅਲਪਾਰਥਕ ਤੌਰ ਤੇ 'ਪਗੜੀ' ਜਾਂ 'ਪੱਗੜ' ਵੀ ਵਰਤਿਆ ਜਾਂਦਾ ਹੈ। ਕਵਿਤਾ ਵਿਚ ਮਾਤ੍ਰਾਂ ਦੀ ਗਿਣਤੀ ਠੀਕ ਰੱਖਣ ਲਈ ਕਈ ਵਾਰ 'ਪਗ' ਤੇ 'ਪਗੜੀ' ਵੀ ਵਰਤੇ ਜਾਂਦੇ ਹਨ। ਆਪਣੇ ਅਸਲੀ ਜਾਂ ਬਦਲੇ ਹੋਏ ਰੂਪ ਵਿਚ ਇਹ ਸ਼ਬਦ ਭਾਰਤ ਦੀਆਂ ਹਿੰਦੀ, ਉਰਦੂ ਅਤੇ ਗੁਜਰਾਤੀ ਆਦਿਕ ਹੋਰ ਬੋਲੀਆਂ ਵਿਚ ਵੀ ਵਰਤਿਆਂ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ

ਸਾਹਿਬ ਵਿਚ 'ਦਸਤਾਰ', 'ਪਗ' ਤੇ 'ਪਗੜੀ' ਜਾਂ 'ਪਗਰੀ' ਸ਼ਬਦ ਵਰਤੇ ਗਏ ਹਨ। 'ਪਗ' ਸ਼ਬਦ 'ਪੈਰਾਂ' ਲਈ ਵਰਤਿਆ ਗਿਆ ਹੈ। 'ਕੇਸਕੀ' ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਨਹੀਂ ਆਉਂਦਾ।

ਜੇ ਕੋਈ ਸਿੱਖ ਸਿਰਫ ਦਸਤਾਰ ਹੀ ਬੰਨ੍ਹੇ, ਥੱਲੇ ਕੇਸਕੀ ਨਾ ਬੰਨ੍ਹੇ ਤਾਂ ਇਹ ਕਹਿਣਾ ਠੀਕ ਨਹੀਂ ਕਿ ਉਹ ਸਿੱਖ ਹੀ ਨਹੀਂ। 'ਕੇਸਕੀ' ਤਾਂ ਇਸ ਲਈ ਬੰਨ੍ਹੀ ਜਾਂਦੀ ਹੈ ਕਿ ਕੇਸਾਂ ਦਾ ਤੇਲ ਕੇਸਕੀ ਨੂੰ ਹੀ ਲੱਗੇ ਅਤੇ ਉਪਰ ਬੰਨ੍ਹੀ ਦਸਤਾਰ ਖ਼ਰਾਬ ਨਾ ਹੋਵੇ ਅਤੇ ਕੇਸਕੀ ਦਸਤਾਰ ਨਾਲੋਂ ਛੇਤੀ ਧੋਈ ਜਾ ਸਕੇ। ਜੇ ਕੋਈ ਸਿੱਖ ਸਿਰਫ ਕੇਸਕੀ, ਹੀ ਭਾਵ ਛੋਟੀ ਦਸਤਾਰ ਹੀ ਬੰਨ੍ਹੇ ਅਤੇ ਉਪਰ ਵੱਡੀ ਦਸਤਾਰ ਨਾ ਬੰਨ੍ਹੇ ਤਾਂ ਇਹ ਕਹਿਣਾ ਅਯੋਗ ਹੈ ਕਿ ਉਹ ਸਿੱਖ ਹੀ ਨਹੀਂ।

ਏਸੇ ਤਰ੍ਹਾਂ ਜੇ ਕੋਈ ਸਿੰਘਣੀ ਸਿਰ ਸਿਰਫ਼ ਚੁੰਨੀ ਨਾਲ ਹੀ ਢਕੇ ਅਤੇ ਕੇਸਕੀ ਨਾ ਬੰਨ੍ਹੇ ਤਾਂ ਉਸਨੂੰ ਅਸਿੱਖ ਕਹਿਣਾ ਯੋਗ ਨਹੀਂ। ਜੇ ਕੋਈ ਸਿੰਘਣੀ ਸਿਰਫ਼ ਕੇਸਕੀ ਹੀ ਬੰਨ੍ਹੇ ਤੇ ਉਪਰ ਚੁੰਨੀ ਨਾ ਲਵੇ ਤਾਂ ਵੀ ਉਸ ਨੂੰ ਅਸਿੱਖ ਕਹਿਣਾ ਅਯੋਗ ਹੈ।

ਜੇ ਕੋਈ ਸਿੱਖ ਕੇਸਾਂ ਦੀ ਰੱਖਿਆ ਲਈ ਦਸਤਾਰ ਦੀ ਮਦਦ ਕਰਨ ਵਾਸਤੇ ਕੇਸਕੀ ਬੰਨ੍ਹੇ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਜੇ ਕੋਈ ਸਿੰਘਣੀ ਚੁੰਨੀ ਦੇ ਹੇਠਾਂ ਕੇਸਕੀ ਬੰਨ੍ਹੇ ਤਾਂ ਕਿਸੇ ਨੂੰ ਕੋਈ ਗਿਲਾ ਨਹੀਂ ਹੋਣਾ ਚਾਹੀਦਾ। ਪਰ ਜੇ ਕੋਈ ਦਸਤਾਰ ਜਾਂ ਚੁੰਨੀ ਦੇ ਥੱਲੇ ਕੇਸਕੀ ਨਾ ਬੰਨ੍ਹੇ ਤਦ ਵੀ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਹੋਣੀ ਚਾਹੀਦੀ।

ਮੈਂ ਆਪ ਵੀ ਸੰਨ ੧੯੩੨ ਜਦ ਮੇਰੀ ਉਮਰ ੨੦ ਸਾਲ ਦੀ ਸੀ, ਤੋਂ ਦਸਤਾਰ ਦੇ ਥੱਲੇ ਸਦਾ ਕੇਸਕੀ ਬੰਨ੍ਹਦਾ ਹਾਂ। ਪਰ ਮੈਂ ਕੇਸਕੀ ਨੂੰ 'ਪਟਕੀ' ਕਹਿੰਦਾ ਹਾਂ ਕਿਉਂਕਿ ਤੀਹਵਿਆਂ ਵਿਚ ਕੁਝ ਸਮਾਂ ਮਾਝੇ, ਮਾਲਵੇ ਤੇ ਦੋਆਬੇ ਦੇ ਕੁੱਝ ਚੰਗੇ ਮਾੜੇ ਸੰਤਾਂ ਦੇ ਸੰਪਰਕ ਵਿਚ ਰਹਿੰਦਿਆਂ ਇਉਂ ਕਹਿਣ ਦੀ ਆਦਤ ਪੈ ਗਈ ਹੈ। ਕਈ ਸੰਤਾਂ ਦੇ ਡੇਰਿਆਂ ਵਿਚ ਕੇਸਕੀ ਦੇ ਥਾਂ 'ਪਟਕੀ' ਸ਼ਬਦ ਵਰਤਿਆਂ ਜਾਂਦਾ ਸੀ।

ਮੁਕਦੀ ਗੱਲ, 'ਕੇਸਕੀ' ਦਸਤਾਰ ਤੇ ਚੁੰਨੀ ਦੀ ਮਦਦ ਲਈ ਪਹਿਨੀ ਜਾ ਸਕਦੀ ਹੈ ਪਰ ਕਕਾਰ ਅਤੇ 'ਗੁਰੂ ਦੀ ਮੁਹਰ' ਕੇਸ ਹੀ ਹਨ। ਜੇ ਕੋਈ ਪੰਥ ਦੋਖੀ ਹੋਰ ਫੈਸਲਾ ਕਰ ਕੇ ਸਿੱਖ ਰਹਿਤ ਮਰਯਾਦਾ ਵਿਚ ਤਬਦੀਲੀ ਲਿਆ ਕੇ ਕੇਸਾਂ ਦੀ ਥਾਂ 'ਕੇਸਕੀ' ਨੂੰ ਕਕਾਰ ਮੰਨ ਲਵੇ ਤਾਂ ਪੰਥ ਦੀ ਰਜਾ। ਪਰ ਵਰਤਮਾਨ ਸਥਿਤੀ ਵਿਚ ਤਾਂ ਹਰਿਕ ਸਿੱਖ ਸਿੱਖਣੀ ਦਾ ਫ਼ਰਜ ਬਣਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਰਵਾਨ ਹੋਈ ਪੰਥ ਦੀ ਬਣਾਈ ਹੋਈ 'ਸਿੱਖ ਰਹਿਤ ਮਰਯਾਦਾ' ਨੂੰ ਮੰਨਦਾ ਹੋਇਆ ਕੇਸਾਂ ਨੂੰ ਹੀ ਕਕਾਰਾਂ ਵਿਚ ਗਿਣੇ ਨਾ ਕਿ ਕੇਸਕੀ ਨੂੰ।

*ਅਪ੍ਰੈਲ ੧੯੯੮*

# ਗੁਰਮਤਿ ਤੇ ਸੰਗੀਤ

ਨਾਚ, ਗਾਉਣ ਤੇ ਸਾਜ ਵਜਾਉਣ, ਇਨ੍ਹਾਂ ਤਿੰਨਾਂ ਦਾ ਸਾਂਝਾ ਨਾਉਂ ਸੰਗੀਤ ਹੈ। ਆਮ ਹੁਨਰ ਨਾਲੋਂ ਕੋਮਲ ਹੁਨਰਾਂ ਦੀ ਮਹਾਨਤਾ ਜ਼ਿਆਦਾ ਹੈ। ਰਾਜਗਿਰੀ, ਮੂਰਤੀ-ਘੜਣ, ਚਿੱਤਰਕਾਰੀ ਅਤੇ ਕਵਿਤਾ ਵਾਂਗ ਰਾਗ ਵੀ ਕੋਮਲ ਕਲਾ ਹੈ ਅਤੇ ਇਨ੍ਹਾਂ ਵਿਚੋਂ ਵੀ ਮਹਾਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾਂ 'ਜਪੁ' ਦੀ ਬਾਣੀ ਹੈ। ਉਸ ਤੋਂ ਪਿੱਛੋਂ ਪੰਨਾ ੮ ਤੋਂ ੧੩੫੩ ਤਾਈਂ, ਸਹਸਕ੍ਰਿਤੀ ਸ਼ਲੋਕਾਂ ਤੋਂ ਪਹਿਲਾਂ ਦੀ ਸਾਰੀ ਬਾਣੀ ਰਾਗਾਂ ਵਿਚ ਹੈ। ੩੧ ਰਾਗ ਵਰਤੇ ਗਏ ਹਨ। ਲਲਤ, ਹਿੰਡੋਲ, ਭੋਪਾਲੀ, ਬਿਭਾਸ ਤੇ ਕਾਫੀ, ਇਨ੍ਹਾਂ ਪੰਜਾਂ ਨੂੰ ਹੋਰ ਰਾਗਾਂ ਨਾਲ ਰਲਾ ਕੇ ਗਾਉਣ ਦੀ ਹਿਦਾਯਤ ਹੈ। ਆਸਾਵਰੀ ਆ ਜਾਂਦੀ ਹੈ ਰਾਗ ਆਸਾ ਵਿਚ ਹੀ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਜੀ ਵਿਚ ੩੭ ਰਾਗ ਹਨ।

ਭਾਵੇਂ ਰਬਾਬ ਆਮ ਤੌਰ ਤੇ ਭਾਈ ਮਰਦਾਨਾ ਹੀ ਵਜਾਇਆ ਕਰਦਾ ਸੀ ਪਰ ਗੁਰੂ ਬਾਬਾ ਜੀ ਵੀ ਰਬਾਬ ਦੇ ਮਾਹਿਰ ਸਨ ਅਤੇ ਰੱਬੀ ਗਵਈਏ ਸਨ। ਗੁਰੂ ਅਮਰਦਾਸ ਜੀ ਨੇ ਸੁਰੰਦਾ ਈਜਾਦ ਕੀਤਾ। ਗੁਰੂ ਅਰਜਨ ਦੇਵ ਜੀ ਵੀ ਮਹਾਨ ਸੁਰੰਦਾ ਵਾਦਕ ਸਨ। ਦਸਮੇਸ਼ ਪਿਤਾ ਜੀ ਵੀ ਤਾਊਸ ਅਤੇ ਰਬਾਬ ਦੇ ਮਾਹਿਰ ਸਨ। ਉਂਜ ਸਾਰੇ ਹੀ ਗੁਰੂ ਸਾਹਿਬ ਮਹਾਨ ਕਵੀ ਅਤੇ ਕੀਰਤਨੀਏ ਸਨ। ਮਹਾਪੁਰਸ਼ਾਂ ਦਾ ਸਾਰਾ ਜੀਵਨ ਹੀ ਕਵਿਤਾ ਤੇ ਸੰਗੀਤ ਹੈ।

'ਕੀਰਤਿ' ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, ਵਡਿਆਈ, ਜਸ, ਸਿਫਤ ਸਾਲਾਹ। ਇਸ ਤੋਂ ਹੀ 'ਕੀਰਤਨ' ਸ਼ਬਦ ਬਣਿਆ ਹੈ।

ਨਾਮ ਜਪਣਾ ਤੇ ਗੁਰਬਾਣੀ ਦਾ ਪਾਠ ਵੀ ਕੀਰਤਨ ਹੈ। ਮਿਲਕੇ ਕੀਰਤਨ ਕਰਨਾ ਹੋਰ ਵੀ ਮਹਾਨ ਹੈ, ਭਾਵੇਂ ਸਾਜ਼ਾਂ ਤੋਂ ਬਿਨਾ ਹੋਵੇ ਜਾਂ ਸਾਜ਼ਾਂ ਨਾਲ ਹੋਵੇ ਅਤੇ ਕੋਈ ਵੀ ਸਾਜ਼ ਹੋਣ।

ਕੀਰਤਨ ਨੂੰ 'ਸ਼ਬਦ ਚੌਂਕੀ' ਵੀ ਕਿਹਾ ਜਾਂਦਾ ਹੈ। 'ਚੌਂਕੀ' ਸ਼ਬਦ 'ਚਾਰ' ਤੋਂ ਬਣਿਆ ਹੈ। ਸੋ ਚੌਂਕੀ ਵਿਚ ਘੱਟੋ ਘੱਟ ਚਾਰ ਵਿਅਕਤੀ ਹੁੰਦੇ ਹਨ, ਇਕ ਮੁਖੀ, ਦੋ ਸਾਥੀ ਸੁਰ ਰਚਾਉਣ ਵਾਲੇ ਅਤੇ ਇਕ ਪਖਾਵਜੀ। ਇਸ ਤੋਂ ਘਟ ਨਹੀਂ, ਵਧ ਜਿੰਨੇ ਮਰਜ਼ੀ ਹੋਣ, ਜਿਵੇਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਮਰਯਾਦਾ ਹੈ, ਖਾਸ ਕਰ 'ਆਸਾ ਦੀ ਵਾਰ' ਸਮੇਂ।

ਪੰਜ ਚੌਂਕੀਆਂ ਤਾਂ ਖਾਸ ਹਨ, ਜਿਨ੍ਹਾਂ ਦੀ ਸਧਾਪਤੀ ਸਮੇਂ ਪੰਜੇ ਵਾਰੀਂ ਖਲੋ

ਕੇ ਅਰਦਾਸ ਹੁੰਦੀ ਹੈ। ਹੋਰ ਕੀਰਤਨ ਦੇ ਅੰਤ ਵਿਚ ਅਰਦਾਸ ਨਹੀਂ ਹੁੰਦੀ। ਇਕ ਚੌਂਕੀ ਬਿਲਾਵਲ ਦੀ ਹੈ ਜੋ ਸਵੇਰੇ ਨੌਂ ਕੁ ਵਜੇ ਹੁੰਦੀ ਹੈ, ਪਰ ਉਹ ਚੌਂਕੀਆਂ ਦੀ ਗਿਣਤੀ ਵਿਚ ਨਹੀਂ, ਸੋ ਉਸ ਪਿੱਛੋਂ ਅਰਦਾਸ ਵੀ ਨਹੀਂ ਹੁੰਦੀ। ਪੰਜ ਚੌਂਕੀਆਂ ਇਹ ਹਨ :

੧. ਤਿੰਨ ਘੰਟੇ ਰਾਤ ਰਹਿੰਦੀ ਤੇ 'ਆਸਾ ਦੀ ਵਾਰ' ਦੀ ਚੌਂਕੀ।

੨. ਗਿਆਰਾਂ ਬਾਰਾਂ ਵਜੇ ਵਿਚਕਾਰ 'ਅਨੰਦ', ਦੀ ਚੌਂਕੀ।

੩. ਤ੍ਰਿਪਹਿਰੇ ਦੇ ਲਾਗੇ 'ਚਰਨ ਕਮਲ' ਦੀ ਚੌਂਕੀ। 'ਚਰਨ ਕਮਲ ਪ੍ਰਭ ਕੇ ਨਿਤ ਧਿਆਵਉ' ਤੁਕ ਵਾਲਾ, ਰਾਗ ਬਿਲਾਵਲ ਵਿਚ ਮਹਲਾ ੫ ਦਾ ਸ਼ਬਦ, ਜੋ 'ਕਵਨ ਸੰਜੋਗ ਮਿਲਉ ਪ੍ਰਭ ਅਪਨੇ' ਤੋਂ ਚਾਲੂ ਹੁੰਦਾ ਹੈ, ਰੋਜ਼ ਗਾਇਆ ਜਾਣ ਕਰਕੇ ਚੌਂਕੀ ਦਾ ਨਾਮ ਹੀ ਉਪਰ ਲਿਖੇ ਅਨੁਸਾਰ ਪੈ ਗਿਆ ਹੋਇਆ ਹੈ।

੪. ਸੂਰਜ ਮਿਟਣ ਵੇਲੇ 'ਰਹਿਰਾਸ' ਤੋਂ ਪਹਿਲਾਂ 'ਸੋ ਦਰੁ' ਦੀ ਚੌਂਕੀ। 'ਸੋ ਦਰੁ' ਵਾਲਾ ਸ਼ਬਦ ਰੋਜ਼ ਪੜ੍ਹਨ ਕਰਕੇ ਇਹ ਨਾਉਂ ਪਿਆ ਹੋਇਆ ਹੈ।

੫. ਤਿੰਨ ਚਾਰ ਘੰਟੇ ਰਾਤ ਗਿਆਂ 'ਸੋਹਿਲਾ' ਦੀ ਚੌਂਕੀ। ਇਸ ਦੇ ਅੰਤ ਵਿਚ 'ਸੋਹਿਲਾ' ਪੜ੍ਹਿਆ ਜਾਣ ਕਰਕੇ ਇਹ ਨਾਉਂ ਪੈ ਗਿਆ ਹੋਇਆ ਹੈ।

ਇਸ ਤੋਂ ਪਹਿਲਾਂ ਸੂਰਜ ਮਿਟਣ ਤੋਂ ਡੇਢ ਕੁ ਘੰਟਾ ਪਿਛੋਂ 'ਕਲਿਆਣ' ਦੀ ਚੌਂਕੀ, ਜਿਸ ਵਿਚ ਕਲਿਆਣ ਰਾਗ ਵਿਚ ਸ਼ਬਦ ਗਾਏ ਜਾਂਦੇ ਹਨ।

ਕੀਰਤਨ ਦੀਆਂ ਇਹ ਚੌਂਕੀਆਂ ਸ੍ਰੀ ਦਰਬਾਰ ਸਾਹਿਬ ਵਿਚ ਪਹਿਲਾਂ ਤੋਂ ਹੀ ਚਲੀਆਂ ਆ ਰਹੀਆਂ ਹਨ। ਇਨ੍ਹਾਂ ਵਿਚ ਸਾਰੰਗੀ, ਬੰਸਰੀ, ਦੋਫ਼, ਘੜਾ ਵਰਤਣ ਦਾ ਰਿਵਾਜ ਨਹੀਂ, ਅਤੇ ਨਾ ਹੀ ਢੋਲਕੀ ਛੈਣਿਆ ਦਾ। ਹਾਂ, ਕੈਂਸੀਆਂ, ਵਰਤੀਆਂ ਜਾਂਦੀਆਂ ਹਨ।

ਚੌਂਕੀ ਦੇ ਭੋਗ ਵੇਲੇ ਪਉੜੀ 'ਦਾਦਰਾ' ਵਿਚ ਲਾਉਣ ਦਾ ਰਿਵਾਜ ਹੈ।

ਇਨ੍ਹਾਂ ਚੌਂਕੀਆਂ ਤੋਂ ਬਿਨਾਂ ਸੂਰਜ ਮਿਟਣ ਪਿੱਛੋਂ ਅਨ੍ਹੇਰਾ ਹੋਇਆਂ ਰੋਜ਼ ਹੀ ਗੁਰਸਿਖ, ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੇ ਹੋਏ ਪੁਰਾਤਨ ਰੀਤੀ ਅਨੁਸਾਰ ਜੋਟੀਆਂ ਚ ਕੀਰਤਨ ਕਰਦੇ ਹਨ। ਇਸ ਨੂੰ 'ਚੌਂਕੀ ਚੜ੍ਹਨੀ' ਕਿਹਾ ਜਾਂਦਾ ਹੈ। ਇਹ ਚੌਂਕੀਆਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਮਾਰਚ ਸੰਨ ੧੬੨੧ ਤੋਂ ਅਗਸਤ ੧੬੨੧ ਤਾਈਂ, ਚਾਰ ਕੁ ਮਹੀਨੇ ਲਈ ਜਹਾਂਗੀਰ ਵਲੋਂ ਲਾਈ ਗਈ ਗਵਾਲੀਅਰ ਕਿਲੇ ਵਿਚ ਨਜ਼ਰਬੰਦੀ ਸਮੇਂ ਚਲਾਈਆਂ ਸਨ। ਅਰਦਾਸ ਵਿਚ ਚੌਂਕੀਆਂ ਦਾ ਜ਼ਿਕਰ ਵੀ ਕੀਤਾ ਜਾਂਦਾ ਹੈ, ਜਦੋਂ 'ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ' ਕਿਹਾ ਜਾਂਦਾ ਹੈ।

ਆਈਏ ਜ਼ਰਾ ਵਿਚਾਰੀਏ ਕਿ ਗੁਰਮਤਿ ਅਨੁਸਾਰ ਸੰਗੀਤ ਦੀ ਆਗਿਆ ਸਾਨੂੰ ਕਿਸ ਹਾਲਤ ਵਿਚ ਹੈ ਅਤੇ ਕਿਸ ਵਿਚ ਨਹੀਂ।

(ੳ) ਗੁਰੂ ਜੀ ਨੇ ਸੰਗੀਤ ਨਾਲੋਂ ਨਾਮ ਜਪਣ ਦੀ ਮਹਾਨਤਾ

ਦਰਸਾਈ ਹੈ :-

*੧. ਕਬ ਕੋ ਭਾਲੈ ਘੁੰਗਰੂ ਤਾਲਾ ਕਬ ਕੋ ਬਜਾਵੈ ਰਬਾਬੁ ?*
*ਆਵਤ ਜਾਤ ਬਾਰ ਖਿਨੁ ਲਾਗੈ, ਹਉ ਤਬ ਲਗ ਸਮਾਰਉ ਨਾਮੁ ॥੧॥*
*ਕਬ ਕੋਊ ਮੇਲੇ ਪੰਚ ਸਤ ਗਾਇਣ ਕਬ ਕੋ ਰਾਗ-ਧੁਨਿ ਉਠਾਵੈ॥*
*ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ, ਤਬ ਲਗੁ ਮੇਰਾ ਮਨੁ ਰਾਮ-ਗੁਨ ਗਾਵੈ॥੨॥*
*ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ॥*
*ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ, ਤਬ ਲਗੁ ਮੇਰਾ ਮਨੁ ਰਾਮ ਸੁਮਾਰੈ॥੩॥*

*-ਆਸਾ ਮਹਲਾ ੪, ਪੰਨਾ ੩੬੮*

ਤਾਲ ਦੇਣ ਲਈ ਘੁੰਘਰੂ ਵੀ ਲਭਣੇ ਪੈਂਦੇ ਹਨ। ਰਬਾਬ ਵੀ ਵਜਾਉਣੀ ਪੈਂਦੀ ਹੈ। ਗਾਣ ਲਈ ਪੰਜ ਤਾਰਾਂ ਤੇ ਸੱਤ ਸੁਰਾਂ ਵੀ ਮਿਲਾਣੀਆਂ ਪੈਂਦੀਆਂ ਹਨ, ਰਾਗ ਦੀ ਸੁਰ ਵੀ ਚੁੱਕਣੀ ਪੈਂਦੀ ਹੈ। ਨੱਚਣ ਲਈ ਪੈਰਾਂ ਤੇ ਹੱਥਾਂ ਨੂੰ ਵੀ ਪਸਾਰਨਾ ਪੈਂਦਾ ਹੈ। ਇਹ ਕੁੱਝ ਕਰਨ ਲਈ ਥੋੜ੍ਹਾ ਸਮਾਂ ਤਾਂ ਲੱਗਦਾ ਹੀ ਹੈ ਪਰ ਨਾਮ ਜਪਣ ਵਾਲਾ ਓਨੇ ਚਿਰ ਵਿਚ ਵੀ ਨਾਮ ਜਪਦਾ ਰਹਿੰਦਾ ਹੈ।

*੨. ਰਾਗ, ਨਾਦੁ, ਨਹੀਂ ਦੂਜਾ ਭਾਉ ॥੨॥....... ॥੪॥੬॥*

*-ਆਸਾ ਮਹਲਾ ੧, (ਚਉਪਦਾ, ਘਰ ੨)*

ਭਾਵ : ਬੰਦੇ ਨੂੰ ਵਾਹਿਗੁਰੂ ਦੇ ਪਿਆਰ ਤੋਂ ਬਿਨਾਂ ਹੋਰ ਕੋਈ ਲਗਨ ਨਾ ਹੋਵੇ ਉਹ ਇਸ ਨੂੰ ਹੀ ਰਾਗ ਅਤੇ ਅਲਾਪ ਸਮਝੇ।

*੩. ਤਾਤੀ ਗਹੁ ਆਤਮ-ਬਸਿ ਕਰ ਕੀ.... ॥ -ਰਾਮਕਲੀ ਪਾਤਸ਼ਾਹੀ ੧੦*

ਭਾਵ : ਹੇ ਮਨ ! ਆਤਮਾਂ ਨੂੰ ਵਸ ਕਰਨ ਦੀ ਤਾਂਤੀ, ਕਿੰਗੁਰੀ, ਇਕ-ਤਾਰੀਆਂ ਹੀ ਵਜਾ, ਆਤਮ ਵਸ ਕਰਨੇ ਨੂੰ ਹੀ ਕਿੰਗੁਰੀ ਵਜਾਉਣਾ ਸਮਝ।

(ਅ) ਸਾਡਾ ਮਨ ਤਾਂ ਮਾਇਆ ਦੇ ਹੱਥਾਂ ਵਿਚ ਨੱਚ ਰਿਹਾ ਹੈ :-

*ਕਰ ਕਰਿ ਤਾਲ, ਪਖਾਵਜੁ ਨੈਨਹੁ, ਮਾਥੈ ਵਜਹਿ ਰਬਾਬਾ ॥*
*ਕਰਨਹੁ ਮਧੁ ਬਾਸੁਰੀ ਬਾਜੈ, ਜਿਹਵਾ ਧੁਨਿ ਆਗਾਜਾ॥*
*ਨਿਰਤਿ ਕਰੇ ਕਰਿ ਮਨੂਆਂ ਨਾਚੈ, ਆਣੇ ਘੂਘਰ ਸਾਜਾ ॥੧॥*

*ਰਾਮਕਲੀ ਮਹਲਾ ੫, ਪੰਨਾ ੮੮੪*

ਭਾਵ : ਸਾਡੇ ਮੱਥ ਦੇ ਲੇਖ, ਸਾਡੇ ਸੰਸਕਾਰ, ਸਮਝੋ, ਸਾਡੇ ਮੱਥੇ ਉਤੇ ਰਬਾਬ ਵੱਜ ਰਹੇ ਹਨ। ਸਾਡੇ ਕੰਨਾਂ ਵਿਚ ਮਾਇਆ ਦੀ ਸੁਰਤਿ, ਮਾਨੋ, ਮਿੱਠੀ ਬੰਸੁਰੀ ਵਜ ਰਹੀ ਹੈ ਅਤੇ ਸਾਡੀ ਜੀਭ ਦਾ ਚਸਕਾ, ਮਾਨੋ, ਰਾਗ ਹੋ ਰਿਹਾ ਹੈ। ਸਾਡਾ ਮਨ ਸਾਡੇ ਹੱਥਾਂ ਨੂੰ ਛੈਣੇ ਬਣਾ ਕੇ, ਸਾਡੀਆਂ ਅੱਖਾਂ ਨੂੰ ਤਬਲਾ ਬਣਾ ਕੇ ਅਤੇ ਸਾਡੇ ਸੰਸਕਾਰਾਂ ਨੂੰ ਘੁੰਘਰੂ ਆਦਿਕ ਸਾਜ਼ ਬਣਾ ਕੇ ਹਰ ਵੇਲੇ ਮਾਇਆ ਦੇ ਹੱਥਾਂ ਵਿਚ ਨੱਚ ਰਿਹਾ ਹੈ। ਅਸੀਂ ਸਿਰਫ ਮਾਇਆ ਕਮਾਉਣ ਅਤੇ ਮਾਇਕ ਪਦਾਰਥ

ਮਾਨਣ ਵਿਚ ਹੀ ਲਗੇ ਰਹਿੰਦੇ ਹਾਂ।

(ੲ) ਸਾਡੇ ਵਿਚ ਦਿਖਾਵਾ ਬਹੁਤ ਹੈ :-

੧ *ਹਥਿ ਕਰਿ ਤੰਤੁ ਵਜਾਵੈ ਜੋਗੀ, ਥੋਥਰੁ ਵਾਜੈ ਬੇਨ ।।.......... ।।੧।।*
*ਗਾਵਹਿ ਰਾਗ, ਭਾਤਿ ਬਹੁ ਬੋਲਹਿ, ਇਹੁ ਮਨੂਆ ਖੇਲੈ ਖੇਲ।।*
*ਜੋਵਹਿ ਕੂਪ ਸਿੰਚਨ ਕਉ ਬਸੁਧਾ, ਉਠਿ ਬੈਲ ਗਏ ਚਰਿ ਬੇਲ ।।੨।।*

*ਮਹਲਾ ੪, ਰਾਗੁ ਆਸਾ, ਘਰੁ ੬।। ਪੰਨਾ ੩੬੮*

ਭਾਵ : ਜੋਗੀ ਕਿੰਗੁਰੀ ਹਥ ਵਿਚ ਫੜ ਕੇ ਉਸਦੀ ਤਾਰ ਵਜਾਂਦਾ ਹੈ ਪਰ ਉਸ ਦੀ ਕਿੰਗੁਰੀ ਵਜਾਈ ਵਿਅਰਥ ਹੀ ਜਾਂਦੀ ਹੈ ਕਿਉਂਕਿ ਮਨ ਨਾਮ ਤੋਂ ਸੁੰਨਾ ਹੀ ਬਣਿਆ ਰਹਿੰਦਾ ਹੈ।

ਜੋਗੀ ਰਾਗ ਗਾਂਦੇ ਹਨ, ਕਈ ਤਰ੍ਹਾਂ ਦੇ ਬੋਲ ਬੋਲਦੇ ਹਨ ਪਰ ਉਨ੍ਹਾਂ ਦਾ ਮਨ ਭਟਕਦਾ ਹੀ ਰਹਿੰਦਾ ਹੈ। ਇਹ ਤਾਂ ਓਹੀ ਗੱਲ ਹੋਈ, ਜਿਵੇਂ ਕਿਸਾਨ ਪੈਲੀ ਸਿੰਜਣ ਲਈ ਖੂਹ ਜੋੜਨ ਪਰ ਉਨ੍ਹਾਂ ਦੇ ਆਪਣੇ ਹੀ ਬੈਲ ਉਠ ਕੇ ਪੈਲੀਆਂ ਦੀਆਂ ਵੇਲਾਂ ਖਾਂ ਜਾਣ।

੨ *ਗੀਤ, ਨਾਦ ਮੁਖਿ ਰਾਗ ਅਲਾਪੇ, ਮਨਿ ਨਹੀਂ ਹਰਿ ਹਰਿ ਗਾਵਾ ।।੬।।੧੫।।*

*-ਮਾਰੂ ਮਹਲਾ ੫, (ਘਰ ੩)।*

੩ *ਰਾਗਿ ਨਾਦਿ ਮਨ, ਦੂਜੈ ਭਾਇ।। ਅੰਤਰਿ ਕਪਟੁ, ਮਹਾ ਦੁਖ ਪਾਇ।।੪।।*

*-ਪ੍ਰਭਾਤੀ ਅਸਟਪਦੀਆਂ, ਮਹਲਾ ੧, ਬਿਭਾਸ*

ਸੋ ਵਿਕਾਰ ਪੈਦਾ ਕਰਨ ਵਾਲੇ ਰਾਗ ਨਾਚ ਚੰਗੇ ਨਹੀਂ।

੪ *ਘੂਘਰ ਬਾਧਿ ਬਜਾਵਹਿ ਤਾਲਾ।। ਅੰਤਰਿ ਕਪਟੁ, ਫਿਰਹਿ ਬੇਤਾਲਾ ।।..।।੩।।*

*-ਪ੍ਰਭਾਤੀ ਅਸਟਪਦੀਆਂ, ਮਹਲਾ ੧, ਬਿਭਾਸ ਰਹਾਉ ਦੂਜਾ ।।੨।।*

(ਸ) ਸਾਨੂੰ ਕੱਚੀ ਬਾਣੀ ਗਾਣ ਅਤੇ ਸੁਣਨ ਤੋਂ ਸੰਕੋਚ ਕਰਨਾ ਚਾਹੀਦਾ ਹੈ :-

੧. *ਮੇਰੇ ਮੋਹਨ ! ਸ੍ਰਵਨੀ ਇਹ ਨ ਸੁਨਾਏ।।*
*ਸਾਕਤ ਗੀਤ-ਨਾਦ-ਧੁਨਿ ਗਾਵਤ ਬੋਲਤ ਬੋਲ ਅਜਾਏ।।੧।। ਰਹਾਉ।।*

*-ਬਿਲਾਵਲ ਮਹਲਾ ੫, ਚਉਪਦੇ, ਦੁਪਦੇ, ਘਰ ੬।।।੪।।੧।।੮੧।।*

ਭਾਵ : ਹੇ ਮੋਹਨ ਵਾਲੇ ਸੁਹਣੇ ਵਾਹਿਗੁਰੂ ! ਤੇਰੇ ਨਾਲੋਂ ਟੁੱਟੇ ਹੋਏ ਬੰਦੇ ਜਿਹੜੇ ਗੰਦੇ ਗੀਤਾਂ, ਨਾਦਾਂ ਦੀਆਂ ਧੁਨੀਆਂ ਦੇ ਬੋਲ ਬੋਲਦੇ ਹਨ, ਉਹ ਆਤਮਕ ਜੀਵਨ ਲਈ ਵਿਅਰਥ ਹਨ। ਕਿਰਪਾ ਕਰ, ਇਹੋ ਜਿਹੇ ਬੋਲ ਮੇਰੇ ਕੰਨੀ ਨਾ ਪਵਾ।

੨. *ਗੀਤ, ਰਾਗ ਘਨ ਤਾਲ, ਸਿ ਕੂਰੇ।। ਤ੍ਰਿਹ-ਗੁਣ ਉਪਜੈ, ਬਿਨਸੈ ਦੂਰੇ।।*

*-ਬਿਲਾਵਲ ਮਹਲਾ ੫, (ਦੁਪਦਾ, ਘਰ ੭) ।।੩।।.....।।੮।।੨।।*

(ਹ) ਅਸਲੀ ਨਚਾਰ ਕੌਣ ਹੈ ?

*ਨਾਚਨੁ ਸੋਇ, ਜੁ ਮਨ ਸਿਉ ਨਾਚੈ।। ਝੂਠਿ ਨ ਪਤੀਜੈ, ਪਰਚੈ ਸਾਚੈ।।*

*ਇਸੁ ਮਨ ਆਗੇ ਪੂਰੇ ਤਾਲ ।। ਇਸ ਨਾਚਨ ਕੇ ਮਨ-ਰਖਵਾਲ ।।*

*ਗੋਂਡ, ਕਬੀਰ, ਘਰ ੨ ।*

ਭਾਵ : ਅਸਲੀ ਨਚਾਰ ਉਹ ਹੈ, ਜੋ ਸਰੀਰ ਨਾਲ ਨਹੀਂ, ਮਨ ਨਾਲ ਨੱਚਦਾ ਹੈ, ਝੂਠ ਵਿਚ ਨਹੀਂ ਪਤੀਜਦਾ, ਸਚ ਵਿਚ ਪਤੀਜਦਾ ਹੈ । ਉਹ ਆਪਣੇ ਇਸ ਮਨ ਅੱਗੇ ਤਾਲ ਪੂਰਦਾ ਹੈ, ਮਨ ਨੂੰ ਆਤਮਕ ਹੁਲਾਰੇ ਵਿਚ ਲਿਆਉਂਦਾ ਹੈ । ਇਹੋ ਜਿਹੇ ਨ੍ਰਿਤਕਾਰ ਦੇ ਮਨ ਦਾ ਰਾਖਾ ਵਾਹਿਗੁਰੂ ਹੁੰਦਾ ਹੈ ।

(ਕ) ਅਸਲੀ ਨਾਚ ਕੀ ਹੈ, ਅਸਲੀ ਕੀਰਤਨੀਆ (ਰਾਸਧਾਰੀਆ, ਭਗਉਤੀ) ਕੌਣ ਹੈ ?

*ਓਅੰਕਾਰ ਏਕਿ ਧੁਨਿ ਏਕੈ, ਏਕੈ ਰਾਗੁ ਅਲਾਪੈ ।।..... ।।੧ ।।*
*ਭਲੋ, ਭਲੋ, ਰੇ ! ਕੀਰਤਨੀਆ ।।੧ ।। ਰਹਾਉ ।।*
*ਪੰਚ ਬਜਿਤ੍ਰ ਕਰੇ ਸੰਤੋਖਾ; ਸਾਤ ਸੁਰਾ, ਲੈ ਚਾਲੈ ।।*
*ਬਾਜਾ, ਮਾਣ ਤਾਣੁ ਤਜਿ ਤਾਨਾ, ਪਾਉ ਨ ਬੀਗਾ ਘਾਲੈ ।।*
*ਫੇਰੀ, ਫੇਰ ਨ ਹੋਵੈ ਕਬ ਹੀ, ਏਕ ਸਬਦੁ ਬੰਧਿ ਪਾਲੇ ।।੨ ।।*
*ਨਾਰਦੀ, ਨਰਹਰ ਜਾਣਿ, ਹਦੂਰੇ ।। ਘੂੰਘਰ-ਖੜਕ,-ਤਿਆਗਿ ਵਿਸੂਰੇ ।।*
*ਸਹਜ-ਅਨੰਦ, ਦਿਖਾਵੈ ਭਾਵੈ ।। ਏਹੁ ਨਿਰਤਿਕਾਰੀ, ਜਨਮਿ ਨ ਆਵੈ ।।੩ ।।*

*-ਰਾਮਕਲੀ, ਮਹਲਾ ੫, (ਘਰ ੧) ।*

ਭਾਵ : ਵਾਹਿਗੁਰੂ ਦੇ ਦਰ ਤੇ ਰਾਸ ਪਾਉਣ ਵਾਲਾ ਬੰਦਾ ਸਿਰਫ ਇਕ ਵਾਹਿਗੁਰੂ ਦੇ ਚਰਨਾਂ ਵਿਚ ਲਿਵ ਲਾਈ ਰਖਦਾ ਹੈ, ਸਿਰਫ ਉਸਦੀ ਵਡਿਆਈ ਦਾ ਗੀਤ ਗਾਂਦਾ ਹੈ ।....... ।੧ ।

ਉਹੀ ਹੈ ਸਭ ਤੋਂ ਚੰਗਾ ਰਾਸਧਾਰੀਆ ।੧ । ਰਹਾਉ

ਉਹ ਸੰਤੋਖ ਆਦਿਕ ਗੁਣਾਂ ਨੂੰ ਹੀ ਪੰਜ ਕਿਸਮ ਦੇ ਸਾਜ਼ ਸਮਝਦਾ ਹੈ । ਉਹ ਵਾਹਿਗੁਰੂ ਦੇ ਚਰਨਾਂ ਵਿਚ ਲੀਨ ਹੋ ਕੇ ਚਲਦਾ ਹੈ, ਕੰਮ ਕਰਦਾ ਹੈ, ਉਹ ਏਸੇ ਨੂੰ ਹੀ ਸੱਤਾਂ ਸੁਰਾਂ ਦਾ ਅਲਾਪ ਜਾਣਦਾ ਹੈ । ਉਹ ਆਪਣਾ ਮਾਣ ਤਾਣ ਤਿਆਗਦਾ ਹੈ, ਉਹ ਇਸ ਨੂੰ ਹੀ ਵਾਜਾ ਵਜਾਉਣਾ ਸਮਝਦਾ ਹੈ । ਉਹ ਭੈੜੇ ਪਾਸੇ ਪੈਰ ਨਹੀਂ ਧਰਦਾ, ਉਹ ਇਸੇ ਨੂੰ ਹੀ ਤਾਨ-ਪਲਟਾ, ਆਲਾਪ ਮੰਨਦਾ ਹੈ । ਉਹ ਗੁਰੂ ਦੇ ਸ਼ਬਦ ਨੂੰ, ਜਿਸ ਰਾਹੀਂ ਉਸ ਨੂੰ ਕਦੀ ਜਨਮ ਮਰਨ ਦਾ ਗੇੜ ਨਹੀਂ ਪੈ ਸਕਦਾ, ਪੱਲੇ ਬੰਨ੍ਹੀ ਰਖਦਾ ਹੈ, ਇਹੀ ਉਸ ਲਈ ਨਾਚ-ਫੇਰੀ ਹੈ ।੨ ।

ਉਹ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਸਮਝਦਾ ਹੈ, ਉਹ ਇਸ ਨੂੰ ਹੀ ਨਾਰਦ-ਭਗਤੀ ਵਾਲਾ ਨਾਚ ਸਮਝਦਾ ਹੈ । ਉਹ ਦੁਨੀਆਂ ਦੇ ਝੋਰੇ ਤਿਆਗ ਦਿੰਦਾ ਹੈ, ਉਹ ਇਸ ਨੂੰ ਹੀ ਘੁੰਘਰੂਆਂ ਦੀ ਛਣਕਾਰ ਜਾਣਦਾ ਹੈ । ਉਹ ਆਤਮਕ ਅਡੋਲਤਾ ਦਾ ਸੁਖ ਮਾਣਦਾ ਹੈ, ਉਹ ਇਸ ਨੂੰ ਹੀ ਨਾਚ ਦਾ ਹਾਵ ਭਾਵ ਦਿਖਾਉਣਾ ਜਾਣਦਾ ਹੈ । ਜਿਹੜਾ ਮਨੁੱਖ ਇਹ ਨਾਚ ਕਰਦਾ ਹੈ, ਉਹ ਜਨਮ ਦੇ ਗੇੜਾਂ ਤੋਂ ਉੱਚਾ ਹੋ ਜਾਂਦਾ ਹੈ ।

(ਖ) ਸਾਨੂੰ ਗੁਰਬਾਣੀ ਗਾਉਣ ਦੀ ਹੀ ਪ੍ਰੇਰਨਾ ਹੈ :-

੧. *ਗੁਣ ਗੋਵਿੰਦ ਗਾਵਹੁ ਸਭਿ, ਹਰਿ ਜਨ ! ਰਾਗ ਰਤਨਾ ਰਸਨਾ ਆਲਾਪ ।।......*

*-ਬਿਲਾਵਲ ਮਹਲਾ ੫, (ਦੁਪਦਾ, ਘਰ ੬) ।।੨।।੫।।੮੫।।*

੨. *ਭਗਤਿ-ਵਛਲ, ਭੈ-ਭੰਜਨ, ਸੁਆਮੀ;ਗੁਣ ਗਾਵਤ, ਨਾਨਕ ! ਆਲਾਪ ।।੫।।*

*ਬਿਲਾਵਲ ਮਹਲਾ ੫, (ਦੁਪਦਾ, ਘਰ ੭) ੨।।੨੦।।੧੦੬।।*

(ਗ) ਜੇ ਨਾਮ ਸਿਮਰਨ ਤੇ ਸੰਗੀਤ ਦਾ ਮੇਲ ਹੋਵੇ, ਤਾਂ ਉਸ ਦੀ ਰੀਸ ਨਹੀਂ:-

੧. *ਰਾਗ ਰਤਨ, ਪਰੀਆ, ਪਰਵਾਰ।। ਤਿਸੁ ਵਿਚਿ ਉਪਜੈ ਅੰਮ੍ਰਿਤ ਸਾਰੁ।।*
*ਨਾਨਕ ! ਕਰਤੇ ਕਾ ਇਹੁ ਧਨੁ ਮਾਲੁ ।। ਜੇ ਕੋ ਬੂਝੈ ਇਹੁ ਬੀਚਾਰੁ ।।੪।।੯।।*

*-ਆਸਾ ਮਹਲਾ ੧, (ਚਉਪਦਾ, ਘਰ ੨)*

ਭਾਵ : ਸ੍ਰੇਸ਼ਟ ਰਾਗ, ਰਾਗਣੀਆਂ ਤੇ ਉਨ੍ਹਾਂ ਦੇ ਪਰਵਾਰ, ਜੇ ਇਸ ਰਾਗ-ਪਰਵਾਰ ਵਿਚ ਸ੍ਰੇਸ਼ਟ ਨਾਮ ਵੀ ਪੈਦਾ ਹੋ ਜਾਵੇ ਤਾਂ ਇਸ ਮੇਲ ਵਿੱਚੋਂ ਅਸਚਰਜ ਆਨੰਦ ਪੈਦਾ ਹੁੰਦਾ ਹੈ। ਹੇ ਨਾਨਕ ! ਜੇ ਕੋਈ ਬੰਦਾ ਇਸ ਗਲ ਨੂੰ ਸਮਝ ਲਵੇ, ਤਾਂ ਹੀ ਉਹ ਇਸ ਆਤਮਕ ਆਨੰਦ ਨੂੰ ਮਾਣ ਸਕਦਾ ਹੈ। ਇਹ ਆਤਮਕ ਆਨੰਦ ਹੀ ਵਾਹਿਗੁਰੂ ਤਾਈਂ ਅਪੜਾਣ ਵਾਲਾ ਧਨ ਮਾਲ ਹੈ।

੨. *ਧੰਨੁ ਸੁ ਰਾਗ ਸੁਰੰਗੜੇ, ਆਲਾਪਤ ਤਿਖ ਜਾਇ ।।.....।।੧।। (ਪਉੜੀ ੪)*

*-ਸਲੋਕ ਮਹਲਾ ੫, ਰਾਮਕਲੀ ਕੀ ਵਾਰ ਮਹਲਾ ੫।*

ਭਾਵ : ਉਹ ਸੋਹਣੇ ਰਾਗ ਧੰਨ ਹਨ, ਜਿਹਨਾਂ ਨੂੰ ਗਾਂਦਿਆਂ ਮਨ ਦੀ ਤ੍ਰਿਸ਼ਨਾ ਨਾਸ਼ ਹੋ ਜਾਵੇ।

੩. *ਰਾਗਾਂ ਵਿਚਿ ਸਿਰੀ ਰਾਗੁ ਹੈ, ਜੇ ਸਚਿ ਧਰੈ ਪਿਆਰੁ...... ।।੧।।*

*-ਸਲੋਕ ਮਹਲਾ ੩, ਸ੍ਰੀ ਰਾਗ ਕੀ ਵਾਰ ਮਹਲਾ ੪।।*

ਭਾਵ : ਸਭ ਰਾਗਾਂ ਵਿੱਚੋਂ ਸ੍ਰੀ ਰਾਗ ਤਦ ਹੀ ਸ੍ਰੇਸ਼ਟ ਹੈ, ਜੇ ਇਸ ਰਾਹੀਂ ਬੰਦਾ ਸਦ-ਥਿਰ ਨਾਮ ਵਿਚ ਪਿਆਰ ਜੋੜੇ।

੪. *ਗਉੜੀ ਰਾਗਿ ਸੁਲਖਣੀ, ਜੇ ਖਸਮੈ ਚਿਤਿ ਕਰੇਇ।। ।।੧।।*

*-ਸਲੋਕ ਮਹਲਾ ੩, ਗਉੜੀ ਕੀ ਵਾਰ ਮਹਲਾ ੪।*

ਭਾਵ : ਗਉੜੀ ਰਾਗਣੀ ਰਾਹੀਂ, ਭਾਵ ਇਸ ਨੂੰ ਗਾ ਕੇ ਜੀਵ-ਰੂਪ ਇਸਤਰੀ ਤਦ ਹੀ ਚੰਗੇ ਲੱਛਣਾਂ ਵਾਲੀ ਹੋ ਸਕਦੀ ਹੈ, ਜੇ ਅਪਣੇ ਵਾਹਿਗੁਰੂ-ਪਤੀ ਨੂੰ ਹਿਰਦੇ ਵਿਚ ਵਸਾਵੇ।

੫. *ਸੋਰਠਿ ਸਦਾ ਸੁਹਾਵਣੀ, ਜੇ ਸਚਾ ਮਨਿ ਹੋਇ।। ।।੧।।*

*-ਸਲੋਕ ਮਹਲਾ ੧, ਰਾਗੁ ਸੋਰਠਿ, ਵਾਰ ਮਹਲੇ ੪ ਕੀ।।*

ਭਾਵ : ਸੋਰਠਿ ਰਾਗਣੀ ਸਦਾ ਸੋਹਣੀ ਲਗ ਸਕਦੀ ਹੈ, ਪਰ ਤਾਂ ਜੇ ਇਸ

ਰਾਹੀਂ ਗੁਣ ਗਾਂਦਿਆਂ ਸਦਾ-ਥਿਰ ਵਾਹਿਗੁਰੂ ਮਨ ਵਿਚ ਵਸ ਪਵੇ।

*੬. ਸੋਰਠਿ ਤਾਮਿ ਸੁਹਾਵਣੀ, ਜਾ ਹਰਿਨਾਮ ਢੰਢੋਲੇ।। ।।੨।।*

*-ਸਲੋਕ ਮਹਲਾ ੪, ਰਾਗੁ ਸੋਰਠਿ, ਵਾਰ ਮਹਲੇ ੪ ਕੀ।।*

ਭਾਵ : ਸੋਰਠਿ ਰਾਗਣੀ ਤਦ ਹੀ ਸੋਹਣੀ ਹੈ, ਜੇ ਇਸ ਰਾਹੀਂ ਜੀਵ-ਇਸਤਰੀ ਵਾਹਿਗੁਰੂ ਦੇ ਨਾਮ ਨੂੰ ਲੱਭੇ।

*੭. ਹਰਿ ਉਤਮੁ ਹਰਿ ਪ੍ਰਭ ਗਾਇਆ ਕਰਿ ਨਾਦੁ ਬਿਲਾਵਲ ਰਾਗੁ।*
*ਉਪਦੇਸ਼ ਗੁਰੂ ਸੁਣਿ ਮੰਨਿਆ, ਧੁਰਿ ਮਸਤਕਿ ਪੂਰਾ ਭਾਗ ।।*

*-ਸਲੋਕ ਮਹਲਾ ੪, ਬਿਲਾਵਲੁ ਕੀ ਵਾਰ ਮਹਲਾ ੪।।*

ਭਾਵ : ਜਿਸ ਬੰਦੇ ਦੇ ਮੱਥੇ ਤੇ ਧੁਰ ਦਰਗਾਹੋਂ ਪੂਰਾ ਭਾਗ ਹੈ, ਜਿਨ੍ਹਾਂ ਦੇ ਸੰਸਕਾਰ ਜਨਮ ਤੋਂ ਹੀ ਪਹਿਲਾਂ ਦੇ ਚੰਗੇ ਆ ਰਹੇ ਹਨ, ਉਹ ਹੀ ਗੁਰੂ ਦਾ ਸ਼ਬਦ ਰੂਪ ਬਿਲਾਵਲ ਰਾਗ ਉਚਾਰ ਕੇ ਸਭ ਤੋਂ ਉਤਮ ਵਾਹਿਗੁਰੂ ਦੇ ਗੁਣ ਗਾਂਦਾ ਹੈ ਤੇ ਸਤਿਗੁਰੂ ਦਾ ਉਪਦੇਸ਼ ਸੁਣ ਕੇ ਦਿਲ ਵਿਚ ਵਸਾਂਦਾ ਹੈ।

*੮. ਬਿਲਾਵਲੁ ਤਬ ਹੀ ਕੀਜੀਐ, ਜਬ ਮੁਖਿ ਹੋਵੈ ਨਾਮ।।*
*ਰਾਗ ਨਾਦ ਸਬਦਿ ਸੋਹਣੇ, ਜਾ ਲਾਗੈ ਸਹਜਿ ਧਿਆਨੁ।।*
*ਰਾਗ ਨਾਦ ਛੋਡਿ ਹਰਿ ਸੇਵੀਐ,*
*ਤਾ ਦਰਗਹ ਪਾਈਐ ਮਾਨ।।।।੨।। (ਪਉੜੀ੧)*

*-ਸਲੋਕ ਮਹਲਾ ੩, ਬਿਲਾਵਲ ਕੀ ਵਾਰ ਮਹਲਾ ੪।*

ਭਾਵ : ਬਿਲਾਵਲ, ਆਤਮਕ ਆਨੰਦ ਤਦੋਂ ਹੀ ਮਾਣਿਆ ਜਾਂਦਾ ਹੈ, ਜਦੋਂ ਵਾਹਿਗੁਰੂ ਦਾ ਨਾਮ ਬੰਦੇ ਦੇ ਮੂੰਹ ਵਿਚ ਵਸਦਾ ਹੈ। ਰਾਗ, ਨਾਦ ਵੀ ਗੁਰੂ ਦੇ ਸ਼ਬਦ ਰਾਹੀਂ ਤਦ ਹੀ ਸੋਹਣੇ ਲਗਦੇ ਹਨ, ਜਦੋਂ ਸਿਮਰਨ ਰਾਹੀਂ ਮਨੁੱਖ ਦਾ ਧਿਆਨ ਆਤਮਕ ਅਡੋਲਤਾ ਵਿਚ ਲੱਗਾ ਰਹਿੰਦਾ ਹੈ। ਸੰਸਾਰਕ ਰਾਗ ਰੰਗ ਦਾ ਰਸ ਛੱਡ ਕੇ ਹੀ ਵਾਹਿਗੁਰੂ ਨੂੰ ਯਾਦ ਕਰਨਾ ਚਾਹੀਦਾ ਹੈ, ਤਦੋਂ ਹੀ ਉਸਦੀ ਹਜ਼ੂਰੀ ਵਿਚ, ਗੁਰਸੰਗਤਿ ਵਿਚ ਮਾਣ ਮਿਲਦਾ ਹੈ।

*੯. ਦੂਜੇ ਭਾਇ ਬਿਲਾਵਲੁ ਨ ਹੋਵਈ, ਮਨਮੁਖਿ ਥਾਇ ਨ ਪਾਇ।।*

*-ਸਲੋਕ ਮਹਲਾ ੩, ਬਿਲਾਵਲ ਕੀ ਵਾਰ ਮਹਲਾ ੪।*

ਭਾਵ : ਮਾਇਆ ਦੇ ਮੋਹ ਵਿਚ ਟਿਕਿਆਂ ਬਿਲਾਵਲ ਆਤਮਕ ਆਨੰਦ ਨਹੀਂ ਮਿਲਦਾ ਅਤੇ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਬੰਦਾ ਵਾਹਿਗੁਰੂ ਨੂੰ ਪਰਵਾਨ ਨਹੀਂ ਹੁੰਦਾ।

*੧੦. ਬਿਲਾਵਲੁ ਕਰਿਹੁ ਤੁਮ ਪਿਆਰਿਹੋ ! ਏਕਸ ਸਿਉ ਲਿਵ ਲਾਇ।।*
*ਸਦਾ ਬਿਲਾਵਲੁ ਅਨੰਦ ਹੈ, ਜੇ ਚਲਹਿ ਸਤਿਗੁਰ-ਭਾਇ।।*
*ਸਤਸੰਗਤੀ ਬਹਿ ਭਾਉ ਕਰਿ, ਸਦਾ ਹਰਿ ਕੇ ਗੁਣ ਗਾਇ।।*

*-(ਸਲੋਕ) ਮਹਲਾ ੩, ਬਿਲਾਵਲ ਕੀ ਵਾਰ ਮਹਲਾ ੪।*

ਭਾਵ : ਹੇ ਪਿਆਰਿਓ ! ਇਕ ਵਾਹਿਗੁਰੂ ਨਾਲ ਸੁਰਤਿ ਜੋੜ ਕੇ ਤੁਸੀਂ ਬਿਲਾਵਲ, ਆਤਮਕ ਆਨੰਦ ਮਾਣਦੇ ਰਹੋ।

ਜੇ ਬੰਦੇ ਸਤਸੰਗਤਿ ਵਿਚ ਬੈਠ ਕੇ, ਪਿਆਰ ਨਾਲ ਸਦਾ ਵਾਹਿਗੁਰੂ ਦੇ ਗੁਣ ਗਾਂਦੇ ਰਹਿਣ ਅਤੇ ਵਾਹਿਗੁਰੂ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਦੇ ਰਹਿਣ, ਤਾਂ ਉਹਨਾਂ ਦੇ ਅੰਦਰ ਸਦਾ ਬਿਲਾਵਲ, ਆਤਮਕ ਆਨੰਦ ਬਣਿਆ ਰਹਿੰਦਾ ਹੈ।

੧੧. *ਰਾਮਕਲੀ ਰਾਮੁ ਮਨਿ ਵਸਿਆ, ਤਾ ਬਨਿਆ ਸੀਗਾਰੁ ।।*

*-(ਸਲੋਕ) ਮਹਲਾ ੩, ਰਾਮਕਲੀ ਕੀ ਵਾਰ, ਮਹਲਾ ੩ ।।*

ਭਾਵ : ਰਾਮਕਲੀ ਰਾਗਣੀ ਦੇ ਰਾਹੀਂ ਜੇ ਵਾਹਿਗੁਰੂ ਜੀਵ-ਇਸਤਰੀ ਦੇ ਮਨ ਵਿਚ ਵਸ ਜਾਵੇ, ਤਦ ਹੀ ਉਸ ਦਾ ਸ਼ਿੰਗਾਰ ਸਫ਼ਲ ਹੈ, ਤਦ ਹੀ ਵਾਹਿਗੁਰੂ-ਮਿਲਾਪ ਲਈ ਉਸ ਦਾ ਉਦਮ ਸਫ਼ਲ ਹੈ।

੧੨. *ਕੇਦਾਰਾ, ਰਾਗਾ ਵਿਚ ਜਾਣੀਐ, ਭਾਈ ! ਸਬਦੇ ਕਰੇ ਪਿਆਰੁ ।।*

*-ਸਲੋਕ ਮਹਲਾ ੩, ਰਾਗ ਮਾਰੂ, ਵਾਰ, ਮਹਲਾ ੩ ।।*

ਭਾਵ : ਹੇ ਭਰਾਵੋ ! ਕੇਦਾਰਾ ਰਾਗ ਨੂੰ, ਹੋਰ ਬਾਕੀ ਦੇ ਰਾਗਾਂ ਵਿਚ, ਤਾਂ ਹੀ ਜਾਣੀਏ, ਤਦ ਹੀ ਵਡਿਆਈਏ, ਜੇ ਇਸ ਨੂੰ ਗਾਉਣ ਵਾਲਾ, ਗੁਰ-ਸ਼ਬਦ ਨਾਲ ਪਿਆਰ ਪਾ ਲਵੇ।

੧੩. *ਮਲਾਰੁ ਸੀਤਲ ਰਾਗ ਹੈ, ਹਰਿ ਧਿਆਇਐ ਸਾਂਤਿ ਹੋਇ ।।*

*-(ਸਲੋਕ) ਮਹਲਾ ੩, ਵਾਰ ਮਲਾਰ ਮਹਲਾ ੧ ।।*

ਭਾਵ : ਭਾਵੇ 'ਮਲਾਰ' ਠੰਢਾ ਰਾਗ ਹੈ, ਭਾਵੇਂ ਇਹ ਮਨ ਨੂੰ ਠੰਢ ਪਾਉਣ ਵਾਲਾ ਰਾਗ ਹੈ, ਪਰ ਦਿਲ ਦੀ ਅਸਲ ਸ਼ਾਂਤੀ ਇਸ ਰਾਗ ਦੀ ਰਾਹੀਂ ਵਾਹਿਗੁਰੂ ਧਿਆਇਆਂ ਹੀ ਹੁੰਦੀ ਹੈ।

੧੪. *ਗੁਰਮੁਖਿ ਮਲਾਰ ਰਾਗੁ ਜੋ ਕਰਹਿ, ਤਿਨੁ ਮਨੁ ਤਨੁ ਸੀਤਲੁ ਹੋਇ ।।*

*-ਸਲੋਕ ਮਹਲਾ ੩, ਵਾਰ ਮਲਾਰ ਮਹਲਾ ੩ ।।*

ਭਾਵ : ਕਹਿੰਦੇ ਹਨ ਕਿ ਮਲਾਰ ਰਾਗ ਗਾਇਆਂ ਘਟਾ ਛਾ ਜਾਂਦੀ ਹੈ ਅਤੇ ਮੀਂਹ ਪੈਣ ਲਗ ਜਾਂਦਾ ਹੈ, ਪਰ ਜਿਹੜੇ ਬੰਦੇ ਗੁਰੂ ਦੇ ਸਨਮੁਖ ਹੋ ਕੇ, ਗੁਰੂ ਨੂੰ ਹਾਜ਼ਿਰ ਨਾਜ਼ਿਰ ਸਮਝ ਕੇ, ਮਲਾਰ ਰਾਗ ਵਿਚ ਬਾਣੀ ਗਾਂਦੇ ਹਨ, ਨਾਮ-ਜਲ ਦੀ ਵਰਖਾ ਨਾਲ ਉਹਨਾਂ ਦਾ ਮਨ ਤੇ ਤਨ ਠੰਢਾ ਹੋ ਜਾਂਦਾ ਹੈ, ਮਨ ਤੇ ਸਰੀਰਕ ਇੰਦਰੀਆਂ ਵਿਚ ਸ਼ਾਂਤੀ ਆ ਜਾਂਦੀ ਹੈ, ਉਹ ਕਾਬੂ ਵਿਚ ਆ ਜਾਂਦੇ ਹਨ।

੧੫. *ਗੁਰ ਕੈ ਸਬਦਿ ਅਰਾਧੀਐ, ਨਾਮਿ ਰੰਗਿ ਬੈਰਾਗੁ ।।*
*ਜੀਤੇ ਪੰਚ ਬੈਰਾਈਆਂ, ਨਾਨਕ ! ਸਫਲ ਮਾਰੂ ਇਹ ਰਾਗੁ ।।੩।।*

-ਸਲੋਕ ਵਾਰਾਂ ਤੇ ਵਧੀਕ, ਮਹਲਾ ੫

ਭਾਵ : ਗੁਰੂ ਦੇ ਸ਼ਬਦ ਵਿਚ ਜੁੜ ਕੇ ਵਾਹਿਗੁਰੂ ਨੂੰ ਸਿਮਰਨਾ ਚਾਹੀਦਾ ਹੈ। ਵਾਹਿਗੁਰੂ ਦੇ ਨਾਮ ਨਾਲ, ਵਾਹਿਗੁਰੂ ਦੇ ਪ੍ਰੇਮ ਰੰਗ ਨਾਲ, ਮਨ ਵਿਚ ਵਿਕਾਰਾਂ

ਵਲੋਂ ਵੈਰਾਗ, ਉਪਰਾਮਤਾ ਪੈਦਾ ਹੋ ਜਾਂਦੀ ਹੈ, ਕਾਮਾਦਿਕ ਪੰਜੇ ਵੈਰੀ ਕਾਬੂ ਆ ਜਾਂਦੇ ਹਨ। ਹੇ ਨਾਨਕ ! ਇਹ ਰਾਗ, ਇਹ ਪ੍ਰੇਮ-ਹੁਲਾਰਾ ਵਿਕਾਰ-ਰੋਗਾਂ ਨੂੰ ਮਾਰਨ ਲਈ ਸਫਲ ਦਵਾਈ ਹੈ, ਮਾਰੂ ਦਵਾਈ ਹੈ, ਨਾਸ਼ਕ ਦਵਾਈ ਹੈ।

*੧੬. ਧਨਾਸਰੀ ਧਨਵੰਤੀ ਜਾਣੀਐ, ਭਾਈ !*
*ਜਾਂ ਸਤਿਗੁਰ ਕੀ ਕਾਰ ਕਮਾਇ ॥*

*-ਸਲੋਕ ਵਾਰਾਂ ਤੇ ਵਧੀਕ, ਮਹਲਾ ੩*

ਨੋਟ :- ਭਾਵੇਂ ਧਨਾਸਰੀ ਇਕ ਰਾਗਣੀ ਹੈ ਪਰ ਇਥੇ ਇਹ 'ਧਨਵੰਤੀ' ਤੋਂ ਪਹਿਲਾਂ ਸਿਰਫ ਛੇਕ ਅਨੁਪ੍ਰਾਸ ਅਤੇ ਸੁਰਤੀ ਅਨੁਪ੍ਰਾਸ ਅਲੰਕਾਰ ਦੇ ਤੌਰ ਤੇ ਹੀ ਵਰਤੀ ਗਈ ਹੈ।

ਭਾਵ : ਜਦੋਂ ਜੀਵ-ਇਸਤਰੀ ਆਪਣੇ ਗੁਰੂ ਦੇ ਹੁਕਮ ਵਿਚ ਜੀਵਨ-ਚਾਲ ਚੱਲਣ ਲੈਗ ਪੈਂਦੀ ਹੈ, ਤਦੋਂ ਉਸ ਨੂੰ ਧਨਵੰਤੀ, ਨਾਮ ਧਨ ਵਾਲੀ ਸਮਝਣਾ ਚਾਹੀਦਾ ਹੈ।

*੧੭. ਸੋਰਠਿ ਸੋ ਰਸੁ ਪੀਜੀਐ, ਕਬਹੂ ਨ ਫੀਕਾ ਹੋਇ॥*

*-ਸਲੋਕ ਵਾਰਾਂ ਤੇ ਵਧੀਕ, ਮਹਲਾ ੫*

ਨੋਟ :- ਭਾਵੇਂ 'ਸੋਰਠਿ' ਇਕ ਰਾਗਣੀ ਹੈ ਪਰ ਇਥੇ ਇਹ 'ਸੋ ਰਸੁ ਤੋਂ ਪਹਿਲਾਂ ਸਿਰਫ ਛੇਕ ਅਨੁਪ੍ਰਾਸ ਤੇ ਸੁਰਤੀ ਅਨੁਪ੍ਰਾਸ ਅਲੰਕਾਰ ਦੇ ਤੌਰ ਤੇ ਹੀ ਵਰਤੀ ਗਈ ਹੈ।

ਭਾਵ : ਉਹ ਨਾਮ-ਰਸ ਪੀਣਾ ਚਾਹੀਦਾ ਹੈ, ਜੋ ਕਦੇ ਵੀ ਫਿੱਕਾ, ਬੇਸੁਆਦਾ ਨਹੀਂ ਹੁੰਦਾ।

*੧੮. ਸਭਨਾ ਰਾਗਾਂ ਵਿਚਿ ਸੋ ਭਲਾ, ਭਾਈ ! ਜਿਤੁ ਵਸਿਆ ਮਨਿ ਆਇ॥*
*ਰਾਗੁ, ਨਾਦ, ਸਭੁ, ਸਚੁ ਹੈ, ਕੀਮਤਿ ਕਹੀ ਨ ਜਾਇ॥*
*ਰਾਗੈ ਨਾਦੈ ਬਾਹਰਾ; ਇਨੀ ਹੁਕਮ ਨਾ ਬੂਝਿਆਂ ਜਾਇ॥*
*ਨਾਨਕ ! ਹੁਕਮੈ ਬੂਝੈ, ਤਿਨ੍ਹਾ ਰਾਸਿ ਹੋਇ, ਸਤਿਗੁਰ ਤੇ ਸੋਝੀ ਪਾਇ॥*

*-ਸਲੋਕ ਵਾਰਾਂ ਤੇ ਵਧੀਕ, ਮਹਲਾ ੪*

ਭਾਵ : ਹੇ ਭਰਾਵੋ ! ਸਦਾ-ਥਿਰ ਵਾਹਿਗੁਰੂ ਦੀ ਯਾਦ ਹੀ ਬੰਦੇ ਲਈ ਸਭ ਕੁਝ ਹੈ, ਸਦਾਥਿਰ ਵਾਹਿਗੁਰੂ ਦਾ ਸਿਮਰਨ ਹੀ ਮਨੁੱਖ ਲਈ ਰਾਗ ਹੈ, ਨਾਦ ਹੈ। ਵਾਹਿਗੁਰੂ-ਸਿਮਰਨ ਦੀ ਕੀਮਤ ਦੱਸੀ ਨਹੀਂ ਜਾ ਸਕਦੀ। ਸਾਰੇ ਰਾਗਾਂ ਵਿਚ ਉਹ ਵਾਹਿਗੁਰੂ-ਸਿਮਰਨ ਹੀ ਚੰਗਾ ਉੱਦਮ ਹੈ ਕਿਉਂਕਿ ਉਸ ਯਾਦ ਰਾਹੀਂ ਹੀ ਵਾਹਿਗੁਰੂ ਬੰਦੇ ਦੇ ਮਨ ਵਿਚ ਆ ਕੇ ਵਸਦਾ ਹੈ। ਵਾਹਿਗੁਰੂ ਦਾ ਮਿਲਾਪ ਰਾਗ ਦੀ ਕੈਦ ਤੋਂ ਪਰੇ ਹੈ, ਨਾਦ ਦੀ ਕੈਦ ਤੋਂ ਪਰੇ ਹੈ। ਇਨ੍ਹਾਂ ਰਾਗਾਂ ਨਾਦਾਂ ਰਾਹੀਂ ਵਾਹਿਗੁਰੂ ਦੀ ਰਜ਼ਾ ਨੂੰ ਸਮਝਿਆ ਨਹੀਂ ਜਾ ਸਕਦਾ। ਹੇ ਨਾਨਕ ! ਜਿਹੜਾ ਬੰਦਾ

ਵਾਹਿਗੁਰੂ ਦੀ ਰਜ਼ਾ ਨੂੰ ਸਮਝ ਲੈਂਦਾ ਹੈ, ਉਹਨਾਂ ਲਈ ਰਾਗ ਵੀ ਰਾਸ ਆ ਜਾਂਦਾ ਹੈ, ਸਫਲ ਹੋ ਜਾਂਦਾ ਹੈ। ਉਂਜ ਨਿਰੇ ਰਾਗ ਹੀ ਆਤਮਕ ਜੀਵਨ ਦੇ ਰਸਤੇ ਵਿਚ ਸਹਾਈ ਨਹੀਂ ਹੋ ਸਕਦੇ।

ਨੋਟ :- ਆਮ ਤੌਰ ਤੇ ਗੁਰਸਿਖ ਰਾਗੀ, ਕੀਰਤਨੀਏ, ਉਪਰਲੇ ਪਰਮਾਣ ਵਿੱਚੋਂ ਵਿਚਕਾਰਲੀਆਂ ਦੋ ਤੁਕਾਂ ਜੁਦੀਆਂ ਕੱਢ ਕੇ ਆਪਣੇ ਖਿਆਲਾਂ ਅਨੁਸਾਰ, ਆਪਣੇ ਮਤਲਬ ਲਈ ਅਰਥ ਇਉਂ ਕਰ ਲੈਂਦੇ ਹਨ, 'ਰਾਗ ਨਾਦ ਸਾਰੇ ਸੱਚੇ ਹਨ, ਠੀਕ ਹਨ। ਇਹਨਾਂ ਰਾਗਾਂ ਦੀ ਕੀਮਤ ਕੋਈ ਬੰਦਾ ਨਹੀਂ ਪਾ ਸਕਦਾ। ਰਾਗਾਂ, ਨਾਦਾਂ ਤੋਂ ਬਿਨਾਂ ਇਹਨਾਂ ਬੰਦਿਆਂ ਤੋਂ ਵਾਹਿਗੁਰੂ ਦਾ ਹੁਕਮ ਬੁਝਿਆ ਨਹੀਂ ਜਾ ਸਕਦਾ।' ਇਹੋ ਜਿਹੇ ਅਰਥਾਂ ਤੋਂ ਅਸੀਂ ਸਮਝ ਸਕਦੇ ਹਾਂ ਕਿ ਗੁਰੂ-ਆਸ਼ੇ ਅਤੇ ਵਿਆਕਰਨ ਦਾ ਖਿਆਲ ਨਾ ਰੱਖ ਕੇ ਅਤੇ ਸੰਦਰਭ ਦੀ ਪਰਵਾਹ ਨਾ ਕਰਕੇ ਮਨ-ਘੜਤ ਅਰਥ ਕਿਵੇਂ ਸਾਨੂੰ ਭੁਲੇਖੇ ਵਿਚ ਪਾ ਸਕਦੇ ਹਨ।

੧੯. *ਗਾਏ, ਸੁਨੇ, ਆਂਖੈਂ ਮੀਚੇ ਪਾਈਐ ਨ ਪਰਮੁ ਪਦੁ,*
*ਗੁਰ-ਉਪਦੇਸ਼ ਗਹਿ ਜੌ ਲੌ ਨ ਕਮਾਈਐ ।।੪੩੯।।*

*-ਕਬਿੱਤ, ਭਾਈ ਗੁਰਦਾਸ।*

ਅੰਤ ਵਿਚ ਕੁਝ 'ਘਰੁ' ਬਾਰੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਘਰੁ ਪਹਿਲਾਂ' ਤੋਂ 'ਘਰੁ ਸਤਾਰ੍ਹਵਾਂ' ਤਾਈਂ ਸਤਾਰਾਂ ਘਰ ਦਿੱਤੇ ਹੋਏ ਹਨ, ਜੋ ਸੂਚਨਾ ਦਿੰਦੇ ਹਨ ਕਿ ਇਨ੍ਹਾਂ ਨਾਲ ਸੰਬੰਧਿਤ ਬਾਣੀ ਨੂੰ ਇਹਨਾਂ ਹੀ ਘਰਾਂ ਵਿਚ ਗਾਉਣਾ ਹੈ।

ਇਹ 'ਘਰ' ਕੀ ਹਨ?

ਆਮ ਰਾਗੀ, ਕੀਰਤਨੀਏ, ਗਿਆਨੀ ਵਿਦਵਾਨ ਗੁਰਸਿਖ ਸਮਝਦੇ ਹਨ ਕਿ 'ਤਾਲ' ਦੀ ਥਾਂ 'ਘਰੁ' ਲਿਖਿਆ ਗਿਆ ਹੈ, ਸੋ 'ਘਰ' ਤਾਲ ਹੀ ਹੈ, ਪਰ ਇਉਂ ਸੋਚਣਾ ਠੀਕ ਨਹੀਂ। ਕੁੱਝ ਤਾਲ ਇਹ ਹਨ :-

ਦਾਦਰਾ, ਢਾਈ ਤਾਲ, ਰੂਪਕ ਜਾਂ ਗੀਤ, ਤਲਵਾੜਾ, ਮੰਤ ਤਾਲ, ਝਪ ਤਾਲ, ਸੂਲ ਫ਼ਾਕ (ਸੂਲ ਫਾਗਤਾ), ਜਗਪਾਲ ਤਾਲ, ਚਾਰ ਤਾਲ (ਭਾਨ ਮਤੀ), ਇਕ-ਤਾਲਾ, ਜੈ ਤਾਲ, ਚੰਚਲ ਤਾਲ, ਆਡਾ ਚੌਤਾਲਾ, ਧਮਾਰ, ਫਰੋ-ਦਸਤ, ਪੰਜ ਤਾਲ, ਤਿੰਨ ਤਾਲ, ਛੋਟਾ ਤਿੰਨ ਤਾਲ, ਪੰਜਾਬੀ ਠੇਕਾ ਤਿੰਨ ਤਾਲ, ਸਿਖਰ ਤਾਲ, ਖਟ ਤਾਲ, ਇੰਦਰ ਤਾਲ, ਮੱਲ ਤਾਲ ਜਾਂ ਅਸ਼ਠ ਤਾਲ।

ਕਈ ਵਿਦਵਾਨ ਕਿਸੇ ਰਾਗ ਦੀ ਪ੍ਰਧਾਨ ਸੁਰ ਨੂੰ ਹੀ 'ਘਰੁ' ਕਹੀ ਜਾਂਦੇ ਹਨ ਪਰ ਇਹ ਗਲਤ ਹੈ ਕਿਉਂਕਿ ਪ੍ਰਧਾਨ ਸੁਰ ਨੂੰ ਤਾਂ 'ਵਾਦੀ' ਸੁਰ ਕਿਹਾ ਜਾਂਦਾ ਹੈ।

ਬਿਲਾਵਲ ਰਾਗ ਵਿਚ ਮਹਲਾ ੫ ਦਾ ਚੌਥਾ ਚਉਪਦਾ ਹੈ, ਜੋ 'ਮੈ ਮਨਿ ਤੇਰੀ ਟੇਕ, ਮੇਰੇ ਪਿਆਰੇ ! ਮੈ ਮਨਿ ਤੇਰੀ ਟੇਕ' ਤੋਂ ਚਾਲੂ ਹੁੰਦਾ ਹੈ। ਇਹ ਚਉਪਦਾ ਹੈ ਤਾਂ 'ਘਰੁ ੨' ਵਿਚ, ਪਰ ਅੱਗੇ ਹਿਦਾਯਤ ਲਿਖੀ ਗਈ ਹੈ ਕਿ 'ਯਾਨੜੀਏ ਕੇ ਘਰਿ ਗਾਵਣਾ'। ਇਸ ਦਾ ਭਾਵ ਹੈ ਕਿ ਇਸ ਚਉਪਦੇ ਨੂੰ ਤਿਲੰਗ ਰਾਗ ਵਿਚ

ਦਿੱਤੇ ਗਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਸ ਚਉਪਦੇ ਦੇ 'ਘਰ' ਵਿਚ ਗਾਉਣਾ ਹੈ, ਜਿਸ ਦੀ ਪਹਿਲੀ ਤੁਕ 'ਇਆਨੜੀਏ ! ਮਾਨੜਾ ਕਾਇ ਕਰੇਹਿ ?' ਤੋਂ ਆਰੰਭ ਹੁੰਦੀ ਹੈ। ਪੰਜਵੇਂ ਪਾਤਸ਼ਾਹ ਨੇ 'ਇਆਨੜੀਏ' ਦੀ ਥਾਂ 'ਯਾਨੜੀਏ' ਵਰਤਿਆਂ ਹੈ। ਪੰਜਾਬੀ ਵਿਚ 'ਇਆ' ਦੇ ਥਾਂ 'ਯਾ' ਵੀ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ 'ਗਿਆਰਾਂ' ਦੀ ਥਾਂ 'ਯਾਰਾਂ' ਵਰਤਿਆ ਜਾਂਦਾ ਹੈ, ਜਿਵੇਂ ਮਾਝੇ ਵਿਚ ਰਿਵਾਜ ਹੈ। ਹਾਂ ਜੀ, ਉਹ ਤਿਲੰਗ ਰਾਗ ਵਾਲਾ ਚਉਪਦਾ 'ਘਰ ੩' ਵਿਚ ਹੈ।

'ਘਰੁ' ਨੂੰ ਸਮਝਣ ਲਈ 'ਮੂਰਛਨਾ' ਦਾ ਸਮਝਣਾ ਵੀ ਜ਼ਰੂਰੀ ਹੈ। ਸੰਗੀਤ ਸ਼ਾਸਤਰ ਅਨੁਸਾਰ 'ਸੁਰ ਦੀ ਸਥਿਤੀ' ਦਾ ਨਾਉਂ ਮੂਰਛਨਾ ਹੈ। 'ਸੁਰ ਦੀ ਸੁਰਤਿ (ਅੰਸ਼, ਮਾਤ੍ਰਾ)' ਨੂੰ ਮੂਰਛਨਾ ਮੰਨਣਾ ਭੁਲੇਖਾ ਹੈ।

ਸੁਰਾਂ ਦੀ ਗਿਣਤੀ ਸੱਤ ਹੈ :- ਸੜਜ (ਖੜਜ), '(ਰਿਖਭ), ਗਾਂਧਾਰ, ਮਧਯਮ (ਵਿਚਕਾਰਲੀ), ਪੰਚ, ਧੈਵਤ ਅਤੇ ਨਿਸ਼ਾਦ (ਨਿਖਾਦ)। ਇਨ੍ਹਾਂ ਦੇ ਸੰਕੇਤਰ ਨਾਉਂ 'ਸ਼, ਰ, ਗ, ਮ, ਪ, ਧ, ਨ' ਹਨ। ਸੱਤਾ ਸੁਰਾਂ ਵਿੱਚੋਂ ਪਹਿਲੀਆਂ ਚਾਰ 'ਸ਼, ਰ, ਗ, ਮ' ਮਿਲਾ ਕੇ 'ਸ਼ਰਗਮ' ਜਾਂ 'ਸਰਗਮ' ਸ਼ਬਦ ਬਣਿਆ ਹੈ, ਜਿਸ ਦਾ ਭਾਵ, ਸੱਤ ਸੁਰਾਂ ਹੈ। 'ਸਰਗਮ' ਇਉਂ ਹੀ ਹੈ ਜਿਵੇਂ 'ਅਲਿਫ਼, ਬੇ, ਜੀਮ, ਦਾਲ' ਦੀਆਂ ਆਵਾਜ਼ਾਂ ਮਿਲਾ ਕੇ 'ਅਬਜਦ' ਬਣਿਆ ਹੈ, ਅਤੇ ਐਲਫਾ (Alpha), ਬੀਟਾ (Beta), ਤੋਂ ਐਲਫਾਬੈਟ (Alphabet) ਬਣਿਆ ਹੈ। 'ਸਰਗਮ' ਨੂੰ 'ਸਪਤਕ' ਜਾਂ 'ਗ੍ਰਾਮ' ਵੀ ਕਿਹਾ ਜਾਂਦਾ ਹੈ। ਸੁਰਾਂ ਨੂੰ ਆਮ ਤੌਰ ਤੇ ਸਾ, ਰੇ, ਗਾ, ਮਾ, ਪਾ, ਧਾ, ਨੀ' ਕਹਿੰਦੇ ਹਨ 'ਸੁਰਾਂ ਦੀਆਂ ਸ਼ੁਰਤੀਆਂ' ਇਹ ਹਨ, ਜੋ ਬਾਈ ਹਨ:-

੧. ਖੜਜ ਦੀਆਂ ਚਾਰ : ਤ੍ਰੀਵਾ, ਕੁਮੁਦਵਤੀ, ਮੰਦ੍ਰਾ, ਛੋਂਦੋਵਤੀ।

੨. ਰਿਖਭ ਦੀਆਂ ਤਿੰਨ : ਦਯਾਵਾਤੀ, ਰੰਜਿਨੀ, ਰਕ੍ਰਤਿਕਾ।

੩. ਗਾਂਧਾਰ ਦੀਆਂ ਦੋ : ਰੌਦੀ, ਕ੍ਰੋਧਾ।

੪. ਮਧਯਮ ਦੀਆਂ ਚਾਰ: ਵਜ੍ਰਿਕਾ, ਪ੍ਰਸਾਰਿਣੀ, ਪ੍ਰੀਤਿ, ਮਾਰਜੰਨੀ।

੫. ਪੰਚਮ ਦੀਆਂ ਚਾਰ : ਸ਼੍ਰਿਤਿ, ਰਕਤਾ, ਸੰਦੀਪਿਨੀ, ਆਲਾਪਿਨੀ।

੬. ਧੈਵਤ ਦੀਆਂ ਤਿੰਨ : ਮਦੰਤੀ, ਰੋਹਿਣੀ, ਰਮਯਾ।

੭. ਨਿਖਾਦ ਦੀਆਂ ਦੋ : ਉਗ੍ਰਾ, ਕੁਸ਼ੋਭਿਣੀ।

ਸੰਗੀਤ ਵਿਚ ਤਿੰਨ ਸਪਤਕ ਹਨ। ਸੋ ਤਿੰਨਾਂ ਸਪਤਕਾਂ ਵਿਚ ਇੱਕੀ ਸੁਰਾਂ ਹਨ। ਇਹਨਾਂ ਇੱਕੀ ਸੁਰਾਂ ਦੀ ਆਪਣੇ ਥਾਂ ਜੋ ਸਥਿਤੀ ਹੈ, ਇਹੀ ਹੈ ਮੂਰਛਨਾ। ਇੱਕੀ ਮੂਰਛਨਾਵਾਂ ਇਹ ਹਨ :-

੧. ਸੁੜਜ ਗ੍ਰਾਮ (ਮੰਦਰ ਸਪਤਕ) : ਲਲਿਤਾ, ਮਧਯਮਾ, ਚਿਤ੍ਰਾ, ਰੋਹਿਣੀ, ਮਤੰਗਜਾ, ਸੌਵੀਰੀ, ਸ਼ੜ-ਮਧਯਾ।

੨. ਮਧਰਮ ਗ੍ਰਾਮ (ਮੱਧ ਸਪਤਕ) : ਪੰਚਮਾ, ਮਤਸਰੀ, ਮ੍ਰਿਦੁਮਧਯਾ, ਸ਼ੁਧਾ, ਅੰਤਾ, ਕਲਾਵਤੀ, ਤ੍ਰੀਵਾ।

੩. ਗਾਂਧਾਰ ਗ੍ਰਾਮ (ਤਾਰ ਸਪਤਕ) : ਰੌਦ੍ਰੀ, ਬ੍ਰਾਹਮੀ, ਵੈਸ਼ਨਵੀ, ਖੇਦਰੀ,

ਸੁਰਾ, ਨਾਦਾਵਤੀ, ਵਿਸ਼ਾਲਾ।

ਸੋ ਸੁਰ ਅਤੇ ਮੂਰਛਨਾ ਦੇ ਭੇਦ ਕਰਕੇ ਕਿਸੇ ਰਾਗ ਸ਼ਰਗਮ-ਪ੍ਰਸਤਾਰ (ਸਰਗਮ-ਵਿਸਥਾਰ) ਅਨੁਸਾਰ ਗਾਉਣ ਦੀਆਂ ਇੱਕੀ ਕਿਸਮਾਂ ਦਾ ਨਾਉਂ 'ਘਰੁ' ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਇੱਕੀਆਂ ਵਿਚੋਂ ਸਤਾਰਾਂ ਘਰ ਹੀ ਵਰਤੇ ਹਨ। ਇਹ ਸੂਚਨਾ ਦਿੰਦੇ ਹਨ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਐਨੇ ਨੰਬਰ ਦੇ ਸੁਰ-ਪ੍ਰਸਤਾਰ ਅਨੁਸਾਰ ਗਾਉਣਾ ਹੈ।

ਗੁਰੂ ਗ੍ਰੰਥ ਜੀ ਵਿਚ ਵਰਤੇ ਗਏ ਸਤਾਰਾਂ ਘਰ ਕਿਹੜੇ ਕਿਹੜੇ ਹਨ ਅਤੇ ਉਹਨਾਂ ਦਾ ਪੂਰਾ ਪੂਰਾ ਵਿਸਥਾਰ ਕੀ ਹੈ, ਇਸ ਬਾਰੇ ਕੋਈ ਪਤਾ ਨਹੀਂ ਲੱਗ ਰਿਹਾ। ਬੜੇ ਅਫਸੋਸ ਦੀ ਗੱਲ ਹੈ ਕਿ ਇਹਨਾਂ ਸਤਾਰਾਂ ਘਰਾਂ, ਸੁਰ-ਪ੍ਰਸਤਾਰਾਂ ਨੂੰ ਸਿਖ-ਸੰਗੀਤਕਾਰ ਭੁਲਾ ਬੈਠੇ ਹਨ, ਭਾਵੇਂ ਉਹ ਸੰਗੀਤ ਗ੍ਰੈਜੂਏਟ, ਐਮ. ਏ ਜਾਂ ਪੀ. ਐਚ. ਡੀ. ਹਨ, ਭਾਵੇਂ ਸੰਗੀਤ ਮਾਸਟਰ, ਪ੍ਰੋਫ਼ੈਸਰ ਜਾਂ ਗੰਧਰਬ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਉਤਮ ਫਰਜ਼ ਬਣਦਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ ਨਾਲ ਸਲਾਹ ਕਰਕੇ ਕਿਸੇ ਯੋਗ ਥਾਂ 'ਗੁਰਮਤਿ ਸੰਗੀਤ ਮੰਜੀ' ਕਾਇਮ ਕਰਵਾਵੇ ਤਾਂ ਕਿ ਸਿੱਖ ਸੰਗੀਤਕਾਰਾਂ ਅਤੇ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਹਿੰਦੂ ਅਤੇ ਮੁਸਲਮਾਨ ਸੰਗੀਤਕਾਰਾਂ ਨਾਲ ਮਿਲ ਕੇ ਗੁਰਮਤਿ ਸੰਗੀਤ ਦੀ ਖੋਜ ਕੀਤੀ ਜਾ ਸਕੇ ਅੰਤੇ ਇਸ ਨੂੰ ਹੋਰ ਉਨਤ ਕੀਤਾ ਜਾ ਸਕੇ। ਨਾਲੇ ਸਾਰੇ 'ਘਰਾਂ' ਦੀ ਪੂਰੀ ਖੋਜ ਕਰਕੇ ਅਤੇ ਉਹਨਾਂ ਨੂੰ ਨਿਯਮ-ਬੱਧ ਕਰਕੇ ਲਿਖਤੀ ਰੂਪ ਦਿੱਤਾ ਜਾ ਸਕੇ ਅਤੇ ਸਿੱਖ ਸੰਗੀਤਕਾਰਾਂ ਨੂੰ ਵੀ ਪਰੇਰਿਆ ਜਾ ਸਕੇ ਕਿ ਉਹ ਗੁਰਬਾਣੀ ਨੂੰ ਉਹਨਾਂ ਪ੍ਰਮਾਣਿਤ ਘਰਾਂ ਵਿਚ ਵੀ ਗਾਇਨ ਕਰਿਆ ਕਰਨ।

*ਸਤੰਬਰ ੧੯੮੫*

# ਕੀ ਬੀਬੀਆਂ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੋ ਸਕਦੀਆਂ ਹਨ?

ਮੈਂ ੨੭ ਨਵੰਬਰ ੧੯੯੨ ਦੇ ਦੇਸ਼ ਪ੍ਰਦੇਸ ਵਿਚ ਇਸ ਵਿਸ਼ੇ ਦੇ ਹੱਕ ਤੇ ਵਿਰੋਧ ਵਿਚ ਪੱਤਰ ਪੜ੍ਹੇ। ਇਹ ਬਾਰੇ ਮੈਂ ਆਪਣੇ ਵਿਚਾਰ ਸੰਖੇਪ ਵਿਚ ਪ੍ਰਗਟ ਕਰਦਾ ਹਾਂ।

'ਸਿੱਖ ਰਹਿਤ ਮਰਯਾਦਾ' ਵਿਚ 'ਅੰਮ੍ਰਿਤ ਸੰਸਕਾਰ' ਦੇ ਅੰਕ ਵਿਚ ਲਿਖਿਆ ਹੋਇਆ ਹੈ ਕਿ ਪੰਜਾਂ ਪਿਆਰਿਆਂ ਵਿਚ ਬੀਬੀਆਂ ਵੀ ਸ਼ਾਮਿਲ ਹੋ ਸਕਦੀਆਂ ਹਨ। ਸ਼ਰਤ ਸਿਰਫ਼ ਇਹ ਹੈ ਕਿ ਇਨ੍ਹਾਂ ਵਿਚ ਕੋਈ ਅੰਗਹੀਣ (ਅੰਨ੍ਹਾਂ, ਕਾਣਾ, ਲੰਗੜਾ, ਲੂਲ੍ਹਾ) ਜਾਂ ਦੀਰਘ ਰੋਗ ਵਾਲਾ ਨਾ ਹੋਵੇ। ਸਾਨੂੰ ਇਸ ਲਿਖਤ ਤੇ ਹੀ ਪਹਿਰਾ ਦੇਣਾ ਚਾਹੀਦਾ ਹੈ।

ਜਿਵੇਂ ਇਕ ਪਾਠਕ ਲਿਖਦੇ ਹਨ ਕਿ ਇਹ 'ਸਿਖ ਰਹਿਤ ਮਰਯਾਦਾ' ਸ਼੍ਰੋਮਣੀ ਕਮੇਟੀ ਦੇ ਕੁੱਝ ਤਨਖਾਹਦਾਰ ਸੇਵਾਦਾਰਾਂ ਨੇ ਬਣਾਈ ਹੈ, ਗਲਤ ਪ੍ਰੋਪੈਗੰਡਾ ਹੈ। ਇਸ ਮਰਯਾਦਾ ਦੇ ਨਿਯਤ ਕਰਨ ਲਈ ਪਹਿਲਾਂ ੨੫ ਸੱਜਣਾਂ ਦੀ ਸਬ-ਕਮੇਟੀ ਬਣੀ ਸੀ, ਇਸ ਵਿਚ ਉਸ ਸਮੇਂ ਦੇ ਤਖ਼ਤਾਂ ਦੇ ਜਥੇਦਾਰ, ਗ੍ਰੰਥੀ, ਸੰਤ, ਗਿਆਨੀ, ਵਿਦਵਾਨ ਤੇ ਪ੍ਰੋਫ਼ੈਸਰ ਆਦਿ ਸਨ। ਇਸ ਕਮੇਟੀ ਦੀ ਇਕ ਮੀਟਿੰਗ ੧੯੩੧ ਅਤੇ ਦੋ ੧੯੩੨ ਵਿਚ ਸ੍ਰੀ ਅਕਾਲ ਤਖ਼ਤ ਵਿਖੇ ਹੋਈਆਂ। ੧੪ ਮੈਂਬਰਾਂ ਨੇ ਵਿਚਾਰ ਵਿਚ ਹਿੱਸਾ ਲਿਆ ਅਤੇ ਘੱਟੋ ਘੱਟ ੪ ਹੋਰ ਸੱਜਣਾਂ ਨੇ ਕਦੀ ਕਦੀ ਹਿੱਸਾ ਲਿਆ।

ਵਿਚਾਰੇ ਗਏ ਖਰੜੇ ਤੇ ੧੯੩੨ ਵਿਚ ਇਕ ਵਾਰੀ ਮੁੜ ਵਿਚਾਰ ਕੀਤੀ ਗਈ। ਉਸ ਸਮੇਂ ਘੱਟੋ ਘੱਟ ੧੦ ਸੱਜਣ ਹਾਜ਼ਿਰ ਸਨ।

ਖਰੜੇ ਉਤੇ ੧੯੩੨ ਵਿਚ ਹੀ ਦੂਜੀ ਵਾਰ ਵਿਚਾਰ ਕੀਤੀ ਗਈ। ਇਸ ਵਿਚ ੮ ਸੱਜਣ ਹਾਜ਼ਿਰ ਸਨ ਅਤੇ ਇਕ ਹੋਰ ਸੱਜਣ ਵੀ ਵਿਚਾਰ ਵਿਚ ਹਿੱਸਾ ਲੈਂਦੇ ਰਹੇ। ਸਾਰਾ ਖਰੜਾ ਅੱਛੀ ਤਰ੍ਹਾਂ ਸੋਧਿਆ ਗਿਆ।

ਇਹ ਖਰੜਾ ਛਾਪ ਕੇ ਸੰਗਤਾਂ ਦੀ ਸੇਵਾ ਵਿਚ ਅੰਤਿਮ ਵੇਰ ਰਾਏ ਦੇਣ ਲਈ ਭੇਜਿਆ ਗਿਆ।

ਇਸ ਖਰੜੇ ਬਾਰੇ ੫੦ ਸੱਜਣਾਂ ਨੇ ਰਾਵਾਂ ਭੇਜੀਆਂ। ਇਨ੍ਹਾਂ ਵਿਚ ਕਈ ਸੱਜਣ ਪੰਜਾਬੋਂ ਬਲਕਿ ਭਾਰਤੋਂ ਬਾਹਰਲੇ ਵੀ ਸਨ।

ਨਾਲੇ ਇਸ ਬਾਰੇ ੨੧ ਪੰਥਕ ਜਥੇਬੰਦੀਆਂ ਵਲੋਂ ਵੀ ਰਾਵਾਂ ਪੁੱਜੀਆਂ। ਜਿਨ੍ਹਾਂ ਵਿਚੋਂ ਕਈ ਪੰਜਾਬੋਂ ਬਲਕਿ ਭਾਰਤੋਂ ਬਾਹਰਲੀਆਂ ਵੀ ਸਨ।

੧੯੩੬ ਵਿਚ ਇਸ ਖਰੜੇ ਦੀ ਪ੍ਰਵਾਨਗੀ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਨੇ ਦਿੱਤੀ।

੧੯੩੬ ਵਿਚ ਹੀ ਸ੍ਰੋ. ਗੁ. ਪ੍ਰ. ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ਵੀ ਇਸ ਖਰੜੇ ਦੀ ਪ੍ਰਵਾਨਗੀ ਦੇ ਦਿੱਤੀ। ਇਸ ਕਮੇਟੀ ਦੇ ੮ ਮੈਂਬਰ ਸਨ।

੧੯੪੫ ਵਿਚ ਧਾਰਮਿਕ ਕਮੇਟੀ ਦੀ ਸਿਫ਼ਾਰਿਸ਼ ਅਨੁਸਾਰ ਹੀ ਸ੍ਰੋ: ਗੁ: ਪ੍ਰ: ਕਮੇਟੀ ਨੇ ਇਸ 'ਸਿਖ ਰਹਿਤ ਮਰਯਾਦਾ' ਵਿਚ ਸੰਸ਼ੋਧਨ ਦੀ ਆਗਿਆ ਦਿੱਤੀ।

ਉਹ ਪਾਠਕ ਜੀ ਮੁੜ ਲਿਖਦੇ ਹਨ ਕਿ ਕਿਉਂਕਿ ਬੀਬੀਆਂ ੧੬੯੯ ਵਿਚ ਸੀਸ-ਭੇਟ ਲਈ ਅਗੇ ਨਹੀਂ ਆਈਆਂ, ਇਸ ਲਈ ਇਹ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਨਹੀਂ ਹੋ ਸਕਦੀਆਂ। ਇਸ ਤਰ੍ਹਾਂ ਤਾਂ ਉਹ ਕੱਲ੍ਹ ਨੂੰ ਇਹ ਵੀ ਕਹਿ ਸਕਦੇ ਹਨ ਕਿ ਭਾਰਤੋਂ ਬਾਹਰਲਾ ਕੋਈ ਸੱਜਣ ਪੰਜਾਂ ਪਿਆਰਿਆਂ ਵਿਚ ਨਹੀਂ ਹੋ ਸਕਦਾ, ਬਲਕਿ ਭਾਰਤ ਵਿਚੋਂ ਵੀ ਜਿਸ ਜਿਸ ਇਲਾਕੇ, ਜ਼ਿਲੇ, ਸ਼ਹਿਰ, ਪਿੰਡ ਜਾਂ ਜਾਤ ਗੋਤ ਵਿਚੋਂ ਪੰਜ ਪਿਆਰੇ ਸਨ, ਉਸ ਉਸ ਵਿਚੋਂ ਹੀ ਹੁਣ ਹੋ ਸਕਦੇ ਹਨ। ਇਹ ਸੌੜਾਪਨ ਵੀ ਆ ਸਕਦਾ ਹੈ ਖੱਤਰੀਆਂ, ਜੱਟਾਂ, ਨਾਈਆਂ, ਝੀਊਰਾਂ ਤੇ ਛੀਂਬਿਆਂ ਤੋਂ ਬਿਨਾਂ ਕੋਈ ਪੰਜ ਪਿਆਰਿਆਂ ਵਿਚ ਸ਼ਾਮਿਲ ਨਹੀਂ ਹੋ ਸਕਦਾ।

ਉਹੀ ਪਾਠਕ ਜੀ ਮੁੜ ਲਿਖਦੇ ਹਨ ਕਿ 'ਪੀਰੀਅਡ' ਸਮੇਂ ਇਸਤਰੀ ਅਸ਼ੁਧ ਹੁੰਦੀ ਹੈ। ਗੁਰਮਤਿ ਇਹੋ ਜਿਹੀ ਅਸ਼ੁਧਤਾ ਨਹੀਂ ਮੰਨਦੀ। ਜੇ ਇਸਤਰੀ ਫੈਕਟਰੀ, ਦੁਕਾਨ, ਦਫ਼ਤਰ, ਸਕੂਲ ਅਤੇ ਹਸਪਤਾਲ ਆਦਿਕ ਵਿਚ ਕੰਮ ਆ ਸਕਦੀ ਹੈ, ਘਰ ਦਾ ਸਾਰਾ ਕੰਮ ਕਰ ਸਕਦੀ ਹੈ ਅਤੇ ਉਸਦੀ ਪਕਾਈ ਹੋਈ ਰੋਟੀ ਵੀ ਸਾਰੇ ਖਾਂਦੇ ਹਨ, ਗੁਰਬਾਣੀ ਨਿਤਨੇਮ ਵੀ ਕਰ ਸਕਦੀ ਹੈ ਤਾਂ ਸ੍ਰੀ ਗੁਰੂ ਗ੍ਰੰਥ ਜੀ ਦਾ ਪਾਠ ਕਿਉਂ ਨਹੀਂ ਕਰ ਸਕਦੀ? ਪੰਜਾਂ ਪਿਆਰਿਆਂ ਵਿਚ ਸ਼ਾਮਿਲ ਕਿਉਂ ਨਹੀਂ ਹੋ ਸਕਦੀ? ਸਿਰਫ਼ ਲੋੜੀਂਦੀ ਸਾਵਧਾਨਤਾ ਦੀ ਜ਼ਰੂਰਤ ਹੈ।

ਇਕ ਦੂਜੇ ਪਾਠਕ ਲਿਖਦੇ ਹਨ ਕਿ ਤਿੰਨ ਸੌ ਸਾਲ ਵਿਚ ਐਸੀ ਕੋਈ ਮਿਸਾਲ ਨਹੀਂ ਵਾਪਰੀ। ਇਸ ਦਾ ਭਾਵ ਇਹ ਨਹੀਂ ਕਿ ਇਹ ਮਿਸਾਲ ਹੁਣ ਵੀ ਸਾਹਮਣੇ ਨਾ ਆਵੇ। ਇੰਡੀਆਂ ਵਿਚ ਐਸਾ ਹੋ ਰਿਹਾ ਹੈ। ੧੯੮੪ ਤੋਂ ਮੇਰੇ ਦੇਖਣ ਵਿਚ ਅੰਮ੍ਰਿਤ-ਸੰਚਾਰ ਦੀਆਂ ਐਸੀਆਂ ਫੋਟੋਆਂ ਵੀ ਆ ਰਹੀਆਂ ਹਨ, ਜਿਨ੍ਹਾਂ ਵਿੱਚ ਬੀਬੀਆਂ ਵੀ ਪੰਜ ਪਿਆਰਿਆਂ ਵਿਚ ਸ਼ਾਮਲ ਹੁੰਦੀਆਂ ਹਨ। ਜੇ ਮਰਦ ਨਾ ਵੀ ਚਾਹੁਣ ਤਾਂ ਵੀ ਇਸਤ੍ਰੀਆਂ ਸਿਖ ਭਾਈਚਾਰੇ ਵਿਚ ਆਪਣੀ ਅਸਲੀ ਥਾਂ ਬਨਾਉਣ ਲਈ ਸੰਘਰਸ਼ ਕਰਕੇ ਸਫ਼ਲਤਾ ਪ੍ਰਾਪਤ ਕਰ ਲੈਣਗੀਆਂ। ੧੮੪੫ ਤੋਂ ਪਿੱਛੋਂ ਕਦੀ ਉਹ ਸਮਾਂ ਵੀ ਆਇਆ ਸੀ ਕਿ ਇਸਤਰੀਆਂ ਨੂੰ ਅੰਮ੍ਰਿਤ ਪਾਨ ਕਦੇ ਨਹੀਂ ਸੀ ਕਰਾਇਆ ਜਾਂਦਾ। ਪਿਛੋਂ ਇਸਤਰੀਆਂ ਨੂੰ ਕ੍ਰਿਪਾਨ ਦਾ ਅੰਮ੍ਰਿਤ

ਵੀ ਪਾਨ ਕਰਾਇਆ ਜਾਂਦਾ ਰਿਹਾ। ਕਿੱਥੇ ਹੈ ਅੱਜ ਉਹ ਸਮਾਂ? ਸਾਡੇ ਵਿਚ ਇਸਤਰੀਆਂ ਮਰਦਾਂ ਨਾਲੋਂ ਘੱਟ ਪਤਿਤ ਹਨ, ਫੇਰ ਵੀ, ਪਤਾ ਨਹੀਂ, ਮਰਦ ਕਿਉਂ ਬੜ੍ਹਕਾਂ ਮਾਰਦੇ ਹਨ?

ਯਾਦ ਰਹੇ, 'ਪਿਆਰਾ', 'ਪਿਆਰੇ', 'ਪਿਆਰੀ' ਜਾਂ 'ਪਿਆਰੀਆਂ' ਕਹਿਣ ਨਾਲ ਕੋਈ ਫਰਕ ਨਹੀਂ ਪੈਂਦਾ।

ਜੇ ਪਟਿਆਲੇ ਦੇ ਰਾਜਾ ਅਮਰ ਸਿੰਘ ਜੀ ਦੀ ਸਪੁੱਤਰੀ ਬੀਬੀ ਸਾਹਿਬ ਕੌਰ ਆਪਣੇ ਨਾਲਾਇਕ ਭਰਾ ਰਾਜਾ ਸਾਹਿਬ ਸਿੰਘ ਦੇ ਥਾਂ ਸੰਨ ੧੭੯੪ ਵਿਚ ਪਟਿਆਲਾ ਰਿਆਸਤ ਦੀਆਂ ਫੌਜਾਂ ਦੀ ਕਮਾਨ ਆਪਣੇ ਹੱਥ ਲੈ ਕੇ ਮਰਾਠਾ ਫ਼ੌਜਾਂ ਨੂੰ ਹਰਾ ਕੇ ਆਪਣੇ ਰਾਜ ਦੀਆਂ ਹੱਦਾਂ ਤੋਂ ਬਾਹਰ ਦੁੜਾ ਕੇ ਰਾਜ ਦਾ ਪ੍ਰਬੰਧ ਚੰਗੀ ਤਰ੍ਹਾਂ ਚਲਾ ਸਕਦੀ ਹੈ ਤਾਂ ਉਹ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੋਣ ਦੀ ਸੋਝੀ ਕਿਉਂ ਨਹੀਂ ਰੱਖ ਸਕਦੀ?

## ਲਾਈਏ ਤੋੜ ਨਿਭਾਈਏ

ਜੇ ਮਨ ਨੂੰ ਸਾਵਾਂ ਕਰਨਾ ਹੈ ਤਾਂ ਗੁਸਾ ਮਨ ਨ ਹੰਢਾਈਏ
ਜੇ ਖਾਲਕ ਨੂੰ ਖ਼ੁਣ ਕਰਨਾ ਹੈ ਤਾਂ ਸੇਵਾ ਖਲਕ ਕਮਾਈਏ
ਜੇ ਘਟ ਘਟ ਮੌਲਾ ਮੌਲਿਆ ਹੈ ਤਾਂ ਆਪਣਾ ਆਪ ਗਵਾਈਏ
ਜੇ ਮਨ ਨੂੰ ਵਸ ਵਿਚ ਕਰਨਾ ਹੈ ਤਾਂ ਵਾਹਿਗੁਰੂ ਨਾਮ ਧਿਆਈਏ
ਕੇਰਾਂ ਜਿਸਦੇ ਹੋ ਜਾਈਏ ਉਸਦੇ ਹੀ ਰਤਨ ਸਟਾਈਏ
ਨ ਲਾਈਏ ਤਾਂ ਨ ਲਾਈਏ ਜੇ ਲਾਈਏ ਤੋੜ ਨਿਭਾਈਏ

*(1937)*

# ਕੌਮਾਂ ਅੰਗ ਨਹੀਂ ਹੁੰਦੀਆਂ

ਆਰ. ਐਸ. ਐਸ. (ਜਨ ਸੰਘ) ਨੇ 'ਸਿੱਖ ਇਕ ਵੱਖਰੀ ਕੌਮ ਨਹੀਂ ਹਿੰਦੂ ਕੌਮ ਦਾ ਹੀ ਅੰਗ ਹਨ, ਵਿਸ਼ੇ ਤੇ ਹੱਥ ਪਰਚਾ ਛਾਪਿਆ ਹੈ। ਇਸ ਲੇਖ ਵਿਚ ਮੈਂ ਉਸ ਬਾਰੇ ਆਪਣਾ ਪ੍ਰਤੀਕਰਮ ਦਿੰਦਾ ਹਾਂ।

੧. ਅਸਲ ਵਿੱਚ ਤਾਂ ਸੰਸਾਰ ਵਿਚ ਇਕ ਹੀ ਸਮਾਜ ਹੈ। ਦਸ਼ਮੇਸ਼ ਪਿਤਾ ਜੀ ਨੇ ਵੀ 'ਅਕਾਲ ਉਸਤਤਿ' ਵਿਚ ਲਿਖਿਆ ਹੈ :

*"ਮਾਨਸ ਕੀ ਜਾਤਿ ਸਭੈ ਏਕੈ ਪਹਚਨਾਬੋ"*

ਪਰ ਅਸੀਂ ਕਈ ਕਾਰਨਾਂ ਕਰਕੇ ਨਸਲਾਂ, ਕੌਮਾ, ਜਾਤਾਂ ਅਤੇ ਗੋਤਾਂ ਦੀਆਂ ਵੰਡੀਆਂ ਪਾਈਆਂ ਹੋਈਆਂ ਹਨ।

ਨਸਲਾਂ ਮੁੱਖ ਤੌਰ ਤੇ ਤਿੰਨ ਹਨ : ਗੋਰੀ, ਪੀਲੀ ਅਤੇ ਕਾਲੀ। ਜਾਪਾਨ ਤੋਂ ਲੈ ਕੇ ਬਰਮਾ ਤਾਈਂ ਪੂਰਬ ਅਤੇ ਦੱਖਣੀ ਪੂਰਬੀ ਏਸ਼ੀਆਂ ਵਿਚ ਪੀਲੀ ਨਸਲ ਹੈ। ਅਫਰੀਕਾ ਆਦਿਕ ਵਿਚ ਕਾਲੀ, ਬਾਕੀ ਦੇ ਏਸ਼ੀਆਂ ਜਾਂ ਯੂਰਪ ਵਿਚ ਗੋਰੀ। ਭੂਰੀ ਨਸਲ ਕੋਈ ਨਹੀਂ। ਹਜ਼ਾਰਾਂ ਸਾਲ ਗਰਮ ਦੇਸ਼ਾਂ ਵਿਚ ਰਹਿਣ ਨਾਲ ਹੀ ਗੋਰਾ ਰੰਗ ਭੂਰਾ ਬਣ ਗਿਆ ਹੈ। ਜੇ ਭਾਰਤ ਵਿਚ ਇੰਡੋ ਏਸ਼ੀਅਨਜ਼ ਹਨ ਤਾਂ ਬ੍ਰਿਟਨ ਵਿਚ ਐਂਗਲੋ-ਏਰੀਅਨਜ਼ ਹਨ।

ਜਿਥੋਂ ਤਾਈਂ ਕੌਮਾਂ ਦਾ ਸਬੰਧ ਹੈ ਕਈ ਵਾਰੀ ਇਕ ਕੌਮ ਇਕ ਤੋਂ ਵਧ ਦੇਸ਼ਾਂ ਵਿਚ ਵੀ ਪਾਈ ਜਾਂਦੀ ਹੈ। ਕਈ ਵਾਰ ਇਕ ਦੇਸ਼ ਵਿਚ ਇਕ ਤੋਂ ਵੱਧ ਕੌਮਾਂ ਹੁੰਦੀਆਂ ਹਨ। ਕਈ ਵਾਰੀ ਇਕ ਕੌਮ ਦੇ ਬੰਦੇ ਕਿਸੇ ਹੋਰ ਦੇਸ਼ ਵਿਚ ਜਾ ਵਸਦੇ ਹਨ ਅਤੇ ਕਾਨੂੰਨੀ ਤੌਰ ਤੇ ਉਸ ਨਵੇਂ ਦੇਸ਼ ਦੀ ਕੌਮ ਬਣ ਜਾਂਦੇ ਹਨ।

ਦੇਸ਼, ਕੌਮਾਂ, ਸਮਾਜ ਬਣਦੇ ਵੀ ਹਨ ਅਤੇ ਨਾਸ਼ ਵੀ ਹੁੰਦੇ ਹਨ।

'ਕੌਮ' ਸ਼ਬਦ ਦੀ ਕੋਈ ਸਾਫ, ਨਿਰਵਿਵਾਦ, ਕਲੀਅਰ-ਪਰੀਭਾਸ਼ਾ ਅਤੇ ਵਿਆਖਿਆ ਤਾਂ ਮਿਲਦੀ ਨਹੀਂ। ਗੁਰਬਾਣੀ ਵਿਚ ਤਾਂ ਪੰਜਾਂ ਵਿਕਾਰਾਂ ਨੂੰ ਵੱਡੀ ਕੌਮ ਕਿਹਾ ਗਿਆ ਹੈ :

ਜਿਨਿ ਮਿਲਿ ਮਾਰੇ ਪੰਚੁ ਸੂਰਬੀਰ ਐਸੋ ਕੌਣ ਬਲੀ ਰੇ? ........
ਵਡੀ ਕੌਮ ਵਸਿ ਭਾਗਹਿ ਨਾਹੀ ਮੁਹਕਮ ਫਾਉਜ ਹਠਲੀ ਰੇ।

ਪਰ ਕਰੀਏ ਗਲ ਦੁਨੀਆਂ ਦੀ। ਦਸ਼ਮੇਸ਼ ਜੀ ਨੇ 'ਜਫ਼ਰ-ਨਾਮਾ' ਵਿਚ ਬਰਾੜ ਗੋਤ ਜੱਟਾਂ ਨੂੰ ਵੀ 'ਕੌਮ' ਕਿਹਾ ਹੈ।

ਅੱਜ ਜੱਟ ਕੌਮ ਹੈ। ਰਾਮਗੜ੍ਹੀਆਂ ਕੌਮ ਹੈ। ਗੁਜਰ ਕੌਮ ਹੈ। ਇੱਟ ਚੁਕੋ,

ਕੌਮ। ਕੌਮਾਂ ਦਾ ਅੰਤ ਨਹੀਂ।

"ਬਚਿਤ੍ਰ ਨਾਟਕ" ਅਨੁਸਾਰ ਦਸ਼ਮੇਸ਼ ਜੀ ਨੂੰ 'ਪੰਥ ਪ੍ਰਚੁਰ ਕਰਬੇ ਕਉ ਸਾਜਾ' ਕਿਹਾ ਗਿਆ ਸੀ। ਸੋ ਸਿੱਖ ਧਰਮ ਹੈ। ਹਿੰਦੂ ਧਰਮ ਹੈ। ਇਸਲਾਮ ਧਰਮ ਹੈ। ਸੋ ਜੇ ਹਿੰਦੂ ਕੌਮ ਹੈ, ਇਸਲਾਮ ਕੌਮ ਹੈ ਤਾਂ ਸਿੱਖ ਵੀ ਕੌਮ ਹੈ।

ਰਾਜ ਭਾਗ ਹਾਸਿਲ ਕਰ ਕੇ ਸਿੱਖ ਕੌਮ ਬਣੀ।

ਬ੍ਰਿਟਿਸ਼ ਰਾਜ ਸਮੇਂ ਕਾਨੂੰਨੀ ਤੌਰ ਤੇ ਭਾਰਤੀ ਬ੍ਰਿਟਿਸ਼ ਕੌਮ ਬਣਾਏ ਗਏ ਪਰ ਜ਼ਬਾਨੀ ਕਲਾਮੀ ਹਿੰਦੂ, ਮੁਸਲਮਾਨ ਅਤੇ ਸਿੱਖ ਰਹੇ। ਭਾਰਤ ਛੱਡਣ ਸਮੇਂ ਅੰਗਰੇਜ਼ ਸਿੱਖਾਂ ਲਈ ਇਕ ਵਖ ਦੇਸ਼ ਤਰਾਸ਼ਕੇ ਉਹਨਾਂ ਨੂੰ ਕਾਨੂੰਨੀ ਤੌਰ ਤੇ ਸਿੱਖ ਕੌਮ ਬਨਣ ਦਾ ਸਮਾਂ ਦਿੰਦੇ ਸਨ ਪਰ ਸਿੱਖ ਨਾ ਮੰਨੇ। ਇਸ ਸਮੇਂ ਪਾਕਿਸਤਾਨ ਦੇ ਮੁਸਲਮਾਨ ਹਿੰਦੂ, ਸਿੱਖ ਅਤੇ ਈਸਾਈ ਪਾਕਿਸਤਾਨੀ ਹਨ ਕਾਨੂੰਨੀ ਤੌਰ ਤੇ। ਬੰਗਲਾ ਦੇਸ਼ ਦੇ ਬੰਗਲਾ ਦੇਸ਼ੀ। ਏਸੇ ਤਰ੍ਹਾਂ ਭਾਰਤ ਦੇ ਭਾਰਤੀ।

ਗਲ ਚਲਦੀ ਹੈ ਹਿੰਦੂਆਂ ਸਿੱਖਾਂ ਦੀ। ਅਜ ਸ਼ਖਸ਼ੀ ਰਾਜ ਦਾ ਸਮਾਂ ਨਹੀਂ। ਲੋਕ ਰਾਜ ਅਤੇ ਉਹ ਵੀ ਧਰਮ ਨਿਰਪੇਖ ਹੀ ਚੰਗਾ ਹੈ। ਪਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਾਰੇ ਸ਼ਖਸ਼ੀ ਰਾਜਾਂ ਨਾਲੋਂ ਚੰਗਾ ਸੀ ਅਤੇ ਅਸਲੀ ਅਰਥਾਂ ਵਿਚ ਖਾਲਸਾ ਰਾਜ ਹੁੰਦਾ ਹੋਇਆ ਧਰਮ-ਨਿਰਪੇਖ ਵੀ ਸੀ। ਸੋ ਜੇ ਕਿਸੇ ਸਮੇਂ ਸਿੱਖ ਸਟੇਟ ਬਣ ਜਾਏ ਤਾਂ ਹੀ ਕਾਨੂੰਨੀ ਤੌਰ ਤੇ ਸਿੱਖ ਕੌਮ ਬਣ ਸਕਦੀ ਹੈ। ਨਹੀਂ ਤਾਂ ਜਿਵੇਂ ਹਿੰਦੂ ਧਰਮ ਹੈ, ਤਿਵੇਂ ਸਿੱਖ ਧਰਮ ਹੈ, ਜਿਵੇਂ ਹਿੰਦੂ ਸਮਾਜ ਹੈ, ਤਿਵੇਂ ਸਿੱਖ ਬਰਾਦਰੀ ਹੈ। ਪਰ ਜੇ ਹਿੰਦੂ ਕੌਮ ਹੈ ਤਾਂ ਸਿੱਖ ਵੀ ਕੌਮ ਹੈ।

ਹਿੰਦੂ ਗੁਰੂ ਨਾਨਕ ਨੂੰ ਹਿੰਦੂ ਸਮਝਦੇ ਸਨ। ਮੁਸਲਮਾਨ ਸਮਝਦੇ ਸਨ ਮੁਸਲਮਾਨ। ਪਰ ਸਨ ਉਹ ਨਿਰਮਲ ਪੰਥ ਦੇ ਸੰਚਾਲਕ 'ਨਿਰਮਲੇ', ਖਾਲਸਾ ਪੰਥ ਦੇ ਬਾਨੀ 'ਖਾਲਸਾ'। ਤਿਵੇਂ ਜੇ ਹਿੰਦੂ ਵੀਰ ਸਿੱਖਾਂ ਨੂੰ ਹਿੰਦੂ ਸਮਾਜ ਦਾ ਅੰਗ ਸਮਝਦੇ ਹਨ ਤਾਂ ਉਹਨਾਂ ਦਾ ਸਾਊਪੁਣਾ ਹੈ, ਧੰਨਵਾਦ ਹੈ। ਪਰ ਵਿਵਹਾਰ ਵਿਚ ਤਾਂ ਬੰਦਾ ਬਹਾਦਰ ਨੂੰ ਹਿੰਦੂ ਭਾਈ ਪਰਮਾਨੰਦ 'ਬੰਦਾ ਵੈਰਾਗੀ' ਹੀ ਲਿਖਦਾ ਹੈ। ਹਿੰਦੂ ਭਰਾ ਹੀ ਲਿਖਦਾ ਹੈ ਪਰ ਉਹ ਭੈੜਾ ਕੰਮ ਕਰਨ ਵਾਲੇ ਸਿੱਖ ਨੂੰ ਮੋਟੇ ਅੱਖਰਾਂ ਵਿਚ ਸਿੱਖ ਹੀ ਕਹਿੰਦਾ ਹੈ, ਉਸ ਨੂੰ ਤਾਂ ਹਿੰਦੂ ਨਹੀਂ ਆਖਿਆ ਜਾਂਦਾ। ਇਹ ਗਲ ਵਖਰੀ ਹੈ ਕਿ 'ਮੂਲ ਸ਼ੰਕਰ' ਬਣ ਜਾਂਦਾ ਹੈ 'ਸੁਆਮੀ ਦਇਆਨੰਦ ਸਰਸਵਤੀ'।

ਹੁਣ ਜਦ ਹਿੰਦੂ ਹਿੰਦੂ ਹੈ ਅਤੇ ਸਿੱਖ ਸਿਖ ਤਾਂ ਸਿੱਖਾਂ ਦੀ ਘਟ ਗਿਣਤੀ ਤਾਂ ਹੈ ਹੀ। ਕਹਿੰਦੇ ਹਨ ਸਿਰ ਮੁੰਨੇ ਜੋਗੀ ਅਤੇ ਪੀਸੀ ਹੋਈ ਦਵਾਈ ਦੀ ਪਹਿਚਾਣ ਔਖੀ ਹੈ। ਸੋ ਜੈਨੀ ਤਾਂ ਹਿੰਦੂਆਂ ਵਿਚ ਆਪਣੀ ਹੋਂਦ ਕਾਇਮ ਰੱਖ ਸਕਦੇ ਹਨ ਪਰ ਸਿੱਖ ਨਹੀਂ ਕਿਉਂਕਿ ਸਿੱਖਾਂ ਦੇ ਕੇਸਾਂ ਤੋਂ ਕਈ ਹਿੰਦੂ ਵੀਰ ਬਹੁਤ ਖਤਰਾ ਮਹਿਸੂਸ ਕਰਦੇ ਹਨ ਅਤੇ ਇਹੀ ਸੋਚਦੇ ਹਨ ਕਿ ਹਿੰਦੂ ਤੰਦੂਆ ਸਭ ਨੂੰ ਹੜੱਪ ਕਰ ਲਵੇ ਅਤੇ ਬਾਕੀ ਰਹਿ ਜਾਏ ਹਿੰਦੂ, ਹਿੰਦੀ, ਹਿੰਦੁਸਤਾਨ। ਇਸ ਡਰ ਨੂੰ ਪਹਿਲਾਂ ਹੀ ਅਨੁਭਵ ਕਰਕੇ ਭਾਈ ਕਾਹਨ ਸਿੰਘ ਨਾਭਾ ਨੇ ਸੰਨ ੧੮੯੭ ਦੇ

ਲਗਭਗ ਪੁਸਤਕ 'ਹਮ ਹਿੰਦੂ ਨਹੀਂ' ਹਿੰਦੀ ਵਿਚ ਲਿਖੀ ਸੀ, ਜਿਸਦਾ ਅਨੁਵਾਦ ਪੰਜਾਬੀ ਵਿਚ ਵੀ ਕੀਤਾ ਗਿਆ ਸੀ।

ਹਿੰਦੂ ਕਹਿੰਦੇ ਹਨ, ਸਿੱਖਾਂ ਨਾਲ ਵਿਤਕਰਾ ਨਹੀਂ ਹੋ ਰਿਹਾ। ਸਿੱਖ ਕਹਿੰਦੇ ਹਨ ਹੋ ਰਿਹਾ ਹੈ। ਪਰ ਲੋਕ ਰਾਜ ਵਿਚ ਤਾਂ ਵੋਟਾਂ ਦੇ ਜ਼ੋਰ ਤੇ ਵਿਤਕਰਾ ਹੋ ਜਾਣਾ ਸੰਭਵ ਹੈ। ਇਹ ਗਲ ਦੁਨੀਆਂ ਦਾ ਹਰੇਕ ਪਰਜਾਤੰਤਰ ਰਾਜ ਸਾਬਤ ਕਰ ਰਿਹਾ ਹੈ।

ਹੁਣ ਵੇਖੀਏ ਬਾਕੀ ਦੀਆਂ ਵਿਚਾਰਾਂ ਵਲ :

੨. ਗੁਰੂ ਨਾਨਕ ਦੇਵ ਜੀ ਨੇ ਦਸ ਸਾਲ ਦੀ ਉਮਰ ਵਿਚ ਜਨੇਊ ਪਾਉਣੋਂ ਨਾਂਹ ਕਰ ਦਿਤੀ ਸੀ। ਉਸ ਗੁਰੂ ਦੇ ਵਿਆਹ ਨਾਲ ਵੇਦੀ ਦੀ ਪ੍ਰੰਪਰਾ ਦਾ 'ਕੋਈ ਸਬੰਧ ਨਹੀਂ ਅਤੇ ਨਾ ਹੀ ਬਾਕੀ ਗੁਰੂਆਂ ਦੇ ਵਿਆਹ ਨਾਲ। ਇਹ ਸਿਰਫ ਵੇਦੀ-ਪ੍ਰੇਮੀਆਂ ਦੀ ਮਨੋ-ਕਲਪਣਾ ਹੈ।'

੩. ਆਸਾ ਦੀ ਵਾਰ ਦੀ ਬਾਹਰਵੀ ਪਉੜੀ ਨਾਲ ਲਾਏ ਗਏ ਦੂਜੇ ਸਲੋਕ ਵਿਚ ਗੁਰੂ ਨਾਨਕ ਜੀ 'ਪੜਿ ਪੁਸਤਕ ਸੰਧਿਆ ਬਾਦੰ' ਤੋਂ ਪਿਛੋਂ 'ਗਲਿ ਮਾਲਾ, ਤਿਲਕੁ ਲਿਲਾਟੰ' ਦਾ ਜ਼ਿਕਰ ਵੀ ਕਰਦੇ ਹਨ ਅਤੇ ਅੱਗੇ ਚੱਲ ਕੇ ਕਹਿੰਦੇ ਹਨ 'ਸਭਿ ਫੋਕਟ ਨਿਹਚਉ ਕਰਮੰ'। ਮਤਲਬ ਇਹ ਹੈ ਕਿ ਗੁਰੂ ਜੀ ਜਿਹਨਾਂ ਕੰਮਾਂ ਨੂੰ ਨਿਸਚਤ ਤੌਰ ਤੇ ਥੋਥੇ ਗਿਣਦੇ ਹਨ, ਉਹਨਾਂ ਵਿਚ ਤਿਲਕ ਲਾਉਣਾ ਵੀ ਹੈ।

ਇਸੇ ਤਰ੍ਹਾਂ ਆਸਾ ਦੀ ਵਾਰ ਦੀ ਸੋਲਵੀਂ ਪੌੜੀ ਨਾਲ ਲਾਏ ਗਏ ਪਹਿਲੇ ਸ਼ਲੋਕ ਵਿਚ ਗੁਰੂ ਨਾਨਕ ਜੀ 'ਧੋਤੀ, ਟਿਕਾ ਤੈ ਜਪਮਾਲੀ' ਦਾ ਵੀ ਜ਼ਿਕਰ ਕਰਦੇ ਹਨ, ਅਤੇ ਅੰਤ ਵਿਚ ਕਹਿੰਦੇ ਹਨ : 'ਛੋਡੀਲੇ ਪਾਖੰਡਾ'। ਇਸ ਦਾ ਭਾਵ ਹੈ ਕਿ ਗੁਰੂ ਜੀ ਜਿਹਨਾਂ ਪਾਖੰਡਾਂ ਨੂੰ ਛਡਣ ਦਾ ਉਪਦੇਸ਼ ਕਰਦੇ ਹਨ, ਉਹਨਾਂ ਵਿਚ ਟਿੱਕਾ ਤਿਲਕ ਵੀ ਹੈ।

ਸੋ ਜਿਸ ਤਿਲਕ ਨੂੰ ਗੁਰੂ ਨਾਨਕ ਦੇਵ ਜੀ ਫੋਕਟ ਅਤੇ ਪਾਖੰਡ ਕਹਿੰਦੇ ਹਨ, ਉਹ ਤਿਲਕ ਉਹ ਆਪਣੇ ਮੱਥੇ ਤੇ ਕਿਵੇਂ ਲਾ ਸਕਦੇ ਸਨ ਅਤੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇਣ ਸਮੇਂ ਉਹਨਾਂ ਦੇ ਮੱਥੇ ਤੇ ਤਿਲਕ ਕਿਵੇਂ ਲਾ ਸਕਦੇ ਸਨ? ਇਸ ਤਰਾਂ ਹੀ ਬਾਕੀ ਦੇ ਗੁਰੂ ਜੀ ਵੀ ਇਹ ਸਭ ਕੁਝ ਕਿਸ ਤਰਾਂ ਕਰ ਸਕਦੇ ਸਨ? ਸੋ ਸਾਰੇ ਗੁਰੂਆਂ ਦੇ ਗੁਰਗੱਦੀ ਤੇ ਬੈਠਨ ਸਮੇਂ ਤਿਲਕ ਲਾਉਣ ਅਤੇ ਨਾਰੀਅਲ ਭੇਟ ਕਰਨ ਵਾਲੀ ਗਲ ਮਨਘੜਤ ਹੈ। 'ਬਲਵੰਡ ਸੱਤੇ ਦੀ ਵਾਰ' ਦੀ ਪਹਿਲੀ ਪੌੜੀ ਵਿਚ ਭਾਵੇ ਬਲਵੰਡਾ ਜੀ ਲਿਖਦੇ ਹਨ :

*ਗੁਰਿ ਚੇਲੇ-ਰਹਿਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ*
*ਸਹਿ ਟਿਕਾ ਦਿਤੋਸੁ ਜੀਵਦੈ ॥੧॥ ਪੰਨਾ ੯੬੬*

ਪਰ 'ਦਿਤੋਸੁ ਕਿਰਿਆ ਵਲ ਧਿਆਨ ਦੇਣਾ ਚਾਹੀਦਾ ਹੈ। 'ਟਿਕਾ ਦਿਤੋਸੁ' ਹੈ, 'ਟਿਕਾ ਲਾਇਓਸੁ ਨਹੀਂ'। ਭਾਵ ਹੈ 'ਉਸ ਨੂੰ ਟਿਕਾ ਦਿੱਤਾ।' 'ਟਿੱਕਾ' ਜਾਂ 'ਤਿਲਕ' ਦਾ ਮਤਲਬ ਏਥੇ ਹੈ 'ਗੁਰੂ-ਪਦ, ਗੁਰਿਆਈ'। ਸਾਰੀ ਕੋਟੇਸ਼ਨ ਦਾ

ਭਾਵ ਇਹ ਹੈ :

"ਹੁਣ ਜਿਊਂਦਿਆਂ ਹੀ ਗੁਰੂ ਨਾਨਕ ਨੇ ਆਪਣੇ ਸਿੱਖ ਬਾਬਾ ਲਹਿਣਾ ਜੀ ਅੱਗੇ ਮੱਥਾ ਟੇਕਿਆ ਅਤੇ ਗੁਰਿਆਈ ਦੇ ਕੇ ਉਹਨਾਂ ਨੂੰ ਅੰਗਦ ਬਣਾ ਦਿੱਤਾ।"

ਇਸ ਦਾ ਇਹ ਭਾਵ ਵੀ ਨਹੀਂ ਕਿ ਗੁਰੂ ਜੀ ਕੋਈ ਪੁਰਾਤਨ ਰੀਤੀ ਇਸ ਲਈ ਹੀ ਨਹੀਂ ਸਨ ਕਰਦੇ ਕਿਉਂਕਿ ਉਹ ਹਿੰਦੂ ਰੀਤੀ ਸੀ। ਪਰਦੱਖਣਾ ਜਾਂ ਪਰਕਰਮਾ ਕਰਨੀ ਜਾਂ ਮੱਥਾ ਟੇਕਣਾ ਪਿਆਰ ਸਤਿਕਾਰ ਜ਼ਾਹਿਰ ਕਰਨ ਲਈ ਪੁਰਾਣੀ ਰੀਤੀ ਸੀ। ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਪਿਆਰੇ ਦੋਸਤ ਸੁਦਾਮਾ ਭਗਤ ਨਾਲ ਕੀਤਾ, ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ ਵੀ ਆਪਣੀ ਦਸਵੀਂ ਵਾਰ ਦੀ ਨੌਵੀਂ ਪਉੜੀ ਵਿਚ ਕੀਤਾ ਹੈ :

*ਦੂਰਹ ਦੇਖਿ ਡੰਡਉਤ ਕਰਿ ਛਡਿ ਸਿੰਘਾਸਣ ਹਰਿ ਜੀ ਆਏ ।।*
*ਪਹਿਲੋਂ ਦੇ ਪਰਦਖਣਾ ਪੈਰੀ ਪੈ ਕੈ ਲੈ ਗਲਿ ਲਾਏ ।।*

ਸੋ ਗੁਰਿਆਈ ਦੇਣ ਸਮੇਂ ਗੁਰੂ ਸਾਹਿਬਾਨ ਆਪ ਤੋਂ ਅਗਲੇ ਗੁਰੂ ਜੀ ਦੀ ਪਰਕਰਮਾ ਕਰਦੇ ਸਨ ਅਤੇ ਉਸਦੇ ਪੈਰੀਂ ਪੈਂਦੇ ਸਨ। ਨੜੇ-ਨਾਰੀਅਲ ਦੀਆਂ ਹੋਰ ਗੱਲਾਂ ਗਪੌੜੇ ਹਨ।

੪. ਠੀਕ ਹੈ, ਹਰਿਮੰਦਰ ਸਾਹਿਬ ਦੀ ਉਸਾਰੀ ਵਿਚ ਹਿੰਦੂ ਸਮਾਜ ਵਲੋਂ ਪੂਰਾ ਸਹਿਯੋਗ ਮਿਲਿਆ, ਸਗੋਂ ਕਈ ਮੁਸਲਮਾਨਾਂ ਵਲੋਂ ਵੀ। ਪਰ ਜਿਹੜੇ ਹਿੰਦੂ ਜਾਂ ਮੁਸਲਮਾਨ ਗੁਰੂ ਜੀ ਨਾਲ ਪੂਰਾ ਪ੍ਰੇਮ ਕਰਦੇ ਸਨ, ਉਹ ਗੁਰਸਿੱਖ ਬਣ ਗਏ।

੫. ਠੀਕ ਹੈ, 'ਹਰਿਮੰਦਰ', ਸਵਰਨ ਮੰਦਰ 'ਸੰਸਕ੍ਰਿਤ ਦੇ ਸ਼ਬਦ ਹਨ ਪਰ ਇਹ ਤਾਂ ਆਪਣੀ ਦਾਦੀ ਸੰਸਕ੍ਰਿਤ ਵਿਚੋਂ ਪੰਜਾਬੀ ਵਿਚ ਹੀ ਆਏ ਹੋਏ ਸਨ। ਬਲਕਿ ਜੇ ਇਹ ਵੀ ਕਹਿ ਲਈਏ ਕਿ ਸੰਸਕ੍ਰਿਤ ਉਸ ਸਮੇਂ ਦੀ ਪੰਜਾਬੀ ਹੀ ਸੀ ਤਾਂ ਕੋਈ ਅਤਿਕਥ਼ਨੀ ਨਹੀਂ। ਪੰਜਾਬੀ ਵਿਚ ਤਾਂ ਉਰਦੂ, ਅਰਬੀ, ਫਾਰਸੀ ਅਤੇ ਇੰਗਲਿਸ਼ ਦੇ ਸ਼ਬਦ ਵੀ ਹਨ। ਪਰ ਇਸਦਾ ਮਤਲਬ ਇਹ ਨਹੀਂ ਕਿ ਇਸਦਾ ਸੰਬੰਧ' ਮੁਸਲਮਾਨੀ ਜਾਂ ਈਸਾਈ ਪ੍ਰੰਪਰਾ ਨਾਲ ਹੈ।

੬. ਦਿੱਲੀ ਜਿਥੇ ਗੁਰਦੁਆਰਾ ਬੰਗਲਾ ਸਾਹਿਬ ਹੈ, ਇਸ ਥਾਂ ਪਹਿਲਾਂ ਅੰਬਰ ਦੇ ਰਾਜਾ ਮਿਰਜ਼ਾ ਜੈ ਸਿੰਘ ਦਾ ਵਸਾਇਆ ਹੋਇਆ ਪਿੰਡ ਜਯ ਸਿੰਘਪੁਰਾ ਸੀ। ਉਹ ਪਿੰਡ ਅੰਗਰੇਜ਼ਾਂ ਨੇ ਛਾਉਣੀ ਬਣਾਉਣ ਸਮੇਂ ਢਾਅ ਦਿੱਤਾ ਸੀ। ਏਸ ਹੀ ਏਰੀਏ ਵਿਚ ਜੈ ਸਿੰਘ ਦਾ ਮਹੱਲ ਸੀ, ਜਿਥੇ ਉਸਦੇ ਪਾਸ ਸੰਨ ੧੬੬੩-੬੪ ਵਿਚ ਗੁਰੂ ਹਰਿਕ੍ਰਿਸ਼ਨ ਜੀ ਠਹਿਰੇ ਸਨ। ਮਹੱਲ ਦੇ ਨੇੜੇ ਹੀ ਜੈ ਸਿੰਘ ਨੇ ਗੁਰੂ ਜੀ ਦੀ ਰਿਹਾਇਸ਼ ਲਈ ਬੰਗਲਾ ਬਨਵਾ ਦਿੱਤਾ, ਜਿਥੇ ਹੁਣ ਗੁਰਦੁਆਰਾ ਹੈ। ਜੈ ਸਿੰਘ ਨੇ ਗੁਰੂ ਜੀ ਲਈ ਬੰਗਲਾ ਆਪਣੇ ਆਪ ਨੂੰ ਇਕ ਗੁਰਸਿੱਖ ਸਮਝ ਕੇ ਬਣਾਇਆ ਸੀ। ਉਂਞ ਗੁਰੂ ਜੀ ਦੀ ਸੇਵਾ ਤਾਂ ਹਿੰਦੂ, ਮੁਸਲਮਾਨ, ਈਸਾਈ ਜਾਂ ਕੋਈ ਵੀ ਕਰ ਸਕਦਾ ਹੈ।

੭. ਠੀਕ ਹੈ, ਭਾਈ ਮਤੀਦਾਸ ਅਤੇ ਸਤੀਦਾਸ ਦੋਵੇਂ ਭਰਾ ਛਿੱਬਰ ਗੋਤ

ਦੇ ਬ੍ਰਾਹਮਣ ਸਨ ਪਰ ਉਹ ਗੁਰਸਿੱਖ ਸਨ। ਭਾਈ ਮਤੀ ਦਾਸ ਤਾਂ ਗੁਰੂ ਜੀ ਦਾ ਦੀਵਾਨ ਵੀ ਸੀ। ਹਿੰਦੂ ਮੁਸਲਮਾਨ ਆਦਿਕ ਕੋਈ ਵੀ ਸਿੱਖ ਬਣ ਸਕਦਾ ਹੈ। ਠੀਕ ਹੈ, ਦੋਹਾਂ ਭਾਈਆਂ ਨੇ ਬਲਕਿ ਭਾਈ ਦਿਆਲ ਦਾਸ ਜੀ ਨੇ ਭੀ ਗੁਰੂ ਤੇਗ ਬਹਾਦਰ ਤੋਂ ਪਹਿਲਾਂ ਬਲੀਦਾਨ ਦਿਤਾ ਕਿਉਂਕਿ ਹਕੂਮਤ ਇਸ ਤਰ੍ਹਾਂ ਚਾਹੁੰਦੀ ਸੀ।

੮. ਜਦ ਅੰਗਰੇਜ਼ਾਂ ਨੇ ਸੰਨ ੧੮੪੯ ਵਿਚ ਪੰਜਾਬ ਤੇ ਨਾਜਾਇਜ਼ ਕਬਜ਼ਾ ਜਮਾ ਲਿਆ ਤਾਂ ਸਿੱਖਾਂ ਦੇ ਦਿਲਾਂ ਵਿਚ ਹੋਰ ਪੰਜਾਬੀਆਂ ਨਾਲੋਂ ਜ਼ਿਆਦਾ ਨਫਰਤ ਸੀ ਅੰਗਰੇਜ਼ਾਂ ਵਿਰੁਧ। ਇੰਡੀਆਂ ਔਫਿਸ ਨੇ ਸਿੱਖਾਂ ਨੂੰ ਸਮਝਣ ਲਈ ਇਕ ਜਰਮਨੀ ਮਿਸ਼ਨਰੀ ਡਾਕਟਰ ਅਰਨੈਸਟ ਟਰੰਪ ਜੋ ਸੰਨ ੧੮੭੦-੭੨ ਤਾਈਂ ਪੰਜਾਬ ਰਿਹਾ, ਨੂੰ ਗੁਰੂ ਗਰੰਥ ਸਾਹਿਬ ਦਾ ਇੰਗਲਿਸ਼ ਅਨੁਵਾਦ ਕਰਨ ਲਾਇਆ। ਨਿਰਮਲੇ ਵਿਦਵਾਨ ਸੰਤ ਆਤਮਾ ਸਿੰਘ ਨੇ ਉਸਦੀ ਕਾਫੀ ਮਦਦ ਕੀਤੀ। ਇਹ ਅਨੁਵਾਦ ਸੰਪੂਰਨ ਨਹੀਂ ਸੀ। ਸ੍ਰੀ ਰਾਗ, ਮਾਝ ਰਾਗ, ਕੁਝ ਚੋਣਵੀਂ ਬਾਣੀ ਅਤੇ ਭਗਤ ਬਾਣੀ ਦਾ ਹੀ ਉਲੱਥਾ ਸੀ। ਇਹ ਅਨੁਵਾਦ ੧੮੭੭ ਵਿਚ ਛਪਿਆ। ਟਰੰਪ ਨੂੰ ਸੋਝੀ ਸੀ ਨਾ ਸ਼ਰਧਾ। ਗੁਰਮਤਿ ਵਿਚਾਰਧਾਰਾ ਤੋਂ ਬਹੁਤ ਹੀ ਕੋਰਾ ਸੀ। ਉਸਨੇ ਬਾਣੀ ਦਾ ਉਲੱਥਾ ਲਫਜ਼ੀ ਜਿਹਾ ਊਟ ਪਟਾਂਗ ਹੀ ਕੀਤਾ ਹੈ।

ਜੇ ਟਰੰਪ ਜਾਂ ਕਿਸੇ ਹੋਰ ਟਰੰਪੀਏ ਲੇਖਕ ਨੇ ਗੁਰੂ ਨਾਨਕ ਜੀ ਵਲੋਂ ਆਪਣੇ ਪਿਤਾ ਬਾਬਾ ਕਲਿਆਣ ਚੰਦ ਜੀ ਵਲੋਂ ਸ਼ਰਾਧ ਕਰਾਉਣ ਦੀ ਗਲ ਲਿਖੀ ਹੈ ਤਾਂ ਉਹ ਸਰਾਸਰ ਗਲਤ ਹੈ। ਆਸਾ ਦੀ ਵਾਰ ਦੀ ਸਤਾਰਵੀਂ ਪਉੜੀ ਨਾਲ ਲੱਗੇ ਹੋਏ ਪਹਿਲੇ ਸ਼ਲੋਕ ਵਿਚ ਗੁਰੂ ਨਾਨਕ ਜੀ ਨੇ ਸ਼ਰਾਧਾਂ ਦੇ ਵਿਰੁਧ ਲਿਖਦੇ ਹੋਏ ਦਸਿਆ ਹੈ :

*ਨਾਨਕ ਅਗੈ ਜੋ ਮਿਲੈ ਜਿ ਖਟੇ, ਘਾਲੇ, ਦੇਇ ।।੧।।*

ਕਬੀਰ ਨੇ ਵੀ ਗਉੜੀ ਬੈਰਾਗਣਿ ਵਿਚ ਪੰਤਾਲੀਵੇ ਸ਼ਬਦ ਵਿਚ ਦੱਸਿਆ ਹੈ :

*ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ ।।*
*ਪਿਤਰ ਭੀ ਬਪੁਰਾ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ।।੧।।*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਤੋਂ ਬਿਨਾਂ ਹੋਰ ਭਗਤ ਆਦਿਕਾਂ ਦੀ ਵੀ ਬਾਣੀ ਚੜ੍ਹਾਈ ਗਈ ਹੈ, ਉਹ ਐਨ ਗੁਰਮਤ ਅਨੁਕੂਲ ਹੈ। ਹੋਰ ਭਗਤਾਂ ਦੀ ਬਾਣੀ ਵਾਂਗ ਕਬੀਰ ਜੀ ਦੀ ਬਾਣੀ ਵੀ ਗੁਰੂ ਨਾਨਕ ਜੀ ਆਪਣੀ ਪਹਿਲੀ ਪ੍ਰਚਾਰ ਫੇਰੀ ਵਿਚ ਹੀ ਕਾਂਸ਼ੀ ਤੋਂ ਲੈ ਕੇ ਆਏ ਸਨ।

ਸੈਦਪੁਰ, ਅਜੋਕੇ ਏਮਨਾਬਾਦ ਦੇ ਮਲਿਕ ਭਾਗੋ ਦੇ ਪਿਉ ਦੇ ਸ੍ਰਾਧ ਉਤੇ ਗੁਰੂ ਨਾਨਕ ਦੇ ਉਪਦੇਸ਼ ਦਾ ਪਤਾ ਸਿੱਖ-ਇਤਿਹਾਸ ਪ੍ਰੇਮੀਆਂ ਨੂੰ ਭਲੀ ਭਾਂਤ ਹੈ। ਅਕਤੂਬਰ ੧੫੦੭ ਦੀ ਗਲ ਹੈ।

ਏਸੇ ਤਰ੍ਹਾਂ ਹੀ ਹਰਿਦੁਆਰ ਸੰਨ ੧੫੦੮ ਦੀ ਵੈਸਾਖੀ ਦੇ ਪੁਰਬ ਸਮੇਂ

ਮਨੋ-ਕਲਪਿਤ ਪਿਤਰ-ਲੋਕ ਵਿਚ ਰਹਿੰਦੇ ਆਪਣੇ ਪਿਤਰਾਂ ਨੂੰ ਸੂਰਜ ਰਾਹੀਂ ਪਾਣੀ ਦੇਣ ਦੇ ਭਰਮ ਵਿਚ ਪਏ ਹੋਏ ਹਿੰਦੂਆਂ ਨੂੰ ਗੁਰੂ ਬਾਬੇ ਨੇ ਉਪਦੇਸ਼ ਦਿਤਾ, ਉਸਤੋਂ ਵੀ ਉਹ ਜਾਣੂ ਹਨ।

ਸੋ ਇਹੋ ਜਿਹੇ ਸਬੂਤਾਂ ਦੇ ਹੁੰਦਿਆਂ ਗੁਰੂ ਨਾਨਕ ਨੂੰ ਸ਼ਰਾਧ ਪ੍ਰੇਮੀ ਬਿਆਨ ਕਰਨਾ ਪਹਿਲੇ ਦਰਜੇ ਦੀ ਮੂਰਖਤਾ ਹੈ। ਜੇ ਕੋਈ ਸਿੱਖ ਵੀ ਸ਼ਰਾਧ ਪ੍ਰੇਮੀ ਹੈ ਤਾਂ ਉਹ ਵੀ 'ਬਿਪਰਨ ਦੀ ਰੀਤ' ਪਿੱਛੇ ਲਗਣ ਵਾਲਾ ਫਸਟ ਕਲਾਸ ਫੂਲ ਹੈ। ਸਿੱਖ ਧਰਮ ਦਾ ਇਹੋ ਜਿਹੇ ਵਹਿਮਾਂ ਅਤੇ ਝੂਠੀਆਂ ਸੁੱਚਾਂ ਉਪਰ ਕੋਈ ਵਿਸ਼ਵਾਸ ਨਹੀਂ।

੯. ਠੀਕ ਹੈ, ਗੁਰੂ ਗੋਬਿੰਦ ਸਿੰਘ ਨੇ ਪੰਜਾਂ ਸਿੰਘਾਂ ਨੂੰ ਸੰਸਕ੍ਰਿਤ ਪੜਣ ਲਈ ਕਾਂਸ਼ੀ ਭੇਜਿਆ। ਸੰਸਕ੍ਰਿਤ, ਹਿੰਦੀ, ਉਰਦੂ, ਫਾਰਸੀ ਅਤੇ ਅਰਬੀ ਭਾਸ਼ਾਵਾਂ ਜਾਨਣ ਨਾਲ ਗੁਰੂ ਗ੍ਰੰਥ ਜੀ ਨੂੰ ਪੜਣ ਅਤੇ ਸਮਝਣ ਵਿਚ ਬਹੁਤ ਹੀ ਮਦਦ ਮਿਲਦੀ ਹੈ। ਕਿਉਂਕਿ ਸ਼ਬਦਾਂ ਦੇ ਧਾਤੂਆਂ ਦਾ ਪਤਾ ਲੱਗ ਜਾਂਦਾ ਹੈ।

ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਿਚ ਵੀ ਲਿਖਿਆ ਹੋਇਆ ਹੈ :

*ਗੁਰਮੁਖੀ ਅੱਖਰ ਜੋ ਹੈਂ, ਭਾਈ !*
*ਸਿੰਘ ਸਿੰਘ ਤੇ ਸੀਖਹੁ ਜਾਈ ।।*
*ਔਰ ਜੋ ਵਿਦਿਆ ਜਹ ਤਹ ਹੋਈ।।*
*ਅਵਰਨ ਤੇ ਭੀ ਲੇਵਹੁ ਸੋਈ।।*

ਪਰ ਇਸ ਦਾ ਇਹ ਅਰਥ ਨਹੀਂ ਕਿ ਸੰਸਕ੍ਰਿਤ ਅਰਬੀ ਅਤੇ ਇੰਗਲਿਸ਼ ਪੜਣ ਵਾਲਾ ਬੰਦਾ ਹਿੰਦੂ, ਮੁਸਲਮਾਨ ਜਾਂ ਈਸਾਈ ਬਣ ਜਾਂਦਾ ਹੈ।

੧੦. ਠੀਕ ਹੈ, ਦਸ਼ਮੇਸ਼ ਜੀ ਨੇ ਆਪਣੀ ਬਾਣੀ ਅਧਿਕਤਰ ਬ੍ਰਿਜ ਭਾਸ਼ਾ ਵਿਚ ਲਿਖੀ, ਪਰ ਇਸਦਾ ਇਹ ਭਾਵ ਨਹੀਂ ਕਿ ਉਹ ਹਿੰਦੂ ਸਨ। ਜੇ 'ਜ਼ਫਰਨਾਮਾ' ਉਹਨਾਂ ਨੇ ਫਾਰਸੀ ਵਿਚ ਲਿਖਿਆ ਤਾਂ ਇਸਦਾ ਇਹ ਮਤਲਬ ਨਹੀਂ ਕਿ ਉਹ ਮੁਸਲਮਾਨ ਸਨ।

੧੧. ਠੀਕ ਹੈ, ਦਸ਼ਮੇਸ਼ ਜੀ ਨੇ ਦੋਵੇਂ ਚੰਡੀ ਚਰਿਤਰ ਅਤੇ ਭਗਾਉਤੀ ਦੀ ਵਾਰ ਲਿਖੀ ਹੈ। ਹਿੰਦੂਆਂ ਦੇ ਰਾਮ ਅਵਤਾਰ ਅਤੇ ਕ੍ਰਿਸ਼ਨ ਅਵਤਾਰ ਆਦਿਕ ਚੌਵੀ ਅਵਤਾਰਾਂ ਅਤੇ ਰੁਦਰ ਦੇ ਉਪ-ਅਵਤਾਰਾਂ ਦੇ ਹਾਲਾਤ ਲਿਖੇ ਹਨ। ਪਰ ਇਸ ਦਾ ਇਹ ਭਾਵ ਨਹੀਂ ਕਿ ਉਹ ਹਿੰਦੂ ਸਨ ਬਲਕਿ ਇਸ ਨਾਲ ਉਹਨਾਂ ਦਾ ਹਿੰਦੀ ਸਾਹਿਤ ਪ੍ਰੇਮ ਪ੍ਰਗਟ ਹੁੰਦਾ ਹੈ। ਹਾਂ, ਉਹਨਾਂ ਦੀ ਵਾਸਨਾ ਹਿੰਦੂ ਸਟੌਕ ਵਿਚੋਂ ਆਏ ਸਿੱਖਾਂ ਨੂੰ ਪੁਰਾਣੇ ਬਜ਼ੁਰਗਾਂ ਦਾ ਹਾਲ ਹਿੰਦੀ ਕਵਿਤਾ ਵਿਚ ਦਸ ਕੇ ਉਹਨਾਂ ਵਿਚ ਦੇਸ਼ ਪ੍ਰੇਮ ਅਤੇ ਧਰਮ ਯੁਧ ਦਾ ਚਾਅ ਭਰਨਾ ਵੀ ਸੀ। ਮਿਸਾਲ ਦੇ ਤੌਰ ਤੇ ਉਹ ਕ੍ਰਿਸ਼ਨ ਅਵਤਾਰ ਦੇ ਅੰਤ ਵਿਚ ਲਿਖਦੇ ਹਨ :

*ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ ।।*
*ਅਵਰ ਬਾਸਨਾ ਨਾਹਿ ਪ੍ਰਭ ! ਧਰਮ ਯੁਧ ਕੌ ਚਾਇ ।।੨੪੯੧।*

੧੨. ਸੰਸਾਰ ਨੂੰ ਖਾਲਸਾ ਪੰਥ ਦੀ ਬਹਾਦਰੀ ਦੀ ਲੋੜ ਸੀ, ਹੈ ਅਤੇ

ਰਹੇਗੀ। ਜਿਹਨਾਂ ਪੰਜਾਂ ਪਿਆਰਿਆਂ ਨੇ ਧਰਮ ਅਤੇ ਦੇਸ਼ ਲਈ ਆਪਣੇ ਆਪ ਨੂੰ ਪੇਸ਼ ਕੀਤਾ, ਉਹ ਸਿੱਖ ਸਨ। ਉਹਨਾਂ ਦੇ ਨਾਵਾਂ ਤੋਂ ਉਹਨਾਂ ਦੇ ਹਿੰਦੂ ਹੋਣ ਦਾ ਅੰਦਾਜ਼ਾ ਲਾਉਣਾ ਗਲਤੀ ਹੈ ਕਿਉਂਕਿ ਸੰਨ ੧੬੯੯ ਦੀ ਵਿਸਾਖੀ ਤੋਂ ਪਹਿਲਾਂ ਸਿੱਖਾਂ ਦੇ ਨਾਂ ਹਿੰਦੂਆਂ ਵਾਲੇ ਹੀ ਸਨ। ਇਸ ਦਾ ਭਾਵ ਇਹ ਹੈ ਕਿ ਸਿੱਖ ਉਸ ਵੇਲੇ ਸਾਰੇ ਭਾਰਤ ਵਿਚ ਸਨ। ਜਿਵੇਂ ਅੱਜ 'ਅਕਾਲ ਪੁਰਖ ਕੀ ਫਉਜ' ਸਾਰੇ ਸੰਸਾਰ ਵਿਚ ਪਸਰ ਰਹੀ ਹੈ।

ਸੰਤ ਇਬਰਾਹੀਮ ਵਰਗੇ ਸਿੱਖ ਵੀ ਸਨ ਜੋ ਪਹਿਲਾਂ ਮੁਸਲਮਾਨ ਸਨ।

ਹਾਂ, ਜਦੋਂ ਕੋਈ ਸਿੱਖ ਬਣ ਜਾਂਦਾ ਸੀ ਤਾਂ ਉਸਦੀ ਪਿਛਲੀ ਜਾਤ, ਗੋਤ, ਕੁਲ, ਕਰਮ ਸਭ ਨਾਸ਼ ਹੋ ਜਾਂਦੇ ਸਨ। ਉਹ ਕੇਵਲ ਸਿੱਖ ਬਣ ਜਾਂਦਾ ਸੀ।

੧੩. ਕਈ ਹਿੰਦੂ ਵੀਰ ਆਪਣੇ ਘਰ ਵਿਚੋਂ ਪਹਿਲੇ ਪੁਤ ਨੂੰ ਖਾਲਸਾ ਸਾਜਣ ਦੀ ਆਗਿਆ ਖੁਸ਼ੀ ਖੁਸ਼ੀ ਦਿੰਦੇ ਸਨ ਪਰ ਕਈ ਟਬਰ ਇਓਂ ਰੋਂਦੇ ਸਨ ਜਿਵੇਂ ਕਿ ਉਹਨਾਂ ਦਾ ਪੁਤ ਮਰ ਗਿਆ ਹੋਵੇ ਅਤੇ ਉਹ ਸਿੱਖ ਬਣੇ ਪੁਤ ਨੂੰ ਮਰ ਗਿਆ ਹੀ ਮੰਨ ਲੈਂਦੇ ਸਨ।

ਠੀਕ ਹੈ, ਅੱਜ ਵੀ ਕਈ ਹਿੰਦੂ ਪਰਿਵਾਰਾਂ ਵਿਚ ਇਹ ਟਰੈਡੀਸ਼ਨ ਵੇਖੀ ਜਾਂਦੀ ਹੈ, ਪਰ ਜ਼ਬਾਨੀ ਜਮ੍ਹਾਂ ਖਰਚ ਜ਼ਿਆਦਾ ਹੈ। ਇਕ ਵਾਰੀ ਪੰਡਿਤ ਮਦਨ ਮੋਹਨ ਮਾਲਵੀਆ ਨੇ ਕਹਿ ਦਿੱਤਾ, "ਜੇ ਹਰੇਕ ਹਿੰਦੂ ਪਰਿਵਾਰ ਵਿਚੋਂ ਇਕ ਇਕ ਹਿੰਦੂ ਨੌਜਵਾਨ ਵੀ ਸਿੱਖ ਬਣ ਜਾਵੇ ਤਾਂ ਇੰਡੀਆਂ ਝਟ ਆਜ਼ਾਦ ਹੋ ਸਕਦਾ ਹੈ।" ਸਿੱਖ ਜਗਤ ਅੱਜ ਤਕ ਵੀ ਉਹ ਗਲ ਯਾਦ ਕਰ ਕਰ ਆਪਣੇ ਆਪ ਵਿਚ ਫੂਲਿਆ ਨਹੀਂ ਸਮਾਉਂਦਾ। ਪਰ ਪੰਡਿਤ ਜੀ ਦੇ ਆਪਣੇ ਪਰਿਵਾਰ ਵਿਚੋਂ ਤਾਂ ਅੱਜ ਤਕ ਕੋਈ ਸਿੱਖ ਨਹੀਂ ਬਣਿਆ। ਲੀਡਰਾਂ ਦੀ 'ਜੇ' ਵੀ ਬੜੀ ਡੂੰਘੀ ਹੁੰਦੀ ਹੈ, ਉਸਦੀ ਥਾਹ ਨਹੀਂ ਪਾਈ ਜਾ ਸਕਦੀ।

ਮੱਲੋ ਮੱਲੀ ਤਾਂ ਕਿਸੇ ਨੂੰ ਸਿੱਖ ਨਹੀਂ ਬਣਾਇਆ ਜਾ ਸਕਦਾ। ਜਦੋਂ ਫੁੱਟਣ ਤੇ ਆਉਂਦੀ ਹੈ ਤਾਂ ਸਿੱਖੀ ਚਸ਼ਮੇ ਵਾਂਗ ਅੰਦਰੋਂ ਫੁਟਦੀ ਹੈ। ਕਈ ਲੋਕ ਹਿੰਦੂ ਜਾਂ ਸਿੱਖ ਬਣ ਰਹੇ ਹਨ। ਕਈ ਹਿੰਦੂਤਵ ਅਤੇ ਗੁਰਸਿੱਖੀ ਨੂੰ ਤਿਲਾਂਜਲੀ ਦੇ ਰਹੇ ਹਨ। ਖੈਰ, ਧਰਮ ਪ੍ਰਚਾਰ ਦਾ ਚੰਗਾ ਤਰੀਕਾ ਤਾਂ 'ਪ੍ਰੇਰਨਾ' ਹੀ ਹੈ 'ਜ਼ਬਰਦਸਤੀ' ਨਹੀਂ।

੧੪. ਠੀਕ ਹੈ ਗੁਰੂ ਗ੍ਰੰਥ ਜੀ ਵਿਚ ਵੇਦ, ਰਾਮ, ਕ੍ਰਿਸ਼ਨ ਅਤੇ ਕਈ ਹੋਰ ਦੇਵਤਿਆਂ ਦੀ ਮਹਿਮਾ ਹੈ ਪਰ ਸਿੱਖਾਂ ਨੂੰ ਵੇਦ ਪੂਜਾ ਦੀ ਆਗਿਆ ਨਹੀਂ ਅਤੇ ਨਾ ਹੀ ਕੁਰਾਨ ਪੂਜਾ ਦੀ । ਦੇਵਤੇ ਵੀ ਸਿੱਖ ਧਰਮ ਵਿਚ ਚੰਗੇ ਮਨੁਖਾਂ ਨੂੰ ਕਿਹਾ ਗਿਆ ਹੈ :

ਸਾਧ ਕਰਮ ਜੋ ਪੁਰਖ ਕਮਾਵੈਂ ।।<br>
ਨਾਮ ਦੇਵਤਾ ਜਗਤਿ ਕਹਾਵੈਂ ।।<br>
ਕੁਕ੍ਰਿਤ ਕਰਮ ਜੋ ਜਗ ਮੈ ਕਰਹੀ ।।

ਨਾਮ ਅਸੁਰ ਤਿਨ ਕੋ ਜਗ ਧਰਹੀ।। (ਬਚਿਤ੍ਰ ਨਾਟਕ)

ਗੁਰੂ ਨਾਨਕ ਜੀ 'ਸਲੋਕ ਵਾਰਾਂ ਤੋਂ ਵਧੀਕ' ਦੇ ਪੱਚੀਵੇਂ ਸਲੋਕ ਵਿਚ ਲਿਖਦੇ ਹਨ ਕਿ ਜਿਹੜਾ ਰਾਮ ਸੀਤਾ ਦੇ ਵਿਯੋਗ ਵਿਚ ਅਤੇ ਲਛਮਣ ਦੀ ਬੇਹੋਸ਼ੀ ਤੇ ਝੂਰਦਾ ਸੀ, ਉਸਨੂੰ ਹਨੂੰਮਾਨ ਵੀ ਸੰਯੋਗ ਨਾਲ ਹੀ ਮਿਲਿਆ ਸੀ ਜਦੋਂ ਕਿ ਉਸਨੇ ਹਨੂੰਮਾਨ ਨੂੰ ਯਾਦ ਕੀਤਾ ਸੀ। ਪਰ ਭੁਲਾ ਹੋਇਆ ਦੈਂਤ, ਰਾਵਣ ਇਹ ਨਹੀਂ ਸੀ ਸਮਝਦਾ ਕਿ ਇਹ ਸਾਰੇ ਕੰਮ ਵਾਹਿਗੁਰੂ ਨੇ ਹੀ ਕੀਤੇ ਸਨ। ਵਾਹਿਗੁਰੂ ਬੇਪਰਵਾਹ ਹੈ ਉਹ ਝੂਰਦਾ ਨਹੀਂ, ਪਰ ਰਾਮ ਵਾਹਿਗੁਰੂ ਨਹੀਂ। ਉਸਤੋਂ ਤਾਂ ਆਪਣੇ ਕਰਮਾਂ ਦਾ ਫਲ ਵੀ ਨਾ ਮਿਟਾਇਆ ਜਾ ਸਕਿਆ, ਭੋਗਣਾ ਹੀ ਪਿਆ :-

ਮਨ ਮਹਿ ਝੂਰੇ ਰਾਮਚੰਦ ਸੀਤਾ ਲਛਮਣ ਜੋਗੁ।।
ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ।।
ਭੂਲਾ ਦੈਤ ਨ ਸਮਝਈ, ਤਿਨਿ ਪ੍ਰਭ ਕੀਏ ਕਾਮ।।
ਨਾਨਕ ! ਵੇਪਰਵਾਹੁ ਸੋ, ਕਿਰਤ ਨ ਮਿਟਈ ਰਾਮ।।੨੬।।

ਕਬੀਰ ਜੀ ਕਹਿੰਦੇ ਹਨ ਕਿ ਰਾਮ-ਨਾਮ ਜਪਣ ਵਿਚ ਵੀ ਫਰਕ ਹੈ। ਇਸ ਵਿਚ ਵੀ ਸਮਝਣ ਵਾਲੀ ਗੱਲ ਹੈ। ਇਕ ਰਾਮ ਤਾਂ ਵਾਹਿਗੁਰੂ ਹੈ, ਜਿਸ ਨੂੰ ਸਾਰੇ ਜਪਦੇ ਹਨ, ਇਕ ਰਾਮ ਦਸ਼ਰਥ ਰਾਜੇ ਦਾ ਪੁੱਤ ਹੈ, ਜਿਸ ਦੀਆਂ ਰਾਸਾਂ ਰਾਸਧਾਰੀਏ ਪਾਉਂਦੇ ਹਨ :

ਕਬੀਰ ! ਰਾਮ ਕਹਨ ਮਹਿ ਭੇਦੁ ਹੈ, ਤਾਂ ਮਹਿ ਏਕੁ ਬਿਚਾਰੁ।।
ਸੋਈ ਰਾਮੁ ਸਭੈ ਕਹਹਿ, ਸੋਈ ਕਉਤਕਹਾਰ।।੧੯੦।।
ਕਬੀਰ ! ਰਾਮੈ ਰਾਮ ਕਹੁ, ਕਹਿਬੇ ਮਾਹਿ ਬਿਬੇਕ।।
ਏਕੁ ਅਨੇਕਹਿ ਮਿਲਿ ਗਇਆ, ਏਕ ਸਮਾਨਾ ਏਕ ।।੧੯੧।। ਪੰਨਾ ੧੩੭੪

ਦਸਮੇਸ਼ ਜੀ 'ਬਚਿਤ੍ਰ ਨਾਟਕ' ਵਿਚ ਦੱਸਦੇ ਹਨ :-

ਜਿਤੇ ਰਾਮ ਸੇ ਕ੍ਰਿਸ਼ਨ ਹੁਇ ਬਿਸਨ ਆਏ।।
ਤ੍ਰਿਤਿਯੋ ਕਾਲ ਖਾਪਿਓ, ਮਨ ਤੇ ਕਾਲ ਘਾਏ।।੨੮।।
ਜਿਤੇ ਰਾਮ ਹੁਏ ਸਭੈ ਅੰਤਿ ਮੁਏ ।।
ਜਿਤੇ ਕ੍ਰਿਸ਼ਨ ਹ੍ਵੈ ਹੈ।। ਸਭੈ ਅੰਤਿ ਜੈ ਹੈ।।੭੦।।

ਆਪ 'ਅਕਾਲ ਉਸਤਤਿ' ਵਿਚ ਫੁਰਮਾਂਦੇ ਹਨ :--

ਏਕ ਸਿਵ ਭਏ, ਏਕ ਗਏ,
ਏਕ ਫੇਰਿ, ਭਏ, ਰਾਮਚੰਦ, ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।।
ਬ੍ਰਹਮਾ ਅਰੁ ਬਿਸਨ ਕੇਤੇ, ਬੇਦ ਔ ਪੁਰਾਨ ਕੇਤੇ,
ਸਿੰਮ੍ਰਿਤ ਸਮੂਹਨ ਕੈ ਹੁਇ ਹੁਇ ਬਿਤਏ ਹੈਂ।।
ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ, ਅੰਸਾ-ਅਵਤਾਰ ਕੇਤੇ, ਕਾਲ ਬਸ ਭਏ ਹੈਂ।।
ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,

ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ।।੭।।

ਆਪ 'ਕ੍ਰਿਸ਼ਨਾਵਤਾਰ' ਵਿਚ ਸਾਫ ਤੌਰ ਤੇ ਆਪਣੇ ਬਾਰੇ ਦੱਸਦੇ ਹਨ ਕਿ ਮੈਂ ਵਾਹਿਗੁਰੂ ਬਿਨਾਂ ਕਿਸੇ ਨੂੰ ਨਹੀਂ ਧਿਆਉਂਦਾ, ਕਿਸੇ ਨੂੰ ਅੱਖਾਂ ਥੱਲੇ, ਨਜ਼ਰ ਥੱਲੇ ਨਹੀਂ ਲਿਆਉਂਦਾ :-

ਮੈ ਨ ਗ਼ਨੇਸਹਿ ਪ੍ਰਿਥਮ ਮਨਾਊਂ।।
ਕਿਸਨ ਬਿਸਨ ਕਬਹੂੰ ਨਹਿ ਧਿਆਊਂ।।
ਕਾਨ ਸੁਨੇ, ਪਹਿਚਾਨ ਨ ਤਿਨ ਸੋਂ।।
ਲਿਵ ਲਾਗੀ ਮੋਰੀ ਪਗ ਇਨ ਸੋਂ।।

ਏਸੇ ਤਰ੍ਹਾਂ ਆਪ 'ਰਾਮਾਵਤਾਰ' ਦੇ ਅੰਤ ਵਿਚ ਵਾਹਿਗੁਰੂ ਅੱਗੇ ਇਹ ਅਰਦਾਸ ਕਰਦੇ ਹਨ :-

ਪਾਂਹਿ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਖ ਤਰੈ ਨਹੀ ਆਨਯੋ।।
ਰਾਮ ਰਹੀਮ, ਪੁਰਾਨ ਕੁਰਾਨ,
ਅਨੇਕ ਕਹੈਂ ਮਤ, ਏਕ ਨ ਮਾਨਯੋ।।
ਸਿੰਮ੍ਰਿਤ ਸਾਸਤ੍ਰ ਬੇਦ ਸਭੈ,
ਬਹੁ ਭੇਦ ਕਹੈਂ, ਹਮ ਏਕ ਨਾ ਜਾਨਯੋ।।

ਦਸ਼ਮੇਸ਼ ਜੀ ਨੇ ਆਪਣੇ ਆਪ ਨੂੰ ਵੀ ਕੀੜਾ ਆਖਿਆ ਹੈ : 'ਅਕਾਲ ਪੁਰਖ ਵਾਚ ਇਸ ਕੀਟ ਪ੍ਰਤਿ।' ਏਸੇ ਤਰ੍ਹਾਂ ਵਾਹਿਗੁਰੂ ਦੇ ਮੁਕਾਬਲੇ ਵਿਚ ਕ੍ਰਿਸ਼ਨ ਜੀ ਨੂੰ ਵੀ ਕੀੜਾ ਹੀ ਆਖਿਆ ਹੈ : 'ਕਿਤੇ ਕ੍ਰਿਸ਼ਨ ਸੇ ਕੀਟ ਕੋਟੈਂ ਉਪਾਏ।'

੧੫. ਠੀਕ ਹੈ, ਗੁਰੂ ਗ੍ਰੰਥ ਜੀ ਵਿਚ ਸ਼ਾਸਤਰੀ ਸੰਗੀਤ ਅਨੁਸਾਰ ਰਾਗ ਵਰਤੇ ਗਏ ਹਨ ਪਰ ਇਸ ਗੱਲ ਦਾ ਸੰਬੰਧ ਨਿਰਾ ਹਿੰਦੂ ਪਰੰਪਰਾ ਨਾਲ ਕਿਵੇਂ ਮਿਥਿਆ ਜਾ ਸਕਦਾ ਹੈ? ਆਖਰ ਤਾਂ ਭਾਰਤ ਵਿਚ ਪ੍ਰਚਲਿਤ ਸੰਗੀਤ ਹੀ ਵਰਤਣਾ ਸੀ। ਭਾਰਤੀ ਸੰਗੀਤ ਵਰਤਣ ਨਾਲ ਕੋਈ ਜ਼ਰੂਰੀ ਤੌਰ ਤੇ ਹਿੰਦੂ ਤਾਂ ਨਹੀਂ ਮੰਨਿਆ ਜਾ ਸਕਦਾ। ਸ਼ੇਖ ਫਰੀਦ ਜੀ ਨੇ ਵੀ ਭਾਰਤੀ ਸੰਗੀਤ ਵਰਤਿਆ ਹੈ। ਕੀ ਉਹ ਹਿੰਦੂ ਸਨ ? ਨਹੀਂ, ਬਾਬਾ।

੧੬. 'ਸਲੋਕ ਮਹਲਾ ੯' ਦੇ ਪਚਵੰਜਵੇਂ ਦੋਹਿਰੇ ਵਿਚ 'ਟੇਕ ਏਕ ਰਘੁਨਾਥ' ਵਿਚ ਰਘਨਾਥ ਦਾ ਅਰਥ 'ਰਘੂ ਕੁੱਲ ਦਾ ਰਾਜਾ, ਭਾਵ ਰਾਮਚੰਦਰ' ਨਹੀਂ ਬਲਕਿ 'ਵਾਹਿਗੁਰੂ' ਹੈ। ਅੰਕ ੧੪ ਵਿਚ ਦੱਸੇ ਅਨੁਸਾਰ ਸਤਿਗੁਰਾਂ ਨੇ ਹਰਿ, ਗੋਪਾਲ, ਗੋਬਿੰਦ, ਰਾਮ, ਮਾਧਵ ਆਦਿਕ ਸ਼ਬਦ 'ਵਾਹਿਗੁਰੂ' ਦੇ ਅਰਥ ਵਿਚ ਵਰਤੇ ਹਨ। ਇਸੇ ਤਰ੍ਹਾਂ ਹੀ 'ਰਘਨਾਥ' ਵਰਤਿਆ ਹੈ।

੧੭. ਦਸ਼ਮੇਸ਼ ਜੀ ਨੇ 'ਬਚਿਤ੍ਰ ਨਾਟਕ' ਵਿਚ 'ਮਹਾ ਕਾਲ ਕਾਲਕਾ ਆਰਾਧੀ' ਵਰਤਿਆ ਹੈ। ਓਥੇ ਵੀ 'ਮਹਾਕਾਲ' ਅਤੇ 'ਕਾਲਕਾ' ਵਾਹਿਗੁਰੂ ਲਈ ਹੀ ਵਰਤੇ ਹਨ। 'ਕਾਲਕਾ' ਸ਼ਬਦ 'ਕਾਲੀ ਦੇਵੀ' ਲਈ ਨਹੀਂ ਵਰਤਿਆ ਗਿਆ।

ਵਾਹਿਗੁਰੂ ਲਿੰਗ-ਰਹਿਤ ਹੈ, ਉਸ ਲਈ ਪੁਲਿੰਗ ਜਾਂ ਇਸਤਰੀ ਲਿੰਗ, ਕੋਈ ਸ਼ਬਦ ਵੀ ਵਰਤਿਆ ਜਾ ਸਕਦਾ ਹੈ। ਸਤਿਗੁਰਾਂ ਨੇ ਜੇ ਵਾਹਿਗੁਰੂ ਲਈ 'ਪਿਤਾ' ਸ਼ਬਦ ਵਰਤਿਆ ਹੈ ਤਾਂ 'ਮਾਤਾ' ਵੀ ਵਰਤਿਆ ਹੈ।

ਦਸਮੇਸ਼ ਜੀ ਤਾਂ 'ਭਗਉਤੀ ਦੀ ਵਾਰ' ਵਿਚ ਵਾਹਿਗੁਰੂ ਨੂੰ ਸੰਬੋਧਨ ਕਰਦੇ ਹੋਏ ਅਰਜ਼ ਕਰਦੇ ਹਨ 'ਤੈ ਹੀ ਦੁਰਗਾ, ਸਾਜਿ ਕੈ ਦੈਤਾ ਦਾ ਨਾਸੁ ਕਰਾਇਆ।' ਇਸ ਦਾ ਭਾਵ ਇਹ ਹੈ ਕਿ ਦੁਰਗਾ ਜਾਂ ਕਾਲਕਾ 'ਵਾਹਿਗੁਰੂ' ਨਹੀਂ ਪਰ ਗੁਰੂ ਜੀ ਤਾਂ ਵਾਹਿਗੁਰੂ ਦੇ ਪੁਜਾਰੀ ਹਨ।

ਰਾਮਕਲੀ ਮਹਲਾ ੫ ਘਰ ੨ ਦੇ ਪੱਚੀਵੇਂ ਸ਼ਬਦ ਵਿਚ ਫੁਰਮਾਨ ਹੈ,

ਮਹਿਮਾ ਨ ਜਾਨਹਿ ਬੇਦ।। ਬ੍ਰਹਮੇ ਨਹੀ ਜਾਨਹਿ ਭੇਦ।।
ਅਵਤਾਰ ਨ ਜਾਨਹਿ ਅੰਤੁ।। ਪਰਮੇਸਰ ਪਾਰਬ੍ਰਹਮ ਬੇਅੰਤੁ।।੧।।
ਸੰਕਰਾ ਨਹੀ ਜਾਨਹਿ ਭੇਵ।। ਖੋਜਤ ਹਾਰੇ ਦੇਵ।।
ਦੇਵੀਆ ਨਹੀ ਜਾਨੈ ਮਰਮ।। ਸਭ ਊਪਰਿ ਅਲਖ ਪਾਰਬ੍ਰਹਮ।। ਪੰਨਾ ੮੯੪

ਦਸਮੇਸ਼ ਜੀ ਵੀ 'ਅਕਾਲ ਉਸਤਤਿ' ਦੇ ਅਰੰਭ ਵਿਚ ਵਾਹਿਗੁਰੂ ਦੀ ਸਿਫਤ ਕਰਦੇ ਹੋਏ ਫੁਰਮਾਂਦੇ ਹਨ :

ਅਨਹਦ ਰੂਪ, ਅਨਾਹਦ ਬਾਨੀ।।
ਚਰਨ-ਸਰਨ ਜਿਹ ਬਸਤ ਭਵਾਨੀ।।

ਸੋ ਇਹ ਮੰਨਣਾ ਕਿ ਦਸਵੇਂ ਪਿਤਾ ਜੀ ਨੇ ਕਾਲੀ ਦੇਵੀ ਦੀ ਅਰਾਧਨਾ ਕੀਤੀ, ਉਸ ਪਾਸੋਂ ਵਰਦਾਨ ਮੰਗਿਆ ਤਾਂ ਸ਼ਸ਼ਤ੍ਰ ਪ੍ਰਾਪਤ ਕੀਤੇ, ਦੇਵੀ-ਪੂਜਕਾਂ ਦੇ ਮਨ ਦੀ ਹੀ ਕਾਢ ਹੈ!

੧੮. ਨੈਣਾ ਦੇਵੀ ਦੇ ਮੰਦਿਰ ਵਿਚ ਯੱਗ ਕੋਈ ਨਹੀਂ ਸੀ ਕੀਤਾ ਗਿਆ। ਹਵਨ ਜ਼ਰੂਰ ਕੀਤਾ ਗਿਆ ਸੀ, ਜੋ ਪੰਡਿਤ ਕੇਸ਼ਵਦਾਸ ਨੇ ਕੀਤਾ ਸੀ। ਇਹ ਤਾਂਤ੍ਰੀ ਦਸਮੇਸ਼ ਦੇ ਹਜ਼ੂਰ ਹਵਨ ਨਾਲ ਦੁਰਗਾ ਸਿੱਧ ਕਰਨ ਦਾ ਦਾਅਵਾ ਕਰਦਾ ਸੀ। ਦੁਰਗਾ-ਪੂਜਾ' ਦੇ ਢੋਲ ਦਾ ਪੋਲ ਖੋਲ੍ਹਣ ਲਈ ਗੁਰੂ ਜੀ ਨੇ ਉਸ ਨੂੰ ਹਵਨ ਸਾਮਿਗਰੀ ਮੰਗਵਾ ਦਿਤੀ। ਦੇਵੀ ਪ੍ਰਗਟ ਨਾ ਹੋਈ। ਹੁੰਦੀ, ਤਾਂ ਪ੍ਰਗਟ ਹੁੰਦੀ, ਸੀ ਹੀ ਨਹੀਂ। ਵਾਹਿਗੁਰੂ ਦੇ ਨਿਯਮ ਅਨੁਸਾਰ ਦੇਹਾਂਤ ਪਿਛੋਂ ਕੋਈ ਵੀ ਹਸਤੀ ਆਪਣੇ ਪਹਿਲੇ ਸਰੀਰ ਵਿਚ ਪ੍ਰਗਟ ਨਹੀਂ ਹੋ ਸਕਦੀ, ਨਵਾਂ ਸਰੀਰ ਧਾਰ ਲਵੇ ਤਾਂ ਬੇਸ਼ਕ ਧਾਰ ਲਵੇ। ਕੇਸ਼ੋ ਦਾਸ ਨੇ ਢੰਗ ਨਾਲ ਕਿਹਾ ਕਿ ਸਾਹਿਬ ਅਜੀਤ ਸਿੰਘ ਦਾ ਬਲੀਦਾਨ ਦਿਤਾ ਜਾਵੇ, ਤਦ ਦੇਵੀ ਪ੍ਰਗਟ ਹੋਵੇਗੀ। ਗੁਰੂ ਜੀ ਨੇ ਉਤਰ ਦਿਤਾ, 'ਪੰਡਿਤ ਜੀ! ਤੁਹਾਡਾ ਹੀ ਬਲੀਦਾਨ ਦੇ ਦਿੰਦੇ ਹਾਂ!' ਪੰਡਿਤ ਡਰ ਗਿਆ ਤੇ ਇਸ਼ਨਾਨ ਕਰਨ ਦੇ ਬਹਾਨੇ ਨੈਣਾ ਦੇਵੀ ਦੀ ਚੋਟੀ ਦੇ ਐਨ ਥੱਲੇ ਵਗਦੀ ਸਤਲੁਜ ਨਦੀ ਨੂੰ ਚਲਾ ਗਿਆ ਅਤੇ ਕਈ ਚਿਰ ਬਹੁੜਿਆ ਹੀ ਨਾ। ਗੁਰੂ ਜੀ ਨੇ ਬਾਕੀ ਬਚੀ ਸਾਰੀ ਸਮੱਗਰੀ ਇਕੱਠੀ ਹੀ ਅੱਗ ਵਿਚ ਪਾ ਦਿੱਤੀ। ਬੜੀਆਂ ਲਾਟਾਂ ਨਿਕਲੀਆਂ। ਗੁਰੂ ਜੀ ਨੇ ਤਲਵਾਰ ਸੂਤ ਕੇ ਹਵਨ ਪ੍ਰੇਮੀ ਲੋਕਾਂ ਦੀ ਭੀੜ

ਨੂੰ ਸੰਬੋਧਨ ਕੀਤਾ 'ਦੁਰਗਾ ਪੁਜਾਰੀਓ ! ਦੇਵੀ ਪ੍ਰਗਟ ਹੋਣ ਦੀਆਂ ਕਹਾਣੀਆਂ ਦਾ ਸਿਰ ਪੈਰ ਨਹੀਂ, ਤਲਵਾਰ ਨਾਲ, ਬਲ ਨਾਲ, ਵਾਹਿਗੁਰੂ ਦੀ ਕ੍ਰਿਪਾ ਨਾਲ ਹੀ ਸੰਤਾਂ ਨੂੰ ਉਭਾਰਨ ਲਈ ਦੁਸ਼ਟਾਂ ਦਾ ਮੂਲ ਉਪਾੜਿਆ ਜਾ ਸਕਦਾ ਹੈ। ਫਿਰ ਸ੍ਰੀ ਅਕਾਲ ਪੁਰਖ ਜੀ ਕੀ ਉਸਤਤਿ ਇਉਂ ਕੀਤੀ :-

ਖਗ ਖੰਡ ਬਿਹੰਡੰ ! ਖਲ-ਦਲ ਖੰਡੰ ! ਅਤਿ ਰਣ ਮੰਡੰ ਬਰਮੰਡੰ !
ਭੁਜ-ਦੰਡ ਅਖੰਡੰ ! ਤੇਜ ਪ੍ਰਚੰਡੰ ! ਜੋਤਿ ਅਮੰਡੰ ! ਭਾਨ-ਪ੍ਰਭੰ !
ਸੁਖ ਸੰਤਾਂ ਕਰਣੰ ! ਦੁਰਮਤਿ ਹਰਣੰ ! ਕਿਲਬਿਖ ਹਰਣੰ ! ਅਸ ਸਰਣੰ !
ਜੈ ! ਜੈ ! ਜਗ-ਕਾਰਣ ! ਸ੍ਰਿਸਟਿ ਉਬਾਰਣ ! ਮਮ ਪ੍ਰਤਿਪਾਰਣ ! ਜੈ ! ਤੇਗੰ ! ੨।।

ਹੁਣ ਤਾਂ ਖੋਜੀ ਇਤਿਹਾਸਕਾਰ ਨੈਣਾ ਦੇਵੀ ਵਾਲੀ ਸਾਰੀ ਵਾਰਤਾ ਨੂੰ ਦੇਵੀ ਪ੍ਰੇਮੀ ਪੰਡਤਾਂ ਅਤੇ ਮੂਰਖਾਂ ਵਲੋਂ ਚਲਾਈ ਗਈ ਮਨੋਕਲਪਿਤ ਗਾਥਾ ਹੀ ਸਮਝਦੇ ਹਨ ਅਤੇ ਦਸ਼ਮੇਸ਼ ਜੀ ਬਾਰੇ ਆਪਣੀਆਂ ਰਚੀਆਂ ਪੁਸਤਕਾਂ ਵਿਚ ਇਸਦਾ ਵਰਨਣ ਨਹੀਂ ਕਰਦੇ।

ਵਿਸਾਖੀ, ਸੰਨ ੧੬੯੯ ਨੂੰ ਖਾਲਸਾ ਸਾਜਣ ਪਿਛੋਂ ਜਦ ਗੁਰੂ ਲੰਗਰ ਵਰਤਿਆ ਤੇ ਪੰਡਿਤ ਕੇਸ਼ੋਦਾਸ ਨੂੰ ਕੋਈ ਮਾਨਤਾ ਨਾ ਦਿਤੀ ਅਤੇ ਉਸ ਨੂੰ ਖਾਲਸਾ ਜੀ ਬਾਰੇ ਦਸਿਆ ਗਿਆ ਕਿ 'ਦਾਨ ਦੀਓ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ' ਤਾਂ ਮਿਸਰ ਜੀ ਨੇ ਬੜਾ ਗੁੱਸਾ ਕੀਤਾ ਤੇ ਦੁਖੀ ਹੋਇਆ। ਇਸ ਬਾਰੇ ਗਰੰਥ ਪਾਤਸ਼ਾਹੀ ਦਸਵੀਂ ਵਿਚ ਲਿਖਿਆ ਹੈ :-

*ਚਟਪਟਾਇ ਚਿਤ ਮੈ ਜਰਯੋ ਤਿਣ ਜਯੋਂ ਕ੍ਰੋਧਿਤ ਹੋਇ।।*
*ਖੋਜ ਰੋਜ ਕੇ ਹੇਤ ਲਗਿ ਦਯੋ ਮਿਸ੍ਰ ਜੂ ਰੋਇ।।੪।।*

ਸੋ ਪੰਡਿਤ ਕੇਸ਼ੋਦਾਸ ਵਾਪਸ ਕਾਂਸ਼ੀ ਚਲਾ ਗਿਆ। ਇਹੋ ਕੇਸ਼ਵ ਦਾਸ ਸੀ, ਜਿਸ ਨੇ ਪਿਛੋਂ ਗੁਰੂ ਜੀ ਵਲੋਂ ਸੰਸਕ੍ਰਿਤ ਪੜ੍ਹਨ ਲਈ ਕਾਂਸ਼ੀ ਭੇਜੇ ਗਏ ਪੰਜ ਸਿੰਘਾਂ ਨੂੰ ਸੰਸਕ੍ਰਿਤ ਪੜਾਉਣੋਂ ਨਾਂਹ ਕਰ ਦਿੱਤੀ ਸੀ।

੧੯. ਰਹੀ ਗੱਲ ਅੰਮ੍ਰਿਤ ਛਕਣ ਪਿਛੋਂ ਹਰਿਕ ਸਿੱਖ ਦੇ ਨਾਉਂ ਪਿਛੇ 'ਸਿੰਘ' ਸ਼ਬਦ ਲਾਉਣ ਦੀ। ਹਿੰਦੂਆਂ ਵਿਚ ਸਿਰਫ ਕਸ਼ਤਰੀ ਰਾਜਪੂਤ ਹੀ ਆਪਣੇ ਨਾਉਂ ਨਾਲ 'ਸਿੰਹ' ਪਿਛੇਤਰ ਲਾ ਸਕਦੇ ਸਨ। 'ਗਰੰਥ ਪਾਤਸ਼ਾਹੀ ਦਸਵੀਂ ਵਿਚ' 'ਕ੍ਰਿਸ਼ਨਾਵਤਾਰ' ਵਿਚ ਖੜਗ ਸਿੰਘ ਨਾਮੀ ਇਕ ਯੋਧੇ ਦਾ ਨਾਉਂ ਆਉਂਦਾ ਹੈ, ਜਿਸ ਨੇ ਕਈ ਵਾਰੀ ਸ੍ਰੀ ਕ੍ਰਿਸ਼ਨ ਜੀ ਤੇ ਹੋਰ ਸੈਨਾਨੀਆਂ ਨੂੰ ਹਰਾਇਆ ਪਰ ਅੰਤ ਨੂੰ ਧੋਖੇ ਨਾਲ ਮਾਰਿਆ ਗਿਆ। ਗੁਰੂ ਜੀ ਨੇ ਵਾਧਾ ਕੀਤਾ ਕਿ ਕਿਸੇ ਦਾ ਸਿੱਖ ਬਣਨ ਤੋਂ ਪਹਿਲਾਂ ਪਿੱਛਾ ਭਾਵੇਂ ਕੋਈ ਹੋਵੇ, ਹਰਿੱਕ ਦੇ ਨਾਉਂ ਨਾਲ 'ਸਿੰਘ' ਪਿਛੇਤਰ ਲਾਇਆ ਜਾਏਗਾ। ਏਸੇ ਤਰਾਂ ਹਰਿੱਕ ਸਿੰਘਣੀ ਦੇ ਨਾਉਂ ਨਾਲ 'ਕੌਰਿ' ਪਿਛੇਤਰ ਲਾਇਆ ਗਿਆ। ਸਿੱਖ ਇਤਿਹਾਸ ਵਿਚ ਇਸ ਸ਼ਬਦ ਦੀ ਵਰਤੋਂ ਪਹਿਲਾਂ ਵੀ ਸੀ। ਮਿਸਾਲ ਦੇ ਤੌਰ ਤੇ ਗੁਰੂ ਅਮਰ ਦਾਸ ਦੇ ਮਹਲ ਮਾਤਾ ਰਾਮ ਕੌਰਿ ਜੀ ਸਨ, ਅਤੇ ਗੁਰੂ ਹਰਿ ਰਾਇ ਜੀ ਦੇ ਮਹੱਲ ਦਾ ਨਾਉਂ ਮਾਤਾ

ਕ੍ਰਿਸ਼ਨ ਕੌਰਿ ਸੀ। ਇਹ ਸ਼ਬਦ ਸੰਸਕ੍ਰਿਤ ਦੇ ਸ਼ਬਦ 'ਕੰਵਰਿ' ਤੋਂ ਹੈ, ਜਿਸ ਦਾ ਅਰਥ ਕੁਮਾਰੀ ਹੈ। ਕੁਮਾਰੀ ਤੋਂ ਹੀ ਪੰਜਾਬੀ ਦਾ 'ਕੁਆਰੀ' 'ਕਵਾਰੀ' ਜਾਂ 'ਕੰਵਾਰੀ' ਹੈ, ਜਿਸ ਦਾ ਭਾਵ ਹੈ 'ਅਣਵਿਆਹੀ ਕੁੜੀ'। ਅਜੋਕੇ ਸਮੇਂ 'ਕੌਰਿ' ਦੇ ਥਾਂ 'ਕੌਰ' ਲਿਖਣ ਦਾ ਰਿਵਾਜ ਚਲ ਪਿਆ ਹੈ, ਜੋ ਭਾਵੇਂ ਹੈ ਤਾ ਅਸ਼ੁੱਧ ਪਰ ਪ੍ਰਚਲਿਤ ਹੋਣ ਕਰਕੇ ਸ਼ੁੱਧ ਹੀ ਮੰਨਣਾ ਪੈਂਦਾ ਹੈ। ਜ਼ਬਾਨ-ਦਾਨੀ ਦਾ ਇਹ ਤਕਾਜ਼ਾ ਹੈ ਕਿ ਕਿਸੇ ਗਲਤੁਲ-ਆਮ ਲਫਜ਼ ਨੂੰ ਸਹੀ ਲਫਜ਼ ਮੰਨਿਆ ਜਾਵੇ।

੨੦, ਠੀਕ ਹੈ, ਦਸਮੇਸ਼ ਜੀ ਦਾ ਸੰਬੰਧ ਸਿਰਫ ਪੰਜਾਬ ਨਾਲ ਹੀ ਨਹੀਂ ਸੀ, ਸਗੋਂ ਸਾਰੇ ਭਾਰਤ ਨਾਲ ਸੀ। ਗੁਰੂ ਨਾਨਕ ਦਾ ਸੰਬੰਧ ਵੀ ਸਾਰੇ ਭਾਰਤ ਨਾਲ ਸੀ : 'ਹਿੰਦੁਸਤਾਨ ਸਮਾਲਸੀ ਬੋਲਾ।' ਸਿੱਖ ਗੁਰੂਆਂ ਦਾ ਸੰਬੰਧ ਤਾਂ ਸਾਰੇ ਸੰਸਾਰ ਨਾਲ ਸੀ। ਤੀਜੀ ਪਾਤਸ਼ਾਹੀ ਆਪਣੀ ਰਚੀ ਗਈ ਬਿਲਾਵਲ ਦੀ ਵਾਰ ਦੀ ਦਸਵੀਂ ਪਉੜੀ ਨਾਲ ਲਾਏ ਗਏ ਆਪਣੇ ਹੀ ਰਚੇ ਹੋਏ ਪਹਿਲੇ ਸਲੋਕ ਵਿਚ ਪ੍ਰਭੂ ਅੱਗੇ ਅਰਦਾਸ ਕਰਦੇ ਹਨ : 'ਜਗਤੁ ਜਲੰਦਾ ਰਾਖ ਲੈ, ਆਪਣੀ ਕਿਰਪਾ ਧਾਰਿ।।'

ਸੋ ਇਹ ਸੋਚਣਾ ਗਲਤ ਹੈ ਕਿ ਅੰਤਰ-ਰਾਸ਼ਟ੍ਰੀਯ ਗੁਰੂਆਂ ਦੇ ਸਿੱਖ ਉਹਨਾਂ ਨੂੰ ਪੰਜਾਬ ਵਿਚ ਸੀਮਤ ਕਰ ਰਹੇ ਹਨ।

੨੧. ਗਰੰਥ ਪਾਤਸ਼ਾਹੀ ਦਸਵੀਂ ਵਿਚ ਦਸਮੇਸ਼ ਜੀ ਨੇ ਕਿਤੇ ਇਹ ਘੋਸ਼ਣਾ ਨਹੀਂ ਕੀਤੀ ਕਿ 'ਸਕਲ ਜਗਤ ਮੇ ਖਾਲਸਾ ਪੰਥ ਗਾਜੇ।। ਜਗੇ ਧਰਮ ਹਿੰਦੂ, ਸਕਲ ਭੰਡ ਭਾਜੇ।' ਹਾਂ 'ਬਚਿਤ੍ਰ ਨਾਟਕ' ਵਿਚ 'ਤਿਲਕ ਜੰਞੂ ਰਾਖਾ ਪ੍ਰਭ ਤਾਕਾ।। ਕੀਨੋ ਬਡੋ ਕਲੂ ਮਹਿ ਸਾਕਾ।' ਜ਼ਰੂਰ ਲਿਖਿਆ ਹੈ। ਠੀਕ ਹੈ ਗੁਰੂ ਤੇਗ ਬਹਾਦਰ ਜੀ 'ਤਿਲਕ ਜੰਞੂ' ਦੇ ਰਾਖੇ ਸਨ, 'ਹਿੰਦ ਦੀ ਚਾਦਰ' ਸਨ ਪਰ ਇਸ ਦਾ ਇਹ ਭਾਵ ਨਹੀਂ ਕਿ ਉਹ ਹਿੰਦੂ ਸਨ। ਜੰਞੂ ਪਾਉਣ ਤੋਂ ਨਾਂਹ ਗੁਰੂ ਨਾਨਕ ਜੀ ਨੇ ਆਪਣੀ ਦਸ ਸਾਲ ਦੀ ਉਮਰੇ ਹੀ ਕਰ ਦਿੱਤੀ ਸੀ ਅਤੇ 'ਤਿਲਕ ਨਾ ਲਾਉਣ ਬਾਰੇ ਅੱਗੇ ਹੀ ਤੀਜੇ ਅੰਕ ਵਿਚ ਵਿਆਖਿਆ ਕੀਤੀ ਜਾ ਚੁੱਕੀ ਹੈ।

ਗੁਰੂ ਜੀ ਦਾ 'ਤਿਲਕ ਜੰਞੂ" ਦਾ ਰਾਖਾ ਬਣਨਾ ਉਨ੍ਹਾਂ ਦੀ ਧਾਰਮਿਕ ਸਹਿਨਸ਼ੀਲਤਾ, ਮਜ਼ਹਬੀ ਰਵਾਦਾਰੀ, ਰਿਲਿਜਸ ਟੌਲਿਰੈਂਸ ਸੀ। ਉਸ ਸਮੇਂ ਰਾਜ ਹੀ ਮੁਸਲਮਾਨਾ ਦਾ ਸੀ। ਜੇ ਹਿੰਦੂ ਰਾਜ ਹੁੰਦਾ ਅਤੇ ਮਿਸਾਲ ਦੇ ਤੌਰ ਤੇ, ਮੁਸਲਮਾਨਾਂ ਨੂੰ ਸੁੰਨਤ ਕਰਨ ਤੋਂ ਰੋਕਿਆ ਜਾਂਦਾ, ਅਤੇ ਉਹ ਗੁਰੂ ਜੀ ਦੀ ਸ਼ਰਨ ਪੈ ਕੇ ਉਨ੍ਹਾਂ ਤੋਂ ਮਦਦ ਮੰਗਦੇ ਤਾਂ ਗੁਰੂ ਜੀ ਅਵੱਸ਼ ਹੀ ਉਨ੍ਹਾਂ ਦੇ ਹੱਕ ਲਈ ਸੰਘਰਸ਼ ਕਰਦੇ, ਭਾਵੇਂ ਸਿੱਖ ਧਰਮ ਸੁੰਨਤ ਦੇ ਵਿਰੁੱਧ ਹੈ।

ਇਹ ਵਿਕਾਸ-ਸ਼ੀਲ ਚਿੰਤਨ ਸੀ, ਜੋ ਯੂਰਪ ਵਿਚ ਇਕ ਸਦੀ ਪਿਛੋਂ, ਸੰਨ ੧੭੭੫ ਵਿਚ ਆਇਆ, ਜਦੋਂ ਫਰਾਂਸ ਦੇ ਦੋ ਪ੍ਰਸਿੱਧ ਚਿੰਤਕਾਂ ਵੌਲਟੇਅਰ ਅਤੇ ਰੂਸੋ ਨੇ 'ਜੀਓ ਤੇ ਜੀਣ ਦਿਓ' ਦਾ ਆਦਰਸ਼ ਸਥਾਪਤ ਕਰਕੇ, ਆਪੋ ਆਪਣੀਆਂ ਰਾਵਾਂ ਇਕ ਦੂਜੇ ਦੇ ਉਲਟ ਹੋਣ ਤੇ ਵੀ, ਇਕ ਦੂਜੇ ਦੀ ਰਾਏ ਨੂੰ ਦ੍ਰਿੜਤਾ ਨਾਲ,

ਸਗੋਂ ਪ੍ਰਾਣਾਂ ਦੀ ਬਾਜ਼ੀ ਲਾ ਕੇ ਵੀ, ਸਵੀਕਾਰ ਕੀਤਾ :-

*I do not agree with a word That you say*
*But I will defend to the death Your right to say*

ਗੁਰੂ ਜੀ ਦੀ ਸਿੱਖਿਆ ਤੇ ਹੀ ਸਿੱਖ ਅਮਲ ਕਰਦੇ ਹਨ। ਜਦੋਂ ਬ੍ਰਿਟਿਸ਼ ਰਾਜ ਸਮੇਂ ਸਰਕਾਰ ਨੌਰਥ ਵੈਸਟ੍ਰਨ ਫ੍ਰੰਟੀਅਰ ਸੂਬੇ ਵਿਚ ਮੁਸਲਮਾਨ ਵੀਰਾਂ ਦੇ ਜ਼ੁਲਮ ਕਰ ਰਹੀ ਸੀ ਤਾਂ ਮਾਸਟਰ ਤਾਰਾ ਸਿੰਘ ਜੀ ਵੀ ਅੰਮ੍ਰਿਤਸਰੋਂ ਜਥਾ ਲੈ ਕੇ ਗ੍ਰਿਫਤਾਰੀ ਲਈ ਗਏ ਸਨ।

ਸੋ 'ਜੰਞੂ ਤਿਲਕ ਦਾ ਰਾਖਾ' ਅਤੇ 'ਹਿੰਦ ਦੀ ਚਾਦਰ' ਹੋਣ ਕਰਕੇ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਨਹੀਂ ਕਿਹਾ ਜਾ ਸਕਦਾ। ਕਿਸੇ ਵੀ ਸ਼ਰਨ ਅਤੇ ਲੋੜਵੰਦ ਦੀ, ਬਿਨਾਂ ਨਸਲ, ਜਾਤ ਅਤੇ ਗੋਤ ਦੇ ਵਿਤਕਰੇ ਦੇ, ਸਹਾਇਤਾ ਕਰਨੀ ਹਰਿੱਕ ਮਨੁੱਖ ਦਾ ਮਨੁੱਖੀ ਕਰਤੱਵ ਹੈ।

੨੨. 'ਰਾਮਕਲੀ ਸਦ' ਮਹੱਲੇ ਚੌਥੇ ਦੀ ਰਚਨਾਂ ਨਹੀਂ। ਉਹ 'ਸੱਦ' ਗੁਰੂ ਅਮਰਦਾਸ ਦੇ ਪੜੋਤੇ, ਬਾਬਾ ਮੋਹਨ ਦੇ ਪੋਤੇ, ਅਤੇ ਬਾਬਾ ਆਨੰਦ ਦੇ ਪੁੱਤ ਬਾਬਾ ਸੁੰਦਰ ਦੀ ਰਚਨਾ ਹੈ।

ਨਾਲੇ 'ਸੱਦ' ਵਿਚ ਗੁਰੂ ਰਾਮਦਾਸ ਦੇ ਜੋਤੀ ਜੋਤਿ ਸਮਾਉਣ ਦਾ ਹਾਲ ਨਹੀਂ, ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਸਮੇਂ ਦਾ ਅੱਖੀ ਡਿੱਠਾ ਹਾਲ ਹੈ।

ਗੁਰੂ ਅਮਰਦਾਸ ਨੇ ਬਿਲਕੁਲ ਨਹੀਂ ਸੀ ਕਿਹਾ ਕਿ ਮੇਰੇ ਦਿਹਾਂਤ ਪਿਛੋਂ ਕੇਸ਼ੋਦਾਸ ਪੰਡਿਤ ਨੂੰ ਬੁਲਾ ਕੇ ਅੰਤਿਮ ਸੰਸਕਾਰ ਕਰਵਾਉਣਾ ਅਤੇ ਮੇਰੀਆਂ ਅਸਤੀਆਂ ਹਰਿਦੁਆਰ ਜਾ ਕੇ ਜਲ ਪ੍ਰਵਾਹ ਕਰਨੀਆਂ।

ਆਪਣੀ ਪਹਿਲੀ ਪ੍ਰਚਾਰ-ਫੇਰੀ ਸਮੇਂ, ਸੰਨ ੧੫੦੮ ਦੀ ਵਿਸਾਖੀ ਤੇ ਗੁਰੂ ਨਾਨਕ ਜੀ ਭਾਈ ਮਰਦਾਨੇ ਸਮੇਤ 'ਗਇਆ' ਤੀਰਥ ਤੇ ਪੁੱਜੇ। ਹਿੰਦੂ ਜਨਤਾ ਨੂੰ ਉਪਦੇਸ਼ ਕਰਦਿਆਂ ਉਨ੍ਹਾਂ ਕਿਹਾ: 'ਦੇਹਾਂਤ ਸਮੇਂ, 'ਦੀਵੇ' ਦੀ ਰਸਮ ਨਹੀਂ ਕਰਨੀ ਚਾਹੀਦੀ। ਰੱਬ ਦਾ ਨਾਉਂ ਹੀ ਦੀਵਾ ਹੈ। ਦੁਨੀਆਂ ਦਾ ਦੁੱਖ 'ਤੇਲ' ਹੈ। ਜਦ ਇਸ ਦੁੱਖ-ਤੇਲ ਨੂੰ ਨਾਮ-ਦੀਵੇ ਵਿਚ ਪਾਈਏ, ਭਾਵ ਦੁੱਖ ਸਹਿ ਕੇ ਵੀ ਨਾਮ ਜਪੀਏ ਤਾਂ ਆਤਮਿਕ ਚਾਨਣ ਨਾਲ ਦੁੱਖ-ਤੇਲ ਸੜ ਜਾਂਦਾ ਹੈ। ਪੱਤਲਾਂ ਉਤੇ ਜਵਾਂ ਜਾਂ ਚੌਲਾਂ ਦੇ ਆਟੇ ਦੇ ਪੇੜ੍ਹੇ, ਪਿੰਨੇ, ਪਿੰਡ ਰੱਖ ਕੇ ਮਣਸਣ ਦੀ ਰਸਮ ਵੀ ਨਹੀਂ ਕਰਨੀ ਚਾਹੀਦੀ, ਰੱਬ ਦਾ ਨਾਉਂ ਹੀ ਜਪਣਾ ਚਾਹੀਦਾ ਹੈ। 'ਕਿਰਿਆ' ਕਰਮ ਵੀ ਨਹੀਂ ਕਰਨਾ ਚਾਹੀਦਾ। ਕਰਤਾਰ ਦਾ ਨਾਉਂ ਹੀ ਜਪਣਾ ਚਾਹੀਦਾ ਹੈ। ਬ੍ਰਾਹਮਣ 'ਪਿੰਡ' ਵੱਟ ਕੇ ਦੇਵਤਿਆਂ ਤੇ ਪਿਤਰਾਂ ਨੂੰ ਦੇਣ ਦਾ ਬਹਾਨਾ ਕਰਕੇ ਆਪ ਹੀ, ਜਜਮਾਨਾਂ ਦੇ ਘਰੋਂ ਖੀਰ-ਪੂਰੀ ਖਾਂਦਾ ਹੈ। ਆਸਾ, ਘਰ ੩, ਮਹਲਾ ੧ ਵਿਚ ਫੁਰਮਾਨ ਹੈ :-

ਦੀਵਾ ਮੇਰਾ ਏਕੁ ਨਾਮ, ਦੁੱਖ, ਵਿਚਿ ਪਾਇਆ ਤੇਲੁ।।
ਉਨਿ ਚਾਨਣਿ, ਓਹੁ ਸੋਖਿਆ, ਚੂਕਾ ਜਮ ਸਿਉ ਮੇਲ ।।੧।।...........

'ਪਿੰਡ ਪਤਲਿ' ਮੇਰੀ ਕੇਸਉ, 'ਕਿਰਿਆ' ਸਚੁ ਨਾਮੁ ਕਰਤਾਰੁ ।।.........

ਇਕ ਲੋਕੀ, ਹੋਰੁ ਛਮਿਛਰੀ, ਬ੍ਰਾਹਮਣ ਵਟਿ ਪਿੰਡੁ ਖਾਇ ।।.....।।੪।।੨।।੩੨।।

ਤੀਜੇ ਨਾਨਕ, ਗੁਰੂ ਅਮਰਦਾਸ ਜੀ ਨੇ ਵੀ ਦੇਹਾਂਤ ਪਿਛੋਂ ਕਿਰਿਆ ਕਰਮ ਦੇ ਖੰਡਨ ਦੀ ਹੋਰ ਵਿਆਖਿਆ ਕੀਤੀ।

ਸਿਖ ਇਤਿਹਾਸ ਨਾਲ ਸੰਬੰਧਿਤ ਕੋਈ ਪੰਡਿਤ ਕੇਸ਼ੋਗੋਪਾਲ ਨਹੀਂ ਹੋਇਆ। ਜਿਨ੍ਹਾਂ ਤੁਕਾਂ ਦਾ ਗਲਤ ਹਵਾਲਾ ਦਿੱਤਾ ਜਾਂਦਾ ਹੈ, ਉਹ ਹਨ :-

*ਅੰਤੇ ਸਤਿਗੁਰ ਬੋਲਿਆ :*

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣ ਜੀਉ !

ਕੇਸ਼ੋ ਗੋਪਾਲ ਪੰਡਿਤ ਸਦਿਅਹੁ,

ਹਰਿ-ਹਰਿ ਕਥਾ ਪੜਹਿ ਪੁਰਾਣੁ ਜੀਉ !

'ਹਰਿ-ਕਥਾ ਪੜੀਐ, ਹਰਿ-ਨਾਮ ਸੁਣੀਐ !

'ਬੇਬਾਣੁ' ਹਰਿ-ਰੰਗੁ ਗੁਰ ਭਾਵਏ ।।

'ਪਿੰਡੁ ,ਪਤਲਿ, ਕਿਰਿਆ, ਦੀਵਾ, ਫੁੱਲ

ਹਰਿ-ਸਰਿ ਪਾਵਏ ।।'.........।।੫।।

**ਹੁਣ ਇਨ੍ਹਾਂ ਤੁਕਾਂ ਤੇ ਵਿਚਾਰ ਮੁਲਾਹਿਜ਼ਾਂ ਫੁਰਮਾਈਏ**

(ੳ) ਗੁਰਬਾਣੀ ਵਿਆਕਰਣ ਦੇ ਨਿਯਮਾਂ ਅਨੁਸਾਰ ਜੇ 'ਕੇਸ਼ੋਗੋਪਾਲ ਪੰਡਿਤ' ਕਿਸੇ ਇਕ ਪੰਡਿਤ ਦਾ ਨਾਉਂ ਹੁੰਦਾ ਤਾਂ ਉਹ ਪੁਲਿੰਗ, ਇਕ ਵਚਨ ਹੋਣਾ ਸੀ, ਇਸ ਲਈ ਉਹ ਲਿਖਿਆ ਜਾਣਾ ਸੀ 'ਕੇਸ਼ੋਗੋਪਾਲੁ ਪੰਡਿਤੁ' ਭਾਵ ਗੋਪਾਲ ਅਤੇ ਪੰਡਿਤ ਤੇ ਥੱਲੇ ਦੋਹੀਂ ਥਾਈਂ ਔਂਕੜ ਹੋਣਾ ਸੀ ਪਰ ਇਉਂ ਹੈ ਨਹੀਂ। 'ਕੇਸ਼ੋ ਗੋਪਾਲ ਦੇ ਪੰਡਿਤ' ਦਾ ਅਰਥ ਹੈ 'ਕੇਸ਼ੋ ਗੋਪਾਲ ਦੇ ਪੰਡਿਤ', 'ਕੇਸ਼ਾਂ ਵਾਲੇ, ਧਰਤੀ ਨੂੰ ਪਾਲਣ ਵਾਲੇ ਵਾਹਿਗੁਰੂ ਦੇ ਵਿਦਵਾਨ', ਭਾਵ ਗੁਰਸਿੱਖ।

(ਅ) ਜੇ ਗੁਰੂ ਜੀ 'ਕਿਰਿਆ' ਕਰਮ ਕਰਨ ਦਾ ਹੁਕਮ ਦਿੰਦੇ ਤਾਂ ਕੇਵਲ ਇਕ ਅਚਾਰਜ ਨੂੰ ਸੱਦਣ ਬਾਰੇ ਹੁੰਦਾ ਬਹੁਤੇ ਅਚਾਰਜਾਂ ਦੀ ਲੋੜ ਨਹੀਂ ਹੁੰਦੀ। ਹਿੰਦੂ ਵੀਰਾਂ ਦੇ ਘਰੀਂ ; ਹਰਿੱਕ ਘਰ ਦਾ ਇਕ ਹੀ ਅਚਾਰਜ ਹੁੰਦਾ ਹੈ। ਇਹ ਠੀਕ ਹੈ ਕਿ ਇਕ ਪੁਰੋਹਿਤ ਵੀ ਹੁੰਦਾ ਹੈ, ਪਰ ਉਹ ਕਿਰਿਆ ਦਾ ਧਾਨ ਨਹੀਂ ਲੈਂਦਾ। ਇਸ ਧਾਨ ਨੂੰ ਸਿਰਫ ਅਚਾਰਜ ਹੀ ਵਰਤਦਾ ਹੈ।

ਪਰ ਇਨ੍ਹਾਂ ਤੁਕਾਂ ਵਿਚ ਕਿਸੇ ਅਚਾਰਜ ਜਾਂ ਪਰੋਹਿਤ ਵਲ ਇਸ਼ਾਰਾ ਨਹੀਂ।

(ੲ) 'ਪੜਹਿ ਵੀ ਬਹੁ ਵਚਨ ਹੈ, ਅਰਥ ਹੈ 'ਪੜਨ' ਜੇ ਇਕ ਪੰਡਿਤ ਹੁੰਦਾ ਤਾਂ ਕਿਰਿਆ 'ਪੜੈ' ਲਿਖੀ ਹੋਈ ਹੋਣੀ ਸੀ, ਜਿਸ ਦਾ ਅਰਥ ਹੋਣਾ ਸੀ 'ਪੜ੍ਹੇ'।

(ਸ) 'ਹਰਿਦੁਆਰ' ਤੀਰਥ ਦਾ ਨਾਉਂ, 'ਹਰਿਸਰ' ਨਹੀਂ।

(ਹ) ਗੁਰਬਾਣੀ ਵਿਚ 'ਹਰਿਦੁਆਰ' ਦਾ ਅਰਥ 'ਵਾਹਿਗੁਰੂ ਦਾ ਦਰ' ਹੀ ਹੁੰਦਾ ਹੈ।

(ਕ) ਗੁਰਬਾਣੀ ਵਿਚ 'ਹਰਿਸਰੁ' ਦਾ ਅਰਥ ਸਦਾ 'ਵਾਹਿਗੁਰੂ ਦੇ ਚਰਨ',

'ਵਾਹਿਗੁਰੂ' ਤੇ 'ਸਤਸੰਗ' ਹੀ ਹੁੰਦਾ ਹੈ। ਗੁਰਬਾਣੀ ਵਿਚ 'ਹਰਿਸਰ' ਤੋਂ ਛੁੱਟ 'ਅੰਮ੍ਰਿਤਸਰ', 'ਸਤਸਰ' ਆਦਿਕ ਸ਼ਬਦ ਵੀ ਇਨ੍ਹਾਂ ਹੀ ਅਰਥਾਂ ਵਿਚ ਵਰਤੇ ਗਏ ਹਨ।

(ਖ) ਸ਼ਬਦ 'ਭਾਵਏ' ਵਾਂਗ 'ਪਾਵਏ' ਵੀ ਵਰਤਮਾਨ ਕਾਲ, ਅੱਨ-ਪੁਰਖ, ਇਕ ਵਚਨ ਹੈ, ਅਤੇ ਅਰਥ ਹੈ 'ਪਾਉਂਦਾ ਹੈ।' ਜੇ ਇਹ ਬਹੁ ਵਚਨ ਹੁੰਦਾ ਹੈ ਤਾਂ ਇਸ ਦਾ ਰੂਪ ਹੋਣਾ ਸੀ 'ਪਾਵਹੇ', ਉਚਾਰਣ ਹੋਣਾ ਸੀ 'ਪਾਵਹੇ' ਅਤੇ ਅਰਥ ਹੋਣਾ ਸੀ 'ਪਾਉਂਦੇ ਹਨ।' ਸੋ 'ਹਰਿ-ਰੰਗੁ ਗੁਰ, ਭਾਵਏ' ਦਾ ਅਰਥ ਹੈ 'ਵਾਹਿਗੁਰੂ ਦਾ ਪਿਆਰ ਗੁਰਾਂ ਨੂੰ ਭਾਉਂਦਾ ਹੈ।' 'ਹਰਿ-ਸਰਿ ਪਾਵਏ' ਦਾ ਅਰਥ ਹੈ 'ਵਾਹਿਗੁਰੂ ਦੇ ਸਰੋਵਰ ਭਾਵ ਸਤਸ਼ੰਗਤ ਵਿਚ ਪਾਉਂਦਾ ਹੈ।'

(ਗ) ਪ੍ਰਸ਼ਨ :- ਗੁਰੂ ਅਮਰ ਦਾਸ ਸਤ ਸੰਗਤ ਵਿਚ ਕੀ ਪਾਉਂਦਾ ਹੈ ?

ਉੱਤਰ :- ਪਿੰਡੁ, ਪਤਲਿ, ਕਿਰਿਆ, ਦੀਵਾ, ਫੁਲ, -ਇਹ ਸਭ ਕੁੱਝ।

ਸਾਨੂੰ ਇਹ ਗੱਲ ਵੀ ਵਿਚਾਰਨੀ ਚਾਹੀਦਾ ਹੈ ਕਿ ਹਿੰਦੂ ਵੀਰ ਪਿੰਡ, ਪਤੱਲ, ਦੀਵਾ, -ਹਰਿਦੁਆਰ ਨਹੀਂ ਲਿਜਾਂਦੇ, ਸਿਰਫ ਫੁੱਲ ਹੀ ਲਿਜਾਂਦੇ ਹਨ।

ਸਾਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ 'ਕਿਰਿਆ' ਕਿਸੇ ਐਸੀ ਚੀਜ਼ ਦਾ ਨਾਉਂ ਨਹੀਂ, ਜੋ ਹਰਿਦੁਆਰ ਵਿਚ ਪਾਈ ਜਾ ਸਕੇ, ਭਾਵ ਗੰਗਾਂ ਵਿਚ ਪਾਈ ਜਾ ਸਕੇ।

ਪਰ ਗੁਰੂ ਅਮਰਦਾਸ ਇਨ੍ਹਾਂ ਸਭਨਾਂ ਨੂੰ ਸਤਸੰਗਤਿ ਵਿਚ ਪਾਉਂਦਾ ਹੈ, ਭਾਵ ਇਨ੍ਹਾਂ ਸਭਨਾਂ ਨੂੰ ਸਤਸੰਗ ਤੋਂ ਸਦਕੇ ਕਰਦਾ ਹੈ, ਸਤਸੰਗ ਕਰਨ ਨੂੰ ਇਨ੍ਹਾਂ ਸਭਨਾਂ ਨਾਲੋਂ ਚੰਗਾ ਸਮਝਦਾ ਹੈ।

(ਘ) ਜੇ ਗੁਰੂ ਨੇ ਸਿੱਖਾਂ ਨੂੰ ਹੁਕਮ ਦੇਣਾ ਹੁੰਦਾ ਕਿ ਤੁਸੀਂ ਮੇਰੇ ਫੁਲ ਹਰਿਦੁਆਰ ਪਾਇਓ, ਤਾਂ ਲਿਖਿਆ ਹੋਇਆ ਹੋਣਾ ਸੀ, 'ਹਰਿਦੁਆਰ ਪਾਇਅਹੁ।'

ਉਪਰਲੀ ਵਿਚਾਰ ਦੀ ਰੋਸ਼ਨੀ ਵਿਚ ਵਿਚਾਰ-ਅਧੀਨ ਕੋਟੇਸ਼ਨ ਦਾ ਅਰਥ ਸਾਫ ਹੋ ਜਾਂਦਾ ਹੈ, ਜੋ ਇਹ ਹੈ :-

ਜੋਤੀ ਜੋਤ ਸਮਾਉਣ ਸਮੇਂ ਗੁਰੂ ਅਮਰ ਦਾਸ ਜੀ ਨੇ ਆਖਿਆ : 'ਗੁਰਮੁਖੋ ! ਮੇਰੇ ਪਿਛੋਂ ਨਿਰੋਲ ਕੀਰਤਨ ਕਰਿਓ। ਹੋਰ ਗੁਰ ਸਿੱਖਾਂ ਨੂੰ ਵੀ ਸੱਦ ਘੱਲਿਓ, ਜਿਹੜੇ ਤੁਹਾਡੇ ਨਾਲ ਮਿਲਕੇ ਵਾਹਿਗੁਰੂ ਦੀ ਕਥਾ-ਵਾਰਤਾ-ਰੂਪ ਪੁਰਾਣ ਪੜ੍ਹਨ। ਗਰੁੜ ਪੁਰਾਨ ਪੜ੍ਹਨਾ ਗੁਰ ਸਿਖਾਂ ਦਾ ਕੰਮ ਨਹੀਂ। ਮੈਂ ਤਾਕੀਦ ਕਰਦਾ ਹਾਂ ਕਿ ਮੇਰੇ ਪਿਛੋਂ ਵਾਹਿਗੁਰੂ ਦੀ ਕਥਾ ਭਾਵ ਗੁਰਬਾਣੀ ਹੀ ਪੜਨੀ ਚਾਹੀਦੀ ਹੈ, ਵਾਹਿਗੁਰੂ ਦਾ ਨਾਮ ਹੀ ਜਪਣਾ ਚਾਹੀਦਾ ਹੈ। ਮੇਰਾ 'ਬੇਬਾਣ' ਵੀ ਨਾ ਕਢਿਓ। ਗੁਰਾਂ ਨੂੰ ਵਾਹਿਗੁਰੂ ਦਾ ਪਿਆਰਾ ਹੀ ਭਾਉਂਦਾ ਹੈ, ਇਹੀ ਅਸਲ ਬੇਬਾਣ ਹੈ। ਗੁਰੂ ਨੂੰ ਤਾਂ ਪਿੰਡ, ਪੱਤਲਿ, ਕਿਰਿਆ, ਦੀਵਾ ਅਤੇ ਫੁੱਲ, ਇਨ੍ਹਾਂ ਸਭਨਾਂ ਦੀ ਥਾਂ ਸਤਸੰਗ ਹੀ ਚੰਗਾ ਲਗਦਾ ਹੈ। ਇਹ ਸਭ ਵਿਅਰਥ ਹਨ। ਸੋ ਪਿੰਡ ਭਰਾਉਣੇ, ਦੀਵੇ ਬਾਲਣੇ, ਕਿਰਿਆ ਕਰਨੀ, ਫੁੱਲ ਪਾਉਣੇ, ਆਦਿਕ ਕੋਈ

ਵੀ ਰਸਮ ਨਾ ਮੇਰੇ ਲਈ ਕਰਿਓ ਅਤੇ ਨਾ ਅੱਗੇ ਲਈ ਕੋਈ ਗੁਰਸਿੱਖ ਕਰੇ ।'

ਉਪਰਲੀ ਵਿਚਾਰ ਤੋਂ ਸਾਨੂੰ ਇਹ ਪਤਾ ਵੀ ਲੱਗ ਜਾਣਾ ਚਾਹੀਦਾ ਹੈ ਕਿ ਗੁਰਬਾਣੀ ਨੂੰ ਸਮਝਣ ਲਈ 'ਗੁਰਬਾਣੀ ਵਿਆਕਰਣ' ਦਾ ਗਿਆਨ ਵੀ ਬੜਾ ਜ਼ਰੂਰੀ ਹੈ, ਨਹੀਂ ਤਾਂ ਹਿੰਦੂ ਵੀਰਾਂ ਨੂੰ ਕੀ ਕਿਹਾ ਜਾਵੇ । ਸਾਡੇ ਕਈ ਨਾਮ-ਧਰੀਕ ਗਿਆਨੀ ਵੀ ਅਰਥ ਦਾ ਅਨਰਥ ਕਰ ਦਿੰਦੇ ਹਨ ।

ਸੋ, ਸਿੱਖਾਂ ਵਿਚ ਦਾਹ ਸੰਸਕਾਰ ਕਰਨ ਪਿਛੋਂ ਅਸਥੀਆਂ ਹਰਿਦੁਆਰ ਪਾਉਣ ਦੀ ਕੋਈ ਪ੍ਰਥਾ ਨਹੀਂ । ਸਿੱਖ ਰਹਿਤ ਮਰਯਾਦਾ ਵਿਚ 'ਮ੍ਰਿਤਕ ਸੰਸਕਾਰ' ਦਾ ਹੈਡਿੰਗ ਥਲੇ ਲਿਖਿਆ ਹੈ :

(ਕ) ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਢਾ, ਹੋਣ ਤੇ ਸਾਰੀ ਦੇਹ ਦੀ ਭਸਮ ਅਸਤੀਆਂ ਸਮੇਤ ਉਠਾ ਕੇ ਜਲ-ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜ਼ਮੀਨ ਬਰਾਬਰ ਕਰ ਦਿਤੀ ਜਾਵੇ । ਸੰਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ ।

(ਖ) ਅਧ-ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨ ਮਤ ਹੈ । ਅੰਗੀਠੇ ਵਿਚੋਂ ਫੁੱਲ ਚੁੱਗਕੇ ਗੰਗਾ, ਪਤਾਲਪੁਰੀ ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ । ਅਕਾਲੀ ਲਹਿਰ' ਤੋਂ ਪਹਿਲਾਂ ਕਈ ਸਿੱਖ 'ਬਿਪਰਨ ਕੀ ਰੀਤ' ਦੇ ਪ੍ਰਭਾਉ ਥੱਲੇ ਆ ਕੇ ਅਸਤੀਆਂ 'ਸੁਧਾਸਰ' ਵਿਚ ਜਾ ਪਾਂਦੇ ਸਨ । ਪ੍ਰਬੰਧਕਾਂ ਨੇ ਬੰਦ ਕੀਤਾ ਤਾਂ ਕਈ ਰਾਤੀਂ ਇਸ਼ਨਾਨ ਕਰਨ ਦੇ ਬਹਾਨੇ ਅਸਤੀਆਂ ਪਾਉਣ ਲੱਗ ਪਏ । ਇਸ ਲਈ ਸਰੋਵਰ ਦੀਆਂ ਸਾਰੀਆਂ ਬਾਹੀਆਂ ਤੇ ਰਾਤੀਂ ਵੀ ਪਹਿਰੇ ਲਾਉਣੇ ਪਏ ।

ਜੇ ਸਾਨੂੰ ਹਰਿਦੁਆਰ ਜਾਣੋਂ ਹਟਾਇਆ ਗਿਆ ਤਾਂ ਅਸੀਂ 'ਦਰਬਾਰ ਸਾਹਿਬ' ਹੀ 'ਹਰਿ ਕੀ ਪਉੜੀ' ਘੜ ਲਈ । ਇਹ ਕੀ ਤਮਾਸ਼ਾ ਹੈ? ਸਾਰਾ ਸਰੋਵਰ ਹੀ ਵਾਹਿਗੁਰੂ ਦਾ ਹੈ । ਕਹਾਣੀ ਘਾੜਿਆ ਨੇ ਸਾਡਾ ਇਤਿਹਾਸ 'ਮਿਥਿਹਾਸ' ਬਣਾ ਰੱਖਿਆ ਹੈ ।

ਅੱਜ ਵੀ ਕਈ ਸਿੱਖ ਲੀਡਰ, ਸੰਤ ਤੇ ਉਨ੍ਹਾਂ ਦੇ ਸ਼ਰਧਾਲੂ ਆਪਣੇ ਲੀਡਰਾਂ ਤੇ ਸੰਤਾਂ ਦੇ ਦੇਹਾਂਤ ਪਿਛੋਂ ਉਨ੍ਹਾਂ ਦੇ 'ਬੇਬਾਣ' ਕੱਢਦੇ ਹਨ ਅਤੇ ਉਨ੍ਹਾਂ ਦੀਆਂ ਅਸਤੀਆਂ ਪਾਤਾਲਪੁਰੀ ਜਾ ਕੇ ਪਾਉਂਦੇ ਹਨ । ਇਉਂ ਕਰਨਾ ਗੁਰਮਤਿ ਦੀ ਸਰਾਸਰ ਉਲੰਘਨਾ ਹੈ । ਇਸ ਨਾਲ ਆਮ ਸਿੱਖ ਜਨਤਾ ਵੀ ਕੁਰਾਹੇ ਪੈ ਸਕਦੀ ਹੈ । ਕਈ 'ਪਾਤਾਲ ਪੁਰੀਏ' ਸਿੱਖ ਬਾਹਰਲੇ ਦੇਸ਼ਾਂ ਤੋਂ ਵੀ ਅਸਤੀਆਂ ਪਾਉਣ ਇੰਡੀਆਂ ਜਾਂਦੇ ਹਨ । 'ਬਿਪਰਨ ਕੀ ਰੀਤ' ਦੇ ਚੇਲਿਆਂ ਦੀ ਗੁਰੂ ਨੇ ਕੀ ਪਰਤੀਤ ਕਰਨੀ ਹੈ । ਇਨ੍ਹਾਂ ਨੇ ਨਿਰੋਲ ਗੁਰਮਤਿ ਦਾ ਪ੍ਰਚਾਰ ਕੀ ਕਰਨਾ ਹੈ । ਵਾਹਿਗੁਰੂ ਇਨ੍ਹਾਂ ਨੂੰ ਇਸ ਮਨਮਤ ਤੋਂ ਮੁਕਤੀ ਦੇਵੇ !

੨੩. ਅੱਗੇ ਚੱਲੀਏ । ਠੀਕ ਹੈ, ਆਤਮਾ ਦੀ ਅਮਰਤਾ, ਕਰਮਫਲ ਅਤੇ ਪੁਨਰ ਜਨਮ ਆਦਿ ਸਿਧਾਂਤਾਂ ਵਿਚ ਸਿੱਖਾਂ ਦਾ ਪੂਰਾ ਭਰੋਸਾ ਹੈ, ਪਰ ਇਸ ਦਾ

ਇਹ ਭਾਵ ਤਾਂ ਨਹੀਂ ਲਾ ਲੈਣਾ ਚਾਹੀਦਾ ਕਿ ਉਹ ਹਿੰਦੂ ਹਨ।

੨੪. ਭਾਰਤੀ ਹੋਣ ਦੇ ਨਾਤੇ ਸਿੱਖਾਂ ਨੇ ਵੀ ਹੋਰ ਭਾਰਤੀਆਂ ਵਾਂਗ ਭਾਰਤੀ ਪੰਚਾਂਗ (Calendar) ਹੀ ਅਪਣਾਇਆ ਹੋਇਆ ਹੈ। ਪਰ ਇਸ ਦਾ ਭਾਵ ਇਹ ਨਹੀਂ ਕਿ ਉਹ ਹਿੰਦੂ ਹਨ। ਇਸ ਸਮੇਂ ਆਮ ਹਿੰਦੂ, ਮੁਸਲਮਾਨਾਂ, ਈਸਾਈਆਂ ਅਤੇ ਸਿੱਖਾਂ ਨੇ ਈਸਵੀ ਕਲੈਂਡਰ ਵੀ ਅਪਣਾਇਆ ਹੋਇਆ ਹੈ। ਇਹ ਗ੍ਰੈਗੋਰੀਅਨ (Gregorian) ਕਲੈਂਡਰ ਕਹਿਲਾਉਂਦਾ ਹੈ ਕਿਉਂਕਿ ਇਸ ਨੂੰ ਸੰਨ ੧੫੮੨ ਵਿਚ ਤੇਰ੍ਹਵੇਂ ਪੋਪ ਗ੍ਰੈਗੋਰੀ ਨੇ ਸੁਧਾਰਿਆ ਸੀ। ਇਸ ਕਲੈਂਡਰ ਨੂੰ ਵਰਤਣ ਨਾਲ ਸਾਰੇ ਈਸਾਈ ਤਾਂ ਨਹੀਂ ਬਣ ਜਾਂਦੇ। ਆਪਣੀ ਸੁਵਿਧਾ ਲਈ ਕੋਈ ਵੀ ਪੰਚਾਂਗ ਵਰਤਿਆ ਜਾ ਸਕਦਾ ਹੈ।

੨੫. ਵਿਸਾਖੀ ਤੇ ਲੋਹੜੀ ਭਾਰਤ ਤੇ ਮੌਸਿਮੀ ਤਿਓਹਾਰ ਹਨ, ਕੌਮੀ ਤਿਹਾਰ ਹਨ। ਇਸ ਲਈ ਇਨ੍ਹਾਂ ਨੂੰ ਹਰਿੱਕ ਭਾਰਤੀ ਮਨਾ ਸਕਦਾ ਹੈ, ਜ਼ਰੂਰੀ ਨਹੀਂ ਕਿ ਇਨ੍ਹਾਂ ਨੂੰ ਸਿਰਫ ਹਿੰਦੂ ਹੀ ਮਨਾਉਣ। ਫਿਰ ਵਿਸਾਖੀ ਨਾਲ ਤਾਂ ਸਿੱਖਾਂ ਦਾ ਵੀ ਗੂੜ੍ਹਾ ਸੰਬੰਧ ਹੈ। ਇਸ ਦਿਨ 'ਨਿਰਮਲ ਪੰਥ' ਦਾ ਨਾਉਂ 'ਖਾਲਸਾ ਪੰਥ' ਵਿਚ ਤਬਦੀਲ ਕੀਤਾ ਗਿਆ ਸੀ। ਹੋਲੀ ਭਗਤ ਪ੍ਰਹਿਲਾਦ ਦੀ ਯਾਦ ਵਿਚ ਹੈ। ਭਗਤ ਜੀ ਦੇ ਸਮੇਂ ਤਾਂ ਭਾਰਤ ਵਿਚ ਸਿਰਫ ਹਿੰਦੂ ਹੀ ਸਨ, ਮੁਸਲਮਾਨ, ਈਸਾਈ ਤੇ ਸਿੱਖ ਨਹੀਂ ਸਨ। ਭਗਤ ਧ੍ਰੂ, ਭਗਤ ਪ੍ਰਹਿਲਾਦ, ਸ੍ਰੀ ਰਾਮਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਆਦਿਕ ਮਹਾਂਪੁਰਸ਼ ਸਾਡੇ ਸਾਰਿਆਂ ਦੇ ਸਾਂਝੇ ਹਨ। ਮਹਾਂਪੁਰਸ਼ ਸਾਰੀ ਦੁਨੀਆਂ ਦੇ ਸਾਂਝੇ ਹੁੰਦੇ ਹਨ : 'ਜਦੋਂ ਸੁੰਦਰਤਾ ਦਰਸ਼ਨ ਦੇਵੇ, ਸਭ ਕੋਈ ਆਪਣੀ ਜਾਣੇ।' (-ਭਾਈ ਵੀਰ ਸਿੰਘ) ਉਂਝ ਅਸੀਂ ਹੋਲੀ, ਹੋਲਾ ਮਹੱਲਾ ਮਨਾਂਦੇ ਹਾਂ।

ਗੁਰੂ ਗਰੰਥ ਜੀ ਵਿਚ ਸ਼ੇਖ ਫਰੀਦ, ਮੁਸਲਮਾਨ ਫਕੀਰ ਦੀ ਬਾਣੀ ਹੈ। ੧੪ ਹਿੰਦੂ ਭਗਤਾਂ ਦੀ ਬਾਣੀ ਹੈ। ਨਾਮਦੇਵ ਜੀ ਨੂੰ ਤਾਂ ਸੁਲਤਾਨ ਮੁਹੰਮਦ-ਬਿਨ-ਤੁਗਲਕ (ਸੰਨ ੧੩੨੫-੧੩੫੧) ਨੇ ਵੀ ਹਿੰਦੂ ਕਹਿ ਕੇ ਪੁਕਾਰਿਆ ਸੀ। ਨਾਮਦੇਵ ਜੀ ਭੈਰਉ, ਘਰੁ ੨ ਦੇ ਇਕ ਸ਼ਬਦ ਵਿਚ ਲਿਖਦੇ ਹਨ :-

'ਕਾਜੀ ਮੁਲਾ ਬਿਨੀਤ, ਫੁਰਮਾਇ।।
ਬਖਸੀ, ਹਿੰਦੂ! ਮੈਂ ਤੇਰੀ ਗਾਇ।।' ੨੨।।

ਅਰਥ : ਕਾਜ਼ੀਆਂ ਮੁੱਲਾਂ ਰਾਹੀਂ ਬਾਦਸ਼ਾਹ ਨੇ, ਬੇਨਤੀ ਕਰ ਘੱਲੀ : 'ਹੇ ਹਿੰਦੂ ! ਤੂੰ ਫਰਮਾ, ਮੈਂ ਉਹ ਮੰਨਾਗਾਂ, ਮੈਨੂੰ ਬਖਸ਼ ਮੈਂ ਤੇਰੀ ਗਾਂ ਹਾਂ।'

੨੬. ਤੀਰਥ ਭਾਵੇਂ ਆਪਣੇ ਆਪਣੇ ਧਰਮ ਦੇ ਹਨ ਪਰ ਉਨ੍ਹਾਂ ਦੀ ਯਾਤਰਾ ਤਾਂ ਸੰਸਾਰ ਦਾ ਹਰਿੱਕ ਬੰਦਾ ਕਰ ਸਕਦਾ ਹੈ। ਹਾਂ, ਮੱਕੇ ਦੀ ਯਾਤਰਾ ਅਸੀਂ ਨਹੀਂ ਕਰ ਸਕਦੇ। ਖੈਰ ! ਜੇ ਕੋਈ ਹਿੰਦੂ ਅੰਮ੍ਰਿਤਸਰ ਦੀ ਯਾਤਰਾ ਕਰੇ ਤਾਂ ਉਹ ਸਿੱਖ ਤਾਂ ਨਹੀਂ ਹੋ ਜਾਂਦਾ। ਏਸੇ ਤਰ੍ਹਾਂ ਜੇ ਕੋਈ ਸਿੱਖ ਹਰਿਦੁਆਰ ਦੀ ਯਾਤਰਾ ਕਰੇ ਤਾਂ ਉਹ ਹਿੰਦੂ ਤਾਂ ਨਹੀਂ ਹੋ ਜਾਵੇਗਾ। ਠੀਕ ਹੈ, ਪਵਿੱਤਰ ਨਦੀਆਂ ਤੇ ਸਰੋਵਰਾਂ ਵਿਚ ਸਾਰੇ ਇਸ਼ਨਾਨ ਕਰਦੇ ਹਨ, ਪਰ ਇਸ ਨਾਲ ਸਰੀਰ ਦੀ ਸਫਾਈ ਹੀ ਹੁੰਦੀ

ਹੈ। ਮਨ ਦੀ ਸਫਾਈ ਲਈ ਸਿੱਖ ਧਰਮ ਵਿਚ ਗੁਰੂ ਅਤੇ ਗੁਰ ਸਿੱਖਾਂ ਦੀ ਸੰਗਤਿ ਹੀ ਪਵਿੱਤਰ ਨਦੀ ਹੈ, ਇਹੀ ਸਰੋਵਰ ਹੈ। ਧਨਾਸਰੀ ਮਹਲਾ ੧, ਛੰਤ ਵਿਚ ਫਰਮਾਨ ਹੈ :-

ਤੀਰਥਿ ਨਾਵਣ ਜਾਉ, ਤੀਰਥ ਨਾਮੁ ਹੈ।।
ਤੀਰਥੁ ਸ਼ਬਦ-ਬੀਚਾਰੁ ਅੰਤਰਿ ਗਿਆਨੁ ਹੈ।।

ਏਸੇ ਤਰ੍ਹਾਂ ਪ੍ਰਭਾਤੀ ਬਿਭਾਸ, ਮਹਲਾ ੧, ਘਰ ੧ ਦੇ ਛੇਵੇਂ ਚਉਪਦੇ ਵਿਚ ਫੁਰਮਾਨ ਹੈ :-

ਗੁਰ ਸਮਾਨਿ ਤੀਰਥੁ ਨਹੀਂ ਕੋਇ।।
ਸਰੁ ਸੰਤੋਖੁ ਤਾਸੁ ਗੁਰੁ ਹੋਇ।।੧।। ਰਹਾਉ।।
ਗੁਰ ਦਰੀਆਉ ਸਦਾ ਜਲੁ-ਨਿਰਮਲ ਮਿਲਿਆ ਦੁਰਮਤਿ ਮੈਲੁ ਹਰੈ।।
ਸਤਿਗੁਰਿ ਪਾਈਐ, ਪੂਰਾ ਨਾਵ੍ਣ, ਪਸੂ ਪਰੇਤਹੁ ਦੇਵ ਕਰੈ।।੨।।

੨੭. ਸੰਗਰਾਂਦ (ਸੰਕ੍ਰਾਂਤਿ) ਸੂਰਜ ਦਾ ਪੁਰਬ ਹੈ। ਇਸ ਦਿਨ ਸੂਰਜ ਆਪਣੀ ਰਾਸ਼ੀ ਬਦਲਦਾ ਹੈ। ਰਾਸ਼ੀਆਂ ਬਾਰ੍ਹਾਂ ਹਨ। ਹਰ ਮਹੀਨੇ ਦੀ ਇਕ ਇਕ । ਮੱਸਿਆ (ਅਮਾਵਸਯਾ) ਅਤੇ ਪੂਰਨਮਾਸ਼ੀ (ਪੂਰਨਿਮਾ) ਚੰਦ ਦੇ ਪੁਰਬ ਹਨ। ਇਹ ਤਿੰਨੇ ਪੁਰਬ ਸੂਰਜ ਅਤੇ ਚੰਦ ਦੇ ਕੁੱਲ ਦਸਾਂ ਪੁਰਬਾਂ ਵਿਚੋਂ ਹਨ। ਹਿੰਦੂ ਤਾਂ ਇਨ੍ਹਾਂ ਨੂੰ ਪਵਿੱਤਰ ਦਿਹਾੜੇ ਮੰਨਦੇ ਹਨ, ਪਰ ਸਿੱਖ ਚੰਦ ਅਤੇ ਸੂਰਜ ਆਦਿਕ ਦੇ ਪੁਜਾਰੀ ਨਹੀਂ। ਉਨ੍ਹਾਂ ਨੂੰ ਗੁਰੂ ਬਾਬੇ ਨੇ ਸਿਰਫ ਵਾਹਿਗੁਰੂ ਦੇ ਲੜ ਲਾਇਆ ਹੈ। ਇਹ ਚੰਦ ਸੂਰਜ ਤਾਂ ਵਾਹਿਗੁਰੂ ਦੇ ਹੁਕਮ ਵਿਚ ਆਪਣਾ ਕੰਮ ਕਰਦੇ ਹਨ। ਆਸਾ ਦੀ ਵਾਰ ਦੀ ਚੌਥੀ ਪਉੜੀ ਨਾਲ ਲਾਏ ਗਏ ਪਹਿਲੇ ਸ਼ਲੋਕ ਵਿਚ ਗੁਰੂ ਬਾਬਾ ਜੀ ਫਰਮਾਂਦੇ ਹਨ :-

ਭੈ ਵਿਚਿ ਸੂਰਜ, ਭੈ ਵਿਚਿ ਚੰਦੁ।।
ਕੋਹ ਕਰੋੜੀ ਚਲਤ ਨ ਅੰਤੁ।

'ਬਿਪਰਨ ਕੀ ਰੀਤ' ਦੇ ਪ੍ਰਭਾਵ ਥੱਲੇ ਸਾਡੇ ਕਈ ਅਖਉਤੀ ਸੰਤ ਅਤੇ ਬਹੁਤੀ ਸਿੱਖ ਜਨਤਾ ਵੀ ਸੰਗਰਾਂਦ, ਮੱਸਿਆ ਅਤੇ ਪੁੰਨਿਆਂ ਦੇ ਚੱਕਰ ਵਿਚ ਫਸੀ ਪਈ ਹੈ ਅਤੇ ਸਪੈਸ਼ਲ ਤੌਰ ਤੇ ਇਹ ਦਿਨ ਮਨਾਏ ਜਾਂਦੇ ਹਨ। ਕਈ ਇਤਿਹਾਸਕ ਗੁਰਧਾਮਾਂ ਵਿਚ ਵੀ ਇਹ ਕੁਰੀਤੀ ਜਾਰੀ ਹੈ। ਪਤਾ ਨਹੀਂ ਗੁਰਮਤਿ ਦੀ ਸੋਝੀ ਕਦੋਂ ਆਉਣੀ ਹੈ ? ਗੁਰੂ ਜੀ ਤਾਂ ਸਾਨੂੰ ਪੰਜ ਸੌ ਸਾਲ ਤੋਂ ਉਪਦੇਸ਼ ਕਰ ਰਹੇ ਹਨ, ਪਰ ਅਸੀਂ ਮੰਨਦੇ ਹੀ ਨਹੀਂ ਪੂਰੀ ਤਰ੍ਹਾਂ। ਅਸੀਂ ਆਪਣੇ ਧਰਮ ਨੂੰ ਮਿਲਗੋਭਾ ਬਨਾਉਣ ਦੇ ਦੋਸ਼ੀ ਬਣ ਰਹੇ ਹਾਂ।

੨੮. ਏਸੇ ਤਰ੍ਹਾਂ 'ਸਿੱਖ ਰਹਿਤ ਮਰਯਾਦਾ' ਵਿਚ 'ਸ਼ਖਸੀ ਰਹਿਣੀ' ਦੇ ਚੈਪਟਰ ਵਿਚ ਆਖੰਡ ਪਾਠ ਦੇ ਹੈਡਿੰਗ ਥੱਲੇ ਲਿਖਿਆ ਹੋਇਆ ਹੈ :-

(ੲ) ਅਖੰਡ ਪਾਠ ਜਾਂ ਕਿਸੇ ਹੋਰ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤਾਂ, ਨਾਰੀਅਲ ਆਦਿ ਰੱਖਣਾ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ

ਪਾਠ ਜਾਰੀ ਰੱਖਣਾ ਮਨਮਤ ਹੈ।

ਪਰ ਸਾਡੇ ਆਮ ਗੁਰਦੁਵਾਰਿਆਂ ਜਾਂ ਘਰਾਂ ਵਿਚ ਅਖੰਡ ਪਾਠ ਜਾਂ ਸਾਧਾਰਨ ਪਾਠ ਸਮੇਂ ਹਾਲਾਂ ਵੀ ਇਹ ਕੁਰੀਤੀਆਂ ਹੋ ਰਹੀਆਂ ਹਨ। ਸਾਡੇ ਨਾਮ-ਧਰੀਕ, ਸੰਤ 'ਸੰਪਟ ਪਾਠ' ਕਰਵਾਈ ਜਾ ਰਹੇ ਹਨ। 'ਕਾਮ ਧੇਨ' ਪਾਠ ਕਰਾਈ ਜਾ ਰਹੇ ਹਨ। ਕਬੀਰ ਜੀ ਹੀ ਜਾਣਦੇ ਹਨ ਕਿ ਇਹ 'ਹਰਿ ਕੇ ਸੰਤ', ਹਨ ਜਾਂ 'ਬਾਨਾਰਿਸ ਦੇ ਠਗ' !

ਸਾਨੂੰ ਆਪਣੇ ਦਿਮਾਗ ਦੇ ਤਾਲੇ ਖੋਲ੍ਹ ਕੇ ਸੋਚ ਲੈਣਾ ਚਾਹੀਦਾ ਹੈ ਕਿ ਜੇ ਅਸੀਂ ਮਨਮਤ ਨਾ ਛੱਡੀ ਅਤੇ 'ਬਿਪਰਨ ਕੀ ਰੀਤ' ਤੇ ਹੀ ਲਾਟੂ ਹੋਏ ਰਹੇ ਤਾਂ ਜਿਵੇਂ ਭਾਰਤ ਵਿਚ ਪੈਦਾ ਹੋ ਕੇ ਭਾਰਤ ਵਿਚ ਬੁੱਧ ਧਰਮ ਦਾ 'ਬੋਲ ਬਾਲਾ' ਨਹੀਂ ਰਿਹਾ, ਤਿਵੇਂ ਹੀ 'ਖਾਲਸਾ ਜੀ ਦੇ ਬੋਲ ਬਾਲੇ' ਵੀ ਸੁਪਨੇ ਹੋ ਜਾਣਗੇ ਤੇ ਸਾਡੀਆਂ ਪਰੰਪਰਾਵਾਂ ਸਿਰਫ ਪੁਸਤਕਾਂ ਵਿਚ, ਪੁਸਤਕਾਲਿਆਂ ਦਾ ਸ਼ਿੰਗਾਰ ਹੀ ਰਹਿ ਜਾਣਗੀਆਂ। 'ਖਾਲਸੇ ਦੀ ਚੜ੍ਹਦੀ ਕਲਾ' ਹੀ ਚਾਹੀਏ !

੨੯. ਹਿੰਦੂ ਸਿੱਖਾਂ ਦੀਆਂ ਆਪਸੀ ਰਿਸ਼ਤੇਦਾਰੀਆਂ ਨਹੀਂ ਹੋ ਸਕਦੀਆਂ। ਸਿੱਖ ਰਹਿਤ ਮਰਯਾਦਾ ਵਿਚ ਤਨਖਾਹੀਆਂ ਦੀ ਲਿਸਟ ਵਿਚ ਅੰਕ ੨ ਵਿਚ 'ਬੇ-ਅੰਮ੍ਰਿਤੀਏ ਜਾਂ 'ਪਤਿਤ ਦਾ ਜੂਠਾ ਖਾਣ ਵਾਲਾ' ਵੀ ਗਿਣਿਆ ਹੋਇਆ ਹੈ। ਸੋ ਸਿੱਖਾਂ ਤੇ ਹਿੰਦੂਆਂ ਦੀ ਰੋਟੀ ਦੀ ਸਾਂਝ ਨਹੀਂ ਹੋ ਸਕਦੀ।

'ਸਿੱਖ ਰਹਿਤ ਮਰਯਾਦਾ' ਵਿਚ 'ਗੁਰਮਤਿ ਦੀ ਰਹਿਣੀ' ਦੇ ਅੱਧਿਆ ਵਿਚ 'ਆਨੰਦ ਸੰਸਕਾਰ' ਦੇ ਟੌਪਿਕ ਵਿਚ ਅੰਕ (ਅ) ਵਿਚ ਲਿਖਿਆ ਹੈ : 'ਸਿੱਖਾਂ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।' ਸੋ ਸਿੱਖਾਂ ਤੇ ਹਿੰਦੂਆਂ ਵਿਚ ਬੇਟੀ ਦੀ ਸਾਂਝ ਵੀ ਨਹੀਂ ਹੋ ਸਕਦੀ।

ਜਦ ਰੋਟੀ ਬੇਟੀ ਦੀ ਸਾਂਝ ਨਹੀਂ ਹੋ ਸਕਦੀ ਤਾਂ ਇਸ ਦਾ ਭਾਵ ਇਹ ਹੈ ਕਿ ਬਰਾਦਰੀ ਦੀ ਸਾਂਝ ਨਹੀਂ ਹੋ ਸਕਦੀ। ਜਿਹੜੇ ਕਰਦੇ ਹਨ, ਉਹ ਨਕਲੀਏ ਹਨ, ਚੁਫੇਰ-ਗੜ੍ਹੀਏ ਹਨ, ਮੋਮ ਦੇ ਨੱਕ ਹਨ, ਉਨ੍ਹਾਂ ਤੋਂ ਦੁਨੀਆਂ 'ਮਸਜਿਦੀ ਲੋਟੇ' ਵਾਲਾ ਕੰਮ ਲੈ ਰਹੀ ਹੈ ਕਿਉਂਕਿ ਉਹ 'ਗੰਗਾ ਗਏ, ਗੰਗਾ ਰਾਮ, ਜਮਨਾ ਗਏ, ਜਮਨਾ ਦਾਸ' ਹਨ। ਹਾਂ, ਪੰਗਤ ਵਿਚ ਬੈਠ ਕੇ, ਇਕ ਮੇਜ਼ ਤੇ ਬੈਠ ਕੇ ਤਾਂ ਹਿੰਦੂ ਵੀਰਾਂ ਨਾਲ, ਬਲਕਿ ਸੰਸਾਰ ਦੇ ਹਰਿੱਕ ਮਨੁੱਖ ਨਾਲ ਰੋਟੀ ਖਾਧੀ ਜਾ ਸਕਦੀ ਹੈ, ਪਰ ਇਹ ਰੋਟੀ ਬੇਟੀ ਦੀ ਸਾਂਝ ਨਹੀਂ ਕਹੀ ਜਾ ਸਕਦੀ।

੩੦. ਠੀਕ ਹੈ, ਸਿੱਖ ਸਾਹਿੱਤ ਵਿਚ ਬਥੇਰੇ ਸ਼ਬਦ ਸੰਸਕ੍ਰਿਤ ਦੇ ਹਨ, ਪਰ ਇਸ ਦਾ ਕਾਰਨ ਅੰਕ ੪ ਵਿਚ ਲਿਖਿਆ ਜਾ ਚੁੱਕਾ ਹੈ। ਇਸ ਤਰ੍ਹਾਂ ਤਾਂ ਸਿੱਖ ਲਿਟਰੇਚਰ ਵਿਚ ਅਰਬੀ, ਫਾਰਸੀ ਦੇ ਵੀ ਅਨੇਕ ਸ਼ਬਦ ਹਨ ਪਰ ਉਨ੍ਹਾਂ ਕਾਰਨ ਸਿੱਖਾਂ ਨੂੰ ਮੁਸਲਮਾਨ ਨਹੀਂ ਗਰਦਾਨਿਆਂ ਜਾ ਸਕਦਾ। ਇਸੇ ਤਰ੍ਹਾਂ ਸਿੱਖਾਂ ਨੂੰ ਹਿੰਦੂ ਵੀ ਨਹੀਂ ਪੁਕਾਰਿਆਂ ਜਾ ਸਕਦਾ। ਗੁਰੂ ਤੇਗ ਬਹਾਦਰ ਦਾ ਨਾਉਂ ਫਾਰਸੀ ਵਿਚ ਹੈ, ਸਾਹਿਬ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੇ ਨਾਉਂ ਸੰਸਕ੍ਰਿਤ ਤੇ ਹਿੰਦੀ ਵਿਚ

ਹਨ ਅਤੇ ਸਾਹਿਬ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਦੇ ਫਾਰਸੀ ਵਿਚ ਹਨ।

ਜ਼ਾਤੀ ਤੌਰ ਤੇ ਮੇਰੇ ਕਈ ਹਿੰਦੂ ਦੋਸਤ ਭਾਰਤੀਯ ਸਵਯੰ-ਸੇਵਕ ਸੰਘ ਦੇ ਮੈਂਬਰ ਹਨ। ਕੇਨੀਆਂ ਦੀ ਰਾਜਧਾਨੀ ਨਿਰੋਬੀ ਵਿਚ, ਸੰਨ ੧੯੭੦ ਤੋਂ ੧੯੭੫ ਤਾਈਂ, 'ਦੀਨ ਦਿਆਲ ਭਵਨ' ਵਿਚ ਮੈਨੂੰ ਆਪਣੇ ਸੰਘੀ ਮਿੱਤਰਾਂ ਦੀ ਇੱਛਾ ਅਨੁਸਾਰ ਸੰਘ ਦੇ ਵਾਰਸ਼ਿਕ ਸਮਾਗਮਾਂ ਵਿਚ, ਦਸਮੇਸ਼ ਜੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨਾਂ ਬਾਰੇ, ਹਿੰਦੀ ਵਿਚ ਭਾਸ਼ਨ ਕਰਨ ਦਾ ਸਮਾਂ ਵੀ ਮਿਲਿਆ। ਮੈਂ ਉਨ੍ਹਾਂ ਨਾਲ ਪੰਗਤ ਵਿਚ ਬੈਠ ਕੇ ਪ੍ਰੀਤੀ ਭੋਜਨ ਵੀ ਛਕਦਾ ਸਾਂ। ਇਸ ਦੇਸ਼ ਵਿਚ ਵੀ ਮੇਰੀ ਉਨ੍ਹਾਂ ਦੋਸਤਾਂ ਨਾਲ ਦੁੱਖ ਸੁੱਖ ਦੀ ਸਾਂਝ ਹੈ। ਵਿਆਹਾਂ ਸ਼ਾਦੀਆਂ ਤੇ ਵੀ ਆਪੋ ਵਿੱਚੀਂ ਆਉਣਾ ਜਾਣਾ ਹੈ। ਹੋਰ ਪੰਜਾਬੀ ਤੇ ਗੁਜਰਾਤੀ ਆਰੀਆ ਸਮਾਜੀ ਤੇ ਸਨਾਤਨ ਧਰਮੀ ਵੀ ਮੇਰੇ ਦੋਸਤ ਹਨ। ਪਰ ਉਹ ਸਿੱਖ ਨਹੀ, ਮੈਂ ਹਿੰਦੂ ਨਹੀਂ, ਜਿਵੇਂ ਪੰਜਾਬੀ ਤੇ ਗੁਜਰਾਤੀ ਮੁਸਲਮਾਨ ਤੇ ਈਸਾਈ ਵੀ ਮੇਰੇ ਮਿੱਤਰ ਹਨ, ਪਰ ਨਾ ਉਹ ਸਿੱਖ ਹਨ ਅਤੇ ਨਾ ਮੈਂ ਮੁਸਲਮਾਨ ਹਾਂ।

ਹਰਿੱਕ ਧਰਮ ਨੂੰ ਬੰਦੇ ਅਪਣਾਉਂਦੇ ਜਾਂ ਛੱਡਦੇ ਹਨ ਪਰ ਮੈਜੋਰਿਟੀ ਵਾਲੇ ਧਰਮਾਂ ਵਿਚ ਆਏ ਜਾਂ ਗਏ ਦਾ ਪਤਾ ਘੱਟ ਲੱਗਦਾ ਹੈ ਅਤੇ ਮਾਈਨੋਰਿਟੀ ਵਾਲੇ ਧਰਮਾਂ ਵਿੱਚ ਜ਼ਿਆਦਾ। ਹਾਂ, ਕਈ ਵਾਰ ਗੱਲ ਇਸ ਤੋਂ ਉਲਟ ਵੀ ਹੋ ਜਾਂਦੀ ਹੈ।

ਸੁਆਰਥ ਦੇ ਕਾਰਨ ਸਾਨੂੰ ਇਨ੍ਹਾਂ ਧਰਮ-ਬਦਲੀਆਂ ਦਾ ਦੁੱਖ ਸੁੱਖ ਵੀ ਹੁੰਦਾ ਹੈ। ਜਦ ਸ਼ੂਦਰ ਕਹੀ ਜਾਣ ਵਾਲੇ ਹਿੰਦੂ ਭਰਾਵਾਂ ਦੇ ਈਸਾਈ, ਸਿੱਖ, ਬੋਧੀ ਜਾਂ ਮੁਸਲਮਾਨ ਬਣਨ ਦਾ ਤੌਖਲਾ ਮਹਾਤਮਾ ਗਾਂਧੀ ਨੂੰ ਹੋਇਆ ਤਾਂ ਉਸ ਨੇ ਭੁੱਖ ਹੜਤਾਲ ਕਰ ਮਾਰੀ ਅਤੇ ਉਨ੍ਹਾਂ ਨੂੰ 'ਹਰੀਜਨ' ਨਾਉਂ ਦੇ ਕੇ ਚਮਲਾ ਦਿੱਤਾ। ਪਰ ਆਪ 'ਹਰੀਜਨ' ਨਾਂ ਅਖਵਾਇਆ। ਜਦੋਂ ਸੰਘੀਆਂ ਨੇ ਗ਼ਲਤੀ ਖਾਧੀ ਅਤੇ ਸੋਚਿਆ ਕਿ ਗਾਂਧੀ ਜੀ ਮੁਸਲਮਾਨਾਂ ਦੇ ਹੱਕ ਵਿਚ ਹਨ ਤਾਂ ਇਕ ਅੱਤਵਾਦੀ ਸਿਰਫਿਰੇ ਨੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਮੇਰੇ ਇਕ ਸੰਘੀ ਮਿੱਤਰ ਨੇ ਨੈਰੋਬੀ ਵਿਚ ਇਕ ਵਾਰੀ ਮੇਰੇ ਨਾਲ ਮਹਾਤਮਾ ਜੀ ਬਾਰੇ ਗੱਲ ਕਰਦਿਆਂ ਇਹ ਸ਼ਬਦ ਵੀ ਕਹੇ ਸਨ; ਗਾਂਧੀ ਮਹਾਤਮਾ ਨਹੀਂ ਸੀ। ਉਹ ਰਾਸ਼ਟਰ ਦਾ ਵੈਰੀ ਸੀ, ਉਪਰੋਂ ਹਿੰਦੂ ਸੀ, ਅੰਦਰੋਂ ਮੁਸਲਮਾਨ ਸੀ। ਉਹ ਮਰ ਗਿਆ ਤਾਂ ਕਿਹੜੀ ਆਖਿਰ ਆ ਗਈ? ਸਗੋਂ ਚੰਗਾ ਹੋਇਆ, ਉਸ ਦੀ ਮੌਤ ਨਾਲ ਰਾਸ਼ਟਰ ਨੂੰ ਕੋਈ ਘਾਟਾ ਨਹੀਂ। ਉਸ ਵਰਗੇ ਰਾਸ਼ਟਰ ਵੈਰੀ ਹੋਰ ਬਥੇਰੇ ਹਨ।'

ਉਪਰਲੀ ਸਾਰੀ ਵਿਚਾਰ ਤੋਂ ਸਪੱਸ਼ਟ ਹੈ ਕਿ ਹਿੰਦੂ ਤੇ ਸਿੱਖਾਂ ਦੇ ਸਾਰੇ ਰੀਤ ਰਿਵਾਜ, ਪਰੰਪਰਾਵਾਂ, ਪਰਯੋਜਨ ਅਤੇ ਸੁਆਰਥ ਇਕ ਨਹੀਂ। ਕੁੱਝ ਗੱਲਾਂ ਜ਼ਰੂਰ ਸਾਂਝੀਆਂ ਹਨ। ਇਉਂ ਤਾਂ ਸਿੱਖਾਂ ਦੇ ਕਈ ਸਿਧਾਂਤ ਮੁਸਲਮਾਨਾਂ ਤੇ ਈਸਾਈਆਂ ਨਾਲ ਵੀ ਮਿਲਦੇ ਹਨ। ਰੱਬ ਦੀ ਹਸਤੀ ਨੂੰ ਤਾਂ ਸਾਰੇ ਹੀ ਮੰਨਦੇ ਹਨ, ਭਾਵੇਂ ਬੋਧ ਧਰਮ ਇਸ ਬਾਰੇ ਚੁੱਪ ਹੈ। ਪਰ ਦੇਸ਼ ਅਤੇ ਕਾਲ ਅਨੁਸਾਰ ਵਿਸਥਾਰ ਤੇ ਬਾਰੀਕੀਆਂ ਸਾਰੇ ਧਰਮਾਂ ਦੀਆਂ ਜੁਦਾ ਜੁਦਾ ਹਨ। ਸੋ ਜਿਵੇਂ ਸਿੱਖ ਸਮਾਜ

ਮੁਸਲਮਾਨ ਤੇ ਈਸਾਈਆਂ ਦਾ ਅੰਗ ਨਹੀਂ, ਇਸੇ ਤਰ੍ਹਾਂ ਹੀ ਹਿੰਦੂ-ਸਮਾਜ ਦਾ ਅੰਗ ਨਹੀਂ। ਸਾਡੇ ਗਰੰਥ, ਸਾਡੇ ਮੰਦਿਰ, ਸਾਡੇ ਚਿੰਨ੍ਹ, ਸਾਡਾ ਨਿਸ਼ਾਨ ਸਾਹਿਬ, ਸਾਡਾ ਪਾਠ, ਸਾਡੀ ਅਰਦਾਸ, ਸਾਡੀ ਰਹਿਤ, ਸਾਡੇ ਤੀਰਥ, ਸਾਡੇ-ਪੁਰਬ, ਸਾਡੇ ਸੰਸਕਾਰ, ਸਾਡੇ ਗ੍ਰੰਥੀ, ਗਿਆਨੀ, ਕੀਰਤਨੀਏ, ਕਥਾਕਾਰ, ਪਰਚਾਰਕ ਅਤੇ ਢਾਡੀ ਸਭ ਹਿੰਦੂਆਂ ਨਾਲੋਂ ਵਖਰੇ ਹਨ। ਹਿੰਦੂ ਸਾਡੇ ਭਰਾ ਹਨ, ਸਾਡਾ ਉਨ੍ਹਾਂ ਨਾਲ ਪਿਆਰ ਹੈ, ਉਹ ਸਾਡੀ ਪਨੀਰੀ ਹਨ। ਸਾਨੂੰ ਉਹ ਹੋਰ ਸਾਰੀ ਦੁਨੀਆਂ ਨਾਲੋਂ ਨੇੜੇ ਹਨ। ਇਸ ਨੇੜਤਾ ਦੇ ਕਾਰਨ ਸੁਆਰਥ ਟਕਰਾ ਜਾਂਦੇ ਹਨ, ਤਾਂ ਹੀ ਤਾਂ ਪੰਜਾਬੀ ਹਿੰਦੂਆਂ ਨੇ ਆਪਣੀ ਮਾਤ੍ਰਿ-ਭਾਸ਼ਾ, ਪੰਜਾਬੀ ਹੁੰਦੇ ਹੋਏ ਵੀ ਆਪਣੀ ਮਾਦਰੀ ਜ਼ਬਾਨ ਹਿੰਦੀ ਲਿਖਵਾਈ ਸੀ। ਸਗੋਂ ਹਰੀਜਨਾਂ ਨੂੰ ਵੀ ਪ੍ਰੇਰਕੇ ਉਨ੍ਹਾਂ ਪਾਸੋਂ ਵੀ ਇਹ ਭੁੱਲ ਕਰਵਾਈ ਸੀ।

ਮਾਸਟਰ ਤਾਰਾ ਸਿੰਘ ਦਾ ਜਨਮ ਹਿੰਦੂ ਘਰਾਣੇ ਵਿਚ ਹੋਇਆ ਸੀ। ਉਨ੍ਹਾਂ ਦਾ ਹਿੰਦੂ ਨਾਉਂ 'ਨਾਨਕ ਚੰਦ' ਸੀ। ਉਹ ਮਸਤੂਆਣੀਏ ਸੰਤ ਅਤਰ ਸਿੰਘ ਜੀ ਦੇ ਜਥੇ ਤੋਂ ਅੰਮ੍ਰਿਤ ਪਾਨ ਕਰਕੇ ਸਿੰਘ ਸਜੇ ਸਨ। ਇਕ ਵਾਰੀ ਮਾਸਟਰ ਜੀ ਨੂੰ ਕਿਹਾ ਗਿਆ ਕਿ ਸਿੱਖ ਤਾਂ ਹਿੰਦੂ ਹੀ ਹਨ। ਉਨ੍ਹਾਂ ਉਤਰ ਦਿੱਤਾ, "ਜੇ ਸਿੱਖ 'ਹਿੰਦੂ' ਹਨ ਤਾਂ ਹਿੰਦੂ ਹਿੰਦੂ ਨਹੀਂ। 'ਸਿੱਖ' ਸਿੱਖ ਹਨ ਤਾਂ ਹਿੰਦੂ ਸਿੱਖ ਨਹੀਂ, ਭਾਵ ਹਿੰਦੂ ਅਤੇ ਸਿੱਖ ਇਕ ਨਹੀਂ।"

'ਸੌ ਸੌ ਹੱਥ ਰੱਸਾ, ਸਿਰੇ ਤੇ ਗੰਢ'। ਇਹ ਇਤਿਹਾਸਿਕ ਸਚਾਈ ਹੈ ਕਿ ਸਿੱਖ ਕੌਮ ਆਪਣੇ ਆਪ ਵਿਚ ਪੂਰੀ, ਵੱਖਰੀ ਕੌਮ ਹੈ, ਹਿੰਦੂ ਕੌਮ ਦਾ ਅੰਗ ਸੁਪਨੇ ਵਿਚ ਵੀ ਨਹੀਂ।

*ਵੈਸਾਖੀ, ੧੯੮੩*

# ਗੁਰਸਿੱਖ-ਪ੍ਰੀਤਿ

ਇਹ ਕਵਿਤਾ, ਜੈਤਸਰੀ ਕੀ ਵਾਰ ਮਹਲਾ ੫ ਦੀ ਪਉੜੀ

'ਜਿਉ ਮਛਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ।।
ਬੂੰਦ ਵਿਹੂਣਾ ਚਾਤ੍ਰਿਕੋ ਕਿਉਕਰਿ ਤ੍ਰਿਪਤਾਵੈ ।।
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ।।
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ।।
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ, ਦੇਖਿ ਦਰਸੁ ਅਘਾਵੈ ।।੧੨।। ਪੰਨਾ
੭੦੮

ਦੇ ਚਾਨਣ ਵਿਚ ਲਿਖੀ ਗਈ ਹੈ।

ਮੱਛੀ-ਫਾੜੇ ਨੇ ਫੜੀ ਜਾ ਇਕ ਮੱਛੀ, ਚੀਰ ਫਾੜ ਕੇ ਫਾਕੜਾਂ ਕੀਤੀਆਂ ਸੂ,
ਕਈ ਤਰ੍ਹਾਂ ਨਾਂ ਰਿੰਨ੍ਹ ਬਣਾ ਕਰ ਕੇ, ਝੱਟ ਪੱਟ ਹੀ ਖਾ ਸਭ ਲੀਤੀਆਂ ਸੂ,
'ਪਾਣੀ ! ਪਾਣੀ !' ਹੀ ਫਿਰ ਕੁਰਲਾਣ ਲੱਗਾ, ਕਈ ਬਾਟੀਆਂ ਭਰ ਚਾ ਪੀਤੀਆਂ ਸੂ।
ਹਾਲਤ ਓਸ ਦੀ ਦੇਖੀ ਜਾਂ ਇੱਕ ਦਾਨੇ, ਗੱਲਾਂ ਸਾਰੀਆਂ ਸਮਝ ਤਾਂ ਲੀਤੀਆਂ ਸੂ।
'ਦਾਣਾ ਪਾਣੀ ਉਹ ਸੱਭ ਮੁਕਾ ਗਈ ਸੀ, ਕਾਹਦੇ ਆਸਰੇ ਯਾਦ ਇਹ ਕਾਇਮ ਰਹਿਗੀ?'
'ਓਸੇ ਤਾਰ ਅਗੰਮੀ ਦੇ ਆਸਰੇ ਹੈ, ਜਿਨਹੂੰ ਆਖਦੀ ਦੁਨੀਂ 'ਪ੍ਰੇਮ' ਹੈਗੀ।'
ਗੰਗਾ ਕੰਢੇ ਇੱਕ ਰੁੱਖ ਦੇ ਟਾਹਣ ਉਤੇ, ਚਾਤ੍ਰਿਕ ਇੱਕ ਬੈਠਾ ਪਿਆ ਵਿਲਕਦਾ ਸੀ,
ਸ੍ਵਾਂਤਿ-ਬੂੰਦ-ਦਾਤਾ ਜਦੋਂ ਗੱਜਦਾ ਸੀ, ਮਨਿ ਆਸ, ਪ੍ਰੇਮੀ ਤਦੋਂ ਵਿਗਸਦਾ ਸੀ।
ਤਾਹੀਂ ਖ਼ਬਰ ਜਾਂ ਆ ਗਿਆ ਇੱਕ ਫਾਂਧੀ, ਕਿੰਨੀ ਦੇਰ ਤੋਂ ਜੋ ਪਿਆ ਭਟਕਦਾ ਸੀ।
ਬੰਨ੍ਹਿ ਸ਼ਿਸਤ ਜਾਂ ਛੱਡਿਆ ਤੀਰ ਓਹਨੇ, ਗੰਗਾ ਡਿਗਿ ਪਪੀਹਾ ਉਹ ਤੜਫਦਾ ਸੀ।
ਤ੍ਰਿਖਾਵੰਤ, ਮੂੰਹ ਮੀਟਿ ਆਕਾਸ਼ ਤੱਕੇ, ਗੰਗਾ-ਜਲ ਨਾ ਮੂੰਹ ਵਿਚ ਪੈ ਜਾਏ,
ਆਸਾਵੰਤ ਸੀ ਉਹ ਤਾਂ ਸ੍ਵਾਂਤੀ ਦਾ; ਵੇਂਹਦੇ ਵੇਂਹਦੇ ਹੀ ਨਿਕਲ ਗਏ ਪ੍ਰਾਣ, ਹਾਏ ! ।।੨।।
ਇੱਕ ਫਾਂਧੀ ਨੇ ਘੜੇ ਦੇ ਮੂੰਹ ਉਤੇ, ਪੱਕਾ ਪੱਤਲਾ ਚੰਮ ਚਮੇਟ ਦਿੱਤਾ,
ਉਸ ਵਿੱਚ ਬਾਰੀਕ ਜਿਹਾ ਛੇਕ ਕਰ ਕੇ, ਦੂਰ ਜਾ ਮੈਦਾਨ ਚ' ਰੱਖ ਦਿੱਤਾ।
ਘੰਡੇ-ਹੇੜੇ ਦਾ ਸ਼ਬਦ ਜਾਂ ਹਰਨਿ ਸੁਣਿਆ, ਭਰੀ ਚੌਂਕੜੀ, ਉਧਰੇ ਮੂੰਹ ਕੀਤਾ।
'ਪੌਣ ਕਿਹਾ, 'ਨਾ ਜਾਹ, ਨਾ ਜਾਹ, ਵੀਰਾ !' ਸੁਣੇਂ ਸ਼ਬਦ ਜੋ, ਸਮਝ, ਉਹ ਮੈਂ ਕੀਤਾ।'
ਮੰਨੀ ਉੱਕੀ ਹੀ ਗੱਲ ਨਾ ਮਿਰਗੜੇ ਨੇ, ਛਾਲਾਂ ਮਾਰਦਾ ਘੜੇ ਦੇ ਪਾਸ ਆਇਆ।
ਫੜਿਆ ਗਿਆ ਪਰ ਤਾਂ ਭੀ ਮਸਤ ਰਿਹਾ, ਪ੍ਰੇਮੀ ਸ਼ਬਦ ਦਾ, ਜ਼ਰਾ ਨਾ ਘਬਰਾਇਆ।।੩।।
ਸੂਰਜ ਦੇਖਦੇ ਸਾਰ ਜਾਂ ਕਉਲ ਖਿੜਿਆ, ਮਸਤ ਭੌਰਾ ਭੀ ਉਪਰੇ ਆਣਿ ਬੈਠਾ।

ਤੇਜ-ਸੂਰ-ਕਿਰਣਾਂ ਚੋਭਾਂ ਮਾਰੀਆਂ ਨੇ, ਕਿਹਾ, 'ਉੱਡ ਜਾਹ, ਦੇਣ ਕਿਉਂ ਪ੍ਰਾਣ ਬੈਠਾ ?'
ਉਹਨੂੰ ਪਤਾ ਸੀ, ਕਉਲ ਉਹ ਬੰਦ ਹੋਸੀ, ਰਿਹਾ ਧੁਨ-ਦਾ-ਮਸਤ ਸਭ ਜਾਣ ਬੈਠਾ,
ਕਿਉਂਕਿ 'ਪ੍ਰੇਮ ਕੀ, ਕੋਈ ਅਨ-ਪ੍ਰੇਰਨਾ ਕੀ !' ਇਹ ਭੇਦ ਸੀ ਉਹ ਸਿਖਲਾਣ ਬੈਠਾ।
ਬੇਪ੍ਰੀਤੀ ਦਾ ਕੁੱਝ ਨਾ ਗਹੁ ਕੀਤਾ, ਦਿਨ ਛਿਪਦਿਆਂ ਕਉਲ ਭੀ ਬੰਦ ਹੋਇਆ,
ਦਮ ਘੁੱਟਿਆ, ਭਉਰਿ ਪ੍ਰਾਣ ਦਿੱਤੇ, ਹੂਤੀ ਦਿੰਦਿਆਂ ਬੜਾ ਆਨੰਦ ਹੋਇਆ।।੪।।
ਜੂਨਾਂ-ਟੇਢੀਆਂ-ਪ੍ਰੇਮ ਇਹ ਦੱਸਦਾ ਹੈ, ਲੋੜ ਸਿੱਖ ਨੂੰ ਦ੍ਰਿੜ੍ਹ-ਵਿਸ਼ਵਾਸ ਦੀ ਹੈ,
ਅੰਮ੍ਰਿਤ ਪਾਲਣਾ ਗੁਰੂ ਦਸਮੇਸ਼ ਜੀ ਦਾ, ਨਹੀਂ ਮੰਨਣੀ ਈਨ ਸੰਸਾਰ ਦੀ ਹੈ,
ਸਦਾ ਰੱਖਣੀ ਆਸ ਹੈ ਵਾਹਿਗੁਰੂ ਤੇ, ਜੁਗਤਿ ਸਿਖਣੀ 'ਮੈਂ-ਮੈਂ' ਦੇ ਨਾਸ਼ ਦੀ ਹੈ,
ਗੁਰੂ ਗ੍ਰੰਥ-ਤੇ-ਪੰਥ ਦੀ ਸੇਵ ਕਰਨੀ, ਚੱਕੀ ਪੀਸਣੀ ਦਾਸਾਂ ਦੇ ਦਾਸ ਦੀ ਹੈ।
ਘਾਟੀ ਅਉਖੀ ਪਰ ਬਹੁਤ ਹੈ ਇਹ, ਅੜਿਆ ! ਥੱਲੇ ਤਿਲਕਣ, ਪਰ ਚੋਟੀ ਤੇ ਪੁੱਜਣਾ ਹੈ,
'ਰਤਨ' ! ਪੈਰ ਜਮਾ ਜਮਾ ਟੁਰ ਤੂੰ, ਚਾਹੁੰਦੈਂ ਉਸ ਮੰਜ਼ਿਲ ਤੇ ਜੇ ਤੂੰ ਪੁੱਜਣਾ ਹੈ ।।੫।।

੧੯੩੪

## ਲਾਈਏ ਤੋੜ ਨਿਭਾਈਏ

ਪਹਿਲਾਂ ਸੋਚਕੇ ਸਿਟੇ ਨੂੰ ਕੰਮ ਕਿਸੇ ਹੱਥ ਪਾਈਏ ਫਿਰ
ਕੇਰਾਂ ਕੰਮ ਨੂੰ ਹੱਥ ਪਾ ਕੇ ਪੂਰਾ ਉਸ ਨੂੰ ਕਰ ਦਿਖਾਈਏ ਫਿਰ
ਕਰਨਾ ਕੰਮ ਜੋ ਹੈ ਉਚਿਤ ਕੰਮ ਕਰਨ ਦੀ ਹੱਦ ਮੁਕਾਈਏ ਫਿਰ
ਪ੍ਰੇਮ ਪੰਥ ਤੇ ਚਲ ਪਈਏ ਤਾਂ ਰਤੀ ਖੰਮ ਨ ਖਾਈਏ ਫਿਰ
ਜੇ ਪ੍ਰੇਮੀ ਵਿਖ ਭਰ ਆਉਂਦਾ ਹੈ ਸੋ ਕਦਮਾਂ ਉਸ ਵਲ ਜਾਈਏ ਫਿਰ
ਨਾ ਲਾਈਏ ਤਾਂ ਨਾ ਲਾਈਏ ਜੇ ਲਾਈਏ ਤੋੜ ਨਿਭਾਈਏ ਫਿਰ।

(1937)

| ਅੰਦਰ ਝਾਤ |
| --- |
| (ੳ) ਇਹ ਕਾਹਦੀਆਂ ਪ੍ਰੀਤਾਂ ਨੇ |
| (ਅ) Our auspicious baisakhi and a little |
| heart-searching |
| (ੲ) ਮੇਰੀ ਵੀ ਸੁਣੋ |
| (ਸ) ਨੀਲ ਬਸਤ੍ਰ ਲੇ ਕਪੜੇ ਪਹਿਰੇ |

# ਇਹ ਕਾਹਦੀਆਂ ਪ੍ਰੀਤਾਂ ਨੇ ..?

ਇਹ ਕਾਹਦੀਆਂ ਪ੍ਰੀਤਾਂ ਨੇ ਜੇ ਸਚੀਆਂ ਪ੍ਰੀਤਾਂ ਨਹੀਂ!
ਇਹ ਕਾਹਦੀਆਂ ਰੀਤਾਂ ਨੇ ਜੇ ਦਿਲੀ ਪ੍ਰੀਤਾਂ ਨਹੀਂ !
ਅਸੀਂ ਪੂਜਾ ਕਰਦੇ ਹਾਂ, ਅਸੀਂ ਪਾਠ ਵੀ ਕਰਦੇ ਹਾਂ,
ਅਸੀਂ ਹਵਨ ਵੀ ਕਰਦੇ ਹਾਂ, ਅਸੀਂ ਸਜਦੇ ਕਰਦੇ ਹਾਂ,
ਨਮਾਜ਼ਾਂ ਪੜ੍ਹਦੇ ਹਾਂ, ਅਸੀਂ ਰੋਜ਼ੇ ਰੱਖਦੇ ਹਾਂ,
ਅਸੀਂ ਵਰਤ ਵੀ ਰੱਖਦੇ ਹਾਂ, ਅਸੀਂ ਰਹਿਤਾਂ ਰਖਦੇ ਹਾਂ,
ਅਸੀਂ ਸ਼ਰ੍ਹਾ ਦੇ ਪਾਬੰਦ ਹਾਂ, ਅਸੀਂ ਜੰਞੂ ਪਾਂਦੇ ਹਾਂ,
ਅਸੀਂ ਤਿਲਕ ਲਗਾਂਦੇ ਹਾਂ, ਅਸੀਂ ਯੱਗ ਕਰਾਂਦੇ ਹਾਂ,
ਦੀਵਾਨ ਸਜਾਂਦੇ ਹਾਂ, ਲੰਗਰ ਛਕਵਾਂਦੇ ਹਾਂ,
ਇਹ ਕੰਮ ਤਾਂ ਚੰਗੇ ਨੇ, ਪਰ ਲਾਭ ਵਧੇਰੇ ਨਹੀਂ।
ਕਿਉਂ ? ਜੀਵਨ ਮੰਦੇ ਨੇ, ਇਹ ਮੰਦਿਓਂ ਮੰਦੇ ਨੇ,
ਜੀਵਨ-ਪਰਿਵਰਤਨ ਨਹੀਂ, ਨਿਜ-ਆਤਮ-ਦਰਸ਼ਨ ਨਹੀਂ।
ਇਹ ਕਾਹਦੀਆਂ ਪ੍ਰੀਤਾਂ ਨੇ।
ਕੀ ਹੋਇਆ ਜੇ
ਕਬਰਾਂ ਤਾਂ ਗਹਿ-ਗਚੀਆਂ, ਕਬਰਾਂ ਤਾਂ ਚਿਟ-ਚਿਟੀਆਂ,
ਜੇ ਮੁਰਦੇ ਮੰਦੇ ਨੇ, ਕੋਈ ਭੈੜੇ ਬੰਦੇ ਨੇ !
ਕੀ ਹੋਇਆ ਜੇ
ਨ੍ਹਾ ਲੀਤਾ ਹਾਥੀਆਂ ਨੇ, ਨ੍ਹਾ ਲੀਤਾ ਗਧਿਆ ਨੇ ?
ਉਨ੍ਹਾਂ ਪ੍ਰੀਤ ਤਾਂ ਖੇਹਾਂ ਦੀ, ਕੀ ਸਾਰ ਸਨੇਹਾਂ ਦੀ ?
ਕੀ ਹੋਇਆ ਜੇ
ਕਾਵਾਂ ਦੀਆਂ ਡਾਰਾਂ ਨੂੰ ਦੁਰ-ਗੰਧ ਸਨੇਹੀਆਂ ਨੂੰ,
ਕਪੂਰ ਚਖਾ ਦਿੱਤਾ, ਚੰਦਨ ਸੁੰਘਾ ਦਿੱਤਾ ?
ਉਨ੍ਹਾਂ ਗੰਦ-ਪ੍ਰੀਤੀ ਹੈ, ਉਨ੍ਹਾਂ ਮੰਦ-ਪ੍ਰੀਤੀ ਹੈ !
ਕੀ ਹੋਇਆ ਜੇ
ਬਾਂਦਰ ਨੇ ਗਲ ਆਪਣੇ ਮਣੀ ਰਤਨ ਪ੍ਰੋਈ ਹੈ
ਉਸ ਸਾਰ ਕੀ ਰਤਨਾਂ ਦੀ ? ਉਸ ਸਾਰ ਕੀ ਲਾਲਾਂ ਦੀ ?
ਕੀ ਹੋਇਆ ਜੇ

ਬਗਲਾ ਇਕ-ਟੰਗਾ ਹੋ ਪਿਆ ਧਿਆਨ ਲਗਾਂਦਾ ਹੈ !
ਕਿਉਂ ? ਉਹ ਦੰਭ ਰਚਾਂਦਾ ਹੈ, ਮੱਛੀ ਨੂੰ ਫਸਾਂਦਾ ਹੈ !
ਕੀ ਹੋਇਆ ਜੇ
ਕੋਈ ਮਿਰਗ-ਸ਼ਿਕਾਰੀ ਵੀ ਪਿਆ ਸਜਦੇ ਕਰਦਾ ਹੈ !
ਕੀ ਅੱਲਾ-ਪ੍ਰੀਤੀ ਇਹ ? ਨਹੀਂ, ਨੀਤ ਅਨੀਤੀ ਇਹ !
ਕੀ ਹੋਇਆ ਜੇ
ਕਹਿਆਂ ਵੀ ਖਾਲਿਸ ਬਣ ਪਿਆ ਚਮਕ ਦਿਖਾਂਦਾ ਹੈ,
ਪਿਆ ਦਮਕ ਦਿਖਾਂਦਾ ਹੈ ! ਉਸ ਅੰਦਰ ਕਾਲਿਕ ਹੈ,
ਕਾਲਿਕ ਦਾ ਮਾਲਿਕ ਹੈ !
ਕੀ ਹੋਇਆ ਜੇ
ਮਲਿਆਗਿਰ ਪਰਬਤ ਦੇ ਚੰਦਨ ਦਾ ਨਿਕਟੀ ਹੈ,
ਪਰ ਬਾਂਸ ਵਿਚਾਰੇ ਨੂੰ, ਕੀ ਸਾਰ ਸੁਗੰਧੀ ਦੀ !
ਕੀ ਹੋਇਆ ਜੇ
ਸਿੰਬਲ ਦਾ ਰੁਖੜਾ ਵੀ ਉਚਾ ਹੋ ਬਹਿੰਦਾ ਹੈ,
ਸੁੱਚਾ ਹੋ ਬਹਿੰਦਾ ਹੈ, ਤੋਤੇ ਵੀ ਭੁਲਦੇ ਨੇ,
ਉਹ ਦੀ ਆਸ 'ਤੇ ਫੁਲਦੇ ਨੇ,
ਉਹਦਾ ਅੰਦਰ ਫਿੱਕਾ ਹੈ, ਉਹਦਾ ਬਾਹਿਰ ਫਿੱਕਾ ਹੈ,
ਉਹਦੇ ਫੱਲ ਨੇ ਫਿਕ-ਫਿੱਕੇ, ਉਹ ਦੇ ਫੁਲ ਨੇ ਬਕਬਕੇ !
ਇਹ ਕਾਹਦੀਆਂ ਪ੍ਰੀਤਾਂ ਨੇ !
ਭਾਵੇਂ ਨੈਣ ਤਾਂ ਇੱਕੋ ਨੇ, ਭਾਵੇਂ ਬੈਣ ਤਾਂ ਇੱਕੋ ਨੇ,
ਮੰਦਿਰ ਵੀ ਓਹੀ ਹੈ, ਮਸਜਿਦ ਵੀ ਓਹੀ ਹੈ,
ਪੂਜਾ ਵੀ ਓਹੀ ਹੈ, ਨਮਾਜ਼ ਵੀ ਓਹੀ ਹੈ,
ਕੁਰਾਨ ਵੀ ਓਹੀ ਹੈ, ਪੁਰਾਨ ਵੀ ਓਹੀ ਹੈ,
ਭਾਵੇਂ ਰਾਮ ਵੀ ਓਹੀ ਹੈ, ਰਹੀਮ ਵੀ ਓਹੀ ਹੈ,
ਅੱਲਾ ਵੀ ਓਹੀ ਹੈ, ਅਭੇਖ ਵੀ ਓਹੀ ਹੈ,
ਪਰ ਖਹੀਏ ਬਾਂਗਾਂ ਤੇ, ਅਸੀਂ ਤ੍ਰਭਕੀਏ ਵਾਜਿਆਂ ਤੋਂ,
ਅਸੀਂ ਕੁੜੀਏ ਕਬਰਾਂ ਤੋਂ, ਅਸੀਂ ਸੜੀਏ ਸਿਵਿਆ ਤੋਂ,
ਕੋਈ ਨੀਚੁ ਹੈ ਸਾਡੇ ਲਈ, ਮਲੇਸ਼ ਹੈ ਸਾਡੇ ਲਈ,
ਕਿਸੇ ਕਾਫ਼ਿਰ ਕਹਿੰਦੇ ਹਾਂ, ਕਿਸੇ ਦੋਜ਼ਖੀ ਕਹਿੰਦੇ ਹਾਂ,
ਊਚ-ਨੀਚਤਾ ਗੱਜੀ ਹੈ, ਮਾਨੁਖਤਾ ਭੱਜੀ ਹੈ,
ਅਸੀਂ ਰੱਬ ਪਿਆਰੇ ਨੂੰ, ਕੈਦੀ ਬਣਵਾ ਦਿੱਤਾ,
ਪੱਥਰਾਂ ਤੇ ਵਟਿਆਂ ਵਿਚ ਉਸ ਜੂੜ ਬਹਾ ਦਿੱਤਾ,
ਮੰਦਿਰ ਤੇ ਮਸਜਿਦ ਵਿਚ ਉਸ ਨੂੜ ਬਹਾ ਦਿੱਤਾ।

ਇਹ ਕਾਹਦੀਆਂ ਪ੍ਰੀਤਾਂ ਨੇ !
ਅਸੀਂ ਗੰਗਾ-ਜਮਨਾ ਨੂੰ, ਦਜਲੇ 'ਚ ਮਿਲਾਣਾ ਸੀ,
ਫ਼ਰਾਤ ਦੇ ਵੇਗਾਂ ਨਾ ਉਨ੍ਹਾਂ ਮੇਲ ਕਰਾਣਾ ਸੀ,
ਅਸੀਂ ਕਾਨ੍ਹ ਦੀ ਬੰਸੀ ਨੂੰ ਬਸਰੇ 'ਚ ਵਜਾਣਾ ਸੀ,
ਅਸੀਂ ਹਜ਼ਰਤ-ਮਹਿਮਾਂ ਨੂੰ ਅਸਮਾਨ ਪੁਚਾਣਾ ਸੀ,
ਅਸੀਂ ਕੋਹਿ ਹਿਮਾਲਿਆਂ ਦੀ ਚੋਟੀ ਤੇ ਬਹਿਣਾ ਸੀ,
ਅਸੀਂ ਅਪਣੇ ਵਿਹੜੇ ਨੂੰ ਖੁੱਲ੍ਹਾ ਕਰ ਬਹਿਣਾ ਸੀ,
ਪਰ ਅਕਲੋਂ ਖਿੜਕ ਗਏ, ਆਪੋਂ 'ਚੀਂ ਤਿੜਕ ਗਏ,
ਆਪੋਂ 'ਚੀਂ ਪਾਟ ਗਏ।
ਇਹ ਕਾਹਦੀਆਂ ਪ੍ਰੀਤਾਂ ਨੇ !
ਕਿਤੇ ਝਗੜੇ ਗੋਤਾਂ ਦੇ, ਕਿਤੇ ਰਗੜੇ ਜ਼ਾਤਾਂ ਦੇ,
ਕਿਤੇ ਨਾਜ਼ ਨੇ ਜ਼ਿਲਿਆਂ ਦੇ, ਕਿਤੇ ਮਾਣ ਪ੍ਰਾਂਤਾ ਦੇ,
ਕਿਤੇ ਬੋਲੀਆਂ-ਰੌਲਾ ਹੈ, ਦੇਸ਼ਾਂ ਦਾ ਗੌਲਾ ਹੈ,
ਰੰਗਾਂ ਦੀਆਂ ਵੰਡੀਆਂ ਨੇ, ਨਸਲਾਂ ਦੀਆਂ ਝੰਡੀਆਂ ਨੇ।
ਇਹ ਕਾਹਦੀਆਂ ਪ੍ਰੀਤਾਂ ਨੇ।
ਜਿਥੇ ਰਿਸ਼ਵਤ ਖੋਰੀ ਹੈ, ਜਿਥੇ ਵੱਢੀ-ਖੋਰੀ ਹੈ,
ਜਿਥੇ ਸੀਨਾ-ਜ਼ੋਰੀ ਹੈ, ਜਿਥੇ ਧਿੰਙੋ-ਜ਼ੋਰੀ ਹੈ,
ਜਿਥੇ ਚੋਰ ਬਾਜ਼ਾਰੀ ਹੈ, ਜਿਥੇ ਮਾਰਾ-ਮਾਰੀ ਹੈ,
ਪੈਸੇ ਦੀ ਖੁਮਾਰੀ ਹੈ, ਜਿਥੇ ਚੋਰੀਆਂ ਯਾਰੀਆਂ ਤੇ
ਝੂਠਾਂ ਦੇ ਪੁਲ ਬਝਦੇ, ਠਗੀਆਂ ਮਹਿਮਾਨਗੀਆਂ,
ਦਿਨ ਰਾਤੀ ਜੀਅ ਦਝਦੇ, ਪਾਪੀ ਅਪਰਾਧੀਆਂ ਦੇ,
ਚੋਰਾਂ ਜੁਆਰੀਆਂ ਦੇ, ਜਿਥੇ ਪੂੰਜੀ ਪਤੀਆਂ ਦੇ,
ਤੇ ਵਿਹਲੜ ਸ਼ਾਹਾਂ ਦੇ, ਇਨ੍ਹਾਂ ਗੋਗੜ ਮੱਲਾਂ ਦੇ,
ਇਨ੍ਹਾਂ ਸੇਠਾਂ ਬਾਟਿਆਂ ਦੇ ਤ ਬਿਰਲੇ ਟਾਟਿਆਂ ਦੇ,
'ਸੰਤਾਂ' ਦੇ ਟੋਲਿਆਂ ਦੇ, ਸਾਨ੍ਹਾਂ ਦਿਆਂ ਵੱਗਾਂ ਦੇ
ਜਾਂਦੇ ਨੇ ਢਿੱਡ ਭਰਦੇ, ਜਿਥੇ ਦੌਰ ਸ਼ਰਾਬਾਂ ਦੇ,
ਜਿਥੇ ਥਾਲ ਕਬਾਬਾਂ ਦੇ, ਜਿਥੇ ਮੁਜਰੇ ਸਾਹਬਾਂ ਦੇ,
ਜਿਥੇ ਮਹਿਲ-ਮੁਨਾਰੇ ਨੇ, ਜਿਥੇ ਬੰਗਲੇ ਨਿਆਰੇ ਨੇ,
ਨੈਣਾਂ-ਮਟਕਾਰੇ ਨੇ, ਬੁੱਲ੍ਹਾਂ-ਚਟਕਾਰੇ ਨੇ,
ਫੈਸ਼ਨ-ਝਲਕਾਰੇ ਨੇ, ਜਿਥੇ ਕਾਣੀਆਂ ਵੰਡਾਂ ਨੇ,
ਦੁੱਖਾਂ ਦੀਆਂ ਪੰਡਾਂ ਨੇ, ਜ਼ਿਥੇ ਕਾਮੇ ਮਰਦੇ ਨੇ,
ਜਿਥੇ ਕਿਰਤੀ ਮਰਦੇ ਨੇ, ਰੋਟੀ ਦੀ ਬੁਰਕੀ ਲਈ,

ਸੌ ਤਰਲੇ ਕਰਦੇ ਨੇ, ਸੱਪਾਂ ਦੀਆਂ ਸਿਰੀਆਂ ਨੂੰ,
ਪੈਰਾਂ ਨਾ' ਮਲ ਕੇ ਵੀ, ਤੇ ਜ਼ਹਿਰੀ ਨਾਗਾਂ ਨੂੰ,
ਹੱਲ ਥੱਲੇ ਦਲ ਕੇ ਵੀ, ਜਿਥੇ ਅੰਨ ਦੇ ਦਾਤੇ ਨੂੰ,
ਕਿਰਸਾਣ ਵਿਚਾਰੇ ਨੂੰ, ਗੁੱਲੀ ਦਾ ਫਿਕਰ ਵੀ ਹੈ,
ਜੁੱਲੀ ਦਾ ਫਿਕਰ ਵੀ ਹੈ, ਕੁੱਲੀ ਦਾ ਫਿਕਰ ਵੀ ਹੈ,
ਜਿਥੇ ਰੋਣੇ ਧੋਣੇ ਨੇ, ਜਿਥੇ ਭੋਇੰ ਵਿਛੌਣੇ ਨੇ,
ਜਿਥੇ ਰੋਂਦੀਆਂ ਅਖੀਆਂ 'ਚੋਂ ਪਈ ਨੀਰ ਵਗੋਂਦੇ ਨੇ,
ਜਿਥੇ ਦਿਲ ਦੀਆਂ ਆਹਾਂ ਨਾ,
ਲਖ ਸਿਵੇ ਧੁਖੇਂਦੇ ਨੇ, ਉਥੇ ਬੁਲ੍ਹੀਆਂ-ਹਾਸਾ ਕੀ !
ਉਥੇ ਰੰਗ-ਤਮਾਸ਼ਾ ਕੀ ! ਉਥੇ ਰੱਬ ਦਾ ਵਾਸਾ ਕੀ !
ਇਹ ਕਾਹਦੀਆਂ ਪ੍ਰੀਤਾਂ ਨੇ !

*ਜਨਵਰੀ ੧੯੮੩*

---------- 0 -----------

ਮੇਰੇ ਸਾਹਿਬਾ ਤੇਰੀ ਇਹ ਲਾਲਸਾ ਸੀ,
ਮੇਰਾ ਪੁੱਤ ਹੋਵੇ ਬ੍ਰਾਹਮਣ ਖਤਰੀ ਭੀ।
ਵੈਸ਼, ਸੂਦ, ਭਗਤ, ਦਾਤਾ, ਸੂਰਮਾ ਰਸ ਭਿੰਨਾਂ,
ਨਾਲੇ ਜਾਣੇ ਗੁਰ ਮੈਤ੍ਰੀ ਕੀ।
ਸੁਣੀ ਗਈ ਤਿਰੀ ਬਿਨਤੀ ਅਰਸ਼ਾਂ ਤੇ,
ਤਾਹੀਂ ਝੋਲੀ ਤੇਰੀ ਖਾਲਸੇ ਨੂੰ ਪਾ ਰਿਹਾ ਹਾਂ।
ਰਹੁ ਪਾਲਨੀ 'ਰਤਨ' ਪੁੱਤ ਖਾਲਸੇ ਨੂੰ
ਮੈਂ ਵੀ ਗੀਤ ਇਸ ਦਾਤੇ ਦੇ ਹੀ ਗਾ ਰਿਹਾ ਹਾਂ।

---------- 0 ------------

# OUR AUSPICIOUS BAISAKHI AND A LITTLE HEART-SEARCHING

The Baisakhi (Vaishakhi) is one of the best-celebrated seasonal and national festivals of India and Pakistan.

Two hundred and seventy-two years ago, a day before the Baisakhi of 1756 Vikrami (March 30, 1699 A.D.), Shri Guru Gobind Singh, our tenth Nanak, tested us, the Sikhs at Anandpur, near Bhakra Nangal, in Hoshiarpur District of the India Punjab. He announced at large gathering "Is there anyone among you ready to lay down his or her life for Dharma, i.e, Righteouness ?"

Five Sikhs in the following order offered their heads :

(1) Bhai Daya Ram, a Kshatriya of Lahore, aged 30.

(2) Bhai Dharam Dass, a Jat of Delhi, aged 33.

(3) Bhai Himmat Rai, a Water-carrier of Jagan Nath Puri, aged 38.

(4) Bhai Sahib Chand, a Barber of Bidar in the present State of Mysore, aged 37.

(5) Bhai Muhkam Chand, a Washerman of Dwarka Puri, aged 36.

The Satguru's pleasure at this knew no bounds. In brief, addressing the whole congregation, he spoke thus : "O All-steel ! O Wonderful Lord ! I bow my head to Thee with folded hands ! Thou wish me to advance Dharma, the Righteouness ! Thou wish me to emancipate Saints, the Virtuous! Thou wish me to destroy evil-doers root and branch! Now Thou hath helped me by giving 'Mercy', 'Law', 'Courage', 'Mastery' and 'Solidarity' – these virtues

in the form of these my 'Five Beloved Ones'. Thou art so kind to me! I thank Thee from the bottom of my heart! O Mercy! I wanted thee first, so thou hath come! O Divine Law! O Son of Mercy! Hath thou also been sent? Come and stay with thy mother! Come, O Courage! Well-done! Encourage Mercy and Law, the mother and son! I welcome thee, O Mastery! I put thee under the joint charge of Mercy, Law and Courage! Ye all shalt see how I sacrifice my all for the Khalsa! Thou art also welcomed, O Solidarity! Come and join with Mercy, Law, Courage and Mastery so that I may consolidate the Sikh-Brotherhood to fulfil the Divine Mandate entrusted to me! O Five Virtues! Let me baptise thee! O Lucky Mother of the Khalsa! O my betterhalf Sahib Kaur! Be happy! The Akal Purukh hath sent His Son, – Brahmin, Kshatriya, Vaisha and Shoodra in one –into thy lap! Now The Khalsa is our son! Let's take care of him for all ages to come! O Khalsa! I am you! O son! Ye are I''

On the Baisakhi day itself, Mata Sundari whose paternal name was Bibi Jeeto, come with patashas (a kind of sweets made only of sugar). The Guru prepared the Nectar, baptised the above five Sikhs and called them the 'Beloved Ones'. He changed their old names to Bhai Daya Singh, Bhai Dharam Singh, Bhai Himmat Singh, Bhai Sahib Singh and Bhai Muhkam Singh respectively.

After this, Dashmesh begged and persuaded the 'Five Beloved Ones' to baptise him in the same way. The Guruji's former name was also changed from Gobind Rai to Gobind Singh. His own age at the time was 32.

According to the figures given by Gulam Muhi-ud-Din, Emperor Aurangzeb's Reporter at Anandpur, 20,000 Sikhs got themselves baptised and became 'Singhs', i.e., the 'Lion-Hearts' the very same day. In a few days the number of Singhs rose to 80,000.

The following are some of the Rahats i.e., Commandments given by the Great Master to the Singhs at

the Baptism Ceremony on that memorable day :

(1) A Singh must grow un-cut, unshaven hair and beard as were grown by the first nine Gurus and our forefathers of the Vedic Age.

(2) He must always have a comb to keep his hair clean and tidy.

(3) He must always wear a steel bracelet on his wrist so as to remind him that he belongs to the Guru.

(4) He should wear a sword for his own defence and also to help the down-trodden against the oppressors and tyrants.

(5) He should always wear a pair of shorts as was worn by our ancestors of the Epic Age.

(6) He must lead a pure life because he is Khalsa, i.e. the Purified One.

(7) He must not smoke or indulge in any other intoxicants such as wine, opium and Bhang.

(8) He must not eat the flesh of any animal which is not killed with one stroke.

(9) He must set apart one-tenth of his income for any good causes, provided he affords and he himself is not in debt.

(10)He must worship God alone, and not the stones, idols, tombs, gods or goddesses.

(11)From today, all our previous castes and sub-castes are gone. I am no more a Sodhi and you are no more Brahmins, Kshatriyas, Vaishas and Shoodras. We all belong to one 'Khalsa' family.

The same instructions were given to those women who were baptised in the same way. They were each given the surname of 'Kaur', which is a changed form of 'Kanwar', meaning a 'Prince'. A Hindu woman, especially before marriage, is sometimes called a 'Kumari' meaning a 'Princess'. The Guru maintained that every Singh daughter of his was 'Prince' to him.

Now it is a great pity that some of us are drifting away from the teachings of our Great Guru. The following are our three most dangerous weaknesses. Let us discuss them very briefly :

(1) Some self-misguided members of our family, the young and the old alike, take wrong pride in getting their hair shaved and beards cut. They call themselves 'clean-shaved Singhs'. It is but a misnomer. A clean-shaved person may belong to any other community but he is not worthy to be called a Singh at all. By doing this shameful act he cuts himself off from the parent stock. He can no longer draw any inspiration from the matchless achievements of our forefathers. The Sikh history loses all its force and meaning for him. Seeing him, no keen student of Sikh history can say, "Here goes a Sardar". Isn't it is shame that the descendants of those Singhs who gladly accepted to be scalped, sawed, crushed and broken at the wheel rather than let their sacred hair be touched with a razor or scissors, should behave in such an unworthy way ?

(2) Our women-folk are teetotallers, but most of our men-folk are addicted to the use of wine. I don't wish here to go into details in telling unpalatable truths. Suffice it to say that this hankering after alcohol is totally against the sacred vow the pledge taken at the time of baptism. Even some of our leaders, preachers, priests and office-bearers of our religious, educational, social and political institutions and societies are also no exception to this vice. Is it not most deplorable? We cannot show light to others, when we ourselves are still groping in the dark! A blind man can never lead his companions to safety! The fundamentals cannot be, should not be and would not be changed at anyone's sweet will! Guru's orders are orders! "There is not to reason 'why'?" This uncomely behaviour is simply Un-Sikh. For the Guru's sake, let's change the flow of our

thought-waves a little to the right direction!

(3) Our East African brothers specialise in building some caste-dominated Gurudwaras. Again, I don't propose now to go into the pros and cons of this humiliating situation created by the 'un-Sikh way of thinking'. In my humble opinion, we should do away with this anachronism —lock, stock and barrel, for good and all; and the earliest the better! Let's have the management of all our Gurudwaras open to all the Sikhs, irrespective of any castes or sub-castes! Let's learn a lesson from history even now, the lesson we should have learnt a long before! 'United we stand, dividend we fall!' 'Unity is the most important need of the hour for our survival as Sikhs! So, let's say goodbye to this present devil of 'Disunity' even now! It's never too late to mend.

So, without going into details, my appeal, the most earnest one, in the end is: 'O my dear Sisters and Brothers! Let's try to be Singhs and Singhnis in the real sense of the term. I'm afraid, now we aren't! Let's have a little heart-searching! Let's take stock of our present state of affairs! Otherwise there is no use of shouting at the top of our voice: 'Pidram sultan bawad'!'

May Akal Purukh grant us wisdom, the time like this demands, to obey fully and faithfully the unique teachings of our Great Gurujee like true Singhs!

*1964*

# ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ

ਸੰਨ ੧੬੦੪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਣ ਤੋਂ ਪਹਿਲਾਂ 'ਆਸਾ ਦੀ ਵਾਰ' ਕੇਵਲ ੨੪ ਪਉੜੀਆਂ ਦੀ ਹੀ ਸੀ। ਸਾਰੀ ਬਾਣੀ ਨੂੰ ਤਰਤੀਬ ਦੇਣ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਭਾਈ ਗੁਰਦਾਸ ਜੀ ਤੋਂ ਜੁਦੇ ਜੁਦੇ ਸ਼ਬਦਾਂ ਤੇ ਬਾਣੀਆਂ ਦੇ ਮੁੱਢ ਵਿਚ ਸਿਰਲੇਖ ਵੀ ਲਿਖਾਏ। ਏਸੇ ਤਰ੍ਹਾਂ ਉਨ੍ਹਾਂ ਨੇ ਗੁਰ-ਮਹਲਾਂ ਦੇ ਸ਼ਲੋਕਾਂ ਨੂੰ ਵੀ ਵਾਰਾਂ ਦੀਆਂ ਪਉੜੀਆਂ ਤੋਂ ਪਹਿਲਾਂ, ਨਾਲ ਨਾਲ ਵਖੋ ਵਖ ਗਿਣਤੀ ਵਿਚ ਜੋੜ ਦਿਤਾ। ਬਾਕੀ ਸਲੋਕਾਂ ਨੂੰ ਬੀੜ ਦੇ ਅੰਤ ਵਿਚ 'ਸ਼ਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਦਰਜ ਕਰ ਦਿੱਤਾ।

'ਆਸਾ ਦੀ ਵਾਰ' ਦੀ ਛੇਵੀ ਪਉੜੀ ਨਾਲ ਲਾਏ ਗਏ ਦੋ ਸ਼ਲੋਕਾਂ ਵਿਚੋਂ ਦੂਜਾ ਸ਼ਲੋਕ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ। ਉਸ ਦੀ ਪਹਿਲੀ ਤੁਕ 'ਮਿੱਟੀ ਮੁਸਲਮਾਨ ਕੀ ਪੇੜੇ ਪਈ ਕੁਮਿਆਰ' ਹੈ। ਸਿਖ ਇਤਿਹਾਸ ਦੱਸਦਾ ਹੈ ਕਿ ਦਿੱਲੀ ਵਿਚ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਰਾਇ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਤੋਂ ਪੁਛਿਆ ਕਿ ਮੁਸਲਮਾਨ ਬਾਰੇ ਲਿਖੀ ਗਈ ਇਸ ਤੁਕ ਦਾ ਕੀ ਭਾਵ ਹੈ, ਤਾਂ ਬਾਦਸ਼ਾਹ ਦੀ ਲਿਹਾਜ ਵਿਚ ਆ ਕੇ ਬਾਬਾ ਜੀ ਨੇ ਕਹਿ ਦਿੱਤਾ ਕਿ ਅਸਲ ਪਾਠ ਤਾਂ 'ਮਿੱਟੀ ਬੇਈਮਾਨ ਕੀ' ਹੈ, ਲਿਖਾਰੀ ਦੀ ਭੁੱਲ ਨਾਲ 'ਮਿੱਟੀ ਮੁਸਲਮਾਨ ਕੀ' ਲਿਖਿਆ ਗਿਆ ਹੈ। ਇਸ ਤਰ੍ਹਾਂ ਗੁਰੂ ਆਦਰਸ਼ ਨੂੰ ਬਦਲਾਉਣ ਦੀ ਖਬਰ ਜਦ ਗੁਰੂ ਜੀ ਨੂੰ ਮਿਲੀ ਤਾਂ ਉਨ੍ਹਾਂ ਬਾਬਾ ਜੀ ਨੂੰ ਗੁਰਗੱਦੀ ਦੇ ਯੋਗ ਨਾ ਸਮਝਿਆ, ਆਪਣੇ ਖਿਆਲ ਉਨ੍ਹਾਂ ਤਾਈਂ ਪੁਚਾ ਦਿਤੇ ਅਤੇ ਕਹਿ ਦਿੱਤਾ ਕਿ ਤੁਸੀ ਸਾਡੇ ਪਾਸ ਨਾ ਆਉਣਾ ਕਿਉਂਕਿ ਤੁਸੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਘੋਰ ਨਿਰਾਦਰੀ ਕੀਤੀ ਹੈ। ਇਹ ਸਾਰੀ ਘਟਨਾ ਫਰਵਰੀ, ਸੰਨ ੧੬੬੦ ਤੋਂ ਪਿਛੋਂ ਦੀ ਹੈ।

ਸੰਨ ੧੬੮੫ ਵਿਚ ਬਾਬਾ ਰਾਮ ਰਾਇ ਜੀ ਜਮੁਨਾ ਨਦੀ ਤੇ ਆਪਣੇ ਚਾਚਾ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਮਿਲੇ ਸਨ ਅਤੇ ਪਿਛੋਂ ਵੀ ਕਈ ਵਾਰੀ ਗੁਰੂ ਜੀ ਦੇ ਦਰਸ਼ਨ ਕਰਦੇ ਰਹੇ। ਪਰ ਗੁਰਸਿਖੀ ਆਦਰਸ਼ ਵਲ ਮੋੜਾ ਨਾ ਪਾ ਸਕੇ, ਇਸ ਕਰਕੇ ਹੀ ਰਹਿਤਨਾਮਿਆਂ ਵਿਚ ਰਾਮਰਾਈਆਂ, ਭਾਵ ਬਾਬਾ ਰਾਮ ਰਾਇ ਜੀ ਦੇ ਸਿੱਖਾਂ ਨਾਲ ਵਰਤਣ ਵਾਲਾ ਵੀ ਤਨਖਾਹੀਆਂ ਗਿਣਿਆ ਗਿਆ

ਹੈ। ਹਾਂ, ਜੇ ਕੋਈ ਰਾਮ ਰਾਈਆਂ ਵੀ ਅੰਮ੍ਰਿਤ ਛੱਕ ਕੇ ਸਿੰਘ ਸੱਜ ਜਾਵੇ ਤਾਂ ਉਸ ਨਾਲ ਮੁੜ ਮਿਲਵਰਤਣ ਚਾਲੂ ਹੋ ਜਾਂਦਾ ਹੈ।

ਇਹ ਘਟਨਾ ਦੱਸਦੀ ਹੈ ਕਿ ਜੇ ਗੁਰੂ ਜੀ ਆਪਣੇ ਪੁੱਤਰ ਜਾਂ ਭਤੀਜੇ ਨੂੰ ਗੁਰਬਾਣੀ ਬਦਲਣ ਦੀ ਆਗਿਆ ਨਹੀਂ ਦੇ ਸਕਦੇ ਤਾਂ ਉਹ ਆਪ ਵੀ ਗੁਰਬਾਣੀ ਨੂੰ ਬਦਲ ਨਹੀਂ ਸਕਦੇ ਅਤੇ ਨਾ ਆਪਣੇ ਸਿੱਖਾਂ ਨੂੰ ਹੀ ਇਹ ਆਗਿਆ ਦੇ ਸਕਦੇ ਹਨ। ਸਾਰੇ ਗੁਰੂ ਵਿਅਕਤੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਜੋਤਿ ਸੀ।

ਪਹਿਲੀ ਵਾਰੀ ਮੈਂ ਜ਼ਿਲਾ ਜਲੰਧਰ ਵਿਚ ਆਪਣੇ ਪਿੰਡ ਦਿਆਨਤਪੁਰ ਵਿੱਚ ਸੰਨ ੧੯੨੪ ਵਿਚ ਸੁਣਿਆ ਸੀ ਕਿ ਨਾਮਧਾਰੀ ਵੀਰ 'ਨੀਲ ਬਸਤਰ ਲੈ ਕਪੜੇ ਪਹਿਰੇ, ਤੁਰਕ ਪਠਾਣੀ, ਅਮੁਲ ਕੀਆ' ਦੀ ਥਾਂ 'ਨੀਲ ਬਸਤਰ ਕੇ ਕਪੜੇ ਫਾੜੇ, ਤੁਰਕ ਪਠਾਣੀ, ਅਮੁਲ ਗਵਾਇਆ' ਪੜ੍ਹਦੇ ਹਨ। ਪਰ ਪੰਜਾਹਵਿਆਂ ਵਿਚ ਤਿੰਨ ਵਾਰੀ ਕੇਨੀਆਂ ਦੇ ਸ਼ਹਿਰ, ਐਲਡੋਰੈਂਟ ਵਿਚ ਨਾਮਧਾਰੀ ਨੇਤਾ ਬਾਬਾ ਪ੍ਰਤਾਪ ਸਿੰਘ ਜੀ ਦੇ ਰਾਗੀ ਜਥੇ ਦੇ ਸਿੰਘਾਂ ਤੋਂ ਨਾਮਧਾਰੀ ਦੀਵਾਨਾਂ ਵਿੱਚ 'ਆਸਾ ਜੀ ਦੀ ਵਾਰ' ਦਾ ਕੀਰਤਨ ਸੁਣਨ ਤੋਂ ਇਸ ਗੱਲ ਦਾ ਮੈਨੂੰ ਵੀ ਪੱਕਾ ਸਬੂਤ ਮਿਲ ਗਿਆ ਕਿ ਨਾਮਧਾਰੀ ਵੀਰ ਸੱਚ ਮੁੱਚ ਹੀ ਇਉਂ ਕਰਦੇ ਹਨ।

ਸਿਖ ਇਤਿਹਾਸ ਦੱਸਦਾ ਹੈ ਕਿ ਮਾਛੀਵਾੜੇ ਵਿਚ ੨੪ ਦਸੰਬਰ ਸੰਨ ੧੭੦੪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ, ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਤੇ ਭਾਈ ਮਾਨ ਸਿੰਘ ਜੀ ਲਈ ਨੀਲੇ ਰੰਗੇ ਹੋਏ ਖੱਦਰ ਦੇ ਕਪੜੇ ਬਣਵਾਏ ਸਨ। ਇਹ ਕਪੜੇ ਪਹਿਨ ਕੇ ਗੁਰੂ ਜੀ ਉਚ ਦੇ ਪੀਰ ਦੇ ਭੇਸ ਵਿਚ ਸਾਥੀਆਂ ਸਮੇਤ ੨੫ ਦਸੰਬਰ ਨੂੰ ਸਵੇਰੇ ਹੀ ਅਗੇ ਚਲੇ। ਨਬੀ ਖਾਂ, ਗਨੀ ਖਾਂ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਜੀ ਨੇ ਗੁਰੂ ਜੀ ਦਾ ਪਲੰਘ ਚੁਕਿਆ ਹੋਇਆ ਸੀ, ਅਤੇ ਭਾਈ ਦਇਆ ਸਿੰਘ ਜੀ ਮੋਰ-ਖੰਭਾਂ ਦਾ ਚੌਰ ਕਰਦਾ ਸੀ। ਉਚ ਦੇ ਪੀਰ ਦੇ ਭੇਸ ਵਿਚ ਪਲੰਘ ਤੇ ਬੈਠ ਕੇ ਸਫ਼ਰ ਕਰਨ ਦੇ ਕਾਰਨਾਂ ਵਿਚੋਂ ਇੱਕ ਇਹ ਵੀ ਸੀ ਕਿ ੨੨ ਦਸੰਬਰ ਦੀ ਰਾਤੇ ਚਮਕੌਰ ਦੀ ਗੜ੍ਹੀ (ਹਵੇਲੀ) ਨੂੰ ਛੱਡ ਕੇ ੨੩ ਦਸੰਬਰ ਦਾ ਸਾਰਾ ਦਿਨ ਗੁਰੂ ਜੀ ਝਾੜੀਆਂ ਵਿਚ ਗੁਪਤ ਰਹੇ, ਡੇਢ ਕੁ ਪਹਿਰ ~~ਰਾਤ ਰਹਿੰਦਿਆਂ ਅਗੇ ਤੁਰੇ ਅਤੇ ਮਾਛੀਵਾੜੇ ਪੁੱਜੇ। ਇਹ ਸਾਰਾ ੧੯ ਕੁ ਮੀਲ~~ ਦਾ ਪੈਂਡਾ ਨੰਗੇ ਪੈਰੀਂ ਅਨ੍ਹੇਰੇ ਵਿਚ ਕੰਡਿਆਲੀਆਂ ਝਾੜੀਆਂ ਵਿਚੋਂ ਦੀ ਕਰਨਾ ਪਿਆ। ਇਸ ਲਈ ਗੁਰੂ ਜੀ ਦੇ ਪੈਰ ਜ਼ਖਮੀ ਹੋ ਗਏ ਸਨ। ਅੱਗੇ ਪੁੱਜੇ ਤਾਂ ਗੁਰੂ ਜੀ ਨੂੰ ਸ਼ਾਹੀ ਚੌਂਕੀ ਵਲੋਂ ਫੜਾਈ ਤੋਂ ਬਚਾਉਣ ਲਈ ਨੂਰਪੁਰ ਦੇ ਸਈਅਦ ਮੀਰ ਮੁਹੰਮਦ ਨੇ ਮਦੱਦ ਕੀਤੀ। ੨੭ ਦਸੰਬਰ ਨੂੰ ਆਲਮਗੀਰ ਪੁੱਜੇ। ਤਿੰਨ ਦਿਨ ਦੋਵੇਂ ਖਾਨ ਭਰਾਵਾਂ ਤੇ ਸਿੰਘਾਂ ਨੇ ਗੁਰੂ ਦਾ ਪਲੰਘ ਚੁਕਿਆ। ਆਲਮਗੀਰ ਪੁੱਜਣ ਸਮੇਂ ਭਾਈ ਮਨੀ ਸਿੰਘ ਜੀ ਦਾ ਵੱਡਾ ਭਰਾ, ਭਾਈ ਨਗਾਹੀਆਂ ਸਿੰਘ ਆਪਣੇ ਪੁੱਤਰ ਸਮੇਤ ਮਿਲ ਪਿਆ ਅਤੇ ਗੁਰੂ ਜੀ, ਉਨ੍ਹਾਂ ਵਲੋਂ ਭੇਂਟ ਕੀਤੇ ਹੋਏ ਘੋੜੇ ਤੇ

ਸਵਾਰ ਹੋ ਗਏ। ਖਾਨ ਭਰਾਵਾਂ ਨੂੰ ਬੜੇ ਪਿਆਰ ਨਾਲ ਵਿਦਾ ਕੀਤਾ। ੨੮ ਦਸੰਬਰ ਨੂੰ ਗੁਰੂ ਜੀ ਰਾਇ ਕੋਟ ਪੁੱਜੇ ਜਿਥੋਂ ਦੇ ਚੋਧਰੀ ਰਾਇ ਕੋਲਾ ਨੇ ਆਪਣੇ ਇਕ ਬੰਦੇ ਮਾਹੀ ਨੂੰ ਭੇਜ ਕੇ ਸਰਹੰਦ ਤੋਂ ਛੋਟੇ ਸ਼ਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮਾਤਾ ਗੁਜਰੀ ਜੀ (ਗੁੱਜਰ ਕੌਰ) ਦੇ ਦੇਹਾਂਤ ਦਾ ਪਤਾ ੨੯ ਦਸੰਬਰ ਨੂੰ ਮੰਗਵਾ ਦਿੱਤਾ। ਦੀਨੇ ਪੁੱਜ ਕੇ ਗੁਰੂ ਜੀ ਨੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਨਾਮੀ ਡਾਢੀ ਕਰਾਰੀ ਚਿੱਠੀ ਲਿਖੀ ਅਤੇ ਭਾਈ ਦਇਆ ਸਿੰਘ ਜੀ ਨਾਲ ਚਾਰ ਹੋਰ ਸਿੰਘ ਤੋਰ ਕੇ ਉਹ ਚਿੱਠੀ ਔਰੰਗਜੇਬ ਨੂੰ ਦੱਖਣ ਵਿਚ ਪੁਚਾਉਣ ਦੀ ਆਗਿਆ ਕੀਤੀ। ਸੰਨ ੧੭੦੫ ਵਿਚ ਵੈਸਾਖੀ ਦੇ ਲਾਗੇ ਗੁਰੂ ਜੀ ਕੋਟਕਪੂਰੇ ਪਾਸ, ਪਿੰਡ ਢਿਲਵਾਂ ਕਲਾਂ ਪੁੱਜੇ। ਉਥੇ ਬਾਬਾ ਪ੍ਰਿਥਵੀ ਚੰਦ ਜੀ ਦੀ ਔਲਾਦ ਵਿਚੋਂ ਸੋਢੀ ਕੌਲ ਜੀ ਦੇ ਬੇਨਤੀ ਕਰਨ ਤੇ ਗੁਰੂ ਜੀ ਨੇ ਨੀਲਾ ਬਾਣਾ ਲਾਹ ਕੇ ਚਿੱਟਾ ਪਹਿਨ ਲਿਆ। ਸੋ ਗੁਰੂ ਜੀ ਨੇ ਤਿੰਨ ਕੁ ਮਹੀਨੇ ਨੀਲਾ ਬਾਣਾ ਪਾਇਆ। ਸਿੱਖ ਇਤਿਹਾਸ ਅਨੁਸਾਰ ਗੁਰੂ ਜੀ ਨੇ ਨੀਲੇ ਬਾਣੇ ਨੂੰ ਲੀਰ ਲੀਰ ਕਰਕੇ ਅੱਗ ਦੀ ਭੇਂਟ ਕੀਤਾ। ਜਦ ਇਕ ਲੀਰ ਬਾਕੀ ਰਹਿ ਗਈ ਤਾਂ ਭਾਈ ਮਾਨ ਸਿੰਘ ਨੇ ਮੰਗ ਲਈ ਅਤੇ ਆਪਣੇ ਸੀਸ ਤੇ ਸਜਾ ਲਈ। ਨਿਹੰਗ ਸਿੰਘ ਆਪਣੀ ਸੰਪ੍ਰਦਾਇ ਨੂੰ ਭਾਈ ਮਾਨ ਸਿੰਘ ਜੀ ਤੋਂ ਹੀ ਉਸ ਵੇਲੇ ਦੀ ਚੱਲੀ ਹੋਈ ਮੰਨਦੇ ਹਨ।

ਉਪਰ ਲਿਖੀ ਇਤਿਹਾਸਿਕ ਵਾਰਤਾ ਤੋਂ ਮਦਦ ਲੈ ਕੇ, ਮੁਗਲ ਰਾਜ ਦੇ ਜਾਣ ਪਿੱਛੋਂ ਸਾਖੀ ਘਾੜਿਆਂ ਨੇ ਇਹ ਨਵੀਂ ਗੱਲ ਆਪਣੇ ਮਨ ਦੀ ਕਲਪਣਾ ਉਡਾਰੀ ਨਾਲ ਹੀ ਜੋੜ ਲਈ ਕਿ ਨੀਲਾ ਬਾਣਾ ਪਾੜਨ ਤੇ ਸਾੜਨ ਵੇਲੇ ਗੁਰੂ ਜੀ ਨੇ ਉਚਾਰਿਆ। 'ਨੀਲ ਬਸਤ੍ਰ ਕੇ ਕਪੜੇ ਫਾੜੇ, ਤੁਰਕ ਪਠਾਣੀ ਅਮਲੁ ਗਵਾਇਆ'। ਜਦ ਸਿੰਘਾਂ ਪੁਛਿਆ ਕਿ ਮਹਾਰਾਜ! ਤੁਸੀਂ ਗੁਰਬਾਣੀ ਦੀ ਤੁਕ ਕਿਉਂ ਉਲਟਾਈ ਹੈ ਤਾਂ ਗੁਰੂ ਜੀ ਨੇ ਫੁਰਮਾਇਆ ਕਿ ਇਸ ਗੁਰਬਾਣੀ ਲਈ ਮੈਂ ਆਪਣਾ ਤਨ, ਮਨ, ਧਨ, ਘਰ ਘਾਟ ਤੇ ਪਰਵਾਰ ਵਾਰ ਰਿਹਾ ਹਾਂ, ਸੋ ਮੈਂ ਇਹ ਤਬਦੀਲੀ ਕਰ ਸਕਦਾ ਹਾਂ। ਹੁਣ ਮੈਂ ਨੀਲੇ ਬਸਤਰ ਦੇ ਕਪੜੇ ਪਾੜ ਸੁਟੇ ਹਨ, ਇਸ ਲਈ ਹੁਣ ਤੁਰਕਾਂ ਪਠਾਣਾਂ ਦਾ ਰਾਜ ਨਹੀਂ ਰਹੇਗਾ।

ਨਾਮਧਾਰੀ ਵੀਰ ਵੀ ਇਸ ਮਨ ਘੜਤ ਗੱਲ ਦਾ ਸਹਾਰਾ ਲੈ ਕੇ ਹੀ 'ਨੀਲ ਬਸਤ੍ਰ ਕੇ ਕਪੜੇ ਫਾੜੇ, ਤੁਰਕ ਪਠਾਣੀ ਅਮਲੁ ਗਵਾਇਆ' ਪਾਠ ਕਰਦੇ ਹਨ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਨੀਲੇ ਕਪੜੇ ਤਾਂ ਸਿਰਫ ਗੁਰੂ ਜੀ ਨੇ ਉਚ ਦੇ ਪੀਰ ਵਾਲਾ ਭੇਸ ਤਿਆਗਣ ਲਈ ਹੀ ਪਾੜੇ ਤੇ ਸਾੜੇ ਸਨ। ਜਦ ਭਾਈ ਮਾਨ ਸਿੰਘ ਜੀ ਨੂੰ ਗੁਰੂ ਜੀ ਨੇ ਸਿਰ ਤੇ ਸਜਾਉਣ ਲਈ ਨੀਲੀ ਲੀਰ ਦੇ ਦਿਤੀ ਤਾਂ ਆਮ ਸਿੰਘਾਂ ਨੇ ਵੀ ਨੀਲੇ ਕਪੜੇ ਪਹਿਨਣੇ ਚਾਲੂ ਕਰ ਦਿੱਤੇ ਸਨ। ਤਾਂ ਹੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ, ੪੧ਵੀਂ ਵਾਰ ਦੀ ੧੫ਵੀਂ ਪਉੜੀ ਵਿਚ, ਭਾਈ ਗੁਰਦਾਸ ਸਿੰਘ ਜੀ ਨੇ, ਸੰਨ ੧੭੮੭ ਤੋਂ ਪਿਛੋਂ ਇਉਂ ਲਿਖਿਆ ਹੈ:

'ਯੋ ਉਪਜੇ ਸਿੰਘ ਭੁਜੰਗੀਏ, ਨੀਲੰਬਰ ਧਾਰਾ।।

ਤੁਰਕ ਦੁਸਟ ਸਭ ਛੈ ਕੀਏ, ਹਰਿਨਾਮੁ ਉਚਾਰਾ।।

ਅਜੋਕੇ ਸਮੇਂ ਵਿਚ ਵੀ ਸਿੰਘ ਨੀਲਾ ਬਾਣਾ ਪਹਿਨਦੇ ਹਨ। ਕਿਸੇ ਰੁਕਾਵਟ ਦਾ ਸਵਾਲ ਨਹੀਂ।

ਬਾਬਾ ਰਾਮ ਰਾਇ ਜੀ ਨੂੰ ਪਈ ਹੋਈ ਗੁਰੂ ਫਿਟਕਾਰ ਤੋਂ ਹੀ ਆਪਾਂ ਨੂੰ ਪਤਾ ਲਗ ਜਾਣਾ ਚਾਹੀਦਾ ਹੈ ਕਿ ਇਹ 'ਨੀਲੇ ਬਸਤ੍ਰ ਕੇ ਕਪੜੇ ਫਾੜੇ, ਤੁਰਕ ਪਠਾਣੀ ਅਮਲੁ ਗਵਾਇਆ' ਵਾਲੀ ਗੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਝੂਠੀ ਹੀ ਮੜ੍ਹੀ ਗਈ ਹੈ। ਗੁਰਬਾਣੀ ਤੇ ਸਿੱਖ ਇਤਿਹਾਸ ਦੇ ਵਿਦਿਆਰਥੀ ਜਾਣਦੇ ਹਨ ਕਿ ਜਿਥੇ ਸਾਡਾ ਇਤਿਹਾਸ ਨਾਲ ਇਹੋ ਜਿਹੀਆਂ ਵਧੀਕੀਆਂ ਗੈਰ ਸਿਖ ਤੇ ਵਿਦੇਸ਼ੀ ਇਤਿਹਾਸਕਾਰਾਂ ਨੇ ਈਰਖਾਂ ਜਾਂ ਭੁਲੇਖੇ ਵਿਚ ਪੈਕੇ ਕੀਤੀਆਂ ਹਨ, ਓਥੇ ਕੁਝ ਸਿਖ ਇਤਿਹਾਸਕਾਰਾਂ ਨੇ ਵੀ ਸ਼ਰਧਾ ਵਸ ਹੋ ਕੇ ਕਈ ਐਸੀਆਂ ਸਾਖੀਆਂ ਘੜ ਲਈਆਂ ਹਨ, ਜੋ ਗੁਰਬਾਣੀ ਦੀ ਕਸਵੱਟੀ ਤੇ ਵੀ ਪੂਰੀਆਂ ਨਹੀਂ ਉਤਰਦੀਆਂ ਅਤੇ ਇਤਿਹਾਸ ਲਿਖਣ ਦੇ ਨਿਯਮਾਂ ਨੂੰ ਵੀ ਭੰਗ ਕਰਦੀਆਂ ਹਨ। ਸ਼ੁਕਰ ਹੈ ਕਿ ਸਾਡੇ ਇਤਿਹਾਸ ਖੋਜੀ ਸਾਡੇ ਇਤਿਹਾਸ ਨੂੰ ਵੀ ਮਾਂਜ ਸਵਾਰਨ ਦਾ ਉਪਰਾਲਾ ਕਰ ਰਹੇ ਹਨ।

'ਨੀਲ ਬਸਤ੍ਰ ਲੇ ਕਪੜੇ ਪਹਿਰੇ, ਤੁਰਕ ਪਠਾਣੀ ਅਮਲੁ ਕੀਆ' ਤੁਕ 'ਆਸਾ ਦੀ ਵਾਰ' ਦੀ ੧੩ ਵੀਂ ਪਉੜੀ ਨਾਲ ਦਿੱਤੇ ਗਏ ਦੋ ਸ਼ਲੋਕਾਂ ਵਿਚੋਂ ਦੂਜੇ ਵਿਚ ਹੈ। ਦੋਵੇਂ ਸ਼ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ। ਹਰੇਕ ਵਾਰ ਦੀ ਹਰੇਕ ਪਉੜੀ ਨਾਲ ਦਿੱਤੇ ਗਏ ਸ਼ਲੋਕਾਂ ਦਾ ਵਿਸਤਾਰ ਤਾਂ ਭਾਵੇਂ ਉਸ ਪਉੜੀ ਨਾਲ ਨਾ ਮਿਲੇ ਪਰ ਤੱਤ, ਭਾਵ ਜਰੂਰ ਮਿਲਦਾ ਹੈ। ਆਈਏ, ਸਾਹਿਤਕ ਤੌਰ ਤੇ ਦੋਹਾਂ ਸ਼ਲੋਕਾਂ ਤੇ ੧੩ਵੀਂ ਪਉੜੀ ਦੇ ਭਾਵ ਨੂੰ ਸਮਝਣ ਦਾ ਉਪਰਾਲਾ ਕਰੀਏ।

ਪਹਿਲੇ ਸ਼ਲੋਕ ਦਾ ਭਾਵ ਇਹ ਹੈ ਕਿ ਗਿਆਨਵਾਨ, ਆਕਿਲ ਇਹ ਗੱਲ ਸਮਝਦੇ ਹਨ ਕਿ ਉਹ ਲੋਕ ਸਤਿਜੁਗੀ ਹੁੰਦੇ ਹਨ ਜਿਨਾਂ ਦਾ ਜੀਵਨ ਮਨੋਰਥ (ਰਥਵਾਹ) 'ਧਰਮ' ਹੋਣ ਕਰਕੇ ਉਨ੍ਹਾਂ ਵਿਚ 'ਸੰਤੋਖ ਹੋਵੇ। ਉਹ ਲੋਕ ਤ੍ਰੇਤਾ ਜੁਗੀ ਹੁੰਦੇ ਹਨ ਜਿਨਾਂ ਦਾ ਜੀਵਨ ਨਿਸ਼ਾਨਾ 'ਸੂਰਮਤਾਈ ਹੋਣ ਕਰਕੇ ਉਨ੍ਹਾਂ ਵਿਚ 'ਜਤ' ਹੋਵੇ। ਉਹ ਲੋਕ ਦੁਆਪਰ ਜੁਗੀ ਹੁੰਦੇ ਹਨ, ਜਿਨਾਂ ਦਾ ਜੀਵਨ ਟੀਚਾ 'ਉਚਾ ਆਚਰਣ' ਹੋਣ ਕਰਕੇ ਉਹ 'ਤਪੀ' ਹੋਣ। ਉਹ ਲੋਕ ਕਲਿਜੁਗੀ ਹੁੰਦੇ ਹਨ ਜਿਨਾਂ ਦਾ ਜੀਵਨ ਮਨਰੋਥ 'ਝੂਠ' ਹੋਣ ਕਰਕੇ ਉਨ੍ਹਾਂ ਵਿਚ 'ਤ੍ਰਿਸ਼ਨਾਂ ਅੱਗ' ਹੋਵੇ।

ਇਸੇ ਖਿਆਲ ਨੂੰ ਅਗੇ ਤੋਰ ਕੇ, ਦੂਜੇ ਸ਼ਲੋਕ ਵਿਚ ਗੁਰੂ ਜੀ ਕਿਸੇ ਵੇਦ ਦਾ ਕਿਸੇ ਖਾਸ ਯੁਗ ਨਾਲ ਸੰਬੰਧ ਨਹੀਂ ਦੱਸਦੇ। 'ਸਾਮ', 'ਰਿਗੁ', 'ਜੁੱਜ', ਅਤੇ 'ਅਥਰਵਣ' ਨੂੰ ਤਰਤੀਬਵਾਰ ਕੇਵਲ 'ਸੇਤੰਬਰੁ', 'ਰਾਮ', 'ਜਾਦਮੁ', ਅਤੇ 'ਅਲਹੁ' ਨਾਲ ਅਨੁਪ੍ਰਾਸ ਦੇ ਤੌਰ ਤੇ ਵਰਤਿਆ ਹੈ, ਭਾਵ ਹਰੇਕ ਵੇਦ ਦੇ ਨਾਉਂ ਦਾ ਪਹਿਲਾ ਅਖਰ ਰੱਬ ਦੇ ਉਸ ਸਮੇਂ ਦੇ ਪ੍ਰਧਾਨ ਨਾਉਂ ਦੇ ਪਹਿਲੇ ਅੱਖਰ ਨਾਲ ਮਿਲਦਾ

ਹੈ। ਜਦੋਂ ਹਰੇਕ ਬੰਦਾ 'ਸੱਚਾ' ਸੀ, 'ਧਰਮੀ' ਸੀ, ਤਦੋਂ, ਸਮਝੋ, 'ਸਤਿਜੁਗ' ਸੀ। ਲੋਕ 'ਸੇਤੰਬਰ' ਨਾਉ ਨਾਲ ਰੱਬ ਨੂੰ ਪੂਜਦੇ ਸਨ। ਜਦੋਂ ਲੋਕ ਸ੍ਰੀ 'ਰਾਮ' ਚੰਦਰ ਨੂੰ ਹੀ ਰੱਬ ਸਮਝ ਕੇ ਪੂਜਾ ਕਰਦੇ ਸਨ, ਉਦੋਂ, ਸਮਝੋ, ਤ੍ਰੇਤਾ ਜੁਗ ਸੀ। ਜਦੋਂ ਲੋਕ 'ਜਦੁ' ਕੁਲ ਵਿਚ ਪੈਦਾ ਹੋਏ 'ਜਾਦਮੁ' ਕਾਲੇ 'ਕ੍ਰਿਸ਼ਨ' ਨੂੰ ਹੀ, ਜੋ ਜੋਰ ਨਾਲ ਚੰਦ੍ਰਾਵਲੀ ਨੂੰ ਛਲ ਲਿਆਇਆ ਸੀ, ਜੋ ਆਪਣੀ ਗੋਪੀ ਸਤਯਾਭਾਮਾ ਲਈ ਪਾਰਜਾਤ ਰੁੱਖ ਇੰਦਰ ਦੇ ਬਾਗ ਵਿੱਚੋਂ ਲੈ ਆਇਆ ਸੀ, ਅਤੇ ਜਿਸ ਨੇ ਬਿੰਦ੍ਰਾਬਨ ਵਿਚ ਕੌਤਕ ਰਚਾਇਆ ਸੀ, ਰੱਬ ਮੰਨਦੇ ਸਨ, ਉਦੋਂ, ਸਮਝੋ, ਦੁਆਪਰ ਜੁਗ ਸੀ। ਹੁਣ ਜਦੋਂ ਰੱਬ ਦਾ ਨਾਉਂ 'ਖੁਦਾਇ' ਤੇ 'ਅਲਹੁ' ਪੈ ਗਿਆ ਹੈ, ਅਤੇ ਉਨਾਂ ਤੁਰਕਾਂ ਤੇ ਪਠਾਣਾ ਦਾ ਰਾਜ ਹੋ ਗਿਆ, ਜਿਨ੍ਹਾਂ ਨੇ ਨੀਲੇ ਬਸਤਰ ਲੈ ਕੇ ਉਨ੍ਹਾਂ ਦੇ ਕਪੜੇ ਪਾਏ ਹੋਏ ਹਨ, ਤਾਂ, ਸਮਝੋ ਕਲਿਜੁਗ ਹੈ। ਚੌਹਾਂ ਜੁਗਾਂ ਵਿਚ ਹੀ ਰੱਬ ਦਾ ਨਾਉਂ ਜੁਦਾ ਜੁਦਾ ਮਸ਼ਹੂਰ ਹੁੰਦਾ ਰਿਹਾ ਹੈ। ਆਪੋ ਆਪਣੇ ਸਮੇਂ ਜਿਹੜੇ ਲੋਕ ਆਪਣੇ ਧਰਮ ਪੁਸਤਕਾਂ ਨੂੰ ਪੜ੍ਹਦੇ ਵਿਚਾਰਦੇ ਹਨ, ਉਹ ਵੀ ਚੰਗੇ ਹਨ। ਪਰ ਮੁਕਤੀ ਉਹੀ ਪ੍ਰਾਪਤ ਕਰ ਸਕਦਾ ਹੈ, ਜੋ ਪ੍ਰੇਮ ਭਗਤੀ ਕਰਦਾ ਹੋਇਆ ਅਹੰਕਾਰ ਨਹੀਂ ਕਰਦਾ।

੧੩ਵੀਂ ਪਉੜੀ ਦਾ ਭਾਵ ਇਹ ਹੈ ਕਿ ਸਾਨੂੰ ਆਪਣੇ ਸਤਿਗੁਰੂ ਤੇ ਸਦਕੇ ਹੋਣਾ ਚਾਹੀਦਾ ਹੈ, ਜਿਹੜਾ ਸਾਨੂੰ ਪ੍ਰੇਮਾ ਭਗਤੀ ਦਾ ਉਪਦੇਸ ਕਰਦਾ ਹੈ ਅਤੇ ਸਾਨੂੰ ਸਮਝ ਪੈ ਜਾਂਦੀ ਹੈ ਕਿ ਸਾਡੇ ਆਪਣੇ ਮਨ ਦੀ ਚੰਗੀ ਮਾੜੀ ਅਵਸਥਾ ਹੀ ਅਸਲ ਜੁਗ ਹਨ।

ਗੁਰਬਾਣੀ ਦੀ ਕਿਸੇ ਵੀ ਤੁਕ ਨੂੰ ਆਪਣੇ ਪ੍ਰਕਰਣ, ਪ੍ਰਸੰਗ ਤੋਂ ਜੁਦਾ ਕਰਕੇ ਜੇ ਅਸੀਂ ਉਸਦੇ ਅਰਥ ਕਰੀਏ ਤਾਂ ਕਈ ਵਾਰੀ 'ਅਰਥ' ਦੇ 'ਅਨਰਥ' ਹੋਣ ਦਾ ਡਰ ਰਹਿੰਦਾ ਹੈ। ਪਰ ਇਸ 'ਨੀਲ ਬਸਤ੍ਰ ਕੇ ਕਪੜੇ ਫਾੜੇ, ਤੁਰਕ ਪਠਾਣੀ ਅਮਲੁ ਗਵਾਇਆ' ਵਿਚ ਤਾਂ ਗੁਰੂ ਆਸ਼ੇ ਤੋਂ ਮੂੰਹ ਫੇਰਨ ਵਾਲੇ ਵੀਰ ਤਿੰਨ ਵਿਆਕਰਣਿਕ ਗਲਤੀਆਂ ਵੀ ਕਰਦੇ ਹਨ। 'ਲੇ', ਕ੍ਰਿਆ (Verb) ਨੂੰ 'ਕੇ' ਸੰਬੰਧਕ (Proposition) ਬਣਾ ਲੈਂਦੇ ਹਨ। 'ਪਹਿਰੇ', ਪਹਿਨੇ ਨੂੰ 'ਫਾੜੇ' 'ਪਾੜ ਸੁਟੇ' ਵਿਚ ਤਬਦੀਲ ਕਰ ਲੈਂਦੇ ਹਨ। 'ਕੀਆ' ਨੂੰ, ਜੋ ਵਿਆਕਰਣ ਅਨੁਸਾਰ ਅਨਿਸ਼ਚਿਤ ਭੂਤ ਕਾਲ (Indefinite Past Tense), ਅੱਨ ਪੁਰਖ (third Person) ਇਕ ਵਚਨ (singular) ਹੈ, ਨੂੰ 'ਗਵਾਇਆ' ਜੋ ਪ੍ਰੇਨਾਰਥਕ (Causative) ਅਨਿਸ਼ਚਿਤ ਭੂਤ ਕਾਲ, ਅਨ ਪੁਰਖ, ਇਕ ਵਚਨ ਹੈ, ਵਿਚ ਬਦਲ ਲੈਂਦੇ ਹਨ।

ਇਹੀ ਨਹੀਂ, 'ਕੀਆਂ' ਨੂੰ 'ਗਵਾਇਆ' ਬਣਾ ਕੇ ਅਲੰਕਾਰ ਦਾ ਵੀ ਖੂਨ ਕਰ ਦਿੰਦੇ ਹਨ। ਦੇਖੀਏ, ਆਪੂ ਤੋਂ ਪਹਿਲੀ ਤੁਕ ਨਾਲ ਮਿਲਾ ਕੇ ਇਸ ਤੁਕ ਦਾ ਪਾਠ ਇਉਂ ਹੈ।

ਕਲਿ ਮਹਿ ਬੇਦੁ ਅਥਰਬਣੁ ਹੂਆ, ਨਾਉ ਖੁਦਾਈ ਅਲਹੁ ਭਇਆ।।
ਨੀਲ ਬਸਤ੍ਰ ਲੈ ਕਪੜੇ ਪਹਿਰੇ, ਤੁਰਕ ਪਠਾਣੀ ਅਮਲੁ ਕੀਆ।।

ਪਰ ਜਦੋਂ ‘ਕੀਆ’ ਦੇ ਥਾਂ ‘ਗਵਾਇਆ’ ਪੜ੍ਹਿਆ ਜਾਵੇ ਤਾਂ ਇਸ ਤੁਕ ਦਾ ਨਾ ਹੀ ਵਜ਼ਨ, ਤੋਲ, ਅੰਤ ਅਨੁਪ੍ਰਾਸ, ਤੁਕਾਂਤ, ਕਾਫੀਆ (Rhyme) ਠੀਕ ਰਹਿੰਦਾ ਹੈ, ਅਤੇ ਨਾ ਹੀ ਤਾਲ, ਲੈ (Rhythm) ਹੀ ਠੀਕ ਰਹਿੰਦੀ ਹੈ।

ਵਾਹਿਗੁਰੂ ਕਰੇ ਕਿ ਅਸੀਂ ਗੁਰਬਾਣੀ ਨੂੰ ਬਦਲਣ ਦੇ ਘੋਰ ਅਪਰਾਧ ਤੋਂ ਮੁਕਤੀ, ਛੁਟਕਾਰਾ ਪਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

*ਜਨਵਰੀ ੧੯੮੦*

# ਮੇਰੀ ਵੀ ਸੁਣੋ

ਜੇ ਪੂਰੇ ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ, ਸਾਧ, ਸੰਤ, ਸਿੱਖ, ਗੁਰਸਿਖ, ਭਾਈ, ਗੁਰਮੁਖ, ਮਨਮੁਖ, ਮਹਾਂਪੁਰਖ, ਗਿਆਨੀ, ਬ੍ਰਹਮ ਗਿਆਨੀ ਤੇ ਜੀਵਨ ਮੁਕਤਿ ਆਦਿਕ ਸਤਿਕਾਰ ਬੋਧਕ ਸ਼ਬਦ ਸਮਾਨ-ਅਰਥਕ ਹੀ ਹਨ। ਭਗਤ ਪ੍ਰਹਿਲਾਦ ਤੇ ਭਗਤ ਕਬੀਰ ਨੂੰ ਸੰਤ ਪ੍ਰਹਿਲਾਦ ਤੇ ਸੰਤ (ਮੁੰਡੀਆ) ਕਬੀਰ ਵੀ ਲਿਖਿਆ ਗਿਆ ਹੈ। ਬਲਕਿ ਸੰਤ, ਸਾਧ, ਭਗਤ ਤੇ ਗਿਆਨੀ ਆਦਿਕ ਸ਼ਬਦ ਗੁਰੂ ਲਈ ਵੀ ਵਰਤੇ ਗਏ ਹਨ। ਜਿਵੇਂ :-

*੧. ਹਉ ਘੋਲੀ ਜੀਉ ਘੋਲ ਘੁਮਾਈ ਗੁਰ-ਦਰਸ਼ਨ ਸੰਤ ਪਿਆਰੇ ਜੀਉ ।।੧।।ਰਹਾਉ।।*

*੨. ਸੋ ਸਤਿਗੁਰੂ ਸੇਵਿਹੁ ਸਾਧ ਜਨ, ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ।।੩।।*

*(ਵਡਹੰਸ ਕੀ ਵਾਰ, ਮਹਲਾ ੪)*

*੩. ਧਨੁ ਧਨੁ ਹਰਿ-ਭਗਤੁ ਸਤਿਗੁਰੂ ਹਮਾਰਾ,*
*ਜਿਸ ਕੀ ਸੇਵਾ ਤੇ ਹਮ ਹਰਿਨਾਮ ਲਿਵ ਲਾਈ ।।*

*੪. ਧਨੁ ਧਨੁ ਹਰਿ-ਗਿਆਨੀ ਸਤਿਗੁਰੂ ਹਮਾਰਾ,*
*ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ-ਦ੍ਰਿਸ਼ਟਿ ਦਿਖਾਈ ।।੧੯।।*

*(ਵਡਹੰਸ ਕੀ ਵਾਰ, ਮਹਲਾ ੪)*

ਇਸੇ ਤਰ੍ਹਾਂ ਸੰਤ, ਭਾਈ, ਸਰਦਾਰ ਆਦਿਕ ਸ਼ਬਦ ਵਾਹਿਗੁਰੂ ਲਈ ਵੀ ਵਰਤੇ ਗਏ ਹਨ। ਜਿਵੇਂ :-

*੧. ਭਾਗੁ ਹੋਆ, ਗੁਰਿ ਸੰਤੁ ਮਿਲਾਇਆ ।।*

*੨. ਰਾਖਿ ਲੇਹੁ, ਭਾਈ ! ਮੇਰੇ ਕਉ ।।*

*(ਸੋਰਿਠ ਮਹਲਾ ੪)*

*੩. ਔਰ ਜਹਾਨ ਨਿਦਾਨ ਕਛੂ ਨਹਿ, ਏਸਬਹਾਨ ! ਤੁਹੀ ਸਿਰਦਾਰਾ (ਤੇਤੀ ਸਵਈਏ)*

ਸੋ ਜੇ ਆਪਾਂ ਸੋਚੀਏ ਕਿ ਕਿਸੇ ਨੂੰ ਸੰਤ ਨਹੀਂ ਕਹਿਣਾ ਚਾਹੀਦਾ ਕਿਉਂਕਿ ਅਸਲ ਸੰਤ ਤਾਂ ਗੁਰੂ ਹੈ, ਅਸਲ ਸੰਤ ਤਾਂ ਵਾਹਿਗੁਰੂ ਹੈ, ਤਦ ਤਾਂ ਆਪਾਂ ਕਿਸੇ ਨੂੰ ਬਾਬਾ, ਗਿਆਨੀ ਜਾਂ ਭਗਤ ਵੀ ਨਹੀਂ ਕਹਿ ਸਕਦੇ ਕਿਉਂਕਿ ਅਸਲ ਬਾਬਾ, ਗਿਆਨੀ ਜਾਂ ਭਗਤ ਵੀ ਤਾਂ ਗੁਰੂ ਹੀ ਹੈ। ਨਾ ਹੀ ਕਿਸੇ ਨੂੰ ਗੁਰਮੁਖ ਕਹਿ ਸਕਦੇ ਹਾਂ ਕਿਉਂਕਿ ਅਸਲ ਗੁਰਮਖ ਤਾਂ ਗੁਰੂ ਨਾਨਕ ਸੀ। 'ਗੁਰਮੁਖ ਕਲਿ ਵਿਚ

ਪਰਗਟੁ ਹੋਆ' ।।੨੭।।੧।। (ਵਾਰਾਂ ਭਾਈ ਗੁਰਦਾਸ)। ਕਿਸੇ ਨੂੰ ਅਸੀਂ ਭਾਈ ਤੇ ਸਰਦਾਰ ਵੀ ਨਹੀਂ ਕਹਿ ਸਕਦੇ ਕਿਉਂਕਿ ਵਾਹਿਗੁਰੂ ਵੀ ਭਾਈ ਹੈ, ਸਰਦਾਰ ਹੈ। ਸੋ ਆਪਾਂ ਨੂੰ ਨਾਵਾਂ ਦੇ ਚੱਕਰ ਵਿਚ ਨਹੀਂ ਪੈਣਾ ਚਾਹੀਦਾ। ਕਈ ਕਾਰਨਾਂ ਕਰਕੇ ਦੁਨੀਆਂ ਨਾਉਂ ਪਾ ਲੈਂਦੀ ਹੈ। ਹਾਂ, ਇਹ ਪਰਖਣਾ ਦੁਨੀਆਂ ਦਾ ਕੰਮ ਹੈ ਕਿ ਜਿਸ ਵਿਅਕਤੀ ਨੂੰ ਕਿਸੇ ਨਾਉਂ ਨਾਲ ਸਤਿਕਾਰਿਆ ਜਾਂਦਾ ਹੈ, ਉਹ ਉਸਦੇ ਯੋਗ ਵੀ ਹੈ ਕਿ ਨਹੀਂ। ਸਤਕਾਰਣੀਯ ਵਿਅਕਤੀ ਨੂੰ ਆਪਣੇ ਅੰਦਰ ਝਾਤ ਮਾਰ ਕੇ ਦੇਖਣਾ ਚਾਹੀਦਾ ਹੈ ਕਿ ਕੀ ਉਹ ਸਤਕਾਰ ਦਾ ਪਾਤਰ ਵੀ ਹੈ ਕਿ ਨਹੀਂ।

ਨਾਮਧਾਰੀ ਇਕ ਦੂਜੇ ਨੂੰ ਸੰਤ ਕਹਿ ਕੇ ਬੁਲਾਉਂਦੇ ਹਨ, ਭਾਵੇਂ ਅਗਲਾ ਅਸੰਤ ਹੀ ਹੋਵੇ। ਇਸ ਨਾਲ ਹਉਮੈਂ ਨੂੰ ਝੱਲ ਵੀ ਮਿਲ ਸਕਦੀ ਹੈ ਪਰ ਕੋਈ ਅਸੰਤ ਆਪਣਾ ਸੁਧਾਰ ਵੀ ਕਰ ਸਕਦਾ ਹੈ, ਸ਼ਰਮ, ਉਤਸ਼ਾਹ ਜਾਂ ਕਿਸੇ ਹੋਰ ਕਾਰਨ।

ਸਾਡੇ ਇਤਿਹਾਸ ਵਿਚ ਬਥੇਰੇ ਭਾਈ, ਬਾਬੇ ਤੇ ਸੰਤ ਹੋਏ ਹਨ ਪਰ ਕਿਸੇ ਦੇ ਨਾਉਂ ਅੱਗੇ ੧੦੮ ਜਾਂ ੧੧੧ ਨਹੀਂ ਸੀ ਲਾਇਆ ਜਾਂਦਾ। ਭਾਈ, ਬਾਬਾ ਤੇ ਸੰਤ ਆਪਣੇ ਆਪ ਵਿਚ ਪੂਰਾ ਹੈ। ਇਸ ਤੋਂ ਪਹਿਲਾਂ ਕਿਸੇ ਵਿਸ਼ੇਸਣ ਦੀ ਲੋੜ ਹੀ ਨਹੀਂ। ਇਹ ਬੀਮਾਰੀ ਇਸ ਸਦੀ ਵਿੱਚ ਪਈ ਹੈ ਅਤੇ ਇਸ ਦੀ ਲਾਗ ਹਿੰਦੂ ਸੰਤਾਂ ਤੋਂ ਲੱਗੀ ਹੈ। ਇਹ ੧੦੮ ਜਾਂ ੧੧੧ ਮੇਰੇ ਪੜ੍ਹਨ ਵਿਚ ਸੰਨ ੧੯੩੦ ਕੁ ਵਿਚ ਆਏ। ਕਈਆਂ ਨੂੰ ਇਹਨਾਂ ਅੰਕਾਂ ਦਾ ਅਰਥ ਪੁਛਿਆ ਪਰ ਕਿਸੇ ਨੇ ਨਾ ਦੱਸਿਆ। ਉਦੋਂ ਇਸ ਤਰ੍ਹਾਂ ਆਮ ਤੌਰ ਤੇ ਕਿਸੇ ਸੰਤ ਦੇ ਦੇਹਾਂਤ ਪਿੱਛੋਂ ਹੀ ਲਿਖਿਆ ਜਾਂਦਾ ਸੀ। ਪਰ ੧੯੭੬ ਵਿਚ ਇਥੇ ਵਲਾਇਤ ਆ ਕੇ ਮੈਨੂੰ ਪਤਾ ਲਗਾ ਕਿ ਕਿਸੇ ਸੰਤ ਦੇ ਜੀਂਦੇ ਜੀਅ ਵੀ ਲਿਖਿਆ ਜਾਂਦਾ ਹੈ। ਸ੍ਰੀਮਾਨ '੧੦੮ ਸੰਤ' ਜਾਂ 'ਸ੍ਰੀਮਾਨ ੧੧੧ ਸੰਤ' ਦਾ ਕੀ ਮਤਲਬ ਹੋਇਆ ? ਕੀ ੧੦੮ ਜਾਂ ੧੧੧ ਸੰਤ ਹਨ ? ਹੈ ਤਾਂ ਇਕ ਹੀ ਸੰਤ। ਕੀ ੧੦੮ਵਾਂ ਜਾਂ ੧੧੧ਵਾਂ ਸੰਤ ਹੈ? ਤਾਂ ਪਹਿਲੇ ੧੦੭ ਜਾਂ ੧੧੦ ਸੰਤ ਕਿਹੜੇ ਹਨ ?

ਇੱਕ ਸੱਜਣ ਦੇ ਖਿਆਲ ਅਨੁਸਾਰ ਜੇ ਇਕ ਸਿਫਰ ਤੇ ਅੱਠ ਤੋਂ ਸੰਕੇਤ ਲਈਏ ਵਾਹਿਗੁਰੂ, ਮਾਇਆ ਤੇ ਜੀਵ ਦਾ ਅਤੇ ੧੦੮ ਦਾ ਭਾਵ ਲਈਏ ਉਹ ਜੀਵ ਜੋ ਮਾਇਆ ਤੋਂ ਉਪਰ ਉਠ ਕੇ ਵਾਹਿਗੁਰੂ ਨਾਲ ਅਭੇਦ ਹੋ ਕੇ ਮਹਾਂਪੁਰਸ਼ ਬਣ ਗਿਆ ਹੈ, ਤਾਂ ੧੧੧ ਦਾ ਭਾਵ ਕੀ ਲਈਏ? ਕੀ ਇਹ ਲਈਏ ਜੋ ਮਹਾਂਪੁਰਖ ਪਹਿਲਾਂ ਵੀ ਵਾਹਿਗੁਰੂ ਦਾ ਰੂਪ ਸੀ, ਹੁਣ ਵੀ ਵਾਹਿਗੁਰੂ ਦਾ ਰੂਪ ਹੈ ਅਤੇ ਅੱਗੇ ਲਈ ਵੀ ਵਾਹਿਗੁਰੂ ਦਾ ਰੂਪ ਹੀ ਰਹੇਗਾ ? ਇਹ ਵੀ ਦੇਖਿਆ ਜਾਂਦਾ ਹੈ ਕਿ ਜੇ ਇਕ ਸੰਤ '੧੦੮' ਹੈ ਤਾਂ ਉਸਦਾ ਸਤਸੰਗੀ ਜੋ ਉਸ ਪਿਛੋਂ ਸੰਤ ਬਣਦਾ ਹੈ ਉਹ ੧੧੧ ਹੋ ਜਾਂਦਾ ਹੈ। ਹਾਲਾਂਕਿ ਆਪਣੇ ਵੱਡੇ ਸੰਤ ਦੇ ਸਤਿਕਾਰ ਖਾਤਰ ਅਤੇ ਹਲੀਮੀ ਦਿਖਾਉਣ ਲਈ ਉਸ ਨੂੰ '੧੦੮' ਤੋਂ ਘੱਟ ਹੋਣਾ ਚਾਹੀਦਾ ਹੈ ਜਾਂ ਵਧ ਤੋਂ ਵੱਧ ੧੦੮।

ਇਹ ਉਪਾਧੀ ਖਾਲਸਾ ਪੰਥ, ਕਿਸੇ ਵਿਸ਼ਵ ਵਿਦਿਆਲੇ ਜਾਂ ਸੰਸਥਾ ਵਲੋਂ ਨਹੀਂ ਦਿਤੀ ਜਾਂਦੀ ਤਾਂ ਕਿ ਇਸ ਦੇ ਅਸਲੀ ਅਰਥਾਂ ਦਾ ਪਤਾ ਲੱਗ ਸਕੇ। ਸ਼ਰਧਾਲੂ ਜਨਤਾ ਹੀ ਇਸ ਦਾ ਪ੍ਰਦਾਨ ਕਰਦੀ ਹੈ। ਕਿਸੇ ਸਤਸੰਗੀ ਨੂੰ ਅਰਥ ਪੁਛੋ ਤਾਂ ਉਹ ਨਹੀਂ ਦਸਦਾ, ਸੰਤਾਂ ਨੂੰ ਪੁਛੋਂ ਤਾਂ ਉਹ ਨਹੀਂ ਦਸਦੇ। ਹੋ ਸਕਦਾ ਹੈ ਕਿਸੇ ਨੂੰ ਅਰਥਾਂ ਦਾ ਪਤਾ ਨਾ ਹੋਵੇ ਜਾਂ ਨਿਮਰਤਾ ਭਾਵ ਨਾਲ ਹੀ ਚੁਪ ਰਹਿੰਦੇ ਹੋਣ। ਜੇ ਕੋਈ ਸੰਤ ਜਾਂ ਸ਼ਰਧਾਲੂ ਇਸ ਉਪਾਧੀ ਦਾ ਅਰਥ ਨਹੀਂ ਦਸਦੇ ਤਾਂ ਜੇ ਇਹ ਉਪਾਧੀ ਨਾ ਵੀ ਲਾਉਣ ਤਾਂ ਸੰਤਾਂ ਦਾ ਕੀ ਘੱਟਦਾ ਹੈ ? ਸੰਤ 'ਸੰਤ' ਤਾਂ ਹਨ ਹੀ, ਇਸ ਤੋਂ ਵੱਡੀ ਉਪਾਧੀ ਕੀ ਹੋ ਸਕਦੀ ਹੈ ?:

ਕਈ ਸੰਤ ਹਲੀਮੀ, ਹਉਮੈ, ਅਗਿਆਨਤਾ, ਗੁੱਸੇ ਜਾਂ ਹੋਰ ਕਾਰਨਾਂ ਕਰਕੇ ਸ਼ੰਕੇ ਨਵਿਰਤ ਨਹੀਂ ਕਰਦੇ। ਇਕ ਸੰਤ ਜੀ ਨੂੰ ਮੈਂ ੧੯੨੩ ਤੋਂ ਜਾਣਦਾ ਸਾਂ, ਜਦੋਂ ਮੇਰੀ ਉਮਰ ੧੧ ਸਾਲ ਦੀ ਸੀ। ੧੯੫੦ ਦੇ ਨੇੜੇ ਤੇੜੇ ਉਹ ਈਸਟ ਅਫਰੀਕਾ ਦੇ ਦੌਰੇ ਤੇ ਗਏ। ਉਹ ਗੁਸੇ ਵਿਚ ਹੋ ਕੇ 'ਸਾਲੇ' ਅਤੇ ਭੈੜੀਆਂ ਗਾਲ੍ਹਾ ਦੀ ਵਰਤੋਂ ਵੀ ਅੱਝਕ ਕਰ ਲੈਂਦੇ ਸਨ। ਸੰਤ ਬਣ ਕੇ ਵੀ ਮੁੱਢ ਦੀ ਖਸਲਤਿ ਨਹੀਂ ਸੀ ਗਈ। ਉਂਜ ਸਨ ਬੜੇ ਮਸ਼ਹੂਰ ਪ੍ਰਭੁਤਾ ਵਾਲੇ ਬਿਰਧ ਪੁਰਸ਼। ਦੁਨੀਆਂ ਵੀ ਪਗਲੀ ਹੈ, 'ਸੰਤਾਂ ਦੀਆਂ ਗਾਲ੍ਹਾ, ਘਿਉ ਦੀਆਂ ਨਾਲ੍ਹਾਂ' ! ਕੋਈ 'ਬੂਟਾ', ਕੋਈ 'ਮਸਤ', ਗਾਲ੍ਹਾਂ ਕੱਢੇ ਭਾਵੇਂ ਪੱਥਰ ਮਾਰੇ, ਥੁੜਾ ਲੋੜਾਂ ਵਾਲੇ ਲੋਕ ਗਾਲ੍ਹਾਂ ਦਾ ਚੰਗਾ ਅਰਥ ਕੱਢ ਕੇ ਸੱਟੇ ਦੇ ਦਾਅ ਲਾਉਂਦੇ ਹਨ। ਐਲਡੋਰੇਟ, ਕੇਨੀਆਂ ਦੀ ਗੱਲ ਹੈ। ਸੰਤ ਜੀ ਨੇ ਕੀਰਤਨ ਆਰੰਭ ਕੀਤਾ। ਇਕ ਆਰੀਆਂ ਸਮਾਜੀ ਨੌਜਵਾਨ ਦੇਵੀ, ਸਰਲਾ, ਇਕ ਬੱਚੇ ਦੀ ਮਾਂ, ਬੱਚੇ ਨੂੰ ਗੋਦ ਲਈ ਸੰਗਤ ਵਿਚ ਬੈਠੀ ਸੀ। ਬੱਚਾ ਰੋ ਪਿਆ। ਸੰਤ ਜੀ ਨੇ ਫਰਮਾਇਆ, 'ਦੇਖ, ਮਾਈ ! ਭਾਵੇਂ ਮੈਂ ਦੁੱਧ ਚੁੰਘਿਆ ਹੋਇਆ ਹੈ ਪਰ ਮੈਂ ਲਿਹਾਜ ਨਹੀਂ ਕਰ ਸਕਦਾ। ਲੈ ਜਾ ਜਵਾਕ (ਬੱਚੇ) ਨੂੰ ਬਾਹਰ।' ਸਭਿਆਚਾਰ ਸਹਿਤ ਵੀ ਉਤਰ ਦਿਤਾ ਜਾ ਸਕਦਾ ਸੀ। ਸੰਗਤ ਵਿਚ ਸਨਾਟਾ ਛਾ ਗਿਆ। ਪਰ ਬੋਲੇ ਕੌਣ ? ਕਿਸੇ ਨੇ ਸਰਾਪ ਲੈਣਾ ਸੀ ! ਉਹ ਬੀਬੀ ਚਲੀ ਗਈ ਮੁੜ ਕਦੀ ਗੁਰਦੁਵਾਰੇ ਨਾ ਆਈ।

ਕਾਰਨ ? ਪਾਠਕ ਆਪੋ ਆਪਣੇ ਅੰਦਾਜ਼ੇ ਹੀ ਲਾ ਸਕਦੇ ਹਨ। ਖੈਰ ! ਕੀਰਤਨ ਦਾ ਭੋਗ ਪਿਆ। ਮੇਰੇ ਇਕ ਦੋਸਤ ਗੁਰਦਿਆਲ ਸਿੰਘ ਨੇ ਖੜੋ ਕੇ ਅਰਜ਼ ਕੀਤੀ, "ਸੰਤ ਜੀ, ਇਕ ਸ਼ੰਕਾ ਹੈ।" "ਦੱਸ ਭਾਈ।" "ਜੀ, ਬਾਣੀ ਪੜ੍ਹਨ, ਨਾਮ ਜਪਣ ਵਿਚ ਦਿਲ ਨਹੀਂ ਲੱਗਦਾ।" "ਭਾਈ ਲਾਈ ਜਾ, ਲੱਗ ਜੂ !" "ਜੀ ਲਾਉਂਦਾ ਹਾਂ, ਲੱਗਦਾ ਨਹੀਂ।" "ਤੇਰੀ ਉਮਰ ਕਿੰਨੀ ਹੈ ?' "ਜੀ ਤੀਹ ਕੁ ਸਾਲ।" "ਉਏ, ਤੂੰ ਜੰਮਿਆਂ ਕਦ ਤੇ ਇਕਾਗਰਤਾ ਦੀਆਂ ਗੱਲਾਂ ਕਦ ਕਰਨ ਲੱਗ ਪਿਆਂ, ਉਮਰਾਂ ਲੱਗਦੀਆਂ ਹਨ, ਉਮਰਾਂ।" "ਜੀ ਮੇਰੀ ਉਮਰ ਵੀ ਕਾਫੀ ਹੋ ਗਈ ਹੈ, ਸਰੀਰ ਦਾ ਕੀ ਵਸਾਹੁ, ਮਨ ਟਿਕਦਾ ਨਹੀਂ, ਕੋਈ ਉਪਰਾਲਾ ਜ਼ਰੂਰ ਦੱਸੋ।" "ਉਏ ਜੇ ਮਨ ਨਹੀਂ ਟਿਕਦਾ ਤਾਂ ਮੌਤ ਵੀ ਨਹੀਂ ਆਉਂਦੀ ?' ਵਿਚਾਰਾ ਪਾਣੀ ਪਾਣੀ

ਹੋ ਕੇ ਬੈਠ ਗਿਆ।

ਅਗਲੇ ਦਿਨ ਮੇਰੇ ਇਕ ਦੋਸਤ ਅਰਜੁਨ ਸਿੰਘ ਦੇ ਘਰ ਸੰਤ ਜੀ ਨੂੰ ਭੋਜਨ ਸੀ। ਮੈਨੂੰ ਵੀ ਮੇਰੇ ਦੋਸਤ ਨੇ ਬੁਲਾ ਲਿਆ। ਗੱਲ ਚੱਲ ਪਈ ਕ੍ਰੋਧ ਦੀ। ਸੰਤ ਜੀ ਨੇ ਇਸ ਬਾਰੇ ਮੈਨੂੰ ਪੁਛਿਆ। ਮੈਂ ਉਤਰ ਦਿਤਾ, "ਸੰਤ ਜੀ ਆਪ ਜੀ ਨੂੰ ਕ੍ਰੋਧ ਸੋਂਹਦਾ ਨਹੀਂ।" "ਭਾਈ ਪਾਣੀ ਗਰਮ ਵੀ ਹੋਵੇ, ਅੱਗ ਨੂੰ ਬੁਝਾ ਦਿੰਦਾ ਹੈ।" ਮੈਥੋਂ ਰਿਹਾ ਨਾ ਗਿਆ, ਪਰ ਮੈਂ ਐਨਾ ਹੀ ਕਹਿ ਸਕਿਆ, "ਸੰਤ ਜੀ, ਅੱਗ ਨੂੰ ਠੰਡੇ ਪਾਣੀ ਨਾਲ ਹੀ ਬੁਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗਰਮ ਕਰਨ ਲਈ ਵਾਧੂ ਸਮਾਂ ਤੇ ਖਰਚ ਕਰਨ ਦੀ ਕੀ ਲੋੜ ਪਈ ਹੈ !"

ਬਥੇਰੇ ਸੰਤਾਂ ਦੇ ਦਰਸ਼ਨ ਹੋਏ ਹਨ। ਕਈ ਚੰਗੇ ਸੰਤ ਮਿਲੇ। ਕਈ ਅਸੰਤ ਤੇ ਭੇਖੀ। ਭਾਈ ਗੁਰਦਾਸ ਜੀ ਤਾਂ ਲਿਖਦੇ ਹਨ, "ਥੰਮੇ ਕੋਇ ਨ ਸਾਧੁ ਬਿਨ, ਸਾਧੁ ਨ ਦਿਸੈ ਜਗ ਵਿਚ ਕੋਆ"। ਪਰ ਹੁਣ ਤਾਂ ਬਥੇਰੇ ਸੰਤ ਹਨ। ਹਾਂ, ਜਿਹੋ ਜਿਹਾ ਨੀਵਾਂ ਸਟੈਂਡਰਡ ਸਾਡਾ ਆਪਣਾ ਹੈ, ਉਹੋ ਜਿਹਾ ਹੀ ਸਾਡੇ ਸੰਤਾਂ ਦਾ ਹੋਣਾ ਹੋਇਆ। ਕਈ ਸੰਤਾਂ ਦਾ ਆਚਾਰ ਵਿਹਾਰ ਉਦਾਹਰਣੀਯ ਤੇ ਸ਼ੋਭਨੀਕ ਹੁੰਦਾ ਹੈ, ਪਰ ਕਈਆਂ ਦਾ ਐਸਾ ਭੈੜਾ ਕਿ ਨਾ ਤਾਂ ਉਹ ਪਾਠਕਾਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸਰੋਤਿਆਂ ਨਾਲ। ਹਾਂ, ਆਪਣੇ ਹਾਣੀ ਦੋਸਤਾਂ ਨਾਲ ਭਾਵੇਂ ਇਹੋ ਜਿਹੀਆਂ ਗੱਲਾਂ ਹੋ ਸਕਣ।

ਸੰਤਾਂ ਦੀ ਖਾਲਸਾ ਪੰਥ ਨੂੰ ਬੜੀ ਡਾਢੀ ਲੋੜ ਹੈ, ਗੁਰਬਾਣੀ ਵਿਚ ਸੰਤਾਂ ਦੀ ਬੜੀ ਮਹਿਮਾਂ ਹੈ, ਸੰਤਾਂ ਦੇ ਦੋਖੀਆਂ, ਨਿੰਦਕਾਂ ਦੀ ਬੜੀ ਨਿਖੇਧੀ ਹੈ। ਸੋ ਸੰਤਾਂ ਦੀ ਨਿੰਦਾ ਤਾਂ ਸੁਪਨੇ ਵਿਚ ਵੀ ਨਹੀਂ ਕਰਨੀ ਚਾਹੀਦੀ। ਪਰ ਭੇਖੀਆਂ ਦੀ ਅਸਲੀਅਤ ਦੱਸਣੀ ਨਿੰਦਾ ਨਹੀਂ ਕਹੀ ਜਾ ਸਕਦੀ। ਕਈ ਲੋਕ ਕਹਿੰਦੇ ਹਨ, "ਜੇ ਗਧੇ ਉਤੇ ਵੀ ਭਗਵਾਂ ਕੱਪੜਾ ਪਾਇਆ ਹੋਵੇ ਤਾਂ ਉਸਨੂੰ ਵੀ ਮੱਥਾ ਟੇਕਣਾ ਚਾਹੀਦਾ ਹੈ।" ਇਹ ਹਾਨੀਕਾਰਕ ਪਾਲੀਸੀ ਅਪਨਾਉਣੀ ਸਾਨੂੰ ਸਤਿਗੁਰਾਂ ਨੇ ਨਹੀਂ ਸਿਖਾਈ, ਜਿਹਨਾਂ ਨੇ ਕਿ ਆਪ ਬਥੇਰੇ ਭੇਖੀ ਸੰਤਾਂ ਦੇ ਪਾਜ ਖੋਲ੍ਹੇ ਹਨ।

ਸੰਤਾਂ ਲਈ ਕਿਸੇ ਖਾਸ ਕਿਸਮ ਦੀ ਦਸਤਾਰ ਜਾਂ ਚੋਲੇ ਦੀ ਲੋੜ ਨਹੀਂ। ਪਰ ਅੱਜਕਲ ਪੰਥ ਵਿਚ ਕਈ ਮਾਨਯੋਗ ਸੰਤ ਹਨ, ਜਿਹਨਾਂ ਦਾ ਪਹਿਰਾਵਾਂ ਇਕ ਪਟਕਾ ਸਿਰ, ਇਕ ਚਾਦਰ ਉਪਰ ਹੈ। ਕਿੱਤੇ ਉਹਨਾਂ ਉਤੇ ਨਿਰੰਜਨੀ ਮਤ ਦਾ ਅਸਰ ਤਾਂ ਨਹੀਂ ਹੋ ਗਿਆ ਕਿਉਂਕਿ ਨਿਰੰਜਨੀਆਂ ਦਾ ਪਹਿਰਾਵਾ ਵੀ ਇਹੋ ਹੈ। ਯਾਦ ਰਹੇ, ਇਹ ਨਿਰੰਜਨੀਏ (ਹੰਦਾਲੀਏ) ਗੁਰੂ ਪੰਥ ਦੇ ਕੱਟੜ ਦੋਖੀ ਹਨ। ਇਹਨਾਂ ਨੇ ਹੀ ਦਸਵੇਂ ਪਾਤਸ਼ਾਹ ਦੀ ਉਮਰ ਦੇ ਅਖੀਰਲੇ ਸਾਲਾਂ ਵਿਚ ਭਾਈ ਬਾਲੇ ਵਾਲੀ ਸਾਖੀ ਲਿਖੀ ਅਤੇ ਲਿਖੀ ਇਸ ਢੰਗ ਨਾਲ ਕਿ ਉਹ ਗੁਰੂ ਅੰਗਦ ਦੇਵ ਜੀ ਦੇ ਵੇਲੇ ਦੀ ਜਾਪੇ ਅਤੇ ਉਸ ਵਿਚ ਕੱਚੀ ਬਾਣੀ ਰਲਾ ਕੇ 'ਨਾਨਕ' ਨਾਮ ਵਰਤਿਆ। ਇਹਨਾਂ ਨੇ ਹੀ ਪੁਰਾਤਨ ਜਨਮ ਸਾਖੀ ਵਿਚ ਰਲਾ ਕੀਤਾ ਹੈ। ਇਹਨਾਂ ਨੇ ਹੀ ਪ੍ਰਾਚੀਨ ਬੀੜਾਂ ਵਿਚ ਰਲਾ ਕੀਤਾ ਹੈ ਤੇ ਇਹਨਾਂ ਦੇ ਬਜ਼ੁਰਗ ਹਰਿਭਗਤ

ਨੇ ਰੀਪੋਰਟਾਂ ਕਰ ਕਰ ਬਹੁਤ ਸਾਰੇ ਸਿੰਘਾਂ ਨੂੰ ਫੜਵਾ ਫੜਵਾ ਸ਼ਹੀਦ ਕਰਵਾ ਕੇ ਮੁਗਲ ਸਰਕਾਰ ਪਾਸੋਂ ਇਨਾਮ ਹਾਸਲ ਕੀਤੇ ਸਨ।

ਕਈ ਸੰਤ, ਗੁਰਮਤਿ ਦਾ ਪ੍ਰਚਾਰ ਕਰਦੇ ਹਨ। ਕਈ ਨਾਲ ਮਨਮਤਿ ਵੀ ਦ੍ਰਿੜਾਈ ਜਾਂਦੇ ਹਨ। ਕੋਈ ਮਾਲਾ ਫੇਰ ਕੇ ਨਾਮ ਜਪਣ ਦੀ ਤਾਕੀਦ ਕਰਦਾ ਹੈ, ਤੇ ਆਪਣੇ ਵਲੋਂ ਮਾਲਾ, ਉਨ ਦੀਆਂ ਵੀ, ਵੰਡਦਾ ਹੈ। ਹਾਲਾਂਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਮਾਲਾ ਨਾਲ ਗਿਣਤੀ ਕਰਕੇ ਨਾਮ ਜਪਣ ਦਾ ਵਿਧਾਨ ਨਹੀਂ ਅਤੇ ਮਾਲਾਧਾਰੀ ਕੇਵਲ ਹਿੰਦੂਆਂ, ਮੁਸਲਮਾਨਾਂ ਤੇ ਈਸਾਈਆਂ ਆਦਿਕ ਦੀਆਂ ਨਕਲਾਂ ਹੀ ਕਰਦੇ ਹਨ। ਬਲਕਿ ਉਹਨਾਂ ਤੋਂ ਵੀ ਅੱਗੇ ਲੰਘ ਕੇ ਤਿੰਨ ਤਿੰਨ ਮਾਲਾ ਧਾਰਦੇ ਹਨ। ਇਕ ਦਸਤਾਰ ਉਤੇ, ਦੂਜੀ ਗਾਤਰੇ ਵਾਂਗ ਗਲ ਵਿਚ ਅਤੇ ਤੀਜੀ ਹੱਥ ਵਿੱਚ। ਇਸੇ ਤਰ੍ਹਾਂ ਹੀ ਸਾਡੇ ਚਿੱਤਰਕਾਰ ਗੁਰੂ ਬਾਬੇ ਨੂੰ ਤਿੰਨ ਤਿੰਨ ਮਾਲਾਂ ਨਾਲ ਸ਼ਿੰਗਾਰ ਦਿੰਦੇ ਹਨ। ਉਸ ਬਾਬੇ ਨੂੰ ਜਿਸਨੇ ਮਾਲਾ ਦਾ ਖੰਡਨ ਕੀਤਾ। ਉਧਰੋਂ, ਸੰਤ, ਗਿਆਨੀ ਤੇ ਪ੍ਰਚਾਰਕ ਬਾਹਵਾਂ ਉਲਾਰ ਉਲਾਰ ਸੰਗਤਾਂ ਨੂੰ ਦਸਦੇ ਹਨ ਕਿ ਦਸਵੇਂ ਪਾਤਸ਼ਾਹ ਨੇ ਖਾਲਸੇ ਦੇ ਇੱਕ ਹੱਥ ਵਿੱਚ ਤਲਵਾਰ ਫੜਾ ਕੇ, ਦੂਜੇ ਹੱਥ ਵਿਚ ਮਾਲਾ ਫੜਾ ਕੇ ਉਸਨੂੰ 'ਸੰਤ-ਸਿਪਾਹੀ' ਬਣਾਇਆ।

ਕੋਈ ਇਹ ਨਹੀਂ ਸੋਚਦਾ ਕਿ ਤਲਵਾਰ ਵੀ ਸੱਜੇ ਹੱਥ ਨਾਲ ਵਾਹੀ ਜਾਂਦੀ ਹੈ ਅਤੇ ਮਾਲਾ ਵੀ ਸੱਜੇ ਹੱਥ ਨਾਲ ਫੇਰੀ ਜਾਂਦੀ ਹੈ।ਸੋ ਖੱਬੇ ਹੱਥ ਤਲਵਾਰ, ਦੂਜੇ ਹੱਥ ਮਾਲਾ ਫੜਾਈ ਕਿਵੇਂ ਕਹਿ ਸਕਦੇ ਹਾਂ ? ਤੇ ਇਕੋ ਹੱਥ 'ਚ ਤਲਵਾਰ ਤੇ ਮਾਲਾ ਫੜਾਉਣ ਦਾ ਕੀ ਭਾਵ? ਜਦ ਕਿ ਇਕੋ ਸਮੇਂ ਦੋਹਾਂ ਦੀ ਵਰਤੋਂ ਨਹੀਂ ਹੋ ਸਕਦੀ। ਦਸਵੇਂ ਪਾਤਸ਼ਾਹ ਨੇ 'ਕ੍ਰਿਸ਼ਨ ਅਵਤਾਰ' ਦੇ ਇਕ ਸਵਈਏ ਵਿਚ ਇਹ ਤਾਂ ਫਰਮਾਇਆ ਹੈ 'ਧੰਨ ਜੀਓ ! ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿਤ ਮੈ ਜੁਧ ਬਿਚਾਰੈ'। ਪਰ ਮਾਲਾ ਫੜਾਉਣ ਬਾਰੇ ਤਾਂ ਗੁਰਬਾਣੀ ਤੇ ਇਤਿਹਾਸ ਵਿਚ ਕਿਤੇ ਜ਼ਿਕਰ ਨਹੀਂ ਆਇਆ, ਨਾ ਹੀ ਆ ਸਕਦਾ ਸੀ। ਜਦੋਂ ਪਹਿਲੇ ਸਾਰੇ ਸਤਿਗੁਰਾਂ ਨੇ ਮਾਲਾ ਦਾ ਖੰਡਨ ਕੀਤਾ ਹੈ, ਬਲਕਿ ਭਗਤ ਕਬੀਰ ਨੇ ਵੀ, ਤਾਂ ਦਸਵੇਂ ਗੁਰੂ ਜੀ ਖਾਲਸੇ ਨੂੰ ਮਾਲਾ ਕਿਵੇਂ ਫੜਾ ਸਕਦੇ ਸਨ? ਦਸ ਗੁਰੂ ਇਕੋ ਜੋਤੀ ਰੂਪ ਸਨ ਤੇ ਸਾਰਿਆਂ ਦੀ ਜੁਗਤੀ ਇਕ ਹੈ, ਅੱਖਾਂ ਵਾਲੇ ਦੇਖ ਸਕਦੇ ਹਨ।

ਕਈ ਸੰਤ ਸੰਪਟ ਪਾਠਾਂ ਤੇ ਕਾਮਧੇਨ ਪਾਠਾਂ ਦਾ ਪਰਪੰਚ ਕਰਕੇ ਜੰਤਾਂ ਨੂੰ ਠੱਗਦੇ ਹਨ। ਸੰਨ ੧੯੬੫ ਦੇ ਲਾਗੇ ਛਾਗੇ ਇਕ ਸੰਤ, ਸ੍ਰੀ ਅੰਮ੍ਰਿਤਸਰ ਵਿਚ ੨੫੧ ਰੁਪਏ ਲੈ ਕੇ ਕਾਮਧੇਨ ਪਾਠ ਕਰਾਉਣ ਦਾ ਪ੍ਰਬੰਧ ਕਰਦਾ ਸੀ। ਕੋਈ ਸੰਤ ਟੂਣੇ ਕਰਦਾ ਹੈ ਤੇ ਧਾਗੇ ਤਾਵੀਜ਼ ਦਿੰਦਾ ਹੈ। ਕੋਈ ਚੁੜੇਲਾਂ ਭੂਤ ਕੱਢਦਾ ਹੈ। ਮਾਈਆਂ ਬੀਬੀਆਂ ਲਈ ਜੁਦੇ ਸੈਸ਼ਨ, ਕਈ ਵਾਰੀ ਲੋਕਾਂ ਦੇ ਘਰੀਂ ਲੱਗਦੇ ਹਨ। ਜਿਸ ਨਾਲ ਸੰਤਾਂ ਦੀ ਆਮਦਨੀ ਤਾਂ ਭਾਵੇਂ ਜ਼ਰੂਰ ਬਹੁਤ ਵਧ ਜਾਂਦੀ ਹੈ ਕਿਉਂਕਿ ਮਾਈਆਂ ਦੇ ਦਿਲ, ਦਾਨ ਕਰਨ ਲਈ, ਭਾਈਆਂ ਨਾਲੋਂ ਨਰਮ ਤੇ ਖੁੱਲ੍ਹੇ ਹੁੰਦੇ ਹਨ। ਪਰ ਇਹਨਾਂ ਕੁਰੀਤੀਆਂ ਨਾਲ ਕਈ ਭੈੜੇ ਨਤੀਜੇ ਨਿਕਲਣ ਦੀ ਸੰਭਾਵਨਾ ਵੀ

ਜ਼ਰੂਰ ਹੁੰਦੀ ਹੈ।

ਸੰਤਾਂ ਦੇ ਲਾਕੜੀ ਮਾਈ ਭਾਈ, ਹੋਰ ਸ਼ਰਧਾਲੂਆਂ ਨੂੰ ਪ੍ਰੇਰਦੇ ਹਨ ਕਿ ਮਾਇਆ ਨਾਗਣੀ ਨੂੰ ਸੰਤਾਂ ਦੇ ਚਰਨੀ ਲਾ ਕੇ ਇਸ ਨੂੰ ਸੰਤਾਂ ਦੀ ਦਾਸਰੀ ਬਣਾਉ, ਨਾਲੇ ਆਪਣਾ ਜਨਮ ਸਫਲ ਕਰੋ। ਕੋਈ ਸੰਤ ਆਰਤੀਆਂ ਕਰਦਾ ਹੈ। ਜਿਸ ਗੱਲ ਦਾ ਗੁਰਬਾਣੀ ਵਿਚ ਖੰਡਨ ਹੈ, ਅਤੇ ਹੈਰਾਨੀ ਇਹ ਹੈ ਕਿ ਜਿਹਨਾਂ ਸ਼ਬਦਾਂ ਵਿਚ ਖੰਡਨ ਹੈ, ਉਹੀ ਸ਼ਬਦ ਉਸ ਸਮੇਂ ਪੜ੍ਹਦਾ ਪੜ੍ਹਾਉਂਦਾ ਹੈ ਅਤੇ ਅੰਤ ਵਿਚ ਦਸਮ ਗ੍ਰੰਥ ਵਿਚੋਂ "ਸੰਖਨ ਕੀ ਧੁਨਿ ਘੰਟਨਿ ਕੀ" ਵਾਲਾ ਸਵਈਆ ਰਲਾ ਲੈਂਦਾ ਹੈ। ਜਿਸ ਦੀ ਕਹਾਣੀ ਹੀ ਵੱਖਰੀ ਹੈ ਅਤੇ ਜਿਸ ਵਿਚ ਦੁਰਗਾ ਹੱਥੋਂ ਮਹਿਖਾਸੁਰ ਦੈਂਤ ਦੇ ਮਾਰੇ ਜਾਣ ਤੇ ਇੰਦਰ ਨੂੰ ਤਿਲਕ ਮਿਲਣ ਸਮੇਂ ਦੇਵਤਿਆਂ ਵਲੋਂ ਮਨਾਈਆਂ ਖੁਸ਼ੀਆਂ ਦਾ ਵਰਨਣ ਹੈ। ਪ੍ਰਕਰਣ ਦਾ ਪਤਾ ਭਾਵੇਂ ਕਈਆਂ ਨੂੰ ਨਾ ਹੀ ਹੋਵੇ ਪਰ ਸਾਰੇ ਸਰੋਤੇ ਅੱਖਾਂ ਮੀਟ, ਸਿਰ ਹਿਲਾ, ਸਰੂਰ ਆਇਆ ਪ੍ਰਗਟ ਕਰਦੇ ਹਨ।

ਕਈ ਸੰਤ ਅੰਮ੍ਰਿਤ ਪ੍ਰਚਾਰ ਦੇ ਤਰੀਕੇ ਵਿਚ ਵੀ ਆਪੋ ਆਪਣੀ ਮੱਤ ਅਨੁਸਾਰ ਫਰਕ ਪਾ ਲੈਂਦੇ ਹਨ। ਸੰਨ ੧੯੬੯-੭੦ ਵਿਚ ਨੈਰੂਰ ਕੇਨੀਆਂ ਵਿਚ ਇਕ ਪ੍ਰਤਿਸ਼ਟਤ ਸੰਤ ਨੇ ਉਹਨਾਂ ਪ੍ਰਾਣੀਆਂ ਨੂੰ ਵੀ ਅੰਮ੍ਰਿਤ ਛਕਾ ਦਿੱਤਾ ਜਿਹਨਾਂ ਦੇ ਨਾ ਕੇਸ ਸਨ ਅਤੇ ਨਾ ਹੀ ਕੋਈ ਕਕਾਰ, ਅਤੇ ਕਹਿ ਦਿੱਤਾ ਕਿ ਪਿੱਛੋਂ ਕਕਾਰ ਧਾਰਨ ਕਰ ਲਏ ਜਾਣ, ਨਾਲ ਹੀ ਸ਼ੀਸ਼ੀਆਂ ਵਿਚ ਅੰਮ੍ਰਿਤ ਪਾ ਪਾ ਦੇ ਦਿੱਤਾ ਤਾਂ ਕਿ ਸ਼ਰਧਾਲੂ ਘਰੀਂ ਜਾ ਕੇ ਆਪਣੇ ਬੱਚੀ ਬੱਚਿਆਂ ਨੂੰ ਛਕਾ ਸਕਣ। ਸੰਤਾਂ ਦੇ ਜੱਥੇ ਵਾਲੇ ਕਹਿੰਦੇ ਹਨ ਕਿ ਸੰਤਾਂ ਨੇ ਐਨਿਆਂ ਨੂੰ ਜਹਾਜ਼ੇ ਚੜ੍ਹਾਇਆ। ਅੰਮ੍ਰਿਤ ਪਾਨ ਕਰਨ ਵਾਲੇ ਵੀ ਕਹਿੰਦੇ ਹਨ, ਅਸੀਂ ਸੰਤਾਂ ਤੋਂ ਅੰਮ੍ਰਿਤ ਛਕਿਆ। ਕੋਈ ਇਹ ਸੋਚਣ ਦੀ ਖੇਚਲ ਨਹੀਂ ਕਰਦਾ ਕਿ ਵਿਅਕਤੀਗਤ ਤੌਰ ਤੇ ਤਾਂ ਸਿਰਫ ਦਸਵੇਂ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਹੀ ਅੰਮ੍ਰਿਤ ਛਕਾਇਆ ਸੀ। ਇਸ ਤੋਂ ਪਿੱਛੋਂ ਕਿਸੇ ਇਕ ਵਿਅਕਤੀ ਤੋਂ ਅੰਮ੍ਰਿਤ ਛਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਹਿਣਾ ਤਾਂ ਇਹ ਚਾਹੀਦਾ ਹੈ ਕਿ ਸੰਤਾਂ ਦੇ ਜੱਥੇ ਤੋਂ ਅੰਮ੍ਰਿਤਪਾਨ ਕੀਤਾ ਜਾਂ ਸੰਤਾਂ ਦੇ ਜੱਥੇ ਨੇ ਅੰਮ੍ਰਿਤ ਛਕਾਇਆ। ਕਈ ਸੰਤ ਪ੍ਰਾਈਵੇਟ ਤੌਰ ਤੇ ਆਪਣੇ ਸ਼ਰਧਾਲੂਆਂ ਨੂੰ ਇਹ ਵੀ ਕਹਿੰਦੇ ਹਨ ਕਿ ਅੰਮ੍ਰਿਤ ਛਕਣਾ ਤਾਂ ਇਕ ਰਸਮ ਹੈ, ਨਾਮ ਜਪਣ ਦਾ ਅਸਲੀ ਤਰੀਕਾ ਤਾਂ ਸੰਤ ਹੀ ਦੱਸਦੇ ਹਨ।

ਕਈ ਸੰਤ ਆਪਣਾ ਸ਼ਜਰਾ (ਬੰਸਾਵਲੀ) ਭਾਈ ਦਇਆ ਸਿੰਘ ਜੀ ਨਾਲ ਮੇਲਦੇ ਹਨ ਹਾਲਾਂਕਿ ਸਾਰੇ ਪੰਜ ਪਿਆਰੇ, "ਪਿਆਰੇ" ਹੀ ਸਨ ਅਤੇ ਕਿਸੇ ਨੇ ਆਪਣਾ ਜੁਦਾ ਰਸਤਾ ਨਹੀਂ ਚਲਾਇਆ। ਸਾਡਾ ਗੁਰੂ ਦਸਮ ਪਾਤਸ਼ਾਹ ਹੈ, ਫਿਰ ਭਾਈ ਦਇਆ ਸਿੰਘ ਜੀ ਨਾਲ ਬੰਸਾਵਲੀ ਜੋੜਨ ਦੀ ਥਾਂ ਦਸਵੇਂ ਗੁਰੂ ਨਾਲ ਜੋੜਨ ਵਿਚ ਮਹਾਨਤਾ ਕਿਉਂ ਨਹੀਂ ਸਮਝੀ ਜਾ ਰਹੀ? ਇਹ ਹੀ ਚਾਲੇ ਹਨ ਜਿਹਨਾਂ ਨਾਲ ਹੌਲੀ ਹੌਲੀ "੧੨ ਪੂਰਬੀਏ, ਤੇਰਾ ਚੁਲ੍ਹੇ" ਬਣ ਖਾਲਸਾ ਪੰਥ ਦੇ

ਕਮਜ਼ੋਰ ਹੋ ਜਾਣ ਦੀ ਸੰਭਾਵਨਾ ਹੈ।

ਕਈ ਢਾਡੀ ਜੱਥੇ ਵੀ ਸ਼ਰਾਬ ਪੀ ਕੇ ਸਟੇਜਾਂ ਤੇ ਆਉਂਦੇ ਹਨ। ਕਈ ਪ੍ਰਬੰਧਕ ਚੁੱਪ ਰਹਿੰਦੇ ਹਨ। ਕਦੀ ਪਤਾ ਨਹੀਂ ਲੱਗਦਾ, ਕਦੀ ਆਪ ਬੇਅੰਮ੍ਰਿਤੀਏ, ਢਿੱਲੜ ਮੱਠੜ, ਦੁਬੜੂ ਘੁਸੜੂ ਜਾਂ ਪਤਿਤ ਹੁੰਦੇ ਹਨ। ਕਈ ਪ੍ਰਬੰਧਕ ਜਥਿਆਂ ਨੂੰ ਕੀਰਤਨ ਪਿੱਛੋਂ ਪੱਬਾਂ ਵਿਚ ਲੈ ਜਾਂਦੇ ਹਨ। ਕਈ ਪ੍ਰਬੰਧਕ ਆਏ ਜੱਥਿਆਂ ਨੂੰ ਆਪਣੇ ਘਰੀਂ ਪਰਸ਼ਾਦਾ ਵਰਜ ਕੇ ਨਾਲ ਸ਼ਰਾਬ ਵੀ ਵਰਜਦੇ ਹਨ। ਪ੍ਰਬੰਧਕਾਂ ਦੇ ਵਿਰੁੱਧ ਕੋਈ ਬੋਲਦਾ ਨਹੀਂ। ਕਿਤੇ ਪਾਰਟੀਬਾਜ਼ੀ ਹੈ, ਕਿਤੇ ਡਰ ਹੈ। ਮੂੰਹ ਸੀਤਾ ਰਹਿੰਦਾ ਹੈ। ਖਾਲਸੇ ਵਾਲੀ ਨਿਰਭੈਤਾ ਤੇ ਨਿਰਵੈਰਤਾ ਖੰਭ ਲਾ ਕੇ ਉਡ ਰਹੀ ਹੈ।

ਨਾਮਧਾਰੀ ਦੀਵਾਨਾਂ ਵਿਚ ਅੰਮ੍ਰਿਤ ਦੀਆਂ ਚੂਲੀਆਂ ਸੰਗਤ ਵਿਚ ਵਰਤਾਈਆਂ ਜਾਂਦੀਆਂ ਹਨ। ਅੰਮ੍ਰਿਤ ਤਿਆਰ ਵੀ, ਦੀਵਾਨ ਤੋਂ ਬਾਹਰ ਗੁਪਤ ਤੌਰ ਤੇ ਪਤਾ ਨਹੀਂ ਕਿਵੇਂ ਹੁੰਦਾ ਹੈ। ਅੰਮ੍ਰਿਤ ਅਭਿਲਾਖੀਆਂ ਨੂੰ ਗਾਤ੍ਰੇ ਕਿਰਪਾਨ ਪਵਾਉਣ ਦੀ ਥਾਂ ਕਮਰ ਕਸੇ ਨਾਲ ਟਾਕੂਆ ਟੰਗਾਇਆ ਜਾਂਦਾ ਹੈ। ਆਨੰਦ ਕਾਰਜ ਵਿਚ ਹਿੰਦੂ ਰੀਤੀ ਅਨੁਸਾਰ ਨਾਮਧਾਰੀਏ ਫੇਰੇ ਅੱਗ ਦੇ ਦੁਆਲੇ ਦਿੰਦੇ ਹਨ। ਦੇਹਧਾਰੀ ਗੁਰੂ ਮੰਨਦੇ ਹਨ। ਉਹ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਖਾਲਸੇ ਤੋਂ ਆਕੀ ਹੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪਣੇ ਆਪ ਤੇ ਚੌਰ ਝੁਲਾਉਂਦਾ ਹੈ, ਮੱਥੇ ਟਿਕਾਂਦਾ ਹੈ।

ਉਂਜ ਤਾਂ ਸਾਰੇ ਸਿਖ ਨਾਮਧਾਰੀਏ ਹਨ, ਨਾਮ ਨੂੰ ਧਾਰਨ ਕਰਨ ਵਾਲੇ। ਸਾਰੇ ਅਕਾਲੀ ਹਨ, ਅਕਾਲ ਨੂੰ ਮੰਨਣ ਵਾਲੇ। ਸਾਰੇ ਨਿਰੰਕਾਰੀ ਹਨ, ਨਿਰੰਕਾਰ ਦੇ ਪੁਜਾਰੀ। ਸਾਰੇ ਉਦਾਸੀ ਹਨ, ਜਗਤ ਤੋਂ ਉਦਾਸ। ਸਾਰੇ ਨਿਰਮਲੇ ਹਨ, ਨਿਰਮਲ। ਸਾਰੇ ਖਾਲਸੇ ਹਨ, ਖਾਲਸ ਅਤੇ ਸਾਰੇ ਸੇਵਾ ਪੰਥੀਏ ਹਨ, ਸੇਵਾ ਕਰਨ ਵਾਲੇ। ਪਰ ਸ਼ਰਾਰਤ ਹੋ ਰਹੀ ਹੈ ਜੁਦਾ ਜੁਦਾ ਪੰਥ ਬਣਾ ਬਣਾ ਕੇ ਖਾਲਸਾ ਪੰਥ ਨੂੰ ਖੇਰੂੰ ਖੇਰੂੰ ਕਰਨ ਦੀ।

ਕਈ ਸੰਤ ਕੜਾਹ ਪ੍ਰਸ਼ਾਦ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ ਲਵਾ ਕੇ ਪ੍ਰਵਾਨ ਕਰਵਾਉਂਦੇ ਹੋਏ ਸੁਣੇ ਜਾਂਦੇ ਹਨ। ਪੰਥ ਵਿਚ ਕ੍ਰਿਪਾਨ ਭੇਂਟ ਦਾ ਵਿਧਾਨ ਹੈ। ਕੀ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਹੀ ਪੰਥ ਤੋਂ ਉਲਟ ਚਲ ਕੇ ਉਸਦਾ ਥੱਲਾ ਲਾਉਣ ਦੀ ਕੋਸ਼ਿਸ਼ ਕਰ ਸਕਦੇ ਹਨ? ਜਦ ਦਸਵੇਂ ਪਾਤਸ਼ਾਹ ਨੇ ਆਪਣੇ ਆਪ ਨੂੰ 'ਗ੍ਰੰਥ ਪੰਥ' ਵਿਚ ਅਭੇਦ ਕਰ ਦਿਤਾ ਤਾਂ ਕਿਸੇ ਪੰਜੇ ਦੀ ਕੀ ਮਹਾਨਤਾ ਹੈ। ਪੰਜਾ ਤਾਂ ਕੋਈ ਸਰੀਰਧਾਰੀ ਹੀ ਲਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੀ ਜੋਤਿ ਵਾਹਿਗੁਰੂ ਦੀ ਜੋਤਿ ਵਿਚ ਮਿਲਾ ਕੇ ਅਭੇਦ ਹੋ ਚੁੱਕੀ ਹੈ। ਉਸ ਜੋਤਿ ਨੂੰ ਕੋਈ ਜੁਦਾ ਨਹੀਂ ਕਰ ਸਕਦਾ। ਗੁਰੂ ਨਾਨਕ ਸਾਹਿਬ ਦਾ ਰੂਪ ਤਾਂ ਹੁਣ 'ਗ੍ਰੰਥ ਪੰਥ' ਹੈ। ਪੰਜਾਂ ਤਾਂ ਗੁਰੂ ਜੀ ਨੇ 'ਸ੍ਰੀ ਪੰਜਾ ਸਾਹਿਬ' ਹੀ ਲਾਇਆ ਸੀ। ਸੰਤਾਂ ਦੇ ਨਵੇਂ ਪੰਜੇ ਮਨੋ-ਕਲਪਿਤ ਹਨ।

ਮੁਸਲਮਾਨਾਂ ਦੇ ੭੨ ਫਿਰਕੇ ਹਨ। ਇਸਲਾਮ ਦੀ ਉਮਰ ਸਾਥੋਂ ਜ਼ਿਆਦਾ

ਹੈ। ਕੁਝ ਫਿਰਕੇ ਤਾਂ ਆਪਣੀ ਗਲਤੀ ਨਾਲ ਅਸੀਂ ਵੀ ਬਣਾ ਲਏ ਹਨ ਅਤੇ ਡਰ ਹੈ, ਕਿ ਸੰਤਾਂ ਦੀਆਂ ਜੁਦੀਆਂ ਜੁਦੀਆਂ ਸੰਪ੍ਰਦਾਵਾ ਵੀ ਆਪੋ ਆਪਣੀਆਂ ਮਰਿਯਾਦਾ ਚਲਾ ਕੇ ਗੁਰੂ ਮਰਿਯਾਦਾ ਵਿਚ ਮਿਲਗੋਭਾ ਕਰ ਕੇ ਹੌਲੀ ਹੌਲੀ ਖਾਲਸੇ ਤੋਂ ਪਾੜਾ ਪਾ ਕੇ ਜੁਦਾ ਜੁਦਾ ਬਣ ਜਾਣ।

ਇਹਨਾਂ ਸਾਰੀਆਂ ਕੁਰੀਤੀਆਂ ਵਿਚ ਤਖਤ ਸਾਹਿਬਾਨ ਦੇ ਪ੍ਰਬੰਧਕਾਂ, ਕਮੇਟੀਆਂ, ਦਲਾਂ, ਦੀਵਾਨਾਂ ਅਤੇ ਸਾਰੀਆਂ ਮੁੱਖ ਸਿੱਖ ਸੰਸਥਾਵਾਂ ਦਾ ਵੀ ਹਿੱਸਾ ਹੈ। ਅਸੀਂ ਹਿੰਦੂ ਰੀਤੀ ਅਨੁਸਾਰ ਸੰਗਰਾਂਦ, ਪੁੰਨਿਆਂ ਤੇ ਮੱਸਿਆ ਮਨਾਈ ਜਾ ਰਹੇ ਹਾਂ। ਹਾਲਾਂ ਕਿ ਸੂਰਜ ਅਤੇ ਚੰਦ ਦੇ ਦਸਾਂ ਪੁਰਬਾਂ, ਤਿਉਹਾਰਾਂ ਨਾਲ ਸਾਡਾ ਕੋਈ ਵਾਸਤਾ ਨਹੀਂ ਕਿਉਂਕਿ ਸਾਨੂੰ ਗੁਰੂ ਜੀ ਨੇ ਵਾਹਿਗੁਰੂ ਦੇ ਲੜ ਲਾਇਆ ਹੈ, ਨਾ ਕਿ ਸੂਰਜ ਜਾਂ ਚੰਦ ਦੇ। ਸਾਡੇ ਬਜ਼ੁਰਗ ਜ਼ਿਆਦਾ ਕਰ ਕੇ ਹਿੰਦੂ ਸਟੌਕ ਵਿਚੋਂ ਸਿਖ ਬਣੇ ਸਨ। ਸ਼ਾਇਦ ਜਨਮਾਂ ਜਨਮਾਤ੍ਰਾਂ ਦੀ ਸਾਡੇ ਅਚੇਤ ਮਨ ਵਿਚ ਪਈ ਹੋਈ ਹਿੰਦੂ ਜ਼ਹਿਨੀਅਤ ਨਿਕਲ ਹੀ ਨਹੀਂ ਰਹੀ। 'ਰਾਗ ਮਾਲਾ' ਦਾ ਠੀਕ ਹੱਲ ਨਹੀਂ ਕੀਤਾ ਜਾ ਰਿਹਾ। ਸਾਰੇ ਤਖਤ ਸਾਹਿਬਾਨ ਤੇ ਇਕ ਰੀਤੀ ਨਹੀਂ। ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ 'ਪ੍ਰਣਵੋ ਆਦਿ ਏਕੰਕਾਰਾ' ਵਾਲੀ ਚੌਪਈ ਪੜ੍ਹੀ ਜਾਂਦੀ ਹੈ, ਜੋ 'ਅਕਾਲ ਉਸਤਤਿ' ਵਿਚ ਹੈ ਪਰ ਬਾਕੀ ਤਖਤਾਂ ਤੇ 'ਹਮਾਰੀ ਕਰੋ ਹਾਥ ਦੇ ਰੱਛਾ' ਵਾਲੀ ਚੌਪਈ ਪੜ੍ਹੀ ਜਾਂਦੀ ਹੈ ਜੋ ਚਰਿਤ੍ਰਾਂ ਦੇ ਪਿੱਛੋ ਹੈ।

ਸ੍ਰੀ ਹਜ਼ੂਰ ਸਾਹਿਬ ਸੰਗਤਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੋਜ਼ ਤੜਕੇ ਆ ਕੇ ਸ੍ਰੀ ਤਖਤ ਸਾਹਿਬ ਅੰਦਰ ਦਾਤਣ ਕਰਦੇ ਹਨ, ਇਸ਼ਨਾਨ ਕਰਦੇ ਹਨ। ਗੁਰੂ ਜੀ ਦੀ ਜੋਤ ਆ ਕੇ ਦਾਤਣ ਤੇ ਇਸ਼ਨਾਨ ਨਹੀਂ ਕਰ ਸਕਦੀ। ਜੇ ਇਉਂ ਹੀ ਕਰਨਾ ਹੁੰਦਾ ਤਾਂ ਗੁਰੂ ਜੀ ਆਪਣੀ ਦੇਹ ਨੂੰ ਸਦਾ ਕਾਇਮ ਰੱਖਦੇ ਅਤੇ 'ਗ੍ਰੰਥ ਪੰਥ' ਵਿਚ ਅਭੇਦ ਨਾ ਹੁੰਦੇ। ਹਰ ਇਕ ਦੇਹ ਦਾ ਅੰਤ ਹੈ, ਦੇਹਾਂਤ ਹੈ।

ਅਸਲ ਵਿਚ 'ਸ੍ਰੀਮਾਨ ੧੦੮ ਸੰਤ ਅਤੇ ਸ੍ਰੀਮਾਨ ੧੧੧ ਸੰਤ' ਦਾ ਰਿਵਾਜ਼ ਵੀ ਹਿੰਦੂ ਰੀਤੀ ਹੀ ਹੈ। 'ਯੋਗਿਨੀ ਤੰਤ੍ਰ' ਗਰੰਥ ਵਿਚ ਮਹਾਂਦੇਵ ਦਾ ਕਥਨ ਹੈ ਕਿ ਜੋ ੧੦੮ ਮਣਕਿਆਂ ਵਾਲੀ ਮਾਲਾ ਫੇਰੀ ਜਾਵੇ ਤਾਂ ਸਰਵ ਸਿਧੀ ਭਾਵ ਹਰਿਕ ਕੰਮ ਵਿਚ ਸਫਲਤਾ ਹੋ ਜਾਂਦੀ ਹੈ। ਇਸ ਲਈ ਹਿੰਦੂਆਂ ਨੇ ਸੂਰਜ ਦੀਆਂ ਬਾਰਾਂ ਰਾਸ਼ੀਆਂ ਨੂੰ ਹਰਿਕ ਰਾਸ਼ੀ ਨੌਂ ਨੌਂ ਅੱਖਰਾਂ ਨਾਲ ਜ਼ਰਬ ਦੇ ਕੇ ੧੦੮ ਮਣਕੇ ਬਣਾ ਲਏ ਹਨ। ਕਈ ਹਿੰਦੂਆਂ ਨੇ ੨੭ ਨਛੱਤਰਾਂ ਨੂੰ ਹਰਿਕ ਨੱਛਤਰ ਦੇ ਚੌਂਹ ਚੌਂਹ ਅੱਖਰਾਂ ਨਾਲ ਗੁਣਾ ਕਰ ਕੇ ੧੦੮ ਮਣਕੇ ਬਣਾ ਲਏ ਹਨ। ਜੈਨੀਆਂ ਨੇ ੧੦੮ ਦੀ ਜਗ੍ਹਾ ਮਾਲਾ ਦੇ ੧੧੧ ਮਣਕੇ ਬਣਾ ਲਏ ਹਨ। ਸੋ ਹਿੰਦੂ ਜਿਸ ਸੰਤ ਬਾਰੇ ਉਹ ਮੰਨਣ ਕਿ ਉਹ ਸਾਡੀਆਂ ਸਾਰੀਆਂ ਇਛਾਂ ਪੂਰਣ ਕਰ ਦੇਵੇਗਾ, ਉਸਨੂੰ 'ਸ੍ਰੀਮਾਨ ੧੦੮ ਸੰਤ' ਕਹਿੰਦੇ ਹਨ ਅਤੇ ਜੈਨੀ ਆਪਣੇ ਇਹੋ ਜਿਹੇ ਸੰਤ ਨੂੰ 'ਸ੍ਰੀਮਾਨ

੧੧੧ ਸੰਤ' ਕਹਿ ਦਿੰਦੇ ਹਨ।

ਹੁਣ ਡਰ ਇਹ ਪੈਦਾ ਹੋ ਰਿਹਾ ਹੈ ਕਿ ਹੌਲੀ ਹੌਲੀ ਇਕ ਬਿੰਦੀ ਹੋਰ ਜੜ ਕੇ 'ਸ੍ਰੀਮਾਨ ੧੦੮੦ ਸੰਤ' ਜਾਂ 'ਸ੍ਰੀਮਾਨ ੧੧੧੦ ਸੰਤ' ਲਿਖਣ ਦੀ ਪੱਧਤੀ ਨਾ ਪੈ ਜਾਵੇ। ਇਹ ਵੀ ਸ਼ੁਕਰ ਹੈ ਕਿ ਸੰਤਾਂ ਨੂੰ ਸੰਬੋਧਨ ਕਰਨ ਵੇਲੇ ਇਹ ਨਹੀਂ ਵਰਤਿਆ ਜਾਂਦਾ, 'ਸ੍ਰੀਮਾਨ ੧੦੮ ਸੰਤ ਜੀ' ਜਾਂ 'ਸ੍ਰੀਮਾਨ ੧੧੧ ਸੰਤ ਜੀ'। ਖਿਆਲ ਆਉਂਦਾ ਹੈ ਕਿ ਭਾਵੇਂ ਕੋਈ ਸੰਤ ਭੇਖਧਾਰੀ ਹੀ ਹੋਵੇ, ਉਸਨੂੰ ਵੀ ਕੋਈ ਇਹ ਲਿਖਣ ਦਾ ਹੀਆਂ ਨਹੀਂ ਕਰ ਸਕਦਾ 'ਸ੍ਰੀਮਾਨ ੪੨੦ ਸੰਤ' ਹਾਲਾਂਕਿ ਇਹ ਅੰਕ ੧੦੮ ਜਾਂ ੧੧੧ ਤੋਂ ਵੱਡਾ ਹੈ। ਭਲਾ ਕਿਸੇ ਨੇ ਸਰਾਪ, ਕਿਉਂ ਮੁਲ ਲੈਣਾ ਹੋਇਆ।

ਨੰਬਰ ੪੨੦ ਤੋਂ ਤਾਂ ਹਰਿਕ ਵਿਅਕਤੀ ਚਲਦਾ ਹੈ, ਸੰਤ ਵੀ ਡਰਦੇ ਹਨ। ਜੇ ਭਲਾ ਇਕ ਗਿਆਨੀ ਜੀ ਦੇ ਕਥਨ ਅਨੁਸਾਰ ਸਿਫਰ, ਦੋ ਅਤੇ ਚਾਰ ਤੋਂ ਸੰਕੇਤ ਲੈ ਲਈਏ ਮਾਇਆ, ਦਵੈਤ ਭਾਵ ਤੇ ਚਉਥੇ ਪਦ ਦਾ ਅਤੇ ੪੨੦ ਦਾ ਅਰਥ ਕੱਢ ਲਈਏ 'ਉਹ ਮਹਾਂਪੁਰਸ਼ ਜੋ, ਆਣ ਕਰ ਕੇ, ਮਾਇਆ ਨੂੰ ਲੱਤ ਮਾਰ ਕੇ ਅਤੇ ਦਵੈਤ ਭਾਵ ਨੂੰ ਪਰ੍ਹਾਂ ਕਰ ਕੇ, ਜਿੱਤ ਕੇ ਚਉਥੇ ਪਦ, ਤੁਰੀ ਅਵਸਥਾ ਵਿਚ ਪ੍ਰਵੇਸ਼ ਕਰ ਲਵੇ ਤਾਂ, ਭਲਾ 'ਸ੍ਰੀਮਾਨ ੪੨੦ ਸੰਤ' ਲਿਖਣਾ ਵੀ ਕਿਉਂ ਮਾੜਾ, ਸਮਝਿਆ ਜਾਵੇ? ਦੇਖੀਏ, ਕੋਈ ਸੰਤ ਜਾਂ ਉਹਨਾਂ ਦੇ ਸ਼ਰਧਾਲੂ 'ਸ੍ਰੀਮਾਨ ੪੨੦ ਸੰਤ' ਲਿਖਣ ਦੀ ਦਲੇਰੀ ਵੀ ਕਰਦੇ ਹਨ ਕਿ ਨਹੀਂ। ਭਰੋਸਾ ਹੈ, ਨਹੀਂ ਕਰਨਗੇ।

ਅਕਾਲੀ ਲਹਿਰ ਦੇ ਜ਼ੋਰਾਂ ਵਿਚ ੧੯੨੪ ਵਿਚ ਇਕ ਦੀਵਾਨ ਵਿਚ ਇਕ ਗੀਤ ਗਾਇਆ ਜਾਂਦਾ ਸੁਣਿਆ ਸੀ ਜਿਸ ਦੀ ਟੇਕ ਸੀ। "ਸੁੱਤਿਆਂ ਤੂੰ ਜਾਗ, ਪੰਥਾ, ਸੁੱਤਿਆਂ ਤੂੰ ਜਾਗ ਵੇ !" ਕਾਸ਼ ਪੰਥ ਕੁੰਭ-ਕਰਨੀ ਨੀਂਦ ਤੋਂ ਅੱਖ ਪੁੱਟ ਲਵੇ !

# ਕੁਝ ਹੋਰ

(ੳ) ਦਰਸ਼ਨ ਦਾਸੀਆਂ ਦਾ ਕੋਝਾ ਪ੍ਰਚਾਰ

(ਅ) ਜੰਗਬਾਜ਼ਾਂ ਨੂੰ ਤਾੜਨਾ

# ਦਰਸ਼ਨ ਦਾਸੀਆਂ ਦਾ ਕੋਝਾ ਪ੍ਰਚਾਰ

ਸੰਨ ੧੯੮੩ ਵਿਚ ਲਗਾਤਾਰ ਤਿੰਨ ਸਪਤਾਹਾਂਤ ਤੇ ਇਕ ਇਕ ਦਿਨ ਲਈ ਲੈਮਿੰਗਟਨ ਸਭਾ ਦੇ ਕਿਸੇ ਸਕੂਲ ਦਾ ਹਾਲ ਬੁੱਕ ਕਰਵਾ ਕੇ ਦਰਸ਼ਨ ਦਾਸੀਆਂ ਨੇ ਪ੍ਰਚਾਰ ਕੀਤਾ। ਲੈਮਿੰਗਟਨ ਤੋਂ ਮੇਰੇ ਦੋਸਤ ਸ. ਤੇਜਾ ਸਿੰਘ ਜੀ ਤੇ ਵੌਰਿਕ ਤੋਂ ਸ. ਨਿੱਕਾ ਸਿੰਘ ਜੀ ਨੇ ਵੀ ਸਿਰਫ਼ ਜਾਣਕਾਰੀ ਹਾਸਿਲ ਕਰਨ ਲਈ ਉਨ੍ਹਾਂ ਦਾ ਇਕ ਸਮਾਗਮ ਦੇਖਿਆ।

ਉਸ ਤੋਂ ਅਗਲੇ ਹਫ਼ਤੇ ਉਹ ਮੈਨੂੰ ਵੀ ਲੈ ਗਏ। ਸਕੂਲ ਦੇ ਵਿਹੜੇ ਵਿਚ ਇਕ ਵੈਨ ਵਿਚ ਕੁਝ ਦਰਸ਼ਨ ਦਾਸੀਏ ਬੈਠੇ ਸਨ। ਹਾਲ ਦੇ ਦਰਵਾਜੇ ਵਿਚ ਇਕ ਚੋਬਦਾਰ ਖੜਾ ਸੀ। ਚਿੱਟਾ ਪਜਾਮਾ, ਚਿੱਟੀ ਕਮੀਜ਼, ਚਿੱਟੀ ਦਸਤਾਰ, ਪਗ ਖੱਬੀ, ਮੱਥੇ ਤੇ ਲਾਲ ਤਿਲਕ, ਦਾੜ੍ਹੀ ਖੁੱਲ੍ਹੀ, ਪਲਾਸਟਿਕ ਦੀ ਚਿੱਟੀ ਪੇਟੀ, ਪੇਟੀ ਤੇ ਦਰਸ਼ਨਦਾਸ ਦੀ ਫ਼ੋਟੋ ਵਾਲਾ ਬੈਜ।

ਹਾਲ ਦੇ ਅੰਦਰ ਸਟੇਜ ਤੇ ਇਕ ਦਰਸ਼ਨ ਦਾਸੀਆਂ ਹਾਰਮੋਨੀਅਮ ਨਾਲ ਭਜਨ ਗਾ ਰਿਹਾ ਸੀ। ਪਿੱਛੇ ਕੰਧ ਤੇ ਦਰਸ਼ਨ ਦਾਸ ਦੀ ਸ਼ੀਸ਼ੇ ਜੋੜੀ ਰੰਗੀਨ ਫੋਟੋ ਲੱਗੀ ਹੋਈ ਸੀ। ਸਟੇਜ ਤੋਂ ਸੱਜੇ ਹੱਥ ਨੂੰ ਗੱਤੇ ਦਾ ਇਕ ਡੱਬਾ ਰੱਖਿਆ ਹੋਇਆ ਸੀ, ਜਿਸ ਵਿਚ ਸ਼ਰਧਾਲੂ ਮਾਇਆ ਪਾਉਂਦੇ ਸਨ।

ਇਕੱਠ ਤਾਂ ਥੋੜਾ ਹੀ ਸੀ, ਪੰਜ ਸਤ ਤੀਵੀਆਂ, ਪੰਜ ਸਤ ਆਦਮੀ। ਤੀਵੀਆਂ ਵੱਲ ਚੌਂਹੀ ਖੂੰਜੀ ਇਕ ਇਕ ਕਰਕੇ ਚਾਰ ਸੇਵਾਦਾਰਨੀਆਂ ਖੜੀਆਂ ਸਨ। ਆਦਮੀਆਂ ਵੱਲ ਚੌਂਹੀ ਨੁੱਕਰੀਂ ਇਕ ਇਕ ਕਰਕੇ ਚਾਰ ਸੇਵਾਦਾਰ । ਸੇਵਾਦਾਰਨੀਆਂ ਨੇ ਚਿੱਟੀਆਂ ਚੁੰਨੀਆਂ ਲਈਆਂ ਹੋਈਆਂ ਸਨ। ਬਾਕੀ ਸਾਰੀ ਵਰਦੀ, ਸੇਵਾਦਾਰਨੀਆਂ ਸੇਵਾਦਾਰਾਂ ਅਤੇ ਗਾਇਕਾਂ, ਪ੍ਰਚਾਰਕਾਂ ਦੀ ਇਕੋ ਹੀ ਸੀ, ਦਰਵਾਜ਼ੇ ਵਾਲੇ ਚੋਬਦਾਰ ਵਾਲੀ।

ਅਸੀਂ ਅੰਦਰ ਜਾਣੋਂ ਝਿਜਕ ਰਹੇ ਸਾਂ ਕਿ ਚੋਬਦਾਰ ਨੇ ਸਾਨੂੰ ਕਿਹਾ, 'ਸ੍ਰੀਮਾਨ ਜੀ, ਅੰਦਰ ਲੰਘ ਜਾਵੋ ਜਾਂ ਵਾਪਸ ਚਲੇ ਜਾਵੋ।'

ਅਸੀਂ ਅੰਦਰ ਜਾ ਕੇ ਬੈਠ ਗਏ। ਹੁਣ ਭਜਨ ਗਾਉਣ ਵਾਲੇ ਨੇ ਗੁਰਬਾਣੀ ਕੀਰਤਨ ਕਰਨਾ ਆਰੰਭ ਦਿੱਤਾ।

ਕੁੱਝ ਚਿਰ ਪਿੱਛੋਂ ਬਾਹਰੋਂ ਵੈਨ ਵਿਚੋਂ ਇਕ ਹੋਰ ਦਰਸ਼ਨ ਦਾਸੀਆ ਆਇਆ। ਉਸਨੇ ਪ੍ਰਚਾਰ ਚਾਲੂ ਕੀਤਾ। ਤੱਤ ਇਹ ਸੀ, 'ਸਾਡਾ ਵੱਡਾ ਅੱਡਾ ਦਿੱਲੀ ਵਿਚ ਹੈ। ਸਾਡੇ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁਨਹਿਰੀ ਜਿਲਦ

ਵਾਲੀ ਬੀੜ ਹੈ। ਸਾਨੂੰ 'ਆਕਾਸ਼ਵਾਣੀ' ਅਤੇ 'ਦੂਰ ਦਰਸ਼ਨ', ਦਿੱਲੀ ਵਲੋਂ ਨਿਯਮ ਬੱਧ ਲਗਾਤਾਰ ਸਮਾਂ ਮਿਲਦਾ ਰਹਿੰਦਾ ਹੈ। ਸਾਡੇ ਭਾਰਤ ਵਿਚ ਸੋਲਾਂ ਅੱਡੇ ਹਨ। ਤਿੰਨ ਅੱਡੇ ਪੰਜਾਬ ਵਿਚ ਹਨ, ਜਾਲੰਧਰ, ਨਵਾਂ ਸ਼ਹਿਰ ਤੇ ਬਟਾਲਾ। ਇਸ ਦੇਸ਼ ਵਿਚ ਸਾਡਾ ਅੱਡਾ ਬਰਮਿੰਘਮ ਹੈ। ਅਸੀਂ ਇਸ ਦੇਸ਼ ਵਿਚ ਹੋਰ ਅੱਡੇ ਵੀ ਕਾਇਮ ਕਰਨੇ ਹਨ। ਹੋਰ ਦੇਸ਼ਾਂ ਵਿਚ ਵੀ ਅੱਡੇ ਕਾਇਮ ਕਰਨੇ ਹਨ। ਸਾਡਾ ਚੈਲੰਜ ਹੈ ਕਿ ਸਾਨੂੰ ਸੰਸਾਰ ਦੀ ਕੋਈ ਤਾਕਤ ਰੋਕ ਨਹੀਂ ਸਕਦੀ। ਸਿਖ ਧਰਮ, ਹਿੰਦੂ ਧਰਮ, ਇਸਲਾਮ ਅਤੇ ਈਸਾਈ ਮਤ ਆਦਿਕ ਸਾਰੇ ਧਰਮ ਨਾਸ਼ ਹੋ ਜਾਣਗੇ। ਦੁਨੀਆਂ ਵਿਚ ਸਾਰੇ 'ਸੱਚ ਖੰਡ ਨਾਨਕ ਧਾਮ' ਫੈਲ ਜਾਵੇਗਾ।

ਅੰਤ ਵਿਚ ਉਸ ਨੇ ਕਿਹਾ, 'ਕਿਸੇ ਨੇ ਕੋਈ ਸਵਾਲ ਕਰਨਾ ਹੈ ਤਾਂ ਕਰ ਲਵੋ। ਕਿਸੇ ਨੂੰ ਕੋਈ ਸ਼ੰਕਾ ਹੈ ਤਾਂ, ਨਿਵ੍ਰਿਤੀ ਕਰਵਾ ਲਵੋ।' ਮੈਂ ਉੱਠ ਕੇ ਕਿਹਾ, 'ਸ੍ਰੀਮਾਨ ਜੀ, ਕੀ ਮੈਂ ਕੁੱਝ ਬੋਲ ਸਕਦਾ ਹਾਂ ? ਪ੍ਰਚਾਰਕ ਜੀ ਨੇ ਉੱਤਰ ਦਿੱਤਾ, 'ਬਾਬਾ ਜੀ, ਅਸੀਂ ਤੁਹਾਡੀ ਬੜੀ ਇੱਜ਼ਤ ਕਰਦੇ ਹਾਂ,' ਮੈਂ ਥੱਲੇ ਆ ਜਾਂਦਾ ਹਾਂ। ਤੁਸੀ ਸਟੇਜ ਤੇ ਆ ਕੇ ਮੇਰੇ ਥਾਂ ਬੈਠ ਕੇ ਪ੍ਰਵਚਨ ਕਰੋ।' ਮੈਂ ਸਟੇਜ ਤੇ ਜਾਣੋਂ ਨਾਂਹ ਕਰ ਦਿੱਤੀ ਅਤੇ ਆਪਣੇ ਥਾਂ ਖੜਾ ਹੀ ਬੋਲਿਆ। ਤੱਤ ਇਹ ਸੀ, 'ਤੁਹਾਡੇ ਸਮਾਗਮ ਵਿਚ ਆ ਕੇ ਖਲਲ ਪਾਉਣਾ ਸਾਡਾ ਸਿੱਖਾਂ ਦਾ ਕੰਮ ਨਹੀਂ। ਤੁਸੀਂ ਆਪ ਆਗਿਆ ਦਿੱਤੀ ਹੈ, ਸੋ ਕੁੱਝ ਬੋਲਦਾ ਹਾਂ। ਅਸੀਂ ਇਹ ਨਹੀਂ ਕਹਿੰਦੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸੰਸਾਰ ਵਿਚ ਕੋਈ ਗੁਰੂ ਹੋਇਆ ਹੀ ਨਹੀਂ ਅਤੇ ਨਾ ਹੀ ਇਹ ਕਹਿੰਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਦੁਨੀਆਂ ਵਿਚ ਕੋਈ ਹੋਰ ਗੁਰੂ ਹੋ ਹੀ ਨਹੀਂ ਸਕਦਾ। ਪਰ ਸਾਡਾ ਇਹ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਸਾਡਾ ਗੁਰੂ ਗੁਰੂ ਨਾਨਕ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਹੀ-ਹੈ, ਗੁਰੂ ਗ੍ਰੰਥ ਜੀ ਹੀ ਹੈ, ਗੁਰੂ ਖਾਲਸਾ ਪੰਥ ਜੀ ਹੀ ਹੈ"। ਜੇ ਤੁਸੀਂ ਆਪਣੀ ਬਾਣੀ ਰਚੋ ਅਤੇ ਜੁਦਾ ਧਰਮ ਚਲਾਵੋ ਤਾਂ ਸਾਨੂੰ ਕੋਈ ਵਾਸਤਾ ਨਹੀਂ। ਪਰ ਤੁਹਾਡੀ ਗਲਤੀ ਇਹ ਹੈ ਕਿ ਤੁਸੀਂ ਸਾਡੇ ਹੀ ਸਤਿਗੁਰਾਂ ਦੀ ਬਾਣੀ ਵਰਤ ਵਰਤ ਕੇ ਅਤੇ ਆਪਣੇ ਧਰਮ ਨੂੰ ਸਿੱਖ ਧਰਮ ਤੋਂ ਉੱਚਾ ਪ੍ਰਚਾਰ ਕੇ ਅਨਪੜ੍ਹ ਸਿੱਖਾਂ ਨੂੰ ਕੁਰਸਤੇ ਪਾਉਂਦੇ ਹੋ। ਇਹ ਗੱਲ ਤੁਹਾਡੇ ਲਈ ਠੀਕ ਨਹੀਂ।'

ਪ੍ਰਚਾਰਕ ਜੀ ਨੇ ਉੱਤਰ ਦਿੱਤਾ, 'ਬਾਬਾ ਜੀ, ਐਨੀ ਸੰਗਤ ਵਿਚ ਤੁਹਾਡੇ ਨਾਲ ਖੁੱਲ੍ਹੀ ਗੱਲ ਨਹੀਂ ਹੋ ਸਕਦੀ। ਜੇ ਤੁਸੀਂ ਬਰਮਿੰਘਮ ਦਰਸ਼ਨ ਦਿਉ ਤਾਂ ਸਾਡੇ ਬਾਬਾ ਜੀ ਤੁਹਾਡਾ ਘਰ ਪੂਰਾ ਕਰ ਦੇਣਗੇ। ਜੇ ਤੁਸੀਂ ਚਾਹੋ ਤਾਂ ਅਸੀਂ ਆਪ ਜੀ ਨੂੰ ਕਾਰ ਵਿਚ ਓਥੇ ਲੈ ਜਾਵਾਂਗੇ ਅਤੇ ਵਾਪਸ ਛੱਡ ਜਾਵਾਂਗੇ। ਹੋ ਸਕਦਾ ਹੈ, ਓਥੇ ਜਾ ਕੇ ਤੁਹਾਡੇ ਭਾਗ ਹੀ ਜਾਗ ਪੈਣ !'

ਮੈਨੂੰ ਉਨ੍ਹਾਂ ਦੀ ਇਸ ਗੱਲ ਨੇ ਜ਼ਰਾ ਹਲੂਣਿਆਂ ਅਤੇ ਮੈਂ ਕਿਹਾ, "ਸ੍ਰੀਮਾਨ ਜੀ, ਮੇਰੇ ਭਾਗ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਤੇ ਡਿੱਗ ਕੇ ਜਾਗੇ ਹੋਏ ਹਨ। ਯਾਦ ਰੱਖੋ, ਸ੍ਰੀ ਗੁਰੂ ਰਾਮਦਾਸ ਜੀ ਇਕ ਸ਼ਲੋਕ ਵਿਚ ਫਰਮਾਂਦੇ ਹਨ : 'ਵਿਣ

ਸਤਿਗੁਰ ਕੇ ਹੁਕਮੈ, ਜਿ ਗੁਰਸਿਖਾਂ ਪਾਸਹੁ ਕੰਮ ਕਰਾਇਆ ਲੋੜੇ, ਤਿਸ ਗੁਰਸਿੱਖ ਫਿਰਿ ਨੇੜਿ ਨ ਆਵੈ ।' ਇਸ ਦਾ ਭਾਵ ਇਹ ਹੈ : 'ਜੇ ਕੋਈ ਬੰਦਾ ਸਤਿਗੁਰੂ ਦੇ ਆਸ਼ੇ ਦੇ ਵਿਰੁੱਧ ਗੁਰਸਿੱਖਾਂ ਪਾਸੋਂ ਕੰਮ ਕਰਾਉਣਾ ਚਾਹੇ, ਤਾਂ ਗੁਰੂ ਦਾ ਸਿਖ ਫੇਰ ਉਸਦੇ ਨੇੜੇ ਨਹੀਂ ਢੁਕਦਾ ।' ਗੁਰੂ ਜੀ ਨੇ ਇਸੇ ਹੀ ਸ਼ਲੋਕ ਦੇ ਅੰਤ ਵਿਚ ਇਹ ਫੁਰਮਾਨ ਵੀ ਕੀਤਾ ਹੈ; 'ਜੇ ਵਿਣ ਸਤਿਗੁਰ ਕੇ ਮਨ ਮੰਨੇ ਕੰਮ ਕਰਾਏ, ਸੋ ਜੰਤੁ ਮਹਾ ਦੁਖੁ ਪਾਵੈ ।' ਇਸ ਦਾ ਭਾਵ ਇਹ ਹੈ :'ਸਤਿਗੁਰ ਦਾ ਮਨ ਪਤੀਜਣ ਤੋਂ ਬਿਨਾਂ ਭਾਵ ਗੁਰੂ-ਆਸ਼ੇ ਦੇ ਉਲਟ ਜੋ ਬੰਦਾ ਠੱਗੀ, ਚਾਲਾਕੀ ਆਦਿਕ ਕਰ ਕੇ ਗੁਰਸਿਖਾਂ ਪਾਸੋਂ ਕੰਮ ਕਰਾਵੇ, ਭਾਵ ਆਪਣੀ ਸੇਵਾ ਕਰਾਵੇ, ਉਹ ਬੰਦਾ ਬੜਾ ਦੁਖ ਪਾਉਂਦਾ ਹੈ ।'

ਇਸ ਤੋਂ ਪਿੱਛੋਂ ਨਾ ਮੈਂ ਕੁੱਝ ਬੋਲਿਆ ਅਤੇ ਨਾ ਪ੍ਰਚਾਰਕ ਜੀ ਬੋਲੇ। ਸਮਾਗਮ ਸਮਾਪਤ ਹੋ ਗਿਆ। ਅਸੀਂ ਤਿੰਨੇ ਸਿੰਘ ਹਾਲ ਤੋਂ ਬਾਹਰ ਆ ਗਏ। ਅਸੀਂ ਨੋਟ ਕੀਤਾ ਕਿ ਸ਼ਰਧਾਲੂ ਤੀਵੀਆਂ ਪਾਸ ਪਾਣੀ ਦੀਆਂ ਭਰੀਆਂ ਹੋਈਆਂ ਬੋਤਲਾਂ ਸਨ। ਉਹ ਤੀਵੀਆਂ ਇਕੱਲੀਆਂ ਇਕੱਲੀਆਂ ਪ੍ਰਚਾਰਕ ਜੀ ਪਾਸ ਜਾਂਦੀਆਂ ਸਨ, ਆਪਣੀ ਆਪਣੀ ਬੋਤਲ ਉਸ ਦੇ ਮੂੰਹ ਕੋਲ ਕਰ ਦਿੰਦੀਆਂ ਸਨ। ਉਹ ਉਸ ਵਿਚ ਫੂਕ ਮਾਰਦਾ ਸੀ ਅਤੇ ਤੀਵੀਂਆਂ ਆਪਣੀ ਆਪਣੀ ਬੋਤਲ ਲੈ ਕੇ, ਪ੍ਰਚਾਰਕ ਜੀ ਨੂੰ ਮੱਥਾ ਟੇਕ ਕੇ ਮੁੜੀ ਜਾਂਦੀਆਂ ਸਨ। ਪਤਾ ਨਹੀਂ, ਉਹ ਸ਼ਰਧਾਲੂ ਤੀਵੀਆਂ ਮਰਦ ਗੁਰਦਵਾਰੇ ਵੀ ਜਾਂਦੇ ਸਨ ਕਿ ਨਹੀਂ।

ਭੇਖੀਆਂ ਦਾ ਤਾਂ ਕੰਮ ਹੈ ਭੇਖ ਦਾ ਜਾਲ ਤਾਨਣਾ ਪਰ ਕਸੂਰ ਸਾਡਾ ਵੀ ਹੈ। ਕੋਈ ਨਿਰੰਕਾਰੀ ਹੋਵੇ, ਦਰਸ਼ਨ ਦਾਸੀਆਂ ਹੋਵੇ, ਰਾਧਾ ਸੁਆਮੀ ਹੋਵੇ, ਨਾਮਧਾਰੀ ਹੋਵੇ, ਪਾਖੰਡੀ ਸਾਧੂ ਹੋਵੇ, ਅਸੀਂ ਕਈ ਕਾਰਨਾਂ ਕਰਕੇ ਐਨੇ ਢਿੱਲੇ ਮੱਠੇ ਹੋ ਗਏ ਹਾਂ, ਐਨੇ ਨਿਘਰ ਗਏ ਹਾਂ ਕਿ ਹਰਿੱਕ ਨੱਥੂ ਖੈਰੇ ਦਾ ਅਸਰ ਕਬੂਲਣ ਲਈ ਤਿਆਰ ਬਰ ਤਿਆਰ ਰਹਿੰਦੇ ਹਾਂ। ਸਾਡੀ ਤਾਂ ਇਹ ਗੱਲ ਹੈ, 'ਜਿਸ ਨੇ ਲਾ ਲਈ ਗੱਲੀਂ, ਉਸੇ ਨਾਲ ਭਾਗੋ ਉੱਠ ਚੱਲੀ'। ਪਤਾ ਨਹੀਂ, ਸਾਨੂੰ ਕਦੋਂ ਹੋਸ਼ ਆਉਣੀ ਹੈ! ਅਸੀਂ ਆਪੋ ਵਿਚ ਸਿਰ ਪਾੜ ਪਾੜ ਕੇ ਦੁਨੀਆਂ ਨੂੰ ਤਮਾਸ਼ਾ ਦਿਖਾ ਰਹੇ ਹਾਂ। ਹਾਲਾਂ ਵੀ ਡੁੱਲ੍ਹਿਆਂ ਬੇਰਾਂ ਦਾ ਕੁੱਝ ਨਹੀਂ ਗਿਆ, ਜੇ ਚੁੱਗ ਲਈਏ! ਕਾਸ਼!

*ਨਵੰਬਰ ੧੯੮੭*

# ਗੀਤ ਗਾਂਦੇ ਬਾਲਾਂ ਵਲੋਂ ਜੰਗ-ਬਾਜ਼ ਨੂੰ ਤਾੜਨਾ

ਸਾਡੇ ਗੀਤਾਂ ਨੂੰ ਅਮਨਾਂ ਦੀ ਲੋੜ ਵੇ !
ਜੰਗ-ਬਾਜ਼ਾ ਵੇ ! ਰੁੜ੍ਹ-ਪੁੜ੍ਹ ਜਾਣਿਆ !
ਲਹੂ ਪੀਣਿਆਂ ! ਜ਼ਾਲਮ ! ਜਰਵਾਣਿਆਂ !
ਸਾਨੂੰ ਫੁੱਲਾਂ ਨੂੰ ਡਾਲ੍ਹੀਓਂ ਨਾ ਤੋੜ ਵੇ ! ਸਾਡੇ .......
ਸਾਨੂੰ ਦੇਨਾ ਵੇ ! ਡਰ ਪਿਆ ਜੰਗ ਦਾ,
ਰੌਲਾ ਪਾਨਾ ਵੇ ! ਐਟਮ-ਬੰਬ ਦਾ,
ਰਿਹੋਂ ਸਹਿਮਾਂ ਦਾ ਭੂਤ ਚਿਮੋੜ ਵੇ ! ਸਾਡੇ........
ਤੇਰੇ ਮਾਪੇ ਨਹੀਂ ? ਹੱਤਿਆਰਿਆ !
ਕੋਈ ਭੈਣ ਭਰਾ ਨ ? ਮੱਤ-ਮਾਰਿਆ !
ਕੀ ਲੈਸੈਂ ਤੂੰ ਸਾਨੂੰ ਵਿਛੋੜ ਵੇ ! ਸਾਡੇ........
ਪਾਨੇ ਵਾਸਤਾ ਤੈਨੂੰ ਰੱਬ ਦਾ , ਕਰ ਕੰਮ ਤੂੰ ਜ਼ਰਾ ਕਿਸੇ ਢੱਬ ਦਾ,
ਬੇੜੀ ਮਨੁਖਤਾ ਦੀ ਨ ਬੋੜ ਵੇ !
ਘੁੱਗੀ ਅਮਨ ਦੀ, ਹਾਇ, ਗੁੜ੍ਹਕਣ ਦੇ !
ਸਾਨੂੰ ਬਾਲਾਂ ਨੂੰ, ਹਾੜਾ, ਬੁੜ੍ਹਕਣ ਦੇ !
ਮੋਤੀ ਹਾਰੋਂ ਨ ਤੋੜ-ਮਰੋੜ ਵੇ ! ਸਾਡੇ .........
ਲਾਲੀ ਚੜ੍ਹਦੇ ਦੀ, ਤੱਕ, ਕਿਵੇਂ ਆ ਰਹੀ !
ਨ੍ਹੇਰੀ ਰਾਤ ਕਿਵੇਂ ਦੌੜੀ ਜਾ ਰਹੀ !
ਮੂੰਹ ਉਸ਼ਾ ਦੀ ਵਾ ਵੱਲ ਮੋੜ ਵੇ ! ਸਾਡੇ.......
ਜੇ ਤੂੰ ਆਪਣਾ ਵਤੀਰਾ ਨਾ ਛੱਡਿਆ,
ਨਵੀਂ ਦੁਨੀਆਂ 'ਚ ਨੱਕ ਜਾਸੀ ਵੱਢਿਆ,
ਪਿਆ ਖਾਵੇਂਗਾ ਸਮੇਂ ਦੇ ਝੰਜੋੜ ਵੇ ! ਸਾਡੇ.......
ਬੀਜੇ ਕਿਕਰਾਂ, ਦਾਖਾਂ ਕੀ ਖਾਵਸੈਂ ?
ਕਦੀ ਮਾਫ ਨ ਕੀਤਾ ਜਾਵਸੈਂ,
ਦਿੱਤਾ ਜਾੱਵਸੈਂ ਖਾਰੇ 'ਚ ਰੋੜ੍ਹ ਵੇ ! ਸਾਡੇ........

੧੯੫੪

# ਮਨ ਤ੍ਰੰਗ

| ਸੁਣਿ ਪ੍ਰੀਤਮ |
|---|
| ਸ਼ਹੁ ਸਾਗਰ |
| ਪ੍ਰੀਤ |
| ਰਬੀ ਸੱਦੇ |
| ਝੱਖੜ |
| ਜ਼ਾਲਮ |
| ਮਿਠ ਬੋਲਣ |
| ਯੋਧੇ ਦੀ ਅਰਥੀ ਘਰ ਲੈ ਆਏ । |
| (Home They Brought The Warrior Dead) |
| ਮਨ ਮੇਰੇ ਭੂਲੇ |
| ਬਸੰਤ ਰੁਤ ਪੰਜਾਬ ਦੀ |

# ਸੁਣਿ ਪ੍ਰੀਤਮ

ਸੁਣਿ ਪ੍ਰੀਤਮ ਕਲਗ਼ੀ ਵਾਲਿੜਿਆ !
ਗੋਸਾਈ ਦੇ ਭਲਵਾਨੜਿਆ !
ਮੈਨੂੰ ਬੇਨਤੀ ਕਰਨੀ ਆਂਦੀ ਨਹੀਂ,
ਅਪਣੱਤ ਮਿਟਾਣੀ ਆਂਦੀ ਨਹੀਂ,
ਪਰ ਤੂੰ ਹੈ ਬਖ਼ਸ਼ਣਹਾਰ ਪਿਤਾ !
ਨਾ ਲੈ ਹੁਣ ਬਹੁ ਪਤਿਆਰ ਪਿਤਾ !
ਤੈਨੂੰ ਕਰਤੇ 'ਤਾਲ' ਦਿਵਾਇਆ ਹੈ
ਆਪਣਾ ਹੀ ਰੂਪ ਬਣਾਇਆ ਹੈ;
ਤੂੰ ਪਤਿਤੋਂ ਪਾਵਨ ਕਰਦਾ ਹੈਂ
ਕੋਈ ਰੋਸ ਨਮਨ 'ਚਿ ਧਰਦਾ ਹੈਂ
(ਸੋ)•ਤੈਂ ਬਾਝ ਨਦਾਤਾ! ਜਾ ਕਾਈਂ,
ਵੱਸੋ ਹੁਣ ਛਹਿਬਰਿ ਲਾ ਸਾਈਂ; ।੧।
ਜਿਸ 'ਤਖ਼ਤ' ਉਤੇ ਤੈਂ ਬਹਿਣਾ ਸੀ,
ਸਚੇ ਪਾਤਸ਼ਾਹ ਉਸ ਦਾ ਕਹਿਣਾ ਸੀ ?
'ਲਬ' ਰਾਜਾ ਉਤੇ ਬੈਠਾ ਹੈ,
'ਪਾਪ' ਖੱਲਾ ਕੋਲੇ ਮਹਿਤਾ ਹੈ,
ਸਰਦਾਰੀ 'ਕੂੜ' ਦਿਖਾਂਦਾ ਏ
'ਕਾਮਾਦਿਕ' ਨੈਬ ਬੁਲਾਂਦਾ ਏ !
ਸਭ ਡਾਕੂ ਚੋਰ ਹੀ ਹੈਗੇ ਨੇ,
ਘਰ ਘਾਟ ਭੀ ਲੁਟ ਪੁਟ ਲੈਗੇ ਨੇ,
ਨਾ ਵਸਿ ਹੀ ਮੇਰੇ ਆਂਦੇ ਨੇ,
ਨਾ ਭਜਿ ਹੀ ਕਿਧਰੇ ਜਾਂਦੇ ਨੇ,
ਇਹ 'ਮੁਹਕਮ ਫਉਜ ਹਠੱਲੀ' ਏ
ਨਹੀਂ ਮੈਥੋਂ ਜਾਂਦੀ ਛੱਲੀ ਏ।
ਆ ਮਾਰਿ ਪੰਜਾ ਜਮਦੂਤਾਂ ਨੂੰ,
ਗੰਦ-ਮੰਦੇ-ਭੈੜੇ ਭੂਤਾਂ ਨੂੰ,

ਫਿਰ ਬਹਿ ਜਾ ਇਸ ਸਿੰਘਾਸਨ ਤੇ,
ਕਿਉਂ ਹੈ ਤਾਂ ਤੇਰੇ ਲਈ ਹੀ ਏ।21
ਤੈਂ ਲਈ ਬਣਿਆ 'ਰਿਦ-ਮੰਦਰੁ' ਸੀ,
ਇਹੋ ਹੀ 'ਹਰਿ-ਕਾ-ਮੰਦਰੁ' ਸੀ,
ਤੇਰੇ ਬਿਨ ਪਿਆਰੇ ! ਸੁੰਨਾ ਹੈ,
ਹੋਰਾਂ ਲਈ ਇਹ ਇਕ ਹੁੰਨ੍ਹਾਂ ਹੈ,
ਪਏ ਕਰਦੇ ਕਬੂਤਰ ਵਿੱਠਾਂ ਨੇ,
ਕਈ ਚੂਹੀਆਂ ਸੂਈਆਂ ਹਿੱਠਾਂ ਨੇ,
ਕਿਤੇ ਉੱਲੂ ਪਏ ਬੁਲੀਂਦੇ ਨੇ।
ਚਮਗਿੱਦੜ ਭੀ ਲਟਕੀਦੇਂ ਨੇ,
ਕਿਰਲੀ ਭੀ ਬੱਚੇ ਦਿੱਤੇ ਨੇ,
ਉਹ ਸੂਈਆਂ ਹੇਠਾਂ ਉੱਤੇ ਨੇ,
ਇਕ ਵਾਰਿ ਤਾਂ ਫੇਰਾ ਪਾਵੋ ਜੀ,
ਘਰ-ਉਜੜਾ ਆਣਿ ਵਸਾਵੋ ਜੀ ! ੩ ।

ਪਤ-ਝੜ ਨੇ ਬਾਗ ਵੀਰਾਨਿਆ ਹੈ
ਦਿਲ-ਅੱਖੀ ਇਹ ਪਹਿਚਾਨਿਆ ਹੈ,
ਨਾ ਹਰੀਆਵਲ ਦਿਸ ਆਂਦੀ ਏ,
ਨਾ ਮਹਿਕ ਹੀ ਕਿਧਰੋਂ ਆਂਦੀ ਏ,
ਲੈ ਸਾਰ ਬਾਗ਼ੀਚੇ ਆ, ਮਾਲੀ !
ਦਿਹ ਪਾਣੀ ਨਾਮ ਦਾ ਪਾ ਮਾਲੀ !
ਕਿ ਹਰਾ ਭਰਾ ਦਿਸ ਆਵੇ ਇਹ,
ਸਭ ਵੰਨੀਂ ਮਹਿਕ ਖਿੜਾਵੇ ਇਹ,
ਬੁਲਬੁਲ ਕੋਇਲਾਂ ਸਭ ਚਹਿਕਣ ਆਇ
ਤੇ ਸਾਵਣਿ "ਗੀਤ ਗੋਬਿੰਦ ਅਲਾਇ"।
'ਰਿੱਦ-ਕਉਲ' ਨੂੰ ਸਿੱਧਾ ਕਰਿ ਦੇਵੋ,
ਸਿੱਧਾ ਕਰਿ ਅੰਮ੍ਰਿਤ ਭਰਿ ਦੇਵੋ,
'ਦੇਹ-ਚੋਲੀ' ਰੰਗਿ-ਚਲੂਲੇ ਇਹ,
ਨਾ ਭੁੱਲੇ ਭਟਕੇ ਮੂਲੇ ਇਹ
'ਹਰਿ-ਭਗਤੀ-ਲਟਕ' ਲਗਾ ਦੇਵੋ,
ਖ਼ੈਰ 'ਰਤਨ' ਇਹ, ਸਤਿਗੁਰ ! ਪਾ ਦੇਵੋ। ੭ ।

*1937*

# ਸ਼ਹੁ - ਸਾਗਰ

ਉੱਠੀ ਬੂੰਦ ਸਮੁੰਦਰ' ਚੋਂ ਇਕ, ਕਿਰਣਾ ਨਾ' ਸਿਰ ਲਾਇਆ,
ਨਾਲ ਹਵਾ ਗਲਵੱਕੜੀ ਪਾਈ, ਧਰਤ ਆਕਾਸ਼ ਮਿਲਾਇਆ,
ਫਿਰ ਰੁੜ੍ਹ ਵਿਚ ਨਿਵਾਣਾਂ ਆਈ, ਗੰਢੇ ਕਈ ਮਿਤ੍ਰਾਨੇ,
ਪਰ ਜਦ ਵਿੱਚ ਸ਼ਹੁ-ਸਾਗਰ ਮਿਲਗੀ, 'ਰਤਨ' ! ਸੁੱਖ ਉਸ ਪਾਇਆ।

# ਪ੍ਰੀਤਿ

ਨ ਲਾਇਆਂ ਪ੍ਰੀਤਿ ਲਗਦੀ ਏ, ਹਟਾਇਆਂ ਹਟ ਵੀ ਸਕਦੀ ਨਹੀਂ,
ਇਹ ਤਾਂ ਉਹ ਦਾਤ ਰੱਬੀ ਏ, ਟਕੀਂ ਜੋ ਮੁੱਲ ਮਿਲਦੀ ਨਹੀਂ,
ਜਦੋਂ ਲੱਗਣ ਤੇ ਔਂਦੀ ਏ, ਰਾਹ ਜਾਂਦਿਆਂ ਛਿਨ' ਚ ਲਗਦੀ ਏ,
ਕੇਰਾਂ ਜਦ ਖੇਂਜ ਤਣ ਜਾਵੇ, ਤੁੜਾਇਆਂ ਤੋੜੀ ਟੁੱਟਦੀ ਨਹੀਂ

# ਰੱਬੀ ਧੱਕੇ

ਭਠੀਓਂ ਬਾਰ੍ਹ ਪਈ ਇਕ ਲੱਕੜ, ਭਠ-ਵਿਚਲੀ ਨੂੰ ਤੱਕੇ,
ਉਸ ਨੂੰ ਜਲਦਿਆਂ ਦੇਖ ਗੁਆਰਨ, ਹਾਸਾ ਰੋਕ ਨਾ ਸੱਕੇ,
ਕੀ ਦੇਖਾਂ, ਭਠਿਆਰੇ ਆ ਕੇ, ਉਹ ਵੀ ਭਠ ਚਾ ਝੋਕੀ,
ਦੁਖੀਆਂ ਦੇਖ ਜੋ ਸੁੱਖ ਮਨਾਵੇ, ਖਾਂਦਾ ਰੱਬੀ ਧੱਕੇ।

# ਝੱਖੜ

ਵੱਗੇ ਝੱਖੜ ਤੇਜ਼ ਤਾਂ ਭਾਵੇਂ ਗਲੀਆਂ ਕੱਖ ਉਡਾਏ,
ਨਿੱਕੇ ਵੱਡੇ ਰੁੱਖ ਉਹ ਭਾਵੇਂ ਜੜ੍ਹ ਤੋਂ ਪੁੱਟ ਵਗ੍ਹਾਏ,
ਜ਼ੋਰ ਪਹਾੜਾਂ ਉੱਤੇ ਉਸਦਾ ਪਰ ਨਾ ਕੋਈ ਚੱਲੇ,
ਸਗੋਂ ਥਪੇੜੇ ਖਾ ਵਧੇਰੇ ਸ਼ੁਹਦਾ ਸ਼ੋਰ ਮਚਾਏ।

## ਜ਼ਾਲਿਮ

ਪੂੰਜੀ-ਪਤਿ ਇਕ ਵਿਹਲੜ ਤਾਈਂ ਕੇਰਾਂ ਮਾਰ ਜੁ ਵੱਗੀ,
ਪੀਤਾ ਨਸ਼ਾ ਮੂੜ੍ਹ ਨੇ ਐਨਾ, ਅਕਲ ਗਈ ਸਭ ਠੱਗੀ।
ਕਾਰ ਚਲਾਈ ਅੰਨ੍ਹਾ ਹੋ ਕੇ, ਰਤ ਕੰਗਲੇ ਦੀ ਡੋਲ੍ਹੀ।
ਜ਼ਾਲਿਮ ਕਹੇ, 'ਕਾਰ ਦੇ ਮੋਟੇ ਬੁੱਲ੍ਹਾਂ ਸੁਰਖੀ ਲੱਗੀ'।

## ਮਿਠ-ਬੋਲਣਾ

ਉੱਤਮ ਹੈ ਮਿਠ-ਬੋਲਣਾ, ਜਾਣੇ ਜਗ ਸਾਰਾ,
ਹੈ ਇਹ ਸ਼ਕਤੀ ਜਿਸ ਵਿਖੇ, ਉਹ ਸਭ ਦਾ ਪਿਆਰਾ,
ਸਭ ਦਾ ਪਿਆਰਾ ਉਹ, ਸਭੇ ਨੇ ਉਸਦੇ ਸਾਜਨ,
ਕਰਦਾ ਸਭ ਨੂੰ ਵੱਸ, ਹੈ ਉਹ ਸਭ ਦਾ ਰਾਜਨ,
ਕਹੇ 'ਰਤਨ', ਮਿਠ ਬੋਲ ਸਭ ਥਾਂ ਮਹਿਕ ਪੁਚਾਵੇ,
ਮਿਠ ਬੋਲਾ ਗੁੜ ਖਰਾ, ਰੱਬ ਪੀ ਜਿਸ ਨੂੰ ਚਾਵੇ।

## ਉਦ੍ਹੇ ਯੋਧੇ ਦੀ ਅਰਥੀ ਘਰ ਲੈ ਜਾਂ ਆਏ

*(ਇਹ ਟੈਨੀਸਨ ਦੀ ਕਵਿਤਾ 'Home They Brought The Warrior Dead" ਦਾ ਅਨੁਵਾਦ ਹੈ)*

ਉਦ੍ਹੇ ਯੋਧੇ ਦੀ ਅਰਥੀ ਘਰ ਲੈ ਜਾਂ ਆਏ,
ਉਹ ਬਿਲਕੁਲ ਨ ਰੋਈ ਨ ਅਥਰੂ ਵਹਾਏ।
ਦੁਖੀ ਹੋ ਕੇ ਸਖੀਆਂ ਤੇ ਸਭ ਨੇ ਕਿਹਾ ਸੀ,
"ਵਿਚਾਰੀ ਨੂੰ ਰੋਣਾ ਜਾਂ ਮਰਨਾ ਪਵੇ ਹੀ।"
    ਕਿਹਾ ਸਖੀਆਂ, "ਯੋਧਾ ਬਹੁਤ ਸੀ ਨਿਆਰਾ,"
    "ਉਹ ਪਾਤਰ ਸੀ ਪ੍ਰੀਤਾਂ ਦਾ, ਸਭ ਦਾ ਪਿਆਰਾ,"
    "ਉਹ ਸੱਚਾ ਸੀ ਮਿੱਤਰ ਤੇ ਦੁਸ਼ਮਣ ਸੀ ਦਾਨਾ ;"
    ਬਹੂ ਪਰ ਨ ਰੋਈ ; ਇਹ ਕੀ ਰਬ ਦਾ ਭਾਣਾ !

ਚੁਪੀਤੇ ਸਖੀ ਇੱਕ ਉੱਠੀ ਵਿਚਾਰੀ,
ਗਈ ਯੋਧੇ ਦੀ ਅਰਥੀ ਦੇ ਪਾਸ ਪਿਆਰੀ,
ਉਦ੍ਹੇ ਚੰਦ-ਚਿਹਰੇ ਤੋਂ ਕੱਫ਼ਨ ਹਟਾਇਆ।
ਬਹੂ ਪਰ ਨ ਹਿੱਲੀ ਨ ਅਥਰੂ ਵਹਾਇਆ।
ਉੱਠੀ ਇਕ ਖੇਲਾਵੀ ਵੱਡੀ ਉਮਰ ਦੀ,
ਉਦ੍ਹੇ ਬੱਚੇ ਨੂੰ ਪਾਇਆ ਗੋਦੀ ਬਹੂ ਦੀ
ਉਦੇ ਹੰਝੂ ਆਏ ਕਿ ਸਾਵਣ-ਝੜੀ ਸੀ ?
"ਮਿਰੇ ਲਾਡਲੇ ਜੀਵਾਂ ਤੇਰੇ ਲਈ ਹੀ !"

## "ਮਨ ਮੇਰੇ ਭੂਲੇ ! ----"

ਮਨਾ ! ਸੁਣ ਤੂੰ ਜੱਗ-ਪ੍ਰੀਤ ਝੂਠੀ,
ਜਿਹੜੇ ਪਏ ਸੋ ਗਏ ਸਭ ਹੈਨ ਮੂਠੇ,
ਤਾਤ ਮਾਤ ਸੁਤ ਭ੍ਰਾਤ ਤੇ ਭੈਣ ਬਨਿਤਾ,
ਸਖਾ ਸੈਨ ਇੱਹ-ਮੀਤ ਸਭ ਹੈਨ ਝੂਠੇ,
ਉੱਲੂ ਸਿੱਧਾ ਕਰੇਂਦੇ ਨੇ ਸਭ ਅਪਣਾ,
ਆਪੋ ਆਪਣੇ ਮਤਲਬੀ ਹੈਣ ਲੂਠੇ,
ਝਾਤ ਮਾਰਿਆਂ ਅੰਦਰੋਂ ਹੋਰ ਹੀ ਨੇ,
ਬਾਹਰੋਂ ਜਾਪਦੇ ਭਾਵੇ ਨੇ ਪ੍ਰੇਮ-ਕੂਠੇ,
ਮਨਾ ਭੋਲਿਆ, ਦੇਖੀਂ ਨਾ ਭੁੱਲ ਬੈਠੀਂ,
ਮਤਾਂ ਆਪਣਾ ਆਪ ਗਵਾ ਲਏਂ ਤੂੰ।੧।
ਤਿਲਕਣਬਾਜ਼ੀ ਦੀ ਖੇਡ ਸਭ ਹੈ ਇਹੋ,
ਮਤਾਂ ਆਪਣਾ ਪੈਰ ਤਿਲਕਾ ਲਏਂ ਤੂੰ।੧।

---

ਸਾਰੇ ਯਾਰ ਨੇ ਬੱਸ, ਇਹ ਪੈਸਿਆਂ ਦੇ,
ਪੈਸੇ ਬਿਨ ਇਹ ਕਿਸੇ ਪਛਾਣਦੇ ਨਹੀਂ,
ਹੱਡ ਚੰਮ ਹੀ ਪਰਖਣਾ ਜਾਣਦੇ ਨੇ,
ਝਾਤੀ ਪਾ ਦਿਲ ਪਰਖਣਾ ਜਾਣਦੇ ਨਹੀਂ,
'ਚੰਮ-ਦ੍ਰਿਸ਼ਟੀ' ਦੇ ਹੈਨ ਅਧੀਨ ਸਾਰੇ,
ਪ੍ਰੀਤਿ-ਰੀਤਿ ਨੂੰ ਮੂਲੋਂ ਕਮਾਵਦੇ ਨਹੀਂ,
ਪਿਛੋਂ ਗੰਢਣੀ ਪਹਿਲਾਂ ਹੀ ਤੋੜ ਲੈਣੀ,

ਰੱਤੀ ਭਰ ਭੀ ਸਿਦਕ ਨਿਭਾਵੰਦੇ ਨਹੀਂ,
ਏਥੇ ਲਾਂਘ ਭੀ ਨਾਲ ਨਾ ਪੁੱਟ ਸੱਕਣ,
ਅੱਗੇ ਇਨਾਂ ਕੀ ਪੂਰੀਆਂ ਪਾਣੀਆਂ ਨੇ।
ਛੱਡ ਕੱਚਿਆਂ, ਢੂੰਡ ਕੋਈ ਯਾਰ ਪੱਕਾ,
ਇਨ੍ਹਾਂ ਨਾਲ ਕੀ ਯਾਰੀਆਂ ਲਾਣੀਆਂ ਨੇ ।੨।

---

ਨਾ ਪਰ ਝੱਲਿਆ ! ਕਰ ਨਾ ਐਡੀ ਗਲਤੀ,
ਦੋਸ਼ ਦੇਣਾ ਨਹੀਂ ਕਿਸੇ ਨੂੰ ਮੂਲ ਚੰਗਾ,
ਇਹ ਤਾਂ ਦੋਸ਼ ਹੈ ਤੇਰੇ ਹੀ ਕੀਤਿਆਂ ਦਾ
'ਕਰ, ਭਰ' ਹੈ ਇਹ ਅਸੂਲ ਚੰਗਾ,
ਜੋ ਤੂੰ ਕੀਤਾ ਸੀ ਸੋਈ ਤੂੰ ਪਾ ਲੀਤਾ,
ਨਹੀਂ ਚਿਤਵਣਾ ਊਲ ਜਲੂਲ ਚੰਗਾ,
ਹੈ ਇਹ ਔਗਣੀਂ ਪੂਰ ਸਰੀਰ ਤੇਰਾ,
ਕੋਈ ਗੁਣ ਨਾ ਕਿਸੇ ਅਨਕੂਲ ਚੰਗਾ,
ਫਿਰ ਭੀ ਹੌਸਲਾ ਕਰ, ਹੁਸ਼ਿਆਰ ਹੋ ਜਾ,
ਕੋਈ ਲੋੜ ਨਹੀਂ ਢੇਰੀਆਂ ਢਾਉਣੇ ਦੀ,
ਕਮਰ-ਕਸਾ ਕਰ, ਗ਼ਾਫ਼ਲਾ ! ਲੱਕ ਬੰਨ੍ਹ ਲੈ,
ਸਿਖ ਜਾਚ ਹੁਣ ਸਬਰ ਪਕਾਉਣੇ ਦੀ। ੩ ।

---

ਇਹ ਤਾਂ ਖੇਡ ਹੈ ਜਨਮ ਜਨਮਾਤ੍ਰਾਂ ਦੀ,
ਕਲਪ ਕਈ ਕੋਟਾਂ ਭਾਵੇਂ ਬੀਤ ਜਾਵਣ,
ਕੁੱਝ ਯਾਦ ਕਰਨਾ, ਕੁੱਝ ਭੁੱਲ ਜਾਣਾ,
ਚੰਗੇ ਗੁਣ ਸਭ ਤੇਰੇ' ਚਿ ਆ ਜਾਵਣ,
ਹੱਥੀਂ ਆਪਣੇ ਤਜਰਬੇ ਕਈ ਕਰਨੇ,
ਦੋਸ਼ ਸਾਰੇ ਹੋ ਚਿੱਕਨਾ-ਚੂਰ ਜਾਵਣ,
ਅੱਛੀ ਤਰ੍ਹਾਂ ਤਿਆਰੀ ਜਾ ਹੋ ਗਈ,
ਕਦੀਂ ਆਕੇ ਯਾਰ ਤਾਂ ਝਾਤ ਪਾਵਣ,
ਯਾਰ ਯਾਰਾਂ ਦਾ ਹੋਇਆ ਜਾ ਯਾਂਰ ਤੇਰਾ,
ਸਾਰੀ ਖਲਕ ਫਿਰ ਦਿਸੇਗੀ ਯਾਰ ਆਪਣੀ,
ਨਾ ਕੋਈ ਵੈਰੀ ਨਾ ਓਪਰਾ ਦਿਸ ਆਵੇ,
ਸਦਾ ਮਾਣੇਗਾ 'ਰਤਨ' ! ਤੂੰ ਮੌਜ ਆਪਣੀ ।੪।

*1937*

# ਬਸੰਤ ਰੁੱਤ ਪੰਜਾਬ ਦੀ

ਰੁੰਡ ਮੁੰਡ ਹੋਏ ਰੁਖ ਇਹ, ਪੁੰਗਰ ਰਹੇ ਨੇ ਅਜ ਇਉਂ,
ਖੰਭੀਆਂ ਪਏ ਉਛਾਲਨ, ਜਿਉਂ ਬੋਟ ਆਲ੍ਹਣੇ' ਚੋਂ ॥ ੧ ॥
ਕੱਕਰ ਦੀ ਮਾਰ ਖਾ ਖਾ, ਮਰਨਾ ਨਹੀਂ ਇਹ ਸਿੱਖੇ,
ਜਾਨਣ ਇਹ, ਮੇਟ ਸਕੀਏ ਕਿਸਮਤ ਦੇ ਲੇਖ ਲਿੱਖੇ ॥ ੨ ॥
ਪੱਤੇ ਇਹ ਫੁਟ ਰਹੇ ਨੇ, ਸਾਵੇ, ਨਵੇਂ ਤੇ ਨਿੱਕੇ,
ਫੁਲ ਆੜੂਆਂ ਨੂੰ ਊਦੇ, ਕਲੀਆਂ ਨੂੰ ਲੱਗੇ ਚਿੱਟੇ ॥ ੩ ॥
ਕੀ ਫੁੱਲ ਇਹ ਨੇ ਚਿੱਟੇ, ਬੱਦਲ ਜਾਂ ਧਉਲੇ ਛਾਏ ?
ਰਾਣੀ ਬਸੰਤ ਦੇ ਜਾਂ, ਪੱਤੇ ਇਹ ਦੂਤ ਆਏ ? ॥ ੪ ॥
ਮਸਤਾਨੀਆਂ ਹਵਾਵਾਂ, ਇਉਂ ਪੱਤੀਆਂ ਉੜਾਵਣ,
ਗਗਨਾਂ' ਚ ਤਿਤਲੀਆਂ ਜਿਉਂ, ਉੱਡਣ, ਮਨਾਂ ਨੂੰ ਭਾਵਣ ॥ ੫ ॥
ਅੰਬਾਂ ਤੇ ਬੂਰ ਝੂਮਣ, ਕਿਕਰਾਂ ਤੇ ਲੌਂਗ ਲਟਕਣ,
ਜਿਉਂ ਸੁਆਣੀਆਂ ਦੇ ਕੰਨੀਂ, ਬੁੰਦੇ ਤੇ ਝੁਮਕੇ ਝਮਕਣ ॥ ੬ ॥
ਇਸ ਬੂਰ ਦੀ ਸੁਗੰਧੀ, ਨਵ - ਕੂੰਬਲਾਂ ਦੀ ਖ਼ੁਸ਼-ਬੋ,
ਲਟ ਬੌਰੇ ਭੌਰੇ ਮਾਨਣ,, ਗਾਵਣ ਬਸੰਤ ਖ਼ੁਸ਼ ਹੋ ॥ ੭ ॥
ਨਵਿਆਂ ਸ਼ਿਗੂਫ਼ਿਆਂ ਤੇ, ਫੁਲ ਫੁਲ ਕੇ ਬਹਿਣ ਬੁਲਬੁਲ,
ਝੂਲੇ ਆਜ਼ਾਦੀ ਦੇ, ਝੂਲਣ ਇਹ, 'ਰਤਨ' ਮਿਲ-ਜੁਲ ॥ ੮ ॥
ਮਖੀਆਂ ਸ਼ਹਿਦ ਦੀਆਂ ਵੀ, ਹਨ ਸ਼ਹਿਦ ਚੂਸ ਰਹੀਆਂ,
ਡੰਝਾਂ ਉਨ੍ਹਾਂ ਦੀਆਂ ਵੀ, ਹਨ ਸਾਰੀਆਂ ਹੀ ਲਹੀਆਂ ॥ ੯ ॥
ਕੋਇਲ ਕਦੀਮੋਂ ਕਾਲੀ, ਬਾਲਮ-ਬਿਰ੍ਹੋਂ ਨੇ ਜਾਲੀ,
ਹਿੰਡੋਲ ਗਾ ਰਹੀ ਹੈ, ਅਜ ਬਣ ਗਈ ਨਿਹਾਲੀ ॥ ੧੦ ॥
ਮੇਲੇ ਬਸੰਤ ਦੇ ਵਿਚ, ਕੁਝ ਸਜ-ਵਿਆਹੀਆਂ ਨਾਰਾਂ,
ਹੱਥੀਂ ਨੇ ਲਾਲ ਚੂੜੇ, ਮਹਿੰਦੀ ਦੀਆਂ ਬਹਾਰਾਂ ॥ ੧੧ ॥
ਪਾਈਆਂ ਸੁਨਹਿਰੀ ਛਾਪਾਂ, ਮਾਂਗੀਂ ਸੰਧੂਰ ਪਾਇਆ,
ਪੀਲੇ ਦੁਪੱਟੇ ਸਜਦੇ, ਪਾਊਡਰ ਹੈ ਖ਼ੂਬ ਲਾਇਆ ॥ ੧੨ ॥
ਕੁਝ ਸਿਆਣੀਆਂ ਨੇ ਮਾਈਆਂ, ਪਰ ਸ਼ੌਕ ਘੁੰਡ ਦਾ ਹੈ,
ਕਹਿਣ, "ਅਸੀਂ ਨ ਛਡੀਏ, ਇਹ ਸ਼ੌਕ ਮੁੱਢ ਦਾ ਹੈ"। ॥ ੧੩ ॥
ਉਹ ਅਪਣਿਆਂ ਦੇ ਸੌਹੇਂ, ਗਿਠ ਗਿਠ ਦੇ ਘੁੰਡ ਕੱਢਣ,
ਪਰ ਦੂਜਿਆਂ ਦੇ ਅੱਗੇ, ਫਸਤਾ ਇਨ੍ਹਾਂ ਦਾ ਵੱਢਣ ॥ ੧੪ ॥

ਝੱਲਣ ਪਸ਼ੌਰੀ ਪਖੀਆਂ, ਭਾਵੇਂ ਹਵਾ ਹੈ ਕਾਫ਼ੀ,
ਪੂਰਾ ਹੈ ਸ਼ੌਕ ਕਰਨਾ, ਮਤਲਬ ਹਵਾ ਦੇ ਨਾ' ਕੀ ॥ ੧੫ ॥
ਅਹੁ, ਵੇਖੋ, ਮੁੰਡੇ ਕਿੱਦਾਂ, ਗੁਡੀਆਂ ਪਏ ਲੜਾਂਦੇ,
ਕਟਦੇ ਕਦੀਂ ਕਟਾਂਦੇ, ਪਏ ਚਾਂਭੜਾਂ ਮਚਾਂਦੇ ॥ ੧੬
ਕੋਈ ਝੂਲ਼ਦਾ ਹਿੰਡੋਲਾ, ਕੋਈ ਖਾ ਰਿਹਾ ਹੈ ਪੇੜੇ,
ਸਭ ਨੇਂ ਮਨਾਂਦੇ ਖ਼ੁਸ਼ੀਆਂ, ਗ਼ਮ ਨਾ ਕਿਸੇ ਦੇ ਨੇੜੇ। ॥ ੧੭ ॥
ਲੋਕੀਂ ਮਨਾਂਦੇ ਹੋਲੀ, ਸਭ ਫਾਗ ਖੇਲ੍ਹਦੇ ਹਨ,
ਸ਼ਰਬਤ ਪਿਆਰ ਦੇ ਪੀ, ਰੂਹਾਂ ਨੂੰ ਮੇਲਦੇ ਹਨ ॥ ੧੮ ॥
ਬਿਰਹੋਂ ਦੇ ਦਿੱਨ ਬੀਤੇ, ਸਭ ਪਾ ਰਹੇ ਨੇ ਖਿੱਲੀਆਂ,
ਹਸ ਹਸ ਕੇ ਸਭ ਦੀਆਂ ਅਜ, ਹਨ ਵੱਖੀਆਂ ਵੀ ਹਿਲੀਆਂ ॥ ੧੯ ॥
ਦੋ ਪੱਟਾ ਲੈ ਬਸੰਤੀ, ਨੈਣਾਂ ਚੋਂ ਡੋਲ੍ਹੇ ਲਾਲੀ,
ਆਈ ਬਸੰਤ ਦੇਵੀ, ਦੁਨੀਆਂ ਹੋਈ ਗੁਲਾਲੀ ॥ ੨੦ ॥
ਮਉਲੇ ਇਹ ਧਰਤੀ ਸਾਰੀ, ਆਕਾਸ਼ ਮਉਲਿਆ ਹੈ,
ਹਰ ਜੀਵ ਮਉਲਿਆ ਹੈ, ਕਰਤਾਰ ਮਉਲਿਆ ਹੈ ॥ ੨੧ ॥
ਮੈਂ ਢੂੰਡਾਂ ਉਹ ਲਿਲਾਰੀ, ਜੋ ਹੈ ਬਸੰਤ ਓਲ੍ਹੇ,
ਸਭ ਰੰਗ ਭਰਨ ਵਾਲਾ, ਭਰਮਾਂ ਦੇ ਛੋੜ ਖੋਲ੍ਹੇ ॥ ੨੨ ॥
ਜਿਸ ਨੇ ਬਸੰਤ ਨੂੰ ਹੈ, ਇਹ ਖ਼ੁਸ਼-ਨੁਮਾਈ ਦਿੱਤੀ,
ਜਿਸ ਤੋਂ ਸੁਮੱਤਿ ਕਲੀਆਂ, ਖ਼ੁਸ਼ ਰਹਿਣ ਦੀ ਹੈ ਲਿੱਤੀ ॥ ੨੩ ॥
ਮੈਂ ਸੋਚਦਾ ਹਾਂ ਸੋਚਾਂ, ਕਿਧਰੇ ਨਾ ਥਾਹ ਪਾਈ,
ਪਰ ਇੱਸ ਗਲ ਦੀ ਸੋਝੀ, ਸਤਿਗੁਰੂ ਸਿਰੇ ਦਿਵਾਈ ॥ ੨੪ ॥
"ਆਈ ਬਸੰਤ ਆਈ, ਜੀਵਨ-ਸੰਦੇਸ਼ ਲਿਆਈ,
ਪਰ ਸੱਜਣਾਂ ਦੇ ਬਾਝੋਂ, ਇਹ ਬਹਾਰ ਵੀ ਨ ਭਾਈ ॥ ੨੫ ॥

*੧੯ ਅਪ੍ਰੈਲ, ੧੯੫੭*